# ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਵਿਚ ਸ਼ਕਤੀ ਦਾ ਸੰਕਲਪ

# ਅਤੇ ਇਸਦੀ ਸਮਕਾਲੀ ਪ੍ਰਾਸੰਗਿਕਤਾ

**GURU GOBIND SINGH JI DIAN RACHNAVAN VICH SHAKTI DA SANKALP ATE ISDI SAMKALI PRASANGIKTA**

**ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੀ ਆਰਟਸ ਫੈਕਲਟੀ**

**ਦੇ ਅੰਤਰਗਤ ਪੀ.ਐਚ. ਡੀ. ਦੀ ਡਿਗਰੀ ਲਈ**

**ਪ੍ਰਸਤੁਤ ਖੋਜ-ਪ੍ਰਬੰਧ**

**2019**


**ਖੋਜਾਰਥੀ**

**ਸੁਖਵਿੰਦਰ ਕੌਰ**

**ਗੁਰੂ ਨਾਨਕ ਸਿੱਖ ਅਧਿਐਨ ਵਿਭਾਗ**

**ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ।**

**DEPARTMENT OF GURU NANAK SIKH STUDIES**
**PANJAB UNIVERSITY, CHANDIGARH**

*JASPAL KAUR KAANG*
**Professor & Academic Incharge**

Ref. No. 20 /GNSS
Date. 23-06-2020

## Correction Certificate

This is to certify that no corrections have been suggested by the examiner in the Ph.D thesis of Ms. Sukhwinder Kaur entitled **"GURU GOBIND SINGH JI DIAN RACHNAVAN VICH SHAKTI DA SANKALP ATE ISDI SAMKALI PRASANGIKTA"** Her viva-voce was held on 23.06.2020 at 10:30 a.m. in the Department.

**Supervisors** Kaur
Gurpreet Kaur

**Chairperson**
Chairperson
Deptt. of Guru Nanak Sikh Studies
Panjab University, Chandigarh

## ਤਤਕਰਾ


**ਭੂਮਿਕਾ** 1-10

**ਅਧਿਆਇ ਪਹਿਲਾ** 11-21

**1. ਵਿਸ਼ੇ ਨਾਲ ਸੰਬੰਧਿਤ ਪੂਰਵ ਪ੍ਰਾਪਤ ਖੋਜ ਸਾਮੱਗਰੀ ਦਾ ਸਰਵੇਖਣ ਤੇ ਮੁਲਾਂਕਣ**

1.1. ਖੋਜ ਕਾਰਜ ਨਾਲ ਸੰਬੰਧਿਤ ਵੱਖ-ਵੱਖ ਯੂਨੀਵਰਸਿਟੀਆਂ ਅਤੇ ਅਦਾਰਿਆਂ ਵਿਚ ਹੋ ਚੁਕੇ ਪੀ. ਐੱਚ. ਡੀ. ਤੇ ਐਮ ਫਿਲ ਦੇ ਖੋਜ ਪ੍ਰਬੰਧਾਂ ਅਤੇ ਖੋਜ ਨਿਬੰਧਾਂ ਦਾ ਪੂਰਵ ਖੋਜ ਸਰਵੇਖਣ ਤੇ ਮੁਲਾਂਕਣ

1.2. ਖੋਜ ਜਰਨਲਜ਼ ਵਿਚ ਪ੍ਰਕਾਸ਼ਿਤ ਖੋਜ ਪੇਪਰਾਂ ਦਾ ਸਰਵੇਖਣ ਤੇ ਮੁਲਾਂਕਣ

1.3.ਖੋਜ ਕਾਰਜ ਦਾ ਉਦੇਸ਼

1.4. ਖੋਜ ਵਿਧੀ

**ਅਧਿਆਇ ਦੂਜਾ** 22-105

**2. ਮੱਧਕਾਲੀ ਪੰਜਾਬੀ ਸਾਹਿਤ ਵਿੱਚ ਭਗਤੀ ਅਤੇ ਸ਼ਕਤੀ ਦਾ ਅੰਤਰ-ਸੰਬੰਧਿਤ ਪਰਿਪੇਖ**

2.1. ਮੱਧਕਾਲੀ ਪੰਜਾਬੀ ਸਾਹਿਤ ਵਿੱਚ ਭਗਤੀ ਦਾ ਪਰਿਪੇਖ

2.1.1 ਭਗਤੀ ਦੀ ਪਰਿਭਾਸ਼ਾ

2.1.2. ਭਗਤੀ ਦੀ ਉੱਤਪਤੀ

2.1.3. ਭਗਤੀ ਦਾ ਪ੍ਰਯੋਜਨ

2.1.4. ਭਗਤੀ ਦੀ ਪ੍ਰਕਾਰ ਵੰਡ

2.1.5. ਮੱਧਕਾਲੀ ਪੰਜਾਬੀ ਸਾਹਿਤ ਵਿਚ ਭਗਤੀ ਦਾ ਸਰੂਪ

2.2. ਮੱਧਕਾਲੀ ਪੰਜਾਬੀ ਸਾਹਿਤ ਵਿੱਚ ਸ਼ਕਤੀ ਦਾ ਪਰਿਪੇਖ

2.2.1. ਸ਼ਕਤੀ ਦੀ ਪਰਿਭਾਸ਼ਾ

2.2.2. ਸ਼ਕਤੀ ਦੀਆਂ ਕਿਸਮਾਂ

2.2.3. ਮੱਧਕਾਲੀ ਪੰਜਾਬੀ ਸਾਹਿਤ ਵਿਚ ਸ਼ਕਤੀ ਦਾ ਸਰੂਪ

2.2.4. ਸ਼ਕਤੀ ਦੀ ਇੱਛਾ

2.3. ਮੱਧਕਾਲੀ ਪੰਜਾਬੀ ਸਾਹਿਤ ਵਿਚ ਭਗਤੀ ਅਤੇ ਸ਼ਕਤੀ ਦਾ ਅੰਤਰ ਸੰਬੰਧਿਤ ਪਰਿਪੇਖ

**ਅਧਿਆਇ ਤੀਜਾ** **1੦6-188**

**3. ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਵਿੱਚ ਸ਼ਕਤੀ ਦਾ ਸੰਕਲਪ (ਜਾਪੁ, ਬਚਿੱਤ੍ਰ ਨਾਟਕ ਵਾਰ ਸ੍ਰੀ ਭਗਉਤੀ ਜੀ ਕੀ (ਚੰਡੀ ਦੀ ਵਾਰ), ਰਾਮਕਲੀ ਪਾਤਸ਼ਾਹੀ ੧੦ ਸ਼ਬਦ ਹਜ਼ਾਰੇ, 33 ਸਵੈੱਯੇ ਅਤੇ ਜ਼ਫ਼ਰਨਾਮਾ ਦੇ ਸੰਦਰਭ ਵਿਚ)**

3.1. ਜਾਪੁ ਵਿੱਚ ਪ੍ਰਸਤੁਤ ਪਰਮਾਤਮਾ ਦੀ ਸ਼ਕਤੀ ਦਾ ਸਰੂਪ।

3.2. ਬਚਿੱਤ੍ਰ ਨਾਟਕ ਵਿੱਚ ਪੇਸ਼ ਸ਼ਕਤੀ ਦੀ ਪੇਸ਼ਕਾਰੀ

3.3. ਵਾਰ ਸ੍ਰੀ ਭਗਉਤੀ ਜੀ ਕੀ (ਚੰਡੀ ਦੀ ਵਾਰ) ਵਿੱਚ ਪੇਸ਼ ਬੀਰ ਸ਼ਕਤੀ ਦਾ ਸੰਕਲਪ

3.4. ਰਾਮਕਲੀ ਪਾਤਸ਼ਾਹੀ ੧੦ (ਸ਼ਬਦ ਹਜ਼ਾਰੇ) ਵਿੱਚ ਕਰਮ ਸ਼ਕਤੀ ਦੀ ਪੇਸ਼ਕਾਰੀ

3.5. 33 ਸਵੈੱਯੇ ਵਿੱਚ ਬ੍ਰਹਮ ਸ਼ਕਤੀ ਦੀ ਪੇਸ਼ਕਾਰੀ

3.6. ਜ਼ਫ਼ਰਨਾਮਾ ਰਚਨਾ ਵਿੱਚ ਪੇਸ਼ ਸ਼ਕਤੀ ਦਾ ਪਰਿਪੇਖ

**ਅਧਿਆਇ ਚੌਥਾ** 189-238

**4. ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਵਿੱਚ ਸ਼ਕਤੀ ਦੇ ਨਵ-ਸਿਰਜਿਤ ਸ੍ਰੋਤ ਅਤੇ ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਵਿਚ ਸ਼ਕਤੀ ਦੇ ਸੰਕਲਪ ਦੀ ਸਮਕਾਲੀ ਪ੍ਰਾਸੰਗਿਕਤਾ**

**4.1. ਸ਼ਕਤੀ ਦੇ ਨਵ- ਸਿਰਜਿਤ ਸ੍ਰੋਤ**

4.1.1. ਔਰਤ ਦੇ ਇਨਕਲਾਬੀ ਸਰੂਪ ਦੀ ਪੇਸ਼ਕਾਰੀ

4.1.2. ਸੰਤ ਸਿਪਾਹੀ ਦਾ ਸਰੂਪ

4.1.3. ਸ਼ਕਤੀ ਦਾ ਸੇਵਾ ਵਿਚ ਰੂਪਾਂਤਰਣ

4.1.4. ਸਰਬਸ਼ਕਤੀਮਾਨ ਰੱਬ ਦੀ ਸੰਕਲਪਨਾ

4.2. ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਵਿਚ ਸ਼ਕਤੀ ਦੇ ਸੰਕਲਪ ਦੀ ਸਮਕਾਲੀ ਪ੍ਰਾਸੰਗਿਕਤਾ

**ਅਧਿਆਇ ਪੰਜਵਾਂ** 239-279

**5. ਗੁਰੂ ਗੋਬਿੰਦ ਸਿੰਘ ਦੀ ਰਚਨਾ ਵਿਚ ਸ਼ਕਤੀ ਦਾ ਸਾਹਿਤਕ ਪਰਿਪੇਖ (ਅਭਿਵਿਅਕਤੀ ਦਾ ਸਰੂਪ)**

5.1. ਭਾਸ਼ਾ ਅਤੇ ਸ਼ਬਦਾਵਲੀ

5.2. ਅਲੰਕਾਰ

5.3. ਬਿੰਬ ਵਿਧਾਨ

5.4. ਛੰਦ ਪ੍ਰਬੰਧ

5.5. ਰਾਗ

5.6. ਰਸ ਪ੍ਰਬੰਧ

5.7. ਪ੍ਰਤੀਕ ਯੋਜਨਾ

5.8. ਬਿਰਤਾਂਤ ਸਿਰਜਣਾ

5.9.ਪਾਤਰ ਚਿਤਰਣ

5.10.ਸੰਵਾਦ ਜੁਗਤ

5.11.ਸ਼ਸਤਰ ਯੋਜਨਾ

5.12. ਕਾਵਿ ਸ਼ੈਲੀ

**ਸਾਰ ਤੇ ਸਥਾਪਨਾਵਾਂ** 280-288

**ਪੁਸਤਕ ਸੂਚੀ** 289-330

# ਭੂਮਿਕਾ

ਪ੍ਰਸਤੁਤ ਖੋਜ ਪ੍ਰਬੰਧ 'ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਵਿੱਚ ਸ਼ਕਤੀ ਦਾ ਸੰਕਲਪ ਅਤੇ ਇਸਦੀ ਸਮਕਾਲੀ ਪ੍ਰਾਸੰਗਿਕਤਾ' ਵਿਸ਼ੇ ਨਾਲ ਸੰਬੰਧਤ ਹੈ, ਜਿਸ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੀਆਂ ਚੋਣਵੀਆਂ ਬਾਣੀਆਂ ਜਾਪੁ, ਬਚਿੱਤ੍ਰ ਨਾਟਕ, ਵਾਰ ਸ੍ਰੀ ਭਗਉਤੀ ਜੀ ਕੀ (ਚੰਡੀ ਦੀ ਵਾਰ), ਰਾਮਕਲੀ ਪਾਤਸ਼ਾਹੀ ੧੦ (ਸ਼ਬਦ ਹਜ਼ਾਰੇ), 33 ਸਵੈੱਯੇ ਅਤੇ ਜ਼ਫ਼ਰਨਾਮਾ ਆਦਿ ਰਚਨਾਵਾਂ ਨੂੰ ਅਧਿਐਨ ਹੇਠ ਲਿਆਂਦਾ ਗਿਆ ਹੈ ਅਤੇ ਇਸ ਅਧਿਐਨ ਵਿਚੋਂ ਸ਼ਕਤੀ ਦੇ ਸੰਕਲਪ ਅਤੇ ਇਸਦੀ ਸਮਕਾਲੀ ਪ੍ਰਾਸੰਗਿਕਤਾ ਨੂੰ ਖੋਜਣ ਦਾ ਯਤਨ ਕੀਤਾ ਗਿਆ ਹੈ। ਮੱਧਕਾਲੀ ਸਾਹਿਤਕ ਅਤੇ ਸਭਿਆਚਾਰਕ ਪ੍ਰਵਚਨਾਂ ਵਿੱਚ ਸ਼ਕਤੀ/ਬਲ ਦੀ ਸੰਰਚਨਾਕਾਰੀ ਮਹੱਤਵਪੂਰਨ ਅਤੇ ਵਿਚਾਰਨਯੋਗ ਰਚਨਾਤਮਕ ਬਣਤਰ ਹੈ। ਸ਼ਕਤੀ ਜਬਰ ਅਤੇ ਕਲਿਆਣ ਦੋਹਾਂ ਹੀ ਸਥਿਤੀਆਂ ਨੂੰ ਨਿਆਂਸ਼ੀਲ ਬਣਾਉਣ ਦਾ ਫਰਜ਼ ਨਿਭਾਉਂਦੀ ਹੈ। ਸ਼ਕਤੀ, ਸੱਤਾ, ਦਮਨ, ਗਿਆਨ ਅਤੇ ਕਲਿਆਣ ਦੇ ਆਪਸੀ ਰਿਸ਼ਤਿਆਂ ਦੀ ਬਣਤਰ ਦੀ ਪਹਿਚਾਣ ਕਰਨੀ ਬੜੀ ਜ਼ਰੂਰੀ ਹੈ। ਮੱਧਕਾਲੀ ਪੰਜਾਬੀ ਸਾਹਿਤ ਦੀ ਸਿਰਜਣ ਪ੍ਰਕਿਰਿਆ ਵਿੱਚ ਸ਼ਕਤੀ ਦਮਨ ਅਤੇ ਕਲਿਆਣ ਬੁਨਿਆਦੀ ਰਚਨਾਤਮਕ ਅਤੇ ਸੁਹਜਾਤਮਕ ਕੋਟੀਆਂ ਦੇ ਰੂਪ ਵਿੱਚ ਪੇਸ਼ ਹੁੰਦੇ ਹਨ। ਗੁਰਬਾਣੀ ਸ਼ਕਤੀ ਦਾ ਕੇਂਦਰ ਪ੍ਰਮਾਤਮਾ ਨੂੰ ਮੰਨ ਕੇ, ਦੁਨਿਆਵੀ ਸ਼ਕਤੀ ਨੂੰ ਹਕੀਕੀ ਸ਼ਕਤੀ ਦੀ ਅਧੀਨਗੀ ਵਿੱਚ ਪੇਸ਼ ਕਰਦੀ ਹੈ। ਗੁਰੂ ਅਰਜਨ ਦੇਵ ਜੀ ਆਪਣੇ ਸ਼ਬਦ 'ਭੁਜ ਬਲ ਬੀਰ ਬ੍ਰਹਮ ਸੁਖ ਸਾਗਰ ਗਰਤ ਪਰਤ ਗਹਿ ਲੇਹੁ ਅੰਗੁਰੀਆ॥ ਸ੍ਰਵਨਿ ਨ ਸੁਰਤਿ ਨੈਨ ਸੁੰਦਰ ਨਹੀਂ ਆਰਤ ਦੁਆਰਿ ਰਟਤ ਪਿੰਗੁਰੀਆ॥' ਵਿਚ ਸ਼ਕਤੀ ਦੀ ਪਰਿਭਾਸ਼ਾ ਨਿਰਧਾਰਿਤ ਕਰਦਿਆਂ ਕਹਿੰਦੇ ਹਨ ਕਿ ਸ਼ਕਤੀਸ਼ਾਲੀ ਹੋਣ ਦਾ ਅਰਥ ਦਮਨਕਾਰੀ ਜਾਂ ਸਵੈ ਕੇਂਦਰਤ ਹੋਣਾ ਨਹੀਂ ਸਗੋਂ ਸ਼ਕਤੀਸ਼ਾਲੀ ਮਨੁੱਖ ਤਾਂ ਗਰੀਬਾਂ ਦਾ ਪਾਲਣਹਾਰ ਹੁੰਦਾ ਹੈ, ਇਸ ਲਈ ਸ਼ਕਤੀ ਦਾ ਪ੍ਰਕਾਰਜ ਅਤੇ ਮਕਸਦ ਆਪਣੀ ਮਰਜੀ ਦੇ ਅਰਥ ਪੈਦਾ ਕਰਨ ਵਾਲੀਆਂ ਰਚਨਾ-ਵਿਉਂਤਾਂ ਦੀ ਸਿਰਜਣਾ ਕਰਨਾ ਨਹੀਂ ਹੈ ਨਾ ਹੀ ਇਸ ਦੇ ਅਰਥ ਦਮਨਕਾਰੀ ਕਿਰਿਆਵਾਂ-ਪ੍ਰਤਿਕਿਰਿਆਵਾਂ ਨੂੰ ਨਿਆਂਸ਼ੀਲ ਬਣਾਉਣ ਵਾਲੇ ਗਿਆਨ-ਪ੍ਰਬੰਧਾਂ ਨੂੰ

ਉਸਾਰਨਾ ਅਤੇ ਪ੍ਰਚਲਤ ਕਰਨਾ ਹੈ। ਇਸ ਦੇ ਉਲਟ ਸ਼ਕਤੀ ਦਾ ਖੇਤਰ ਤਾਂ ਕਲਿਆਣਕਾਰੀ ਨਿਜ਼ਾਮ ਨੂੰ ਤਾਮੀਰ ਕਰਨਾ ਹੈ। ਇਸੇ ਕਰਕੇ 'ਬਲੁ ਹੋਆ ਬੰਧਨ ਛੁਟੇ' ਭਾਵ ਜਦੋਂ ਮਨੁੱਖ ਪ੍ਰਭੂ ਦੇ ਦਰ ਤੇ ਡਿੱਗਦਾ ਹੈ ਤਾਂ ਮਾਇਆ ਦਾ ਟਾਕਰਾ ਕਰਨ ਲਈ ਉਸ ਵਿਚ ਆਤਮਕ ਬਲ ਪੈਦਾ ਹੋ ਜਾਂਦਾ ਹੈ।

ਗੁਰਮਤਿ ਵਿਚਾਰਧਾਰਾ ਵਿਚ ਪਹਿਲਾ ਦਰਜਾ ਭਗਤੀ ਦਾ ਹੈ ਅਤੇ ਦੂਜਾ ਦਰਜਾ ਸ਼ਕਤੀ ਦਾ ਹੈ। ਭਗਤੀ ਤੋਂ ਹੀ ਆਤਮਿਕ, ਮਾਨਸਿਕ, ਸਦਾਚਾਰਕ ਅਤੇ ਸਰੀਰਕ ਸ਼ਕਤੀ ਉਤਪੰਨ ਹੁੰਦੀ ਹੈ ਤੇ ਇਹੋ ਸ਼ਕਤੀ ਰਾਜਸੀ ਤੇ ਆਰਥਿਕ ਸ਼ਕਤੀ ਪੈਦਾ ਕਰਦੀ ਹੈ। ਗੁਰਮਤਿ ਅਨੁਸਾਰ ਭਾਵੇਂ ਕਿਸੇ ਕੋਲ ਰਾਜਸੀ ਬਲ ਹੋਵੇ, ਦੁਨਿਆਵੀ ਜਸ ਹੋਵੇ, ਕੀਰਤੀ ਹੋਵੇ ਪਰ ਜੇ ਉਹ ਵਿਅਕਤੀ ਪਰਮਾਤਮਾ ਦਾ ਜਸ ਨਹੀਂ ਜਪਦਾ ਤਾਂ ਪਰਮਾਤਮਾ ਦੇ ਦਰ ਵਿਚ ਉਹ 'ਕੀਟ' ਹੈ ਕਿਉਂਕਿ ਗੁਰੂ ਨਾਨਕ ਸਾਹਿਬ ਕਹਿੰਦੇ ਹਨ ਕਿ 'ਜੇ ਤਿਸੁ ਨਦਰਿ ਨ ਆਵਈ ਤ ਵਾਤ ਨ ਪੁਛੈ ਕੇਇ॥ ਕੀਟਾ ਅੰਦਰਿ ਕੀਟੁ ਕਰਿ ਦੋਸੀ ਦੋਸੁ ਧਰੇਇ॥' ਭਾਵ ਭਗਤੀ ਮੂਲ ਹੈ, ਸ਼ਕਤੀ ਫਲ ਹੈ। ਸ਼ਕਤੀ ਨਾਲ ਭਗਤੀ ਨਹੀਂ ਉਤਪੰਨ ਹੋ ਸਕਦੀ ਪਰ ਭਗਤੀ ਨਾਲ ਸ਼ਕਤੀ ਉਤਪੰਨ ਹੋ ਸਕਦੀ ਹੈ।

ਗੁਰਮਤਿ ਅਨੁਸਾਰ ਭਗਤੀ ਭਗਤ ਵਿੱਚ ਸ਼ਕਤੀ ਪੈਦਾ ਕਰਦੀ ਹੈ, ਉਸ ਵਿੱਚ ਬਲ ਪੈਦਾ ਕਰਦੀ ਹੈ। ਇਸ ਬਲ ਦਾ ਆਧਾਰ ਉਸ ਦੇ ਹਿਰਦੇ ਤੇ ਆਤਮਾ ਦੀ ਅਵਸਥਾ ਹੁੰਦੀ ਹੈ, ਉਸਦੇ ਹਿਰਦੇ ਤੇ ਆਤਮਾ ਦਾ ਬਲ ਹੁੰਦਾ ਹੈ। ਇਹ ਭਗਤ ਦਾ ਬਲ ਪਰਮਾਤਮਾ ਦੀ ਸ਼ਕਤੀ ਨੂੰ ਹਰਕਤ ਵਿੱਚ ਲਿਆਉਂਦਾ ਹੈ। ਪਰਮਾਤਮਾ ਦੇ ਪ੍ਰਤੱਖ ਹੋਣ ਦਾ ਸਬੂਤ ਸ਼ਕਤੀ ਹੈ। ਸ਼ਕਤੀ ਦਾ ਸੰਕਲਪ ਅਤੇ ਇਸਦੀ ਸਮਕਾਲੀ ਪ੍ਰਾਸੰਗਿਕਤਾ ਦਾ ਵਿਸ਼ਾ ਮਨੁੱਖੀ ਜੀਵਨ ਦੀ ਸਮੱਗਰਤਾ ਨਾਲ ਜੁੜਿਆ ਹੋਇਆ ਹੈ। ਅਸੀਂ ਇਸ ਨੂੰ ਸਮਾਜਿਕ, ਧਾਰਮਿਕ, ਰਾਜਨੀਤਿਕ, ਨੈਤਿਕ, ਮਾਨਸਿਕ, ਸਰੀਰਕ ਜੀਵਨ ਸ਼੍ਰੇਣੀ ਅਧੀਨ ਵੰਡ ਸਕਦੇ ਹਾਂ। ਵਿਸ਼ੇ ਚੋਣ ਅਧੀਨ ਚੁਣੀਆਂ ਗਈਆਂ ਬਾਣੀਆਂ ਦਾ ਅਧਿਐਨ ਕਰਨ ਸਮੇਂ ਸਾਡਾ ਇਹ ਯਤਨ ਰਿਹਾ ਹੈ ਕਿ ਉਹਨਾਂ ਬਾਣੀਆਂ ਨੂੰ ਅਧਿਐਨ ਕੇਂਦਰਿਤ ਅਧੀਨ ਲਿਆ ਜਾਵੇ ਜੋ ਗੁਰੂ ਗੋਬਿੰਦ ਸਿੰਘ ਜੀ ਦੀਆਂ

ਰਚਨਾਵਾਂ ਅਨੁਸਾਰ ਸ਼ਕਤੀ ਦੇ ਸੰਕਲਪ ਦੀ ਪ੍ਰਮਾਣਿਕ ਨਿਸ਼ਾਨਦੇਹੀ ਕਰਦੀਆਂ ਹਨ ਅਤੇ ਇਸਦੀ ਸਮਕਾਲੀ ਪ੍ਰਾਸੰਗਿਕਤਾ ਨੂੰ ਪੇਸ਼ ਕੀਤਾ ਜਾਵੇ। ਸੋ ਅਸੀਂ ਗੁਰਮਤਿ ਜੀਵਨ ਜਾਚ ਰਾਹੀਂ ਦਿੱਤੇ ਗਏ ਸ਼ਕਤੀ ਦੇ ਸੰਕਲਪ ਅਤੇ ਇਸਦੀਆਂ ਵੱਖਰੀਆਂ ਵੱਖਰੀਆਂ ਵੰਨਗੀਆਂ ਦੇ ਸੰਦਰਭ ਅਤੇ ਪ੍ਰਸੰਗਾਂ ਦੇ ਅਧਿਐਨ ਨੂੰ ਵਿਚਾਰਿਆ ਹੈ।

ਉਪਰੋਕਤ ਵਿਸ਼ੇ ਨੂੰ ਵਿਧੀਵਤ ਤੌਰ ਤੇ ਖੋਜ ਕਾਰਜ ਅਧਿਐਨ ਨੂੰ ਪ੍ਰਸਤੁਤ ਕਰਨ ਲਈ ਇਸਨੂੰ ਪੰਜ ਅਧਿਆਵਾਂ ਵਿੱਚ ਵੰਡਿਆ ਗਿਆ ਹੈ। ਹੱਥਲੇ ਖੋਜ ਪ੍ਰਬੰਧ ਵਿੱਚ ਸਾਡੇ ਅਧਿਐਨ ਦਾ ਉਦੇਸ਼ ਗੁਰੂ ਗੋਬਿੰਦ ਸਿੰਘ ਜੀ ਦੇ ਭਗਤੀ ਅਤੇ ਸ਼ਕਤੀ ਦੇ ਵਿਸ਼ਾਲ ਪਰਿਪੇਖ ਦੀ ਸੋਝੀ ਪ੍ਰਾਪਤ ਕਰਨਾ ਹੈ ਅਤੇ ਗੁਰੂ ਗੋਬਿੰਦ ਸਿੰਘ ਜੀ ਦੀਆਂ ਚੋਣਵੀਆਂ ਰਚਨਾਵਾਂ ਜਾਪੁ, ਬਚਿੱਤ੍ਰ ਨਾਟਕ, ਵਾਰ ਸ੍ਰੀ ਭਗਉਤੀ ਜੀ ਕੀ (ਚੰਡੀ ਦੀ ਵਾਰ), ਰਾਮਕਲੀ ਪਾਤਸ਼ਾਹੀ ੧੦ (ਸ਼ਬਦ ਹਜ਼ਾਰੇ), 33 ਸਵੈੱਯੇ ਅਤੇ ਜ਼ਫ਼ਰਨਾਮਾ ਵਿੱਚ ਪੇਸ਼ ਹੋਏ ਉਨਾਂ ਸੰਦਰਭਾਂ ਵਿਚੋਂ ਸ਼ਕਤੀ ਦੇ ਸੰਕਲਪ, ਸਰੂਪ ਭੇਦਾਂ ਨੂੰ ਵਿਚਾਰਨਾ ਹੈ ਫਿਰ ਇਸ ਉਸਰੇ ਸ਼ਕਤੀ ਦੇ ਸੰਕਲਪ ਦੀ ਤਤਕਾਲੀ ਤੇ ਸਮਕਾਲੀ ਦੋਨਾਂ ਸੰਦਰਭਾਂ ਵਿਚ ਇਸਦੀ ਸਾਰਥਕਤਾ ਨੂੰ ਨਿਸ਼ਚਿਤ ਕਰਨਾ ਹੈ।

ਖੋਜ ਵਿਸ਼ੇ ਦੇ ਪਹਿਲੇ ਅਧਿਆਇ ਵਿੱਚ ਪੂਰਵ ਪ੍ਰਾਪਤ ਖੋਜ ਸਮਗਰੀ ਦਾ ਸਰਵੇਖਣ ਵਿਸ਼ਲੇਸ਼ਣ ਅਤੇ ਮੁਲਾਂਕਣ ਪ੍ਰਸਤੁਤ ਕੀਤਾ ਗਿਆ ਹੈ। ਇਸ ਅਧਿਆਇ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ, ਉਹਨਾਂ ਦੀਆਂ ਰਚਨਾਵਾਂ ਅਤੇ ਸ੍ਰੀ ਦਸਮ ਗ੍ਰੰਥ ਨਾਲ ਸੰਬੰਧਤ ਵੱਖ ਵੱਖ ਯੂਨੀਵਰਸਿਟੀਆਂ ਵਿੱਚ ਹੋ ਚੁੱਕੇ ਪੀ-ਐਚ. ਡੀ. ਦੇ ਖੋਜ ਪ੍ਰਬੰਧਾਂ, ਐਮ. ਫਿਲ ਦੇ ਖੋਜ ਨਿਬੰਧਾਂ, ਵੱਖ ਵੱਖ ਵਿਦਵਾਨਾਂ ਦੀਆਂ ਪ੍ਰਕਾਸ਼ਿਤ ਪੁਸਤਕਾਂ, ਸ਼ਬਦ ਕੋਸ਼, ਗੁਰਬਾਣੀ ਵਿਆਕਰਨ ਅਤੇ ਕੁੱਝ ਵਿਸ਼ੇਸ਼ ਪੰਜਾਬੀ ਦੀਆਂ ਖੋਜ ਪਤ੍ਰਿਕਾਵਾਂ ਦਾ ਵੀ ਖੋਜ ਸਰਵੇਖਣ ਅਤੇ ਰੀਵਿਊ ਕੀਤਾ ਗਿਆ ਹੈ। ਇਸ ਪੂਰਵ ਪ੍ਰਾਪਤ ਖੋਜ ਸਮਗਰੀ ਦੇ ਨਿਰੀਖਣ ਤੋਂ ਬਾਅਦ ਇਸ ਨਤੀਜੇ ਤੇ ਪੰਹੁਚਿਆ ਗਿਆ ਹੈ ਕਿ ਖੋਜ ਅਧੀਨ ਚੁਣੇ ਗਏ ਵਿਸ਼ੇ ਤੇ ਇਸ ਤੋਂ ਪਹਿਲਾਂ ਕਿਸੇ ਵੀ ਵਿਦਿਅਕ ਅਦਾਰੇ ਵਿੱਚ ਇਸ ਵਿਸ਼ੇ ਤੇ ਖੋਜ ਕਾਰਜ ਨਹੀਂ ਹੋਇਆ।

ਖੋਜ ਪ੍ਰਬੰਧ ਦੇ ਦੂਜੇ ਅਧਿਆਇ 'ਮੱਧਕਾਲੀ ਸਾਹਿਤ ਵਿੱਚ ਭਗਤੀ ਤੇ ਸ਼ਕਤੀ ਦਾ ਅੰਤਰ ਸਬੰਧਿਤ ਪਰਿਪੇਖ' ਵਿੱਚ ਪਹਿਲਾਂ ਮੱਧਕਾਲੀ ਪੰਜਾਬੀ ਸਾਹਿਤ ਵਿੱਚ ਭਗਤੀ ਦੇ ਪਰਿਪੇਖ ਨੂੰ ਵਿਚਾਰਿਆ ਗਿਆ ਹੈ। ਇਸ ਸਮੁੱਚੀ ਵਿਚਾਰ ਦੇ ਅੰਤਰਗਤ ਭਗਤੀ ਸਬੰਧੀ ਪੁਰਾਤਨ ਧਾਰਮਿਕ ਗ੍ਰੰਥਾਂ ਵਿੱਚੋਂ ਭਗਤੀ ਸਬੰਧੀ ਮੱਤ, ਵੱਖ ਵੱਖ ਵਿਦਵਾਨਾਂ ਦੀਆਂ ਪਰਿਭਾਸ਼ਾਵਾਂ ਅਤੇ ਭਗਤੀ ਦੀਆਂ ਕਿਸਮਾਂ ਨੂੰ ਵਰਣਿਤ ਕੀਤਾ ਗਿਆ ਹੈ। ਖੋਜ ਕਾਰਜ ਦੌਰਾਨ ਮੱਧਕਾਲੀ ਸਾਹਿਤ ਦੀਆਂ ਵਿਭਿੰਨ ਕਾਵਿ ਧਾਰਾਵਾਂ ਵਿੱਚੋਂ ਭਗਤੀ ਦੇ ਪਰਿਪੇਖ ਨੂੰ ਪੇਸ਼ ਕਰਦਿਆਂ ਗੁਰੂ ਗੋਬਿੰਦ ਸਿੰਘ ਜੀ ਦੀ ਭਗਤੀ ਭਾਵਨਾ ਨੂੰ ਵਿਸ਼ੇਸ਼ ਰੂਪ ਵਿਚ ਵਿਚਾਰਿਆ ਗਿਆ ਹੈ। ਇਸ ਦੇ ਨਾਲ ਹੀ ਮੱਧਕਾਲੀ ਸਾਹਿਤ ਵਿੱਚੋਂ ਸ਼ਕਤੀ ਦੇ ਪਰਿਪੇਖ ਨੂੰ ਉਜਾਗਰ ਕਰਨ ਲਈ ਸ਼ਕਤੀ ਸਬੰਧੀ ਵਿਦਵਾਨਾਂ ਦੀਆਂ ਰਾਵਾਂ ਤੇ ਉਹਨਾਂ ਦੁਆਰਾ ਦਿੱਤੀਆਂ ਗਈਆਂ ਸ਼ਕਤੀ ਦੀਆਂ ਕਿਸਮਾਂ ਨੂੰ ਵੀ ਪੇਸ਼ ਕੀਤਾ ਗਿਆ ਹੈ ਅਤੇ ਇਸ ਉਪਰਾਂਤ ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਵਿੱਚੋਂ ਭਗਤੀ ਅਤੇ ਸ਼ਕਤੀ ਦੇ ਅੰਤਰ ਸੰਬੰਧਤ ਸਰੂਪ ਨੂੰ ਵੀ ਉਘਾੜਨ ਦਾ ਵੀ ਵਿਸ਼ੇਸ਼ ਉਪਰਾਲਾ ਕੀਤਾ ਹੈ।

ਖੋਜ ਪ੍ਰਬੰਧ ਦੇ ਤੀਜੇ ਅਧਿਆਇ ਵਿੱਚ ਗੁਰੂ ਗੋਬਿੰਦ ਸਿੰਘ ਦੀਆਂ ਚੋਣਵੀਆਂ ਰਚਨਾਵਾਂ (ਜਾਪੁ, ਬਚਿਤ੍ਰ ਨਾਟਕ, ਵਾਰ ਸ੍ਰੀ ਭਗਉਤੀ ਜੀ ਕੀ (ਚੰਡੀ ਦੀ ਵਾਰ), ਰਾਮਕਲੀ ਪਾਤਸ਼ਾਹੀ ੧੦ (ਸ਼ਬਦ ਹਜ਼ਾਰੇ), 33 ਸਵੈਯੇ ਅਤੇ ਜ਼ਫ਼ਰਨਾਮਾ ਵਿੱਚੋਂ ਇਕ-ਇਕ ਰਚਨਾ ਨੂੰ ਵਖਰੇ ਰੂਪ ਵਿਚ ਲੈ ਕੇ ਉਸ ਵਿਚੋਂ ਸ਼ਕਤੀ ਦੇ ਸਰੂਪ ਤੇ ਸੰਕੰਲਪ ਅਤੇ ਸੰਦਰਭ ਨੂੰ ਗੰਭੀਰਤਾ ਨਾਲ ਵਿਚਾਰਿਆ ਗਿਆ ਹੈ। ਪ੍ਰਮਾਣ ਵਜੋਂ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ '*ਜਾਪੁ*' ਰਚਨਾ ਵਿੱਚ ਪਰਮਾਤਮਾ ਦੀ ਉਸਤਤਿ ਵਿਚ ਲਿਖੇ ਗਏ ਸ਼ਬਦਾਂ ਵਿਚੋਂ ਸ਼ਕਤੀ ਦੀ ਪੇਸ਼ਕਾਰੀ ਕਰਦਿਆਂ ਪਰਮਾਤਮਾ ਦੇ ਸ਼ਕਤੀਵਰ ਤੇ ਅਨੇਕ ਗੁਣੀ ਸਰੂਪ ਨੂੰ ਉਘਾੜਿਆ ਗਿਆ ਹੈ ਕਿ ਉਸ ਪ੍ਰਮਾਤਮਾ ਦੀ ਹਸਤੀ ਜਗਤ ਰਚਨਾ ਵਾਲੇ ਪੰਜ ਤੱਤਾਂ ਤੋਂ ਨਹੀਂ ਬਣੀ। ਜਗਤ ਰਚਨਾ ਦੇ ਸਾਰੇ ਵਸੀਲੇ ਪਰਮਾਤਮਾ ਦੇ ਆਪਣੇ ਹੱਥ ਵਿੱਚ ਹਨ ਪਰ ਉਸ ਨੂੰ ਇਸ ਜਗਤ ਦੇ ਸੰਚਾਲਨ ਲਈ ਕੋਈ ਉਚੇਚ ਨਹੀਂ ਕਰਨੀ ਪੈਂਦੀ। ਉਸ ਦਾ ਵਿਧੀ ਵਿਧਾਨ ਇਤਨਾ ਮੁਕੰਮਲ ਹੈ ਕਿ ਇਸ

ਵਿੱਚ ਕਿਸੇ ਗਲਤੀ ਦੀ ਕੋਈ ਗੁੰਜਾਇਸ਼ ਨਹੀਂ ਰਹਿੰਦੀ। ਕੋਈ ਜੀਵ ਇਸ ਵਿਧੀ ਵਿਧਾਨ ਦੀ ਉਲੰਘਣਾ ਨਹੀਂ ਕਰ ਸਕਦਾ। ਇਸ ਤੋਂ ਅਗੇ '*ਬਚਿੱਤ੍ਰ ਨਾਟਕ*' ਪੇਸ਼ ਸ਼ਕਤੀ ਦੀ ਪੇਸ਼ਕਾਰੀ ਕੀਤਾ ਗਿਆ ਹੈ। ਇਸ ਨਾਟਕ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਆਤਮ ਕਥਾ ਵੀ ਕਿਹਾ ਜਾਂਦਾ ਹੈ। ਇਸ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਦੀਆਂ ਅਤੇ ਜਨਮ ਤੋਂ ਬਾਅਦ ਦੀਆਂ ਘਟਨਾਵਾਂ ਨੂੰ ਪੇਸ਼ ਕੀਤਾ ਗਿਆ ਹੈ। ਗੁਰੂ ਗੋਬਿੰਦ ਸਿੰਘ ਜੀ ਦੁਆਰਾ ਰਚਿਤ '*ਵਾਰ ਸ੍ਰੀ ਭਗਉਤੀ ਜੀ ਕੀ' (ਚੰਡੀ ਦੀ ਵਾਰ)* ਅਜਿਹੀ ਉਤਕ੍ਰਿਸ਼ਟ ਰਚਨਾ ਹੈ ਜਿਸ ਦੇ ਅੰਤਰਗਤ ਦਾਰਸ਼ਨਿਕ, ਅਧਿਆਤਮਿਕ ਅਤੇ ਸਾਂਸਕ੍ਰਿਤਕ ਸਤਿ ਰੂਪ ਸੰਦੇਸ਼ ਦਾ ਸੰਚਾਰ ਵਿਭਿੰਨ ਮਿਥਿਹਾਸਕ, ਹੋਂਦਾਂ ਦੇ ਭਾਸ਼ਕ ਕਾਵਿਕ ਰੁਪਾਂਤਰਣ ਦੁਆਰਾ ਪੇਸ਼ ਕੀਤਾ ਗਿਆ ਹੈ। ਰਚਨਾ ਵਿਚ ਦੁਰਗਾ ਲਈ ਚੰਡੀ, ਦੁਰਗਸ਼ਾਹ, ਭਗਉਤੀ ਆਦਿ ਨਾਵਾਂ ਦਾ ਪ੍ਰਯੋਗ ਸਪਸ਼ਟ ਕਰਦਾ ਹੈ ਕਿ ਚੰਡੀ ਸ਼ਕਤੀ ਦਾ ਪ੍ਰਤੀਕ ਹੈ ਜਿਸਨੇ ਹਰੇਕ ਤਰ੍ਹਾਂ ਨਾਲ ਦੁਸ਼ਟਾਂ ਦਾ ਦਮਨ ਕਰਕੇ ਵਿਰੋਧੀ ਉੱਤੇ ਜਿੱਤ ਨੂੰ ਸਫਲ ਬਣਾਉਣਾ ਹੈ। ਇਸ ਲਈ ਉਹ ਕਰਾਮਾਤੀ ਸ਼ਕਤੀਆਂ ਦੀ ਥਾਂ ਸਮਕਾਲੀਨ ਪ੍ਰਚਲਿਤ ਹਥਿਆਰ ਤਲਵਾਰ, ਤੀਰ, ਧਨੁਖ, ਤ੍ਰਿਸ਼ੂਲ, ਚੱਕਰ, ਨੇਜੇ, ਬਰਛੇ, ਨਿਸਾਣ, ਜਰਾ ਬਖਤਰ ਢਾਲ, ਸੰਜੋਅ ਆਦਿ ਦੀ ਵਰਤੋਂ ਕਰਦੀ ਹੋਈ ਦੁਸ਼ਮਣਾਂ ਦਾ ਟਾਕਰਾ ਕਰਦੀ ਹੈ। ਇਸ ਵਿੱਚ ਗੁਰੂ ਗੋਬਿੰਦ ਸਿੰਘ ਜੀ ਨੇ ਦੁਰਗਾ ਨੂੰ ਕਰਾਮਾਤੀ ਸ਼ਕਤੀਆਂ ਦੀ ਥਾਂ ਕਿਰਿਆਤਮਕ ਤੋਰ ਤੇ ਯੁੱਧ ਵਿੱਚ ਬੀਰ ਯੋਧਾ ਦੇ ਰੂਪ ਵਿੱਚ ਲੜਦੇ ਜੂਝਦੇ ਦਿਖਾਇਆ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਚੰਡੀ ਦੀ ਵਾਰ ਵਿਚ ਬੀਰ ਸ਼ਕਤੀ ਦੇ ਸੰਕਲਪ ਨੂੰ ਵਰਣਿਤ ਕੀਤਾ ਗਿਆ ਹੈ। '*ਰਾਮਕਲੀ ਪਾਤਸ਼ਾਹੀ ੧੦ (ਸ਼ਬਦ ਹਜ਼ਾਰੇ)*' ਰਚਨਾ ਵਿਚ ਗੁਰੂ ਸਾਹਿਬ ਦੁਆਰਾ ਰਚਿਤ ਸ਼ਬਦ ਸੰਗ੍ਰਹਿ ਹਨ ਜਿਸਦੇ ਅੰਤਰਨਿਹਿਤ ਗੁਰਮਤਿ ਦੀ ਮੂਲ ਵਿਚਾਰਧਾਰਾ ਦੇ ਸੰਕਲਪ ਅਤੇ ਅਧਿਆਤਮ ਸਤਿ ਦੇ ਸੰਦੇਸ਼ ਨੂੰ ਸਮੂਰਤ ਕਰਦਿਆਂ ਕਰਮ ਸ਼ਕਤੀ ਦੀ ਪੇਸ਼ਕਾਰੀ ਕਰਨ ਦਾ ਯਤਨ ਕੀਤਾ ਗਿਆ ਹੈ। ਖੋਜ ਪ੍ਰਬੰਧ ਦੇ ਇਸ ਅਧਿਆਇ ਦੇ ਅਗਲੇ ਵਿਸ਼ੇ ਵਿਚ ਗੋਬਿੰਦ ਸਿਘ ਜੀ ਦੀ ਰਚਨਾ '*33 ਸਵੈਯੇ*' ਨੂੰ ਸ਼ਾਮਿਲ ਕੀਤਾ ਗਿਆ ਹੈ। ਜਿਸ ਵਿਚ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਸ਼ਕਤੀ ਦੀ ਉਸਤਤਿ ਕਰਦਿਆਂ ਸਮਕਾਲੀ ਧਾਰਮਿਕ ਆਡੰਬਰ ਅਤੇ ਪਾਖੰਡਮਈ ਰੀਤੀ ਰਿਵਾਜਾਂ ਦਾ ਖੰਡਨ ਕਰਨ ਦੇ ਨਾਲ ਨਾਲ ਕਰਮ ਸ਼ਕਤੀ ਦੇ ਸੰਕਲਪ ਨੂੰ

ਪੇਸ਼ ਕੀਤਾ ਗਿਆ ਹੈ। ਖੋਜ ਕਾਰਜ ਦੇ ਅੰਤਿਮ ਪੜਾਅ ਵੱਲ ਪਹੁੰਚਦਿਆਂ ਗੁਰੂ ਗੋਬਿੰਦ ਸਿੰਘ ਜੀ ਦੀ ਚੋਣਵੀਂ ਰਚਨਾਵਾਂ ਵਿੱਚੋਂ *'ਜ਼ਫ਼ਰਨਾਮਾ'* ਰਚਨਾ ਵਿੱਚ ਪੇਸ਼ ਸ਼ਕਤੀ ਦੀ ਪੇਸ਼ਕਾਰੀ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਜ਼ਫ਼ਰਨਾਮਾ ਉਹ ਵਿੱਜੇ ਪੱਤਰ ਹੈ ਜੋ ਗੁਰੂ ਗੋਬਿੰਦ ਸਿੰਘ ਜੀ ਨੇ ਮੁਗਲ ਬਾਦਸ਼ਾਹ ਔਰੰਗਜ਼ੇਬ ਨੂੰ ਲਿਖਿਆ ਸੀ। ਇਹ ਇਤਿਹਾਸਿਕ ਪੱਤਰ ਮੱਕਾਰੀ ਉੱਤੇ ਜਿੱਤ ਦਾ ਪ੍ਰਤੀਕ ਹੈ ਜਿਸ ਵਿੱਚ ਗੁਰੂ ਜੀ ਨੇ ਪਰਮਾਤਮਾ ਨੂੰ ਸਰਬ ਸ਼ਕਤੀਮਾਨ ਦੱਸਦਿਆਂ ਔਰੰਗਜ਼ੇਬ ਨੂੰ ਲਾਹਨਤ ਪਾਉਂਦਿਆਂ ਕਿਹਾ ਸੀ ਕਿ ਪਰਮਾਤਮਾ ਸਭ ਤੋਂ ਵੱਡਾ ਹੈ। ਬਾਦਸ਼ਾਹ ਦੀ ਸ਼ਕਤੀ ਸੀਮਿਤ ਹੈ ਜੋ ਪ੍ਰਮਾਤਮ ਸ਼ਕਤੀ ਦੇ ਹੱਥ ਵਿੱਚ ਹੈ ਜਦਕਿ ਬਾਦਸ਼ਾਹ ਨੂੰ ਵੀ ਇਸ ਸ਼ਕਤੀ ਦੇ ਅਧੀਨ ਹੀ ਵਿਚਰਨਾ ਪੈਂਦਾ ਹੈ। ਮਨੁੱਖ ਦੇ ਨੈਤਿਕ ਗੁਣਾਂ ਨੂੰ ਪ੍ਰਤੀਕਾਤਮਕ ਰੂਪ ਵਿੱਚ ਸਿਰਜਦੇ ਹੋਏ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਪੱਤਰ ਦੇ ਅੰਤਰਗਤ ਸਮਕਾਲੀਨ ਮੁਗਲ ਬਾਦਸ਼ਾਹ ਨਾਲ ਆਪਣੇ ਆਪਸੀ ਰਾਜਨੀਤਕ ਸਬੰਧਾਂ ਨੂੰ ਦ੍ਰਿਸ਼ਟਮਾਨ ਕੀਤਾ ਹੈ। ਜ਼ਫ਼ਰਨਾਮਾ ਰਚਨਾ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਅਕਾਲ ਪੁਰਖ ਦੀ ਅਸੀਮ ਸ਼ਕਤੀ ਦਾ ਵਰਣਨ ਕੀਤਾ ਗਿਆ ਹੈ। ਅਕਾਲਪੁਰਖ ਦੇ ਕਾਲ ਰਹਿਤ, ਜਨਮ ਰਹਿਤ, ਰੂਪ ਰੰਗ ਰਹਿਤ, ਭੂਤ ਅਤੀਤ, ਭਾਵ ਅਤੀਤ ਕ੍ਰਿਪਾਲੂ ਅਤੇ ਖ਼ੁਦਾਵੰਤ ਸਰੂਪ ਨੂੰ ਪੇਸ਼ ਕਰਦਿਆਂ ਸਭ ਤੋਂ ਵੱਡੀ ਸ਼ਕਤੀ ਪਰਮਾਤਮ ਸ਼ਕਤੀ ਨੂੰ ਰੂਪਮਾਨ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਅਧਿਆਇ ਦੇ ਅੰਤਿਮ ਚਰਨ ਤੇ ਪਹੁੰਚਦਿਆਂ 'ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਵਿੱਚ ਭਗਤੀ ਅਤੇ ਸ਼ਕਤੀ ਦੇ ਸੁਮੇਲ' ਨੂੰ ਪੇਸ਼ ਕਰਨ ਦਾ ਯਤਨ ਕੀਤਾ ਗਿਆ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਅਤੇ ਰਚਨਾਵਾਂ ਤੋਂ ਇਹ ਦ੍ਰਿੜ ਹੁੰਦਾ ਹੈ ਕਿ ਬੁਰਾਈ ਦਾ ਟਾਕਰਾ ਕਰਨ ਲਈ ਸ਼ਕਤੀ ਦੀ ਜ਼ਰੂਰਤ ਹੈ ਤੇ ਇਹ ਸ਼ਕਤੀ ਭਗਤੀ ਵਿੱਚ ਹੀ ਉਤਪੰਨ ਹੁੰਦੀ ਹੈ।

ਖੋਜ ਪ੍ਰਬੰਧ ਦਾ ਚੌਥਾ ਅਧਿਆਇ *ਗੁਰੂ ਗੋਬਿੰਦ ਸਿੰਘ ਦੀਆਂ ਰਚਨਾਵਾਂ ਵਿੱਚ ਸ਼ਕਤੀ ਦੇ ਨਵ ਸਿਰਜਿਤ ਸ੍ਰੋਤਾਂ ਅਤੇ ਸ਼ਕਤੀ ਦੇ ਸੰਕਲਪ ਦੀ ਸਮਕਾਲੀ ਪ੍ਰਾਸੰਗਿਕਤਾ* ਨਾਲ ਸਬੰਧਿਤ ਹੈ। ਸ਼ਕਤੀ ਦੇ ਨਵ ਸਿਰਜਿਤ ਸਰੋਤਾਂ ਵਿਚੋਂ ਸਭ ਤੋਂ ਵਡਾ ਸਰੋਤ ਔਰਤ ਦੇ

ਇਨਕਲਾਬੀ ਸਰੂਪ ਦਾ ਹੈ। ਜਿਸ ਵਿੱਚ ਔਰਤ ਦੀ ਨਿਗੁਣੀ ਅਵਸਥਾ ਤੋਂ ਲੈ ਕੇ ਉਸ ਦੇ ਇਨਕਲਾਬੀ ਸਰੂਪ ਤੱਕ ਪਹੁੰਚਣ ਦੇ ਸੰ ਰ ਨੂੰ ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਵਿਚੋਂ ਦੇਖਿਆ ਤੇ ਵਿਚਾਰਿਆ ਗਿਆ ਹੈ। ਸ਼ਕਤੀ ਦਾ ਦੂਜਾ ਨਵ ਸਿਰਜਿਤ ਸ੍ਰੋਤ ਮਨੁੱਖ ਦੇ ਸੰਤ ਸਿਪਾਹੀ ਸਰੂਪ ਦਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਸਾਜ ਕੇ ਮਨੁੱਖ ਵਿੱਚ ਸੰਤ ਸਿਪਾਹੀ ਬਿਰਤੀ ਦੇ ਦੋਨੋਂ ਗੁਣ ਪੈਦਾ ਕੀਤੇ ਹਨ, ਜਿਸ ਨਾਲ ਮਨੁੱਖ ਨੇ ਆਪਣੇ ਹੱਕ ਲਈ ਲੜਨਾ ਸਿਖਿਆ ਹੈ। ਮਨੁੱਖ ਨੂੰ ਸ਼ਾਸਤਰ ਦੇ ਨਾਲ-ਨਾਲ ਸ਼ਸਤਰ ਵਿਦਿਆ ਸੰਬੰਧੀ ਜਾਗਰੂਕ ਕੀਤਾ ਗਿਆ ਹੈ। ਸ਼ਕਤੀ ਦੇ ਤੀਜੇ ਨਵ ਸਿਰਜਿਤ ਸ੍ਰੋਤ ਅਧੀਨ ਸਰਬਸ਼ਕਤੀਮਾਨ ਰੱਬ ਦੀ ਸੰਕੰਲਪਨਾ ਵਿਚ ਰੱਬ ਨੂੰ ਸ਼ਕਤੀਸ਼ਾਲੀ ਸਰਬ ਗਿਆਤਾ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਰੱਬ ਹੀ ਸ੍ਰਿਸ਼ਟੀ ਦਾ ਸਿਰਜਕ ਹੈ ਜੋ ਸਭ ਜੀਵਾਂ ਦੀ ਸਿਰਜਨਾ ਕਰਦਾ ਹੈ। ਸ਼ਕਤੀ ਦੇ ਚੌਥੇ ਸ੍ਰੋਤ ਵਜੋਂ ਸ਼ਕਤੀ ਦਾ ਸੇਵਾ ਵਿੱਚ ਰੁਪਾਂਤਰਨ ਨੂੰ ਪੇਸ਼ ਕੀਤਾ ਗਿਆ ਹੈ। ਸਮਾਜ ਵਿੱਚ ਰਹਿੰਦਿਆਂ ਵਿਅਕਤੀ ਜੇ ਪਰਮਾਤਮਾ ਦਾ ਨਾਮ ਜਪਦਾ ਹੈ, ਉਸ ਦੀ ਭਗਤੀ ਕਰਦਾ ਹੈ ਤਾਂ ਉਸਨੂੰ ਇਸ ਸਭ ਦੇ ਪ੍ਰਤੀਫਲ ਵਜੋਂ ਸ਼ਕਤੀ ਮਿਲਦੀ ਹੈ। ਵਿਅਕਤੀ ਜੇ ਸਵਾਰਥਹੀਨ ਹੋ ਕੇ ਸ਼ਕਤੀ ਦੀ ਵਰਤੋਂ ਦੂਜਿਆਂ ਦੀ ਭਲਾਈ ਲਈ, ਉਨ੍ਹਾਂ ਦੀ ਸੇਵਾ ਲਈ ਕਰਦਾ ਹੈ ਤਾਂ ਉਸ ਦੀ ਸ਼ਕਤੀ ਵਿੱਚ ਵਾਧਾ ਹੁੰਦਾ ਹੈ। ਜਿੱਥੇ ਵਿਅਕਤੀ ਨੇ ਸ਼ਕਤੀ ਦੀ ਵਰਤੋਂ ਸਵਾਰਥ ਅਧੀਨ ਆਪਣੇ ਮਤਲਬ ਲਈ ਕਰਨੀ ਸ਼ੁਰੂ ਕਰ ਦਿੱਤੀ ਉੱਥੇ ਹੀ ਉਸਦੀ ਸ਼ਕਤੀ ਵਿੱਚ ਕਮੀ ਆ ਜਾਂਦੀ ਹੈ ਅਤੇ ਹੌਲੀ ਹੌਲੀ ਉਹ ਸ਼ਕਤੀ ਖਤਮ ਹੋ ਜਾਂਦੀ ਹੈ। ਇਸ ਲਈ ਸ਼ਕਤੀ ਨੂੰ ਬਰਕਰਾਰ ਰੱਖਣ ਲਈ ਨਿਰਸਵਾਰਥ ਹੋ ਕੇ ਪਹਿਲਾਂ ਪ੍ਰਮਾਤਮਾ ਦੀ ਭਗਤੀ ਕਰਨੀ ਜ਼ਰੂਰੀ ਹੁੰਦੀ ਹੈ। ਇਸ ਅਧਿਆਇ ਦੇ ਦੂਜੇ ਭਾਗ '*ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਵਿਚ ਸ਼ਕਤੀ ਦੇ ਸੰਕਲਪ ਦੀ ਸਮਕਾਲੀ ਪ੍ਰਾਸੰਗਿਕਤਾ*' ਅਧੀਨ ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਵਿਚੋਂ ਉਭਰੇ ਸ਼ਕਤੀ ਦੇ ਨਵੇਂ ਸੰਕਲਪ ਦੀ ਵਿਹਾਰਕ ਅਤੇ ਸਮਕਾਲੀ ਪ੍ਰਾਸੰਗਿਕਤਾ ਨੂੰ ਖੋਜਣ ਦਾ ਯਤਨ ਕੀਤਾ ਹੈ। ਸ਼ਕਤੀ ਦੇ ਸੰਕਲਪ ਦੀ ਸਮਕਾਲੀ ਪ੍ਰਾਸੰਗਿਕਤਾ ਦਾ ਵਿਸ਼ਾ ਮਨੁੱਖੀ ਜੀਵਨ ਦੀ ਸਮੱਗਰਤਾ ਨਾਲ ਜੁੜਿਆ ਹੋਇਆ ਹੈ। ਸ਼ਕਤੀ ਦਾ ਇਹ ਸੰਕਲਪ ਅੰਤਰ-ਸਭਿਆਚਾਰ ਅਤੇ

ਅੰਤਰ ਧਾਰਮਿਕ ਸੰਵਾਦ ਦਾ ਅਜਿਹਾ ਢੁੱਕਵਾਂ ਮਾਡਲ ਪੇਸ਼ ਕਰਦਾ ਹੈ ਜੋ ਵਿਸ਼ਵ ਵਿਆਪੀ ਪੱਧਰ ਉਤੇ ਵੀ ਸਾਰਥਕ ਅਤੇ ਪ੍ਰਾਸੰਗਿਕ ਹੈ। ਸ਼ਕਤੀ ਦੀ ਪ੍ਰਾਸੰਗਿਕਤਾ ਦਾ ਮੁੱਦਾ ਹਰ ਕਾਲ ਵਿਚ ਸਾਰਥਿਕ ਹੈ। ਕਾਲ ਦੇ ਭੈਅ ਤੋਂ ਵਿਅਕਤੀ ਤਾਂ ਹੀ ਮੁਕਤ ਹੋ ਸਕਦਾ ਹੈ ਜੇ ਉਹ ਸ਼ਬਦ ਸ਼ਕਤੀ ਨਾਲ ਜੁੜੇ। ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਨੇ ਕਾਲ ਦੇ ਡਰਾਂ ਵਿਚ ਵਿਚਰ ਰਹੇ ਮਨੁੱਖ ਨੂੰ ਸ਼ਾਸਤਰ ਦਾ ਗਿਆਨ ਦੇ ਕੇ ਸ਼ਾਸਤਰਧਾਰੀ ਬਣਾ ਦਿੱਤਾ ਹੈ।

ਖੋਜ ਪ੍ਰਬਧ ਦੇ ਅੰਤਿਮ ਪੰਜਵੇਂ ਅਧਿਆਇ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਵਿੱਚ ਸ਼ਕਤੀ ਦਾ ਸਾਹਿਤਕ ਪਰਿਪੇਖ (ਅਭਿਵਿਅਕਤੀ ਦਾ ਸਰੂਪ) ਦੇ ਅੰਤਰਗਤ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਵਰਤੀਆਂ ਗਈਆਂ ਕਲਾਤਮਕ ਜੁਗਤਾਂ ਦਾ ਅਧਿਐਨ ਕੀਤਾ ਗਿਆ ਹੈ ਜਿਨਾਂ ਰਾਹੀਂ ਉਨਾਂ ਸ਼ਕਤੀ ਦੇ ਸਰੂਪ ਨੂੰ ਚਰਿਤਰ ਤੇ ਇਸਦੀ ਵਰਤੋਂ ਕਾਲ ਦੇ ਰੂਪਾਂ ਨੂੰ ਪ੍ਰਗਟਾਇਆ ਹੈ। ਗੁਰੂ ਸਾਹਿਬ ਦੁਆਰਾ ਆਪਣੀਆਂ ਰਚਨਾਵਾਂ ਵਿੱਚ ਵਰਤੇ ਗਏ ਅਲੰਕਾਰ, ਰਸ, ਛੰਦ, ਬਿੰਬ, ਪ੍ਰਤੀਕ, ਰਾਗ ਸ਼ਬਦ ਚੋਣ ਬਾਰੇ ਦ੍ਰਿਸ਼ ਚਿਤਰਣ, ਵਾਰਤਾਲਾਪ ਆਦਿ ਕਾਵਿ ਜੁਗਤਾਂ ਰਾਹੀਂ ਸ਼ਾਨਦਾਰ ਅਭਿਵਿਅਕਤੀ ਕੀਤੀ ਗਈ ਹੈ। ਬ੍ਰਿਤਾਂਤ ਜੁਗਤਾਂ, ਰਚਨਾਵਾਂ ਦੇ ਪਾਤਰਾਂ ਦਾ ਨਿਰਪੱਖ ਚਰਿੱਤਰ ਚਿਤਰਨ, ਸੰਵਾਦ ਜੁਗਤ, ਤੋਂ ਇਲਾਵਾ ਸ਼ਸਤਰ ਯੋਜਨਾ ਅਧੀਨ ਆਪ ਦੀਆਂ ਰਚਨਾਵਾਂ ਵਿੱਚ ਵਰਤੇ ਗਏ ਕਈ ਤਰ੍ਹਾਂ ਦੇ ਸ਼ਸਤਰ/ਹਥਿਆਰਾਂ ਦਾ ਵੀ ਵਰਣਨ ਕੀਤਾ ਗਿਆ ਹੈ।

ਇਸ ਖੋਜ ਪ੍ਰਬੰਧ ਦੇ ਮੁਕੰਮਲ ਹੋਣ ਤੇ ਅਸੀਂ ਤਹਿ ਦਿਲੋਂ ਧੰਨਵਾਦ ਕਰਦੇ ਹਾਂ, ਪਰਮ ਸਤਿਕਾਰਯੋਗ ਸ਼ਬਦ ਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦਾ ਜਿਨ੍ਹਾਂ ਦੀ ਕ੍ਰਿਪਾ ਸਦਕੇ ਇਹ ਖੋਜ ਕਾਰਜ ਨੇਪਰੇ ਚੜ੍ਹਿਆ ਹੈ।

ਅਸੀਂ ਆਪਣਾ ਖੋਜ ਕਾਰਜ ਆਪਣੇ ਕਾਬਿਲ ਨਿਗਰਾਨ (ਡਾ.) ਪ੍ਰੋ. ਜਸਪਾਲ ਕੌਰ ਕਾਂਗ ਜੀ ਦੀ ਅਗਵਾਈ ਅਧੀਨ ਕੀਤਾ ਹੈ ਜੋ ਇਸ ਸਮੇਂ ਗੁਰੂ ਨਾਨਕ ਸਿੱਖ ਅਧਿਐਨ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿੱਚ ਅਕਾਦਮਿਕ ਨਿਰਦੇਸ਼ਕ ਵਜੋਂ ਕਾਰਜਸ਼ੀਲ

ਭੂਮਿਕਾ ਨਿਭਾ ਰਹੇ ਹਨ। ਉਨ੍ਹਾਂ ਦੀ ਬਹੁ ਪੱਖੀ ਅਗਵਾਈ ਤੇ ਅਗਾਂਹਵਧੂ ਸੋਚ ਨੇ ਇਸ ਖੋਜ ਕਾਰਜ ਨੂੰ ਪੂਰਾ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਪੀ-ਐਚ. ਡੀ. ਵਿੱਚ ਦਾਖਲਾ ਲੈਣ ਤੋਂ ਬਾਅਦ ਖੋਜ ਕਾਰਜ ਦੀ ਵਿਸ਼ਾ ਚੋਣ ਤੋਂ ਲੈ ਕੇ ਖੋਜ ਕਾਰਜ ਪੂਰਾ ਕਰਨ ਤੱਕ ਹਰ ਸਮੇਂ ਉਨ੍ਹਾਂ ਦਾ ਸਹਿਯੋਗ ਅਤੇ ਉਨ੍ਹਾਂ ਦੀ ਰਹਿਨੁਮਾਈ ਸਾਡੇ ਲਈ ਬਹੁਤ ਮਹਤਵਪੂਰਨ ਰਹੀ ਹੈ। ਇੱਕ ਗੁਰੂ ਵਜੋਂ ਉਨ੍ਹਾਂ ਕੋਲੋਂ ਬਹੁਤ ਕੁੱਝ ਸਿੱਖਣ ਨੂੰ ਮਿਲਿਆ ਹੈ। ਸੋ ਖੋਜ ਵਿਦਿਆਰਥੀ ਵਜੋਂ ਉਨ੍ਹਾਂ ਦੀ ਇਸ ਮੁਲਵਾਨ ਸੰਵੇਦਨਾ ਲਈ ਅਸੀਂ ਉਨ੍ਹਾਂ ਦੇ ਤਹਿ ਦਿਲੋਂ ਧੰਨਵਾਦੀ ਹਾਂ।

ਅਸੀਂ ਆਪਣੇ ਸਹਿ ਨਿਗਰਾਨ (ਡਾ.) ਪ੍ਰੋ. ਗੁਰਪ੍ਰੀਤ ਕੌਰ ਡਿਪਾਰਟਮੈਂਟ ਆਫ ਈਵਨਿੰਗ ਸਟੱਡੀ, ਮਲਟੀ ਡਿਸਪਲਨੇਰੀ ਰਿਸਰਚ ਸੈਂਟਰ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਪ੍ਰਤੀ ਵੀ ਵਿਸ਼ੇਸ਼ ਰੂਪ ਵਿਚ ਧੰਨਵਾਦ ਪ੍ਰਗਟ ਕਰਦੇ ਹਾਂ ਜਿਨ੍ਹਾਂ ਨੇ ਸਹਿ ਨਿਗਰਾਨ ਵਜੋਂ ਸਾਨੂੰ ਸਮੇਂ ਸਮੇਂ ਤੇ ਲੋੜੀਂਦੀ ਅਤੇ ਸਾਰਥਕ ਅਗਵਾਈ ਪ੍ਰਦਾਨ ਕੀਤੀ ਹੈ।

ਆਪਣੇ ਹਮਸਫਰ ਸ. ਪਰਦੀਪ ਸਿੰਘ ਜੀ ਦੇ ਵੀ ਅਸੀਂ ਬਹੁਤ ਧੰਨਵਾਦੀ ਹਾਂ ਜਿਨ੍ਹਾਂ ਨੇ ਹਰ ਪਲ ਇਸ ਖੋਜ ਕਾਰਜ ਦੌਰਾਨ ਮੇਰੀ ਹੌਂਸਲਾਂ ਅੰ ਜਾਈ ਕੀਤੀ ਤੇ ਮੈਨੂੰ ਸਮਾਜਿਕ ਤੇ ਪਰਿਵਾਰਿਕ ਜ਼ਿੰਮੇਵਾਰੀਆਂ ਤੋਂ ਆਰਜ਼ੀ ਤੌਰ ਤੇ ਫਾਰਗ ਰੱਖਿਆ। ਉਨ੍ਹਾਂ ਦਾ ਸਹਿਯੋਗੀ ਅਤੇ ਹੌਂਸਲੇ ਭਰਪੂਰ ਵਤੀਰਾ ਸਾਡੇ ਇਸ ਖੋਜ ਕਾਰਜ ਦੀ ਸੰਪਨਤਾ ਲਈ ਬੜਾ ਸਹਾਇਕ ਬਣਿਆ ਹੈ। ਆਪਣੇ ਮਾਤਾ ਸਰਦਾਰਨੀ ਜਸਵਿੰਦਰ ਕੌਰ, ਪਿਤਾ ਸ. ਅਮਰਜੀਤ ਸਿੰਘ, ਭਰਾ ਗੁਰਪ੍ਰੀਤ ਸਿੰਘ ਅਤੇ ਵਡੀ ਭੈਣਾਂ ਵਰਗੀ ਆਪਣੀ ਜੇਠਾਣੀ ਅਕਵਿੰਦਰ ਕੌਰ ਦੇ ਵੀ ਅਸੀਂ ਬਹੁਤ ਧੰਨਵਾਦੀ ਹਾਂ, ਜਿਨ੍ਹਾਂ ਨੇ ਹਰ ਪੱਖੋਂ ਸਹਿਯੋਗ ਦੇ ਕੇ ਮੇਰੀ ਇਸ ਖੋਜ ਕਾਰਜ ਨੂੰ ਨੇਪਰੇ ਚੜ੍ਹਾਉਣ ਵਿੱਚ ਮਦਦ ਕੀਤੀ ਹੈ।

ਅਸੀਂ ਗੁਰੂ ਨਾਨਕ ਸਿੱਖ ਅਧਿਐਨ ਵਿਭਾਗ ਦੇ ਸਮੂਹ ਸਟਾਫ, ਖੋਜ ਵਿਦਿਆਰਥਣਾਂ/ ਵਿਦਿਆਰਥੀਆਂ ਦੇ ਧੰਨਵਾਦੀ ਹਾਂ, ਜਿਨ੍ਹਾਂ ਦੇ ਸਹਿਯੋਗ ਨੇ ਇਸ ਖੋਜ ਪ੍ਰਬੰਧ ਨੂੰ ਸਿਰੇ ਚੜ੍ਹਾਉਣ ਲਈ ਸਾਡੀ ਸਮੇਂ-ਸਮੇਂ ਤੇ ਸਹਾਇਤਾ ਕੀਤੀ ਅਤੇ ਮੇਰਾ ਮਨੋਬਲ ਉਚਾ ਕੀਤਾ।

ਅਸੀਂ ਉਨ੍ਹਾਂ ਸਾਰੇ ਲੇਖਕਾਂ ਅਤੇ ਵਿਦਵਾਨਾਂ ਦਾ ਵੀ ਧੰਨਵਾਦ ਕਰਦੇ ਹਾਂ, ਜਿਨ੍ਹਾਂ ਦੀਆਂ ਲਿਖਤਾਂ ਤੇ ਕਿਰਤਾਂ ਸਾਡੇ ਖੋਜ ਪ੍ਰਬੰਧ ਨੂੰ ਮੁਕੰਮਲ ਕਰਨ ਲਈ ਸਹਾਈ ਹੋਈਆਂ ਹਨ।

ਅੰਤ ਵਿੱਚ ਅਸੀਂ ਕਹਿਣਾ ਚਾਹੁੰਦੇ ਹਾਂ ਕਿ ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਦੀ ਵਿਸ਼ਾਲਤਾ ਇੱਕ ਵਡੇ ਸਮੁੰਦਰ ਦੀ ਨਿਆਈ ਹੈ, ਜਿਸ ਦਾ ਭੇਤ ਪਾਉਣਾ ਅਸੰਭਵ ਹੈ। ਅਸੀਂ ਪੂਰੇ ਯਤਨਾਂ ਨਾਲ ਆਪਣੇ ਵਿਸ਼ੇ ਦੀ ਗਹਿਰਾਈ ਤੱਕ ਜਾਣ ਦੀ ਕੋਸ਼ਿਸ਼ ਕੀਤੀ ਹੈ ਪਰ ਫਿਰ ਵੀ ਇਹ ਖੋਜ ਪ੍ਰਬੰਧ ਸਾਡੇ ਵੱਲੋਂ ਕੀਤਾ ਗਿਆ ਇਕ ਨਿਮਾਣਾ ਜਿਹਾ ਯਤਨ ਹੀ ਹੈ। ਅਸੀਂ ਭਵਿੱਖ ਵਿੱਚ ਆਪਣੀਆਂ ਬੌਧਿਕ ਸੰਭਾਵਨਾਵਾਂ ਨੂੰ ਹੋਰ ਵੀ ਉਜਾਗਰ ਕਰਨ ਦੇ ਯਤਨ ਕਰਦੇ ਰਹਿਣ ਦੀ ਆਸ ਤੇ ਪ੍ਰਤੀਬੱਧਤਾ ਨਾਲ ਇਸ ਖੋਜ ਪ੍ਰਬੰਧ ਨੂੰ ਪ੍ਰਸਤੁਤ ਕਰਦੇ ਹਾਂ।

**(ਸੁਖਵਿੰਦਰ ਕੌਰ)**

## ਅਧਿਆਇ ਪਹਿਲਾ

### 1. ਵਿਸ਼ੇ ਨਾਲ ਸੰਬੰਧਿਤ ਪੂਰਵ ਪ੍ਰਾਪਤ ਖੋਜ ਸਾਮੱਗਰੀ ਦਾ ਸਰਵੇਖਣ ਤੇ ਮੁਲਾਂਕਣ

1.1. ਖੋਜ ਕਾਰਜ ਨਾਲ ਸੰਬੰਧਿਤ ਵਖ-ਵਖ ਯੂਨੀਵਰਸਿਟੀਆਂ ਅਤੇ ਅਦਾਰਿਆਂ ਵਿਚ ਹੋ ਚੁਕੇ ਪੀ-ਐੱਚ. ਡੀ. ਤੇ ਐਮ ਫਿਲ ਦੇ ਖੋਜ ਪ੍ਰਬੰਧਾਂ ਅਤੇ ਖੋਜ ਨਿਬੰਧਾਂ ਦਾ ਪੂਰਵ ਖੋਜ ਸਰਵੇਖਣ ਤੇ ਮੁਲਾਂਕਣ

1.2. ਖੋਜ ਪਤ੍ਰਿਕਾਵਾਂ ਵਿਚ ਪ੍ਰਕਾਸ਼ਿਤ ਖੋਜ ਪੇਪਰਾਂ ਦਾ ਸਰਵੇਖਣ ਤੇ ਮੁਲਾਂਕਣ

1.3. ਖੋਜ ਕਾਰਜ ਦਾ ਉਦੇਸ਼

1.4. ਖੋਜ ਵਿਧੀ

## ਅਧਿਆਇ ਪਹਿਲਾ

## ਵਿਸ਼ੇ ਨਾਲ ਸੰਬੰਧਿਤ ਪੂਰਵ ਪ੍ਰਾਪਤ ਖੋਜ ਸਾਮੱਗਰੀ ਦਾ ਸਰਵੇਖਣ ਤੇ ਮੁਲਾਂਕਣ

ਖੋਜ ਅਧੀਨ ਮੁੱਖ ਵਿਸ਼ੇ "ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਵਿਚ ਸ਼ਕਤੀ ਦਾ ਸੰਕਲਪ ਅਤੇ ਇਸਦੀ ਸਮਕਾਲੀ ਪ੍ਰਾਸੰਗਕਿਤਾ" ਦਾ ਅਧਿਐਨ ਕਰਨਾ ਹੱਥਲੇ ਖੋਜ ਕਾਰਜ ਦਾ ਮੁੱਖ ਉਦੇਸ਼ ਹੈ ਪਰ ਇਸ ਉਦੇਸ਼ ਦੀ ਪੂਰਤੀ ਤੋਂ ਪਹਿਲਾਂ ਪੂਰਵ ਪ੍ਰਾਪਤ ਖੋਜ ਸਾਮੱਗਰੀ ਦੇ ਸੋਮਿਆਂ ਉੱਪਰ ਵਿਚਾਰ ਕਰਨਾ ਜ਼ਰੂਰੀ ਹੈ, ਜਿਹੜੇ ਖੋਜ ਕਾਰਜ ਦੀ ਪਿੱਠ-ਭੂਮੀ ਵਜੋਂ ਆਪਣਾ ਯੋਗਦਾਨ ਪਾ ਚੁੱਕੇ ਹਨ। ਇਸ ਅਧਿਆਇ ਵਿੱਚ ਇੰਨ੍ਹਾਂ ਸੰਬੰਧਿਤ ਖੋਜ ਕਾਰਜਾਂ ਦਾ ਰੀਵੀਊ ਕੀਤਾ ਜਾਵੇਗਾ ਤਾਂ ਜੋ ਸਾਡੇ ਵਲੋਂ ਚੁਣਿਆ ਗਇਆ ਵਿਸ਼ਾ ਪੂਰਵ ਪ੍ਰਾਪਤ ਖੋਜ ਸਾਮੱਗਰੀ ਦੇ ਸੰਦਰਭ ਵਿਚ ਇਕ ਵਖਰੇ ਖੋਜ ਕਾਰਜ ਵਜੋਂ ਪਛਾਣਿਆ ਜਾ ਸਕੇ।

ਖੋਜ ਕਾਰਜ ਦੇ ਮੂਲ ਸਰੋਤ ਵਜੋਂ ਦਸਮ ਗ੍ਰੰਥ ਵਿੱਚ ਦਰਜ ਗੁਰੂ ਗੋਬਿੰਦ ਸਿੰਘ ਜੀ ਦੀਆਂ ਚੋਣਵੀਆਂ ਬਾਣੀਆਂ ਜਾਪੁ, ਬਚਿੱਤ੍ਰ ਨਾਟਕ, ਵਾਰ ਸ੍ਰੀ ਭਗਉਤੀ ਜੀ ਕੀ, ਰਾਮਕਲੀ ਪਾਤਸ਼ਾਹੀ ੧੦ ਸ਼ਬਦ ਹਜ਼ਾਰੇ, 33 ਸਵੈੱਯੇ ਅਤੇ ਜ਼ਫ਼ਰਨਾਮਾ ਰਚਨਾ ਆਦਿ ਨੂੰ ਲਿਆ ਗਿਆ ਹੈ ਪਰ ਇਸ ਤੋਂ ਇਲਾਵਾ ਵਿਸ਼ੇ ਨਾਲ ਸੰਬੰਧਿਤ ਸਹਾਇਕ ਖੋਜ ਸਾਮੱਗਰੀ ਹੋਰ ਵੱਖ-ਵੱਖ ਸ੍ਰੋਤਾਂ ਤੋਂ ਵੀ ਇੱਕਤਰ ਕੀਤੀ ਗਈ ਹੈ। ਇਸ ਅਧਿਆਇ ਵਿਚ ਵੱਖ-ਵੱਖ ਯੂਨੀਵਰਸਿਟੀਆਂ ਵਿਚ ਹੋਏ ਪੀ-ਐਚ. ਡੀ. ਤੇ ਐਮ ਫਿਲ ਦੇ ਉਹੀ ਖੋਜ ਕਾਰਜ ਜੋ ਸਾਡੇ ਚੁਣੇ ਹੋਏ ਵਿਸ਼ੇ ਨਾਲ ਕਿਸੇ ਵੀ ਤਰ੍ਹਾਂ ਸੰਬੰਧਤ ਪ੍ਰਤੀਤ ਹੋਏ ਹਨ ਉਨਾਂ ਦਾ ਅਧਿਐਨ ਕਰਕੇ ਉਨ੍ਹਾਂ ਦਾ ਰੀਵੀਊ ਕੀਤਾ ਗਿਆ ਹੈ ਅਤੇ ਇਸਦੇ ਨਾਲ ਹੀ ਖੋਜ ਕਾਰਜਾਂ ਤੇ ਵੱਖ-ਵੱਖ ਵਿਦਵਾਨਾਂ ਦੁਆਰਾ ਪ੍ਰਕਾਸ਼ਿਤ ਪੁਸਤਕਾਂ, ਸੰਪਾਦਿਤ ਪੁਸਤਕਾਂ, ਅਨੁਵਾਦਿਤ ਪੁਸਤਕਾਂ, ਮੈਗਜ਼ੀਨ, ਖੋਜ ਪੱਤਰ, ਪ੍ਰਕਾਸ਼ਿਤ ਜਰਨਲ ਅਤੇ ਇੰਟਰਨੈੱਟ ਦੀਆਂ ਵੈੱਬਸਾਇਟਸ ਵੀ ਸ਼ਾਮਿਲ ਕੀਤੀਆਂ ਗਈਆਂ ਹਨ। ਖੋਜ ਵਿਸ਼ੇ ਦੀ ਰੂਪ ਰੇਖਾ ਦੀ ਦ੍ਰਿਸ਼ਟੀ ਤੋਂ ਖੋਜ ਸਾਮੱਗਰੀ ਨੂੰ ਵੱਖ-ਵੱਖ ਪੱਖਾਂ ਨਾਲ ਸੰਬੰਧਿਤ ਹੋਣ ਕਾਰਨ ਇਸ ਦਾ ਵਰਗੀਕਰਨ ਵੀ ਉਸੇ ਤਰ੍ਹਾਂ ਕੀਤਾ ਗਿਆ ਹੈ। ਸਭ ਤੋਂ ਪਹਿਲਾਂ ਵਿਸ਼ੇ ਨਾਲ ਸੰਬੰਧਿਤ ਮਿਲਦੇ ਖੋਜ ਪ੍ਰਬੰਧਾਂ ਦਾ ਉਲੇਖ ਕੀਤਾ ਗਿਆ ਹੈ। ਇਸ ਤੋਂ

ਬਾਅਦ ਸਿੱਖ ਵਿਚਾਰਧਾਰਾ ਅਤੇ ਫਿਲਾਸਫੀ ਨਾਲ ਸੰਬੰਧਿਤ ਸਾਮੱਗਰੀ ਨੂੰ ਵਿਚਾਰਿਆ ਗਿਆ ਹੈ। ਮੂਲ ਵਿਸ਼ੇ 'ਸ਼ਕਤੀ ਦੇ ਸੰਕਲਪ' ਸੰਬੰਧੀ ਮਿਲਦੇ ਵੱਖ-ਵੱਖ ਦ੍ਰਿਸ਼ਟੀਕੋਣਾਂ ਦੀ ਸਮਝ ਲਈ ਪ੍ਰਾਪਤ ਸਾਮੱਗਰੀ ਦਾ ਉਲੇਖ ਕੀਤਾ ਗਿਆ ਹੈ। ਵਿਸ਼ੇ ਦੇ ਇਤਿਹਾਸਕ ਪੱਖ ਦੀ ਪੜਚੋਲ ਲਈ ਕੁਝ ਇਤਿਹਾਸਕ ਲਿਖਤਾਂ ਨੂੰ ਵੀ ਅਧਿਐਨ ਵਿਚ ਸ਼ਾਮਿਲ ਕੀਤਾ ਗਿਆ ਹੈ। ਇਸ ਦੇ ਨਾਲ ਹੀ ਗੁਰੂ ਗੋਬਿੰਦ ਸਿੰਘ ਜੀ ਦੇ ਯੋਗਦਾਨ ਸ਼ਕਤੀ ਸੰਬੰਧੀ ਮਿਲਦੀ ਸਾਮੱਗਰੀ ਦਾ ਵੇਰਵਾ ਵੀ ਵੱਖਰੇ ਤੋਰ ਤੇ ਦਿੱਤਾ ਗਿਆ ਹੈ।

## 1.1. ਖੋਜ ਕਾਰਜ ਨਾਲ ਸੰਬੰਧਿਤ ਪੂਰਵ ਹੋਏ ਖੋਜ ਪ੍ਰਬੰਧਾਂ ਅਤੇ ਖੋਜ ਨਿਬੰਧਾਂ ਦਾ ਸਰਵੇਖਣ

ਖੋਜ ਪਰਿਕਲਪਨਾ ਦੀ ਉਸਾਰੀ ਤੋਂ ਪਹਿਲਾਂ ਮੂਲ ਵਿਸ਼ੇ ਨਾਲ ਸੰਬੰਧਿਤ ਵਿਭਿੰਨ ਯੂਨੀਵਰਸਿਟੀਆਂ ਵਿੱਚ ਹੋ ਚੁੱਕੇ ਖੋਜ ਪ੍ਰਬੰਧਾਂ ਦਾ ਨਿਰੀਖਣ ਕੀਤਾ ਗਿਆ ਹੈ। ਇਸ ਯਤਨ ਨੇ ਸਾਡੇ ਆਪਣੇ ਖੋਜ ਪ੍ਰਬੰਧ ਦੀ ਨਿਵੇਕਲਤਾ ਨੂੰ ਹੋ ਚੁੱਕੇ ਖੋਜ ਪ੍ਰਬੰਧਾਂ ਦੇ ਸੰਦਰਭ ਵਿਚ ਸਮਝਣ ਲਈ ਸਾਡੀ ਸਹਾਇਤਾ ਕੀਤੀ।

**ਦਸਮ ਗ੍ਰੰਥ ਦਾ ਪੌਰਾਣਿਕ ਅਧਿਐਨ-ਡਾ. ਰਤਨ ਸਿੰਘ ਜੱਗੀ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, ਪੀ.ਐਚ.ਡੀ. 1966.**

ਦਸਮ ਗ੍ਰੰਥ ਦੇ ਕਰਤ੍ਰਿਤਵ ਸੰਬੰਧੀ ਅਧਿਐਨਾਂ ਵਿਚੋਂ ਡਾ. ਰਤਨ ਸਿੰਘ ਜੱਗੀ ਦਾ ਅਧਿਐਨ ਹੀ ਸਭ ਤੋਂ ਵੱਧ ਪ੍ਰਮਾਣਿਕ ਤੇ ਵਿਗਿਆਨਕ ਮੰਨਿਆ ਗਿਆ ਹੈ। ਡਾ. ਜੱਗੀ ਨੇ ਦਸਮ ਗ੍ਰੰਥ ਦੀਆਂ ਰਚਨਾਵਾਂ ਨੂੰ ਤਿੰਨ ਭਾਗਾਂ ਵਿਚ ਵੰਡਿਆ ਹੈ। ਪੂਰਬ ਪੱਖ (ਸਾਰੀਆਂ ਰਚਨਾਵਾਂ ਗੁਰੂ ਸਾਹਿਬ ਦੀਆਂ ਹਨ) ਉੱਤਰ ਪੱਖ (ਕੁਝ ਰਚਨਾਵਾਂ ਗੁਰੂ ਸਾਹਿਬ ਦੀਆਂ ਹਨ), ਪ੍ਰਾਚੀਨ ਬੀੜਾਂ, ਖਾਸ ਦਸਤਖਤੀ ਪੱਤਰਾਂ, ਅੰਦਰਲੇ ਪ੍ਰਮਾਣਾਂ, ਬਾਹਰਲੇ ਪ੍ਰਮਾਣਾਂ ਅਤੇ ਇਸ਼ਟ ਭਾਵਨਾ ਦੇ ਆਧਾਰ ਤੇ ਜਾਪੁ, ਅਕਾਲ ਉਸਤਤਿ, 33 ਸਵੈੱਯੇ, ਜ਼ੰ ਰਨਾਮਾ ਆਦਿ ਨੂੰ ਦਸਮ ਗ੍ਰੰਥ ਦੀਆਂ ਪ੍ਰਮਾਣਿਕ ਰਚਨਾਵਾਂ ਮੰਨਿਆ ਹੈ।

**Guru Gobind Singh Concept of an Ideal man, Sukhbir Singh Kapoor, Deptt of Guru Nanak Sikh studies, phd thesis, 1983.**

ਸੁਖਬੀਰ ਸਿੰਘ ਕਪੂਰ ਨੇ ਆਪਣੇ ਖੋਜ ਕਾਰਜ **Guru Gobind Singh Concept of an Ideal man** (ਜੋ ਉਸਨੇ ਗੁਰੂ ਨਾਨਕ ਸਿੱਖ ਅਧਿਐਨ ਵਿਭਾਗ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨੂੰ 1983 ਵਿਚ ਪੇਸ਼ ਕੀਤਾ ਹੈ) ਵਿਚ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਥਾਪੇ ਆਦਰਸ਼ਕ ਮਨੁੱਖ ਦੇ ਸੰਕਲਪ ਨੂੰ ਪੇਸ਼ ਕੀਤਾ ਹੈ। ਇਸ ਖੋਜ ਕਾਰਜ ਵਿਚ ਗੁਰੂ ਗੋਬਿੰਦ ਸਿੰਘ ਜੀ ਨੂੰ ਇਕ ਆਦਰਸ਼ਕ, ਸੰਤ ਸਿਪਾਹੀ, ਨੈਤਿਕ ਕਦਰਾਂ ਕੀਮਤਾਂ ਨਾਲ ਭਰਪੂਰ ਅਤੇ ਸ਼੍ਰੋਮਣੀ ਸਾਹਿਤਕਾਰ ਵਜੋਂ ਪੇਸ਼ ਕੀਤਾ ਗਿਆ ਹੈ।

**ਰਤਨ ਸਿੰਘ ਚਾਹਲ, ਚੰਡੀ ਦੀ ਵਾਰ ਵਿਚ ਅਲੰਕਾਰ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ,** 1972.

ਇਸ ਖੋਜ ਕਾਰਜ ਵਿਚ ਚੰਡੀ ਦੀ ਵਾਰ ਵਿਚ ਮੌਜੂਦ ਅਲੰਕਾਰਾਂ ਦਾ ਅਧਿਐਨ ਕੀਤਾ ਗਿਆ ਹੈ। ਖੋਜਾਰਥੀ ਰਤਨ ਸਿੰਘ ਚਾਹਲ ਨੇ ਸਮਕਾਲੀ ਪ੍ਰਸਥਿਤੀਆਂ, ਧਾਰਮਿਕ ਪਿਛੋਕੜ ਦਾ ਅਧਿਐਨ ਕੀਤਾ ਹੈ। ਚੰਡੀ ਦੀ ਵਾਰ ਵਿਚ ਨਾਇਕ ਇਸਤਰੀ, ਪਰੰਪਰਾਈ ਰੰਗਣ, ਸੰਘਰਸ਼ ਆਦਿ ਦਾ ਅਧਿਐਨ ਕਰਕੇ ਵਾਰ ਸਾਹਿਤ ਵਿਚ ਚੰਡੀ ਦੀ ਵਾਰ ਦੇ ਸਥਾਨ ਨੂੰ ਨਿਸ਼ਚਿਤ ਕੀਤਾ ਹੈ।

**ਮਨਵਿੰਦਰ ਸਿੰਘ, ਗੁਰਬਿਲਾਸ ਪਾਤਸ਼ਾਹੀ ਦਸਵੀਂ: ਸੰਪਾਦਨ ਅਤੇ ਪਾਠ ਅਲੋਚਨਾ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ,** 1993.

ਮਨਵਿੰਦਰ ਸਿੰਘ ਨੇ ਗੁਰਬਿਲਾਸ ਪਾਤਸ਼ਾਹੀ ਦਸਵੀਂ ਦੇ ਸੰਪਾਦਨ ਅਤੇ ਪਾਠ ਅਲੋਚਨਾ ਖੋਜ ਕਾਰਜ ਵਿਚ ਗੁਰਬਿਲਾਸ ਪਾਤਸ਼ਾਹੀ ਦਸਵੀਂ ਦੇ ਸੰਪਾਦਨ ਅਤੇ ਉਸਦੇ ਪਾਠ ਦੀ ਅਲੋਚਨਾ ਉਤੇ ਆਪਣੇ ਆਪ ਨੂੰ ਕੇਂਦਰਿਤ ਕੀਤਾ ਹੈ।

**ਡਾ. ਮਨਮੋਹਨ ਸਿੰਘ, ਦਸਮ ਗ੍ਰੰਥ ਵਿਚ ਮਿਥ ਰੂਪਾਂਤਰਣ (ਰੂਪ ਤੇ ਅਰਥ ਦਾ ਚਿੰਨ, ਵਿਗਿਆਨਕ ਵਿਸ਼ਲੇਸ਼ਣ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ 1997.**

ਇਸ ਖੋਜ ਪ੍ਰਬੰਧ ਵਿਚ ਦਸਮ ਗ੍ਰੰਥ ਬਾਰੇ ਹੁਣ ਤੱਕ ਪ੍ਰਾਪਤ ਅਧਿਐਨਾਂ ਬਾਰੇ ਖੋਜ ਕੀਤੀ ਗਈ ਹੈ ਅਤੇ ਨਾਲ ਹੀ ਗੁਰੂ ਗੋਬਿੰਦ ਸਿੰਘ ਦੀ ਦੀਆਂ ਰਚਨਾਵਾਂ ਦੀ ਮਿੱਥ ਪ੍ਰਕਿਰਤੀ ਅਤੇ ਸੰਕਲਪ ਮੂਲਕ ਸਿਧਾਂਤਕ ਵਿਆਖਿਆ ਕੀਤੀ ਹੈ। ਅਧਿਆਤਮਕ ਰਚਨਾਵਾਂ ਵਿਚ ਵੀ ਉਨ੍ਹਾਂ ਮਿਥ ਦੇ ਰੂਪਾਂਤਰਣ ਅਤੇ ਉਸ ਦੇ ਰੂਪ ਤੇ ਅਰਥਾਂ ਨੂੰ ਸਮਝਣ ਦਾ ਉਪਰਾਲਾ ਕੀਤਾ ਹੈ।

**ਸੰਧੂ, ਹਰਜਿੰਦਰ ਕੌਰ, ਗੁਰੂ ਗੋਬਿੰਦ ਸਿੰਘ ਕੇ ਦਾਰਸ਼ਨਿਕ ਕਾਵਯ ਕਾ ਆਲੋਚਨਾਤਮਕ ਅਧਿਐਨ (ਗੁਰੂ ਨਾਨਕ ਦੀ ਬਾਣੀ ਕੇ ਸੰਦਰਭ ਮੇਂ), ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2●●4**

ਪੀ. ਐਚ-ਡੀ. ਦੇ ਖੋਜ ਪ੍ਰਬੰਧ ਵਿਚ ਹਰਜਿੰਦਰ ਕੌਰ ਨੇ ਗੁਰੂ ਨਾਨਕ ਅਤੇ ਗੁਰੂ ਗੋਬਿੰਦ ਸਿੰਘ ਦੀ ਵਿਭਿੰਨ ਪੱਖਾਂ ਤੋਂ ਦਾਰਸ਼ਨਿਕ ਵਿਚਾਰਧਾਰਾ ਨੂੰ ਪੇਸ਼ ਕਰਨ ਦਾ ਯਤਨ ਕੀਤਾ ਹੈ। ਖੋਜਾਰਥਣ ਨੇ ਮੱਧਕਾਲੀ ਭਗਤੀ ਅੰਦੋਲਨ ਦੇ ਸੰਦਰਭ ਵਿਚ ਗੁਰੂ ਨਾਨਕ ਦੇ ਭਗਤੀ ਯੋਗਦਾਨ ਨੂੰ ਦ੍ਰਿਸ਼ਟੀਗੋਚਰ ਕੀਤਾ। ਦਸਮ ਗ੍ਰੰਥ ਦੇ ਕਰਤਿਤਵ ਤੇ ਪ੍ਰਮਾਣਿਕਤਾ ਨੂੰ ਬਿਆਨ ਕਰਕੇ ਦਸਮ ਗੁਰੂ ਕਾਵਿ ਦੀ ਦਾਰਸ਼ਨਿਕਤਾ ਨੂੰ ਅਧਿਐਨ ਦਾ ਵਿਸ਼ਾ ਬਣਾਇਆ ਹੈ।

**ਭੁਪਿੰਦਰ ਕੌਰ, ਗੁਰੂ ਨਾਨਕ ਦੇਵ ਕੇ ਭਕਤੀ-ਕਾਵਯ ਕੇ ਸੰਦਰਭ ਮੇ ਗੁਰੂ ਗੋਬਿੰਦ ਸਿੰਘ ਕੇ ਭਕਤੀ ਕਾਵਯ ਕਾ ਅਵਦਾਨ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2●●4**

ਪੀ. ਐਚ-ਡੀ. ਦੇ ਖੋਜ ਪ੍ਰਬੰਧ ਵਿਚ ਖੋਜਾਰਥੀ ਭੁਪਿੰਦਰ ਕੌਰ ਨੇ ਗੁਰੂ ਨਾਨਕ ਦੇਵ ਜੀ ਦੇ ਭਗਤੀ ਸਰੂਪ ਨੂੰ ਪੇਸ਼ ਕਰਨ ਦਾ ਯਤਨ ਕੀਤਾ ਹੈ। ਖੋਜਾਰਥੀ ਨੇ ਭਗਤੀ ਸਿਧਾਂਤ, ਨਿਰਗੁਣ-ਸਰਗੁਣ ਭਗਤੀ, ਦਾਰਸ਼ਨਿਕ ਵਿਚਾਰਧਾਰਾ, ਗੁਰੂ ਨਾਨਕ ਅਤੇ ਗੁਰੂ ਗੋਬਿੰਦ ਸਿੰਘ ਦੀਆਂ ਰਚਨਾਵਾਂ ਵਿਚ ਬੀਰ ਰਸ ਦਾ ਅਧਿਐਨ ਕੀਤਾ ਗਿਆ ਹੈ।

**ਸੁਨੀਤਾ, ਗੁਰੂ ਗੋਬਿੰਦ ਸਿੰਘ ਕੇ ਕਾਵਯ ਮੇ ਸਮਜਿਕ ਚਿੰਤਨ ਦਾ ਅਨੁਸ਼ੀਲਨ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2004**

ਪੀ. ਐਚ. ਡੀ ਦੇ ਖੋਜ ਕਾਰਜ ਵਿਚ ਗੁਰੂ ਗੋਬਿੰਦ ਸਿੰਘ ਸੰਬੰਧੀ ਹਿੰਦੀ, ਅੰਗਰੇਜ਼ੀ ਅਤੇ ਪੰਜਾਬੀ ਵਿਚ ਰਚੇ ਸਾਹਿਤ ਦਾ ਅਧਿਐਨ ਕੀਤਾ ਗਿਆ ਹੈ। ਖੋਜਾਰਥਣ ਸੁਨੀਤਾ ਨੇ ਵਿਸ਼ੇਸ਼ ਰੂਪ ਵਿਚ ਦਸਮ ਗੁਰੂ ਕਾਵਿ ਦਾ ਸਮਾਜਿਕ ਸੰਰਚਨਾ ਦੇ ਸੰਦਰਭ ਵਿਚ ਅਤੇ ਦਸਮ ਗ੍ਰੰਥ ਦਾ ਕਰਤਿਤਵ ਤੇ ਪ੍ਰਮਾਣਿਕਤਾ ਦਾ  ਦਾਰਸ਼ਨਿਕ ਅਧਿਐਨ ਪੇਸ਼ ਕੀਤਾ ਹੈ।

**ਰਣਜੋਧ ਸਿੰਘ, ਦਸਮ ਗ੍ਰੰਥ ਦੀਆਂ ਸੰਚਾਰ-ਵਿਧੀਆਂ (ਜਾਪੁ ਸਾਹਿਬ, ਅਕਾਲ ਉਸਤਤਿ, ਬਚਿਤ੍ਰ ਨਾਟਕ ਅਤੇ ਚੰਡੀ ਦੀ ਵਾਰ ਦੇ ਵਿਸ਼ੇਸ਼ ਪ੍ਰਸੰਗ ਵਿਚ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 2006.**

ਰਣਜੋਧ ਸਿੰਘ ਨੇ ਜਾਪੁ ਸਾਹਿਬ, ਅਕਾਲ ਉਸਤਤਿ, ਬਚਿਤ੍ਰ ਨਾਟਕ ਅਤੇ ਚੰਡੀ ਦੀ ਵਾਰ ਦੇ ਪ੍ਰਸੰਗ ਵਿਚ ਦਸਮ ਗ੍ਰੰਥ ਦੀਆਂ ਸੰਚਾਰ ਵਿਧੀਆਂ ਨੂੰ ਪੇਸ਼ ਕਰਨ ਦਾ ਯਤਨ ਕੀਤਾ।

**ਅਵਤਾਰ ਸਿੰਘ, ਦਸ਼ਮੇਸ਼ः ਇਕ ਅਧਿਅਨ 2008-09, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ**

ਇਸ ਖੋਜ ਨਿਬੰਧ ਵਿਚ ਖੋਜਾਰਥੀ ਨੇ ਆਚਾਰਯ ਸ੍ਰੀਧਰ ਬਲੂਨੀ ਦੁਆਰਾ ਰਚਿਤ ਸੰਸਕ੍ਰਿਤ ਮਹਾਕਾਵਿ ‘ਦਸ਼ਮੇਸ਼ ਚਰਿਤਮ’ ਦਾ ਅਧਿਐਨ ਕੀਤਾ ਹੈ ਅਤੇ ਕਵੀ ਦੁਆਰਾ 21 ਸਰਗਾਂ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਚਰਿੱਤਰ ਨੂੰ ਪ੍ਰਸਤੁਤ ਕਰਨ ਦਾ ਯਤਨ ਕੀਤਾ ਹੈ। ਖੋਜਾਰਥੀ ਨੇ ਆਪਣੇ ਖੋਜ ਨਿਬੰਧ ਵਿਚ ਦਸਮ ਗ੍ਰੰਥ ਦੀ ਕਾਵਿ ਸ਼ਾਸਤਰੀ ਸਮੀਖਿਆ ਵੀ ਕੀਤੀ ਹੈ।

**ਰਮਨਪ੍ਰੀਤ ਕੌਰ, ਦਸਮ ਗ੍ਰੰਥ ਦੀ ਸ਼ਬਦ ਬਣਤਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2008.**

ਰਮਨਪ੍ਰੀਤ ਕੌਰ ਨੇ ਆਪਣੇ ਪੀ. ਐਚ. ਡੀ ਦੇ ਖੋਜ ਪ੍ਰਬੰਧ ਵਿਚ ਪਹਿਲੀਆਂ ਸੱਤ ਰਚਨਾਵਾਂ ਦੇ ਆਧਾਰ ਤੇ ਦਸਮ ਗ੍ਰੰਥ ਦੇ ਪਾਠ ਵਿਚ ਵਰਤੀ ਭਾਸ਼ਾ ਦੇ ਵਿਆਕਰਨਿਕ ਸਰੂਪਾਂ ਨੂੰ ਉਜਾਗਰ ਕਰਨ ਦਾ ਯਤਨ ਕੀਤਾ ਹੈ। ਖੋਜਾਰਥਣ ਦੁਆਰਾ ਪੁਰਾਤਨ ਬੀੜਾਂ ਦਾ ਸਿਰਜਤ ਸਰੂਪ, ਸ਼ਬਦ ਬਣਤਰ, ਵਿਗਿਆਨਕ ਤੇ ਇਤਿਹਾਸਕ ਪਰਿਪੇਖ, ਵਿਆਕਰਨਿਕ ਵਿਸ਼ਲੇਸ਼ਣ, ਵਿਆਖਿਆ ਪਧੱਤੀਆਂ, ਪਾਠ ਤੇ ਸੰਚਾਰ ਅਤੇ ਹੋਰ ਮਹੱਤਵਪੂਰਨ ਵਿਸ਼ੇ ਅਧਿਐਨ ਲਈ ਵਰਤੇ ਗਏ ਹਨ।

**ਇੰਦਰਪਾਲ ਕੌਰ, ਦਸਮ ਗ੍ਰੰਥ ਦੀਆਂ ਬਾਣੀਆਂ ਦਾ ਥੀਮਿਕ ਅਧਿਐਨ, ਕੁਰੂਕਸ਼ੇਤਰ ਯੂਨੀਵਰਸਟੀ, ਕੁਰੂਕਸ਼ੇਤਰ, 2009**

ਖੋਜਾਰਥੀ ਇੰਦਰਪਾਲ ਕੌਰ ਨੇ ਆਪਣੇ ਵਿਸ਼ੇ ਵਿਚ ਦਸਮ ਗ੍ਰੰਥ ਵਿਚ ਸੰਕਲਿਤ ਬਾਣੀਆਂ ਦਾ ਗਹਿਰਾ ਅਧਿਐਨ ਕਰਨ ਤੋਂ ਬਾਅਦ ਆਪਣੇ ਖੋਜ ਪ੍ਰਬੰਧ ਵਿਚ ਥੀਮਿਕ ਅਧਿਐਨ ਨੂੰ ਪੇਸ਼ ਕੀਤਾ ਹੈ।

**ਕੁਮਾਰ, ਵਿਸ਼ਾਲ, ਗੁਰੂ ਗੋਬਿੰਦ ਸਿੰਘ ਬਾਰੇ ਪ੍ਰਾਪਤ ਮਹਾਕਾਵਿਃ ਨਾਇਕ ਬਿੰਬ ਅਤੇ ਸ਼ਿਲਪ ਵਿਧਾਨ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, 2011**

ਖੋਜਾਰਥੀ ਨੇ ਆਪਣੇ ਪੀ. ਐਚ-ਡੀ. ਦੇ ਖੋਜ ਪ੍ਰਬੰਧ ਵਿਚ ਮਹਾਕਾਵਿ ਦੇ ਸਿਧਾਂਤਕ ਪੱਖ ਦਾ ਅਧਿਐਨ ਕਰਨ ਲਈ ਭਾਰਤੀ ਅਤੇ ਪੱਛਮੀ ਗਿਆਨ ਪ੍ਰਣਾਲੀਆਂ ਨੂੰ ਆਧਾਰ ਬਣਾਇਆ ਗਿਆ ਹੈ। ਦਸਮ ਗ੍ਰੰਥ ਦੇ ਨਾਇਕ ਬਿੰਬ ਵਿਚ ਸੂਰਬੀਰਤਾ, ਕੁਰਬਾਨੀ, ਸੰਜਮ, ਅਧਿਆਤਮਿਕ, ਵਿਦਵਾਨ, ਸੈਨਾਪਤੀ ਅਤੇ ਲੇਖਕ ਆਦਿ ਗੁਰੂ ਜੀ ਦੀ ਸ਼ਖਸੀਅਤ ਦਰਸਾਉਂਦੇ ਹਨ। ਖੋਜਾਰਥੀ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਮਹਾਕਾਵਿ ਵਿਚ ਆਮ ਲੋਕਾਈ ਵਿਚ ਪ੍ਰਚਲਿਤ ਬਿੰਬ ਨੂੰ ਵੀ ਆਧਾਰ ਬਣਾਇਆ ਗਿਆ ਹੈ।

**ਕਸ਼ਮੀਰ ਸਿੰਘ, ਗੁਰੂ ਗੋਬਿੰਦ ਸਿੰਘ ਜੀ ਦੀ ਸ਼ਖਸੀਅਤ ਤੇ ਆਧਾਰਿਤ ਪੰਜਾਬੀ ਮਹਾ-ਕਾਵਿ ਦਾ ਰੂਪ ਅਧਿਐਨ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2013.**

ਕਸ਼ਮੀਰ ਸਿੰਘ ਨੇ ਇਤਿਹਾਸ ਦੇ ਪ੍ਰਸੰਗ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਦੀ ਸ਼ਖਸੀਅਤ ਤੇ ਅਧਾਰਿਤ ਪੰਜਾਬੀ ਮਹਾਕਾਵਿ ਦੀ ਵਿਚਾਰਧਾਰਕ ਦ੍ਰਿਸ਼ਟੀ ਨੂੰ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ।

**Hem Raj Sharma, Conception of dharamyudh in the philosophy of Guru Gobind Singh, deptt of fine Arts, Punjab university Chandigarh, 2006.**

ਹੇਮ ਰਾਜ ਸ਼ਰਮਾ ਨੇ ਆਪਣੇ ਇਸ ਖੋਜ ਕਾਰਜ ਵਿਚ ਗੁਰੂ ਗੋਬਿੰਦ ਸਿੰਘ ਜੀ ਦੀ ਵਿਚਾਰਧਾਰਾ ਵਿਚ ਵਿਦਮਾਨ ਧਰਮ ਯੁੱਧ ਦੇ ਸੰਕਲਪ ਨੂੰ ਪੇਸ਼ ਕੀਤਾ ਹੈ। ਉਹਨਾਂ ਆਪਣੇ ਖੋਜ ਪ੍ਰਬੰਧ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਲਕਸ਼ ਨੂੰ ਉਜਾਗਰ ਕੀਤਾ ਹੈ।

**ਅਰਚਨਾ, ਗੁਰੂ ਗੋਬਿੰਦ ਸਿੰਘ ਕੇ ਬਚਿੱਤਰ ਨਾਟਕ ਕਾ ਸਾਹਿਤਯ ਇਤਿਹਾਸਿਕ ਅਨੁਸ਼ੀਲਨ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1981.**

ਐਮ. ਫਿਲ ਦੇ ਖੋਜ ਨਿਬੰਧ ਵਿਚ ਬਚਿੱਤਰ ਨਾਟਕ ਨੂੰ ਖੋਜ ਦਾ ਵਿਸ਼ਾ ਬਣਾਇਆ ਗਿਆ ਹੈ। ਖੋਜਾਰਥਣ ਦੁਆਰਾ ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ, ਪਰੰਪਰਾ ਤੇ ਗੁਰੂ ਗੋਬਿੰਦ ਸਿੰਘ ਦੇ ਯੋਗਦਾਨ ਨੂੰ ਪੇਸ਼ ਕੀਤਾ ਹੈ। ਦਸਮ ਗ੍ਰੰਥ ਬਾਣੀ ਦਾ ਵਿਸ਼ਲੇਸ਼ਣ ਕਰਕੇ, ਬਚਿੱਤ੍ਰ ਨਾਟਕ ਦਾ ਦਾਰਸ਼ਨਿਕ ਅਧਿਐਨ ਕੀਤਾ ਹੈ। ਗੁਰੂ ਗੋਬਿੰਦ ਸਿੰਘ ਨੂੰ ਵੀਰ ਯੋਧਾ ਤੇ ਮਹਾਨ ਸੈਨਾ ਨਾਇਕ ਦੇ ਰੂਪ ਵਿਚ ਦ੍ਰਿਸ਼ਟੀਗੋਚਰ ਕੀਤਾ ਹੈ। ਇਸ ਤੋਂ ਇਲਾਵਾ ਯੁੱਧਾਂ ਦਾ ਵਰਣਨ ਕਰਕੇ ਬਚਿੱਤ੍ਰ ਨਾਟਕ ਦਾ ਇਤਿਹਾਸਕ ਦਸਤਾਵੇਜ਼ ਵਜੋਂ ਅਧਿਐਨ ਕੀਤਾ ਗਿਆ ਹੈ।

**ਸੁਖਜਿੰਦਰ ਕੌਰ, ਗੁਰੂ ਗੋਬਿੰਦ ਸਿੰਘ: ਅ ਵਾਰਿਅਰ ਸੇਂਟ (ਲੇਖਕ ਨਾਰਾਯਣ ਸਿੰਘ ਐਮ. ਏ ਪਰਿਸਟ 1 ਸੇ 45 ਤੱਕ ਅਨੁਵਾਦਿਤ), ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ,1989.**

ਖੋਜਾਰਥੀ ਸੁਖਜਿੰਦਰ ਕੌਰ ਨੇ ਲੇਖਕ ਨਾਰਾਯਣ ਸਿੰਘ ਦੀ ਲਿਖੀ ਅੰਗਰੇਜ਼ੀ ਦੀ ਪੁਸਤਕ A Warriror Saint ਦਾ ਅਨੁਵਾਦ ਕੀਤਾ ਹੈ। ਇਸ ਸਮੁੱਚੇ ਅਨੁਵਾਦ ਵਿਚ ਗੁਰੂ ਸਾਹਿਬ ਦੀਆਂ

ਜੀਵਨ ਘਟਨਾਵਾਂ ਨੂੰ ਪ੍ਰਗਟ ਕੀਤਾ ਹੈ ਅਤੇ ਗੁਰੂ ਸਾਹਿਬ ਦੀ ਵਿਚਾਰਧਾਰਾ ਤੇ ਉਹਨਾਂ ਦੁਆਰਾ ਸਿੱਖ ਧਰਮ ਵਿਚ ਪਾਏ ਯੋਗਦਾਨ ਨੂੰ ਵਰਣਿਤ ਕੀਤਾ ਹੈ।

ਖੋਜ ਪ੍ਰਬੰਧਾਂ ਅਤੇ ਖੋਜ ਨਿਬੰਧਾਂ ਤੋਂ ਇਲਾਵਾ ਸਿੱਖ ਵਿਚਾਰਧਾਰਾ, ਸਿੱਖ ਫਿਲਾਸਫੀ, ਦਸਮ ਗ੍ਰੰਥ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਉਹਨਾਂ ਦੀਆਂ ਰਚਨਾਵਾਂ ਨਾਲ ਸੰਬੰਧਿਤ ਪੁਸਤਕਾਂ ਜਿਹਨਾਂ ਦਾ ਵਿਸਥਾਰ ਸਹਿਤ ਵਰਣਨ ਪੁਸਤਕ ਸੂਚੀ ਵਿਚ ਦਰਜ ਹੈ ਨੂੰ ਵਿਸ਼ੇ ਦੀ ਪਿਠ-ਭੂਮੀ ਵਜੋਂ ਵਰਤਿਆ ਗਿਆ ਹੈ।

**ਕੋਸ਼ਾਂ ਦਾ ਅਧਿਐਨ**

- ਭਾਈ ਕਾਨ੍ਹ ਸਿੰਘ ਨਾਭਾ, 'ਗੁਰੂ ਸ਼ਬਦ ਰਤਨਾਕਰ ਮਹਾਨ ਕੋਸ਼' ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2011
- 'ਪੰਜਾਬੀ ਕੋਸ਼' (ਜਿਲਦ ਤੀਜੀ), ਭਾਸ਼ਾ ਵਿਭਾਗ, ਪਟਿਆਲਾ, 1967
- ਡਾ. ਗੁਰਚਰਨ ਸਿੰਘ (ਸੰਪਾ.), ਸ੍ਰੀ ਗੁਰੂ ਗ੍ਰੰਥ ਕੋਸ਼, (ਜਿਲਦ 1 ਤੇ 11), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002
- ਡਾ. ਰਤਨ ਸਿੰਘ ਜੱਗੀ, 'ਸਿੱਖ ਪੰਥ ਵਿਸ਼ਵ ਕੋਸ਼' (ਭਾਗ 1 ਤੇ 11), ਗੁਰ ਰਤਨ ਪਬਲਿਸ਼ਰਜ਼, ਪਟਿਆਲਾ, 2002
- ਸੁਰਿੰਦਰ ਸਿੰਘ ਕੋਹਲੀ, ਪੰਜਾਬੀ ਸਾਹਿਤ ਕੋਸ਼ (ਭਾਗ 1 ਅਤੇ 2), ਪਬਲੀਕੇਸ਼ਨ ਬਿਊਰੋ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1972 ਤੇ 1976 (ਕ੍ਰਮਵਾਰ)
- ਕੇਸਰ ਸਿੰਘ ਕੇਸਰ, ਪੰਜਾਬੀ ਸਾਹਿਤ ਕੋਸ਼, ਪਬਲੀਕੇਸ਼ਨ ਬਿਊਰੋ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1992
- ਜੌਨ ਡੋਸਨ, ਹਿੰਦੂ ਮਿਥਿਹਾਸ ਕੋਸ਼, ਡਾਇਰੈਕਟਰ ਭਾਸ਼ਾ ਵਿਭਾਗ, ਪੰਜਾਬ, 1963

- The Encyclopaedia of Sikhism. Vol-iii, Editor- in- chief, Harbans Singh Punjabi University Patiala 1997.

ਇਸ ਤੋਂ ਇਲਾਵਾ ਕੁਝ ਖੋਜ ਪਤ੍ਰਿਕਾਵਾਂ ਜੋ ਸਾਡੇ ਵਿਸ਼ੇ ਕਿਸੇ ਤਰ੍ਹਾਂ ਵੀ ਸੰਬੰਧਿਤ ਸਨ ਉਨਾਂ ਵਿਚ ਦਿਤੇ ਗਏ ਲੇਖਾਂ ਦਾ ਵੀ ਅਸੀਂ ਚੰਗੀ ਤਰ੍ਹਾਂ ਅਧਿਐਨ ਕੀਤਾ ਹੈ।

ਉਪਰੋਕਤ ਖੋਜ ਸਰਵੇਖਣ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨਾਲ ਸੰਬੰਧਿਤ ਹੋਇਆ ਜੋ ਖੋਜ ਕਾਰਜ ਸਾਨੂੰ ਸਾਮੱਗਰੀ ਦੇ ਰੂਪ ਵਿੱਚ ਪ੍ਰਾਪਤ ਹੋਇਆ ਹੈ ਇਹਨਾਂ ਖੋਜ ਪ੍ਰਬੰਧਾਂ ਦੀ ਪਰਖ ਕਰਨ ਉਪਰਾਂਤ ਇਹ ਗਲ ਤਾਂ ਸਪਸ਼ਟ ਹੈ ਕਿ ਸਾਡੇ ਚੁਣੇ ਗਏ ਖੋਜ ਪ੍ਰਬੰਧ ਦਾ ਵਿਸ਼ਾ ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਵਿੱਚ ਸ਼ਕਤੀ ਦਾ ਸੰਕਲਪ ਅਤੇ ਇਸ ਦੀ ਸਮਕਾਲੀਨ ਪ੍ਰਾਸੰਗਕਿਤਾ ਨਵੀਨ ਹੈ ਅਤੇ ਇਹ ਕਿਸੇ ਵੀ ਯੂਨੀਵਰਸਿਟੀ ਵਿਚ ਖੋਜ ਅਧੀਨ ਨਹੀਂ ਆਇਆ। ਸਾਡੇ ਵਲੋਂ ਚੁਣਿਆ ਗਿਆ ਵਿਸ਼ਾ ਬੜਾ ਪ੍ਰਾਸੰਗਿਕ ਤੇ ਮਹੱਤਵਪੂਰਨ ਹੈ ਜਿਸ ਉਤੇ ਅਸੀਂ ਅਧਿਐਨ ਕਰਨਾ ਹੈ।

### 1.5 ਖੋਜ ਕਾਰਜ ਦਾ ਉਦੇਸ਼

1. ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਵਿਚੋਂ ਭਗਤੀ ਤੇ ਸ਼ਕਤੀ ਦੇ ਵਿਸ਼ਾਲ ਪਰਿਪੇਖ ਦੀ ਸੋਝੀ ਪ੍ਰਾਪਤ ਕਰਨਾ।

2. ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਜਾਪੁ, ਬਚਿੱਤ੍ਰ ਨਾਟਕ, ਵਾਰ ਸ੍ਰੀ ਭਗਉਤੀ ਜੀ ਕੀ (ਚੰਡੀ ਦੀ ਵਾਰ), ਰਾਮਕਲੀ ਪਾਤਸ਼ਾਹੀ ੧੦ (ਸ਼ਬਦ ਹਜ਼ਾਰੇ), 33 ਸਵੈੱਯੇ ਅਤੇ ਜ਼ਫ਼ਰਨਾਮਾ ਰਚਨਾਵਾਂ ਵਿਚ ਪੇਸ਼ ਹੋਏ ਸ਼ਕਤੀ ਦੇ ਸੰਕਲਪ ਤੇ ਸਰੂਪ ਦੇ ਵਿਭਿੰਨ ਪਰਿਪੇਖਾਂ ਦੀ ਖੋਜ ਕਰਨੀ ਅਤੇ ਗੁਰੂ ਗੋਬਿੰਦ ਸਿੰਘ ਦੇ ਸ਼ਕਤੀ ਦੇ ਸੰਕਲਪ ਅਤੇ ਇਸਦੀ ਸਮਕਾਲੀ ਪ੍ਰਾਸੰਗਿਕਤਾ ਤੇ ਸਾਰਥਿਕਤਾ ਨੂੰ ਜਾਣਨਾ।

3. ਗੁਰੂ ਗੋਬਿੰਦ ਸਿੰਘ ਜੀ ਵਲੋਂ ਸ਼ਕਤੀ ਦੇ ਸਰੂਪ ਨੂੰ ਪ੍ਰਗਟਾਉਣ ਲਈ ਪ੍ਰਯੋਗ ਕੀਤੀਆਂ ਗਈਆਂ ਵਿਸਤ੍ਰਿਤ ਜੁਗਤਾਂ ਤੇ ਵਿਚਾਰ ਕਰਨੀ ਭਾਵ ਗੁਰੂ ਗੋਬਿੰਦ ਸਿੰਘ ਜੀ ਦੀ ਸਾਹਿਤਕ ਕਲਾ ਬਾਰੇ ਖੋਜ ਕਰਨਾ।

4. ਸ਼ਕਤੀ ਨੂੰ ਪ੍ਰਾਪਤ ਕਰਨ ਉਪਰੰਤ ਮਾਨਵੀ ਵਿਵਹਾਰ ਵਿਚ ਵਾਪਰੇ ਗੁਣਾਤਮਕ ਪਰਿਵਰਤਨਾਂ ਦਾ ਉਲੇਖ ਕਰਨਾ।

**ਖੋਜ ਵਿਧੀ**

ਵਿਸ਼ੇ ਨਾਲ ਸੰਬੰਧਿਤ ਸਾਮੱਗਰੀ ਦਾ ਵਿਸ਼ੇਸ਼ ਸੰਦਰਭ ਵਜੋਂ ਅਧਿਐਨ ਕੀਤਾ ਜਾਵੇਗਾ। ਇਸ ਖੋਜ ਕਾਰਜ ਦੇ ਅੰਤਰਗਤ ਪਾਠਗਤ ਵਿਧੀ ਦੀ ਵਰਤੋਂ ਕੀਤੀ ਜਾਵੇਗੀ ਅਤੇ ਜ਼ਰੂਰਤ ਅਨੁਸਾਰ ਅੰਤਰਅਨੁਸ਼ਾਸਨੀ ਵਿਧੀ ਅਧੀਨ ਆਉਂਦੀਆਂ ਵੱਖ ਵੱਖ ਅੰਤਰ ਦ੍ਰਿਸ਼ਟੀਆਂ ਰਾਹੀਂ ਵੀ ਅਧਿਐਨ ਕੀਤਾ ਜਾਵੇਗਾ। ਮੱਧਕਾਲ ਵਿਚ ਗੁਰਮਤਿ ਸਭਿਆਚਾਰ ਨਾਲ ਜੁੜੇ ਇਤਿਹਾਸਕ ਤੱਥਾਂ ਨੂੰ ਜਾਣਨ ਦੇ ਲਈ ਸੰਬੰਧਿਤ ਪੁਸਤਕਾਂ ਨੂੰ ਮੂਲ ਸੰਦ ਦੇ ਸਰੋਤ ਵਜੋਂ ਅਧਿਐਨ ਦੀ ਅਨੁਕੂਲਤਾ, ਪ੍ਰਾਸੰਗਿਕਤਾ ਵਜੋਂ ਵਰਤਿਆ ਜਾਵੇਗਾ।

## ਅਧਿਆਇ ਦੂਜਾ

## 2. ਮੱਧਕਾਲੀ ਸਾਹਿਤ ਵਿੱਚ ਭਗਤੀ ਅਤੇ ਸ਼ਕਤੀ ਦਾ ਅੰਤਰ-ਸਬੰਧਿਤ ਪਰਿਪੇਖ

2.1. ਮੱਧਕਾਲੀ ਪੰਜਾਬੀ ਸਾਹਿਤ ਵਿੱਚ ਭਗਤੀ ਦਾ ਪਰਿਪੇਖ

2.1.1 ਭਗਤੀ ਦੀ ਪਰਿਭਾਸ਼ਾ

2.1.2. ਭਗਤੀ ਦੀ ਉੱਤਪਤੀ

2.1.3. ਭਗਤੀ ਦਾ ਪ੍ਰਯੋਜਨ

2.1.4. ਭਗਤੀ ਦੀਆਂ ਕਿਸਮਾਂ

2.1.5. ਮੱਧਕਾਲੀ ਪੰਜਾਬੀ ਸਾਹਿਤ ਵਿਚ ਭਗਤੀ ਦਾ ਸਰੂਪ

**2.2. ਮੱਧਕਾਲੀ ਸਾਹਿਤ ਵਿੱਚ ਸ਼ਕਤੀ ਦਾ ਪਰਿਪੇਖ**

2.2.1. ਸ਼ਕਤੀ ਦੀ ਪਰਿਭਾਸ਼ਾ

2.2.2.ਸ਼ਕਤੀ ਦੀਆਂ ਕਿਸਮਾਂ

2.2.3. ਮੱਧਕਾਲੀ ਪੰਜਾਬੀ ਸਾਹਿਤ ਵਿਚ ਸ਼ਕਤੀ ਦਾ ਸਰੂਪ

2.2.4. ਸ਼ਕਤੀ ਦੀ ਇੱਛਾ

2.3. ਮੱਧਕਾਲੀ ਪੰਜਾਬੀ ਸਾਹਿਤ ਵਿਚ ਭਗਤੀ ਅਤੇ ਸ਼ਕਤੀ ਦਾ ਅੰਤਰ ਸੰਬੰਧਿਤ ਪਰਿਪੇਖ

## ਅਧਿਆਇ ਦੂਜਾ

## ਮੱਧਕਾਲੀ ਸਾਹਿਤ ਵਿੱਚ ਭਗਤੀ ਅਤੇ ਸ਼ਕਤੀ ਦਾ ਅੰਤਰ-ਸੰਬੰਧਿਤ ਪਰਿਪੇਖ

ਪਿਛਲੇ ਅਧਿਆਇ ਵਿਚ ਮੂਲ ਵਿਸ਼ੇ **ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਵਿੱਚ ਸ਼ਕਤੀ ਦਾ ਸੰਕਲਪ ਅਤੇ ਇਸਦੀ ਸਮਕਾਲੀ ਪ੍ਰਾਸੰਗਿਕਤਾ** ਨਾਲ ਸੰਬੰਧਿਤ ਪੂਰਵ ਖੋਜ ਸਾਮੱਗਰੀ ਦਾ ਸਰਵੇਖਣ ਤੇ ਉਸਦੇ ਮੁਲਾਂਕਣ ਨੂੰ ਪ੍ਰਸਤੁਤ ਕੀਤਾ ਗਿਆ ਸੀ ਜਿਸਦੇ ਅੰਤਰਗਤ ਗੁਰੂ ਗੋਬਿੰਦ ਸਿੰਘ ਜੀ, ਉਹਨਾਂ ਦੀਆਂ ਰਚਨਾਵਾਂ ਅਤੇ ਦਸਮ ਗ੍ਰੰਥ ਨਾਲ ਸੰਬੰਧਿਤ ਵਖ-ਵਖ ਯੂਨੀਵਰਸਿਟੀਆਂ ਵਿਚ ਹੋ ਚੁਕੇ ਪੀ. ਐਚ. ਡੀ. ਦੇ ਖੋਜ ਪ੍ਰਬੰਧ ਤੇ ਐਮ. ਫਿਲ ਦੇ ਖੋਜ ਨਿਬੰਧਾਂ ਨੂੰ ਵਾਚਿਆ ਗਿਆ ਸੀ। ਜਿਸ ਦਾ ਮਨੋਰਥ ਆਪਣੇ ਚੁਣੇ ਵਿਸ਼ੇ ਨਾਲ ਸੰਬੰਧਿਤ ਹੋ ਚੁਕੇ ਵਖ-ਵਖ ਯੂਨੀਵਰਸਿਟੀਆਂ ਵਿਚ ਪੀ-ਐਚ. ਡੀ. ਦੇ ਖੋਜ ਪ੍ਰਬੰਧਾਂ ਅਤੇ ਐਮ ਫਿਲ ਦੇ ਖੋਜ ਨਿਬੰਧਾਂ ਦਾ ਜ਼ਾਇਜ਼ਾ ਲੈ ਕੇ, ਉਨਾਂ ਨਾਲੋਂ ਆਪਣੇ ਵਿਸ਼ੇ ਦੀ ਨਿਵੇਕਲਤਾ ਤੇ ਵਿੱਲਖਣਤਾ ਨੂੰ ਨਿਖੇੜਨਾ ਸੀ। ਹੱਥਲੇ ਅਧਿਆਇ ਵਿਚ ਖੋਜ ਅਧੀਨ ਮੂਲ ਵਿਸ਼ੇ ਨੂੰ ਆਰੰਭ ਕਰਦਿਆਂ ਮੱਧਕਾਲੀ ਪੰਜਾਬੀ ਸਾਹਿਤ ਵਿਚ ਭਗਤੀ ਅਤੇ ਸ਼ਕਤੀ ਦੇ ਅੰਤਰ ਸੰਬੰਧਿਤ ਪਰਿਪੇਖ ਨੂੰ ਪੇਸ਼ ਕੀਤਾ ਜਾ ਰਿਹਾ ਹੈ।

### 2.1. ਮੱਧਕਾਲੀ ਪੰਜਾਬੀ ਸਾਹਿਤ ਵਿੱਚ ਭਗਤੀ ਦਾ ਪਰਿਪੇਖ

ਭਾਰਤ ਇੱਕ ਧਰਮ ਨਿਰਪੇਖ ਦੇਸ਼ ਹੈ। ਇਸਦੇ ਕਣ-ਕਣ ਵਿਚ ਧਰਮ ਭਾਵਨਾ ਮੌਜੂਦ ਹੈ। ਇਸੇ ਭਾਵਨਾ ਅਧੀਨ ਸਾਧਕ ਭਗਤੀ ਕਰਦੇ ਹਨ। ਭਗਤੀ ਕਰਨ ਦਾ ਮੁਖ ਉਦੇਸ਼ ਪ੍ਰਮਾਤਮਾ ਨੂੰ ਪਾਉਣਾ ਹੈ। ਭਾਰਤੀ ਧਰਮ ਸਾਧਨਾ ਵਿਚ ਭਗਤੀ ਦਾ ਆਪਣਾ ਵਿਸ਼ੇਸ਼ ਮਹੱਤਵ ਹੈ, ਜਿਸ ਨੇ ਇਥੋਂ ਦੇ ਸਮਾਜ, ਸਭਿਆਚਾਰ ਅਤੇ ਧਰਮ ਨੂੰ ਸਭ ਤੋਂ ਵੱਧ ਪ੍ਰਭਾਵਿਤ ਕੀਤਾ ਹੈ।

ਪ੍ਰੇਮ ਅਤੇ ਸ਼ਰਧਾ ਦਾ ਨਾਂ ਵੀ 'ਭਗਤੀ' ਹੈ। ਸੇਵਾ, ਸਿਮਰਨ, ਆਪਾ ਵਾਰਨਾ ਅਤੇ ਸਭ ਕਰਮਾਂ ਧਰਮਾਂ ਨੂੰ ਆਪਣੇ ਪਿਆਰੇ ਇਸ਼ਟ ਦੇ ਚਰਣਾਂ ਵਿਚ ਨਿਛਾਵਰ ਕਰਨਾ-ਇਸ ਭਗਤੀ ਦੇ ਸਰਵ-ਪ੍ਰਮਾਣਿਕ ਸਾਧਨ ਹਨ। ਇਹ ਰਾਗ ਜਾਂ ਪਿਆਰ ਜਿੰਨਾਂ ਵਧੇਰੇ ਨਿਰਛਲ, ਨਿਸ਼ਕਪਟ ਤੇ

ਨਿਰਸੁਆਰਥ ਹੰਦਾ ਹੈ, ਮਨ ਦੀ ਪ੍ਰੇਮ-ਗੰਗਾਂ ਉਨੀ ਹੀ ਵਧੇਰੇ ਪਵਿੱਤਰ ਰੂਪ ਵਿਚ ਉਛਲਦੀ ਹੈ। ਪ੍ਰੇਮ ਮਨੁੱਖ ਦਾ ਮਨੁੱਖ ਪ੍ਰਤੀ ਹੋਵੇ ਪਸ਼ੂ-ਪੰਛੀ ਜਾਂ ਕਿਸੇ ਪਾਰਲੌਕਿਕ ਸੱਤਾ ਪ੍ਰਤੀ, ਇਸ ਵਿਚ ਕੋਈ ਭੇਦ ਨਹੀਂ, ਭੇਦ ਹੈ ਤਾਂ ਸਿਰੰ ਵਿਸ਼ੇ ਖੇਤਰ ਦਾ ਹੁੰਦਾ ਹੈ।[1]

ਭਗਤੀ ਸ਼ਬਦ ਦੇ ਕੋਸ਼ੀ ਅਰਥ ਵਿਭਾਗ, ਸੇਵਾ, ਸ਼ਰਧਾ, ਵਿਸ਼ਵਾਸ, ਭਗਵਾਨ ਦੀ ਪੂਜਾ ਵਿਚ ਪ੍ਰੇਮ ਅਤੇ ਉਪਾਸਨਾ ਆਦਿ ਹਨ। ਫਾਰਸੀ ਅਥਵਾ ਅਰਬੀ ਬੋਲੀਆਂ ਵਿਚ 'ਭਗਤੀ' ਨੂੰ ਇਬਾਦਤ, ਯਾਰੀ ਆਦਿ ਕਰਕੇ ਦੱਸਿਆ ਗਿਆ ਹੈ। ਅੰਗਰੇਜ਼ੀ ਭਾਸ਼ਾ ਵਿਚ 'ਭਗਤੀ' 'ਸਿਮਰਨ' ਜਾਂ 'ਪ੍ਰੇਮ' ਨੂੰ 'ਲਵ' ਆਦਿ ਸ਼ਬਦਾਂ ਨਾਲ ਪ੍ਰਗਟਾਇਆ ਗਿਆ ਹੈ[2] ਪਰ ਅਜਿਹੇ ਸ਼ਾਬਦਿਕ ਅਰਥਾਂ ਨਾਲ ਭਗਤੀ ਦੀ ਅਸਲ ਆਤਮਾ ਨਹੀਂ ਜਾਣੀ ਜਾ ਸਕਦੀ ਹੈ। ਭਗਤੀ ਦੀ ਅਸਲੀ ਪਹਿਚਾਣ ਤੇ ਪਰਿਭਾਸ਼ਾ ਜਾਣਨ ਲਈ ਭਗਤੀ ਦੇ ਆਚਾਰਿਆ ਦੁਆਰਾ ਦਿੱਤੀਆਂ ਗਈਆਂ ਭਗਤੀ ਦੀਆਂ ਪਰਿਭਾਸ਼ਾਵਾਂ ਨੂੰ ਵਿਚਾਰਨਾ ਜ਼ਰੂਰੀ ਹੈ। ਜ਼ਿਆਦਾਤਰ ਆਚਾਰਿਆ ਨੇ ਭਗਵਾਨ ਪ੍ਰਤੀ ਸਚੀ ਸ਼ਰਧਾ ਅਤੇ ਪਿਆਰ ਨੂੰ ਭਗਤੀ ਦਾ ਮੂਲ ਮੰਨਿਆ ਹੈ।

ਵਿਆਕਰਣ ਨੇਮਾਂ ਅਨੁਸਾਰ 'ਭਗਤੀ' ਨਾਮ (Noun) ਹੈ ਅਤੇ 'ਭਗਤ' ਵਿਸ਼ੇਸ਼ਣ (Adjective) ਹੈ। ਭਗਤੀ ਪ੍ਰਮਾਤਮਾ ਦੀ ਸੇਵਾ, ਪੂਜਾ, ਧਿਆਨ, ਨਾਮ ਸਿਮਰਨ ਅਤੇ ਲਿਵ ਵਿਚ ਰਹਿਣ ਵਾਲੀ ਮਨ ਦੀ ਭਾਵਨਾ ਹੈ। ਉਹ ਮਾਰਗ ਜਿਸ ਤੇ ਤੁਰਨ ਵਾਲੇ ਇਹ ਮੰਨਦੇ ਹਨ ਕਿ ਪ੍ਰਮੇਸ਼ਵਰ ਨੂੰ ਪਿਆਰ ਕਰਨਾ, ਆਪਾ ਭਾਵ ਨਾ ਰੱਖਣਾ, ਸਭ ਕੁਝ ਪਰਮਾਤਮਾ ਅਨੁਸਾਰ ਚਲਦਾ ਹੈ ਅਤੇ ਇਹ ਸਤਿ ਮਾਰਗ ਹੈ। ਭਗਤੀ ਮਾਰਗ ਵਿਚ ਪ੍ਰਮਾਤਮਾ ਨੂੰ ਮਾਲਕ, ਮਾਤਾ-ਪਿਤਾ, ਪਤੀ ਆਦਿ ਦੇ ਭਾਵਾਂ ਨਾਲ ਸੇਵਦੇ ਹਨ, ਜੇਸੇ 'ਭਗਤਿ ਭਾਇ ਤਰੀਐ ਸੰਸਾਰ।' ਹੁਕਮ ਮੰਨਣਾ ਹੀ ਸ੍ਰੇਸ਼ਟ ਭਗਤੀ ਹੈ।[3] ਅਸਲ ਵਿਚ 'ਭਗਤੀ' ਸ਼ਬਦ ਸੰਸਕ੍ਰਿਤ ਦੇ ਧਾਤੂ ਭੱਜ ਸੇਵਾਯਾਮ ਤੋਂ ਆਇਆ ਹੈ ਜਿਸ ਨਾਲ ਕਤਿਨ ਪ੍ਰਤਯ ਜੁੜਦਾ ਹੈ, ਜਿਸਦਾ ਅਰਥ ਹੈ ਸੇਵਾ ਕਰਨਾ, ਪ੍ਰੇਮ ਪੂਰਬਕ ਪੂਜਾ ਕਰਨਾ ਆਦਿ।[4]

### 2.1.1. ਭਗਤੀ ਦਾ ਅਰਥ ਅਤੇ ਪਰਿਭਾਸ਼ਾ

ਇਨਸਾਈਕਲੋਪੀਡੀਆ ਆਫ ਸਿਖਇਜ਼ਮ ਵਿਚ ਵੀ ਭਗਤੀ ਸ਼ਬਦ ਦੀ ਵਿਉਤਪਤੀ ਸੰਸਕ੍ਰਿਤ ਦੇ ਸ਼ਬਦ 'ਭਜ' ਤੋਂ ਹੋਈ ਮੰਨੀ ਹੈ ਜਿਸਦੇ ਅਰਥ ਹਨ ਸੇਵਾ ਕਰਨਾ, ਸਤਿਕਾਰ ਕਰਨਾ, ਉਪਾਸਨਾ ਅਤੇ ਪ੍ਰੇਮ ਆਦਿ।[5]

ਭਾਈ ਕਾਨ੍ਹ ਸਿੰਘ ਨਾਭਾ ਵੀ ਭਗਤੀ ਨੂੰ ਸੇਵਾ, ਉਪਾਸਨਾ ਅਥਵਾ ਸ਼ਰਧਾ ਦੇ ਭਾਵ ਵਿਚ ਲੈਂਦਾ ਹੈ।[6]

ਆਚਾਰੀਆ ਰਾਮ ਚੰਦਰ ਸ਼ੁਕਲ ਦੇ ਸ਼ਬਦਾਂ ਵਿਚ "ਧਰਮ ਕੀ ਰਸਾਤਮਕ ਅਨੁਭੂਤੀ ਕਾ ਨਾਮ ਭਕਿਤ ਹੈ।" ਭਕਿਤ ਸ਼ਬਦ ਭੱਜ ਸਵਾਯਾਮ ਧਾਤੂ ਤੋਂ ਕਿਨ ਪ੍ਰਤਯ ਲਾ ਕੇ ਬਣਾਇਆ ਗਿਆ ਹੈ ਜਿਸਦਾ ਅਰਥ ਭਗਵਾਨ ਦੀ ਸੇਵਾ ਹੈ।[7]

ਜੇਮਜ਼ ਹਾਸਟਿੰਗ ਨੇ 'ਭਜ' ਧਾਤੂ ਤੋਂ ਇਸਦੀ ਉੱਤਪਤੀ ਸਵੀਕਾਰ ਕੀਤੀ ਹੈ ਅਤੇ ਇਸਦਾ ਅਰਥ ਲਗਾਤਾਰ ਯਾਦ ਕਰਨਾ, ਸਿਮਰਨ ਕਰਨਾ ਜਾਂ ਇਸ਼ਟ ਵਿਚ ਸਲੰਗਨ ਹੋਣਾ ਕੀਤਾ ਹੈ। ਭਗਤ ਨਿਰੰਤਰ ਸਿਮਰਨ, ਸੇਵਾ ਭਾਵ, ਸਤਿਕਾਰ, ਸ਼ਰਧਾ ਆਦਿ ਗੁਣਾਂ ਨਾਲ ਆਪਣੇ ਅੰਦਰ ਪ੍ਰੇਮ ਦੇ ਅੰਕੁਰ ਨੂੰ ਪ੍ਰਫੁਲਿਤ ਕਰਦਾ ਹੈ ਅਤੇ ਫਿਰ ਇਹਨਾਂ ਰਾਹੀਂ ਆਪਣੀ ਭਗਤੀ ਭਾਵਨਾ ਦਾ ਪ੍ਰਗਟਾ ਕਰਦਾ ਹੈ। ਅਟੁਟ ਨਿਸ਼ਕਾਮ ਅਤੇ ਪਵਿੱਤਰ ਪ੍ਰੇਮ ਹੀ ਭਗਤੀ ਹੈ।[8]

ਸ੍ਰੀਮਦ ਭਾਗਵਤ ਪੁਰਾਣ ਅਨੁਸਾਰ, ਉਸ ਬਿਰਤੀ ਨੂੰ ਭਗਤੀ ਆਖਿਆ ਗਿਆ ਹੈ ਜਿਸ ਦੁਆਰਾ ਸੰਸਾਰਕ ਵਿਸ਼ਿਆਂ ਦਾ ਗਿਆਨ ਦੇਣ ਵਾਲੀਆਂ ਇੰਦਰੀਆਂ ਦੀ ਸੁਭਾਵਕ ਬਿਰਤੀ ਨਿਸ਼ਕਾਮ ਰੂਪ ਨਾਲ ਭਗਵਾਨ ਵਲ ਲਗ ਜਾਵੇ।[9]

ਸ਼ਾਂਡਿਲਯ ਭਗਤੀ ਸੂਤਰ ਆਖਦੇ ਹਨ, ਸਾ ਪਰਾਨੁਰਕਤੀ ਈਸ਼ਵਰੇ ਭਾਵ ਈਸ਼ਵਰ ਵਿਚ ਪਰਮ ਅਨੁਰਾਗ ਅਰਥਾਤ ਪਰਮ ਪ੍ਰੇਮ ਹੀ ਭਗਤੀ ਹੈ।[10]

ਨਾਰਦ ਅਨੁਸਾਰ ਭਗਤੀ ਅੰਮ੍ਰਿਤ ਰੂਪ ਹੈ ਜਿਸਨੂੰ ਪ੍ਰਾਪਤ ਕਰਕੇ ਮਨੁੱਖ ਸਿੱਧ ਹੋ ਜਾਂਦਾ ਹੈ, ਅਮਰ ਹੋ ਜਾਂਦਾ ਹੈ, ਤ੍ਰਿਪਤ ਹੋ ਜਾਂਦਾ ਹੈ। ਅਜਿਹੀ ਭਗਤੀ ਦੀ ਪ੍ਰਾਪਤੀ ਹੋ ਜਾਣ ਤੇ ਮਨੁੱਖ ਨਾ ਕਿਸੇ ਵਸਤੂ ਦੀ ਇੱਛਾ ਕਰਦਾ ਹੈ, ਨਾ ਸ਼ੋਕ ਕਰਦਾ ਹੈ, ਨਾ ਦਵੈਖ ਕਰਦਾ ਹੈ, ਨਾ ਹੀ ਉਸਦੇ ਅੰਦਰ ਵਿਸ਼ੇ ਭੋਗਾਂ ਦੀ ਪ੍ਰਾਪਤੀ ਲਈ ਉਤਸ਼ਾਹ ਹੀ ਰਹਿ ਜਾਂਦਾ ਹੈ। ਇਸ ਭਗਤੀ ਨੂੰ ਪ੍ਰਾਪਤ ਕਰਕੇ ਪੁਰਸ਼ ਮੁਗਧ ਹੋ ਜਾਂਦਾ ਹੈ, ਸ਼ਾਂਤ ਹੋ ਜਾਂਦਾ ਹੈ।[11]

ਸੁਆਮੀ ਰਾਮਾਨੁਜ ਅਚਾਰੀਆ ਨੇ ਸਨੇਹ ਪੂਰਵਕ ਕੀਤੇ ਗਏ ਭਗਵਤ ਧਿਆਨ ਨੂੰ ਭਗਤੀ ਕਿਹਾ ਹੈ।[12] ਸਵਾਮੀ ਵਿਵੇਕਾਨੰਦ ਨੇ ਭਗਤੀ-ਯੋਗ ਵਿਚ ਭਗਤੀ ਨੂੰ ਪਰਭਾਸ਼ਿਤ ਕਰਦਿਆਂ ਕਿਹਾ ਹੈ-

> Bhakti yoga is a real genuine search after the lot, a search beginning continuing, and ending in love. One single movement of the madness of extreme love to god brings us eternal freedom.[13]

ਗੁਰੂ ਗ੍ਰੰਥ ਵਿਸ਼ਵ ਕੋਸ਼ ਭਾਗ-ਦੂਜਾ ਵਿਚ ਭਗਤੀ ਨੂੰ ਇੰਝ ਪੇਸ਼ ਕੀਤਾ ਗਿਆ ਹੈ,

> ਭਗਤੀ (ਭਕਤਿ) ਸ਼ਬਦ ਸੰਸਕ੍ਰਿਤ ਦੀ 'ਭਜ' ਧਾਤੂ ਤੋਂ ਬਣਿਆ ਹੈ ਅਤੇ ਇਸ ਦਾ ਅਰਥ ਹੈ ਭਜਣਾ ਜਾਂ ਭਜਨ ਕਰਨਾ। ਅਰਾਧਨਾ, ਸੇਵਾ, ਉਪਾਸਨਾ ਇਸ਼ਟ ਦੇਵ ਪ੍ਰਤੀ ਅਤਿਅਨੁਰਾਗ (ਪ੍ਰੇਮ) ਸ਼੍ਰਧਾ ਆਦਿ ਇਸ ਦੇ ਕਈ ਨਾਂਮਾਤਰ ਵੀ ਪ੍ਰਚਲਿਤ ਹਨ।[14]

ਭਗਤੀ ਦੇ ਵੱਖ-ਵੱਖ ਆਚਾਰੀਆ ਅਤੇ ਵਿਭਿੰਨ ਅਧਿਆਤਮਿਕ ਗ੍ਰੰਥਾਂ ਵਿਚ ਮੌਜੂਦ ਭਗਤੀ ਦੀਆਂ ਪਰਿਭਾਸ਼ਾਵਾਂ ਤੋਂ ਸਪੱਸ਼ਟ ਹੁੰਦਾ ਹੈ ਕਿ ਭਗਤੀ ਦਾ ਮੂਲ ਆਧਾਰ ਪ੍ਰੇਮ ਹੈ। ਭਗਤ ਦੁਆਰਾ ਕਿਸੇ ਫਲ ਦੀ ਇੱਛਾ ਤੋਂ ਬਗੈਰ ਨਿਸ਼ਕਾਮ ਤੇ ਨਿਰੰਤਰ ਰੂਪ ਵਿਚ ਪਰਮਾਤਮਾ

ਦਾ ਨਾਮ ਜਪਣਾ ਤੇ ਉਸ ਨਾਲ ਇਕਮਿਕ ਹੋਣ ਦੀ ਸਾਧਨਾ ਹੀ ਭਗਤੀ ਹੈ। ਇਸ ਲਈ ਪਰਮਾਤਮਾ ਵਿਚ ਅਨੰਤ ਪ੍ਰੇਮ ਰਖਣਾ ਭਗਤੀ ਦਾ ਮੂਲ ਆਧਾਰ ਹੈ।

### 2.1.2. ਭਗਤੀ ਦੀ ਉੱਤਪਤੀ

ਭਗਤੀ ਦੀ ਉੱਤਪਤੀ ਸੰਬੰਧੀ ਵਿਦਵਾਨਾਂ ਨੇ ਵੱਖ-ਵੱਖ ਵਿਚਾਰ ਦਿੱਤੇ ਹਨ। ਕੁਝ ਵਿਦਵਾਨ ਭਗਤੀ ਨੂੰ ਇਸਾਈ ਮੱਤ ਦੀ ਦੇਣ ਦੱਸਦੇ ਹਨ ਅਤੇ ਕੁਝ ਵਿਦਵਾਨ ਇਸਲਾਮ ਧਰਮ ਦੀ ਆਮਦ ਨਾਲ ਭਗਤੀ ਦੀ ਉੱਤਪਤੀ ਹੋਈ ਮੰਨਦੇ ਹਨ ਜਦ ਕਿ ਇਸ ਸੰਬੰਧੀ ਯੂਰਪੀਅਨ ਵਿਦਵਾਨ ਵੈਬਰ ਅਤੇ ਗ੍ਰੀਅਰਸਨ ਦਾ ਦਾਅਵਾ ਹੈ,

"ਭਗਤੀ ਲਹਿਰ ਦੀ ਉਤਪਤੀ ਇਸਾਈ ਮੱਤ ਦੀ ਦੇਣ ਹੈ। ਦੂਜੇ ਸ਼ਬਦਾਂ ਵਿਚ ਭਗਤੀ ਦਾ ਆਧਾਰ ਸਰੋਤ ਈਸਾਈ ਮੱਤ ਹੈ।" [15]

ਕੈਨੇਡੀ, ਵੈਬਰ ਅਤੇ ਗ੍ਰੀਅਰਸਨ ਨੇ ਇਸ ਤੋਂ ਆਗਾਂਹ ਜਾ ਕੇ ਬਾਲਕ੍ਰਿਸ਼ਨ ਦੀ ਕਥਾ ਨੂੰ ਈਸਾ ਮਸੀਹ ਦੀ ਕਥਾ ਦਾ ਭਾਰਤੀ ਰੂਪ ਮੰਨਿਆ ਹੈ।[16]

ਭਾਰਤ ਦੇ ਪ੍ਰਾਚੀਨਤਮ ਧਾਰਮਿਕ ਸ੍ਰੋਤ ਵੇਦਾਂ ਤੇ ਉਪਨਿਸ਼ਦਾਂ ਵਿਚ ਭਗਤੀ ਸੰਬੰਧੀ ਪ੍ਰਮਾਣ ਵੀ ਮਿਲਦੇ ਹਨ। ਬੇਸ਼ਕ ਇਹਨਾਂ ਸ੍ਰੋਤਾਂ ਵਿਚ ਭਗਤੀ ਸ਼ਬਦ ਪ੍ਰਤੱਖ ਤੌਰ ਤੇ ਨਹੀਂ ਆਇਆ। ਗੁਰੂ ਨਾਨਕ ਦੇਵ ਜੀ ਦੀਆਂ ਰਚਨਾਵਾਂ ਵਿਚ ਇਸਦੇ ਸੰਕੇਤ ਮਿਲਦੇ ਹਨ:

ਬੇਦੁ ਪੁਕਾਰੈ ਭਗਤਿ ਸਰੋਤ।। ਸੁਣਿ ਸੁਣਿ ਮਾਨੈ ਵੇਖੈ ਜੋਤਿ।।
ਸਾਸਤ੍ ਸਿਮ੍ਰਿਤ ਨਾਮ ਦ੍ਰਿੜਾਮੰ।। ਗੁਰਮੁਖਿ ਸਾਤਿ ਊਤਮ ਕਰਾਮੰ।।[17]

ਮੱਧਕਾਲ ਵਿਚ ਭਗਤੀ ਦੀ ਸ਼ੁਰੂਆਤ ਦੱਖਣ ਤੋਂ ਆਲਵਾਰ ਅਤੇ ਅਡਿਆਰ ਭਗਤਾਂ ਰਾਹੀਂ ਹੋਈ। ਆਲਵਾਰ ਵਿਸ਼ਨੂੰ ਦੀ ਅਰਾਧਨਾ ਕਰਦੇ ਸਨ ਅਤੇ ਵੈਸ਼ਨਵ ਅਖਵਾਉਂਦੇ ਸਨ ਜਦ ਕਿ ਅਡਵਾਰ ਸ਼ਿਵ ਭਗਤੀ ਕਾਰਨ ਸ਼ੈਵ ਅਖਵਾਏ। ਇਸ ਸੰਬੰਧ ਵਿਚ ਡਾ. ਦਰਸ਼ਨ ਸਿੰਘ ਦਾ ਵਿਚਾਰ ਹੈ ਕਿ ਇਹ ਇਕ ਸਰਵ-ਪ੍ਰਵਾਨਿਤ ਤੱਥ ਹੈ ਕਿ ਹਿੰਦੁਸਤਾਨ ਵਿਚ ਫੈਲਣ ਵਾਲੀ ਭਗਤੀ ਪਰੰਪਰਾ ਦਾ ਆਰੰਭ ਦੱਖਣ ਤੋਂ ਹੋਇਆ।[18]

ਇਸ ਸੰਬੰਧ ਵਿਚ ਇਕ ਮੱਤ ਇਹ ਵੀ ਹੈ ਕਿ ਭਗਤੀ ਅੰਦੋਲਨ ਦਾ ਇਤਿਹਾਸ ਦੱਸਦਾ ਹੈ ਕਿ ਦੱਖਣੀ ਦ੍ਰਾਵੜ ਵਿਚ ਭਗਤੀ ਅੰਦੋਲਨ ਦੀ ਉੱਤਪਤੀ ਹੋਈ ਅਤੇ 15ਵੀਂ ਸ਼ਤਾਬਦੀ ਵਿਚ ਇਹ ਅੰਦੋਲਨ ਉੱਤਰੀ ਭਾਰਤ ਵਿਚ ਫੈਲ ਗਿਆ।[19]

ਉੱਤਰੀ ਭਾਰਤ ਵਿਚ ਜਦੋਂ ਵੈਸ਼ਨਵ ਭਗਤਾਂ ਦਾ ਜ਼ਮਾਨਾ ਆਇਆ ਤਾਂ ਉਸ ਤੋਂ ਪਹਿਲਾਂ ਹੀ ਦੱਖਣ ਦੇ ਆਲਵਾਰ ਸੰਤਾਂ ਵਿਚ ਭਗਤੀ ਦਾ ਬਹੁਤ ਵਿਕਾਸ ਹੋ ਚੁੱਕਿਆ ਸੀ ਅਤੇ ਉਥੋਂ ਹੀ ਭਗਤੀ ਉੱਤਰ ਭਾਰਤ ਵਿੱਚ ਪੁੱਜੀ। ਇਹ ਵੀ ਧਿਆਨ ਦੇਣ ਵਾਲੀ ਗੱਲ ਹੈ ਕਿ ਸ਼ੁਰੂ ਵਿਚ ਭਗਤੀ ਨੂੰ ਪ੍ਰਮੁੱਖਤਾ ਦੇਣ ਵਾਲੇ ਰਾਮਾਨੁਜ, ਮਾਧਵ, ਨਿੰਮਬਰਕ ਅਤੇ ਵਲਭਾਚਾਰਿਆ ਆਦਿ ਸਾਰੇ ਮਹਾਤਮਾ ਦੱਖਣ ਵਿਚ ਹੀ ਜਨਮੇ ਸਨ। ਦੱਖਣ ਵਿੱਚ ਆਂਦਾਲ ਨਾਮ ਦੀ ਭਗਤਣੀ ਆਪਣੀ ਭਗਤੀ ਕਰਕੇ ਪ੍ਰਸਿੱਧ ਹੋ ਚੁੱਕੀ ਸੀ ਜੋ ਕ੍ਰਿਸ਼ਨ ਜੀ ਨੂੰ ਆਪਣਾ ਪਤੀ ਮੰਨਦੀ ਸੀ।[20] ਸੱਚ ਤਾਂ ਇਹ ਹੈ ਕਿ ਜਿਸ ਜਗਿਆਸਾ ਤੋਂ ਧਰਮ ਦੀ ਉੱਤਪਤੀ ਹੁੰਦੀ ਹੈ, ਉਸ ਜਗਿਆਸਾ ਵਿਚ ਭਗਤੀ ਦੇ ਬੀਜ ਵੀ ਮੌਜੂਦ ਹੁੰਦੇ ਹਨ। ਭਗਤੀ ਦਾ ਜਨਮ ਸਾਰੇ ਦੇਸ਼ਾਂ ਵਿਚ ਧਰਮ ਦੇ ਉਦੇ ਨਾਲ ਹੋਇਆ।[21] ਭਗਤੀ ਲਹਿਰ ਦਾ ਜਨਮ ਦ੍ਰਾਵੜ ਵਿਚ ਹੋਇਆ ਅਤੇ ਇਸਦਾ ਵਿਕਾਸ ਦੱਖਣੀ ਭਾਰਤ ਵਿਚ ਹੋਇਆ, ਇਸਦੀ ਪੁਸ਼ਟੀ ਕਰਦਾ ਸੰਸਕ੍ਰਿਤ ਦਾ ਇੱਕ ਸਲੋਕ ਹੈ ਜਿਹੜਾ ਭਾਗਵਤ ਅਤੇ ਪਦਮ ਪੁਰਾਣ ਵਿਚ ਮਿਲਦਾ ਹੈ। ਭਾਗਵਤ ਵਿਚ ਖ਼ੁਦ ਭਗਤੀ ਨਾਰਦ ਨੂੰ ਕਹਿੰਦੀ ਹੈ-

ਉਤਪਨਾ ਦ੍ਰਾਵੜੇ, ਚਾਹੇ ਕਰਣਾਟੇ ਵ੍ਰਿਧੀਮਾਗਤਾ,
ਸਿਥਤਾ ਕਿੰਚਿਨ ਮਹਾਂਰਾਸ਼ਟਰੇ, ਗੁਰਜਰੇ ਜੀਰਣਤਾ ਗਤਾ।

ਅਰਥਾਤ, ਮੈਂ ਦ੍ਰਾਵੜ ਦੇਸ਼ ਵਿਚ ਜਨਮੀ, ਕਰਨਾਟਕ ਵਿਚ ਵਿਕਸਿਤ ਹੋਈ, ਕੁਝ ਸਮਾਂ ਮਹਾਂਰਾਸ਼ਟਰ ਵਿਚ ਰਹੀ ਅਤੇ ਗੁਜਰਾਤ ਪਹੁੰਚ ਕੇ ਮੈਂ ਖਤਮ ਹੋ ਗਈ।[22]

ਇਸ ਪ੍ਰਕਾਰ ਇਹ ਕਿਹਾ ਜਾ ਸਕਦਾ ਹੈ ਕਿ ਭਗਤੀ ਦਾ ਜਨਮ ਆਦਿ ਕਾਲ ਦੇ ਸਮਕਾਲੀ ਲੋਕ ਧਰਮਾਂ ਦੇ ਵਿਕਾਸ ਕਾਰਨ ਹੋਇਆ ਸੀ। ਉਸ ਸਮੇਂ ਇਸਦੇ ਵਿਧੀ ਵਿਧਾਨ ਵਿਚ ਪਾਖੰਡ ਅਤੇ ਆਡੰਬਰ ਸ਼ਾਮਿਲ ਹੋ ਚੁੱਕੇ ਸਨ। ਜਿਹੜੇ ਮੱਧਕਾਲ ਵਿਚ ਪਹੁੰਚ ਕੇ ਹੋਰ

ਵੀ ਜ਼ਿਆਦਾ ਵੱਧ ਗਏ ਸਨ। ਧਾਰਮਿਕ ਕਰਮ-ਕਾਂਡਾਂ ਤੇ ਬ੍ਰਾਹਮਣ ਵਰਗ ਦਾ ਏਕਾਧਿਕਾਰ ਹੋਣ ਕਾਰਣ ਭਗਤੀ ਆਮ ਲੋਕਾਂ ਲਈ ਅਰਾਧਨਾ ਦਾ ਸਾਧਨ ਬਣ ਗਈ ਜੋ ਕਿ ਪ੍ਰਮਾਤਮਾ ਦੀ ਪ੍ਰਾਪਤੀ ਦਾ ਇੱਕ ਪੁਰਾਤਨ ਸਾਧਨ ਹੈ ਅਤੇ ਭਾਰਤ ਦੇ ਰਿਸ਼ੀਆਂ ਮੁਨੀਆਂ ਤੋਂ ਸੀਨਾ ਬਸੀਨਾ ਚਲਦਾ ਆ ਰਿਹਾ ਹੈ। ਭਗਤੀ ਸਦਕਾ ਹੀ ਸਮੁੱਚੀ ਲੋਕਾਈ ਪ੍ਰਮਾਤਮਾ ਨਾਲ ਜੁੜੀ ਹੈ।

### 2.1.3. ਭਗਤੀ ਦਾ ਪ੍ਰਯੋਜਨ

ਭਗਤੀ ਦਾ ਮੁੱਖ ਪ੍ਰਯੋਜਨ ਭਗਤ ਦਾ ਆਪਣੇ ਪ੍ਰਮਾਤਮਾ ਨਾਲ ਇੱਕ-ਮਿਕ ਹੋਣਾ ਹੈ। ਜਿਸ ਤੋਂ ਉਹ ਵਿਛੜਿਆ ਹੋਇਆ ਹੈ, ਉਸ ਨਾਲ ਇਹ ਦੁਬਾਰਾ ਤੋਂ ਜੁੜਨ ਦੀਆਂ ਸਾਰੀਆਂ ਕੋਸ਼ਿਸ਼ਾਂ, ਪਿਆਰ ਨਾਲ ਉਹਦੀ ਯਾਦ ਵਿਚ ਜੁੜੇ ਰਹਿਣਾ ਹੀ ਭਗਤੀ ਹੈ। ਸੋ ਅਕਾਲ ਪੁਰਖ ਦਾ ਸਿਮਰਨ ਕਰਨਾ ਅਤਿਅੰਤ ਜ਼ਰੂਰੀ ਹੈ। ਜਿਸ ਦੀ ਭਗਤ ਜਨ ਸਰਵ ਵਿਆਪਕ ਕੋਲੋਂ ਝੋਲੀ ਅੱਡ ਕੇ ਖੈਰ ਮੰਗਦੇ ਰਹਿੰਦੇ ਹਨ। ਇਸ ਭਾਵ ਦੀ ਪੁਸ਼ਟੀ ਬਾਬਾ ਫ਼ਰੀਦ ਇੰਝ ਕਰਦੇ ਹਨ-

ਤੇਰੀ ਪਨਹ ਖੁਦਾਇ ਤੂ ਬਖਸੰਦਗੀ॥
ਸੇਖ ਫਰੀਦੈ ਖੈਰੁ ਦੀਜੈ ਬੰਦਗੀ॥[23]

ਭਾਵ ਬਾਬਾ ਫਰੀਦ ਜੀ ਪਰਮਾਤਮਾ ਦੀ ਪਨਾਹ ਮੰਗਦਿਆਂ ਫੁਰਮਾਉਂਦੇ ਹਨ ਕਿ ਪਰਮਾਤਮਾ ਤੂੰ ਮੇਰੀਆਂ ਗਲਤੀਆਂ ਨੂੰ ਬਖਸ਼ਣਹਾਰ ਹੈ, ਤੂੰ ਮੈਨੂੰ ਆਪਣੇ ਨਾਮ ਸਿਮਰਨ ਦੀ ਖੈਰ ਦੇ। ਮਨੁੱਖਾ ਜੀਵ ਦਾ ਸੰਸਾਰ ਤੇ ਆਉਣਾ ਉਦੋਂ ਤੱਕ ਵਿਅਰਥ ਹੈ ਜਦ ਉਹ ਪਰਮਾਤਮਾ ਦੇ ਨਾਮ ਸਿਮਰਨ ਨਹੀਂ ਕਰਦਾ ਕਿਉਂਕਿ ਮਨੁੱਖਾ ਜਨਮ ਹੀ ਉਸਨੂੰ ਭਗਤੀ ਅਤੇ ਭਜਨ ਬੰਦਗੀ ਕਰਨ ਲਈ ਮਿਲਿਆ ਹੈ। ਭਗਤੀ ਕਾਰਨ ਹੀ ਮਨੁੱਖ ਵਿਚ ਨੈਤਿਕ ਗੁਣਾਂ ਦਾ ਵਿਕਾਸ ਹੁੰਦਾ ਹੈ। ਉਸ ਵਿਚ ਵਿਭਿੰਨ ਪ੍ਰਕਾਰ ਦੀਆਂ ਸ਼ਕਤੀਆਂ ਵਿਕਸਿਤ ਹੁੰਦੀਆਂ ਹਨ। ਜਿਨਾਂ ਦੀ ਨੇਕ ਕੰਮਾਂ ਵਿਚ ਵਰਤੋਂ ਕਰਨ ਨਾਲ ਮਨੁੱਖ ਸਮਾਜ ਵਿਚ ਆਦਰਸ਼ ਨਾਗਰਿਕ ਬਣ ਜਾਂਦਾ ਹੈ। ਇਸ ਨਾਲ ਉਹ ਆਪਣਾ ਲੋਕ ਪ੍ਰਲੋਕ ਸੁਧਾਰ ਲੈਂਦਾ ਹੈ। ਇਸ ਲਈ ਸਮਾਜ ਵਿਚ ਰਹਿੰਦਿਆਂ ਮਨੁੱਖ ਲਈ ਭਗਤੀ ਕਰਨੀ ਬਹੁਤ ਜ਼ਰੂਰੀ ਹੈ। ਭਗਤੀ ਹੀ ਮਨੁੱਖ ਅਤੇ ਪਰਮਾਤਮਾ ਦੇ ਵਿਚਕਾਰ ਦਾ ਫਾਸਲਾ ਖਤਮ ਕਰਦੀ ਹੈ।

### 2.1.4. ਭਗਤੀ ਦੀ ਪ੍ਰਕਾਰ ਵੰਡ

ਭਗਤੀ ਭਾਵਨਾ ਬੇਸ਼ਕ ਕਿਸੇ ਵੰਡ ਦੀ ਮੁਹਤਾਜ ਨਹੀਂ ਪਰ ਫਿਰ ਵੀ ਵੱਖ-ਵੱਖ ਆਚਾਰੀਆ ਨੇ ਭਗਤੀ ਦੀ ਪ੍ਰਕਾਰ ਵੰਡ ਵਿਭਿੰਨ ਵਰਗਾਂ ਵਿਚ ਕੀਤੀ ਹੈ ਜਿਹਨਾਂ ਵਿਚੋਂ ਆਚਾਰੀਆ ਨੇ ਭਗਤੀ ਦੇ ਸਾਧਨ ਅਤੇ ਸਾਧਯ ਪੱਖ ਨੂੰ ਸਾਹਮਣੇ ਰਖਦਿਆਂ ਮੁਖ ਰੂਪ ਵਿਚ ਭਗਤੀ ਦੇ ਦੋ ਭੇਦ ਦਿਤੇ ਹਨ:

1. ਗੌਣੀ ਭਗਤੀ/ਵੈਧੀ ਭਗਤੀ

2. ਪਰਾ- ਭਗਤੀ

ਆਚਾਰੀਆ ਰੂਪ ਗੋਸਵਾਮੀ ਨੇ ਭਗਤੀ ਨੂੰ ਦੋ ਭਾਗਾਂ ਵਿਚ ਵੰਡਿਆ ਹੈ:[24]

1. ਵੈਧੀ ਭਗਤੀ

2. ਰਾਗਾਨੁਗਾ ਭਗਤੀ

ਸ਼ਸ਼ਤਰਾਂ ਦੇ ਨਿਯਮਾਂ ਅਨੁਸਾਰ ਕੀਤੀ ਜਾਣ ਵਾਲੀ ਭਗਤੀ (ਸਾਧਨ ਪੱਖ ਦੀ ਭਗਤੀ) ਨੂੰ ਗੌਣੀ ਜਾਂ ਵੈਧੀ ਭਗਤੀ ਕਿਹਾ ਜਾਂਦਾ ਹੈ ਕਿਉਂਕਿ ਅਜਿਹੀ ਭਗਤੀ ਕਿਸੇ ਮਰਿਯਾਦਾ ਅਨੁਸਾਰ ਕੀਤੀ ਜਾਂਦੀ ਹੈ, ਇਸ ਲਈ ਇਸਨੂੰ ਮਰਿਯਾਦਾ ਭਗਤੀ ਵੀ ਕਿਹਾ ਜਾਂਦਾ ਹੈ ਜਦ ਕਿ ਜਿਸ ਭਾਵ ਅਧੀਨ ਪਰਮਾਤਮਾ ਦੇ ਪ੍ਰੇਮ ਵਿਚ ਅਪਾਰ ਰਸ ਦਾ ਅਨੁਭਵ ਹੁੰਦਾ ਹੈ, ਜਿਸ ਪ੍ਰੇਮ ਅਨੁਭੂਤੀ ਦੁਆਰਾ ਭਗਤ ਦੇ ਹਿਰਦੇ ਵਿਚ ਪਰਮ ਸ਼ਾਂਤੀ ਅਤੇ ਆਨੰਦ ਦੀ ਉੱਤਪਤੀ ਹੁੰਦੀ ਹੈ, ਉਸਨੂੰ ਪਰਾ ਭਗਤੀ ਜਾਂ ਰਾਗਾਨੁਗਾ ਭਗਤੀ ਕਹਿੰਦੇ ਹਨ। ਸ੍ਰੀ ਰੂਪ ਗੋਸਵਾਮੀ ਨੇ ਰਾਗਾਨੁਮਾ ਭਗਤੀ ਨੂੰ ਦੋ ਪ੍ਰਕਾਰ ਦੀ ਦੱਸਿਆ ਹੈ:

1. ਕਾਮ ਰੂਪੀ

2. ਸੰਬੰਧ ਰੂਪੀ

ਵਿਸ਼ੇ-ਰੋਗ ਤ੍ਰਿਸ਼ਨਾ ਦਾ ਨਾਮ ਕਾਮ ਹੈ। ਬੁਨਿਆਦੀ ਤੋਰ ਤੇ ਇੰਦਰੀਆਂ ਦੀ ਤ੍ਰਿਪਤੀ ਦੀ ਕਾਮਨਾ ਨਾ ਕਰਦਿਆਂ ਹੋਇਆ ਭਗਵਾਨ ਤੋਂ ਉਹਨਾਂ ਦੀ ਤ੍ਰਿਪਤੀ ਕਰਨ ਨੂੰ ਭਗਤੀ ਪੱਖ ਵਿਚ ਸ੍ਰੀ ਰੂਪ ਗੋਸਵਾਮੀ ਕਾਮ ਆਖਦੇ ਹਨ ਅਤੇ ਦਾਸ, ਸਖਾ, ਪਿਤਾ, ਮਾਤਾ, ਪੁੱਤਰ, ਪਤੀ ਆਦਿ ਦੇ ਸੰਬੰਧ ਵਿਚ ਜੋ ਕਾਮ ਰਹਿਤ ਪ੍ਰੇਮ ਹੈ, ਉਸਨੂੰ ਸੰਬੰਧ ਰੂਪੀ ਰਾਗਾਨੁਗਾ ਭਗਤੀ ਕਹਿੰਦੇ ਹਨ।

ਸ੍ਰੀਮਦ ਭਾਗਵਤ ਪੁਰਾਣ ਵਿਚ ਭਗਤੀ ਦੇ ਕਈ ਪ੍ਰਕਾਰ ਦਸੇ ਗਏ ਹਨ ਪਰ ਮਨੁੱਖ ਦੀਆਂ ਬਿਰਤੀਆਂ ਅਨੁਸਾਰ ਭਗਤੀ ਨੂੰ ਚਾਰ ਰੂਪਾਂ ਵਚ ਵੰਡਿਆਂ ਗਿਆ ਹੈ- ਤਾਮਸੀ ਭਗਤੀ, ਰਾਜਸੀ ਭਗਤੀ, ਸਾਤਵਿਕ ਭਗਤੀ ਅਤੇ ਨਿਸ਼ਕਾਮ ਜਾਂ ਨਿਰਗੁਣ ਭਗਤੀ। ਤਾਮਸੀ ਭਗਤੀ ਅਧੀਨ ਹਿੰਸਾ, ਕ੍ਰੋਧ ਆਦਿ ਦੇ ਵਸ ਹੋ ਕੇ ਭਗਤੀ ਕੀਤੀ ਜਾਂਦੀ ਹੈ। ਜਸ, ਐਸ਼ ਅਤੇ ਵਡਿਆਈ ਪ੍ਰਾਪਤ ਕਰਨ ਦੀ ਇਛਾ ਅਧੀਨ ਕੀਤੀ ਭਗਤੀ ਰਾਜਸੀ ਭਗਤੀ ਅਖਵਾਉਂਦੀ ਹੈ। ਜਦ ਕਿ ਨਿਰ-ਸੁਆਰਥ ਹੋ ਕੇ ਅਤੇ ਆਪਾ ਭਾਵ ਮਿਟਾ ਕੇ ਪ੍ਰਮਾਤਮਾ ਵਿਚ ਲੀਨ ਹੋ ਕੇ ਕੀਤੀ ਭਗਤੀ ਸਾਤਵਿਕ ਭਗਤੀ ਅਖਵਾਉਂਦੀ ਹੈ। ਪਰ ਜੋ ਭਗਤ ਪਰਮਾਤਮਾ ਦੇ ਗੁਣਾਂ ਨੂੰ ਸ੍ਰਵਣ ਕਰਨ ਦੇ ਨਾਲ ਨਾਲ ਪਰਮਾਤਮਾ ਨੂੰ ਸਭਨਾਂ ਵਿਚ ਬਿਰਾਜਮਾਨ ਮੰਨਦਾ ਹੈ ਅਤੇ ਆਪਣੀ ਕਰਮਗਤੀ ਨੂੰ ਇਕਸੁਰ ਭਾਵ ਨਾਲ ਪਰਮਾਤਮਾ ਪ੍ਰਤੀ ਅਰਪਣ ਕਰਦਾ ਹੈ ਉਸਨੂੰ ਨਿਸ਼ਕਾਮ ਜਾਂ ਨਿਰਗੁਣ ਭਗਤੀ ਕਹਿੰਦੇ ਹਨ।[25]

ਸ੍ਰੀਮਦ ਭਗਵਤ ਗੀਤਾ ਵਿਚ ਭਗਤੀ ਨੂੰ ਯੋਗ ਦੇ ਰੁਪਾਂਤਰਿਤ ਅਰਥਾਂ ਵਿਚ ਭਗਤੀ ਯੋਗ ਕਿਹਾ ਗਿਆ ਹੈ। ਇਸ ਗ੍ਰੰਥ ਵਿਚ ਸਰਗੁਣ ਅਤੇ ਨਿਰਗੁਣ ਪ੍ਰਮਾਤਮਾ ਦੇ ਸਰੂਪ ਦਾ ਜਿਕਰ ਹੋਇਆ ਹੈ। ਗੀਤਾ ਵਿਚ ਪ੍ਰਮਾਤਮਾ ਦੇ ਸਰਗੁਣ ਸਰੂਪ ਦੀ ਭਗਤੀ ਸਰਗੁਣ ਭਗਤੀ ਅਖਵਾਉਂਦੀ ਹੈ। ਸਰਗੁਣ ਤੋਂ ਭਾਵ ਜਦੋਂ ਧਰਤੀ ਤੇ ਧਰਮ ਦਾ ਨਾਸ਼ ਹੁੰਦਾ ਹੈ ਤਾਂ ਦੁਸ਼ਟਾਂ ਦਾ ਅੰਤ ਕਰਨ ਲਈ ਅਤੇ ਧਰਮ ਦੀ ਮੁੜ ਸਥਾਪਨਾ ਕਰਨ ਲਈ ਪ੍ਰਮਾਤਮਾ ਵਿਅਕਤ ਰੂਪ ਧਾਰਨ ਕਰਦਾ ਹੈ। ਇਹ ਪ੍ਰਮਾਤਮਾ ਦਾ ਸਰਗੁਣ ਸਰੂਪ ਹੈ ਜਦ ਕਿ ਪ੍ਰਮਾਤਮਾ ਦੇ ਨਿਰਗੁਣ ਸਰੂਪ ਦੀ

ਭਗਤੀ ਨਿਰਗੁਣ ਭਗਤੀ ਅਖਵਾਉਂਦੀ ਹੈ। ਨਿਰਗੁਣ ਤੋਂ ਭਾਵ ਪਰਮਾਤਮਾ ਦਾ ਉਹ ਸਰੂਪ ਜਿਸਦੀ ਆਪਣੀ ਕੋਈ ਇੰਦਰੀ ਨਹੀਂ ਪਰ ਫਿਰ ਵੀ ਉਸ ਵਿਚ ਇੰਦਰੀਆਂ ਦਾ ਆਭਾਸ ਵਿਦਮਾਨ ਹੈ, ਜੋ ਅਨਾਸਤਕ ਹੈ ਪਰ ਫਿਰ ਵੀ ਸਭ ਨੂੰ ਆਸਤਕ ਦੀ ਤਰ੍ਹਾਂ ਸੰਭਾਲੇ ਹੋਏ ਹੈ, ਉਹ ਖੁਦ ਪ੍ਰਕਿਰਤੀ ਦੇ (ਸਤ, ਰਜ, ਤਮ) ਗੁਣਾਂ ਤੋਂ ਰਹਿਤ ਹੈ ਪਰ ਫਿਰ ਵੀ ਇਨ੍ਹਾਂ ਨੂੰ ਭੋਗਣ ਵਾਲਾ ਹੈ। ਅਜਿਹਾ ਸਰੂਪ ਹੀ ਨਿਰਗੁਣ ਸਰੂਪ ਅਖਵਾਉਂਦਾ ਹੈ।[26]

ਸ਼੍ਰੀਮਤ ਭਗਵਤ ਗੀਤਾ ਵਿਚ ਭਗਤੀ ਨੂੰ ਕਈ ਰੂਪਾਂ ਵਿਚ ਪੇਸ਼ ਕੀਤਾ ਗਿਆ ਹੈ। ਜਿਵੇਂ-ਸੁਭਾਅ ਦੀਆਂ ਬਿਰਤੀਆਂ ਹਨ, ਉਸੇ ਤਰ੍ਹਾਂ ਭਗਤੀ ਦੇ ਵੀ ਵਿਭਿੰਨ ਭੇਦ ਪੇਸ਼ ਕੀਤੇ ਗਏ ਹਨ। ਗੀਤਾ ਵਿਚ ਭਗਵਾਨ ਦੇ ਨਿਰਗੁਣ ਤੇ ਸਗੁਣ ਦੋਹਾਂ ਰੂਪਾਂ ਵਿਚ ਭਗਤੀ ਦੀ ਚਰਚਾ ਹੈ। ਭਗਵਾਨ ਨੇ ਕਿਹਾ ਹੈ ਕਿ ਮੇਰੀ ਨਿਰਗੁਣ ਰੂਪ ਦੀ ਭਗਤੀ ਕਰਨ ਵਾਲੇ ਤੇ ਸਗੁਣ ਰੂਪ ਦੀ ਭਗਤੀ ਕਰਨ ਵਾਲੇ ਦੋਵੇਂ ਮੈਨੂੰ ਪ੍ਰਾਪਤ ਹੁੰਦੇ ਹਨ ਪਰ ਨਿਰਗੁਣ ਰੂਪ ਦੀ ਸਾਧਨਾ ਸਗੁਣ ਰੂਪ ਨਾਲੋਂ ਕਠਿਨ ਹੈ ਕਿਉਂ ਕਿ ਜਦੋਂ ਤੱਕ ਪ੍ਰਾਣੀ ਪੰਚ ਭੂਤਾ ਦੀ ਕੈਦ ਵਿਚ ਹੈ ਨਿਰਗੁਣ ਤੱਤ ਦੀ ਅਨੁਭੂਤੀ ਪੂਰਣ ਰੂਪ ਨਾਲ ਵਿਹਾਰ ਵਿਚ ਲਿਆਉਣੀ ਸੰਭਵ ਨਹੀਂ ਹੈ ਇਸ ਲਈ ਸਗੁਣ ਰੂਪ ਦੀ ਭਗਤੀ ਹੀ ਸਰਲ ਹੋਣ ਕਾਰਨ ਸ੍ਰੇਸ਼ਟ ਹੈ।[27] ਗੀਤਾ ਵਿਚ ਭਗਵਾਨ ਕ੍ਰਿਸ਼ਨ ਨੇ ਫੁਰਮਾਇਆ ਹੈ ਕਿ ਚਾਰ ਤਰ੍ਹਾਂ ਦੇ ਲੋਕ ਪ੍ਰਮਾਤਮਾ ਨੂੰ ਪ੍ਰਾਪਤ ਕਰਦੇ ਹਨ।

* ਆਰਤ
* ਜਗਿਆਸੂ
* ਅਰਥਾਰਥੀ
* ਗਿਆਨੀ

ਸੰਸਾਰ ਵਿਚ ਰਹਿੰਦਿਆਂ ਮਨੁੱਖ ਦੁੱਖਾਂ-ਤਕਲੀਫਾਂ ਵਿਚ ਫਸਿਆ ਰਹਿੰਦਾ ਹੈ। ਇਨ੍ਹਾਂ ਦੁੱਖਾਂ ਤੋਂ ਛੁਟਕਾਰਾ ਪ੍ਰਾਪਤ ਕਰਨ ਅਤੇ ਸੁੱਖ ਦੀ ਇੱਛਾ ਨਾਲ ਭਗਤੀ ਕਰਦਾ ਹੈ। ਇਸ ਨੂੰ ਆਰਤ ਭਗਤ ਕਹਿੰਦੇ ਹਨ। ਇੰਝ ਭਗਤੀ ਕਰਦਿਆਂ ਮਨੁੱਖ ਦੁੱਖਾਂ ਤੋਂ ਮੁਕਤ ਹੁੰਦਾ ਹੈ।

ਜਗਿਆਸੂ ਮਨੁੱਖ ਦਾ ਮਨੋਰਥ ਰਬੀ ਰੂਪ ਨੂੰ ਜਾਣਨਾ ਹੁੰਦਾ ਹੈ। ਜਗਿਆਸੂ ਨੂੰ ਦੁੱਖ-ਸੁੱਖ ਨਾਲ ਕੋਈ ਮਤਲਬ ਨੀ ਹੁੰਦਾ, ਉਹ ਬਸ ਬ੍ਰਹਮ ਦੀ ਭਗਤੀ ਵਿਚ ਮਗਨ ਰਹਿੰਦਾ ਹੈ।

ਅਰਥਾਰਥੀ ਭਗਤ ਮੁਫਤ ਵਿਚ ਪ੍ਰਮਾਤਮਾ ਦੀ ਆਰਧਨਾ ਨਹੀਂ ਕਰਦੇ, ਇਹਨਾਂ ਨੂੰ ਸਵਾਰਥੀ ਭਗਤ ਵੀ ਕਿਹਾ ਜਾਂਦਾ ਹੈ। ਕਿਸੇ ਖਾਸ ਮਕਸਦ ਲਈ ਹੀ ਪ੍ਰਮਾਤਮਾ ਦੀ ਅਰਾਧਨਾ ਕਰਦੇ ਹਨ।[28]

ਭਗਤੀ ਕਰਨ ਵਾਲੇ ਭਗਤਾਂ ਵਿਚੋਂ ਸਭ ਤੋਂ ਉੱਚਾ ਤੇ ਸਰਬੋਤਮ ਦਰਜਾ ਗਿਆਨੀ ਦਾ ਹੈ। ਗਿਆਨੀ ਪ੍ਰਮਾਤਮਾ ਨੂੰ ਸਰਬਵਿਆਪਕ ਮੰਨਦੇ ਹਨ। ਗੀਤਾ ਵਿਚ ਕਿਹਾ ਗਿਆ ਹੈ ਕਿ ਭਗਤੀ ਅਤੇ ਕਰਮ ਮਾਰਗ ਗਿਆਨ ਤੱਕ ਪਹੁੰਚਾਉਂਦੇ ਹਨ ਤੇ ਗਿਆਨ ਅਗੋਂ ਪ੍ਰਮਾਤਮਾ ਨਾਲ ਮੇਲ ਕਰਾਉਂਦਾ ਹੈ। ਇਸ ਲਈ ਸਭ ਤੋਂ ਉਤਮ ਕੋਟੀ ਦਾ ਭਗਤ ਗਿਆਨੀ ਹੈ ਜੋ ਨਿਹਕਾਮੀ (ਬਿਨਾਂ ਕਿਸੇ ਪ੍ਰਯੋਜਨ) ਹੋ ਕੇ ਪ੍ਰਮਾਤਮਾ ਦੀ ਭਗਤੀ ਕਰਦਾ ਹੈ।

ਹਿੰਦੂ ਸ਼ਾਸਤਰਾਂ ਵਿਚ 81 ਪ੍ਰਕਾਰ ਦੀ ਭਗਤੀ ਦਾ ਜ਼ਿਕਰ ਹੈ। ਇਨ੍ਹਾਂ ਦੇ ਨਾਮ ਭਗਤਾਂ ਦੇ ਸੰਸਾਰਕ ਹਾਲਾਤ ਤੇ ਉਨ੍ਹਾਂ ਦੀ ਭਿੰਨ-ਭਿੰਨ ਮਾਨਸਿਕ ਅਵਸਥਾ ਅਨੁਸਾਰ ਰੱਖੇ ਗਏ ਹਨ। ਇਨ੍ਹਾਂ ਇਕਾਸੀਆਂ ਵਿਚੋਂ ਨੌਆਂ ਦਾ ਜ਼ਿਕਰ ਪ੍ਰਚਲਿਤ ਪੁਸਤਕਾਂ ਵਿਚ ਆਇਆ। ਇਹ ਭਿੰਨ-ਭਿੰਨ ਭਗਤੀ ਜਾਂ ਪੂਜਾ ਕਰਨ ਸਮੇਂ ਭਗਤੀ ਦੀ ਅਵਸਥਾ ਅਨੁਸਾਰ ਹਨ। ਮੂਲ ਰੂਪ ਵਿਚ ਨਵਧਾ ਭਗਤੀ ਦਾ ਸਿਧਾਂਤ ਸ੍ਰੀਮਦ ਭਾਗਵਤ ਦੀ ਦੇਣ ਹੈ ਜਿਸ ਵਿਚ ਵਿਸ਼ਣੂੰ ਦੇ ਪਰਮ ਭਗਤ ਪ੍ਰਹਿਲਾਦ ਜੀ ਆਖਦੇ ਹਨ:

ਸ਼੍ਰਵਣਮ ਕੀਰਤਨਮ ਵਿਸ਼ਨੋ ਸਮਰਣਮ ਪਾਦਸੇਵਨ।।
ਅਰਚਨਮ ਵੰਦਨਮ ਦਾਸਯਮ ਸੰਖਿਆਤਮਮ ਨਿਵੇਦਮ।।[29]।

ਇਹ ਨੌਂ ਪ੍ਰਕਾਰ ਦੀ ਭਗਤੀ ਅਗੇ ਲਿਖੇ ਅਨੁਸਾਰ ਹੈ-

ੳ. ਸ਼੍ਰਵਣ ਭਗਤੀ

ਅ. ਰਾਗ ਦੁਆਰਾ (ਕੀਰਤਨ ਭਗਤੀ)

ੲ. ਧਿਆਨ ਦੁਆਰਾ (ਸਮਰਪਣ)

ਸ. ਜਾਤੀ ਸੇਵਾ ਦੁਆਰਾ (ਪਾਦ-ਸੇਵਨ)

ਹ. ਚੜ੍ਹਾਵੇ-ਭੇਟ ਰਾਹੀਂ (ਪੂਜਾ-ਅਰਚਨਾ)

ਕ. ਪੂਜਾ ਰਾਹੀਂ (ਵੇਦਨ)

ਖ. ਜਨਤਾ ਦੀ ਸੇਵਾ ਰਾਹੀਂ (ਦਾਸਯ ਭਗਤੀ)

ਗ. ਮਿਤ੍ਰ ਭਾਵ ਰਾਹੀਂ (ਸਖਾ ਭਗਤੀ)

ਘ. ਨਿੱਜ ਤਿਆਗ (ਅਰਪਨ) ਦੁਆਰਾ ਜਾਂ ਆਤਮ ਨਿਵੇਦਨ

**ੳ) ਸ਼੍ਰਵਣ ਭਗਤੀ**- ਪ੍ਰਮਾਤਮਾ ਦਾ ਨਾਮ, ਜੱਸ, ਮਹੱਤਵ, ਉਸਦੀ ਕਥਾ, ਚਰਿਤਰ, ਗੁਣ, ਗਿਆਨ ਆਦਿ ਨੂੰ ਵਿਸ਼ਵਾਸ ਅਤੇ ਸ਼ਰਧਾ ਪੂਰਵਕ ਸੁਣਨਾ ਹੀ ਸ਼੍ਰਵਣ ਭਗਤੀ ਹੈ।[30] ਇਹ ਸਭ ਕੁਝ ਬੇ-ਧਿਆਨੇ ਹੋ ਕੇ ਵੀ ਸੁਣਿਆ ਜਾਂਦਾ ਹੈ ਪਰ ਉਸ ਦਾ ਕੋਈ ਲਾਭ ਨਹੀਂ। ਸੁਣਨ ਤੋਂ ਭਾਵ ਹੈ ਪਰਮਾਤਮਾ ਨਾਲ ਇੱਕ ਜੁਟ ਹੋ ਕੇ ਉਸਦੇ ਸ਼ਬਦ ਨੂੰ ਸੁਣ ਕੇ ਹਿਰਦੇ ਵਿਚ ਵਸਾਉਣਾ ਹੈ। ਸ਼੍ਰਵਣ ਭਗਤੀ ਨੂੰ ਭਗਤੀ ਦੀ ਪਉੜੀ ਦਾ ਪਹਿਲਾ ਡੰਡਾ ਮੰਨਿਆ ਜਾਂਦਾ ਹੈ, ਸੰਪੂਰਨ ਕਾਰਜ ਸ਼੍ਰਵਣ ਤੋਂ ਹੀ ਆਰੰਭ ਹੁੰਦਾ ਹੈ।

**ਅ) ਰਾਗ ਦੁਆਰਾ (ਕੀਰਤਨ ਭਗਤੀ)**- ਕੀਰਤਨ ਦਾ ਭਗਤੀ ਵਿਚ ਬਹੁਤ ਮਹੱਤਵ ਹੈ। ਭਗਵਾਨ ਦੇ ਨਾਮ, ਗੁਣ, ਮਹਾਤਮ, ਲੀਲਾ, ਭਗਵਦ ਭਗਤੀ ਦੇ ਜਸ ਦਾ ਪ੍ਰੇਮ ਅਤੇ ਸ਼ਰਧਾ ਨਾਲ ਕਥਨ, ਉਸਤਤੀ ਉੱਚੇ ਸੁਰ ਨਾਲ ਪਾਠ ਅਤੇ ਗਾਇਨ ਕਰਨਾ ਕੀਰਤਨ ਅਖਵਾਉਂਦਾ ਹੈ।[31]

**ਏ) ਧਿਆਨ ਜਾਂ ਸਿਮਰਨ ਦੁਆਰਾ ਭਗਤੀ**- ਸਿਮਰਨ ਭਗਤੀ ਭਗਵਾਨ ਦਾ ਨਾਮ-ਜਪ ਵਿਸ਼ੇਸ਼ ਅਤੇ ਮਹੱਤਵਪੂਰਨ ਸਥਾਨ ਰਖਦਾ ਹੈ। ਸਾਧਨ ਦੀ ਬਿਰਤੀ ਸਿਮਰਨ ਅਤੇ ਧਿਆਨ ਵਿਚ ਇੰਨੀ ਰਮ ਜਾਂਦੀ ਹੈ ਕਿ ਚਲਦਿਆਂ-ਫਿਰਦਿਆਂ, ਸੌਂਦਿਆਂ, ਜਾਗਦਿਆਂ ਦੇਵ ਦਾ ਧਿਆਨ ਬਰਾਬਰ ਰਹਿੰਦਾ ਹੈ।[32]

**ਸ) ਜਾਤੀ ਸੇਵਾ ਦੁਆਰਾ ਜਾਂ ਪਾਦ ਸੇਵਨ ਭਗਤੀ**- ਜੋ ਸੇਵਾ ਇਕ ਸੁਆਮੀ-ਭਗਤ ਸੇਵਕ ਆਪਣੇ ਸੁਆਮੀ ਦੀ ਕਰਦਾ ਹੈ। ਸ਼ਰਧਾ ਪੂਰਵਕ ਸੁਆਮੀ ਦੇ ਚਰਣਾਂ ਵਿਚ ਆਪਣਾ ਮਨ ਲਗਾ ਕੇ ਭਗਵਾਨ ਦੇ ਪ੍ਰਤੀ ਭਗਤ ਦੀ ਉਹੀ ਜਾਤੀ ਸੇਵਾ-ਪਾਦ ਜਾਂ ਸੇਵਨ ਭਗਤੀ ਅਖਵਾਉਂਦੀ ਹੈ। ਇਸ ਸੇਵਾ ਦੇ ਲਈ ਸਗੁਣ ਭਗਤੀ ਦੇ ਸਮਰਥਕਾਂ ਨੇ ਬਾਹਰੀ ਜਾਂ ਪ੍ਰਤੱਖ ਸਰੂਪ ਉੱਪਰ ਵਿਸ਼ੇਸ਼ ਜ਼ੋਰ ਦਿੱਤਾ ਹੈ। ਅਰਥਾਤ ਕਿਸੇ ਮੂਰਤੀ ਨੂੰ ਆਧਾਰ ਮੰਨ ਕੇ ਪਾਦ ਸੇਵਨ ਦਾ ਉਪਦੇਸ਼ ਦਿੱਤਾ ਹੈ।[33]

**ਹ) ਚੜ੍ਹਾਵੇ-ਭੇਟ ਰਾਹੀਂ ਭਗਤੀ ਜਾਂ ਅਰਚਨ**- ਸ਼ਰਧਾ ਅਤੇ ਆਦਰ-ਪੂਰਬਕ ਭਗਵਾਨ ਦੇ ਸਗੁਣ ਸਰੂਪ ਦੀ, ਉਸਦੇ ਕਿਸੇ ਅਵਤਾਰ ਦੀ ਪੂਜਾ ਅਰਚਾ ਆਦਿ ਅਰਚਨ ਭਗਤੀ ਅਖਵਾਉਂਦੀ ਹੈ। ਇਹ ਦੋ ਤਰ੍ਹਾਂ ਦੀ ਹੋ ਸਕਦੀ ਹੈ- ਪਹਿਲੀ ਵਿਚ ਭਗਵਾਨ ਦੀ ਮੂਰਤੀ ਦੇ ਕੋਮਲ ਅੰਗਾਂ ਨੂੰ ਸੁਗੰਧਤ ਕਰਨਾ, ਆਪਣੇ ਆਪ ਨੂੰ ਪਿਆਰੇ ਲੱਗਣ ਵਾਲੇ ਸਾਰੇ ਪਦਾਰਥਾਂ ਨੂੰ ਉਸ ਪ੍ਰਤੀ ਅਰਪਨ ਕਰਨਾ। ਦੂਜੀ ਕਿਸਮ ਵਿਚ ਸੁੱਤੇ ਸਿੱਧ ਹੀ ਮਾਨਸਿਕ ਅਰਚਾ ਪੂਜਾ ਹੁੰਦੀ ਰਹਿੰਦੀ ਹੈ ਅਤੇ ਵਸਤੂਆਂ ਦਾ ਅਰਪਣ ਵੀ ਮਾਨਸਿਕ ਹੁੰਦਾ ਹੈ।[34]

**ਕ) ਪੂਜਾ ਰਾਹੀਂ (ਵੇਦਨ ਭਗਤੀ)**- ਵੇਦਨ ਭਗਤੀ ਦਾ ਸਬੰਧ ਵੀ ਮੂਲ ਰੂਪ ਵਿਚ ਮੂਰਤੀ ਪੂਜਾ ਨਾਲ ਹੀ ਹੈ। ਭਗਵਾਨ ਦੀ ਮੂਰਤੀ ਦੇ ਸਨਮੁਖ ਡੰਡਉਤ ਬੰਦਨਾਂ ਕਰਨਾ ਇਸੇ ਵਿਚ ਸ਼ਾਮਿਲ ਹੈ।[35] ਭਗਤ ਆਪਣੇ ਪਿਆਰੇ ਨੂੰ ਬਾਰ-ਬਾਰ ਪਰਿਣਾਮ ਜਾਂ ਨਮਸਕਾਰ ਕਰਦਾ ਹੈ, ਆਪਣੀ ਸ਼ਰਧਾ ਪ੍ਰਗਟਾਉਣ ਲਈ ਅਤੇ ਉਸਦੀ ਕ੍ਰਿਪਾ ਦਾ ਪਾਤਰ ਬਣਨ ਲਈ।

**ਖ) ਜਨਤਾ ਦੀ ਸੇਵਾ ਰਾਹੀਂ (ਦਾਸ ਭਗਤੀ)**- ਆਪਣੇ ਆਪ ਨੂੰ ਦਾਸ, ਭਿਖਾਰੀ ਅਤੇ ਪ੍ਰਭੂ ਨੂੰ ਸੁਆਰਨ ਅਤੇ ਦਾਤਾ ਸਮਝ ਕੇ ਕੀਤੀ ਗਈ ਭਗਤੀ ਨੂੰ ਦਾਸ ਭਗਤੀ ਕਹਿੰਦੇ ਹਨ। ਦਾਸ

ਭਾਵ ਦੀਆਂ ਤਿੰਨ ਅਵਸਥਾ ਮੰਨੀਆਂ ਹਨ: ਅਧਿਭੋਤਿਕ, ਅਧਿਦੈਵਿਕ ਅਤੇ ਅਧਿਆਤਮਿਕ। ਪਹਿਲੀ ਵਿਚ ਉਪਾਸਦੇਵ ਦੀ ਸੇਵਾ ਸੰਸਾਰਕ ਫਲ ਦੀ ਪ੍ਰਾਪਤੀ ਲਈ ਕੀਤੀ ਜਾਂਦੀ ਹੈ। ਦੂਜੀ ਵਿਚ ਇਹ ਸੇਵਾ ਮੋਖ ਪ੍ਰਾਪਤੀ ਲਈ ਕੀਤੀ ਜਾਂਦੀ ਹੈ। ਤੀਜੀ ਅਵਸਥਾ ਵਿਚ ਉਪਾਸਦੇਵ ਦੀ ਸੇਵਾ ਪ੍ਰੇਮ ਭਾਵਨਾ ਤੋਂ ਪ੍ਰੇਰਿਤ ਅਤੇ ਸੁਆਰਥ ਰਹਿਤ ਹੋ ਕੇ ਕੀਤੀ ਜਾਂਦੀ ਹੈ। ਇਹ ਅਧਿਆਤਮਿਕ ਦਾਸ, ਹੀ ਦਾਸ ਭਗਤੀ ਦਾ ਆਧਾਰ ਹੈ। ਸੰਸਾਰਕ ਮਾਲਕ ਨੌਕਰ ਦਾ ਭਾਵ ਉਸ ਦਾਸ ਭਾਵ ਦਾ ਮੁਕਾਬਲਾ ਨਹੀਂ ਕਰ ਸਕਦਾ।[36]

**ਗ) ਮਿੱਤਰ ਭਾਵ ਰਾਹੀਂ (ਸਖਾ ਭਗਤੀ)**- ਦਾਸ ਭਗਤੀ ਪ੍ਰਭੂ ਅਤੇ ਭਗਤ ਵਿਚਾਲੇ ਪਏ ਪਾੜ ਨੂੰ ਦੂਰ ਕਰਦੀ ਹੈ ਜਦੋਂ ਇਹ ਪਾੜ ਲਗਭਗ ਖਤਮ ਹੋ ਜਾਂਦਾ ਹੈ ਅਤੇ ਪ੍ਰਭੂ ਤੇ ਭਗਤ ਵਿਚਾਲੇ ਅਤਿ ਦੀ ਨੇੜਤਾ ਆ ਜਾਂਦੀ ਹੈ, ਉਦੋਂ ਸਖਾ ਭਗਤੀ ਦਾ ਖੇਤਰ ਸ਼ੁਰੂ ਹੋ ਜਾਂਦਾ ਹੈ। ਲੌਕਿਕ ਵਿਵਹਾਰ ਵਿਚ ਜੋ ਮਿਤੱਰਤਾ ਦਾ ਆਦਰਸ਼ ਪੇਸ਼ ਕੀਤਾ ਜਾਂਦਾ ਹੈ ਉਸੇ ਆਦਰਸ਼-ਭਾਵ ਨੂੰ ਸਖਾ ਭਗਤੀ ਵਿਚ ਭਗਤ ਭਗਵਾਨ ਦੇ ਪ੍ਰਤੀ ਰਖਦਾ ਹੈ।[37]

**ਘ) ਨਿੱਜ ਤਿਆਗ (ਅਰਪਨ) ਦੁਆਰਾ ਜਾਂ ਆਤਮ-ਨਿਵੇਦਨ ਭਗਤੀ**- ਪ੍ਰਮਾਤਮਾ ਦੀ ਸ਼੍ਰਣ ਵਿੱਚ ਜਾ ਕੇ ਆਪਣੇ ਆਪ ਨੂੰ ਸੰਪੂਰਨ ਭਾਂਤ ਉਸਦੇ ਪ੍ਰਤੀ ਸਮਰਪਣ ਕਰ ਦੇਣ ਨੂੰ ਆਤਮ ਨਿਵੇਦਣ ਜਾਂ ਨਿੱਜ ਤਿਆਗ ਕਹਿੰਦੇ ਹਨ। ਇਹ ਭਾਵ ਭਗਤੀ ਦੇ ਤੱਤਾਂ ਵਿਚੋਂ ਸਰਵ ਸ਼੍ਰੇਸ਼ਟ ਅਤੇ ਮਹੱਤਵਪੂਰਨ ਮੰਨਿਆਂ ਜਾਂਦਾ ਹੈ। ਇਸ ਵਿਚ ਤਨ ਅਤੇ ਧੰਨ ਸਭ ਕੁਝ ਅਰਪਨ ਹੁੰਦਾ ਹੈ।[38]

ਨਵਧਾ ਭਗਤੀ ਦੇ ਅੰਤਰਗਤ ਆਉਣ ਵਾਲੀ ਭਗਤੀ ਦਾ ਸੰਬੰਧ ਪ੍ਰਭੂ ਦੇ ਸਾਖਿਆਤ ਸਰੂਪ ਅਰਥਾਤ ਮੂਰਤੀ ਨਾਲ ਹੈ ਅਤੇ ਦਾਸ, ਸਖਾ ਅਤੇ ਆਤਮ ਨਿਵੇਦਨ ਭਗਤੀ ਦੇ ਭਾਵ ਹਨ। ਇੰਝ ਇਹ ਨੌਂ ਪ੍ਰਕਾਰ ਦੀ ਭਗਤੀ ਵਾਸਤਵ ਵਿਚ ਪ੍ਰਭੂ ਦੇ ਨਾਮ ਉਸਦੇ ਸਰੂਪ ਅਤੇ ਉਸ ਪ੍ਰਤੀ ਭਾਵਾਂ ਦਾ ਵਿਸਥਾਰ ਹੈ।[39] ਇਸ ਸੰਬੰਧੀ ਗੁਰਮਤਿ ਸਾਹਿਤ ਵਿਚ ਭਗਤੀ ਦੀਆਂ ਭਿੰਨ-ਭਿੰਨ ਕਿਸਮਾਂ ਦੀ ਪੁਸ਼ਟੀ ਕਰਦਿਆਂ ਗੁਰੂ ਅਰਜਨ ਦੇਵ ਜੀ ਨੇ ਜ਼ਿਕਰ ਕੀਤਾ ਹੈ-

ਭਗਤਿ ਨਵੈ ਪ੍ਰਕਾਰਾ॥[40]

ਗੁਰੂ ਸਾਹਿਬਾਨ ਭਗਤੀ ਦੀ ਪ੍ਰਕਾਰ ਵੰਡ ਵਿਚ ਵਿਸ਼ਵਾਸ ਨਹੀਂ ਰੱਖਦੇ ਉਨ੍ਹਾਂ ਲਈ ਭਗਤੀ ਨਿਰੰਤਰ ਜਾਪ ਅਤੇ ਪ੍ਰੇਮ ਹੈ। ਉਨ੍ਹਾਂ ਦੀਆਂ ਰਚਨਾਵਾਂ ਵਿਚੋਂ ਅਜਿਹੀਆਂ ਅਣਗਿਣਤ ਉਦਾਹਰਣਾਂ ਮਿਲਦੀਆਂ ਹਨ, ਜਿਨ੍ਹਾਂ ਵਿਚ ਸ਼੍ਰਵਣ, ਕੀਰਤਨ, ਸਿਮਰਨ, ਚਰਨ ਸੇਵਾ ਡੰਡੋਤ ਆਦਿ ਦੇ ਮਹੱਤਵ ਨੂੰ ਵਿਸਥਾਰ ਨਾਲ ਬਿਆਨਿਆ ਗਿਆ ਹੈ ਅਤੇ ਪ੍ਰਮਾਤਮਾ ਨਾਲ ਭਿੰਨ-ਭਿੰਨ ਪ੍ਰਕਾਰ ਦੇ ਸੰਬੰਧ ਸਥਾਪਿਤ ਕਰਕੇ ਉਸਦੀ ਆਰਾਧਨਾ ਕੀਤੀ ਗਈ ਹੈ ਪ੍ਰੰਤੂ ਗੁਰਬਾਣੀ ਵਿਚੋਂ ਅਜਿਹਾ ਕੋਈ ਸੰਦੇਸ਼ ਨਹੀਂ ਮਿਲਦਾ ਜਿਸ ਤੋਂ ਭਗਤੀ ਦੀਆਂ ਕਿਸਮਾਂ ਬਾਰੇ ਜਾਣਕਾਰੀ ਪ੍ਰਾਪਤ ਹੋਵੇ।[41]

ਗੁਰੂ ਅਰਜਨ ਦੇਵ ਜਦੋਂ ਸੁਖਮਨੀ ਬਾਣੀ ਦੀ ਇੱਕ ਅਸ਼ਟਪਦੀ ਵਿਚ ਹੋਰ ਸਾਧਨਾਂ ਦੀ ਅਸਾਰਥਕ ਕਹਿੰਦੇ ਹਨ ਤਾਂ 'ਭਗਤੀ ਨਵੈ ਪ੍ਰਕਾਰਾ' ਬਾਰੇ ਵੀ ਇਹੀ ਵਿਚਾਰ ਪ੍ਰਗਟ ਕਰਦੇ ਹਨ। ਵਾਸਤਵ ਭਗਤੀ ਕਿਸਮਾਂ ਵਿਚ ਵੰਡੀ ਨਹੀਂ ਜਾ ਸਕਦੀ, ਜਿਸ ਤਰ੍ਹਾਂ ਪਰਮਾਤਮਾ ਦੀ ਸ਼ਕਤੀ ਦੀਆਂ ਕਿਸਮਾਂ ਨਹੀਂ ਹੋ ਸਕਦੀਆਂ ਉਹ ਆਪ ਇਕ ਹੈ ਅਤੇ ਉਸਦੀ ਭਗਤੀ ਵੀ ਇੱਕੋ ਹੈ ਅਤੇ ਉਹ ਹੈ-ਭਾਵ ਭਗਤੀ। ਸ਼ੁੱਧ ਜਾਂ ਉਜਵਲ ਰਤੀ, ਰਤੀ ਦੁਆਰਾ ਉਦੀਪਤ ਭਾਵ ਭਗਤ ਤੋਂ ਸਿਵਾਇ ਹੋਰ ਕਿਸੇ ਕਿਸਮ ਦੀ ਭਗਤੀ ਸੰਪੂਰਣ ਜਾਂ ਜੀਵ ਦੀ ਮੁਕਤੀ ਲਈ ਸਹਿਯੋਗੀ ਨਹੀਂ।[42] ਗੁਰੂ ਨਾਨਕ ਦੇਵ ਜੀ ਨੇ ਉੱਚਾ ਆਤਮਕ ਜੀਵਨ ਬਣਾਉਣ ਲਈ ਸੇਵਾ, ਸਿਮਰਨ ਦੇ ਕੰਮ ਕਰਨ ਲਈ ਤੀਰਥ, ਵਰਤ, ਸੁਚਿ, ਸੰਜਮ, ਪੂਜਾ ਆਦਿ ਧਾਰਮਿਕ ਕਰਮ ਕਾਂਡ ਦਾ ਖੰਡਨ ਕੀਤਾ ਹੈ :-

ਤੀਰਥ ਵਰਤ ਸੁਚਿ ਸੰਜਮੁ ਨਾਹੀ ਕਰਮੁ ਧਰਮੁ ਨਹੀ ਪੂਜਾ॥[43]

ਗਿਆਨੀ ਗਿਆਨ ਸਿੰਘ ਪੰਥ-ਪ੍ਰਕਾਸ਼ ਵਿੱਚ ਚਾਰ ਪ੍ਰਕਾਰ ਦੀ ਭਗਤੀ ਸੰਬੰਧੀ ਕਥਨ ਕਰਦੇ ਹਨ। ਪਹਿਲੀ ਹੈ ਸੇਵਕ ਭਾਵਨਾ ਵਾਲੀ, ਅਕਾਲ ਪੁਰਖ ਨੂੰ ਸਵਾਮੀ ਮੰਨਣਾ। ਦੂਜੀ ਹੈ ਪਿਤਾ-ਪੁੱਤਰ ਵਾਲੀ, ਅਕਾਲ ਪੁਰਖ ਨੂੰ ਪਿਤਾ ਮੰਨਣਾ। ਤੀਜੀ ਹੈ- ਇਸਤਰੀ ਭਾਵਨਾ ਵਾਲੀ, ਪ੍ਰਮਾਤਮਾ ਨੂੰ ਪਤੀ ਮੰਨਣਾ। ਚੌਥੀ ਹੈ- ਸਖਾ-ਭਾਵਨਾ ਵਾਲੀ, ਪਰਮਾਤਮਾ ਨੂੰ ਮਿੱਤਰ

ਮੰਨਣਾ।[44] ਗੁਰੂ ਗੋਬਿੰਦ ਸਿੰਘ ਜੀ ਨੇ ਇਨ੍ਹਾਂ ਚੌਹਾਂ ਭਾਵਾਂ ਨੂੰ ਬਚਿੱਤਰ ਨਾਟਕ ਅਤੇ ਰਾਮਕਲੀ ਪਾਤਸ਼ਾਹੀ ੧੦ (ਸ਼ਬਦ ਹਜ਼ਾਰੇ) ਰਚਨਾਂ ਦੇ ਅੰਤਰਗਤ ਦਰਸਾਇਆ ਹੈ-

**ਸੇਵਕ ਤੇ ਸਵਾਮੀ ਭਾਵ-**

"ਠਾਢ ਭਯੋ ਮੈਂ ਜੋਰਿ ਕਰਿ ਬਚਨ ਕਹਾ ਸਿਰ ਨਯਾਇ।।[45]

**ਪਿਤਾ-ਪੁੱਤਰ ਭਾਵ ਵਾਲੀ ਭਗਤੀ-**

"ਮੈਂ ਆਪਨ ਸੁਤ ਤੋਹਿ ਨਿਵਾਜਾ।।[46]

**ਪਤੀ-ਪਤਨੀ ਭਾਵ ਵਾਲੀ-**

ਇਹ ਬਿਧਿ ਕਰਤ ਤੱਪਸਿਆ ਭਯੋ,

ਦ੍ਵੈ ਤੇ ਏਕ ਰੂਪ ਹ੍ਵੈ ਗਯੋ।।[47]

**ਸਖਾ-ਭਾਵ ਵਾਲੀ ਭਗਤੀ-** ਜਿਸ ਵਿਚ ਕਰਤਾਰ ਨੂੰ ਮਿੱਤਰ ਜਾਣ ਕੇ ਭਗਤੀ ਕੀਤੀ ਜਾਂਦੀ ਹੈ-

ਯਾਰੜੇ ਦਾ ਸਾਨੂੰ ਸੱਥਰੁ ਚੰਗਾ

ਭੱਠ ਖੇੜਿਆਂ ਦਾ ਰਹਿਣਾ।।[48]

ਇਸੇ ਪ੍ਰਕਾਰ ਭਗਤੀ ਦੇ ਵੱਖ-ਵੱਖ ਮੱਤਾਂ ਅਤੇ ਸੂਤਰਾਂ ਵਿਚ ਭਗਤੀ ਦੀਆਂ ਵਿਭਿੰਨ ਕਿਸਮਾਂ ਹਨ। ਕਿਸਮਾਂ ਵਿਚ ਵਿਭਿੰਨਤਾ ਹੋਣ ਦੇ ਬਾਵਜੂਦ ਵੀ ਭਗਤੀ ਦੀ ਮੁੱਖ ਆਸ਼ਾ ਉਸ ਅਕਾਲ ਪੁਰਖ ਨਾਲ ਜੁੜਨਾ ਹੈ, ਪ੍ਰਮਾਤਮਾ ਨੂੰ ਪਾਉਣਾ ਹੈ। ਪਰਮਾਤਮਾ ਨੂੰ ਪਾਉਣ ਲਈ ਭਗਤੀ ਬਹੁਤ ਜ਼ਰੂਰੀ ਹੈ ਅਤੇ ਭਗਤੀ ਦੇ ਕਈ ਸਾਧਨ ਹਨ- ਜਿਵੇਂ ਵਿਸ਼ਿਆਂ ਵਿਚ ਲੀਨਤਾ ਦਾ ਤਿਆਗ, ਅਖੰਡ ਭਜਨ, ਭਗਵਾਨ ਕਿਰਪਾ, ਨਾਸਤਿਕਾਂ ਅਤੇ ਮਨਮੁਖਾਂ ਦਾ ਸੰਗ ਤਿਆਗ, ਅਭਿਮਾਨ ਅਤੇ ਦੰਭ ਦਾ ਤਿਆਗ, ਅਹਿੰਸਾ, ਸੱਚ, ਦਇਆ ਆਸਤਿਕਤਾ ਆਦਿ ਸਦਾਚਾਰਕ ਗੁਣਾਂ ਦੀ ਪਾਲਣਾ ਸਤਿਸੰਗ ਅਤੇ ਗੁਰੂ ਹੈ।

## 2.1.5. ਮਧਕਾਲੀ ਪੰਜਾਬੀ ਸਾਹਿਤ ਵਿਚ ਭਗਤੀ ਦੇ ਰੂਪ

ਭਗਤੀ ਦੀ ਉੱਤਪਤੀ, ਆਰੰਭ ਅਤੇ ਵਿਕਾਸ ਆਦਿ ਕਾਲ ਵਿਚ ਹੋ ਗਿਆ ਸੀ ਪਰ ਇਸਦਾ ਵਿਕਸਿਤ ਰੂਪ ਮੱਧਕਾਲ ਵਿਚ ਦੇਖਣ ਨੂੰ ਮਿਲਦਾ ਹੈ। ਪੰਜਾਬੀ ਸਾਹਿਤ ਦਾ ਮੱਧਕਾਲ ਬਹੁਤ ਗੌਰਵਮਈ ਅਤੇ ਅਮੀਰ ਵਿਰਸਾ ਹੈ ਜਿਸਦਾ ਮਹੱਤਵ ਕੇਵਲ ਸਾਹਿਤਕ ਪੱਖ ਤੋਂ ਹੀ ਨਹੀਂ ਸਗੋਂ ਧਾਰਮਿਕ, ਇਤਿਹਾਸਿਕ, ਸਭਿਆਚਾਰਕ ਅਤੇ ਸਿਆਸੀ ਆਦਿ ਅਨੇਕਾਂ ਪੱਖਾਂ ਤੋਂ ਵੀ ਹੈ। ਭਾਰਤੀ ਇਤਿਹਾਸ ਦੇ ਮੱਧਕਾਲ ਵਿਚ ਹੀ ਵੱਖ-ਵੱਖ ਪ੍ਰਦੇਸਾਂ ਵਿਚ ਬੋਲੀਆਂ ਜਾਣ ਵਾਲੀਆਂ ਆਧੁਨਿਕ ਭਾਸ਼ਾਵਾਂ ਨੇ ਜਨਮ ਲਿਆ। ਇਸ ਤੋਂ ਪਹਿਲਾਂ ਭਾਰਤ ਵਿਚ ਸੰਸਕ੍ਰਿਤ, ਪ੍ਰਾਕਿਰਤਾਂ ਅਤੇ ਅਪਭ੍ਰੰਸ਼ ਭਾਸ਼ਾਵਾਂ ਦਾ ਪ੍ਰਯੋਗ ਹੁੰਦਾ ਰਿਹਾ ਸੀ। 1000 ਈ. ਨੂੰ ਭਾਰਤ ਵਿਚ ਲਗਭਗ ਆਧੁਨਿਕ ਭਾਰਤੀ ਭਾਸ਼ਾਵਾਂ ਦਾ ਵਿਕਾਸ ਸ਼ੁਰੂ ਹੋਇਆ ਅਤੇ 19ਵੀਂ ਸਦੀ ਦੇ ਅੱਧ ਤਕ ਇਹਨਾਂ ਭਾਸ਼ਾਵਾਂ ਨੇ ਕਾਫੀ ਵਿਕਾਸ ਕਰ ਲਿਆ ਸੀ।[49] ਇਸੇ ਕਰਕੇ ਇਸ ਕਾਲ ਨੂੰ ਪਰਮਿੰਦਰ ਸਿੰਘ ਅਤੇ ਹੋਰ ਇਤਿਹਾਸਕਾਰਾਂ ਨੇ ਸਾਹਿਤ ਦਾ ਸੁਨਿਹਰੀ ਕਾਲ (ਮੱਧਕਾਲ) ਕਿਹਾ ਹੈ। ਇਸ ਕਾਲ ਵਿਚ ਨਾਥ ਜੋਗੀਆਂ ਦੀ ਕਾਵਿ ਧਾਰਾ, ਸੂਫੀ ਕਾਵਿ ਧਾਰਾ, ਭਗਤੀ ਕਾਵਿ ਧਾਰਾ, ਗੁਰਮਤਿ ਕਾਵਿ ਧਾਰਾ, ਲੋਕ ਕਾਵਿ ਧਾਰਾ ਅਤੇ ਬੀਰ ਕਾਵਿ ਧਾਰਾ ਦਾ ਜਨਮ ਅਤੇ ਵਿਕਾਸ ਹੋਇਆ।

**ਨਾਥ ਜੋਗੀ ਕਾਵਿ-ਧਾਰਾ**: ਪੰਜਾਬੀ ਸਾਹਿਤ ਦਾ ਮੁੱਢ ਨਾਥ ਜੋਗੀਆਂ ਦੇ ਸਾਹਿਤ ਨਾਲ ਹੁੰਦਾ ਹੈ। ਇਹ ਕੰਨ-ਪਾਟੇ ਜੋਗੀ ਤੇ ਨਾਥ ਅਠਵੀਂ, ਨੌਵੀਂ ਤੇ ਦਸਵੀਂ ਸਦੀ ਵਿਚ ਉੱਤਰ-ਪੱਛਮੀ ਭਾਰਤ ਵਿਚ ਵਿਚਰਦੇ ਰਹੇ ਅਤੇ ਇਹਨਾਂ ਨਾਥ-ਜੋਗੀਆਂ ਨੇ ਲੋਕਾਂ ਵਿਚੋਂ ਅਯਾਸ਼ੀ ਦੂਰ ਕਰਨ ਦਾ ਯਤਨ ਕੀਤਾ, ਰਾਜਿਆਂ ਨੂੰ ਆਪਣੇ ਸ਼ਿਸ਼ ਬਣਾ ਕੇ ਸੁਧਾਰਿਆ, ਵਰਣ ਭੇਦ ਮਿਟਾਇਆ। ਬਹੁਤ ਸਾਰੇ ਮੁਸਲਮਾਨ ਵੀ ਜੋਗੀ ਬਣ ਗਏ।[50] ਡਾ. ਮੋਹਨ ਸਿੰਘ ਨੇ ਇਸੇ ਹੀ ਦਿਸ਼ਾ ਵਿਚ ਖੋਜ ਕਰਦਿਆਂ ਹੋਇਆਂ ਪੰਜਾਬੀ ਸਾਹਿਤ ਦਾ ਮੁੱਢ ਦਸਵੀਂ ਸਦੀ ਦੇ ਲਾਗੇ ਚਾਗੇ ਹੋਏ ਨਾਥ ਜੋਗੀਆਂ ਦੀ ਬਾਣੀ ਤੋਂ ਮੰਨਿਆ ਹੈ। ਇਨ੍ਹਾਂ ਨਾਥ-ਜੋਗੀਆਂ ਦੀ ਭਾਸ਼ਾ ਅਪਭ੍ਰੰਸ਼ ਅਤੇ ਆਧੁਨਿਕ ਭਾਸ਼ਾ ਦੇ ਸੰਧੀਕਾਲ ਦਾ ਪ੍ਰਮਾਣ ਪੇਸ਼ ਕਰਦੀ ਹੈ। ਇਸ ਤੋਂ ਬਿਨਾਂ ਇਹ ਭਾਸ਼ਾ ਪੰਜਾਬ, ਰਾਜਸਥਾਨ, ਉਤਰੀ ਭਾਰਤ ਦੇ ਦੂਰ ਦੁਰਾਡੇ ਇਲਾਕਿਆਂ ਵਿਚ ਬੋਲੀਆਂ ਜਾਣ

ਵਾਲੀਆਂ ਭਾਸ਼ਾਵਾਂ ਦਾ ਮਿਸ਼ਰਣ ਹੈ। ਇਸਦਾ ਮੂਲ ਕਾਰਣ ਇਹ ਹੈ ਕਿ ਨਾਥ ਜੋਗੀ ਰਮਤੇ ਸਾਧੂਆਂ ਵਾਂਗ ਇਸ ਵਿਸ਼ਾਲ ਭਾਸ਼ਾ ਖੇਤਰ ਵਿਚ ਵਿਚਰਦੇ ਸਨ, ਜਿਸ ਨਾਲ ਉਹਨਾਂ ਦੀ ਭਾਸ਼ਾ ਦਾ ਸੁਭਾਅ ਬਹੁਭਾਸ਼ੀ ਹੋ ਗਿਆ।[51]

ਨਾਥ ਜੋਗੀ ਗ੍ਰਹਿਸਥ ਦਾ ਤਿਆਗ ਕਰਕੇ ਜੰਗਲਾਂ ਬੇਲਿਆਂ ਵਿਚ ਭਗਤੀ ਕਰਦੇ ਸਨ। ਬੇਸ਼ਕ ਨਾਥ-ਜੋਗੀ ਔਰਤ ਦੀ ਨਿੰਦਿਆਂ ਕਰਦੇ ਸਨ, ਗ੍ਰਹਿਸਥ ਦਾ ਤਿਆਗ ਕਰਦੇ ਸਨ ਪਰ ਇਸ ਸਭ ਪਿੱਛੇ ਉਹਨਾਂ ਦਾ ਮਨੋਰਥ ਪ੍ਰਮਾਤਮਾ ਦੀ ਪ੍ਰਾਪਤੀ ਸੀ। ਪ੍ਰਮਾਤਮਾ ਦੀ ਪ੍ਰਾਪਤੀ ਲਈ ਇਹ ਲੋਕ ਇਹਨਾਂ ਸਭ ਵਸਤਾਂ ਤੋਂ ਦੂਰ ਰਹਿਣ ਦਾ ਉਪਦੇਸ਼ ਦਿੰਦੇ ਸਨः

ਜੋ ਘਰ ਤਿਆਗ ਕਹਾਵੈ ਜੋਗੀ,
ਘਰ ਵਾਸੀ ਕੋ ਕਹੈ ਜੁ ਭੋਗੀ।
ਅੰਤਰ ਭਾਵ ਨਾ ਪਰਖੈ ਜੋਈ,
ਗੋਰਖ ਬੋਲੈ ਮੂਰਖ ਸੋਈ।[52]

ਨਾਥ-ਜੋਗੀ ਪ੍ਰਮਾਤਮਾ ਦੀ ਭਗਤੀ ਲਈ ਸੰਨਿਆਸ ਨੂੰ ਜ਼ਿਆਦਾ ਮਹੱਤਵ ਦਿੰਦੇ ਸਨ ਅਤੇ ਗ੍ਰਹਿਸਥ ਦਾ ਤਿਆਗ ਕਰਦੇ ਸਨ। ਨਾਥ-ਜੋਗੀਆਂ ਦੀਆਂ ਰਚਨਾਵਾਂ ਅਨੁਸਾਰ ਗ੍ਰਹਿਸਥ ਵਿਚ ਰਹਿ ਕੇ ਮਨੁੱਖ ਆਤਮ ਤੱਤ ਦੀ ਪਰਖ ਨਹੀਂ ਕਰ ਸਕਦਾ ਇਸ ਲਈ ਇਹਨਾਂ ਸਭ ਵਸਤਾਂ ਤੋਂ ਦੂਰ ਰਹਿ ਕੇ ਸੁਰਤ ਪ੍ਰਮਾਤਮਾ ਦੀ ਭਗਤੀ ਵਿਚ ਲਾਉਣੀ ਚਾਹੀਦੀ ਹੈ ਤਾਂ ਹੀ ਪ੍ਰਭੂ ਭਗਤੀ ਦੀ ਪ੍ਰਾਪਤੀ ਹੁੰਦੀ ਹੈ। ਪ੍ਰਮਾਣ ਲਈ ਦੇਖੋ ਗੋਰਖ ਨਾਥ ਦੀ ਬਾਣੀ ਵਿਚੋਂ ਭਗਤੀ ਭਾਵਨਾ ਕਿਵੇਂ ਝਲਕਦੀ ਹੈः

ਚੀਟੀਆਂ ਪਰਬਤ ਢੋ ਲਿਆ ਰੇ ਅਵਧੂ। ਗਾਵਾਂ ਬਾਘ ਬਿਡਾਰਆ ਜੀ।
ਸੁਸਲੈ ਸਮੁਦਾਂ ਲਹਿਰ ਮਨਾਈ। ਮਰਗਾਂ ਚੀਤਾ ਮਾਰਿਆ ਜੀ।
ਉਝੜ ਮਾਰਗ ਜਾਤਾ ਰੇ ਅਵਧੂ। ਗੁਣ ਬਿਣ ਨਹੀਂ ਪ੍ਰਕਾਸ਼ਾ ਜੀ।
ਜੀਤਿਆ ਗੋਰਖ ਅਬ ਨਹੀਂ ਹਾਰੈ। ਸਮਝਿ ਰਰਾਲੈ ਪਾਸਾ ਜੀ।[53]

ਨਾਥ-ਜੋਗੀ ਸਾਹਿਤ ਉੱਤਰ ਭਾਰਤੀ ਸ਼ਬਦਾਵਲੀ ਦਾ ਮਿਲਗੋਭਾ ਹੈ ਜਿਸ ਵਿਚ ਨਾਥ ਜੋਗੀਆਂ ਦੁਆਰਾ ਪ੍ਰਮਾਤਮਾ ਦੀ ਭਗਤੀ ਭਾਵਨਾ ਵਿਚ ਰਚਨਾਵਾਂ ਲਿਖੀਆਂ ਗਈਆਂ ਸਨ।

**ਪੰਜਾਬੀ ਸੂਫੀ ਕਾਵਿ ਧਾਰਾ:** ਸੂਫੀ ਕਾਵਿ ਧਾਰਾ ਦਾ ਜਨਮ ਬਾਬਾ ਫਰੀਦ ਨਾਲ ਆਦਿ ਕਾਲ ਵਿਚ ਹੋ ਗਿਆ ਸੀ ਪਰ ਇਸਦਾ ਵਿਕਾਸ ਮੱਧਕਾਲ ਵਿਚ ਸੂਫੀ ਕਵੀ ਸ਼ਾਹ ਹੁਸੈਨ, ਸੂਲਤਾਨ ਬਾਹੂ, ਸ਼ਾਹਸ਼ਰਫ, ਅਲੀ ਹੈਦਰ, ਬਾਬਾ ਬੁੱਲੇ ਸ਼ਾਹ, ਫਰਦ ਫਕੀਰ, ਬਾਬਾ ਵਜੀਦ ਅਤੇ ਹਾਸ਼ਮ ਨਾਲ ਹੋਇਆ। ਆਪਣੇ ਯਤਨਾਂ ਵਿਚ ਸੂਫੀ ਗੁਨਾਹਾਂ ਤੋਂ ਤੌਬਾ ਤੇ ਪ੍ਰਹੇਜ਼ ਕਰਦਾ ਹੈ, ਸਬਰ ਵਿਚ ਰਹਿੰਦਾ ਹੈ ਅਤੇ ਫੱਕਰਾਂ ਵਾਲੀ ਤੇ ਆਪ ਸਹੇੜੀ ਗਰੀਬਾਂ ਵਾਲੀ ਜ਼ਿੰਦਗੀ ਬਤੀਤ ਕਰਦਾ ਹੋਇਆ ਤਪ ਕਰਦਾ ਹੈ। ਯਤਨਾਂ ਨਾਲੋਂ ਸੂਫੀ ਮੁਰਸ਼ਦ ਦੀ ਮਿਹਰ ਉੱਤੇ ਵਧੇਰੇ ਭਰੋਸਾ ਰਖਦਾ ਹੈ। ਮੁਰਸ਼ਦ ਨੂੰ ਬੜੀ ਉਚੀ ਆਤਮਕ ਅਵਸਥਾ ਵਾਲਾ ਤੇ ਰਬ ਨੂੰ ਪਹੁੰਚਿਆ ਹੋਇਆ ਮੰਨਿਆ ਜਾਂਦਾ ਹੈ। ਸੂਫੀ ਕਵੀ ਆਪਣੀਆਂ ਰਚਨਾਵਾਂ ਦੁਆਰਾ ਪ੍ਰਮਾਤਮਾ ਨੂੰ ਪ੍ਰੇਮ ਰਾਹੀਂ ਪਾਉਣ ਦਾ ਉਪਦੇਸ਼ ਦਿੰਦੇ ਹਨ, ਇਸ ਸੰਬੰਧੀ ਬਾਬਾ ਫਰੀਦ ਜੀ ਦਾ ਸਲੋਕ ਪ੍ਰਸਿੱਧ ਹੈ:

ਭਿਜਉ ਸਿਜਉ ਕੰਬਲੀ ਅਲਹੁ ਵਰਸਉ ਮੇਹੁ
ਜਾਇ ਮਿਲਾ ਤਿਨਾ ਸਜਣਾ ਤੁਟਉ ਨਾਹੀ ਨੇਹੁ।।[54]

ਸੂਫੀ ਕਾਵਿ ਦਾ ਆਰੰਭ ਬਾਬਾ ਫਰੀਦ ਨਾਲ ਸ਼ੁਰੂ ਹੁੰਦਾ ਹੈ ਅਤੇ ਸ਼ਾਹ ਹੁਸੈਨ ਦੇ ਸਮੇਂ ਤਕ ਇਹ ਧਾਰਾ ਸਿਖਰ ਤੇ ਪਹੁੰਚਦੀ ਹੈ। ਸ਼ਾਹ ਹੁਸੈਨ ਦੀਆਂ ਕਾਫੀਆਂ ਵੀ ਭਗਤੀ ਭਾਵ ਦੇ ਰੰਗ ਵਿਚ ਰੰਗੀਆਂ ਹਨ:

ਹਰਦਮ ਨਾਮ ਸਮਾਲ ਸਾਈਂ ਦਾ,
ਤਾਂ ਤੂੰ ਇਸਥਿਰ ਥੀਵੇਂ।।[55]

ਬੁੱਲ੍ਹੇ ਸ਼ਾਹ ਬਾਲਪੁਣੇ ਤੋਂ ਹੀ ਰੱਬ ਦਾ ਪਿਆਰਾ ਭਗਤ ਅਤੇ ਕਰਨੀ ਭਰਪੂਰ ਤੇ ਉੱਚ ਆਸ਼ਿਆਂ ਵਾਲਾ ਪ੍ਰਾਣੀ ਸੀ। ਸੂਫੀਆਂ ਅਨੁਸਾਰ ਪ੍ਰਮਾਤਮਾ ਨੂੰ ਪਾਉਣ ਦਾ ਸਾਧਨ ਪ੍ਰੇਮ ਅਥਵਾ ਇਸ਼ਕ ਹੈ। ਇਸ ਨੁਕਤੇ ਨੂੰ ਸਪੱਸ਼ਟ ਕਰਦਿਆਂ ਡਾ. ਸੁਰਿੰਦਰ ਸਿੰਘ ਕੋਹਲੀ ਲਿਖਦੇ ਹਨ ਕਿ

ਸੂਫੀ ਸਾਧਕਾਂ ਨੇ ਪ੍ਰੇਮ ਨੂੰ ਕੇਵਲ ਪ੍ਰੇਮ ਦੀ ਖਾਤਰ ਹੀ ਅਪਣਾਇਆ ਹੈ। ਪਰਮ ਪ੍ਰੀਤਮ ਦਾ ਪ੍ਰੇਮ ਉਹਨਾਂ ਲਈ ਸਭ ਕੁਝ ਹੈ। ਇਹ ਪ੍ਰੇਮ ਨਿਸ਼ਕਾਮ ਪ੍ਰੇਮ ਹੈ। ਇਸ ਵਿਚ ਪ੍ਰੀਤਮ ਦੇ ਪ੍ਰੇਮ ਤੋਂ ਛੁੱਟ ਦੂਜੀ ਕਿਸੇ ਵਸਤੂ ਦੀ ਕਾਮਨਾ ਨਹੀਂ ਰਹਿ ਜਾਂਦੀ। ਫਰੀਦ ਬਾਣੀ ਜੋ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ ਉਸ ਵਿਚ ਕਾਫੀ ਪ੍ਰਮਾਣ ਦੇਖੇ ਜਾ ਸਕਦੇ ਹਨ। ਪ੍ਰਮਾਤਮਾ ਦੇ ਪ੍ਰਤੀ ਨਿਸ਼ਕਾਮ ਪ੍ਰੇਮ ਦੀ ਸਾਧਨਾ ਦਾ ਮੁਖ ਅੰਗ ਹੈ।[56] ਸੂਫੀ ਕਾਵਿ ਵਿਚ ਪ੍ਰੇਮ ਭਗਤੀ ਪ੍ਰਬਲ ਰੂਪ ਵਿਚ ਵਿਦਮਾਨ ਹੈ। ਸੂਫੀ ਕਾਵਿ ਦਾ ਵਲਵਲਾ ਇਸ਼ਕ ਸੀ, ਕਵਿਤਾ ਅਤੇ ਨਾਚ ਸੂਫੀ ਦੀਆਂ ਉਪਾਸਨਾ ਸਨ ਅਤੇ ਰੱਬ ਨਾਲ ਅਭੇਦਤਾ ਉਨਾਂ ਦਾ ਆਦਰਸ਼ ਸੀ। ਜਦੋਂ ਮਨੁੱਖ ਸੱਚੇ ਦਿਲੋਂ ਰੱਬ ਨੂੰ ਯਾਦ ਕਰਦਾ ਹੈ ਅਤੇ ਉਸਨੂੰ ਆਪਣੇ ਦਿਲ ਵਿਚ ਵਸਾਉਂਦਾ ਹੈ ਤਾਂ ਮਨੁੱਖ ਦਾ ਆਪਾ ਭਾਵ ਖਤਮ ਹੋ ਜਾਂਦਾ ਹੈ। ਮਨੁੱਖ ਨੂੰ ਆਪਣੇ ਅੰਦਰੋਂ ਤੇ ਬਾਹਰੋਂ ਰੱਬ ਹੀ ਨਜਰ ਆਉਂਦਾ ਹੈ, ਉਸਦੀ ਮੈਂ ਨਹੀਂ ਰਹਿੰਦੀ ਸਿਰੰ ਤੂੰ (ਰੱਬ) ਹੀ ਤੂੰ ਰਹਿ ਜਾਂਦਾ ਹੈ। ਇਸ ਦਾ ਹਵਾਲਾ ਸੂਫੀ ਕਵੀ ਬੁੱਲ੍ਹੇ ਸ਼ਾਹ ਦੀ ਰਚਨਾ ਵਿਚੋਂ ਦੇਖਿਆ ਜਾ ਸਕਦਾ ਹੈ:

ਰਾਂਝਾ ਰਾਂਝਾ ਕਰਦੀ ਨੀ ਮੈਂ ਆਪੇ ਰਾਂਝਾ ਹੋਈ।।[57]

ਬੁੱਲ੍ਹੇ ਸ਼ਾਹ ਦੀਆਂ ਰਚਨਾਵਾਂ ਵਿਚ ਰੱਬ ਇਕ ਹੈ, ਜਿਸ ਨੇ ਇਹ ਸਾਰੀ ਦੁਨੀਆਂ ਅਤੇ ਸਾਰੇ ਜੀਵ ਬਣਾਏ ਹਨ। ਉਸ ਰੱਬ ਨਾਲ ਇਸ਼ਕ ਜਾਂ ਪ੍ਰੇਮ ਉਸ ਦੇ ਵਿਚਾਰਾਂ ਦਾ ਕੇਂਦਰੀ ਧੁਰਾ ਹੈ। ਬੁੱਲ੍ਹੇ ਸ਼ਾਹ ਅਨੁਸਾਰ ਸੱਚੇ ਦਿਲ ਨਾਲ ਰੱਬ ਨੂੰ ਯਾਦ ਕਰਨਾ ਅਤੇ ਉਸਦੇ ਬੰਦਿਆਂ ਨੂੰ ਪਿਆਰ ਕਰਨਾ ਹੀ ਰੱਬ ਨਾਲ ਇਸ਼ਕ ਕਰਨਾ ਹੈ ਅਤੇ ਇਹ ਹੀ ਰੱਬ ਦੀ ਦਰਗਾਹ ਵਿਚ ਪਰਵਾਨ ਹੈ। ਆਪਣੇ ਦਿਲ ਨੂੰ ਰੱਬ ਨਾਲ ਜੋੜਨਾ ਹੀ ਭਗਤੀ ਹੈ।

ਸਾਂਈ ਬੁੱਲ੍ਹੇ ਸ਼ਾਹ ਇਸ਼ਕ ਮਜਾਜ਼ੀ ਨੂੰ ਇਸ਼ਕ ਹਕੀਕੀ ਨਾਲ ਜੋੜਨ ਵਾਲਾ ਪੁਲ ਕਹਿੰਦੇ ਹਨ। ਇਸ਼ਕ ਮਜਾਜ਼ੀ ਦਾ ਅਰਥ ਮੁਰਸ਼ਦ ਦੇ ਰੂਪ ਵਿਚ ਮਜਾਜ਼ ਜਾਂ ਦੇਹਿ ਦਾ ਚੋਲਾ ਪਾ ਕੇ ਆਈ ਹਕੀਕਤ ਦਾ ਇਸ਼ਕ ਹੈ। ਬੁੱਲ੍ਹੇ ਸ਼ਾਹ ਇਕ ਜਗ੍ਹਾ ਲਿਖਦੇ ਹਨ ਕਿ ਜਦ ਤਕ ਰੂਪ ਦਾ ਪ੍ਰੇਮ ਨਾ ਹੋਵੇ, ਅਰੂਪ ਦਾ ਪ੍ਰੇਮ ਕਿਵੇਂ ਜਾਗੇਗਾ? ਆਕਾਰ ਦੇ ਪ੍ਰੇਮ ਦਾ ਧਾਗਾ ਨਾ ਹੋਵੇ ਤਾਂ ਸੂਈ ਨਿਰਾਕਾਰ ਦੇ ਪ੍ਰੇਮ ਦਾ ਜਾਮਾ ਕਿਵੇਂ ਸੀਵੇ? ਜਦ ਤਕ ਮਜਾਜ (ਦੇਹਿ ਸਰੂਪ ਸਤਿਗੁਰੂ) ਦਾਤਾ ਬਣ ਕੇ ਨਾ ਆਵੇ, ਇਲਾਹੀ ਪ੍ਰੇਮ ਦੀ ਦਾਤ ਕਿਸ ਤਰ੍ਹਾਂ ਮਿਲੇ? ਕਾਮਲ ਮੁਰਸ਼ਦ ਦੀ ਜਾਤ ਦਾ

ਇਸ਼ਕ ਹੀ ਇਲਾਹੀ ਇਸ਼ਕ ਦਾ ਮਾਤਾ-ਪਿਤਾ ਜਾਂ ਜਨਮ ਦਾਤਾ ਹੈ ਕਿਉਂਕਿ ਸਿਰੰ ਇਸਦੇ ਨਾਲ ਹੀ ਜੀਂਦੇ ਜੀਅ ਮਰ ਕੇ ਅੰਦਰਲੀ ਹਕੀਕਤ ਨਾਲ ਵਸਲ ਕਰਨ ਦੇ ਕਾਬਿਲ ਬਣ ਸਕਦੇ ਹਾਂ:

ਜਿਚਰ ਨਾ ਇਸ਼ਕ ਮਜਾਜ਼ੀ ਲਾਗੇ, ਸੂਈ ਸੀਵੇ ਨਾ ਬਿਨ ਧਾਗੇ।
ਇਸ਼ਕ ਮਜਾਜੀ ਦਾਤਾ ਹੈ, ਜਿਸ ਪਿੱਛੇ ਮਸਤ ਹੋ ਜਾਤਾ ਹੈ।
ਇਸ਼ਕ ਜਿਨਾਂ ਦੀ ਹੱਡੀ ਪੈਂਦਾ, ਸੋਈ ਨਰ ਜੀਵਤ ਮਰ ਜਾਤਾ।
ਇਸ਼ਕ ਪਿਤਾ ਤੇ ਮਾਤਾ ਏ, ਜਿਸ ਪਿੱਛੇ ਮਸਤ ਹੋ ਜਾਤਾ ਏ।[58]

ਪੰਜਾਬੀ ਸੂਫੀ-ਕਾਵਿ ਦੀ ਇਹ ਵਡੀ ਦੇਣ ਮੰਨੀ ਜਾਂਦੀ ਹੈ ਕਿ ਇਸ ਨੇ ਗੁਰਬਾਣੀ ਅਤੇ ਭਗਤ ਬਾਣੀ ਦੇ ਨਾਲ ਰਲ ਕੇ ਮੱਧਕਾਲੀ ਪੰਜਾਬੀ ਸਾਹਿਤ ਨੂੰ ਵਿਕਸਿਤ ਕਰਨ ਵਿਚ ਵੱਡਮੁਲਾ ਯੋਗਦਾਨ ਪਾਇਆ ਹੈ। ਇਹਨਾਂ ਸੂਫੀ ਸ਼ਾਇਰਾਂ ਨੇ ਸਮਾਜ ਨੂੰ ਰੂਹਾਨੀ ਅਰਥਾਂ ਦੀ ਸੋਝੀ ਪ੍ਰਦਾਨ ਕੀਤੀ ਅਤੇ ਧਾਰਮਿਕ ਵੈਰ ਵਿਰੋਧ ਤੇ ਸੰਪਰਦਾਇਕ ਭਾਵਨਾਵਾਂ ਨੂੰ ਤਿਆਗ ਕੇ ਸਯੁੰਕਤ ਸਮਾਜ ਵਿਚੇ ਅਮਨ-ਸ਼ਾਂਤੀ ਅਤੇ ਭਗਤੀ ਦਾ ਮਾਹੌਲ ਸਿਰਜਣ ਦੀ ਕੋਸ਼ਿਸ਼ ਕੀਤੀ ਹੈ।

**ਪੰਜਾਬੀ ਭਗਤੀ ਕਾਵਿ-ਧਾਰਾ**: ਮੱਧਕਾਲੀ ਪੰਜਾਬੀ ਸਾਹਿਤ ਵਿਚ ਭਗਤ ਕਵੀਆਂ ਦਾ ਵਿਸ਼ੇਸ਼ ਯੋਗਦਾਨ ਹੈ। ਡਾ. ਰਾਧਾ ਕ੍ਰਿਸ਼ਨਨ ਅਨੁਸਾਰ, "ਭਗਤੀ ਮਾਰਗ ਰੱਬ ਤੇ ਪੂਰਨ ਵਿਸ਼ਵਾਸ਼ ਦਾ ਮਾਰਗ ਹੈ, ਜਿਸ ਵਿਚ ਜੀਵ ਜਾਂ ਪ੍ਰਾਣੀ ਦੀ ਭਾਵੁਕ ਸਤਹ ਦੀ ਪਵਿੱਤਰਤਾ ਉੱਤੇ ਜ਼ੋਰ ਦਿੱਤਾ ਜਾਂਦਾ ਹੈ। ਭਗਤੀ ਮਾਰਗ, ਗਿਆਨ ਤੇ ਕਰਮ ਮਾਰਗ ਤੋਂ ਉਪਰੰਤ ਪਰਮਾਤਮਾ ਨਾਲ ਭਾਵੁਕ ਇਕਸੁਰਤਾ ਉੱਤੇ ਜ਼ੋਰ ਦਿੰਦਾ ਹੈ।[59] ਭਗਤੀ ਮਾਰਗ ਦੇ ਕਵੀ ਸਮੇਂ-ਸਮੇਂ ਤੇ ਪੰਜਾਬ ਵਿਚ ਵਿਚਰਦੇ ਰਹੇ। ਇਨ੍ਹਾਂ ਭਗਤਾਂ ਨੇ ਲਤਾੜੇ ਹੋਏ ਲੋਕਾਂ ਨੂੰ ਪ੍ਰਮਾਤਮਾ ਦੀ ਭਜਨ ਬੰਦਗੀ ਵਲ ਪ੍ਰੇਰਿਤ ਕੀਤਾ ਅਤੇ ਨਾਲ ਹੀ ਮੋਜੂਦਾ ਹਾਕਮ ਸ਼੍ਰੇਣੀ ਦਾ ਪੁਰ-ਜ਼ੋਰ ਵਿਰੋਧ ਕੀਤਾ। ਭਗਤਾਂ ਦੀ ਭਗਤੀ ਭਾਵਨਾ ਦੀ ਉਸਤਤਿ ਕਰਦੇ ਹੋਏ ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ ਕਿ ਭਗਤ ਨਾਮਦੇਵ, ਕਬੀਰ, ਰਵਿਦਾਸ, ਸੈਣ ਅਤੇ ਧੰਨਾ ਜੀ ਨੇ ਪ੍ਰਭੂ ਨੂੰ ਪ੍ਰਾਪਤ ਕਰ ਲਿਆ ਅਤੇ ਉਹ ਆਪਣੀ ਕਥਿਤ ਨੀਚ ਕੁਲ ਤੋਂ ਉਪਰ ਉੱਠ ਕੇ ਵਡਭਾਗੀ ਬਣ ਗਏ:

ਇਹ ਬਿਧਿ ਸੁਨਿ ਕੈ ਜਾਟਰੋ ਉਠਿ ਭਗਤੀ ਲਾਗਾ॥

ਮਿਲੇ ਪ੍ਰਤਖਿ ਗੁਸਾਈਆ ਧੰਨਾ ਵਡਭਾਗਾ॥[60]

ਮੱਧਕਾਲੀਨ ਭਗਤੀ ਕਾਵਿ ਧਾਰਾ ਵਿਚ ਕਰਮ-ਕਾਂਡਾ ਦਾ ਖੁਲ੍ਹ ਕੇ ਵਿਰੋਧ ਕੀਤਾ ਗਿਆ ਹੈ। ਇਸ ਵਿਚ ਕਿਸੇ ਬਾਹਰੀ ਆਡੰਬਰ, ਮੂਰਤੀਆਂ ਦੀ ਆਰਤੀ ਉਤਾਰਨ, ਪੂਜਾ ਸਮਗਰੀ ਜੁਟਾਉਣ ਦੀ ਥਾਂ ਭਗਤ ਦੇ ਹਿਰਦੇ ਦੀ ਸ਼ੁਧਤਾ, ਨਿਰਮਲਤਾ, ਸੁੱਚਤਾ ਅਤੇ ਸਾਦਗੀ ਨੂੰ ਪ੍ਰਮੁੱਖਤਾ ਦਿੱਤੀ ਗਈ ਹੈ। ਭਗਤ ਰਵਿਦਾਸ ਦੀ ਧਨਾਸਰੀ ਰਾਗ ਵਿਚ ਲਿਖੀ ਆਰਤੀ ਉਸ ਸਮੇਂ ਦੇ ਸਮਾਜ ਵਿਚ ਧਰਮ ਦੀ ਓਟ ਵਿਚ ਕੀਤੇ ਜਾਂਦੇ ਸਾਰੇ ਕਰਮ-ਕਾਂਡਾ ਦੀ ਨਿਖੇਧੀ ਕਰਕੇ ਨਾਮ ਦੀ ਆਰਤੀ ਉਤਾਰਨ ਦਾ ਉਪਦੇਸ਼ ਦਿੰਦੀ ਹੈ:

ਤੇਰਾ ਕੀਆ ਤੁਝਹਿ ਕਿਆ ਅਰਪਉ, ਨਾਮੁ ਤੇਰਾ ਤੁਹੀ ਚਵਰ ਢੋਲਾਰੋ॥

ਦਸ ਅਠਾ ਅਠਸਠੇ ਚਾਰੇ ਪਾਣੀ, ਇਹੈ ਵਰਤਣਿ ਹੈ ਸਗਲ ਸੰਸਾਰੇ॥

ਕਹੈ ਰਵਿਦਾਸੁ ਨਾਮੁ ਤੇਰੋ ਆਰਤੀ, ਸਤਿਨਾਮ ਹੈ ਹਰਿ ਭੋਗ ਤੁਹਾਰੇ॥[61]

ਅਰਥਾਤ ਭਗਤ ਰਵਿਦਾਸ ਜੀ ਪਰਮਾਤਮਾ ਨੂੰ ਸੰਬੋਧਿਤ ਹੁੰਦੇ ਹੋਏ ਆਖਦੇ ਹਨ ਕਿ ਮੈਂ ਤੇਰੇ ਬਣਾਏ ਹੋਏ ਦੀ ਭੇਟ ਤੈਨੂੰ ਕਿਉਂ ਚੜਾਂਵਾਂ, ਤੇਰੇ ਨਾਮ ਦਾ ਚਉਰ ਹੀ ਮੈਂ ਤੇਰੇ ਉਤੇ ਕਰਦਾ ਹਾਂ। ਸਾਰਾ ਸੰਸਾਰ ਅਠਾਰਾਂ ਤੀਰਥਾਂ ਅਤੇ ਉਤਪਤੀ ਦੇ ਚਾਰ ਸੋਮਿਆਂ ਅੰਦਰ ਜਕੜਿਆ ਹੋਇਆ ਹੈ। ਰਵਿਦਾਸ ਜੀ ਕਹਿੰਦੇ ਹਨ ਕਿ ਪਰਮਾਤਮਾ ਤੇਰਾ ਨਾਮ ਹੀ ਮੇਰੇ ਲਈ ਪੂਜਾ ਹੈ, ਤੇਰੇ ਸਚੇ ਨਾਮ ਦਾ ਪ੍ਰਸ਼ਾਦ ਹੀ ਮੈਂ ਤੈਨੂੰ ਚੜਾਉਂਦਾ ਹਾਂ।

ਮੱਧਕਾਲੀ ਭਗਤੀ ਪ੍ਰੰਪਰਾ ਵਿਚ ਕਈ ਮਹਾਨ ਸੰਤ ਹੋਏ ਹਨ। ਜਿਹਨਾਂ ਨੇ ਬ੍ਰਾਮਣਵਾਦੀ ਕਰਮ-ਕਾਂਡਾਂ ਅਤੇ ਰੀਤੀ-ਰਿਵਾਜਾਂ ਦੇ ਵਿਰੋਧ ਵਿਚ ਪ੍ਰੇਮਾ ਭਗਤੀ ਦਾ ਇਕ ਮਾਨਵਵਾਦੀ ਮਾਡਲ ਭਾਰਤ ਵਾਸੀਆਂ ਦੇ ਸਨਮੁੱਖ ਰਖਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 15 ਭਗਤਾਂ ਸ਼ੇਖ ਫਰੀਦ ਜੀ, ਭਗਤ ਕਬੀਰ ਜੀ, ਭਗਤ ਨਾਮਦੇਵ ਜੀ, ਭਗਤ ਰਵਿਦਾਸ ਜੀ, ਭਗਤ ਰਾਮਾਨੰਦ, ਭਗਤ ਜੈਦੇਵ, ਭਗਤ ਤ੍ਰਲੋਚਨ ਜੀ, ਭਗਤ ਧੰਨਾ ਜੀ, ਭਗਤ ਸੈਣ ਜੀ,

ਭਗਤ ਪੀਪਾ ਜੀ, ਭਗਤ ਭੀਖਨ ਜੀ, ਭਗਤ ਸਧਨਾ ਜੀ, ਭਗਤ ਪਰਮਾਨੰਦ ਜੀ, ਭਗਤ ਸੂਰਦਾਸ ਜੀ ਅਤੇ ਭਗਤ ਬੈਣੀ ਜੀ ਦੀਆਂ ਰਚਨਾਵਾਂ ਦਰਜ ਹਨ। ਇਨ੍ਹਾਂ ਭਗਤਾਂ ਨੇ ਸਮੁੱਚੀ ਮਨੁੱਖਤਾ ਨੂੰ ਸੱਚੀ ਭਗਤੀ ਕਰਨ ਵਲ ਪ੍ਰੇਰਿਆ ਅਤੇ ਸਤਿ-ਸੰਗਤ ਕਰ ਕੇ ਨਾਮ ਸਿਮਰਨ ਉਤੇ ਜ਼ੋਰ ਦਿੱਤਾ, ਇਸ ਸੰਬੰਧੀ ਭਗਤ ਨਾਮਦੇਵ ਜੀ ਦਾ ਸ਼ਬਦ ਹੈ:

ਸਭੈ ਘਟ ਰਾਮ ਬੋਲੈ ਰਾਮਾ ਬੋਲੈ ਰਾਮ ਬਿਨਾ ਕੋ ਬੋਲੇ ਰੇ॥[62]

**ਗੁਰਮਤਿ-ਕਾਵਿ ਧਾਰਾ**: ਗੁਰਮਤਿ ਕਾਵਿ ਧਾਰਾ ਮੱਧਕਾਲੀਨ ਪੰਜਾਬੀ ਸਾਹਿਤ ਦੀ ਮਹੱਤਵਪੂਰਨ ਪਰਪਾਟੀ ਹੈ। ਮੱਧਕਾਲ ਵਿਚ ਗੁਰਮਤਿ-ਕਾਵਿ ਧਾਰਾ ਪੰਜਾਬ ਵਿਚ ਚਲ ਰਹੀਆਂ ਹੋਰ ਕਾਵਿ-ਧਾਰਾਵਾਂ ਜਿਵੇਂ ਸੂ ੀ-ਕਾਵਿ, ਕਿੱਸਾ-ਕਾਵਿ ਅਤੇ ਬੀਰ-ਕਾਵਿ ਧਾਰਾਵਾਂ ਦੇ ਸਮਾਨਾਂਤਰ ਹੀ ਚਲਦੀ ਰਹੀ ਹੈ ਫਿਰ ਵੀ ਇਹ ਧਾਰਾ ਆਪਣੇ ਕਾਵਿ ਦੀਆਂ ਬਹੁਤ ਸਾਰੀਆਂ ਚਰਿੱਤਰਕ ਵਿਲੱਖਣਤਾਵਾਂ ਕਾਰਨ ਹਮੇਸ਼ਾਂ ਨਿਵੇਕਲੀ ਹੀ ਰਹਿੰਦੀ ਹੈ। ਇਸ ਕਾਵਿ-ਧਾਰਾ ਦੇ ਮੋਢੀ ਸਿੱਖ ਧਰਮ ਦੇ ਪਹਿਲੇ ਗੁਰੂ, ਗੁਰੂ ਨਾਨਕ ਦੇਵ ਜੀ ਹਨ। ਪੰਜਵੇਂ ਗੁਰੂ ਅਰਜਨ ਦੇਵ ਜੀ ਨੇ ਗੁਰੂ ਨਾਨਕ ਦੇਵ ਜੀ ਦੀ ਲਿਖੀ ਪੋਥੀ ਤੋਂ ਆਦਿ ਗ੍ਰੰਥ ਸੰਪਾਦਿਤ ਕੀਤਾ ਜਿਸ ਵਿਚ ਬਾਅਦ 'ਚ ਨੌਵੇਂ ਗੁਰੂ ਦੀ ਬਾਣੀ ਦਰਜ ਕਰਕੇ ਤੇ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਇਸ ਨੂੰ ਗੁਰੂ ਦਾ ਦਰਜਾ ਦੇ ਕੇ ਇਸ ਨੂੰ ਗੁਰੂ ਗ੍ਰੰਥ ਦੀ ਉਪਾਧੀ ਦਿੱਤੀ। ਛੇ ਸਿੱਖ ਗੁਰੂ ਸਾਹਿਬਾਨਾਂ ਤੋਂ ਇਲਾਵਾ ਗਿਆਰਾਂ ਭੱਟਾਂ, ਪੰਦਰਾਂ ਭਗਤਾਂ ਅਤੇ ਚਾਰ ਗੁਰੂ ਘਰ ਦੇ ਨਿਕਟਵਰਤੀਆਂ ਦੀ ਬਾਣੀ ਵੀ ਇਸ ਵਿਚ ਦਰਜ ਹੋਈ।

ਗੁਰੂ ਨਾਨਕ ਦੇਵ ਜੀ ਦੀਆਂ ਰਚਨਾਵਾਂ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਬਾਹਰਮੁਖੀ ਕਿਰਿਆਵਾਂ ਨਾਲ ਮਨ ਵਿਚ ਵਾਸਤਵਿਕ ਪ੍ਰੇਮ ਦੀ ਅਨੁਭੂਤੀ ਨਹੀਂ ਹੁੰਦੀ ਤੇ ਜਦੋਂ ਤਕ ਵਾਸਤਵਿਕ ਪ੍ਰੇਮ ਉਤਪੰਨ ਨਹੀਂ ਹੁੰਦਾ ਤਦ ਤਕ ਆਨੰਦ ਦੀ ਪ੍ਰਾਪਤੀ ਵੀ ਨਹੀਂ ਹੁੰਦੀ ਇਸ ਲਈ ਬਾਹਰੀ ਕਿਰਿਆਵਾਂ ਨੂੰ ਤਿਆਗਣ ਤੇ ਜੋਰ ਦਿੱਤਾ ਹੈ:

ਛੋਡੀਲੇ ਪਾਖੰਡਾ॥ ਨਾਮ ਲਇਐ ਜਾਹਿ ਤਰੰਦਾ॥[63]

ਗੁਰਮਤਿ ਕਾਵਿ ਧਾਰਾ ਵਿਚ ਸ੍ਰੀ ਰੂਪ ਗੋਸਵਾਮੀ ਦੀ ਵੈਧੀ ਭਗਤੀ ਨੂੰ ਅਸਵੀਕਾਰ ਕੀਤਾ ਗਿਆ ਹੈ ਪਰ ਇਸਦੇ ਨਾਲ-ਨਾਲ ਇਸਦੇ ਕਈ ਤੱਤਾਂ ਨੂੰ ਭਾਵੀਕ੍ਰਿਤ ਰੂਪ ਵਿਚ ਸਵੀਕਾਰ ਵੀ ਕੀਤਾ ਗਿਆ ਹੈ, ਜਿਵੇਂ ਕਿ ਸਤਿ ਬ੍ਰਤ ਹੈ, ਸੰਤੋਖ ਤੀਰਥ ਹੈ, ਗਿਆਨ-ਧਿਆਨ ਇਸ਼ਨਾਨ ਹੈ, ਇਸ ਨੂੰ ਕੋਈ ਵਿਰਲਾ ਸਾਧਕ ਹੀ ਕਰ ਸਕਦਾ ਹੈ:

ਸਚੁ ਵਰਤੁ ਸੰਤੋਖੁ ਤੀਰਥੁ ਗਿਆਨ ਧਿਆਨੁ ਇਸਨਾਨੁ॥
ਦਇਆ ਦੇਵਤਾ ਖਿਮਾ ਜਪਮਾਲੀ ਤੇ ਮਾਣਸ ਪਰਧਾਨੁ॥
ਜੁਗਤਿ ਧੋਤੀ ਸੁਰਤਿ ਚਉਕਾ ਤਿਲਕੁ ਕਰਣੀ ਹੋਇ॥
ਭਾਢਓ ਭੋਜਨੁ ਨਾਨਕਾ ਵਿਰਲਾ ਤ ਕੋਇ ਕੋਇ॥[64]

ਗੁਰਬਾਣੀ ਵਿਚ ਪ੍ਰੇਮ ਦੇ ਰੂਪ ਨੂੰ ਸਮਝਾਉਂਦਿਆਂ ਇਹ ਸਪੱਸ਼ਟ ਕੀਤਾ ਗਿਆ ਹੈ ਕਿ ਪ੍ਰੇਮ ਦੇ ਰਸਤੇ ਉਤੇ ਤੁਰ ਕੇ ਸਾਧਕ ਨੇ ਆਪਣੀ ਹੋਂਦ ਵਿਚ ਹਊਮੈ ਦਾ ਤਿਆਗ ਕਰਨਾ ਹੁੰਦਾ ਹੈ। ਗੁਰੂ ਨਾਨਕ ਦੇਵ ਜੀ ਨੇ ਪ੍ਰੇਮਾ ਭਗਤੀ ਦੀ ਪਰਿਭਾਸ਼ਾ ਤੇ ਸਰੂਪ ਨੂੰ ਆਪਣੀ ਬਾਣੀ ਰਾਹੀਂ ਇੰਝ ਸਮਝਾਇਆ ਹੈ:

ਜਉ ਤਉ ਪ੍ਰੇਮ ਖੇਲਣ ਕਾ ਚਾਓ॥
ਸਿਰੁ ਧਰਿ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰੁ ਧਰੀਜੈ॥
ਸਿਰੁ ਦੀਜੈ ਕਾਣਿ ਨ ਕੀਜੈ॥[65]

ਭਾਵ ਆਪਾ ਵਾਰਨਾ, ਪੂਰਨ ਰੂਪ ਵਿਚ ਆਪਣੇ ਆਪ ਨੂੰ ਪ੍ਰਭੂ ਪ੍ਰਤਿ ਸਮਰਪਣ ਕਰਨਾ ਅਤੇ ਨਿਸ਼ਕਾਮ ਰੂਪ ਵਿਚ ਪਿਆਰ ਕਰਨਾ ਭਾਵੇਂ ਬਹੁਤ ਔਖਾ ਹੈ ਪਰ ਪ੍ਰਭੂ ਨਾਲ ਪ੍ਰੇਮ ਕਰਨ ਲਈ ਅਜਿਹੀ ਪਹਿਚਾਣ ਬਣਾਉਣੀ ਬੜੀ ਜ਼ਰੂਰੀ ਹੈ। ਪ੍ਰੇਮ ਦੇ ਬੀਜ ਪੁੰਗਰਨ ਤੋਂ ਬਾਅਦ ਪ੍ਰਮਾਤਮਾ ਵਲ ਪ੍ਰੇਰਨ ਲਈ ਗੁਰਬਾਣੀ ਵਿਚ ਜਗਤ ਨੂੰ ਨਾਸ਼ਵਾਨ ਦੱਸਿਆ ਗਿਆ ਹੈ। ਭਗਤ

ਨੂੰ ਸਪੱਸ਼ਟ ਕੀਤਾ ਗਿਆ ਹੈ ਕਿ ਸਾਰਾ ਸੰਸਾਰ ਨਾਸ਼ਵਾਨ ਹੈ, ਧਰਤੀ, ਆਕਾਸ਼, ਚੰਨ, ਤਾਰੇ ਅਤੇ ਦਿਨ ਰਾਤ ਸਭ ਨਸ਼ਟ ਹੋ ਜਾਣ ਵਾਲੇ ਹਨ। ਇਸ ਰਹਿੰਦੀ ਦੁਨੀਆਂ ਵਿਚ ਸਦਾ ਕਾਇਮ ਰਹਿਣ ਵਾਲਾ ਤਾਂ ਇਕ ਪ੍ਰਮਾਤਮਾ ਹੀ ਹੈ ਜਿਸਨੇ ਸ਼੍ਰਿਸ਼ਟੀ ਸਾਜੀ ਹੈ:

ਰਾਜੇ ਰਾਯਤਿ ਸਿਕਦਾਰ ਕੋਇ ਨ ਰਹਸੀਓ॥
ਹਟ ਪਟਣ ਬਾਜਾਰ ਹੁਕਮੀ ਢਹਸੀਓ॥[66]

ਇਸ ਜਗਤ ਵਿਚ ਪਾਤਸ਼ਾਹਾਂ, ਪਰਜਾ ਅਤੇ ਚੋਧਰੀਆਂ ਵਿਚੋਂ ਕਿਸੇ ਨੇ ਵੀ ਨਹੀਂ ਰਹਿਣਾ। ਦੁਕਾਨਾਂ ਸ਼ਹਿਰ ਅਤੇ ਬਾਜ਼ਾਰ ਪ੍ਰਮਾਤਮਾ ਦੇ ਹੁਕਮ ਦੁਆਰਾ ਖੇਰੂ-ਖੇਰੂ ਹੋ ਜਾਣਗੇ। ਇਕੋ ਸਤਾ ਕਾਇਮ ਰਹੇਗੀ ਜਿਸਦਾ ਵਜੂਦ (ਪਰਮਾਤਮਾ) ਸਾਨੂੰ ਦਿਖਾਈ ਨਹੀਂ ਦਿੰਦਾ। ਇਹ ਸਿੱਖ ਭਗਤੀ ਹੈ ਜਿਸ ਦਾ ਗਾਇਣ ਗੁਰਬਾਣੀ ਵਿੱਚ ਹੋਇਆ ਹੈ ਅਤੇ ਇਸਦਾ ਪ੍ਰਗਟਾਵਾ ਸਿੱਖ ਇਤਿਹਾਸ ਵਿਚ ਵੇਖਿਆ ਜਾ ਸਕਦਾ ਹੈ। ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਰਚਨਾਵਾਂ ਵਿਚ ਭਗਤੀ ਦਾ ਰੂਪ ਹੀ ਬਦਲ ਦਿੱਤਾ। ਸਰਗੁਣ ਭਗਤੀ ਦੀ ਬਜਾਇ ਨਿਰਗੁਣ ਭਗਤੀ ਤੇ ਵਿਸ਼ੇਸ਼ ਜ਼ੋਰ ਦਿਤਾ। ਸਮੁੱਚੀ ਲੋਕਾਈ ਨੂੰ ਪ੍ਰਮਾਤਮਾ ਦੇ ਨਿਰਾਕਾਰ ਰੂਪ ਬਾਰੇ ਗਿਆਨ ਪ੍ਰਦਾਨ ਕੀਤਾ, ਜਿਸ ਨਾਲ ਆਮ ਲੋਕਾਂ ਵਿਚ ਨਿਰਗੁਣ ਪ੍ਰਤੀ ਜਗਿਆਸਾ ਪੈਦਾ ਹੋਈ। ਇਸ ਪ੍ਰਕਾਰ ਸਾਧਾਰਣ ਲੋਕਾਂ ਨੇ ਨਿਰੰਕਾਰ ਅਕਾਲ ਪੁਰਖ ਦੀ ਆਰਾਧਨਾ ਕਰਨੀ ਸ਼ੁਰੂ ਕਰ ਦਿੱਤੀ। ਅਕਾਲ ਪੁਰਖ ਸਦਕਾ ਹੀ ਪ੍ਰਾਕਿਰਤੀ ਹੋਂਦ ਵਿਚ ਆਈ ਹੈ, ਉਦੋਂ ਤੋਂ ਹੀ ਸਿੱਧ ਹੁੰਦਾ ਹੈ ਕਿ ਪਉਣ, ਪਾਣੀ ਤੇ ਅਗਨੀ ਸਾਰੇ ਤੱਤ ਹੀ ਕਰਤਾ ਪੁਰਖ ਦੇ ਹੁਕਮ ਵਿਚ ਚਲ ਕੇ ਮਾਨੋਂ ਉਸ ਦੀ ਭਗਤੀ ਕਰ ਰਹੇ ਹਨ। ਇਸ ਲਈ ਮਨੁੱਖ ਨੂੰ ਵੀ ਉਸੇ ਨਿਰੰਕਾਰ ਅਕਾਲ ਪੁਰਖ ਦੀ ਭਗਤੀ ਕਰਨੀ ਚਾਹੀਦੀ ਹੈ। ਸਿੱਖ ਧਰਮ ਭਗਤੀ ਪ੍ਰਧਾਨ ਧਰਮ ਹੈ। ਗੁਰਮਤਿ ਅੰਦਰ ਜੀਵਨ ਦਾ ਮੁੱਖ ਮਨੋਰਥ ਭਗਤੀ ਪ੍ਰਪੱਕ ਕੀਤਾ ਗਿਆ ਹੈ। ਭਗਤੀ ਦਾ ਜ਼ਿਕਰ ਗੁਰਬਾਣੀ ਵਿੱਚ ਬਹੁਤ ਵਾਰ ਆਇਆ ਹੈ। ਪ੍ਰਭੂ-ਭਗਤੀ ਸੁੱਖਾਂ ਦੀ ਖਾਨ ਹੈ ਅਤੇ ਭਗਤੀ ਹੀਨ ਮਨੁੱਖ ਜਾਨਵਰਾਂ ਤੋਂ ਵੀ ਭੈੜਾ ਹੈ। ਜੇਕਰ ਮਨੁੱਖ ਨੇ ਮਨੁੱਖਾਂ ਜਨਮ ਵਿਚ ਵੀ ਪ੍ਰਭੂ ਦੀ ਭਗਤੀ ਨਹੀਂ ਕੀਤੀ ਤਾਂ ਉਸਦਾ ਮਨੁੱਖਾ ਜਨਮ ਵਿਚ ਦੁਨੀਆਂ ਤੇ ਆਉਣਾ ਵਿਅਰਥ ਹੈ। ਸਹੀ ਭਗਤੀ ਉਹ ਹੈ ਜਿਸ ਨਾਲ ਆਪਾ ਵੀ ਸੁਧਰਦਾ ਹੈ ਅਤੇ ਹੋਰਾਂ ਨੂੰ ਵੀ ਲਾਭ ਪੁੱਜਦਾ ਹੈ। ਗੁਰਬਾਣੀ ਤੇ ਸਿੱਖ

ਇਤਿਹਾਸ ਵਿਚ ਥਾਂ-ਥਾਂ ਅਜਿਹੀਆਂ ਉਦਾਹਰਣਾਂ ਮਿਲਦੀਆਂ ਹਨ। ਇੰਨ੍ਹਾਂ ਵਿਚ ਬੜੇ ਸਾਫ ਸ਼ਬਦਾਂ ਵਿਚ ਕਿਹਾ ਗਿਆ ਹੈ ਕਿ ਮਨੁੱਖਾਂ ਜਨਮ ਬੰਦੇ ਨੂੰ ਬੰਦਗੀ ਕਰਕੇ ਨਾਮ ਖਟਨ ਲਈ ਮਿਲਿਆ ਹੈ-

ਪ੍ਰਾਣੀ ਤੂੰ ਆਇਆ ਲਾਹਾ ਲੈਣਿ॥

ਲਗਾ ਕਿਤੁ ਕੁਫਕੜੇ ਸਭ ਮੁਕਦੀ ਚਲੀ ਰੈਣਿ॥[67]

ਈਹਾ ਖਾਟਿ ਚਲਹੁ ਹਰਿ ਲਾਹਾ ਆਗੈ ਬਸਨੁ ਸੁਹੇਲਾ॥[68]

ਇਸਦੇ ਨਾਲ ਹੀ

ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ॥

ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ॥[69]

ਸੰਤ ਜਨ ਜਨਮ ਮਰਨ ਦੇ ਗੇੜ ਵਿਚ ਨਹੀਂ ਆਉਂਦੇ, ਉਹ ਤਾਂ ਜਗਤ ਵਿਚ ਦੂਜਿਆਂ ਦੀ ਭਲਾਈ ਕਰਨ ਵਾਸਤੇ ਆਉਂਦੇ। ਇਸ ਲਈ ਸੰਸਾਰ ਵਿਚ ਭਗਤੀ ਨੂੰ ਐਨਾ ਮਹੱਤਵ ਦਿੱਤਾ ਗਿਆ ਹੈ ਕਿਉਂਕਿ ਇਸ ਵਿਚ ਉਚੇ ਨੀਵੇ ਦਾ ਫਰਕ ਨਹੀਂ ਹੁੰਦਾ ਅਤੇ ਭਗਤੀ ਗ੍ਰਹਿਸਥ ਵਿਚ ਰਹਿ ਕੇ ਕੀਤੀ ਜਾ ਸਕਦੀ ਹੈ ਇਸ ਲਈ ਕਿਸੇ ਤਰ੍ਹਾਂ ਦੇ ਕਰਮ ਕਾਂਡ ਕਰਨ ਦੀ ਜ਼ਰੂਰਤ ਨਹੀਂ ਹੁੰਦੀ। ਭਗਤੀ ਕਰਨ ਵਾਲੇ ਸਾਰੇ ਜਗਿਆਸੂ ਸਮਾਨ ਰੂਪ ਵਿਚ ਭਗਤੀ ਦਾ ਫਲ ਪ੍ਰਾਪਤ ਕਰ ਸਕਦੇ ਹਨ।

ਗੁਰਮਤਿ ਵਿਚ ਭਗਤੀ ਸਾਧਨਾ ਪ੍ਰਕ੍ਰਿਆ ਪਰੰਪਰਾ ਤੋਂ ਹਟੀ ਹੋਈ ਹੈ। ਇਸ ਦੀਆਂ ਮਾਨਤਾਵਾਂ ਦੇ ਆਧਾਰ ਤੇ ਇਸ ਨੂੰ ਪ੍ਰੇਮਾ ਭਗਤੀ ਦਾ ਨਾਂ ਦਿੱਤਾ ਗਿਆ ਹੈ। ਪ੍ਰੇਮਾ ਭਗਤੀ ਦੀ ਪਹਿਲੀ ਆਧਾਰਭੂਤ ਮਾਨਤਾ ਹੈ ਮਨੁੱਖ ਜਨਮ ਅਥਵਾ ਸਰੀਰ, ਕਿਉਂਕਿ ਸਰੀਰ ਤੋਂ ਬਿਨਾਂ ਭਗਤੀ ਨਹੀਂ ਹੋ ਸਕਦੀ। ਇਸ ਸੰਬੰਧੀ ਗੁਰੂ ਅਰਜਨ ਦੇਵ ਜੀ ਸਪੱਸ਼ਟ ਕਰਦੇ ਹਨ ਕਿ ਇਸ ਦੁਰਲਭ ਮਾਨਵ ਜਨਮ ਵਿਚ ਅਧਿਆਤਮਿਕਤਾ ਦਾ ਪੂਰਾ ਲਾਭ ਉਠਾਉਣ ਦਾ ਯਤਨ ਕਰਨਾ ਚਾਹੀਦਾ ਹੈ:

ਭਈ ਪ੍ਰਾਪਤ ਮਾਨੁੱਖ ਦੇਹਰੀਆ,

ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ।।[70]

ਭਗਤੀ ਦਾ ਅਸਲ ਪ੍ਰਯੋਜਨ ਭਗਤ ਦਾ ਆਪਣੇ ਪ੍ਰਮਾਤਮਾ ਨਾਲ ਮਿਲਾਪ ਹੈ, ਜਿਸ ਤੋਂ ਉਹ ਦੂਰ ਹੋਇਆ ਹੁੰਦਾ ਹੈ, ਉਸਨੂੰ ਪਾਉਣਾ ਹੁੰਦਾ ਹੈ। ਪ੍ਰਮਾਤਮਾ ਨੂੰ ਮੁੜ ਪਾਉਣ ਲਈ ਸਾਰੀਆਂ ਕ ਸ਼ਿਸ਼ਾਂ, ਪਿਆਰ ਨਾਲ, ਪ੍ਰੇਮ ਨਾਲ ਉਹਦੀ ਯਾਦ ਨੂੰ ਮਨ ਵਿਚ ਵਸਾਉਣ ਨਾਲ ਜੁੱਟੇ ਰਹਿਣਾ ਹੀ ਭਗਤੀ ਹੈ। ਆਪਾ ਤਿਆਗ ਕੇ ਆਪਣੇ ਆਪ ਨੂੰ ਪੂਰਨ ਰੂਪ ਵਿਚ ਅਕਾਲ ਪੁਰਖ ਦੇ ਹਵਾਲੇ ਕਰ ਦੇਣਾ, ਭਾਵ ਆਤਮਕ ਸਮਰਪਣ ਕਰਕੇ ਪਰਮਾਤਮਾ ਨਾਲ ਮਿਲ ਜਾਣਾ ਹੀ ਭਗਤੀ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਕਥਨ ਅਨੁਸਾਰ -

ਸਾਚੁਕਹੌ ਸੁਨ ਲੇਹੁ ਸਭੈ ਜਿਨ ਪ੍ਰੇਮੁ ਕੀਓ ਤਿਨ ਹੀ ਪ੍ਰਭੁ ਪਾਇਓ।।[71]

ਬਲਰਾਜ ਸਾਹਨੀ ਭਗਤੀ ਅੰਦੋਲਨ ਵਿਚ ਗੁਰੂ ਸਾਹਿਬਾਨਾਂ ਯੋਗਦਾਨ ਦੇਖ ਕੇ ਆਖਦਾ ਹੈ ਕਿ ਪੰਜਾਬ ਦੀਆਂ ਗੁਰੂ ਪਾਤਸ਼ਾਹੀਆਂ ਨੇ ਸਾਰੇ ਭਾਰਤ ਦੇ ਭਗਤੀ ਅੰਦੋਲਨ ਨੂੰ ਇਕ ਸੂਤਰ ਵਿਚ ਪਰੋਣ ਦੀ ਕੋਸ਼ਿਸ਼ ਕੀਤੀ ਸੀ। ਉਹ ਭਗਤੀ ਨੂੰ ਕੇਵਲ ਅਰਾਧਨਾ ਤੀਕਰ ਰਖਣਾ ਨਹੀਂ ਸਨ ਚਾਹੁੰਦੇ। ਉਹ ਸਮਾਜ ਵਿਚ ਇਨਕਲਾਬ ਦੀ ਵੀ ਲਹਿਰ ਲਿਆਉਣਾ ਚਾਹੁੰਦੇ ਸਨ। ਉਹਨਾਂ ਦੀਆਂ ਸੋਚਾਂ ਦੇਸ਼ ਦੇ ਬਾਕੀ ਭਗਤਾਂ, ਸੰਤਾਂ ਦੀ ਬ-ਨਿਸਬਤ ਵਧੇਰੇ ਸੁਲਝੀਆਂ ਹੋਈਆਂ, ਡੂੰਘੀਆਂ ਤੇ ਦੂਰਦਰਸ਼ੀ ਸਨ। ਪੰਜਾਬ ਦੀ ਭਗਤੀ ਗੁਰੂ ਗੋਬਿੰਦ ਸਿੰਘ ਦੇ ਵੇਲੇ ਅਤੇ ਮਗਰੋਂ ਇਕ ਪ੍ਰਚੰਡ ਇਨਕਲਾਬੀ ਅੰਦੋਲਨ ਦਾ ਰੂਪ ਧਾਰਨ ਕਰ ਗਈ।[72]

**ਪੰਜਾਬੀ ਕਿੱਸਾ ਕਾਵਿ-ਧਾਰਾ**: ਕਿੱਸਾ ਕਾਵਿ ਮਧਕਾਲੀਨ ਪੰਜਾਬੀ ਸਾਹਿਤ ਦੀ ਗੌਰਵਮਈ ਪ੍ਰਾਪਤੀ ਹੈ। ਵੱਖ-ਵੱਖ ਕਵੀਆਂ ਵੱਲੋਂ ਲਗਭਗ ਹਰ ਕਾਲ ਵਿਚ ਲਿਖੀਆਂ ਗਈਆਂ ਅਨੇਕ ਪ੍ਰੇਮ ਕਥਾਵਾਂ ਸਾਨੂੰ ਕਿੱਸਾ-ਰੂਪ ਵਿਚ ਮਿਲਦੀਆਂ ਹਨ। ਕਹਾਣੀਆਂ ਕਹਿਣ ਦਾ ਰਿਵਾਜ਼ ਢੇਰ ਪੁਰਾਣਾ ਹੈ ਅਤੇ ਇਨ੍ਹਾਂ ਕਹਾਣੀਆਂ ਨੂੰ ਸਾਹਿਤ ਵਿਚ ਲਿਆਉਣ ਲਈ ਕਵਿਤਾ ਨੂੰ ਹੀ ਮਾਧਿਅਮ ਬਣਾਇਆ ਜਾਂਦਾ ਰਿਹਾ ਹੈ। ਕਵਿਤਾ ਰੂਪ ਵਿਚ ਲਿਖੀਆਂ ਕਹਾਣੀਆਂ ਹੀ ਕਿੱਸਾ ਅਖਵਾਉਂਦੀਆਂ ਹਨ। ਮੁਗ਼ਲ ਕਾਲ ਦੇ ਪੰਜਾਬੀ ਕਿੱਸਿਆਂ ਵਿਚ ਵਧੇਰੇ ਕਰਕੇ ਪ੍ਰੇਮ

ਕਹਾਣੀਆਂ ਹੀ ਹਨ, ਭਾਵੇਂ ਮਗਰੋਂ ਚੋਰਾਂ ਡਾਕੂਆਂ ਤੇ ਬਾਗੀਆਂ ਦੇ ਕਿੱਸਿਆਂ ਤੋਂ ਛੁੱਟ ਧਾਰਮਿਕ ਕਿੱਸੇ ਵੀ ਲਿਖੇ ਜਾਣ ਲੱਗ ਪਏ ਹਨ।[73]

ਕਿੱਸਾ ਕਾਵਿ ਵਿਚ ਕਵੀਆਂ ਦਾ ਧਿਆਨ ਅਧਿਆਤਮਕ ਜਗਤ ਦੀ ਸਰਵਉੱਚਤਾ ਦੇ ਨਾਲ ਨਾਲ ਪਦਾਰਥਕ ਤੇ ਭੌਤਿਕ ਜਗਤ ਦੇ ਨਾਲ ਵੀ ਜੁੜਨ ਲਗਦਾ ਹੈ। ਇਸ ਕਾਵਿ ਧਾਰਾ ਵਿਚ ਵਿਅਕਤੀ ਦੇ ਸਮਾਜਿਕ ਤੇ ਸਭਿਆਚਾਰਕ ਮਸਲਿਆਂ ਦਾ ਮਹੱਤਵ ਸ਼ੁਰੂ ਹੋ ਜਾਂਦਾ ਹੈ ਅਤੇ ਕਵੀਆਂ ਤੇ ਲੇਖਕਾਂ ਦੀ ਦ੍ਰਿਸ਼ਟੀ ਪਾਰਲੌਕਿਕਤਾ ਦੇ ਨਾਲ ਲੌਕਿਕਤਾ ਵੱਲ ਆਉਣ ਲਗਦੀ ਹੈ। ਉਸਨੇ ਸਭ ਤੋਂ ਪਹਿਲਾ 'ਹੀਰ' ਦਾ ਕਿੱਸਾ ਲਿਖਿਆ। ਉਸ ਤੋਂ ਪਿਛੋਂ ਅਨੇਕਾਂ ਕਵੀਆਂ ਨੇ ਹੀਰ, ਸੱਸੀ, ਸੋਹਣੀ, ਮਿਰਜੇ ਤੇ ਪੂਰਨ ਆਦਿ ਨਾਲ ਸਬੰਧਿਤ ਕਹਾਣੀਆਂ ਨੂੰ ਕਿੱਸੇ ਦਾ ਰੂਪ ਦਿੱਤਾ। ਜਿਨ੍ਹਾਂ ਵਿਚੋਂ ਪੀਲੂ, ਵਾਰਿਸ ਸ਼ਾਹ, ਹਾਸ਼ਮ, ਫਜ਼ਲ ਸ਼ਾਹ, ਕਾਦਰਯਾਰ ਆਦਿ ਦੇ ਨਾਂ ਉੱਘੇ ਹਨ।[74]

ਮੱਧਕਾਲ ਵਿਚ ਪ੍ਰੇਮਾ ਭਗਤੀ ਦਾ ਵਿਸ਼ੇਸ਼ ਮਹੱਤਵ ਹੈ। ਆਦਿ ਕਾਲ ਵਿਚ ਸਰੀਰਕ ਸਾਧਨਾਂ, ਕਰਮ-ਕਾਂਡ ਅਤੇ ਹਠ ਯੋਗਿਕ ਵਿਧੀਆਂ ਆਦਿ ਨੂੰ ਵਧੇਰੇ ਮਹੱਤਵ ਦਿੱਤਾ ਜਾਂਦਾ ਸੀ ਪਰਤੂੰ ਮੱਧਕਾਲ ਵਿਚਲੇ ਕਿੱਸਾ ਕਾਵਿ ਨੇ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਪ੍ਰਮਾਤਮਾ ਦੀ ਪ੍ਰਾਪਤੀ ਲਈ ਕੋਈ ਕਰਮ-ਕਾਂਡ, ਤੀਰਥ ਇਸ਼ਨਾਨ ਜਾਂ ਹਠਯੋਗ-ਸਾਧਨਾ ਕਰਨ ਦੀ ਜ਼ਰੂਰਤ ਨਹੀਂ ਹੈ। ਪ੍ਰਮਾਤਮਾ ਨੂੰ ਸਿਰੰ   ਪ੍ਰੇਮਾ ਭਗਤੀ ਦੇ ਮਾਧਿਅਮ ਦੁਆਰਾ ਪ੍ਰਾਪਤ ਕੀਤਾ ਜਾ ਸਕਦਾ ਹੈ। ਇਹੀ ਕਾਰਨ ਹੈ ਕਿ ਸਮੁੱਚਾ ਮੱਧਕਾਲੀਨ ਕਿੱਸਾ ਸਾਹਿਤ ਪ੍ਰੇਮ ਜਾਂ ਇਸ਼ਕ ਦੀ ਅਰਾਧਨਾ ਕਰਦਾ ਦਿੱਸਦਾ ਹੈ। ਪੰਜਾਬੀ ਕਿੱਸਾ ਕਾਵਿ ਦੇ ਮੋਢੀ ਦਮੋਦਰ ਨੇ ਵੀ ਹੀਰ ਦੀ ਕਹਾਣੀ ਲਿਖਦੇ ਹੋਏ ਮੰਗਲਾਚਰਣ ਵਿਚ ਪ੍ਰਮਾਤਮਾ ਦੀ ਭਗਤੀ ਨੂੰ ਆਧਾਰ ਬਣਾਇਆ ਹੈ:

> ਅਵਲ ਨਾਮ ਸਾਹਿਬ ਦਾ ਲਈਏ ਜਿਨ ਇਹ ਜਗਤ ਉਪਾਇਆ।।
> ਜਿੰਮੀ ਅਸਮਾਨ ਪਲਕ ਦੁਰਸੀਤੀ ਕੁਦਰਤ ਨਾਲ ਟਿਕਾਇਆ।।[75]

ਹਾਸ਼ਮ ਇਸ਼ਕ ਮਜਾਜ਼ੀ ਤੇ ਇਸ਼ਕ ਹਕੀਕੀ ਦੋਨਾਂ ਨੂੰ ਇਕ ਮੰਨਦਾ ਹੋਇਆ ਲਿਖਦਾ ਹੈ ਕਿ ਦੋਨੋਂ ਇੱਕੋ ਬੂਟੇ ਦੇ ਵੱਖ-ਵੱਖ ਤੱਤ ਹਨ:

ਇਕੋ ਬੂਟਾ ਇਕੋ ਲਜਤ ਇਕੋ ਪਤਾ ਨਿਸ਼ਾਨੀ,
ਉਸ ਬੂਟਿਓ ਇਸ਼ਕ ਮਜਾਜ਼ੀ ਮੇਵਾ ਇਸ਼ਕ ਹਕਾਨੀ।[76]

ਹਾਸ਼ਮ ਅਨੁਸਾਰ ਆਦਿ ਤੇ ਅੰਤ, ਅੰਦਰ ਤੇ ਬਾਹਰ ਇਕੋ ਇਸ਼ਕ ਹੀ ਵਿਆਪਕ ਹੈ। ਇਹ ਸਾਰੀ ਖੇਡ ਇਸ਼ਕ ਦੀ ਹੀ ਹੈ। ਇਸ਼ਕ ਹਕੀਕੀ ਹੋਵੇ ਭਾਵੇਂ ਮਜਾਜ਼ੀ:

ਅਵਲ ਆਖਿਰ ਜਾਹਿਰ ਬਾਤਨ, ਖੇਡ ਇਸ਼ਕ ਦੀ ਤਾਜੀ,
ਭਾਵੇਂ ਇਸ਼ਕ ਹਕੀਕੀ ਹੋਵੇ, ਭਾਵੇਂ ਇਸ਼ਕ ਮਜਾਜ਼ੀ।[77]

ਆਪਣੇ ਤੋਂ ਪਹਿਲੇ ਕਿੱਸਾਕਾਰਾਂ ਦੀ ਰੀਤ ਅਨੁਸਾਰ ਵਾਰਿਸ ਵੀ ਆਪਣੇ ਕਿੱਸੇ ਦੇ ਆਰੰਭ ਵਿਚ ਪਹਿਲਾਂ ਪ੍ਰਮਾਤਮਾ ਦੀ ਅਰਾਧਨਾ ਕਰਦਾ ਹੈ:

ਅਵਲ ਹਮਦ ਖ਼ੁਦਾਇ ਦਾ ਵਿਰਦ ਕੀਜੈ।
ਇਸ਼ਕ ਕੀਤਾ ਸੂ ਜਗ ਦਾ ਮੂਲ ਮੀਆਂ।
ਪਹਿਲਾਂ ਆਪ ਹੈ ਰੱਬ ਨੇ ਇਸ਼ਕ ਕੀਤਾ।
ਮਾਸ਼ੂਕ ਹੈ ਨੱਬੀ ਰਸੂਲ ਮੀਆਂ।[78]

ਕਿੱਸਾ ਕਾਵਿ ਵਿਚ ਪ੍ਰਮਾਤਮਾ ਦੀ ਪ੍ਰੇਮਾ ਭਗਤੀ ਕਰਦਿਆਂ ਵਾਰਿਸ ਵੀ ਹਾਸ਼ਮ ਵਾਂਗ ਇਸ਼ਕ-ਮਜਾਜ਼ੀ ਨੂੰ ਇਸ਼ਕ ਹਕੀਕੀ ਨਾਲ ਜੋੜਦਾ ਹੈ ਭਾਵ ਲੌਕਿਕ ਤੋਂ ਸ਼ੁਰੂ ਹੋ ਕੇ ਪਾਰਲੌਕਿਕ ਤਕ ਪਹੁੰਚਦਿਆਂ ਆਖਦਾ ਹੈ:

ਹੀਰ ਰੂਹ ਤੇ ਚਾਕ ਕਲਬੂਤ ਜਾਣੋਂ।
ਬਾਲਨਾਥ ਇਹ ਪੀਰ ਬਣਾਇਆ ਈ।
ਪੰਜ ਪੀਰ ਨੇ ਪੰਜ ਹਵਾਸ ਤੇਰੇ।
ਜਿਨ੍ਹਾਂ ਥਾਪਣਾ ਤੁਧ ਨੂੰ ਲਾਇਆ ਈ।[79]

ਵਾਰਿਸ ਹੀਰ ਵਿਚ ਇਸ਼ਕ ਮਿਜ਼ਾਜੀ ਤੋਂ ਇਸ਼ਕ ਹਕੀਕੀ ਦੀ ਗਲ ਕਰਦਾ ਹੈ, ਭਾਵ ਪ੍ਰਮਾਤਮਾ ਨਾਲ ਪਿਆਰ ਪਾਉਣ ਤੋਂ ਬਾਅਦ ਦੀ ਅਵਸਥਾ ਨੂੰ ਬਿਆਨ ਕਰਦਾ ਹੈ। ਜਿਸ ਵਿਚ ਪ੍ਰਮਾਤਮਾ ਦੀ ਪ੍ਰੇਮਾ ਭਗਤੀ ਵਿਦਮਾਨ ਹੈ। ਕਿੱਸਾਕਾਰਾਂ ਨੇ ਇਸ ਭਗਤੀ ਨੂੰ ਪੇਸ਼ ਕਰਨ ਲਈ ਲੋਕਯਾਨ ਦੇ ਪ੍ਰੇਮ ਕਾਵਿ ਨੂੰ ਮਾਧਿਅਮ ਬਣਾਇਆ ਹੈ।

**ਪੰਜਾਬੀ ਬੀਰ-ਰਸੀ ਕਾਵਿ-ਧਾਰਾ**: ਪੰਜਾਬੀ ਸਾਹਿਤ ਵਿਚ ਬੀਰ-ਰਸੀ ਕਵਿਤਾ ਨੂੰ ਵਿਸ਼ੇਸ਼ ਥਾਂ ਪ੍ਰਪਤ ਹੈ। ਸਾਰੇ ਦੇਸ਼ਾਂ ਦੇ ਸਾਹਿਤ ਵਿਚ ਯੁੱਧ, ਬੀਰਤਾ ਤੇ ਯੋਧਿਆਂ ਦੀ ਪ੍ਰਸ਼ੰਸਾ, ਸਾਹਿਤ ਦਾ ਇਕ ਵੱਡਮੁਲਾ ਅੰਗ ਬਣਿਆ ਰਿਹਾ ਹੈ। ਪੰਜਾਬ ਦੀ ਭੂਗੋਲਿਕ ਸਥਿਤੀ ਹੀ ਅਜਿਹੀ ਹੈ ਕਿ ਇਹ ਧਰਤੀ ਜੰਗਾਂ-ਯੁੱਧਾਂ ਦਾ ਅਖਾੜਾ ਰਹੀ ਹੈ। ਪੰਜਾਬੀ ਸਾਹਿਤ ਵਿਚ ਯੋਧਿਆਂ ਨੂੰ ਯੁੱਧ ਲਈ ਪ੍ਰੇਰਿਤ ਕਰਨ ਅਤੇ ਯੁੱਧ ਵਿਚ ਉਹਨਾਂ ਦੀ ਬਹਾਦਰੀ ਦੇ ਕਾਰਨਾਮਿਆਂ ਨੂੰ ਪ੍ਰਗਟਾਉਣ ਲਈ ਵਾਰਾਂ ਅਤੇ ਜੰਗਨਾਮੇ ਲਿਖੇ ਗਏ। ਮੱਧਕਾਲ ਦੇ ਸਾਹਿਤ ਵਿਚ ਬੀਰ ਰਸ ਤੇ ਯੁੱਧਾਂ ਦਾ ਬਿਆਨ ਦੋ ਤਿੰਨ ਕਾਵਿ ਰੂਪਾਂ ਰਾਹੀਂ ਪ੍ਰਗਟਾਇਆ ਗਿਆ ਹੈ। ਜਿਨ੍ਹਾਂ ਵਿਚੋਂ ਵਾਰ, ਜੰਗਨਾਮਾ ਤੇ ਫੁਟਕਲ ਟੋਟਕੇ, ਜਾਂ ਕਵਿਤਾਵਾਂ ਆਉਂਦੀਆਂ ਹਨ ਪਰ ਇਸ ਕਾਲ ਦੇ ਪੰਜਾਬੀ ਸਾਹਿਤ ਦਾ ਸਭ ਤੋਂ ਸ਼੍ਰੋਮਣੀ ਤੇ ਪ੍ਰਸਿੱਧ ਰੂਪ ਵਾਰ ਹੀ ਹੈ। ਇਹ ਵਾਰਾਂ ਅਧਿਆਤਮਕ ਅਤੇ ਬੀਰ ਰੱਸੀ ਹਨ।[80]

ਵਾਰ ਬਾਹਰ-ਮੁਖੀ ਕਵਿਤਾ ਦਾ ਇੱਕ ਰੂਪ ਹੈ ਅਤੇ ਬੀਰ ਰਸ ਇਸ ਦਾ ਪ੍ਰਮੁੱਖ ਰਸ। ਇਸ ਵਿਚ ਕਿਸੇ ਯੋਧੇ ਦੀ ਬੀਰਤਾ ਦਾ ਬਿਆਨ ਤੇ ਜੱਸ ਹੁੰਦਾ ਹੈ। ਜੁੱਧ ਦਾ ਬ੍ਰਿਤਾਂਤ, ਬੀਰਤਾ ਭਰਿਆ ਵਾਯੂ-ਮੰਡਲ ਤੇ ਨਾਇਕ ਦੀ ਬਹਾਦਰੀ ਦੀ ਪ੍ਰਸ਼ੰਸਾ ਕਰਕੇ, ਉਸਦੀ ਸ਼ਖ਼ਸੀਅਤ ਨੂੰ ਨਾਟਕੀ ਹੁਨਰ ਰਾਹੀਂ ਉਘਾੜਨਾ, ਇਸ ਦੇ ਵਿਸ਼ੇਸ਼ ਲੱਛਣ ਹਨ ਪਰੰਤੂ ਬਹਾਦਰੀ ਜੱਸ ਦੀ ਪਾਤਰ ਜ਼ਰੂਰ ਹੋਵੇ। ਵਾਰ ਵਿਚ ਜ਼ਾਲਮ, ਜ਼ਬਰ ਤੇ ਅਪਰਾਧੀ ਦੀ ਪ੍ਰਸ਼ੰਸਾਂ ਨਹੀਂ ਕੀਤੀ ਜਾ ਸਕਦੀ ਕਿਉਂ ਜੋ ਵਾਰ ਰੱਚ ਕੇ ਢਾਡੀ ਲੋਕ ਆਮ ਇਕੱਠਾਂ ਵਿਚ ਗਾਉਂਦੇ ਹਨ... ਯੋਧਿਆਂ ਦੇ ਕਾਰਨਾਮੇ ਸੁਣਾ ਕੇ ਲੋਕਾਂ ਵਿਚ ਬੀਰ-ਰਸੀ ਆਤਮਾ ਨੂੰ ਜਗਾਉਣਾ ਤੇ ਜ਼ਬਰ ਵਿਰੁੱਧ ਡੱਟ ਕੇ ਜੂਝ ਮਰਨ ਦੀ ਪ੍ਰੇਰਨਾ ਦੇਣੀ ਹੈ।[81]

ਇਨ੍ਹਾਂ ਦਾ ਪ੍ਰਧਾਨ ਵਿਸ਼ਾ ਬੀਰਤਾ ਹੀ ਹੈ, ਪਰ ਗੁਰੂ ਸਾਹਿਬ ਨੇ ਇਸ ਸਾਹਿਤਕ ਰੂਪ ਨੂੰ ਆਪਣੇ ਰਹੱਸਮਈ ਅਨੁਭਵ ਦੇ ਪ੍ਰਗਟਾਓ ਲਈ ਵਰਤਿਆ ਹੈ। ਇਥੇ ਟੱਕਰ ਦੋ ਦੇਹਧਾਰੀ ਬੀਰਾਂ ਦੇ ਵਿਚ ਨਹੀਂ ਬਲਕਿ ਨੇਕੀ ਅਤੇ ਬਦੀ ਵਿਚਾਲੇ ਹੈ। ਇਸ ਤਰ੍ਹਾਂ ਇਥੇ ਇਸ ਰੂਪ ਨੂੰ ਨਵੇਂ ਅਰਥ ਮਿਲੇ ਹਨ। ਵਾਰ ਵਿਚਲੀ ਵਾਰਤਾ ਨੂੰ ਪਉੜੀਆਂ ਵਿਚ ਵੰਡਿਆ ਹੁੰਦਾ ਹੈ, ਛੰਦ ਆਮ ਤੌਰ ਤੇ ਸਿਰਖੰਡੀ ਜਾਂ ਨਿਸ਼ਾਨੀ ਵਰਤਿਆ ਜਾਂਦਾ ਹੈ।[82]

ਭਗਤੀ ਭਾਵਨਾ ਨਾਲ ਗੁਸੀਆਂ ਵਾਰਾਂ ਵਿਚੋਂ ਗੁਰੂ ਗ੍ਰੰਥ ਸਾਹਿਬ ਦੀਆਂ 22 ਵਾਰਾਂ, ਭਾਈ ਗੁਰਦਾਸ ਦੀਆਂ ਵਾਰਾਂ ਤੇ ਕਵੀ ਖੁਸ਼ਹਾਲ ਚੰਦ ਕਲਿਆਣ ਦੀ ਵਾਰ ਸ਼ਾਮਿਲ ਕੀਤੀ ਜਾਂਦੀ ਹੈ। ਭਾਈ ਗੁਰਦਾਸ ਦੀਆਂ ਵਾਰਾਂ ਵਿਚ ਭਗਤੀ ਭਾਵ ਪ੍ਰਗਟ ਹੁੰਦਾ ਹੈ। ਆਪਨੇ ਭਗਤੀ ਲਈ ਪ੍ਰਮਾਤਮਾ ਦੇ ਨਾਮ ਸਿਮਰਨ ਦੇ ਮਹੱਤਵ ਨੂੰ ਉਜਾਗਰ ਕੀਤਾ ਹੈ:

ਇਉਂ ਨਉਂ ਮਹਿਲੋਂ ਕੀ ਜੁਗਤਿ ਸੁਨਾਈ।।
ਜਿਹ ਕਰ ਸਿਮਰਨ ਹਰਿ ਭਗਤ ਰਚਾਈ।।
ਹਰਿ ਭਗਤਿ ਰਚਾਇ, ਮਗਲ ਪਰਹਾਰੇ।।
ਤਬ ਸਭ ਜਗ ਮੇਂ ਪ੍ਰਗਟਿਉ ਜੈ ਕਾਰੇ।।
ਇਉਂ ਕਰ ਹੈ ਗੁਰਦਾਸ ਪੁਕਾਰਾ।।
ਹੇ ਸਤਿਗੁਰ ਮੁੰਹਿ ਲੇਹੁ ਉਬਾਰਾ।[83]

ਇਹਨਾਂ ਤੋਂ ਇਲਾਵਾ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਚੰਡੀ ਦੀ ਵਾਰ ਵਿਚ ਭਗਤੀ ਭਾਵਨਾ ਭਰਪੂਰ ਰੂਪ ਵਿਚ ਮਿਲਦੀ ਹੈ। ਚੰਡੀ ਦੀ ਵਾਰ ਦੇ ਮੰਗਲਾਚਰਣ ਵਿਚ ਭਗਤੀ ਭਾਵ ਦ੍ਰਿਸ਼ਟੀਗੋਚਰ ਹੁੰਦਾ ਹੈ:

ਪ੍ਰਿਥਮ ਭਗਉਤੀ ਸਿਮਰਕੈ ਗੁਰ ਨਾਨਕ ਲਈਂ ਧਿਆਇ।।
ਫਿਰ ਅੰਗਦ ਗੁਰ ਤੇ ਅਰਮਦਾਸ ਰਾਮਦਾਸੈ ਹੋਈ ਸਹਾਇ।।
ਅਰਜਨ ਹਰਿਗੋਬਿੰਦ ਨੂੰ ਸਿਮਰੌ ਸ੍ਰੀ ਹਰਿਰਾਇ।।
ਸ੍ਰੀ ਹਰਿਕ੍ਰਿਸ਼ਨ ਧਿਆਇਐ ਜਿਸੁ ਡਿੱਠੇ ਸਭ ਦੁਖ ਜਾਇ।।
ਤੇਗ ਬਹਾਦਰ ਸਿਮਰੀਐ ਘਰ ਨਉਨਿਧਿ ਆਵੈ ਧਾਇ।।
ਸਭ ਥਾਈਂ ਹੋਇ ਸਹਾਇ।।[84]

ਗੁਰੂ ਗੋਬਿੰਦ ਸਿੰਘ ਜੀ ਨੇ ਚੜ੍ਹਦੀ ਕਲਾ ਦਾ ਜਜਬਾ ਉਬਾਰਨ ਲਈ ਬੀਰ ਰਸੀ ਨਾਲ ਭਰਪੂਰ ਰਚਨਾਵਾਂ ਰਚੀਆਂ। ਅਰਥਾਤ ਆਪ ਦੀ ਰਚਨਾ ਪੜ੍ਹ ਕੇ ਬੀਰ ਰਸ ਉਜਾਗਰ ਹੁੰਦਾ ਹੈ। ਬੀਰ ਜਜਬਾ ਉਭਾਰਨਾ ਸਮੇਂ ਦੀ ਜ਼ਰੂਰਤ ਸੀ। ਆਪ ਦੀਆਂ ਰਚਨਾਵਾਂ ਵਿਚ ਜੰਗ-ਜੁਧ ਦਾ ਵਰਣਨ ਬੀਰ ਰਸੀ ਭਾਵ ਪੈਦਾ ਕਰਦਾ ਹੈ।

**ਲੋਕ ਕਾਵਿ-ਧਾਰਾ**: ਲੋਕ ਸਾਹਿਤ ਤੋਂ ਭਾਵ ਉਸ ਕਵਿਤਾ ਅਤੇ ਲੋਕ ਗੀਤਾਂ ਦੇ ਉਨ੍ਹਾਂ ਰੂਪਾਂ ਤੋਂ ਹੈ, ਜੋ ਕਈ ਸਦੀਆਂ ਤੋਂ ਸੀਨਾ-ਬਸੀਨਾ ਸਾਡੇ ਲੋਕ-ਸਾਹਿਤ ਦਾ ਅੰਗ ਬਣੇ ਰਹੇ ਹਨ। ਇਹ ਸਾਹਿਤ ਅਗਿਆਤ ਲੇਖਕਾਂ ਦਾ ਲੋਕਾਂ ਦੀ ਮਿਲਵੀਂ ਰਚਨਾ ਹੁੰਦਾ ਹੈ, ਜੋ ਪੀੜੀ ਨਾਲ ਆਪਣਾ ਰੂਪ ਨਿਖਾਰਦਾ ਰਹਿੰਦਾ ਹੈ ਅਤੇ ਸਮਾਂ ਪਾ ਕੇ ਇਸ ਦਾ ਮੁਹਾਂਦਰਾ ਜਾਂ ਸਰੂਪ ਨਿਖਰ ਆਉਂਦਾ ਹੈ।[85] ਲੋਕ ਕਾਵਿ ਧਾਰਾ ਦੇ ਕਈ ਰੂਪ ਹਨ ਜਿਵੇਂ ਕਿ ਲੋਕ-ਮੁਹਾਵਰੇ ਤੇ ਅਖੌਤਾਂ, ਬੁਝਾਰਤਾਂ ਜਾਂ ਕਹਿ-ਮੁਕਰਨੀਆਂ ਆਦਿ। ਲੋਕ ਸਾਹਿਤ ਕਦੇ ਵੀ ਸਥਿਰ ਨਹੀਂ ਰਹਿੰਦਾ ਇਹ ਸਮੇਂ ਦੇ ਪਰਿਵਰਤਨ ਨਾਲ ਬਦਲਦਾ ਰਹਿੰਦਾ ਹੈ। ਜਿਵੇਂ ਕਿ ਤੇਰਾ ਨਾਮ ਜਪਣ ਦਾ ਵੇਲਾ ਰਾਮ ਨਾਮ ਜਪ ਬੰਦਿਆਂ, ਸੁਣ ਮੇਰੀਏ ਜਿੰਦੇ ਰਾਮ ਨੂੰ ਬਣਾ ਲੈ ਆਪਣਾ, ਤੇਰੀ ਸਜਰੀ ਪੈੜ ਦਾ ਰੇਤਾ ਚੁੱਕ-ਚੁੱਕ ਲਾਵਾਂ ਹਿੱਕ ਨੂੰ, ਜਿਓਂ ਜਿਓਂ ਚਰਖਾ ਕਤਦੀ ਜਾਵਾਂ ਨਾਂ ਬਾਬੇ ਦਾ ਜਪਦੀ ਜਾਵਾਂ, ਤਨ ਦਾ ਚਰਖਾ ਮਨ ਦੀ ਪੂਣੀ ਪ੍ਰੀਤ ਦਿਨੋ ਦਿਨ ਹੋ ਗਈ ਦੂਣੀ ਅਤੇ ਮੈਂ ਨੈਣੀ ਨੀਂਦ ਨਾ ਆਵੈ ਜੀਊ ਭਾਵੈ ਅੰਨੁ ਨ ਪਾਣੀ ਆਦਿ ਲੋਕ ਅਖਾਣ ਲੋਕਾਂ ਵਿਚ ਪ੍ਰਚਲਿਤ ਹੋ ਗਏ ਹਨ। ਇਸਦੇ ਨਾਲ ਹੀ ਜਿਨਾਂ ਜੋਗੀਆਂ ਦੀ ਭਗਤੀ ਅਪੂਰਨ ਤੇ ਸੰਦੇਹ ਗ੍ਰਸਤ ਰਹੀ ਹੈ ਉਨਾਂ ਬਾਰੇ ਲੋਕ ਗੀਤਾਂ ਵਿਚ ਪ੍ਰਮਾਣ ਮਿਲਦੇ ਹਨः

ਜੋਗੀ ਉੱਤਰ ਪਹਾੜੋਂ ਆਇਆ, ਨੀ ਚਰਖੇ ਦੀ ਘੂਕ ਸੁਣਕੇ।[86]

ਭਾਵ ਜੋਗੀ ਦਾ ਭੇਸ ਧਾਰਨ ਕਰਨ ਨਾਲ ਭਗਤੀ ਪ੍ਰਾਪਤ ਨਹੀਂ ਕੀਤੀ ਜਾ ਸਕਦੀ। ਇਸ ਲਈ ਭਗਤੀ ਦੀ ਪ੍ਰਾਪਤੀ ਲਈ ਗ੍ਰਹਿਸਥ ਵਿਚ ਰਹਿ ਕੇ ਪਰਮਾਤਮਾ ਦਾ ਨਾਮ ਜਪਣਾ ਚਾਹੀਦਾ ਹੈ।

ਉਪਰੋਕਤ ਵਿਚਾਰ ਚਰਚਾ ਤੋਂ ਸਪੱਸ਼ਟ ਹੁੰਦਾ ਹੈ ਕਿ ਮਧਕਾਲੀਨ ਭਗਤੀ ਲਹਿਰ ਦਾ ਆਰੰਭ ਆਦਿ ਕਾਲ ਵਿਚ ਦ੍ਰਾਵੜਾਂ ਨਾਲ ਹੋਇਆ, ਫਿਰ ਦੱਖਣ ਵਿਚਲੇ ਆਲਵਾਰ ਸੰਤਾਂ ਦੇ

ਗੀਤਾਂ ਦੁਆਰਾ ਵਿਕਸਿਤ ਹੁੰਦੀ ਹੋਈ ਉੱਤਰ ਭਾਰਤ ਵਿਚ ਪਹੁੰਚਦੀ ਹੈ। ਸਮੇਂ ਦੇ ਪਰੀਵਰਤਨ ਨਾਲ ਭਗਤੀ ਨੂੰ ਯੁੱਗ ਪ੍ਰਵਰਤਕ ਲਹਿਰ ਵੀ ਮੰਨਿਆਂ ਜਾਂਦਾ ਹੈ। ਭਗਤੀ ਤੇ ਬ੍ਰਾਹਮਣ ਵਰਗ ਦਾ ਏਕਾਧਿਕਾਰ ਖਤਮ ਹੋਣ ਨਾਲ ਇਹ ਆਮ ਲੋਕਾਂ ਲਈ ਅਰਾਧਨਾ ਦਾ ਸਾਧਨ ਬਣ ਗਈ, ਜੋ ਕਿ ਪ੍ਰਮਾਤਮਾ ਦੀ ਪ੍ਰਾਪਤੀ ਦਾ ਇਕ ਪੁਰਾਤਨ ਸਾਧਨ ਹੈ। ਸਮੁੱਚੇ ਤੌਰ ਤੇ ਕਿਹਾ ਜਾ ਸਕਦਾ ਹੈ ਕਿ ਮੱਧਕਾਲੀਨ ਪੰਜਾਬੀ ਸਾਹਿਤ ਵਿਚ ਸੂੰ ੀ ਕਾਵਿ ਧਾਰਾ, ਨਿਰਗੁਣ ਭਗਤੀ ਕਾਵਿ ਧਾਰਾ, ਗੁਰਮਤਿ ਕਾਵਿ ਧਾਰਾ, ਕਿੱਸਾ ਕਾਵਿ ਧਾਰਾ ਅਤੇ ਬੀਰ ਕਾਵਿ ਧਾਰਾ ਨੇ ਆਪਣੀਆਂ ਕਲਾਤਮਕ ਸਿਖਰਾਂ ਨੂੰ ਛੁਹਿਆ ਹੈ। ਇਹਨਾਂ ਸਾਰੀਆਂ ਧਾਰਾਵਾਂ ਵਿਚ ਭਗਤੀ ਭਾਵਨਾ ਦਾ ਭਾਵ ਉੱਭਰਕੇ ਸਾਹਮਣੇ ਆਉਂਦਾ ਹੈ।

## 2.2. ਮੱਧਕਾਲੀ ਪੰਜਾਬੀ ਸਾਹਿਤ ਵਿੱਚ ਸ਼ਕਤੀ ਦਾ ਪਰਿਪੇਖ

ਮੱਧਕਾਲੀ ਪੰਜਾਬੀ ਸਾਹਿਤ ਵਿਚ ਸ਼ਕਤੀ ਦਾ ਪਰਿਪੇਖ ਉਸਾਰਨ ਤੋਂ ਪਹਿਲਾਂ ਸਾਨੂੰ ਸ਼ਕਤੀ ਦੀ ਪਰਿਭਾਸ਼ਾ, ਸਵਰੂਪ, ਪ੍ਰਕਾਰ ਅਤੇ ਭਾਰਤੀ ਗਿਆਨ ਪਰੰਪਰਾ ਵਿਚ ਪ੍ਰਾਪਤ ਸ਼ਕਤੀ ਦੇ ਸੰਕਲਪ ਬਾਰੇ ਰੋਸ਼ਨੀ ਹੋਣੀ ਚਾਹੀਦੀ ਹੈ। ਇਸ ਸੰਬੰਧੀ ਨਿਮਨ ਲਿਖਤ ਵਿਚਾਰ ਪ੍ਰਸਤੁਤ ਹਨ।

ਧਰਮਾਂ ਵਿਚ ਹਮੇਸ਼ਾਂ ਪਹਿਲਾ ਦਰਜਾ ਭਗਤੀ ਦਾ ਰਿਹਾ ਹੈ, ਜਦ ਕਿ ਸ਼ਕਤੀ ਦਾ ਸਥਾਨ ਦੂਜੇ ਦਰਜੇ ਤੇ ਮੰਨਿਆ ਗਿਆ ਹੈ। ਭਗਤੀ ਕਰਨ ਨਾਲ ਹਰ ਪ੍ਰਕਾਰ ਦੀ ਸ਼ਕਤੀ ਪ੍ਰਾਪਤ ਹੋ ਸਕਦੀ ਹੈ ਜਿਵੇਂ ਕਿ ਆਤਮਿਕ, ਮਾਨਸਿਕ, ਸਦਾਚਾਰਕ ਅਤੇ ਸਰੀਰਿਕ ਆਦਿ। ਇਹ ਵੀ ਪ੍ਰਵਾਨਿਤ ਤੱਥ ਹੈ ਕਿ ਭਗਤੀ ਕਰਕੇ ਸ਼ਕਤੀ ਤਾਂ ਪ੍ਰਾਪਤ ਕੀਤੀ ਜਾ ਸਕਦੀ ਹੈ ਪਰ ਸ਼ਕਤੀਵਾਨ ਹੋਣ ਕਰਕੇ ਭਗਤੀ ਪ੍ਰਾਪਤ ਨਹੀਂ ਹੋ ਸਕਦੀ। ਸ਼ਕਤੀ ਭਗਤੀ ਵਿਚ ਸਹਾਇਕ ਹੁੰਦੀ ਹੈ, ਭਗਤੀ ਦੀ ਰਾਖੀ ਕਰਦੀ ਹੈ। ਪੁਰਾਤਨ ਸਮੇਂ ਤੋਂ ਹੀ ਉਸ ਅਗਮੀ ਸ਼ਕਤੀ ਦਾ ਬੋਧ ਤਾਂ ਰਿਹਾ ਹੈ ਪਰ ਉਹ ਸ਼ਕਤੀ ਦਾ ਪੂਰਨ ਬੋਧ ਨਾ ਹੋਣ ਕਰਕੇ ਧਾਰਮਿਕ ਭਟਕਣਾ ਰਹੀ ਹੈ।

### 2.2.1. ਸ਼ਕਤੀ ਸ਼ਬਦ ਦਾ ਅਰਥ ਅਤੇ ਪਰਿਭਾਸ਼ਾ

'ਸ਼ਕਤੀ' ਸ਼ਬਦ 'ਸਕ' ਧਾਤੂ ਤੋ ਬਣਿਆ ਹੈ। 'ਸਕ' ਦਾ ਅਰਥ ਹੈ 'ਯੋਗ ਹੋਣਾ', 'ਸ਼ਕਤੀ ਰੱਖਣਾ'। ਇਉਂ ਇਹ 'ਸਰਗਰਮੀ' ਅਤੇ ਸਮਰੱਥਾ ਦੋਹਾਂ ਦੀ ਮਹੱਤਤਾ ਦਾ ਸੂਚਕ ਹੈ। (ਸ਼ਕਤੀ ਐਂਡ ਸਾਕਤੀ) ਇਸ ਦਾ ਸ਼ਕਤੀਵਾਦ ਨਾਲ ਗੂੜਾ ਸਬੰਧ ਹੈ। ਇਹ ਇੱਕ ਅਜਿਹਾ ਮੱਤ ਹੈ ਜਿਸ ਦੇ ਪੈਰੋਕਾਰਾਂ ਨੂੰ 'ਸਾਕਤਾ' ਕਿਹਾ ਜਾਂਦਾ ਹੈ। 'ਸਾਕਤਾ' ਉਸ ਵਿਅਕਤੀ ਨੂੰ ਕਹਿੰਦੇ ਹਨ ਜਿਹੜਾ 'ਮਹਾਂ ਦੇਵੀ' ਦੀ ਪੂਜਾ ਕਰਦਾ ਹੈ। ਜਿਸ ਨੂੰ ਮਾਤਾ ਦੇਵੀ ਕਿਹਾ ਜਾਂਦਾ ਹੈ। ਇਸ ਮੱਤ ਵਿੱਚ ਸਾਰੀ ਸ਼ਕਤੀ ਨੂੰ 'ਪਰਮ ਸ਼ਕਤੀ' ਅਤੇ ਸਾਰੇ ਬ੍ਰਹਿਮੰਡ ਵਿਕਾਸ ਦਾ ਸੋਮਾ ਸਮਝਿਆ ਜਾਂਦਾ ਹੈ।[87]

**ਹਿੰਦੂ ਮਿਥਿਹਾਸ ਕੋਸ਼ ਅਨੁਸਾਰ,**

> "ਸ਼ਕਤੀ, ਦੇਵਤਾ ਦੀ ਇਸਤਰੀ ਜਾਂ ਪਤਨੀ, ਵਿਸ਼ੇਸ਼ ਕਰਕੇ ਸ਼ਿਵ ਦੀ।"[88]

**ਸ਼੍ਰੀ ਮਦ ਭਗਵਤ ਗੀਤਾ,**

> ਜੀਵ ਪ੍ਰਮਾਤਮਾ ਦੀ ਪਰਾ-ਪ੍ਰਾਕਿਰਤਕ ਸ਼ਕਤੀ ਹੈ। ਕੁਦਰਤੀ ਸ਼ਕਤੀ ਧਰਤੀ, ਜਲ, ਅਗਨ, ਵਾਯੂ, ਆਕਾਸ਼, ਮਨ, ਬੁੱਧੀ ਅਤੇ ਅਹੰਕਾਰ ਜਿਹੇ ਵਿਭਿੰਨ ਤੱਤਾਂ ਵਿੱਚ ਪ੍ਰਗਟ ਹੁੰਦੀ ਹੈ। ਭੌਤਿਕ ਪ੍ਰਕਿਰਤੀ ਦੇ ਇਹ ਦੋ ਰੂਪ ਸਥੂਲ (ਧਰਤੀ ਆਦਿ) ਅਤੇ ਸੂਖਮ (ਮਨ ਆਦਿ) ਕੁਦਰਤੀ ਸ਼ਕਤੀ ਦੇ ਹੀ ਪ੍ਰਤੀਫਲ ਹਨ। ਜੀਵ ਜੋ ਆਪਣੇ ਵਿਭਿੰਨ ਦੇ ਲਈ ਬਾਹਰੀ ਸ਼ਕਤੀ ਨੂੰ ਗ੍ਰਹਿਣ ਕਰਦਾ ਰਹਿੰਦਾ ਹੈ, ਖ਼ੁਦ ਪ੍ਰਮਾਤਮਾ ਦੀ ਪਰਾ ਸ਼ਕਤੀ ਹੈ ਅਤੇ ਉਹੀ ਸ਼ਕਤੀ ਹੈ ਜਿਸ ਕਾਰਨ ਸਾਰਾ ਸੰਸਾਰ ਕਾਰਜਸ਼ੀਲ ਹੈ।[89]

**ਡਾ. ਦਲਜੀਤ ਸਿੰਘ ਆਪਣੀ ਪੁਸਤਕ ਵਿੱਚ ਲਿਖਦਾ ਹੈ,**

> ਸ਼ਕਤੀ ਦਾ ਅਰਥ ਤਾਕਤ ਹੈ। ਇਸ ਲਈ ਇੱਛਾ, ਕਿਰਿਆ ਅਤੇ ਸਿਰਜਣ ਦੀਆਂ ਸ਼ਕਤੀਆਂ ਔਰਤ ਦੇਵੀ ਦੇ ਰੂਪ ਵਿੱਚ ਪਛਾਣੀਆਂ ਜਾਂਦੀਆਂ ਹਨ। ਰਵਾਇਤੀ ਪਿਛੋਕੜ ਦੇ ਤਾਲਮੇਲ ਨਾਲ ਇਹ ਔਰਤ ਦੇਵੀ ਤਾਂਤਰਿਕ ਤੋਂ ਲੈ ਕੇ ਕਾਮ ਵਾਸਨਾ ਆਦਿ ਕਿਰਿਆਵਾਂ ਤੋਂ ਪਰ੍ਹੇ ਵਿਭਿੰਨ ਰਹੱਸਵਾਦੀ ਕਿਰਿਆਵਾਂ ਨਾਲ ਪੂਜੀ ਜਾਂਦੀ ਹੈ। ਸ਼ਿਵ ਅਤੇ ਸ਼ਕਤੀ ਵਾਸਤਵਿਕਤਾ ਦੇ ਦੋ ਚਿਹਰੇ ਹਨ। ਦਿਬਤਾ ਇਸ ਦੇ ਵਿੱਚ ਵਿਆਪਤ ਹੈ ਅਤੇ ਅਗਾਂਹ ਇਹ ਨਾਦ ਅਤੇ ਬਿੰਦ ਵਿੱਚ ਵੰਡਿਆ ਹੋਇਆ ਹੈ। ਸ਼ਕਤੀਵਾਦ ਅਤੇ ਤਾਂਤਰਿਕਵਾਦ ਦੋ ਅਜਿਹੀਆਂ ਪੱਕੀਆਂ ਉਦਾਹਰਨਾਂ ਹਨ ਜਿਹੜੀਆਂ ਇਹ ਸਿੱਖਿਆ ਦਿੰਦੀਆਂ ਹਨ ਕਿ ਪ੍ਰਮਤਾਮਾ ਦੀ ਇਸ ਬ੍ਰਹਿਮੰਡ ਵਿੱਚ ਆਪਣਾ ਕੰਮ ਕਰਨ ਦੀ ਇੱਛਾ ਨਾਲ ਜੁੜਨ ਤੋਂ ਵਗੈਰ ਰਹੱਸਵਦੀ ਕਿਰਿਆਵਾਂ ਨਾਲ ਕੀਤੀ ਧਾਰਮਿਕ ਪੂਜਾ ਅਰਥਹੀਨਤਾ, ਉਪਭਾਵੁਕਤਾ ਅਤੇ ਕਾਮੁਕਤਾ ਵੱਲ ਲੈ ਜਾਂਦੀ ਹੈ। ਪੂਜਾ ਦੇ ਇਸ ਵਿਧਾਨ ਵਿੱਚ ਕੋਈ ਜਾਤੀਗਤ ਭੇਦਭਾਵ ਨਹੀਂ, ਪ੍ਰੰਤੂ ਪੂਜਾ ਸੰਪੰਨ ਹੋਣ ਤੋਂ ਬਾਅਦ ਇਹ ਦੁਬਾਰਾ ਫਿਰ ਆ ਜਾਂਦੀ ਹੈ।[੧੦]

**The shambhala encyclopedia of yoga ਦੇ ਅਨੁਸਾਰ**

> “Hindus believe that shakti is both responsible for creator and the agent of all change. Shakti is cosmic existence as well as liberation, its most significant form being the kundalini shakti, a mysterious psychospiritual force”[91]

**ਸਵਾਮੀ ਸਿਵਾਨੰਦ ਨੇ ਸ਼ਕਤੀ ਨੂੰ ਵਿਚਾਰਦਿਆਂ ਹੋਇਆ ਕਿਹਾ ਹੈ ਕਿ,**

> ਸ਼ਕਤੀ ਤੱਤ ਅਸਲ ਵਿੱਚ ਸ਼ਿਵ ਤੱਤ ਦਾ ਨਾਂਹ ਪੱਖੀ ਪਹਿਲੂ ਹੈ। ਸ਼ਕਤੀ ਤੱਤ ਸ਼ਿਵ ਦੀ ਇੱਛਾ ਹੈ। ਸ਼ਕਤੀ ਮਾਂ ਦੇ ਰੂਪ ਵਿੱਚ ਉਚਾਰੀ ਜਾਂਦੀ ਹੈ ਕਿਉਂਕਿ ਉਹ ਸਰਬ ਉੱਚ ਸੱਤਾ ਦਾ ਇੱਕ ਪਹਿਲੂ ਹੈ ਜਿਸ ਵਿੱਚ ਉਹ ਬ੍ਰਹਿਮੰਡ ਦੀ ਸਿਰਜਕ ਅਤੇ ਪੋਸ਼ਕ ਦੇ ਤੌਰ ਤੇ ਸਤਿਕਾਰੀ ਜਾਂਦੀ ਹੈ ਪਰ ਰੱਬ ਨਾ ਪੁਰਸ਼ ਹੈ ਨਾ ਇਸਤਰੀ। ਉਹ ਉਸ ਸਰੀਰ ਦੇ ਤੋਰ ਤੇ ਪਛਾਣਿਆ ਜਾਂਦਾ ਹੈ ਜਿਸ ਨੂੰ ਉਸ ਨੇ ਧਾਰਿਆ ਹੋਵੇ।[92]

**ਸਵਾਮੀ ਸ਼ਿਵਨੰਦਾ ਸ਼ਕਤੀ ਬਾਰੇ ਦੱਸਦੇ ਹਨ ਕਿ,**

> ਇਹ ਸ਼ਕਤੀ ਇੱਕ ਪ੍ਰਕਾਰ ਦੀ ਊਰਜਾ ਜਾਂ ਜ਼ਰੂਰੀ ਤਾਕਤ ਹੈ ਜਿਸ ਨਾਲ ਕਿਸੇ ਵੀ ਪ੍ਰਕਾਰ ਦੀਆਂ ਗਤੀ ਵਿਧੀਆਂ ਸੰਭਵ ਹੁੰਦੀਆਂ ਹਨ। ਜਦ ਕੋਈ ਆਦਮੀ ਕੋਈ ਕੰਮ ਕਰਦਾ ਹੈ ਉਹ ਇਸ ਨੂੰ ਸਿਰੰ  ਆਪਣੀ ਸ਼ਕਤੀ ਕਾਰਨ ਹੀ ਕਰ ਪਾਉਂਦਾ ਹੈ। ਜੇ ਉਹ ਉਸ ਕੰਮ ਨੂੰ ਨਹੀਂ ਕਰ ਸਕਦਾ ਤਾਂ ਉਹ ਕਹਿੰਦਾ ਹੈ ਕਿ ਉਸ ਅੰਦਰ ਉਸ ਕੰਮ ਨੂੰ ਕਰਨ ਦੀ ਸ਼ਕਤੀ ਨਹੀਂ ਹੈ। ਇਸ ਪ੍ਰਕਾਰ ਸ਼ਕਤੀ ਉਹ ਹੈ ਜੋ ਬੰਦੇ ਨੂੰ ਕਿਸੇ ਕੰਮ ਕਰਨ ਦੇ ਯੋਗ ਬਣਾਉਂਦੀ ਹੈ। ਸ਼ਕਤੀ ਦੇਵੀ ਹੈ, ਸ਼ਕਤੀ ਦੈਵੀ ਮਾਂ ਹੈ। ਮਨ ਸ਼ਕਤੀ ਹੈ। ਪ੍ਰਾਣ ਸ਼ਕਤੀ ਹੈ। ਇੱਛਾ ਸ਼ਕਤੀ ਹੈ।[93]

ਸ਼ਕਤੀ ਇੱਕ ਅਜਿਹੀ ਊਰਜਾ ਹੈ ਜਿਹੜੀ ਸਾਰੀਆਂ ਕਿਰਿਆਵਾਂ ਕਰਨ ਲਈ ਜ਼ਰੂਰੀ ਹੈ। ਸ਼ਕਤੀ ਤੋਂ ਬਿਨ੍ਹਾਂ ਕੋਈ ਕੰਮ ਨਹੀਂ ਹੋ ਸਕਦਾ। ਇਹ ਸ਼ਕਤੀ ਹੀ ਊਰਜਾ, ਦੇਵੀ, ਬ੍ਰਹਮਾ, ਮਨ, ਪ੍ਰਾਣ ਅਤੇ ਮਨੁੱਖ ਦੀ ਇੱਛਾ ਹੈ। ਇਨ੍ਹਾਂ ਸਾਰਿਆਂ ਤੋਂ ਬਿਨ੍ਹਾਂ ਕੋਈ ਕੰਮ ਨੇਪਰੇ ਨਹੀਂ

ਚੜ੍ਹਦਾ। ਪਿਆਰ ਵੀ ਸ਼ਕਤੀ ਦਾ ਹੀ ਇੱਕ ਹਿੱਸਾ ਹੈ ਕਿਉਂਕਿ ਪਿਆਰ ਹੀ ਕਿਸੇ ਕੰਮ ਨੂੰ ਕਰਨ ਲਈ ਮਨ ਵਿੱਚ ਇੱਛਾ ਪੈਦਾ ਕਰਦਾ ਹੈ। ਸੰਸਾਰ ਵਿੱਚ ਕੰਮ ਕਰਨ ਲਈ ਉਦੋਂ ਤੱਕ ਸ਼ਕਤੀ ਨਹੀਂ ਪ੍ਰਾਪਤ ਹੁੰਦੀ, ਜਦੋਂ ਤੱਕ ਕਿ ਪ੍ਰਕਿਰਤਕ ਸ਼ਕਤੀ ਜਾਂ ਜੀਵ ਦੁਆਰਾ ਇਹ ਗਤੀਸ਼ੀਲ ਨਹੀਂ ਬਣਾਇਆ ਜਾਂਦਾ। ਸ਼ਕਤੀ ਦਾ ਸੰਚਾਲਨ ਹਮੇਸ਼ਾਂ ਸ਼ਕਤੀਮਾਨ ਕਰਦਾ ਹੈ। ਇਸ ਲਈ ਜੀਵ ਹਮੇਸ਼ਾਂ ਪ੍ਰਮਾਤਮਾ ਦੁਆਰਾ ਨਿਯੰਤਰਿਤ ਹੁੰਦਾ ਹੈ। ਉਹ ਸ਼ਕਤੀ ਪ੍ਰਮਾਤਮਾ ਹੈ, ਵਿਅਕਤੀ ਨਹੀਂ। ਪ੍ਰਮਾਤਮਾ ਇਕ ਸੱਤਾ ਹੈ, ਜੋ ਸੰਸਾਰ ਦੇ ਖੰਡਾਂ ਬ੍ਰਹਿਮੰਡਾਂ ਨੂੰ ਚਲਾ ਰਹੀ ਹੈ। ਪ੍ਰਮਾਤਮਾ ਦੀ ਸ਼ਕਤੀ ਬ੍ਰਹਿਮੰਡ ਦੀ ਸਿਰਜਣਹਾਰ ਹੈ ਅਤੇ ਨਾਸ਼ ਵੀ ਇਹੋ ਹੀ ਕਰਦੀ ਹੈ,

**ਸ਼ਕਤੀ ਦੀਆਂ ਕਿਸਮਾਂ**

ਜ਼ਿੰਦਗੀ ਦੇ ਹਰ ਮੋੜ ਤੇ ਸ਼ਕਤੀ ਦੀ ਜ਼ਰੂਰਤ ਪੈਂਦੀ ਹੈ। ਮਨੁੱਖ ਦਾ ਇੱਕ ਲਾਲਚ ਸ਼ੁਰੂ ਤੋਂ ਹੀ ਰਿਹਾ ਹੈ ਕਿ ਉਸ ਕੋਲ ਸਾਰੀਆਂ ਸ਼ਕਤੀਆਂ ਹੋਣ ਜੇ ਸਾਰੀਆਂ ਨਹੀਂ ਤਾਂ ਇੱਕ ਅੱਧੀ ਸ਼ਕਤੀ ਜ਼ਰੂਰ ਹੋਵੇ ਕਿਉਂਕਿ ਇੱਕ ਸ਼ਕਤੀ ਹੋਵੇ ਤਾਂ ਦੂਜੀਆਂ ਸ਼ਕਤੀਆਂ ਪ੍ਰਾਪਤ ਕੀਤੀ ਜਾ ਸਕਦੀ ਹੈ ਜਿਵੇਂ ਕਿ ਭਗਤੀ ਕਰਨ ਨਾਲ ਮਾਨਸਿਕ, ਸਰੀਰਿਕ ਤੇ ਆਤਮਿਕ ਸ਼ਕਤੀ ਪ੍ਰਾਪਤ ਹੋ ਜਾਂਦੀ ਹੈ। ਸਰੀਰਿਕ ਸ਼ਕਤੀ ਨਾਲ ਮਿਹਨਤ ਕਰਕੇ ਧੰਨ ਦੀ ਸ਼ਕਤੀ ਪ੍ਰਾਪਤ ਕੀਤੀ ਜਾ ਸਕਦੀ ਹੈ। ਮਾਨਸਿਕ ਤੇ ਧੰਨ ਦੀ ਸ਼ਕਤੀ ਨਾਲ ਵਿਦਿਆ ਪ੍ਰਾਪਤ ਕੀਤੀ ਜਾ ਸਕਦੀ ਹੈ। ਸ਼ਕਤੀ ਬਿਨਾਂ ਕੁਝ ਵੀ ਨਹੀਂ ਹੋ ਸਕਦਾ ਨਾ ਸੇਵਾ, ਨਾ ਹੀ ਸਿਮਰਨ, ਨਾ ਹੀ ਜਪ, ਨਾ ਤਪ, ਨਾ ਪੁੰਨ ਨਾ ਦਾਨ, ਨਾ ਚੋਰੀ ਨਾ ਵਿਭਚਾਰ। ਹਰ ਨੇਕੀ ਅਤੇ ਬਦੀ ਦੇ ਕੰਮ ਕਰਨ ਲਈ ਸ਼ਕਤੀ ਚਾਹੀਦੀ ਹੈ। ਸ਼ਕਤੀ ਤੋਂ ਬਿਨਾਂ ਮਨੁੱਖ ਨਿਰਬਲ ਹੈ। ਮਨੁੱਖ ਦਾ ਬਲ ਹੀ ਉਸ ਦੀ ਸ਼ਕਤੀ ਹੈ। ਇੰਝ ਸਮਾਜ ਵਿੱਚ ਸ਼ਕਤੀ ਦਾ ਪਾਸਾਰ ਬਹੁ-ਪੱਧਰ ਤੱਕ ਫੈਲਿਆ ਹੋਇਆ ਹੈ ਪ੍ਰਮਾਣ ਵਜੋਂ ਇਸਦੇ ਕੁਝ ਰੂਪ ਤੇ ਪਾਸਾਰ ਦੇਖੇ ਜਾ ਸਕਦੇ ਹਨ:-

ੳ) ਸਰੀਰਿਕ ਸ਼ਕਤੀ

ਅ) ਮਾਨਸਿਕ ਸ਼ਕਤੀ

ੲ) ਧਾਰਮਿਕ ਸ਼ਕਤੀ

ਸ)	ਰਾਜਨੀਤਿਕ ਸ਼ਕਤੀ

ਹ)	ਸਮਾਜਿਕ ਸ਼ਕਤੀ

ਕ)	ਆਰਥਿਕ ਸ਼ਕਤੀ

ਖ)	ਸੈਨਿਕ ਸ਼ਕਤੀ

ਗ)	ਸ਼ਬਦ ਸ਼ਕਤੀ

ਘ)	ਪਿਆਰ ਦੀ ਸ਼ਕਤੀ

ਙ)	ਭਾਵਨਾਤਮਕ ਦੀ ਸ਼ਕਤੀ

ਚ)	ਵਿਦਿਅਕ ਸ਼ਕਤੀ

**ਸਰੀਰਕ ਸ਼ਕਤੀ–**

ਵਿਅਕਤੀ ਜਾਂ ਮਨੁੱਖ ਲਈ ਮਾਨਸਿਕ ਅਤੇ ਸਰੀਰਕ ਸ਼ਕਤੀਆਂ ਦੋਨੋਂ ਮੁੱਢਲੀਆਂ ਜ਼ਰੂਰਤਾਂ ਹਨ। ਇਹ ਦੋਨੋਂ ਇੱਕ ਦੂਜੇ ਤੇ ਨਿਰਭਰ ਕਰਦੇ ਹਨ ਕਿਉਂਕਿ ਜੇ ਸਰੀਰ ਤੰਦਰੁਸਤ ਹੋਵੇਗਾ ਤਾਂ ਹੀ ਮਨ ਤੰਦਰੁਸਤ ਹੋਵੇਗਾ। ਤੰਦਰੁਸਤ ਸਰੀਰ ਵਿੱਚ ਹੀ ਤੰਦਰੁਸਤ ਦਿਮਾਗ ਦਾ ਵਾਸ ਹੁੰਦਾ ਹੈ। ਸਰੀਰਕ ਕਾਰਜ ਕਰਨ ਲਈ ਵਿਅਕਤੀ ਨੂੰ ਸਰੀਰਕ ਬਲ ਦੀ ਜ਼ਰੂਰਤ ਹੁੰਦੀ ਹੈ। ਵਿਅਕਤੀ ਨੂੰ ਰੋਜ਼ਾਨਾ ਜ਼ਿੰਦਗੀ ਵਿੱਚ ਬਹੁਤ ਸਰੀਰਿਕ ਕੰਮ ਕਰਨੇ ਪੈਂਦੇ ਹਨ।

ਮਨੋਵਿਗਿਆਨ ਦੀ ਧਾਰਨਾ ਅਨੁਸਾਰ ਜੇਕਰ ਮਨ ਵਿੱਚ ਬੁਰੀਆਂ ਭਾਵਨਾਵਾਂ ਹੋਣ ਤਾਂ ਤਨਾਓ ਪੈਦਾ ਹੁੰਦਾ ਹੈ ਜਿਸ ਕਾਰਨ ਮਨੁੱਖੀ ਸਰੀਰ ਦੇ ਤੰਤੂ ਤੇ ਕੋਸ਼ਿਕਾਵਾਂ ਸੁੰਘੜ ਜਾਂਦੀਆਂ ਹਨ। ਸਰੀਰ ਦੀ ਰਸਾਇਣਿਕ ਪ੍ਰਕਿਰਿਆ ਬਦਲ ਜਾਂਦੀ ਹੈ, ਜਿਸ ਕਾਰਨ ਸਰੀਰ ਦੀਆਂ ਰਕਤ ਨਾੜਾਂ ਸੁੰਘੜ ਜਾਂਦੀਆਂ ਅਤੇ ਵਿਅਕਤੀ ਨੂੰ ਸਾਹ ਲੈਣਾ ਔਖਾ ਹੋ ਜਾਂਦਾ ਹੈ। ਇਨ੍ਹਾਂ ਕਾਰਨਾਂ ਕਰਕੇ ਵਿਅਕਤੀ ਦੀ ਸਰੀਰਕ ਸ਼ਕਤੀ ਘੱਟ ਜਾਂਦੀ ਹੈ। ਜੇਕਰ ਤਨਾਓ, ਚਿੰਤਾ ਅਤੇ ਡਰ ਵਰਗੀਆਂ ਨਾਕਾਰਾਤਮਕ ਭਾਵਨਾਵਾਂ ਲੰਬੇ ਸਮੇਂ ਤੱਕ ਰਹਿਣ ਤਾਂ ਇਨ੍ਹਾਂ ਦੀ ਵਜਾ ਨਾਲ

ਸਰੀਰ ਨੂੰ ਰੋਗ ਲਗ ਜਾਂਦਾ ਹੈ।[94] ਇਸ ਲਈ ਵਿਅਕਤੀ ਨੂੰ ਸਰੀਰਿਕ ਤੌਰ ਤੇ ਤੰਦਰੁਸਤ ਰਹਿਣ ਲਈ ਆਪਣੇ ਮਨ ਨੂੰ ਬੁਰੇ ਖਿਆਲਾਂ ਤੋਂ ਦੂਰ ਰੱਖਣ ਦੀ ਜ਼ਰੂਰਤ ਹੈ ਤਾਂ ਜੋ ਸਰੀਰ ਨੂੰ ਕਿਸੇ ਤਰ੍ਹਾਂ ਦਾ ਵਿਕਾਰ ਨਾ ਲਗੇ ਅਤੇ ਸਰੀਰਿਕ ਸ਼ਕਤੀ ਬਰਕਰਾਰ ਰਹੇ। ਇਹ ਤਾਂ ਹੀ ਸੰਭਵ ਹੈ ਜੇ ਉਸਦਾ ਧਿਆਨ ਪ੍ਰਮਾਤਮਾ ਵਿਚ ਲਗਿਆ ਰਹੇਗਾ।

ਸਰੀਰਕ ਸ਼ਕਤੀ ਦੇ ਰਹਿੰਦਿਆਂ ਹੀ ਮਨੁੱਖ ਨਿੱਤ ਦੇ ਕਰਮ ਕਰਨ ਵਿਚ ਸਮਰਥ ਹੁੰਦਾ ਹੈ। ਸਰੀਰਕ ਸ਼ਕਤੀ ਬਾਕੀ ਦੀਆਂ ਸ਼ਕਤੀਆਂ ਤੋਂ ਮੁੱਢਲੀ ਵੀ ਹੈ ਅਤੇ ਦੂਜੀਆਂ ਤੇ ਨਿਰਭਰ ਵੀ। ਸਰੀਰਕ ਸ਼ਕਤੀ ਦੀ ਸਹਾਇਤਾ ਨਾਲ ਮਨੁੱਖ ਕੁਝ ਕੁ ਸ਼ਕਤੀਆਂ ਦਾ ਵਿਕਾਸ ਕਰ ਸਕਦਾ ਹੈ ਜਿਵੇਂ ਕਿ ਮਾਨਸਿਕ ਸ਼ਕਤੀ, ਸਮਾਜਿਕ ਸ਼ਕਤੀ ਅਤੇ ਕੁਝ ਹਦ ਤਕ ਆਰਥਿਕ ਸ਼ਕਤੀ ਨੂੰ ਵਿਕਸਿਤ ਕਰ ਸਕਦਾ ਹੈ।

**ਮਾਨਸਿਕ ਸ਼ਕਤੀ-**

ਜਦ ਮਨ ਸ਼ਕਤੀ ਰੂਪ ਵਿੱਚ ਆਉਂਦਾ ਹੈ ਤਾਂ ਆਪਣੇ ਆਪ ਨੂੰ ਭਰਮਾਂ ਵਿੱਚੋਂ ਹਟਾ ਕੇ ਸਹੀ ਪਾਸੇ ਵਲ ਲਗਾਉਣ ਦੇ ਸੰਕਲਪ ਜਗਾਉਂਦਾ ਹੈ। ਪੰਚ-ਤੱਤਵੀ ਮਨ ਜਦ ਵਿਕਾਰਾਂ ਪਿੱਛੇ ਦੌੜਦਾ ਹੈ ਤਾਂ ਉਸ ਨੂੰ ਪਿੱਛੇ ਵੀ ਖਿੱਚਣ ਲਗਦਾ ਹੈ ਤੇ ਆਪਣੀ ਰੁਚੀ ਨੂੰ ਇਨ੍ਹਾਂ ਤੋਂ ਉਪਰ ਵਲ ਪ੍ਰੇਰਿਤ ਕਰ ਲੈਂਦਾ ਹੈ। ਇਉਂ ਨੀਵੀਆਂ ਰੁਚੀਆਂ ਵਾਲੇ ਮਨ ਨੂੰ ਜਿੱਤ ਲਿਆ ਜਾਂਦਾ ਹੈ। ਤਦ 'ਮਨ ਜੀਤੇ ਜਗ ਜੀਤੁ' ਦੀ ਅਵਸਥਾ ਬਣਨ ਲੱਗਦੀ ਹੈ। ਜਦ ਸ਼ਕਤੀ ਰੂਪ ਮਨ ਪੰਚ-ਭੂ-ਆਤਮਿਕ ਮਨ ਨੂੰ ਆਪਣੇ ਵੱਲ ਰੁਚਿਤ ਕਰ ਲੈਂਦਾ ਹੈ ਤਦ ਸਾਰੀ ਸ਼ਕਤੀ ਉਸ ਨੂੰ ਕਾਬੂ ਰੱਖਣ ਤੇ ਲਾਈ ਰੱਖਦਾ ਹੈ। ਇਸ ਤਰ੍ਹਾਂ ਆਚਰਣ ਦੀ ਸ਼ੁਧੀ ਕਰਦਾ ਹੈ ਤੇ ਨਾਲ ਦੀ ਨਾਲ ਮਨ ਨਾਮ ਸਿਮਰਨ ਵਿੱਚ ਲਗਦਾ ਹੈ।[95]

ਕਾਮਯਾਬੀ ਹਾਸਿਲ ਕਰਨ ਲਈ ਮਨ ਦੀ ਖੇਡ ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਮਨ ਦੀ ਸ਼ਕਤੀ ਹੀ ਹੀਣ ਭਾਵਨਾ ਤੋਂ ਬਚਾਉਂਦੀ ਹੈ ਅਤੇ ਵਿਅਕਤੀ ਅੰਦਰਲਾ ਆਤਮ ਵਿਸ਼ਵਾਸ ਜਗਾਉਂਦੀ ਹੈ। 'ਮਨ ਕੇ ਹਾਰੇ ਹਾਰ ਹੈ ਮਨ ਕੇ ਜੀਤੇ ਜੀਤ' ਦੇ ਵਾਕ ਅਨੁਸਾਰ ਮਨ ਤੋਂ

ਜਿਤਿਆ ਬੰਦਾ ਕਦੇ ਹਾਰ ਨਹੀਂ ਸਕਦਾ ਅਤੇ ਮਨ ਤੋਂ ਹਾਰਿਆ ਬੰਦਾ ਕਦੇ ਜਿਤ ਨਹੀਂ ਸਕਦਾ ਇਸ ਲਈ ਆਪਣੀ ਮਾਨਸਿਕ ਸ਼ਕਤੀ ਨੂੰ ਹਮੇਸ਼ਾਂ ਚੜ੍ਹਦੀ ਕਲਾ ਵਿਚ ਰਖਣਾ ਚਾਹੀਦਾ ਹੈ।

ਮਾਨਸਿਕ ਸ਼ਕਤੀ ਦਾ ਸੰਬੰਧ ਮਨੁੱਖੀ ਮਨ ਨਾਲ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਵਾਕ 'ਸਵਾ ਲਾਖ ਸੇ ਏਕ ਲੜਾਊਂ' ਦਾ ਸੰਬੰਧ ਵੀ ਮਨ ਨਾਲ ਹੈ। ਜੇ ਵਿਅਕਤੀ ਪਹਿਲਾਂ ਹੀ ਆਪਣੀ ਹਾਰ ਮਨ ਲਵੇਗਾ ਤਾਂ ਉਸ ਨੂੰ ਜਿਤ ਪ੍ਰਾਪਤ ਨਹੀਂ ਹੁੰਦੀ ਇਸ ਲਈ ਜਿਤ ਪ੍ਰਾਪਤ ਕਰਨ ਲਈ ਮਾਨਸਿਕ ਸ਼ਕਤੀ ਦਾ ਵਿਕਸਿਤ ਹੋਣਾ ਬਹੁਤ ਜ਼ਰੂਰੀ ਹੈ। ਗੁਰੂ ਗੋਬਿੰਦ ਸਿੰਘ ਜੀ ਦਾ ਇਹ ਵਾਕ ਮਨੁੱਖਤਾ ਨੂੰ ਮਾਨਸਿਕ ਪਖੋਂ ਸ਼ਕਤੀਸ਼ਾਲੀ ਬਣਾਉਣਾ ਵਜੋਂ ਉਚਾਰਿਆ ਗਿਆ ਸੀ। ਮਨੁੱਖੀ ਮਨ ਹੀ ਸਾਰੀਆਂ ਸ਼ਕਤੀਆਂ ਦਾ ਕੇਂਦਰ ਹੈ। ਸਮਾਜ ਵਿਚ ਰਹਿੰਦਿਆਂ ਮਨੁੱਖ ਵਿਭਿੰਨ ਪ੍ਰਕਾਰ ਦੀਆਂ ਸ਼ਕਤੀਆਂ ਦੀ ਪ੍ਰਾਪਤੀ ਆਪਣੀ ਮਾਨਸਿਕ ਬੁਧੀ ਰਾਹੀਂ ਕਰ ਸਕਦਾ ਹੈ ਕਿਉਂਕਿ ਮਨ ਵਿਚ ਪਰਮਾਤਮਾ ਦਾ ਪ੍ਰਕਾਸ਼ ਹੁੰਦਾ ਹੈ। 'ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ' ਵਾਕ ਵਿਚ ਗੁਰੂ ਅਰਮਦਾਸ ਜੀ ਖੁਦ ਨਾਲ ਸੰਵਾਦ ਰਚਾਉਂਦਿਆਂ ਫੁਰਮਾਉਂਦੇ ਹਨ ਕਿ ਮੇਰੀ ਆਤਮਾ ਤੂੰ ਰੱਬੀ ਨੂਰ ਹੈ ਇਸ ਲਈ ਆਪਣੇ ਮੁੱਢ ਨੂੰ ਸਮਝ। ਮਨੁੱਖ ਨੂੰ ਜਦੋਂ ਖੁਦ ਦੀ ਸੋਝੀ ਹੋ ਜਾਂਦੀ ਹੈ ਤਾਂ ਉਹ ਸਰਵ ਗੁਣ ਸੰਪੰਨ ਬਣ ਜਾਂਦਾ ਹੈ ਭਾਵ ਸਮਸਤ ਸ਼ਕਤੀਆਂ ਉਸਦੀਆਂ ਗੁਲਾਮ ਹੋ ਜਾਂਦੀਆਂ ਹਨ।

**ਧਾਰਮਿਕ ਸ਼ਕਤੀ-**

ਜਦੋਂ ਵਿਅਕਤੀ ਅੰਦਰ ਧਰਮ ਕਲਾ ਆ ਜਾਵੇ ਤਾਂ ਪ੍ਰਭੂ ਭਗਤੀ ਦੇ ਰਬਾਬ ਫੜਕੇ ਪ੍ਰਮਾਤਮਾ ਦਾ ਜੱਸ ਗਾਇਆ ਜਾਂਦਾ ਹੈ ਤੇ ਜਗਤ ਨੂੰ ਜਿੱਤਿਆ ਜਾਂਦਾ ਹੈ। ਇੰਝ ਸ਼ਕਤੀ ਪ੍ਰਾਪਤ ਕਰਕੇ ਪਰ ਉਪਕਾਰ ਵੱਲ ਲਾਈ ਜਾਂਦੀ ਹੈ। ਮੀਰੀ-ਪੀਰੀ ਦੇ ਮਾਲਕ ਗੁਰੂ ਹਰਗੋਬਿੰਦ ਸਾਹਿਬ ਜੀ ਧਰਮਕਲਾ ਦੇ ਭੰਡਾਰ ਸਨ। ਉਨ੍ਹਾਂ ਕੋਲ ਮੁੱਖ ਸ਼ਕਤੀ ਧਰਮਕਲਾ ਸੀ ਬਾਕੀ ਸ਼ਕਤੀਆਂ ਧਰਮਕਲਾ ਦੀ ਤਾਬਿਆ ਸਨ। ਜੇਕਰ ਜੀਵਨ ਵਿੱਚ ਧਾਰਮਿਕ ਸ਼ਕਤੀ ਨਾ ਹੋਵੇ ਤਾਂ ਉਸ ਵਿਅਕਤੀ ਵਿੱਚ ਹੰਕਾਰ ਦਾ ਨਸ਼ਾ ਇੰਨ੍ਹਾਂ ਪ੍ਰਬਲ ਹੋ ਜਾਂਦਾ ਹੈ ਕਿ ਉਸ ਲਈ ਬਾਕੀ ਦੂਜੇ

ਮਨੁੱਖ ਕੀੜੀਆਂ ਦੇ ਸਮਾਨ ਲਗਦੇ ਹਨ। ਇਸ ਲਈ ਬਾਕੀ ਸ਼ਕਤੀਆਂ ਭਾਵੇ ਹੋਣ ਜਾਂ ਨਾ ਹੋਣ ਪ੍ਰੰਤੂ ਧਾਰਮਿਕ ਸ਼ਕਤੀ ਜ਼ਰੂਰ ਹੋਣੀ ਚਾਹੀਦੀ ਹੈ ਜੋ ਉਸ ਨੂੰ ਸਹੀ ਗਲਤ ਦੀ ਪਛਾਣ ਕਰਾਉਣ ਵਿੱਚ ਸਹਾਈ ਹੁੰਦੀ ਹੈ। ਭਗਤੀ-ਸ਼ਕਤੀ, ਸ਼ਸਤਰ-ਸ਼ਾਸਤਰ ਅਤੇ ਧਰਮ ਤੇ ਰਾਜਨੀਤੀ ਦਾ ਨੂੰਹ ਮਾਸ ਦਾ ਰਿਸ਼ਤਾ ਰਿਹਾ ਹੈ... ਭਗਤ ਕਬੀਰ ਜੀ ਨੇ ਵੀ ਸੈਂਕੜੇ ਸਾਲ ਪਹਿਲਾਂ ਧਾਰਮਿਕ ਕੱਟੜਵਾਦੀਆਂ ਨੂੰ ਸੰਬੋਧਨ ਕਰਦੇ ਹੋਏ ਵਿਅੰਗ ਕੀਤਾ ਸੀ ਕਿ ਪੱਥਰ ਪੂਜਣ ਨਾਲ ਧਰਮ ਦੀ ਜੈ ਨਹੀਂ ਹੁੰਦੀ ਸਗੋਂ ਕਰਮ ਹੀ ਅਸਲ ਧਰਮ ਹੈ। ਭਾਵ ਇਹ ਕਿ ਕਬੀਰ ਨੇ ਵੀ ਆਪਣੇ ਢੰਗ ਨਾਲ ਸ਼ਕਤੀ ਦੇ ਪ੍ਰਯੋਗ ਦਾ ਉਪਦੇਸ਼ ਦਿੱਤਾ ਹੈ ਪਰ ਸਵਾਰਥਾਂ ਤੋਂ ਉੱਪਰ ਉੱਠ ਕੇ ਅਤੇ ਮਾਨਵਤਾ ਦੀ ਭਲਾਈ ਲਈ।[96] ਜਿਵੇਂ ਸੂਰਜ ਦੀ ਰੋਸ਼ਨੀ ਦਾ ਕੋਈ ਅੰਤ ਨਹੀਂ ਉਸੇ ਤਰ੍ਹਾਂ ਧਰਮ ਦੀ ਸ਼ਕਤੀ ਦਾ ਵੀ ਕੋਈ ਅੰਤ ਨਹੀਂ ਹੈ। ਇਹ ਮਨੁੱਖ ਵਿਚਲਾ ਅਜਿਹਾ ਬਲ ਹੈ ਜਿਸ ਦੀ ਸ਼ਕਤੀ ਨਾਲ ਮਨੁੱਖ ਕਦੇ ਹਾਰਦਾ ਨਹੀਂ। ਧਾਰਮਿਕ ਸ਼ਕਤੀ ਦੇ ਆਸਰੇ ਹੀ ਮਨੁੱਖ ਪ੍ਰਮਾਤਮਾ ਤੱਕ ਪਹੁੰਚਦਾ ਹੈ। "ਧਾਰਮਿਕ ਸ਼ਕਤੀ ਦੇ ਬਰਾਬਰ ਦੀ ਕੋਈ ਸ਼ਕਤੀ ਨਹੀਂ ਹੈ ਕਿਉਂਕਿ ਇਹ ਪ੍ਰਮਾਤਮਾ ਦੀ ਸ਼ਕਤੀ ਹੈ। ਇਸ ਦੇ ਪਿੱਛੇ ਪ੍ਰਮਾਤਮਾ ਦਾ ਜ਼ੋਰ ਹੁੰਦਾ ਹੈ। ਬਾਕੀ ਸ਼ਕਤੀਆਂ ਇਸ ਦੇ ਅੱਗੇ ਹਾਰ ਜਾਂਦੀਆਂ ਹਨ। ...ਧੰਨ ਤੇ ਬਲ ਦੀ ਸ਼ਕਤੀ ਨਾਲ ਅੱਖਾਂ ਵਿੱਚ ਹੰਕਾਰ ਹੁੰਦਾ ਹੈ ਪਰ ਧਾਰਮਿਕ ਸ਼ਕਤੀ ਨਾਲ ਅੱਖਾਂ ਵਿੱਚ ਪ੍ਰੇਮ ਹੁੰਦਾ ਹੈ। ਬਾਕੀ ਸ਼ਕਤੀ ਨਾਲ ਜ਼ੁਬਾਨ ਤੇ ਹੰਕਾਰ ਦੇ ਬੋਲ ਹੁੰਦੇ ਹਨ ਪਰ ਧਰਮ ਕਲਾ ਨਾਲ ਜ਼ੁਬਾਨ ਤੇ ਮਿੱਠੇ ਤੇ ਸੱਚੇ ਬਚਨ ਹੁੰਦੇ ਹਨ।[97]

**ਸਮਾਜਿਕ ਸ਼ਕਤੀ**

ਸ਼ਕਤੀ ਹਰ ਨਿਜ਼ਾਮ ਦਾ ਆਧਾਰ ਤੱਤ ਹੈ ਅਤੇ ਇਹ ਦੋਵੇਂ ਵਰਤਾਰੇ ਇੱਕ ਦੂਜੇ ਨਾਲ ਮਿਲਕੇ, ਇੱਕ ਦੂਜੇ ਨੂੰ ਨਿਖਾਰਦੇ ਵੀ ਹਨ ਅਤੇ ਇੱਕ ਦੂਜੇ ਨੂੰ ਸ਼ਕਤੀਸ਼ਾਲੀ ਵੀ ਬਣਾਉਂਦੇ ਹਨ। ਸ਼ਕਤੀ ਅਤੇ ਅਨੁਸ਼ਾਸਨ ਦੀ ਇਹ ਰਸਾਈ ਇੱਕ ਪਾਸੇ ਤਾਂ ਸ਼ਕਤੀ ਦੀ ਪ੍ਰਭਾਵਸ਼ੀਲਤਾ ਨੂੰ ਅਨੰਤ ਪਾਸਾਰ ਪ੍ਰਦਾਨ ਕਰਦੀ ਅਤੇ ਦੂਜੇ ਪਾਸੇ ਅਨੁਸ਼ਾਸਨ ਨੂੰ ਨੈਤਿਕਤਾ, ਨਿਆਂਸ਼ੀਲਤਾ

ਅਤੇ ਪ੍ਰਭਾਵੀਪਣ ਦੇ ਆਧਾਰ ਬਖਸ਼ ਦਿੰਦੀ ਹੈ। ਸ਼ਕਤੀ ਸਬੰਧਾਂ ਅਤੇ ਅਨੁਸ਼ਾਸਨ ਤਕਨੀਕਾਂ ਵਿੱਚ ਨੇੜੇ ਦੀ ਸਾਂਝ ਹੋਣ ਕਰਕੇ ਮਨੁੱਖੀ ਦੇਹ (Body) ਸ਼ਕਤੀ-ਸਬੰਧਾਂ ਅਤੇ ਅਨੁਸ਼ਾਸਨੀ ਤਕਨੀਕਾਂ ਦੇ ਮੇਲ ਰਾਹੀਂ ਬਣੇ ਸਮਾਜਿਕ ਰਿਸ਼ਤਿਆਂ ਦੇ ਸਾਜੋ ਸਮਾਨ, ਦੇਹ ਦੇ ਉੱਦਾਤੀਕ੍ਰਿਤ ਸਰੂਪ ਨੂੰ ਗੁਲਾਮ ਬਣਾਉਣ, ਵਰਤਣ, ਬਦਲਣ ਅਤੇ ਸਧਾਰਨ ਵਿਧੀਆਂ ਰਾਹੀਂ ਉਸਨੂੰ 'ਆਗਿਆਕਾਰੀ ਦੇਹ' ਦੇ ਰੂਪ ਵਿੱਚ ਬਦਲ ਲੈਂਦੇ ਹਨ।[98]

ਜਦੋਂ ਜੀਵਨ ਵਿੱਚ ਧਰਮੀ ਹੋ ਜਾਵੇ ਤਾਂ ਮਨੁੱਖ ਇੱਕ ਆਦਰਸ਼ ਨਾਗਰਿਕ ਬਣ ਜਾਂਦਾ ਹੈ। ਉਸ ਨੂੰ ਚੰਗੇ ਮਾੜੇ ਦੀ ਪਹਿਚਾਣ ਹੋ ਜਾਂਦੀ ਹੈ। ਇਹ ਪਹਿਚਾਣ ਉਸ ਵਿੱਚ ਧਰਮ ਦੀ ਸੋਝੀ ਆਉਣ ਨਾਲ ਹੀ ਆਉਂਦੀ ਹੈ। ਧਰਮ ਦਾ ਆਧਾਰ ਨੈਤਿਕਤਾ ਹੈ। ਸਦਾਚਾਰਕ ਸਖਸ਼ੀਅਤ ਵਸ ਮਨੁੱਖ ਹੀ ਧਰਮੀ ਬਣਦਾ ਹੈ। ਗੁਰੂ ਨਾਨਕ ਦੇਵ ਜੀ ਅਨੁਸਾਰ,

ਸੁਚਿ ਹੋਵੈ ਤਾ ਸਚੁ ਪਾਈਐ।।[99]

ਅਰਥਾਤ ਜੇਕਰ ਮਨੁੱਖੀ ਸਖਸ਼ੀਅਤ ਪਵਿੱਤ੍ਰ ਪਾਵਨ ਹੋਵੇਗੀ ਤਾਂ ਹੀ ਸਤਿਪੁਰਖ ਨੂੰ ਪ੍ਰਾਪਤ ਹੋਵੇਗੀ। ਧਾਰਮਿਕ ਸ਼ਕਤੀ ਹੀ ਅਜਿਹੀ ਸ਼ਕਤੀ ਹੈ ਜਿਹੜੀ ਮਨੁੱਖ ਨੂੰ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਜਿਹੇ ਵਿਕਾਰਾਂ ਤੋਂ ਦੂਰ ਰੱਖਦੀ ਹੈ ਅਤੇ ਉਹ ਆਪਣੇ ਵਿਵਹਾਰ ਲਈ ਕਸਵੱਟੀ ਲੋਕਾਂ ਦੀ ਨਜ਼ਰ ਨਹੀਂ, ਸਗੋਂ ਪ੍ਰਮਾਤਮਾ ਦੀ ਨਜ਼ਰ ਬਣਾਉਂਦਾ ਹੈ। ਇਸ ਤਰ੍ਹਾਂ ਦਾ ਮਨੁੱਖ ਆਪ ਤੇ ਅਡੋਲ ਹੁੰਦਾ ਹੀ ਹੈ ਉਹ ਤਾਂ ਅਨੇਕਾਂ ਡਿੱਗਦਿਆਂ, ਡੋਲਦਿਆਂ ਨੂੰ ਥੰਮ ਲੈਂਦਾ ਹੈ। ਅਜਿਹਾ ਮਨੁੱਖ ਨਾ ਹੀ ਪਰਾਏ ਧੰਨ ਤੇ ਡੋਲਦਾ ਹੈ ਨਾ ਪਰਾਏ ਰੂਪ ਤੇ ਨਾ ਕਿਸੇ ਮਾਣ-ਸਨਮਾਨ ਤੇ ਨਾ ਹੀ ਕਿਸੇ ਤਰ੍ਹਾਂ ਦੀ ਉਸਤਤ ਨਿੰਦਿਆਂ ਚੁਗਲੀ ਦੀ, ਨਾ ਉਸਨੂੰ ਇਜ਼ਤ ਦੀ ਤੇ ਨਾ ਹੀ ਬੇਇਜ਼ਤੀ ਦੀ ਪ੍ਰਵਾਹ ਹੁੰਦੀ ਹੈ ਅਜਿਹਾ ਮਨੁੱਖ ਤੇ ਐਨਾ ਅਡੋਲ ਹੁੰਦਾ ਹੈ ਕਿ-

ਰਾਜ ਨਾ ਚਾਹਉ ਮੁਕਤਿ ਨ ਚਾਹਉ ਮਨਿ ਪ੍ਰੀਤਿ ਚਰਨ ਕਮਲਾਰੇ।।[100]

ਅਰਥਾਤ ਪਰਮਾਤਮਾ ਦੇ ਪਿਆਰ ਦੀ ਤਾਂਘ ਅਗੇ ਨਾ ਬਾਦਸ਼ਾਹੀ ਦੀ ਜ਼ਰੂਰਤ ਹੈ ਨਾ ਮੁਕਤੀ ਦੀ, ਆਤਮਾ ਨੂੰ ਤੇਰੇ ਕੰਵਲ ਵਰਗੇ ਪੈਰਾਂ ਦੇ ਪ੍ਰੇਮ ਦੀ ਤਾਂਘ ਹੈ।

ਇਸ ਤਰ੍ਹਾਂ ਸ਼ਕਤੀ ਦੇ ਸਬੰਧਾਂ, ਸਮਾਜਿਕ ਸੰਸਥਾਵਾਂ, ਰਿਸ਼ਤਿਆਂ ਅਤੇ ਅਨੁਸ਼ਾਸਨਾਂ ਦਾ ਮੇਲ ਆਪਸੀ ਰਸਾਈ ਦਾ ਮੇਲ ਹੈ, ਜੋ ਅੰਤਿਮ ਤੌਰ ਉੱਤੇ ਵਿਅਕਤੀ ਲਈ ਸੰਸਥਾ ਮੂਲਕ ਅਤੇ ਸਮਾਜਿਕ ਸਰਗਰਮੀਆਂ ਦਾ ਅਜਿਹਾ ਬਹੁਪਰਤੀ, ਬਹੁਪਾਸਾਰੀ ਤਾਣਾ-ਪੇਟਾ ਤਿਆਰ ਕਰਦਾ ਹੈ, ਜੋ ਵਿਅਕਤੀ ਦੇ ਵਿਵਹਾਰ ਨੂੰ ਸੋਧਣ, ਨਿਯਮਿਤ ਕਰਨ ਅਤੇ ਆਪਣੇ ਅਨੁਸਾਰੀ ਬਣਾਉਣ ਵਿੱਚ ਅਹਿਮ ਭੂਮਿਕਾ ਅਦਾ ਕਰਦਾ ਹੈ।[101]

## ਰਾਜਨੀਤਿਕ ਸ਼ਕਤੀ

ਰਾਜਨੀਤਿਕ ਸ਼ਕਤੀ ਦਾ ਆਪਣਾ ਇੱਕ ਅਲੱਗ ਹੀ ਸਰੂਰ ਅਤੇ ਰਸ ਹੁੰਦਾ ਹੈ। ਧਰਮ ਅਤੇ ਰਾਜਨੀਤੀ ਦਾ ਸੰਬੰਧ ਬਹੁਤ ਪੁਰਾਣਾ ਹੈ। ਜਿਵੇਂ ਮਨੁੱਖ ਦਾ ਸਰੀਰ ਤੇ ਆਤਮਾ ਵੱਖ ਨਹੀਂ ਹੋ ਸਕਦੀ ਉਸੇ ਤਰ੍ਹਾਂ ਧਰਮ ਤੇ ਰਾਜਨੀਤੀ ਵੱਖ-ਵੱਖ ਨਹੀਂ ਹੋ ਸਕਦੇ। ਇਤਿਹਾਸ ਗਵਾਹ ਹੈ ਕਿ ਰਾਜਨੀਤਿਕ ਆਗੂ ਵਧੇਰੇ ਕਰਕੇ ਸਵਾਰਥੀ ਅਤੇ ਹੰਕਾਰ ਤੇ ਖੜਾ ਹੁੰਦਾ ਹੈ ਿ ਰ ਉਹ ਰਾਜਸੀ ਆਗੂ ਜ਼ੁਲਮੀ ਤੇ ਪਾਪੀ ਹੋ ਜਾਂਦਾ ਹੈ ਪਰ ਜਦੋਂ ਸਿਆਸੀ ਆਗੂ ਵਿੱਚ ਧਾਰਮਿਕ ਗੁਣ ਆ ਜਾਣ ਤਾਂ ਉਹ ਆਗੂ ਜ਼ਾਲਮ ਨਹੀਂ ਸੇਵਾਦਾਰ ਬਣ ਜਾਂਦਾ ਹੈ, ਜਨਤਾ ਦਾ ਪਾਲਣਹਾਰ ਹੋ ਜਾਂਦਾ ਹੈ। ਇਸ ਸਬੰਧੀ ਭਾਈ ਨੰਦ ਲਾਲ ਗੰਜ ਨਾਮਾ ਵਿੱਚ ਲਿਖਦੇ ਹਨ-

ਹੱਕ ਹੱਕ ਅੰਦੇਸ਼ ਗੁਰੂ ਗੋਬਿੰਦ ਸਿੰਘ।।
ਬਾਦਸ਼ਾਹ ਦਰਵੇਸ਼ ਗੁਰੂ ਗੋਬਿੰਦ ਸਿੰਘ।।[102]

ਗੁਰਮਤਿ ਅਨੁਸਾਰ ਧਰਮ ਚਲਾਉਣ ਲਈ, ਸੰਤਾਂ ਨੂੰ ਉਬਾਰਨ ਲਈ, ਦੁਸ਼ਟਾਂ ਦਾ ਨਾਸ਼ ਕਰਨ ਲਈ ਰਾਜਨੀਤਕ ਸ਼ਕਤੀ ਦਾ ਹੋਣਾ ਜ਼ਰੂਰੀ ਹੈ:

ਧਰਮ ਚਲਾਵਨ ਸੰਤ ਉਬਾਰਨ।।
ਦੁਸ਼ਟ ਸਭਨ ਕੋ ਮੂਲ ਉਪਾਰਨ।।[103]

ਰਾਜਨੀਤਿਕ ਸ਼ਕਤੀ ਦਾ ਆਧਾਰ ਆਰਥਿਕ ਸ਼ਕਤੀ ਹੈ। ਵਿਅਕਤੀ ਜਿਨਾਂ ਜ਼ਿਆਦਾ ਆਰਥਿਕ ਪੱਖੋਂ ਸ਼ਕਤੀਸ਼ਾਲੀ ਹੋਵੇਗਾ, ਉਸਦਾ ਰਾਜਨੀਤਿਕ ਘੇਰਾ ਉਨਾਂ ਹੀ ਵਿਸ਼ਾਲ ਹੋਵੇਗਾ ਸੋ ਆਰਥਿਕ ਸ਼ਕਤੀ ਦੇ ਬਲਬੂਤੇ ਤੇ ਵਿਅਕਤੀ ਬਾਕੀ ਸ਼ਕਤੀਆਂ ਨੂੰ ਪ੍ਰਾਪਤ ਕਰ ਸਕਦਾ ਹੈ

**ਆਰਥਿਕ ਸ਼ਕਤੀ–**

ਆਰਥਿਕ ਸ਼ਕਤੀ ਦੇ ਵੀ ਕਈ ਰੂਪ ਹਨ। ਚੰਗਾ ਰੂਪ ਵੀ ਹੈ ਅਤੇ ਮਾੜੇ ਰੂਪ ਵੀ ਹਨ। ਆਰਥਿਕ ਸ਼ਕਤੀ ਬਹੁਤ ਵੱਡੀ ਸ਼ਕਤੀ ਹੁੰਦੀ ਹੈ। ਜਿਹੜਾ ਮਨੁੱਖ ਧੰਨ ਨੂੰ ਸਭ ਕੁਝ ਸਮਝ ਲਵੇ ਐਸਾ ਬੰਦਾ ਧੰਨ ਦੇ ਸੁੱਖ ਤੋਂ ਸੱਖਣਾ ਰਹਿ ਜਾਂਦਾ ਹੈ।...ਜਿਹੜਾ ਬੰਦਾ ਦੌਲਤ ਬਿਰਥਾ ਗਵਾ ਰਿਹਾ ਹੈ ਉਹ ਵੀ ਦੌਲਤ ਦੀ ਸਹੀ ਵਰਤੋਂ ਨਹੀਂ ਕਰ ਰਿਹਾ, ਪਰ ਜਿਹੜਾ ਬੰਦਾ ਮਾਇਆ ਦੀ ਪੂਜਾ ਕਰ ਰਿਹਾ ਹੈ ਅਜਿਹਾ ਬੰਦਾ ਵੀ ਦੋਲਤ ਨੂੰ ਸਹੀ ਢੰਗ ਨਾਲ ਨਹੀਂ ਵਰਤ ਰਿਹਾ... ਜਦੋਂ ਮਾਇਆ ਨਾਲ ਧਾਰਮਿਕ ਸ਼ਕਤੀ ਜੁੜ ਜਾਏ ਤਾਂ ਬੰਦੇ ਦੀ ਮਾਇਆ ਜਗਤ ਦੀ ਸੇਵਾਦਾਰ ਹੋਵੇਗੀ। ਜਦੋਂ ਮਾਇਆ ਨਾਲ ਧਰਮ ਨਾ ਜੁੜੇ ੀ ਰ ਮਾਇਆ ਨਾਲ ਬੰਦਾ ਬੰਦਿਆ ਨੂੰ ਧੱਕੇ ਹੀ ਮਾਰੇਗਾ। ਅੰਤ ਰੱਬ ਦੇ ਦਰੋਂ ਆਪ ਵੀ ਧੱਕੇ ਹੀ ਖਾਏਗਾ। ਜੀਵਨ ਵਿੱਚ ਧਾਰਮਿਕ ਸ਼ਕਤੀ ਹੈ ਤਾਂ ਮਾਇਆ ਨਾਲ ਗੁਜਰਾਨ ਚਲੇਗੀ। ਧਰਮ ਤੋਂ ਬਿਨ੍ਹਾਂ ਦੋਲਤ ਨਾਲ ਸਿਰੰ ਚਿੰਤਾ, ਦੁੱਖ, ਵੈਰ, ਈਰਖਾ ਤੇ ਪਛਤਾਵੇ ਪੱਲੇ ਪੈਂਦੇ ਹਨ।[1•4]

ਮਨੁੱਖ ਲਈ ਉਸਦੀ ਆਰਥਿਕਤਾ ਹੀ ਉਸਦੀ ਸ਼ਕਤੀ ਦਾ ਧੁਰਾ ਹੈ। ਇਸ ਸੰਬੰਧੀ ਅਖਾਣ ਵੀ ਪ੍ਰਸਿੱਧ ਹੈਃ ਮਾਇਆ ਤੇਰੇ ਤਿੰਨ ਨਾਮ ਪਰਸੂ, ਪਰਸਾ, ਪਰਸਰਾਮ। ਮਨੁੱਖ ਜਿਵੇਂ–ਜਿਵੇਂ ਅਮੀਰ ਹੁੰਦਾ ਹੈ ਉਸਦੀ ਸ਼ਕਤੀ ਵਧਦੀ ਜਾਂਦੀ ਹੈ। ਆਰਥਿਕ ਸ਼ਕਤੀ ਸਭ ਸ਼ਕਤੀਆਂ ਦਾ ਆਧਾਰ ਹੈ।

**ਸੈਨਿਕ ਸ਼ਕਤੀ–**

ਸੈਨਿਕ ਸ਼ਕਤੀ ਰਾਜ ਸ਼ਕਤੀ ਦਾ ਮੂਲ ਹੈ। ਇਸੇ ਉਤੇ ਸਮਾਜਿਕ ਸ਼ਕਤੀ ਦੀ ਨੀਂਹ ਬੱਝਦੀ ਹੈ। ਗੁਰੂ ਨਾਨਕ ਦੇਵ ਜੀ ਨੇ ਆਪ ਇਸ ਨੂੰ ਗੁਰਬਾਣੀ ਵਿੱਚ ਪ੍ਰਗਟ ਕੀਤਾ ਹੈਃ

ਸੁਲਤਾਨੁ ਹੋਵਾ ਮੇਲਿ ਲਸਕਰ ਤਖਤਿ ਰਾਖਾ ਪਾਊ ॥

ਹੁਕਮੁ ਹਾਸਲੁ ਕਰੀ ਬੈਠਾ ਨਾਨਕਾ ਸਭ ਵਾਉ॥[105]

ਅਰਥਾਤ ਸਮਾਜ ਵਿਚ ਰਾਜ ਸ਼ਕਤੀ ਕਾਇਮ ਕਰਨ ਲਈ ਸੈਨਿਕ ਸ਼ਕਤੀ ਦਾ ਹੋਣਾ ਬਹੁਤ ਜ਼ਰੂਰੀ ਹੈ। ਸੈਨਿਕ ਸ਼ਕਤੀ ਦੇ ਵਿਕਾਸ ਲਈ ਮਹਾਰਾਜਾ ਬਣਨਾ ਵੀ ਜ਼ਰੂਰੀ ਹੈ ਅਤੇ ਮਹਾਰਾਜੇ ਕੋਲ ਭਾਰੀ ਸੈਨਾ ਜਮ੍ਹਾ ਕਰਨੀ ਵੀ ਲਾਜ਼ਮੀ ਹੈ। ਭਾਵ ਰਾਜ ਸਿੰਘਾਸਨ ਤੇ ਬੈਠ ਕੇ ਫ਼ੁਰਮਾਨ ਜਾਰੀ ਕਰਨ ਲਈ ਸੈਨਿਕ ਸ਼ਕਤੀ ਦਾ ਹੋਣਾ ਬਹੁਤ ਜ਼ਰੂਰੀ ਹੈ। ਅਜਿਹੀ ਸ਼ਕਤੀ ਨੂੰ ਵਿਅਰਥ ਮੰਨਿਆ ਜਾਂਦਾ ਹੈ ਜੇ ਉਹ ਧਰਮ ਜਾਂ ਆਤਮਕ ਸੱਚ ਤੇ ਆਧਾਰਿਤ ਨਾ ਹੋਵੇ। ਸਿੱਖ ਧਰਮ ਪਹਿਲਾਂ ਇੱਕ ਧਾਰਮਿਕ ਤੇ ਸਮਾਜਿਕ ਅੰਦੋਲਨ ਸੀ, ਫਿਰ 1606 ਈਸਵੀਂ (ਅਰਥਾਤ ਗੁਰੂ ਅਰਜਨ ਸਾਹਿਬ ਦੀ ਸ਼ਹੀਦੀ) ਤੋਂ ਇਸ ਦੀ ਨੁਹਾਰ ਬਦਲ ਗਈ। ਆਤਮਿਕ ਤੇ ਸਮਾਜਿਕ ਸੁਧਾਰ ਦੀ ਲਹਿਰ ਤੋਂ ਉਲਟ ਕੇ ਇਸ ਨੇ ਸੈਨਿਕ ਸ਼ਕਤੀ ਦਾ ਰੂਪ ਅਖਤਿਆਰ ਕਰ ਲਿਆ। ਮੀਰੀ ਤੇ ਪੀਰੀ ਦੋਵੇਂ ਇੱਕਠੀਆਂ ਹੋ ਗਈਆਂ। ਗੁਰੂ ਹਰਿ ਗੋਬਿੰਦ ਜੀ ਇਸ ਕ੍ਰਾਂਤੀ ਦੇ ਮੋਢੀ ਸਨ। ਇਹ ਸਿੱਖ ਧਰਮ ਦੀ ਇੱਕ ਅੰਦਰਲੀ ਤਬਦੀਲੀ ਸੀ। ਇਹ ਇੱਕ ਸਵੈ-ਰੱਖਿਆ ਦੀ ਸਮੱਸਿਆ ਸੀ, ਜਿਸ ਨੇ ਸਿੱਖ ਸਮਾਜ ਨੂੰ ਸੈਨਿਕ ਤੌਰ ‘ਤੇ ਸੰਗਠਿਤ ਕਰ ਦਿੱਤਾ। ਹਕੂਮਤ ਤੇ ਪਾਤਸ਼ਾਹੀ ਦਾ ਸੋਮਾ ਗਰੀਬੀ ਤੇ ਫਕੀਰੀ ਵਿਚੋਂ ਪੈਦਾ ਹੋਏ ਜਜਬੇ ਦੀ ਸ਼ਕਤੀ ਹੈ। ਡਾ. ਦੀਵਾਨ ਸਿੰਘ ਦੇ ਵਿਚਾਰ ਅਨੁਸਾਰ ਤਲਵਾਰ ਸ਼ਕਤੀ ਦਾ ਪ੍ਰਤੀਕ ਹੈ ਪਰ ਇਹ ਸੈਨਿਕ ਸ਼ਕਤੀ ਦੇ ਭਗਤੀ ਦੇ ਅਧਿਆਤਮਿਕ ਕਾਰਖਾਨੇ ਵਿਚ ਘੜੀ ਜਾਂਦੀ ਹੈ। ਇਕ ਨਿਰੋਲ ਬਾਹਰਮੁਖੀ ਸ਼ਕਤੀ ਸੈਨਿਕ ਹਥਿਆਰਾਂ ਤੇ ਕਰਦੀ ਹੈ ਜਿਵੇਂ ਕਿ ਮਾਓ ਸੀ ਤੁੰਗ ਦਾ ਕਥਨ ਹੈ ਕਿ ਸ਼ਕਤੀ ਬੰਦੂਕ ਦੀ ਨਾਲੀ ਵਿਚੋਂ ਨਿਕਲਦੀ ਹੈ।[106] ਗੁਰੂ ਹਰਿ ਗੋਬਿੰਦ ਸਾਹਿਬ ਪਹਿਲਾਂ ਗੁਰੂ-ਪੀਰ, ਸੰਤ ਕੀਰ ਸਨ, ਹੁਣ ਯੋਧਾ ਅਤੇ ਵੀਰ ਬਣ ਗਏ, ਸੈਨਿਕ ਤੇ ਸੈਨਾਪਤੀ ਹੋ ਗਏ। ਉਨ੍ਹਾਂ ਨੇ ਮੁਗਲ ਫੌਜਾਂ ਨੂੰ ਹਾਰ ਦਿੱਤੀ। ਗੁਰੂ ਹਰਿ ਰਾਏ ਸਾਹਿਬ ਨੇ ਵੀ ਸੈਨਾ ਰੱਖੀ। ਗੁਰੂ ਤੇਗ ਬਹਾਦਰ ਜੀ ਸ਼ਸਤਰਧਾਰੀ ਸਨ। ਗੁਰੂ ਗੋਬਿੰਦ ਸਿੰਘ ਜੀ ਨੂੰ ਤਾਂ ਨਵੇਂ ਸਿਰਿਓਂ ਸੈਨਿਕ ਯੋਗਤਾ ਦਾ ਉਚੇਚਾ ਪ੍ਰਬੰਧ ਕਰਨਾ ਪਿਆ। ਸ਼ਕਤੀ ਤੋਂ ਬਿਨ੍ਹਾਂ ਭਗਤੀ ਨਹੀਂ ਹੋ ਸਕਦੀ। ਸ਼ਕਤੀ ਤੋਂ ਬਿਨ੍ਹਾਂ ਧਰਮ ਕਾਇਮ ਨਹੀਂ ਰਹਿ ਸਕਦਾ। ਰੱਬ ਦੀ ਆਪਣੀ ਨਿੱਜੀ ਸ਼ਕਤੀ ਵਿਨਾਸ਼ਕਾਰੀ-ਪ੍ਰਲੈਕਾਰੀ ਸ਼ਕਤੀ ਹੈ। ਰੱਬ ਦੀ ਸ਼ਕਤੀ ਦੁਸ਼ਟ-ਦਮਨ, ਦੈਂਤ-ਸੰਘਾਰ ਸ਼ਕਤੀ ਹੈ। ਗੁਰੂ ਗੋਬਿੰਦ ਸਿੰਘ ਜੀ

ਨੇ ਸਮੇਂ ਦੀ ਨਜ਼ਾਕਤ ਨੂੰ ਸਮਝਦਿਆਂ ਇਹ ਨਿਰਣਾ ਕੀਤਾ ਕਿ ਸੈਨਿਕ ਸ਼ਕਤੀ ਪ੍ਰਾਪਤ ਕੀਤੇ ਬਿਨ੍ਹਾਂ ਨਾ ਕੇਵਲ ਸਿੱਖ ਕੌਮ ਸੁਰੱਖਿਅਤ ਹੋ ਸਕਦੀ ਹੈ ਬਲਕਿ ਸੰਪੂਰਨ ਹਿੰਦੂ ਕੌਮ ਦਾ ਵਿਨਾਸ਼ ਹੋ ਜਾਣਾ ਸੀ। ਉਨ੍ਹਾਂ ਨੂੰ ਬਚਾਉਣ ਦਾ ਇੱਕੋ ਇੱਕ ਸਾਧਨ ਘੋਰ ਸੰਘਰਸ਼, ਬਲੀਦਾਨ, ਨਿੱਤ ਦਾ ਯੁੱਧ ਸੀ। ਜਦ ਹੋਰ ਕੋਈ ਚਾਰਾ ਨਾ ਬਣੇ ਤਾਂ ਤਲਵਾਰ ਪਕੜਨਾ ਉਚਿੱਤ ਹੈ:

ਚੁ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ॥
ਹਲਾਲ ਅਸਤੁ ਬੁਰਦਨ ਬ ਸ਼ਮਸ਼ੀਰ ਦਸਤ॥[107]

ਗੁਰੂ ਸਾਹਿਬਾਨ ਦੀ ਸੈਨਿਕ ਸ਼ਕਤੀ ਦਾ ਸੰਕਲਪ ਸਮਾਜਿਕ ਉਸਾਰੀ ਤੇ ਕੌਮੀ ਸੰਸਕ੍ਰਿਤੀ ਨੂੰ ਉੱਚਾ ਚੁੱਕਣ ਵਾਲਾ ਸੀ, ਦੂਜਿਆ ਉੱਤੇ ਭਾਰੂ ਹੋਣ ਜਾਂ ਹਕੂਮਤ ਚਲਾਉਣ ਲਈ ਨਹੀਂ ਸੀ।

**ਸ਼ਬਦ ਸ਼ਕਤੀ**

ਸ਼ਬਦਾਂ ਅਤੇ ਸ਼ਕਤੀਆਂ ਸ਼ਬਦਾਂ ਅਤੇ ਅਰਥਾਂ ਨੂੰ ਪ੍ਰਗਟ ਕਰਨ ਵਾਲੀ ਵਿਧੀ ਨੂੰ ਕਿਹਾ ਜਾਂਦਾ ਹੈ। ਸਧਾਰਨ ਸ਼ਬਦਾਂ ਵਿਚ ਲੁਕੇ ਅਰਥ ਨੂੰ ਪ੍ਰਗਟ ਕਰਨ ਵਾਲੇ ਤੱਤ ਨੂੰ ਸ਼ਬਦ ਸ਼ਕਤੀ ਕਿਹਾ ਜਾਂਦਾ ਹੈ। ਸ਼ਬਦ ਸ਼ਕਤੀ ਤੋਂ ਬਿਨਾਂ ਸ਼ਬਦ ਦੇ ਅਰਥ ਦਾ ਗਿਆਨ ਨਹੀਂ ਹੁੰਦਾ, ਸ਼ਬਦ ਅਤੇ ਅਰਥ ਦੇ ਸੰਬੰਧ ਬਾਰੇ ਵਿਚਾਰ ਕਰਨ ਵਾਲੇ ਤੱਤ ਦਾ ਨਾਂ ਸ਼ਬਦ ਸ਼ਕਤੀ ਹੈ।[108] ਇਕ ਸ਼ਬਦ ਤੋਂ ਕਈ ਅਰਥਾਂ ਦਾ ਗਿਆਨ ਹੁੰਦਾ ਹੈ ਇਸ ਲਈ ਸ਼ਬਦ ਦੀਆਂ ਇਕ ਤੋਂ ਵੱਧ ਸ਼ਕਤੀਆਂ ਮੰਨੀਆਂ ਜਾਂਦੀਆਂ ਹਨ ਜਿਨ੍ਹਾਂ ਦੇ ਰਾਹੀਂ ਉਹ ਸ਼ਬਦ ਵਖ-ਵਖ ਅਰਥਾਂ ਦਾ ਗਿਆਨ ਕਰਵਾਉਂਦਾ ਹੈ। ਇਹ ਸ਼ਕਤੀਆਂ ਤਿੰਨ ਹਨ: ਅਭਿਧਾ, ਲਕਸ਼ਣਾ ਅਤੇ ਵਿਅੰਜਨਾ।

1. **ਅਭਿਧਾ ਸ਼ਕਤੀ**: ਨਾਗੇਸ਼ ਭੱਟ ਦੇ ਵਿਚਾਰ ਅਨੁਸਾਰ ਸ਼ਬਦ ਤੇ ਅਰਥ ਦਾ ਇਕ ਵਿਲੱਖਣ ਸੰਬੰਧ ਹੀ ਸ਼ਕਤੀ ਹੈ ਜਿਹੜੀ ਅਰਥ ਦਾ ਗਿਆਨ ਕਰਵਾਉਂਦੀ ਹੈ। ਲੋਕਾਂ ਦੇ ਕਾਰ ਵਿਹਾਰ ਤੋਂ ਸੰਕੇਤ ਹੋਣ ਕਰਕੇ ਇਸ ਸੰਬੰਧ ਦਾ ਅਹਿਸਾਸ ਹੁੰਦਾ ਹੈ। ਇਸ ਨੂੰ ਸੰਕੇਤ ਕਹਿੰਦੇ ਹਨ। ਇਸ ਸੰਕੇਤ ਦੇ ਜੋਰ ਤੇ ਅਰਥ ਪ੍ਰਗਟ ਹੁੰਦਾ ਹੈ। ਇਸ ਸੰਕੇਤ ਨੂੰ ਅਭਿਧਾ ਕਿਹਾ ਜਾਂਦਾ ਹੈ।[109] ਭਾਵ ਸ਼ਬਦ ਤੇ ਅਰਥ ਦੇ ਸੰਬੰਧ ਨੂੰ ਹੀ ਅਭਿਧਾ ਸ਼ਕਤੀ ਕਿਹਾ ਜਾਂਦਾ ਹੈ।

2. **ਲਕਸ਼ਣਾ ਸ਼ਕਤੀ**: ਮੰਮਟ ਅਨੁਸਾਰ ਮੁੱਖ ਅਰਥ ਦੇ ਰੁਕਣ ਤੇ ਰੂੜ੍ਹੀ ਜਾਂ ਕਿਸੇ ਮਨੋਰਥ ਨੂੰ ਲੈ ਕੇ ਜਿਸ ਸ਼ਕਤੀ ਦੇ ਦੁਆਰਾ ਮੁੱਖ ਅਰਥ ਨਾਲ ਸੰਬੰਧ ਰਖਣ ਵਾਲਾ ਕੋਈ ਹੋਰ ਅਰਥ ਨਿਕਲਦਾ ਹੋਵੇ ਉਥੇ ਲਕਸ਼ਣਾ ਸ਼ਕਤੀ ਹੁੰਦੀ ਹੈ।[110] ਭਾਵ ਕਿਸੇ ਗਲ ਵਿਚ ਲੁਕੇ ਭੇਦ, ਇਸ਼ਾਰੇ ਨੂੰ ਸਮਝਣਾ, ਜਦੋਂ ਕਿਸੇ ਸ਼ਬਦ ਦੇ ਕੋਸ਼ਗਤ ਅਰਥਾਂ ਤੋਂ ਬਿਨਾਂ ਕੋਈ ਹੋਰ ਅਰਥ ਵੀ ਨਿਕਲੇ ਤਾਂ ਉਥੇ ਲਕਸ਼ਣਾ ਸ਼ਕਤੀ ਹੁੰਦੀ ਹੈ।

3. **ਵਿਅੰਜਨਾ ਸ਼ਕਤੀ**: ਵਿਸ਼ਵਨਾਥ ਦੇ ਅਨੁਸਾਰ, ਜਿਸ ਥਾਂ ਅਭਿਧਾ ਤੇ ਲਖਣਾ ਆਪੋ ਆਪਣਾ ਕੰਮ ਕਰਕੇ ਸ਼ਾਂਤ ਹੋ ਜਾਣ ਉਪਰੰਤ ਕਿਸੇ ਨਾ ਕਿਸੇ ਢੰਗ ਨਾਲ ਹੋਰ ਅਰਥ ਦੀ ਪ੍ਰਤੀਤੀ ਹੁੰਦੀ ਹੈ ਉਥੇ ਵਿਅੰਜਨਾ ਸ਼ਕਤੀ ਹੁੰਦੀ ਹੈ। ਅਰਥਾਤ ਅਭਿਧਾ ਤੇ ਲੱਖਣਾ ਨਾਮਕ ਸ਼ਬਦ ਸ਼ਕਤੀਆਂ ਦੀ ਹੱਦ ਖਤਮ ਹੋ ਜਾਣ ਤੋਂ ਬਾਅਦ ਜਿਸ ਸ਼ਬਦ ਸ਼ਕਤੀ ਦੁਆਰਾ ਮੁੱਖ ਅਰਥ (ਅਭਿਧਾ ਮੂਲਕ ਅਰਥ) ਤੇ ਲਖਣਾ ਅਰਥ ਤੋਂ ਇਲਾਵਾ ਇਕ ਨਵੇਂ ਅਰਥ ਦਾ ਗਿਆਨ ਹੁੰਦਾ ਹੈ ਉਸਨੂੰ ਵਿਅੰਜਨਾ ਸ਼ਕਤੀ ਆਖਦੇ ਹਨ।[111]

ਭਾਰਤੀ ਗਿਆਨ ਪਰੰਪਰਾ ਵਿਚ ਸ਼ਬਦ ਨੂੰ ਬ੍ਰਹਮ ਮੰਨਿਆ ਗਿਆ ਹੈ ਇਸਲਈ ਸ਼ਬਦ ਦੀ ਸ਼ਕਤੀ ਵੀ ਸਰਵੋਤਮ ਹੈ। ਗੁਰਬਾਣੀ ਵਿਚ ਸ਼ਬਦ ਨੂੰ ਗੁਰੂ, ਰਾਹ ਦਿਸੇਰਾ ਮੰਨਿਆ ਹੈ। ਸਿੱਖ ਧਰਮ ਵਿਚ ਸ਼ਬਦ ਨੂੰ ਗੁਰੂ ਦਾ ਦਰਜਾ ਦਿਤਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਰਾਮਦਾਸ ਜੀ ਇਸ ਤੱਥ ਨੂੰ ਸਪਸ਼ਟ ਕਰਦਿਆਂ ਫੁਰਮਾਉਂਦੇ ਹਨ:

ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ॥[112]

ਅਰਥਾਤ ਗੁਰਬਾਣੀ ਗੁਰਾਂ ਦਾ ਸਰੂਪ ਹੈ ਅਤੇ ਗੁਰੂ ਜੀ ਗੁਰਬਾਣੀ ਦਾ ਸਰੂਪ ਹਨ। ਗੁਰਬਾਣੀ ਅੰਦਰ ਸਮੂਹ ਅੰਮ੍ਰਿਤ-ਰਸ ਹਨ। ਸ਼ਬਦ ਸ਼ਕਤੀ ਨੇ ਅਥਾਹ ਸ਼ਕਤੀ ਪੈਦਾ ਕੀਤੀ ਹੈ ਜੋ ਵਿਅਕਤੀ ਨੂੰ ਸ਼ੁਭ ਕਰਮ ਕਰਨ ਲਈ ਪ੍ਰੇਰਿਤ ਕਰਦੇ ਹਨ। ਨਿਰਸੰਦੇਹ 'ਸ਼ੁਭ ਕਰਮ' ਲਈ ਰਣ ਵਿੱਚ ਜੂਝ-ਜਾਣ ਵਾਲਾ ਪੁਰਸ਼ ਸ਼ਹੀਦ ਹੁੰਦਾ ਹੈ। ਬੀਰਤਾ ਇਹ ਭਗਤੀ ਦਾ ਹੀ ਰੂਪ ਹੈ। ਪਰ ਵਿਚਾਰ ਵਾਲੀ ਗਲ ਇਹ ਹੈ ਕਿ ਕੋਈ ਸੂਰਮਾ ਕਿਉਂ ਰਣ ਵਿੱਚ ਜੂਝਦਾ ਹੈ, ਉਸ ਵਿੱਚ ਇਹ

ਸ਼ਕਤੀ ਕਿਵੇਂ ਪੈਦਾ ਹੁੰਦੀ ਹੈ? ਸਪੱਸ਼ਟ ਹੈ ਕਿ ਇਸ ਸ਼ਕਤੀ ਦੀ ਉਪਜ ਸ਼ਬਦ-ਭਗਤੀ ਵਿੱਚੋਂ ਹੁੰਦੀ ਹੈ, ਬਾਣੀ ਦੀ ਡੂੰਘੀ ਵਿਚਾਰ ਵਿੱਚੋਂ ਹੁੰਦੀ ਹੈ। ਸ਼ਬਦ ਭਗਤੀ ਨਾਲ ਪਤਾ ਲੱਗਦਾ ਹੈ ਕਿ ਆਤਮਾ ਤੇ ਮਰਨ ਵਾਲੀ ਚੀਜ ਨਹੀਂ, ਕੇਵਲ ਸਰੀਰ ਮਰਦਾ ਹੈ ਜੋ ਪਉਣ, ਪਾਣੀ, ਅਗਨੀ ਦਾ ਮੇਲ ਹੁੰਦਾ ਹੈ। ਸਰੀਰ ਵੀ ਕਿੱਥੇ ਮਰਦਾ ਹੈ, ਕੇਵਲ ਹੰਕਾਰ ਮਰਦਾ ਹੈ, ਹਉਮੈਂ ਬਿਨਸਦੀ ਹੈ ਤੇ ਜਦੋਂ ਇਹ 'ਸੁਰਿਤ ਬਾਦੁ ਅਹੰਕਾਰ' ਮਰਦੇ ਹਨ ਤਾਂ ਬ੍ਰਹਮ ਦਿਸ ਪੈਂਦਾ ਹੈ ਤੇ ਸਦੀਵੀਂ ਜੀਵਨ ਪ੍ਰਾਪਤ ਹੁੰਦਾ ਹੈ।[113] ਸ਼ਬਦ ਦੀ ਸ਼ਕਤੀ ਵਾਸਤਵ ਰੂਪ ਦਾ ਵਿਗਿਆਨਕ ਤੱਤ ਹੈ। ਫੁਰਨਾ ਸ਼ਕਤੀ ਰਾਹੀਂ ਸਾਡੇ ਵਿਚ ਸਿਰਜਣਾਤਮਕ ਸ਼ਕਤੀ ਉਤਪੰਨ ਹੁੰਦੀ ਹੈ। ਬੋਲੇ ਜਾਂਦੇ ਸ਼ਬਦ ਇਨ੍ਹਾਂ ਅੰਤ੍ਰੀਵ ਸ਼ਕਤੀਆਂ ਦੇ ਕਾਰਜ ਦਾ ਬਾਹਰ ਮੁਖੀ ਪ੍ਰਗਟਾ ਹੀ ਹਨ ਅਤੇ ਇਹ ਸ਼ਬਦ ਇਨ੍ਹਾਂ ਵਿਚਾਰ ਸ਼ਕਤੀਆਂ ਦੇ ਸਾਧਨ ਹਨ ਜਿਨ੍ਹਾਂ ਰਾਹੀਂ ਉਹ ਕਿਸੇ ਵਿਸ਼ੇਸ਼ ਦਿਸ਼ਾ ਵਿਚ ਕੇਂਦਰਿਤ ਹੁੰਦੇ ਹਨ ਅਤੇ ਉਨ੍ਹਾਂ ਦੀ ਇਹ ਇਕਸਾਰਤਾ ਅਤੇ ਖਾਸ ਦਿਸ਼ਾ ਵਲ ਨੂੰ ਸੇਧ ਬਾਹਰਲੀ ਜਾਂ ਪਦਾਰਥਕ ਹੋਂਦ ਵਿਚ ਇਨ੍ਹਾਂ ਸ਼ਕਤੀਆਂ ਦੇ ਬਾਹਰ ਮੁਖੀ ਰੂਪ ਵਿਚ ਪ੍ਰਗਟ ਹੋਣ ਲਈ ਬੜੀ ਜ਼ਰੂਰੀ ਹੈ।[114]

## ਪ੍ਰੇਮ ਸ਼ਕਤੀ

ਸੰਸਾਰ ਦੇ ਮਹਾਨ ਚਿੰਤਕਾਂ ਅਤੇ ਧਰਮ ਗੁਰੂਆਂ ਨੇ ਜਿਸ ਪ੍ਰਕਾਰ ਦੇ ਪ੍ਰੇਮ ਦਾ ਸੰਦੇਸ਼ ਦਿੱਤਾ ਹੈ, ਉਹ ਜ਼ਿਆਦਾਤਰ ਲੋਕਾਂ ਦੇ ਪ੍ਰੇਮ ਦੀ ਪਰਿਭਾਸ਼ਾ ਤੋਂ ਬਹੁਤ ਅਲਗ ਹੈ। ਇਸ ਦਾ ਅਰਥ ਸਿਰਫ਼ ਆਪਣੇ ਪਰਿਵਾਰ, ਮਿੱਤਰਾਂ ਅਤੇ ਪਿਆਰੀਆਂ ਚੀਜ਼ਾਂ ਨਾਲ ਪਿਆਰ ਕਰਨਾ ਹੀ ਨਹੀਂ ਹੈ। ਇਹ ਤਾਂ ਇਸ ਤੋਂ ਵੀ ਵੱਧ ਕੇ ਹੈ ਕਿਉਂਕਿ ਪਿਆਰ ਸਿਰੰ   ਭਾਵਨਾ ਹੀ ਨਹੀਂ ਹੈ। ਪਿਆਰ ਤਾਂ ਇੱਕ ਸਕਾਰਾਤਮਕ ਸ਼ਕਤੀ ਹੈ। ਪਿਆਰ, ਕਮਜ਼ੋਰ ਨਾਜ਼ੁਕ ਜਾਂ ਕੋਮਲ ਨਹੀਂ ਹੁੰਦਾ। ਪਿਆਰ ਹੀ ਹਰੇਕ ਸਾਕਾਰਾਤਮਕ ਅਤੇ ਚੰਗੀ ਚੀਜ਼ ਦਾ ਮੁੱਢਲਾ ਕਾਰਨ ਨਹੀਂ ਹੈ। ਜੀਵਨ ਵਿੱਚ ਸੈਂਕੜੇ ਅਲੱਗ-ਅਲੱਗ ਸਾਕਾਰਾਤਮਕ ਸ਼ਕਤੀਆਂ ਨਹੀਂ ਹੈ; ਸਿਰਫ਼ ਇੱਕ ਹੀ ਸ਼ਕਤੀ ਹੈ ਅਤੇ ਉਹ ਹੈ-ਪਿਆਰ। ਗੁਰਤਾ ਆਕਰਸ਼ਣ ਵਰਗੀ ਪ੍ਰਾਕਿਰਤਕ ਸ਼ਕਤੀ ਦੇ ਬਾਰੇ ਕਿਤੇ

ਕੋਈ ਵਿਵਾਦ ਨਹੀਂ ਹੈ। ਇਸੇ ਤਰ੍ਹਾਂ ਪਿਆਰ ਦੀ ਸ਼ਕਤੀ ਵੀ ਸਾਨੂੰ ਦਿਖਾਈ ਨਹੀਂ ਦਿੰਦੀ ਪਰ ਇਹ ਕਿਸੇ ਵੀ ਪ੍ਰਾਕਿਰਤ ਸ਼ਕਤੀ ਤੋਂ ਜ਼ਿਆਦਾ ਸ਼ਕਤੀਸ਼ਾਲੀ ਹੈ। ਪਿਆਰ ਦੀ ਸਾਕਾਰਤਮਕ ਸ਼ਕਤੀ ਮਨ ਵਿੱਚ ਕੁਝ ਬਣਨ, ਕਰਨ ਜਾਂ ਪ੍ਰਾਪਤ ਕਰਨ ਦੀ ਗਹਿਰੀ ਇੱਛਾ ਜਗਾਉਂਦੀ ਹੈ। ਇਹ ਸ਼ਕਤੀ ਚੰਗੀਆਂ ਚੀਜਾਂ ਦੀ ਸਿਰਜਣਾ ਕਰ ਸਕਦੀ ਹੈ ਅਤੇ ਮਨੁੱਖੀ ਜੀਵਨ ਦੀ ਕਿਸੇ ਵੀ ਬੁਰੀ ਚੀਜ਼ ਨੂੰ ਬਦਲਣ ਦੀ ਹਿੰਮਤ ਰੱਖਦੀ ਹੈ।[115] ਪ੍ਰੇਮ ਹੀ ਹੈ ਜੋ ਸਮਾਜ ਵਿਚ ਮੇਲ ਜੋਲ ਨੂੰ ਵਧਾਉਂਦਾ ਹੈ। ਪ੍ਰੇਮ ਤੋਂ ਬਿਨਾਂ ਪਰਮਾਤਮਾ ਦੀ ਪ੍ਰਾਪਤੀ ਵੀ ਅਸੰਭਵ ਹੈ। ਪਰਮਾਤਮਾ ਦੇ ਮਿਲਾਪ ਲਈ ਪ੍ਰੇਮ ਮਹੱਤਵਪੂਰਨ ਸਾਧਨ ਮੰਨਿਆ ਜਾਂਦਾ ਹੈ। ਇਸ ਸੰਬੰਧੀ ਗੁਰੂ ਗੋਬਿੰਦ ਸਿੰਘ ਜੀ ਦਸਮ ਗ੍ਰੰਥ ਵਿਚ ਲਿਖਦੇ ਹਨ:

ਸਾਚੁਕਹੌਂ ਸੁਨ ਲੇਹੁ ਸਭੈ ਜਿਨ ਪ੍ਰੇਮੁ ਕੀਓ ਤਿਨ ਹੀ ਪ੍ਰਭੁ ਪਾਇਓ॥[116]

ਪ੍ਰੇਮ ਦੀ ਖੇਡ ਨੂੰ ਬਾਬਾ ਸ਼ੇਖ ਫਰੀਦ ਜੀ ਨੇ ਬਿਰਹਾ ਦਾ ਸੁਲਤਾਨ ਆਖ ਕੇ ਵਡਿਆਇਆ ਹੈ:

ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨ॥
ਫਰੀਦਾ ਜਿਸ ਤਨਿ ਬਿਰਹੁ ਨ ਊਪਜੇ ਸੋ ਤਨੁ ਜਾਣੁ ਮਸਾਨੁ॥[117]

ਅਰਥਾਤ ਲੋਕ ਪਰਮਾਤਮਾ ਦੇ ਪ੍ਰੇਮ ਅਤੇ ਇਸ ਦੀਆਂ ਤਕਲੀਫਾਂ ਦੀ ਗਲ ਕਰਦੇ ਹਨ। ਪਰਮਾਤਮਾ ਦਾ ਪ੍ਰੇਮ ਸਾਰਿਆਂ ਦਾ ਪਾਤਸ਼ਾਹ ਹੈ। ਜਿਸ ਸਰੀਰ ਅੰਦਰ ਪਰਮਾਤਮਾ ਦਾ ਪਿਆਰ ਉਤਪੰਨ ਨਹੀਂ ਹੁੰਦਾ ਉਹ ਸਰੀਰ ਸ਼ਮਸ਼ਾਨ ਭੂਮੀ ਦੇ ਸਮਾਨ ਹੈ।

ਇੰਝ ਪ੍ਰੇਮ ਸ਼ਕਤੀ ਸਾਰੀਆਂ ਸ਼ਕਤੀਆਂ ਤੋਂ ਜਿਆਦਾ ਮਹੱਤਵਪੂਰਨ ਹੈ। ਜੇ ਮਨੁੱਖ ਅੰਦਰ ਪ੍ਰੇਮ ਹੈ ਤਾਂ ਹੀ ਉਹ ਪਰਮਾਤਮਾ ਦੀ ਭਗਤੀ ਕਰ ਸਕਦਾ ਹੈ। ਭਗਤੀ ਨਾਲ ਪਰਮਾਤਮਾ ਦੀ ਪ੍ਰਾਪਤੀ ਹੁੰਦੀ ਹੈ ਅਤੇ ਪਰਮਾਤਮਾ ਦੀ ਪ੍ਰਾਪਤੀ ਹੋਣ ਨਾਲ ਮਨੁੱਖ ਵਿਭਿੰਨ ਪ੍ਰਕਾਰ ਦੀਆਂ ਸ਼ਕਤੀਆਂ ਨੂੰ ਪ੍ਰਾਪਤ ਕਰ ਸਕਦਾ ਹੈ।

## ਭਾਵਨਾਤਮਕ ਸ਼ਕਤੀ

ਭਾਵਨਾਤਮਕ ਸ਼ਕਤੀ ਪ੍ਰੇਮ ਸ਼ਕਤੀ ਦਾ ਹੀ ਰੂਪ ਹੈ। ਮਨੁੱਖ ਦੀਆਂ ਭਾਵਨਾਵਾਂ ਹੀ ਉਸ ਦੇ ਵਿਚਾਰਾਂ ਅਤੇ ਸ਼ਬਦਾਂ ਨੂੰ ਸ਼ਕਤੀ ਪ੍ਰਦਾਨ ਕਰਦੀਆਂ ਹਨ। ਇਸ ਲਈ ਮਨੁੱਖੀ ਭਾਵਨਾਵਾਂ ਹੀ ਸਭ ਤੋਂ ਮਹੱਤਵਪੂਰਨ ਹਨ। ਸਾਰੀਆਂ ਭਾਵਨਾਵਾਂ ਪਿਆਰ ਨਾਲ ਹੀ ਪੈਦਾ ਹੁੰਦੀਆਂ ਹਨ। ਸਾਰੀਆਂ ਬੁਰੀਆਂ ਜਾਂ ਗਲਤ ਭਾਵਨਾਵਾਂ ਪਿਆਰ ਦੀ ਕਮੀ ਨਾਲ ਪੈਦਾ ਹੁੰਦੀਆਂ ਹਨ। ਜਦੋਂ ਵੀ ਮਨ ਵਿੱਚ ਚੰਗੀ ਭਾਵਨਾ ਪੈਦਾ ਹੁੰਦੀ ਹੈ ਤਾਂ ਉਹ ਪਿਆਰ ਦੀ ਸ਼ਕਤੀ ਨਾਲ ਜੁੜੀ ਹੁੰਦੀ ਹੈ ਕਿਉਂਕਿ ਪਿਆਰ ਹੀ ਸਾਰੀਆਂ ਚੰਗੀਆਂ ਭਾਵਨਾਵਾਂ ਦਾ ਸ੍ਰੋਤ ਹੈ। ਭਾਵਨਾਵਾਂ ਤੋਂ ਬਿਨ੍ਹਾਂ ਸਿਰਫ਼ ਵਿਚਾਰਾਂ ਅਤੇ ਸ਼ਬਦਾਂ ਨਾਲ ਮਨੁੱਖ ਆਪਣਾ ਜੀਵਨ ਨਹੀਂ ਬਦਲ ਸਕਦਾ, ਉਸ ਵਿੱਚ ਐਨੀ ਸ਼ਕਤੀ ਹੀ ਨਹੀਂ ਹੁੰਦੀ। ਸਾਰਾ ਦਿਨ ਮਨੁੱਖੀ ਮਨ ਵਿੱਚ ਬਹੁਤ ਵਿਚਾਰ ਆਉਂਦੇ ਹਨ। ਉਨ੍ਹਾਂ ਵਿੱਚੋਂ ਜ਼ਿਆਦਾਤਰ ਨਿਰਾਰਥਕ ਅਤੇ ਨਿਸ਼ਫਲ ਹੁੰਦੇ ਹਨ ਕਿਉਂਕਿ ਉਨ੍ਹਾਂ ਦੇ ਕਾਰਣ ਤੁਹਾਡੇ ਅੰਦਰ ਕੋਈ ਪ੍ਰਬਲ ਭਾਵਨਾ ਪੈਦਾ ਨਹੀਂ ਹੁੰਦੀ ਇਸ ਲਈ ਇਹ ਕਿਹਾ ਗਿਆ ਹੈ ਕਿ ਮਨੁੱਖ ਦੀਆਂ ਭਾਵਨਾਵਾਂ ਹੀ ਸਭ ਤੋਂ ਮਹੱਤਵਪੂਰਨ ਹਨ। ਵਿਚਾਰ ਅਤੇ ਸ਼ਬਦ ਉਹ ਵਾਹਨ ਹਨ ਜਿਹੜੇ ਭਾਵਨਾਵਾਂ ਤੋਂ ਬਿਨ੍ਹਾਂ ਕੁੱਝ ਨਹੀਂ ਕਰ ਸਕਦੇ, ਕਿਉਂਕਿ ਭਾਵਨਾਵਾਂ ਤੋਂ ਹੀ ਉਨ੍ਹਾਂ ਨੂੰ ਸ਼ਕਤੀ ਮਿਲਦੀ ਹੈ।[118]

## ਵਿੱਦਿਅਕ ਸ਼ਕਤੀ

ਭਾਰਤੀ ਵਿਦਵਾਨਾਂ ਦਾ ਵਿਚਾਰ ਹੈ ਕਿ ਵਿਦਿਆ ਚਾਨਣ ਦਾ ਸੋਮਾ ਹੈ, ਜਿਸਨੂੰ ਮਨੁੱਖ ਦਾ ਤੀਜਾ ਨੇਤਰ ਮੰਨਿਆ ਜਾਂਦਾ ਹੈ। ਵਿਦਿਆ ਦੇ ਚਾਨਣ ਨਾਲ ਗਿਆਨ ਦੀ ਪ੍ਰਾਪਤੀ ਹੁੰਦੀ ਹੈ ਅਤੇ ਇਹ ਗਿਆਨ ਹੀ ਹੈ ਜਿਸ ਨਾਲ ਮਨੁੱਖ ਨੂੰ ਖੁਦ ਦੀ ਸ਼ਖਸੀਅਤ ਦਾ ਪਤਾ ਲਗਦਾ ਹੈ। ਗਿਆਨ ਹੀ ਮਨੁੱਖ ਨੂੰ ਦਿੱਬ ਦ੍ਰਿਸ਼ਟੀ ਦਿੰਦਾ ਹੈ ਜਿਸ ਨਾਲ ਮਨੁੱਖ ਨੂੰ ਜੀਵਨ ਦਾ ਅਸਲੀ ਅਤੇ ਸੱਚਾ ਰਾਹ ਦਿਖਾਈ ਦਿੰਦਾ ਹੈ। ਗੁਰੂ ਗੋਬਿੰਦ ਸਿੰਘ ਵਿਦਿਆ ਨੂੰ ਸਰੀਰ, ਮਨ ਅਤੇ ਆਤਮਾ ਨੂੰ ਰੋਸ਼ਨ ਕਰਨ ਲਈ ਜ਼ਰੂਰੀ ਸਮਝਦੇ ਹਨ, ਜਿਸ ਤਰ੍ਹਾਂ ਦੀਵਾ ਜਗਾਉਣ ਨਾਲ ਹਨੇਰਾ ਦੂਰ ਹੋ ਜਾਂਦਾ ਹੈ ਇਸੇ ਤਰ੍ਹਾਂ ਗਿਆਨ ਪ੍ਰਾਪਤੀ ਦੁਆਰਾ ਮਨ ਦੀ ਅਗਿਆਨਤਾ ਦੂਰ ਹੋ ਜਾਂਦੀ ਹੈ ਤੇ ਚਾਰ ਚੁਫੇਰੇ ਪ੍ਰਕਾਸ਼ ਹੋ ਜਾਂਦਾ ਹੈ–

ਬੁਧਿ ਸੁ ਦੀਪਕ ਜਿਉ ਉਜੀਆਰੈ।।[119]

ਇਸ ਲਈ ਗੁਰੂ ਗੋਬਿੰਦ ਸਿੰਘ ਜੀ ਗਿਆਨ ਨੂੰ ਗੁਰੂ ਮੰਨਦੇ ਹਨ ਜਿਸ ਦੀ ਪ੍ਰਾਪਤੀ ਦੁਆਰਾ ਆਤਮ ਤੱਤ ਦੀ ਸੇਵਾ-ਅਨੁਭਵ ਦੀ ਪ੍ਰਾਪਤੀ ਹੁੰਦੀ ਹੈ-

ਗਯਾਨ ਗੁਰੂ ਆਤਮ ਉਪਦੇਸ਼ਹੁ ਨਾਮ ਬਿਭੂਤ ਲਗਾਓ।।

ਤਬ ਹੀ ਆਤਮ ਤਤ ਕੋ ਦਰਸੇ ਪਰਮ ਪੁਰਖ ਕਹ ਪਾਵੈ।।[12•]

ਅਗਿਆਨਤਾ ਮਨੁੱਖ ਦਾ ਵਾਸਤਵਿਕ ਬੰਧਨ ਹੈ, ਗਿਆਨ ਸ਼ਕਤੀ ਹੈ। ਇਸ ਲਈ ਗੁਰੂ ਜੀ ਗਿਆਨ ਦੀ ਬੱਢਨੀ (ਝਾੜੂ) ਨੂੰ ਹੱਥ ਵਿਚ ਲੈ ਕੇ ਕਾਇਰਤਾ-ਕਮਜ਼ੋਰੀ ਨੂੰ ਦੂਰ ਕਰਨ ਲਈ ਕਹਿੰਦੇ ਸਨ। ਕਾਇਰਤਾ ਤੇ ਕਮਜ਼ੋਰੀ ਦੂਰ ਹੋ ਗਈ ਤਾਂ ਮੁੱਖ ਤੇ ਹਰਿ ਨਾਮ ਤੇ ਚਿਤ ਵਿਚ ਯੁੱਧ ਦਾ ਵਿਚਾਰ ਅਸਾਨੀ ਨਾਲ ਕੀਤਾ ਜਾ ਸਕਦਾ ਹੈ ਤੇ ਫਿਰ ਯੁੱਧ ਵਿਚ ਮਰਨਾ ਸੁਖਾਲਾ ਹੋ ਜਾਂਦਾ ਹੈ। ਗਿਆਨ ਅਧਿਆਤਮਿਕ ਸੁਚੇਤਤਾ ਵਲ ਲੈ ਜਾਂਦਾ ਹੈ। ਗਿਆਨ ਰਾਹੀਂ ਮਨ ਦਾ ਵਿਕਾਸ ਹੁੰਦਾ ਹੈ ਤੇ ਮਨ ਗੁਰੂ ਦੁਆਰਾ ਵਿਦਿਆ ਦੀ ਪ੍ਰਾਪਤੀ ਹੁੰਦੀ ਹੈ:

ਮਨੂਆ ਗੁਰ ਮੁਰਿ ਮਨਸਾ ਮਾਈ।।
ਜਿਨਿ ਮੋ ਕੋ ਸੁਭ ਕ੍ਰਿਆ ਪੜਾਈ।।
ਜਬ ਮਨਸਾ ਮਨ ਮਯਾ ਬਿਚਾਰੀ।।
ਗੁਰ ਮਨੂਆ ਕਹ ਕਹਯੋ ਸੁਧਾਰੀ।।[121]

ਇੰਝ ਵਿਅਕਤੀ ਨੂੰ ਅਗਿਆਨਤਾ ਦੇ ਹਨੇਰੇ ਵਿਚੋਂ ਕੱਢਣ ਲਈ ਵਿਦਿਅਕ ਗਿਆਨ ਦੀ ਬਹੁਤ ਜ਼ਰੂਰਤ ਹੈ, ਜਿਸ ਨਾਲ ਵਿਅਕਤੀ ਦੇ ਸਰਵਪਖੀ ਵਿਕਾਸ ਵਿਚ ਸਹਾਇਤਾ ਮਿਲਦੀ ਹੈ। ਸ਼ਕਤੀ ਦੇ ਪਾਸਾਰ ਬਹੁ-ਪੱਧਰੀ ਹਨ ਜਿਹੜੇ ਵਿਅਕਤੀ ਦੀ ਸਮੁੱਚੀ ਸ਼ਖ਼ਸੀਅਤ ਦੇ ਵਿਕਾਸ ਲਈ ਜ਼ਰੂਰੀ ਹਨ। ਵਿਅਕਤੀ ਨੂੰ ਹਰ ਖੇਤਰ ਵਿੱਚ ਸ਼ਕਤੀ ਦੀ ਜ਼ਰੂਰਤ ਪੈਂਦੀ ਹੈ।

**ਸ਼ਕਤੀ ਦੀ ਇੱਛਾ**

ਜਿਉਂ-ਜਿਉਂ ਮਨੁੱਖੀ ਇੱਛਾ ਸ਼ਕਤੀ ਰੱਬੀ ਸ਼ਕਤੀ ਵਿਚ ਪ੍ਰੀਵਰਤਿਤ ਹੁੰਦੀ ਹੈ ਤਾਂ ਉਹ ਪਰਮਾਤਮਾ ਨਾਲ ਇਕ ਸੁਰ ਹੋ ਕੇ ਸ੍ਰੇਸ਼ਟ ਬਣ ਜਾਂਦੀ ਹੈ। ਧਰਮ ਦੀ ਸ਼ਕਤੀ ਮਨੁੱਖ ਨੂੰ

ਨਿਰਮਲ ਕਰਨ ਵਿੱਚ ਲੱਗ ਜਾਂਦੀ ਹੈ। ਜਦੋਂ ਮਨ ਸਾਫ ਹੋ ਜਾਂਦਾ ਹੈ ਤਾਂ ਮਨੁੱਖ ਵਿਕਾਰਾਂ ਤੋਂ ਦੂਰ ਹੋ ਜਾਂਦਾ ਹੈ। ਇਸ ਲਈ ਮਨ ਨੂੰ ਨਿਰਮਲ ਕਰਨ ਲਈ ਵੀ ਸ਼ਕਤੀ ਦੀ ਜ਼ਰੂਰਤ ਹੁੰਦੀ ਹੈ। ਸ਼ਕਤੀਆਂ ਦੀ ਮੱਦਦ ਨਾਲ ਹੀ ਮਨੁੱਖ ਸੰਸਾਰ ਵਿੱਚ ਨੇਕੀ ਤੇ ਬਦੀ ਦੇ ਕੰਮਾਂ ਨੂੰ ਨੇਪਰੇ ਚਾੜ ਸਕਦਾ ਹੈ ਕਿਉਂਕਿ ਕਿਸੇ ਇੱਕ ਸ਼ਕਤੀ ਨਾਲ ਵਿਅਕਤੀ ਕੁਝ ਨਹੀਂ ਕਰ ਸਕਦਾ। ਉਸ ਨੂੰ ਦੂਜੀਆਂ ਸਹਾਇਕ ਸ਼ਕਤੀਆਂ ਦੀ ਜਰੂਰਤ ਪੈਂਦੀ ਹੈ।

ਸੰਸਾਰ ਵਿੱਚ ਸ਼ੁਰੂ ਤੋਂ ਹੀ ਨੇਕੀ ਤੇ ਬਦੀ ਚਲਦੀ ਆਈ ਹੈ ਅਤੇ ਇਹ ਇੱਕ ਦੂਜੇ ਦੇ ਵਿਰੋਧੀ ਹਨ। ਸਾਰੇ ਧਾਰਮਿਕ ਗ੍ਰੰਥ ਇਸ ਵਿਚਾਰ ਨੂੰ ਚਿਤਵਦੇ ਹਨ ਕਿ ਨੇਕੀ ਤੇ ਬਦੀ ਦੋ ਮਹੱਤਵਪੂਰਨ ਸੰਕਲਪ ਹਨ ਜਿਨ੍ਹਾਂ ਨਾਲ ਮਨੁੱਖ ਦਾ ਨਿੱਤ ਸਾਹਮਣਾ ਹੁੰਦਾ ਹੈ। ਜਿਹੜੀ ਚੀਜ਼ ਵਿਅਕਤੀ ਦੇ ਉਦੇਸ਼ ਦੀ ਪ੍ਰਾਪਤੀ ਵਿੱਚ ਸਹਾਇਕ ਹੈ ਉਹ ਨੇਕੀ ਅਖਵਾਉਂਦੀ ਹੈ ਅਤੇ ਜਿਹੜੀ ਚੀਜ਼ ਇਸ ਪ੍ਰਾਪਤੀ ਵਿੱਚ ਰੁਕਾਵਟ ਬਣਦੀ ਹੈ ਉਹ ਬਦੀ ਹੈ। ਗੁਰਮੁੱਖ ਅਤੇ ਮਨਮੁੱਖ ਦੋ ਸੰਕਲਪ ਹਨ। ਗੁਰਮੁੱਖ ਉਹ ਵਿਅਕਤੀ ਜਿਹੜਾ ਗੁਰੂ ਦੇ ਦੱਸੇ ਰਾਹ ਤੇ ਚਲਕੇ ਆਪਣੇ ਅੰਤਿਮ ਮਨੋਰਥ ਦੀ ਪ੍ਰਾਪਤੀ ਵਲ ਕਾਰਜਸ਼ੀਲ ਹੁੰਦੇ ਹਨ। ਮਨਮੁੱਖ ਉਹ ਵਿਅਕਤੀ ਜਿਹੜਾ ਕੁ-ਮਾਰਗ ਤੇ ਚਲਦਾ ਹੈ ਅਤੇ ਗੁਰੂ ਉਪਦੇਸ਼ ਨੂੰ ਮਨੋ ਵਿਸਾਰ ਕੇ ਭੈੜੀਆਂ ਆਦਤਾਂ ਦਾ ਸ਼ਿਕਾਰ ਹੋ ਜਾਂਦਾ ਹੈ। ਉਨ੍ਹਾਂ ਵਿੱਚ ਹੰਕਾਰ ਦੀ ਭਾਵਨਾ ਦਾ ਵਿਕਾਸ ਹੁੰਦਾ ਹੈ। ਧਾਰਮਿਕ ਗ੍ਰੰਥਾਂ ਵਿੱਚ ਚੰਗੇ ਕੰਮ ਕਰਨ ਉੱਤੇ ਜ਼ੋਰ ਦਿੱਤਾ ਗਿਆ ਹੈ ਕਿਉਂਕਿ ਚੰਗੇ ਕੰਮ ਮਨੁੱਖ ਨੂੰ ਭਗਤੀ ਕਰਨ ਲਈ ਪ੍ਰੇਰਦੇ ਹਨ। ਜਿਸ ਨਾਲ ਮਨੁੱਖ ਤੇ ਪ੍ਰਮਾਤਮਾ ਵਿਚਲੀ ਦੂਰੀ ਘੱਟਦੀ ਹੈ। ਜਿਸ ਦੇ ਨਤੀਜੇ ਵਜੋਂ ਦੁਖ-ਸੁਖ ਵਿਚ ਪ੍ਰਮਾਤਮਾ ਹਮੇਸ਼ਾਂ ਹੀ ਆਪਣੇ ਭਗਤਾਂ ਦੀ ਲਾਜ ਰੱਖਦਾ ਆਇਆ ਹੈ ਕਿਉਂਕਿ ਸਚਾਈ ਤੇ ਚੱਲਣ ਵਾਲੇ ਮਨੁੱਖ ਨੂੰ ਜਿੰਦਗੀ ਵਿੱਚ ਬਦੀ ਦੀਆਂ ਤਾਕਤਾਂ ਦਾ ਕਈ ਪੜਾਵਾਂ ਤੇ ਸਾਹਮਣਾ ਕਰਨਾ ਪੈਂਦਾ ਹੈ। ਪ੍ਰਮਾਤਮਾ ਅਜਿਹੇ ਸਮੇਂ ਵਿੱਚ ਮਨੁੱਖ ਨੂੰ ਬਦੀ ਦੀ ਦਲਦਲ ਵਿੱਚੋਂ ਕੱਢਕੇ ਨੇਕੀ ਦੀ ਜਿੱਤ ਦਿਵਾਉਂਦਾ ਹੈ। ਗੁਰਮੁੱਖ ਮਨੁੱਖ ਹੀ ਅਜਿਹਾ ਮਨੁੱਖ ਹੈ ਜਿਹੜਾ ਨੇਕੀ ਦੇ ਰਾਹ ਤੇ ਚੱਲਣ ਲਈ ਤਿਆਰ-ਬਰ-ਤਿਆਰ ਰਹਿੰਦਾ ਹੈ। ਗਰਮੁੱਖ ਨੂੰ ਹਮੇਸ਼ਾਂ ਅਜਿਹੀ ਸ਼ਕਤੀ ਦੀ ਇੱਛਾ ਰਹਿੰਦੀ ਹੈ ਜਿਸ ਨਾਲ ਸਰਬੱਤ ਦਾ ਭਲਾ

ਹੋ ਸਕੇ ਅਤੇ ਉਹ ਹਮੇਸ਼ਾਂ ਸਰਬੱਤ ਦਾ ਭਲਾ ਮੰਗਦਿਆਂ ਇੱਕ ਦਿਨ ਪ੍ਰਮਾਤਮਾ ਵਿੱਚ ਲੀਨ ਹੋ ਜਾਂਦਾ ਹੈ। ਇਹ ਸ਼ਕਤੀ ਧਰਮ ਦੀ ਸ਼ਕਤੀ ਹੁੰਦੀ ਹੈ ਜੋ ਭਗਤੀ ਕਰਨ ਨਾਲ ਪ੍ਰਾਪਤ ਹੁੰਦੀ ਹੈ। ਹਿੰਮਤ, ਦਲੇਰੀ, ਕਰਮ ਤੇ ਦ੍ਰਿੜ ਵਿਸ਼ਵਾਸ਼ ਹਰੇਕ ਮੁਸ਼ਕਿਲ ਕੰਮ ਨੂੰ ਪੂਰਾ ਕਰਨ ਲਈ ਜ਼ਰੂਰੀ ਹਨ। ਇਹ ਚਾਹੇ ਸ਼ਕਤੀ ਚੋਂ ਜਨਮ ਲੈਂਦੇ ਹਨ। ਸ਼ਕਤੀ ਕਦੇ ਵੀ ਨੈਤਿਕਤਾ ਨੂੰ ਖਤਮ ਨਹੀਂ ਕਰਦੀ, ਸਗੋਂ ਨੈਤਿਕਤਾ ਦੀ ਰਾਖੀ ਕਰਦੀ ਹੈ। ਸ਼ਕਤੀਸ਼ਾਲੀ ਲੋਕ ਜਿੱਤਦੇ ਜ਼ਰੂਰ ਹਨ, ਪ੍ਰੰਤੂ ਜੋ ਲੋਕ ਨਿਰਬਲ ਹਨ ਉਨ੍ਹਾਂ ਦੀ ਹਾਰ ਪੱਕੀ ਹੈ। ਇਹ ਕੁਦਰਤ ਦਾ ਨਿਯਮ ਹੈ। ਕਮਜ਼ੋਰ ਲੋਕਾਂ ਨੂੰ ਵੀ ਜੇ ਸ਼ਕਤੀ ਮਿਲ ਜਾਵੇ ਤਾਂ ਉਹ ਸ਼ਕਤੀਸ਼ਾਲੀ ਕੌਮ ਬਣ ਜਾਂਦੇ ਹਨ, ਗੁਰੂ ਗੋਬਿੰਦ ਸਿੰਘ ਜੀ ਦੇ ਕਥਨ 'ਹਰਿ ਜੁਗੁ ਜੁਗੁ ਭਗਤ ਉਪਾਇਆ ਪੈਜ ਰਖਦਾ ਆਇਆ ਰਾਮ ਰਾਜੈ' ਵਿਚ ਦ੍ਰਿਸ਼ਟੀਗੋਚਰ ਹੁੰਦ ਹੈ। ਗੁਰੂ ਸਾਹਿਬ ਨੇ ਹਰ ਪੱਖੋਂ ਸ਼ੋਸ਼ਿਤ ਤੇ ਕਮਜ਼ੋਰ, ਊਣੇ ਤੇ ਹੀਣੇ ਵਿਅਕਤੀਆਂ ਨੂੰ ਸ਼ਬਦ ਦੀ ਸ਼ਕਤੀ ਨਾਲ ਜੋੜ ਕੇ ਮਾਨਸਿਕ ਤੇ ਆਤਮਿਕ ਸ਼ਕਤੀ ਪ੍ਰਦਾਨ ਕੀਤੀ। ਗੁਰੂ ਗੋਬਿੰਦ ਸਿੰਘ ਜੀ ਨੇ ਉਨ੍ਹਾਂ ਨੂੰ ਇਹ ਕਹਿ ਕੇ ਜਾਗਰੂਕ ਕੀਤਾ ਕਿ ਮੌਤ ਹਰ ਮਨੁੱਖ ਨੂੰ ਆਉਂਦੀ ਹੈ, ਦੇਵਤਿਆਂ ਨੂੰ ਵੀ ਆਈ ਹੈ:

> ਕਾਲ ਪਾਇ ਬ੍ਰਹਮਾ ਬਪੁ ਧਰਾ॥ ਕਾਲ ਪਾਇ ਸ਼ਿਵਜੂ ਅਵਤਰਾ॥
> ਕਾਲ ਪਾਇ ਕਰਿ ਬਿਸ਼ਨੁ ਪ੍ਰਕਾਸ਼ਾ॥ ਸਕਲ ਕਾਲ ਕਾ ਕੀਯਾ ਤਮਾਸ਼ਾ॥[122]

ਇਸ ਲਈ ਮੌਤ ਦੇ ਭੈਅ ਤੋਂ ਮੁਕਤ ਹੋਣ ਲਈ ਵੀ ਆਤਮਕ ਸ਼ਕਤੀ ਦੀ ਜ਼ਰੂਰਤ ਹੈ। ਕਾਲ ਦੇ ਭੈਅ ਤੋਂ ਵਿਅਕਤੀ ਤਾਂ ਹੀ ਮੁਕਤ ਹੋ ਸਕਦਾ ਹੈ ਜੇ ਉਹ ਸ਼ਬਦ ਸ਼ਕਤੀ ਨਾਲ ਜੁੜੇ। ਇਤਿਹਾਸ ਗਵਾਹ ਹੈ ਕਿ ਭਾਰਤ ਦੀ ਹਰ ਤਰ੍ਹਾਂ ਪੀੜਤ ਲੁਕਾਈ ਨੂੰ ਜਦੋਂ ਆਂਤਰਿਕ ਰੂਪ ਵਿਚ ਜਾਗਰਤ ਕਰਕੇ ਉਨਾਂ ਦੇ ਹੱਥ ਵਿਚ ਸ਼ਸਤਰ ਪਕੜਾ ਦਿੱਤਾ ਤਾਂ ਉਨਾਂ ਨੇ ਸਵਾ ਲਾਖ ਸੇ ਏਕ ਲੜਾਉਂ ਵਾਲੀ ਗੁਰੂ ਗੋਬਿੰਦ ਸਿੰਘ ਜੀ ਦੀ ਕਹੀ ਕਥਨੀ ਨੂੰ ਕਰਨੀ ਵਿਚ ਬਦਲ ਦਿੱਤਾ। ਪ੍ਰੋ. ਜਸਪਾਲ ਕੌਰ ਕਾਂਗ ਦੇ ਇਹ ਵਿਚਾਰ ਇਸ ਪ੍ਰਸੰਗ ਵਿਚ ਬੜੇ ਸਾਰਥਕ ਪ੍ਰਤੀਤ ਹੋਏ ਹਨ, ਕਾਲ ਦੇ ਡਰ ਤੋਂ ਮੁਕਤ ਵਿਅਕਤੀ ਦੇ ਹੱਥ ਵਿੱਚ ਜਦੋਂ ਸ਼ਾਸਤਰ ਉੱਠਦਾ ਹੈ ਤਾਂ ਨਵੀਆਂ ਹੋਣੀਆਂ ਸਾਕਾਰ ਹੁੰਦੀਆਂ ਹਨ। ਗੋਬਿੰਦ-ਬਾਣੀ ਦਾ ਸੱਚ ਹੀ ਇਹ ਹੈ ਕਿ ਇਸ ਨੇ ਕਾਲ ਦੇ ਡਰਾਂ ਵਿੱਚ ਵਿਚਰ

ਰਹੇ ਮਨੁੱਖ ਨੂੰ ਸ਼ਾਸਤਰ ਦਾ ਗਿਆਨ ਦੇ ਕੇ ਸ਼ਾਸਤਰਧਾਰੀ ਬਣਾ ਦਿੱਤਾ।... ਇਤਿਹਾਸ ਵਿੱਚ ਪਹਿਲੀ ਵਾਰ ਇੱਕ ਅਜਿਹੇ ਮਾਨਵ ਨੇ ਜਨਮ ਲਿਆ ਜੋ ਕਾਲ ਦੇ ਭੈਅ ਤੋਂ ਮੁਕਤ ਹੈ...ਇਹੀ ਗੋਬਿੰਦ ਬਾਣੀ ਦਾ ਪਹਿਲਾ ਪ੍ਰਵਚਨ ਹੈ ਕਿ ਮਨੁੱਖ ਕਾਲ ਦੇ ਭੈਅ ਨੂੰ ਤਿਆਗ ਕੇ ਅਕਾਲ ਹੋਂਦ ਵਿੱਚ ਪ੍ਰਵਾਨ ਹੋਏ। ਕਾਲ ਦੇ ਡਰਾਂ ਤੋਂ ਮੁਕਤ ਵਿਅਕਤੀ ਜਦੋਂ ਅਕਾਲ ਨਾਲ ਜੁੜਦਾ ਹੈ ਤਾਂ ਉਸ ਦੇ ਸਾਰੇ ਸੰਸੇ ਮੁੱਕ ਜਾਂਦੇ ਹਨ। ਗੁਰੂ ਸਾਹਿਬ ਸਿਰੰ ਮਨੁੱਖ ਨੂੰ ਕਾਲ ਤੋਂ ਹੀ ਮੁਕਤ ਨਹੀਂ ਕਰਵਾ ਰਹੇ ਸਗੋਂ ਇਹ ਵੀ ਸੰਦੇਸ਼ ਦੇ ਰਹੇ ਹਨ ਕਿ ਜਿਸ ਅਕਾਲ ਦੀ ਉਹ ਅਰਾਧਨਾ ਕਰ ਰਹੇ ਹਨ, ਉਹ ਅਕਾਲ ਰੱਖਿਅਕ ਹੈ, ਕਿਰਪਾਲੂ ਹੈ, ਕਾਲ ਦਾ ਵੀ ਕਾਲ ਹੈ ਅਤੇ ਉਹ ਸ਼ਾਸਤਰਧਾਰੀ ਵੀ ਹੈ, ਰੋਜ਼ੀ ਰਹਿੰਦ ਹੈ, ਵਿਰੋਧੀਆਂ ਦਾ ਨਾਸ਼ ਕਰਨ ਵਾਲਾ ਹੈ। ਗੁਰੂ ਸਾਹਿਬ ਨੇ ਅਕਾਲ ਦਾ ਝਰੋਖਾ ਕਾਲ ਵਿੱਚ ਗ੍ਰਸੇ ਮਾਨਵ ਦਾ ਮਨੋਬਲ ਕਾਇਮ ਕੀਤਾ ਹੈ। ਕਾਲ ਦੇ ਡਰ ਤੋਂ ਮੁਕਤ ਮਾਨਵ ਜਦੋਂ ਅਕਾਲ ਦੀ ਟੇਕ ਵਿੱਚ ਚਲਾ ਜਾਂਦਾ ਹੈ ਤਾਂ ਉਸ ਦੀਆਂ ਅੰਦਰਲੀਆਂ ਸ਼ਕਤੀਆਂ ਇਕਾਗਰ ਹੋ ਕੇ ਇੱਕ ਨਵਾਂ ਇਤਿਹਾਸ ਸਿਰਜਦੀਆਂ ਹਨ।[123]

ਗੁਰੂ ਸਾਹਿਬ ਆਪਣੀਆਂ ਸਮਕਾਲੀ ਸਥਿਤੀਆਂ ਤੋਂ ਵਾਕਿੰ ਸਨ। ਇਨ੍ਹਾਂ ਸਥਿਤੀਆਂ ਵਿੱਚ ਮਨੁੱਖੀ ਮੁਕਤੀ ਸਿਰੰ ਭਗਤੀ ਰਾਹੀਂ ਸੰਭਵ ਨਹੀਂ ਸੀ। ਇਸ ਭਗਤੀ ਨੂੰ ਭਗੌਤੀ ਨਾਲ ਅਭੇਦ ਕਰਨਾ ਇੱਕ ਇਤਿਹਾਸਕ ਲੋੜ ਸੀ। ਭਗਤੀ ਅਤੇ ਭਗੌਤੀ ਦੇ ਸੁਮੇਲ ਵਿੱਚੋਂ ਹੀ ਖਾਲਸੇ ਦਾ ਆਦਰਸ਼ ਪ੍ਰਗਟ ਹੋਇਆ। ਇਸੇ ਕਰਕੇ ਹੀ ਖਾਲਸਾ ਨਿਆਰਾ ਅਤੇ ਵੱਖਰਾ ਹੈ ਕਿਉਂਕਿ ਭਗਤੀ ਰਾਹੀਂ ਆਤਮਕ ਸ਼ਕਤੀ ਦਾ ਜਲੌ ਉਭਰਿਆ ਹੈ ਅਤੇ ਭਗੌਤੀ ਰਾਹੀਂ ਸ਼ੁਭ ਕਰਮ ਕਰਨ ਦੀ ਸ਼ਕਤੀ ਪੈਦਾ ਹੁੰਦੀ ਹੈ... ਭੈ-ਮੁਕਤ ਹੋ ਕੇ ਇਨ੍ਹਾਂ ਲੋਕਾਂ ਨੇ ਜ਼ੁਲਮ ਦਾ ਨਾਸ ਕੀਤਾ ਹੈ। ਇਹ ਉਹੀ ਲੋਕ ਸਨ ਜੋ ਹੀਣਤਾ ਦੇ ਕਾਲ ਚੱਕਰ ਵਿੱਚ ਫਸੇ ਆਪਣੀ ਸ਼ਕਤੀ ਤੋਂ ਬੇਖ਼ਬਰ ਸਨ।[124]

ਧਰਮ ਵਿੱਚ ਸ਼ਕਤੀ ਦਾ ਬਹੁਤ ਮਹੱਤਵਪੂਰਨ ਸਥਾਨ ਹੈ। ਭਗਤੀ ਅਤੇ ਸ਼ਕਤੀ ਦੋਨੇ ਇਕੋ ਸਿੱਕੇ ਦੇ ਦੋ ਰੂਪ ਮੰਨੇ ਗਏ ਹਨ। ਉਪਰੋਕਤ ਪ੍ਰਮਾਣਾਂ ਤੋਂ ਵੀ ਇਹ ਗਲ ਸਪਸ਼ਟ ਉਭਰ ਕੇ ਆਈ ਹੈ ਕਿ ਕੋਈ ਵੀ ਵਿਅਕਤੀ ਬਿਨਾਂ ਭਗਤੀ ਕੀਤੇ ਸ਼ਕਤੀ ਦੀ ਪ੍ਰਾਪਤੀ ਨਹੀਂ ਕਰ ਸਕਦਾ ਪਰੰਤੂ ਜੇ ਕਿਸੇ ਕੋਲ ਸ਼ਕਤੀ ਹੋਵੇ ਵੀ ਪਰ ਧਾਰਮਿਕ ਨੈਤਿਕ ਭਾਵਾਂ ਤੋਂ ਵਾਝਾਂ ਹੋਵੇ ਉਹ

ਵਿਅਕਤੀ ਨਾ ਤੇ ਕਿਸੇ ਦਾ ਭਲਾ ਕਰ ਸਕਦਾ ਹੈ ਅਤੇ ਨਾ ਹੀ ਖੁਦ ਦਾ। ਇਸ ਲਈ ਸ਼ਕਤੀ ਦੇ ਨਾਲ-ਨਾਲ ਭਗਤੀ ਦਾ ਅਧਾਰ ਬਹੁਤ ਜ਼ਰੂਰੀ ਹੈ। ਗੁਰੂ ਸਾਹਿਬਾਨਾਂ ਨੇ ਬਦੀ ਤੇ ਨੇਕੀ ਦੀ ਜਿੱਤ ਲਈ ਸ਼ਕਤੀ ਦੀ ਜ਼ਰੂਰਤ ਮਹਿਸੂਸ ਕੀਤੀ ਸੀ ਕਿਉਂਕਿ ਮਧਕਾਲ ਵਿਚ ਮੁਗਲ ਅੱਤਿਆਚਾਰ ਐਨਾ ਵੱਧ ਚੁੱਕਾ ਸੀ ਕਿ ਆਪਣੀ ਆਤਮ ਰੱਖਿਆ ਅਤੇ ਆਪਣੇ ਧਰਮ ਦੀ ਰੱਖਿਆ ਲਈ ਸ਼ਕਤੀ ਜ਼ਰੂਰੀ ਸੀ। ਗੁਰੂ ਗੋਬਿੰਦ ਸਿੰਘ ਤੋਂ ਪਹਿਲਾਂ ਗੁਰੂ ਨਾਨਕ ਜੀ ਨੇ ਸ਼ਕਤੀ ਲੋੜ ਬਾਰੇ ਪ੍ਰਤੀਕਾਤਮਕ ਰੂਪ ਵਿਚ ਕਿਹਾ 'ਜਉ ਤਉ ਪ੍ਰੇਮ ਖੇਲਣ ਕਾ ਚਾਉ ਸਿਰ ਧਰਿ ਤਲੀ ਗਲੀ ਮੇਰੀ ਆਉ, ਇਤੁ ਮਾਰਗਿ ਪੈਰੁ ਧਰੀਜੈ ਸਿਰੁ ਦੀਜੈ ਕਾਣਿ ਨ ਕੀਜੇ' ਭਾਵ ਜੇਕਰ ਪਿਆਰ ਦੀ ਖੇਡ ਖੇਡਣ ਦੀ ਸਧਰ ਹੈ ਤਾਂ ਆਪਣੇ ਹੱਥ ਦੀ ਹਥੇਲੀ ਉਤੇ ਆਪਣਾ ਸੀਸ ਰੱਖ ਕੇ ਤੂੰ ਅਗੇ ਵਧ। ਜੇ ਤੂੰ ਇਸ ਰਸਤੇ ਉਤੇ ਆਪਣੇ ਪੈਰ ਧਰ ਦੇਵੇਂ ਤਾਂ ਫਿਰ ਤੂੰ ਆਪਣਾ ਸੀਸ ਅਗੇ ਧਰ ਅਤੇ ਲੋਕ ਲਜਿਆ ਦੀ ਪਰਵਾਹ ਨਾ ਕਰ। ਗੁਰੂ ਹਰਗੋਬਿੰਦ ਸਾਹਿਬ ਦਾ ਮੀਰੀ ਪੀਰੀ ਦਾ ਸੰਕਲਪ ਵੀ ਭਗਤੀ ਅਤੇ ਸ਼ਕਤੀ ਦਾ ਸਮਨਵੈ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਭਗਤੀ ਤੇ ਸ਼ਕਤੀ ਦੋਨਾਂ ਦੀ ਜ਼ਰੂਰਤ ਮਹਿਸੂਸ ਕੀਤੀ ਅਤੇ ਫਿਰ ਉਸ ਸ਼ਕਤੀ ਨੂੰ ਸਮਾਜ ਦੀ ਭਲਾਈ ਲਈ ਵਰਤਿਆ। ਬੁਲੇ ਸ਼ਾਹ ਨੇ ਕਿਹਾ ਕਿ ਜੇ ਗੁਰੂ ਗੋਬਿੰਦ ਸਿੰਘ ਕੋਲ ਸ਼ਕਤੀ ਨਾ ਹੁੰਦੀ ਤਾਂ ਭਾਰਤੀ ਸਮਾਜ ਦੀ ਹਾਲਤ ਹੀ ਅਜ ਹੋਰ ਹੋਣੀ ਸੀ। ਅਗਰ ਨਾ ਹੋਤੇ ਗੁਰੂ ਗੋਬਿੰਦ ਤਉ ਸੁਨੰਤ ਹੋਤੀ ਸਭ ਕੀ

ਇੰਝ ਕਿਹਾ ਜਾ ਸਕਦਾ ਹੈ ਧਰਮ ਉਬਾਰਨ, ਦੁਸ਼ਟ ਸੰਘਾਰਨ ਭਾਵ ਨੇਕੀ ਤੇ ਬਦੀ ਦੀ ਪਛਾਣ ਕਰਨ ਲਈ ਸ਼ਸਤਰ ਸ਼ਕਤੀ ਦੀ ਬਹੁਤ ਲੋੜ ਹੈ ਅਤੇ ਇਸ ਤੋਂ ਵੀ ਵਧ ਅੰਦਰਲੀ ਨਿਡਰਤਾ, ਹਿੰਮਤ, ਦਲੇਰੀ ਆਦਿ ਗੁਣ ਧਾਰਨ ਕਰਨ ਅਤੇ ਇਨਾਂ ਨੂੰ ਸਾਕਾਰਤਮਕ ਰੂਪ ਵਿਚ ਨੇਪਰੇ ਚਾੜਨ ਲਈ ਸ਼ਸਤਰ ਦੀ ਲੋੜ ਹੈ ਪਰ ਸਭ ਤੋਂ ਵਧ ਸ਼ਕਤੀਮਾਨ ਪਰਮਾਤਮਾ ਦੇ ਪਿਆਰ ਨੂੰ ਪਾਉਣ ਲਈ ਮਨੁਖ ਦੇ ਅੰਦਰੋਂ ਅਭਿਮਾਨ, ਹਊਮੈ ਆਦਿ ਔਗੁਣਾਂ ਦੇ ਨਿਵਾਰਣ ਨਾਲ ਹੀ ਆਂਤਰਿਕ ਰੂਪ ਵਿਚ ਸ਼ਕਤੀਮਾਨਤਾ ਆਉਂਦੀ ਹੈ।

ਅਕਾਲਪੁਰਖ ਦੀ ਸ਼ਕਤੀ ਪਲ ਵਿਚ ਤਾਂ ਬ੍ਰਹਿਮੰਡ ਬਣਾਉਂਦੀ ਹੈ ਅਤੇ ਹੜਾਂ, ਭੁਚਾਲਾਂ ਅਤੇ ਹਨੇਰੀਆਂ ਨਾਲ ਪਲਾਂ ਵਿਚ ਹੀ ਆਪੇ ਸਾਜੇ ਬ੍ਰਹਿਮੰਡ ਨੂੰ ਨਸ਼ਟ ਕਰਦੀ ਹੈ। ਬਨਸਪਤੀ ਨੂੰ ਉਪਜਾਉਂਦੀ ਹੈ, ਹੌਲੀ-ਹੌਲੀ ਸੁਕਾ ਵੀ ਦਿੰਦੀ ਹੈ। ਮਨੁੱਖ ਨੂੰ ਪੈਦਾ ਵੀ ਕਰਦੀ ਹੈ ਅਤੇ ਅਵੱਸ਼ ਹੀ ਮੌਤ ਦੇ ਮੂੰਹ ਵੀ ਪਾਉਂਦੀ ਹੈ ਅਤੇ ਫੇਰ ਮੁੜ ਕੇ ਸਿਰਜਦੀ ਵੀ ਹੈ। ਇੰਝ ਅਕਾਲਪੁਰਖ ਅਨੰਤ ਸ਼ਕਤੀਆਂ ਦਾ ਮਾਲਕ ਹੈ। ਗੁਰੂ ਗੋਬਿੰਦ ਸਿੰਘ ਜੀ ਪ੍ਰਮਾਤਮਾ ਦੀ ਸ਼ਕਤੀ ਨੂੰ ਸਰਬ ਉਚ ਮੰਨਦੇ ਹਨ ਇਸ ਲਈ ਆਪ ਆਪਣੀ ਰਚਨਾ ਵਿਚ ਕਿਸੇ ਵੀ ਇਤਿਹਾਸਕ ਜਾਂ ਮਿਥਿਹਾਸਕ ਪਾਤਰ ਦਾ ਵਰਣਨ ਕਰਦੇ ਹੋਏ ਗੁਰੂ ਗੋਬਿੰਦ ਸਿੰਘ ਜੀ ਅਕਾਲ ਪੁਰਖ ਕਰਤਾ ਦੀਆਂ ਅਨੰਤ ਸ਼ਕਤੀਆਂ ਨੂੰ ਅੱਖੋਂ ਪਰੋਖੇ ਨਹੀਂ ਹੋਣ ਦਿੰਦੇ-

ਬ੍ਰਹਮਾਦਿਕ ਸਭ ਹੀ ਪਚਹਾਰੇ॥
ਬਿਸ਼ਨ ਮਹੇਸ਼੍ਵਰ ਕਉਨ ਬਿਚਾਰੇ॥
ਚੰਦ ਸੂਰ ਜਿਨ ਕਰੇ ਬਿਚਾਰਾ॥
ਤਾ ਤੇ ਜਨੀਯਤ ਹੈ ਕਰਤਾਰਾ॥[125]

ਭਾਵ ਅਕਾਲ ਪੁਰਖ ਇੱਕ ਵਿਅਕਤੀ ਨਹੀਂ ਬਲਕਿ ਸ਼ਕਤੀ ਹੈ। ਅਗਰ ਵਿਅਕਤੀ ਮੰਨ ਲਈਏ ਤਾਂ ਉਸ ਦੀ ਸੀਮਾ ਮੰਨਣੀ ਪਵੇਗੀ ਤੇ ਪ੍ਰਮਾਤਮਾ ਅਸੀਮ ਹੈ:

ਕੋਈ ਨਾ ਜਾਣੇ ਤੇਰਾ ਕੇਤਾ ਕੇਵਡ ਚੀਰਾ॥[126]

ਅਤੇ ਉਹ ਕਿੱਥੋ ਸ਼ੁਰੂ ਹੁੰਦਾ ਹੈ? ਕਿੱਥੇ ਜਾ ਕੇ ਖਤਮ ਹੁੰਦਾ ਹੈ? ਇਸ ਦਾ ਗਿਆਨ ਕਿਸੇ ਨੂੰ ਨਹੀਂ ਗੁਰੂ ਗੋਬਿੰਦ ਸਿੰਘ ਜੀ ਜਾਪੁ ਵਿਚ ਅਕਾਲਪੁਰਖ ਦੀ ਸ਼ਕਤੀ ਬਾਰੇ ਕਹਿੰਦੇ ਹਨ:-

ਅਨੰਤ ਹੈਂ॥ ਮਹੰਤ ਹੈਂ॥[127]

ਤੇ ਉਹ ਪ੍ਰਮਾਤਮਾ ਨੂੰ ਜਨਮ ਮਰਨ ਤੋਂ ਰਹਿਤ ਮੰਨਦੇ ਹਨ, ਉਸ ਦਾ ਕੋਈ ਮਾਂ-ਬਾਪ ਨਹੀਂ, ਉਹ ਆਪਣੇ ਆਪ ਤੋਂ ਹੈ:

ਅਜਨਮ ਹੈਂ॥ ਅਬਰਨ ਹੈਂ॥[128]

ਜੇਕਰ ਪ੍ਰਮਾਤਮਾ ਨੂੰ ਵਿਅਕਤੀ ਮੰਨ ਵੀ ਲਿਆ ਜਾਵੇ ਤਾਂ ਫਿਰ ਵਿਅਕਤੀ ਦੇ ਮੰਨਦਿਆਂ ਮਾਂ-ਬਾਪ ਵੀ ਮੰਨਣੇ ਪੈਣਗੇ:

ਨਾ ਤਾਤ ਹੈ।। ਨਾ ਮਾਤ ਹੈ।।[129]

ਗੁਰੂ ਨਾਨਕ ਸਾਹਿਬ ਉਸਨੂੰ ਸੈਭੰ ਕਹਿੰਦੇ ਹਨ ਅਤੇ ਗੁਰੂ ਗੋਬਿੰਦ ਸਿੰਘ ਜੀ ਅਕਾਲਪੁਰਖ ਨੂੰ ਜਾਤ-ਪਾਤ ਤੋਂ ਪਾਰ ਮੰਨਦੇ ਹਨ ਹੈ:

ਨ ਜਾਤ ਹੈ।। ਨ ਪਾਤ ਹੈ।।[130]

ਉਹ ਨਾ ਪੁਰਸ਼ ਹੈ ਨਾ ਇਸਤਰੀ ਰੂਪ ਹੈ। ਉਹ ਤਾਂ

ਨ ਨਰੁ ਹੈ ਨ ਨਾਰ ਹੈ।।[131]

ਜੇ ਪ੍ਰਮਾਤਮਾ ਨਾ ਪੁਰਸ਼ ਹੈ ਅਤੇ ਨਾ ਨਾਰੀ ਹੈ ਤਾਂ ਫਿਰ ਪ੍ਰਮਾਤਮਾ ਕੀ ਹੈ:

ਤ੍ਰਿਭਵਣ ਜੋਤਿ ਰਹੇ ਲਿਵ ਲਾਈ।।
ਸੁਰਿ ਨਰ ਨਾਥ ਸਚੇ ਸਰਣਾਈ।।[132]

ਅਰਥਾਤ ਉਸਦੇ ਪ੍ਰਕਾਸ਼ ਵਿਚ ਤਿੰਨੇ ਜਹਾਨ ਆਪਣੀ ਬਿਰਤੀ ਜੋੜੀ ਰਖਦੇ ਹਨ। ਦੇਵਤੇ, ਇਨਸਾਨ ਅਤੇ ਸ੍ਰੇਸ਼ਟ ਯੋਗੀ ਉਸ ਸਚੇ ਸੁਆਮੀ ਦੀ ਪਨਾਹ ਲੋਚਦੇ ਹਨ ਕਿਉਂਕਿ ਪ੍ਰਮਾਤਮਾ ਇੱਕ ਪਰਮ ਸ਼ਕਤੀ ਹੈ। ਉਹ ਸ਼ਕਤੀ ਨਿਰਗੁਣ ਤੇ ਸਰਗੁਣ ਰੂਪ ਵਿਚ ਵਿਆਪਕ ਹੈ। ਉਹ ਸਰਗੁਣ ਕਰਕੇ ਫੁਲ ਹੈ ਅਤੇ ਨਿਰਗੁਣ ਕਰਕੇ ਸੁਗੰਧੀ ਹੈ। ਸੁਗੰਧ ਤੇ ਫੁੱਲ ਵੱਖ-ਵੱਖ ਨਹੀਂ ਹਨ। ਇਵੇਂ ਹੀ ਨਿਰਗੁਣ ਤੇ ਸਰਗੁਣ ਵੀ ਵੱਖ ਵੱਖ ਨਹੀਂ ਹਨ ਪਰ ਸਰਗੁਣ ਬੱਝਿਆ ਹੋਇਆ ਹੈ, ਇੱਕ ਥਾਂ ਤੇ ਹੈ ਜਦ ਕਿ ਸੁਗੰਧ ਆਜ਼ਾਦ ਹੈ, ਫੁੱਲ ਦੇ ਵਿੱਚ ਵੀ ਰਹਿ ਸਕਦੀ ਹੈ ਤੇ ਫੁੱਲਾਂ ਤੋਂ ਬਾਹਰ ਵੀ ਵਿਚਰ ਸਕਦੀ ਹੈ। ਇਸ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਨਿਰਗੁਣ ਬ੍ਰਹਮ ਦੀ ਪੂਜਾ ਦੱਸੀ ਹੈ:

ਬਿਨ ਕਰਤਾਰ ਨ ਕਿਰਤਮ ਮਾਨੋ।।
ਆਦਿ ਅਜੋਨਿ ਅਜੈ ਅਬਿਨਾਸ਼ੀ ਤਿਹ ਪਰਮੇਸ਼ਰ ਜਾਨੋ।।[133]

ਉਸ ਦੇ ਪ੍ਰਕਾਸ਼ ਨਾਲ ਹੀ ਸਭ ਵਿੱਚ ਪ੍ਰਕਾਸ਼ ਹੁੰਦਾ ਹੈ।

ਸਭ ਮਹਿ ਜੋਤਿ ਜੋਤਿ ਹੈ ਸੋਈ॥
ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥[134]

ਗੁਰਬਾਣੀ ਦੇ ਹਵਾਲਿਆਂ ਨਾਲ ਇਹ ਕਿਹਾ ਜਾ ਸਕਦਾ ਹੈ ਕਿ ਸ਼ਕਤੀ ਆਦਿ ਵਿੱਚ ਵੀ ਸੀ, ਹੁਣ ਵੀ ਹੈ ਅਤੇ ਅੰਤ ਵਿੱਚ ਵੀ ਕਾਇਮ ਰਹੇਗੀ। ਸਾਰਾ ਬ੍ਰਹਿਮੰਡ, ਬਨਸਪਤੀ, ਪਹਾੜ, ਸਾਗਰ, ਦਰਿਆ, ਜੀਵ-ਜੰਤੂ, ਪਰਿੰਦੇ ਸ਼ਕਤੀ ਨਾਲ ਹੀ ਉਤਪੰਨ ਹੋਏ ਹਨ। ਸ਼ਕਤੀ ਤੋਂ ਹੀ ਰੰਗ, ਸੁਗੰਧ, ਹੁਸਨ, ਇਸ਼ਕ, ਸੂਰਜ, ਚੰਨ, ਤਾਰੇ ਅਤੇ ਲਹਿਰਾਂ ਸਭ ਹੋਂਦ ਵਿੱਚ ਆਏ। ਇਸ ਦਿਸਦੇ ਜਗਤ ਵਿਚ ਸ਼ਕਤੀ ਦੋ ਤਰ੍ਹਾਂ ਦੀ ਹੁੰਦੀ ਹੈ- ਦ੍ਰਿਸ਼ਟ ਅਤੇ ਅਦ੍ਰਿਸ਼ਟ। ਦ੍ਰਿਸ਼ਟ ਸ਼ਕਤੀ ਉਹ ਸ਼ਕਤੀ ਹੈ, ਜਿਹੜੀ ਦਿਖਾਈ ਦਿੰਦੀ ਹੈ। ਅਦ੍ਰਿਸ਼ਟ ਸ਼ਕਤੀ ਉਸ ਸ਼ਕਤੀ ਨੂੰ ਕਿਹਾ ਜਾਂਦਾ ਹੈ ਜੋ ਦਿਖਾਈ ਨਹੀਂ ਦਿੰਦੀ। ਜਦੋਂ ਬ੍ਰਹਿਮੰਡ ਦੀ ਰਚਨਾ ਅਜੇ ਹੋਈ ਨਹੀਂ ਸੀ ਉਦੋਂ ਸਿਰੰ  ਹਨੇਰਾ ਸੀ, ਨਾ ਪਾਣੀ, ਨਾ ਹਵਾ, ਨਾ ਆਦਮੀ, ਨਾ ਔਰਤ ਅਤੇ ਨਾ ਹੀ ਦੇਵੀ-ਦੇਵਤੇ ਬ੍ਰਹਮਾ, ਵਿਸ਼ਨੂੰ, ਮਹੇਸ਼ ਤੇ ਪਾਰਬਤੀ ਸੀ। ਉਸ ਸਮੇਂ ਅਕਾਲਪੁਰਖ ਇਕਾਗਰ ਅਵਸਥਾ ਵਿੱਚ ਲੀਨ ਸੀਃ-

ਅਰਬਦ ਨਰਬਦ ਧੁੰਧੂਕਾਰਾ॥ ਧਰਣਿ ਨਾ ਗਗਨਾ ਹੁਕਮੁ ਅਪਾਰਾ॥
ਨਾ ਦਿਨੁ ਰੈਨਿ ਨਾ ਚੰਦੁ ਨ ਸੂਰਜੁ ਸੁੰਨ ਸਮਾਧਿ ਲਗਾਇਦਾ॥
ਖਾਣੀ ਨਾ ਬਾਣੀ ਪਉਣ ਨਾ ਪਾਣੀ। ਓਪਤਿ ਖਪਤਿ ਨ ਆਵਣ ਜਾਣੀ॥
ਖੰਡ ਪਤਾਲ ਸਪਤ ਨਹੀਂ ਸਾਗਰ॥ ਨਦੀ ਨਾ ਨੀਰੁ ਵਹਾਇਦਾ॥
ਬ੍ਰਹਮਾ ਬਿਸਨੁ ਮਹੇਸੁ ਨਾ ਕੋਈ॥ ਅਵਰੁ ਨਾ ਦੀਸੈ ਏਕੋ ਸੋਈ॥
ਭਾਉ ਨਾ ਭਗਤੀ ਨਾ ਸਿਵ ਸ਼ਕਤੀ॥ ਸਾਜਨੁ ਮੀਤੁ ਬਿੰਦੁ ਨਹੀ ਰਕਤੀ॥
ਆਪੇ ਸਾਹੁ ਆਪੇ ਵਣਜਾਰਾ ਸਾਚੇ ਏਹੋ ਭਾਇਦਾ॥[135]

ਗੁਰੂ ਨਾਨਕ ਦੇਵ ਜੀ ਦੀ ਰਚਨਾ ਤੋਂ ਸਪੱਸ਼ਟ ਹੁੰਦਾ ਹੈ ਕਿ ਪ੍ਰਮਾਤਮਾ ਤੋਂ ਬਿਨਾਂ ਸੰਸਾਰ ਵਿੱਚ ਕੋਈ ਹੋਰ ਸ਼ਕਤੀ ਨਹੀਂ ਹੈ। ਪ੍ਰਮਾਤਮਾ ਨੇ ਹੀ ਸਮੁੱਚੇ ਦ੍ਰਿਸ਼ਟ-ਮਾਨ ਬ੍ਰਹਿਮੰਡ ਦੀ ਰਚਨਾ

ਕੀਤੀ ਹੈ। ਜਦਕਿ ਉਸ ਦਾ ਆਪਣਾ ਕੋਈ ਰੰਗ, ਰੂਪ ਅਕਾਰ ਨਹੀਂ ਹੈ ਅਤੇ ਨਾ ਹੀ ਔਰਤ ਜਾਂ ਪੁਰਖ ਰੂਪ ਹੈ। ਉਹ ਇੱਕ ਅਜਿਹੀ ਸ਼ਕਤੀ ਹੈ ਜਿਹੜੀ ਕਿ ਅਨੰਤ ਰੂਪਾਂ ਵਿੱਚ ਵਿਦਮਾਨ ਹੈ। ਇਹ ਦਿਸਦਾ ਜਗਤ ਉਸ ਸ਼ਕਤੀ ਦਾ ਹੀ ਪਰਿਣਾਮ ਹੈ। ਇਸ ਵਿਚਾਰ ਦੀ ਪੁਸ਼ਟੀ ਗੁਰੂ ਨਾਨਕ ਦੇਵ ਜੀ ਨੇ ਆਸਾ ਦੀ ਵਾਰ ਵਿੱਚ ਇੰਝ ਕੀਤੀ ਹੈ-

ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ॥
ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥
ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ॥
ਤੂੰ ਜਾਣੋਈ ਸਭਸੈ ਦੇ ਲੈਸਹਿ ਜਿੰਦੁ ਕਵਾਉ॥
ਕਰਿ ਆਸਣੁ ਡਿਠੋ ਚਾਉ॥[136]

ਗੁਰਬਾਣੀ ਅਨੁਸਾਰ ਇਹ ਸਮੁੱਚਾ ਸੰਸਾਰ ਅਦਿੱਖ ਦੈਵੀ ਸੱਤਾ ਦੀ ਰਚਨਾ ਹੈ ਜਿਸ ਨੇ ਆਪਣੀ ਸ਼ਕਤੀ ਨਾਲ ਕੁਦਰਤ ਨੂੰ ਸਾਜਿਆ ਹੈ। ਉਸੇ ਦੈਵੀ ਸੱਤਾ ਨੇ ਮਨੁੱਖੀ ਜੀਵ ਨੂੰ ਜ਼ਿੰਦਗੀ ਦਿੱਤੀ ਹੈ ਅਤੇ ਉਹੀ ਇਸ ਜ਼ਿੰਦਗੀ ਨੂੰ ਵਾਪਸ ਲੈ ਲੈਂਦਾ ਹੈ ਉਹ ਮਾਲਕ ਪ੍ਰਭੂ ਆਪਣੀ ਸਿਰਜਿਤ ਸ੍ਰਿਸ਼ਟੀ ਨੂੰ ਪ੍ਰਸੰਨ ਚਿਤ ਦੇਖਦਾ ਹੈ। ਮਨੁੱਖ ਲਈ ਪ੍ਰਮਾਤਮਾ ਪ੍ਰਭੂ ਆਪਣਾ ਵਾਸਤਵਿਕ ਰੂਪ ਗ੍ਰਹਿਣ ਨਹੀਂ ਕਰਦਾ, ਬਲਕਿ ਉਹ ਰਹੱਸ ਅਤੇ ਵਿਸਮਾਦ ਰੂਪ ਵਿੱਚ ਹੀ ਵਿਚਰਦਾ ਹੈ। ਗੁਰੂ ਨਾਨਕ ਦੇਵ ਜੀ ਨੇ ਉਸ ਅਕਾਲ ਪੁਰਖ ਦੇ ਭੇਦ ਨੂੰ ਜਾਣਨ ਵਿੱਚ ਮਨੁੱਖੀ ਅਸਮਰਥਾ ਥਾਂ-ਥਾਂ ਪ੍ਰਗਟ ਕੀਤੀ ਹੈਃ-

ਵਡਾ ਸਾਹਿਬੁ ਊਚਾ ਥਾਉ॥ ਉਚੇ ਉਪਰਿ ਊਚਾ ਨਾਉ॥
ਏਵਡ ਉਚਾ ਹੋਵੇ ਕੋਇ॥ ਤਿਸੁ ਉਚੇ ਕਉ ਜਾਣੇ ਸੋਈ॥[137]

ਅਤੇ ਇਸੇ ਤਰ੍ਹਾਂਃ-

ਸੁਣਿ ਵਡਾ ਆਖੈ ਸਭ ਕੋਇ॥ ਕੇਵਡ ਵਡਾ ਡੀਠਾ ਹੋਇ॥[138]

ਗੁਰੂ ਅਮਰਦਾਸ ਨੇ ਤਾਂ ਸ਼ਿਵ ਅਤੇ ਸ਼ਕਤੀ ਨੂੰ ਪਰਮ ਸੱਤਾ ਨਾ ਮੰਨ ਕੇ ਪ੍ਰਮਾਤਮਾ ਦੇ ਹੁਕਮ ਅਧੀਨ ਕਾਰਜ-ਲੀਨ ਦੱਸਿਆ ਹੈ-

ਸ਼ਿਵ ਸਕਤਿ ਆਪਿ ਉਪਾਇ ਕੈ ਕਰਤਾ ਆਪੇ ਹੁਕਮ ਵਰਤਾਏ।।[139]

ਇਸੇ ਤਰ੍ਹਾਂ ਗੁਰੂ ਅਰਜਨ ਦੇਵ ਜੀ ਨੇ ਤਾਂ ਸਿਰੰ  ਅਕਾਲ ਪੁਰਖ ਨੂੰ ਉਪਾਸਨਾ ਯੋਗ ਮੰਨਿਆ ਹੈ, ਪ੍ਰਮਾਤਮਾ ਦਾ ਨਾਮ ਜਪਣ ਤੇ ਜੋਰ ਦਿੱਤਾ ਹੈ:

ਠਾਕੁਰ ਛੋਡਿ ਦਾਸੀ ਕਉ ਸਿਮਰਹਿ ਮਨਮੁਖ ਅੰਧ ਅਗਿਆਨਾ।।[140]

ਨਾਮ ਜਪਣਾ ਇੱਕ ਪ੍ਰਕਾਰ ਦੀ ਭਗਤੀ ਹੈ। ਜਿਸ ਨਾਲ ਮਨੁੱਖੀ ਜੀਵ ਸ਼ਕਤੀ ਪ੍ਰਾਪਤ ਕਰ ਸਕਦਾ ਹੈ। ਸਿੱਖ ਮੱਤ 'ਭਗਤੀ' ਅਤੇ 'ਸ਼ਕਤੀ' ਦਾ ਸੁਮੇਲ ਹੈ, ਸੰਤ ਤੇ ਸਿਪਾਹੀ ਦਾ ਰੂਪ ਹੈ, ਸ਼ਸਤਰ ਤੇ ਸ਼ਾਸਤਰ ਦਾ ਸੰਯੋਗ ਹੈ। ਇਹ ਇੱਕਠੇ ਵਿਚਰਦੇ ਹਨ। ਦੋਨਾਂ ਦੇ ਦਰਜੇ ਵਿੱਚ ਫ਼ਰਕ ਹੈ। ਪਹਿਲਾ ਦਰਜਾ ਭਗਤੀ ਦਾ ਹੈ ਅਤੇ ਦੂਜਾ ਦਰਜਾ ਸ਼ਕਤੀ ਦਾ ਹੈ। ਦੂਜੇ ਸ਼ਬਦਾਂ ਵਿੱਚ ਇਹ ਵੀ ਕਿਹਾ ਜਾ ਸਕਦਾ ਹੈ ਕਿ ਸਿੱਖ ਮੱਤ ਵਿੱਚ 'ਭਗਤੀ' ਤੋਂ ਬਿਨ੍ਹਾਂ ਸ਼ਕਤੀ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਗੁਰੂ ਗੋਬਿੰਦ ਸਿੰਘ ਜੀ ਦੇ ਅਕਾਲ ਉਸਤਤ ਵਿੱਚ ਇਸ ਸਬੰਧੀ ਵਿਚਾਰ ਹਨ-

ਬਿਨ ਭਗਤ ਸਕਤ ਨਹੀ ਪਰਤ ਪਾਨ।।

ਬਹੁ ਕਰਤ ਹੋਮ ਅਰ ਜੱਗ ਦਾਨ।।[141]

ਅਸਲ ਵਿੱਚ ਸ਼ਕਤੀ ਦੀ ਬੁਨਿਆਦ ਭਗਤੀ ਵਿੱਚ ਹੈ ਪਰ ਨਿਰੀ ਭਗਤੀ ਵੀ ਓਨੀ ਦੇਰ ਤੱਕ ਕਿਸੇ ਦੀ ਨਹੀਂ ਰਹਿੰਦੀ ਜਿੰਨੀ ਦੇਰ ਤੱਕ ਜੁਝਾਰੂ ਕਦਰਾਂ ਕੀਮਤਾਂ, 'ਸੱਚ ਦੀਆਂ ਕਦਰਾਂ ਕੀਮਤਾਂ ਅਤੇ 'ਪਿਆਰ ਦੀਆਂ ਕਦਰਾਂ-ਕੀਮਤਾਂ' ਦਾ ਅਨੋਖਾ ਮੇਲ ਨਹੀਂ ਹੋ ਜਾਂਦਾ। ਮੀਰੀ ਤੇ ਪੀਰੀ, ਭਗਤੀ ਅਤੇ ਸ਼ਕਤੀ ਦਾ ਅਜਿਹਾ ਮੇਲ ਕਿਧਰੇ ਹੋਰ ਦਿਖਾਈ ਨਹੀਂ ਦਿੰਦਾ। ਇਸ ਨੂੰ ਸਿੱਖ ਧਰਮ ਦੀ ਵੱਖਰਤਾ ਵਿਸ਼ੇਸ਼ ਸਮਝਿਆ ਜਾਂਦਾ ਹੈ। ਸਿੱਖ ਦਰਸ਼ਨ ਇਸ ਦੁਆਲੇ ਹੀ ਘੁੰਮਦਾ ਹੈ। ਇਸੇ ਆਦਰਸ਼ ਦੇ ਕਾਰਣ ਸਿੱਖ ਮੱਤ ਦੀ ਵੱਖਰੀ ਪਛਾਣ ਹੈ ਕਿਉਂਕਿ 'ਮੀਰੀ' ਅਤੇ 'ਪੀਰੀ' ਦੋ ਤਲਵਾਰਾਂ ਨੂੰ ਗ੍ਰਹਿਣ ਕਰਨ ਨਾਲ ਹੀ 'ਧਰਮ' ਅਤੇ 'ਰਾਜਨੀਤੀ' ਦਾ ਸੁਮੇਲ ਕਰਕੇ ਹੀ ਸਿੱਖ ਗੁਰੂ ਸਾਹਿਬਾਨ ਵਲੋਂ ਰਾਜਨੀਤਕ ਹਾਕਮਾਂ ਨੂੰ ਸਹੀ ਸੇਧ ਦਿੱਤੀ ਗਈ ਸੀ। ਤਲਵਾਰ ਵਰਤਣ ਦਾ ਫੈਸਲਾ ਕਰ ਲੈਣਾ ਸੌਖਾ ਹੈ ਪਰ ਇਸ ਨੂੰ ਜ਼ਾਇਜ ਤੋਰ ਤੇ ਵਰਤਣਾ

ਆਸਾਨ ਨਹੀਂ। ਇਸ ਨੂੰ ਸਫਲਤਾ ਨਾਲ ਵਰਤਣਾ ਇੱਕ ਬੜਾ ਕਠਨ ਕੰਮ ਹੈ। ਆਮ ਲੜਾਈ ਵਿੱਚ ਵੇਖਿਆ ਗਿਆ ਹੈ ਕਿ ਹਥਿਆਰ ਸਭ ਕੋਲ ਇੱਕੋ ਹੁੰਦੇ ਹਨ ਪਰ ਵਰਤਣ ਵਾਲੇ ਦੇ ਆਚਰਨ ਤੇ ਮਨ ਦੀ ਅਵਸਥਾ, ਇਨ੍ਹਾਂ ਦੀ ਵਰਤੋਂ ਵਿੱਚ ਬਹੁਤ ਫਰਕ ਪਾ ਦੇਂਦੀ ਹੈ। ਚੰਗੇ ਵਿਚਾਰ ਰਖਣ ਵਾਲੀਆਂ ਫੌਜਾਂ ਜਿੱਤ ਜਾਂਦੀਆਂ ਹਨ। ਤਲਵਾਰ ਦੀ ਵਰਤੋਂ ਵਿੱਚ ਸਫਲਤਾ ਪ੍ਰਾਪਤ ਕਰਨ ਲਈ ਜ਼ਰੂਰੀ ਹੈ ਕਿ ਵਰਤਣ ਵਾਲੇ ਵਿੱਚ ਮਨੋਰਥ ਅਤੇ ਉਦੇਸ਼ ਨੇਕ ਹੋਣ।[142]

ਗੁਰੂ ਨਾਨਕ ਦੇਵ ਜੀ ਤੋਂ ਗੁਰੂ ਅਰਜਨ ਦੇਵ ਜੀ ਦੀ ਭਗਤੀ ਤੇ ਸ਼ਕਤੀ ਨੂੰ ਮੁਗਲ ਨਕਾਰਦੇ ਰਹੇ ਅਤੇ ਜਨਤਾ ਉਤੇ ਜ਼ੁਲਮ ਕਰਦੇ ਰਹੇ। ਜ਼ੁਲਮ ਨੂੰ ਠੱਲ੍ਹ ਪਾਉਣ ਲਈ ਸ੍ਰੀ ਗੁਰੂ ਸਾਹਿਬਾਨ ਨੇ ਧਰਮ ਨੂੰ ਰਾਜਨੀਤੀ ਦਾ ਮੁਖ ਆਧਾਰ ਮੰਨਿਆ। ਕਾਫੀ ਲੰਬੇ ਸਮੇਂ ਤੋਂ ਬੁੱਧ ਅਤੇ ਜੈਨ ਧਰਮਾਂ ਦੀਆਂ ਅਹਿੰਸਾ ਦੀਆਂ ਸਿੱਖਿਆਵਾਂ ਕਾਰਨ ਯੁੱਧ ਵਿੱਦਿਆ (ਸ਼ਾਸਤਰ ਧਾਰਨ ਕਰਨਾ) ਭਾਰਤੀ ਲੱਗਭੱਗ ਭੁੱਲ ਗਏ ਸਨ ਅਤੇ ਸ਼ਾਸਤਰ ਵਿੱਦਿਆ ਦਾ ਰਾਜਨੀਤੀ ਦੇ ਗੇੜ ਵਿੱਚ ਕੋਈ ਮਹੱਤਵ ਨਹੀਂ ਰਹਿ ਗਿਆ ਸੀ। ਇਸ ਲਈ ਇਹ ਜ਼ਰੂਰੀ ਹੋ ਗਿਆ ਸੀ ਕਿ ਮੀਰੀ-ਪੀਰੀ ਦੀ ਪ੍ਰਥਾ ਮੋਢੇ ਨਾਲ ਮੋਢਾ ਜੋੜਕੇ ਨਾਲੋਂ ਨਾਲ ਤੁਰਦੀ ਰਹੇ ਤਾਂ ਜੋ ਸ਼ਕਤੀ ਦੇ ਦੁਰ ਉਪਯੋਗ ਨੂੰ ਸ਼ਾਸਤਰ ਵਿਦਿਆ ਦੇ ਪ੍ਰਯੋਗ ਨਾਲ ਖਤਮ ਕੀਤਾ ਜਾ ਸਕੇ। ਧਰਮ ਤੇ ਰਾਜਨੀਤੀ ਦੀ ਸਹੀ ਵਰਤੋਂ ਕੀਤੀ ਜਾਵੇ। ਧਰਮ ਦੀ ਰੱਖਿਆ ਲਈ ਸ਼ਕਤੀ ਦਾ ਪ੍ਰਕਾਸ਼ ਗੁਰੂ ਹਰਗੋਬਿੰਦ ਸਾਹਿਬ ਦੇ ਗੁਰਗੱਦੀ ਤੇ ਬੈਠਣ ਉਪਰੰਤ ਹੋਇਆ ਜਿਨ੍ਹਾਂ ਨੇ ਭਾਰਤੀਆਂ ਨੂੰ ਮੁਗਲਾਂ ਦੇ ਧਾਰਮਿਕ ਕੱਟੜਵਾਦ ਵਾਲੇ ਕਾਨੂੰਨ ਤੋਂ ਸੁਰੱਖਿਅਤ ਕੀਤਾ।[143]

ਸਿੱਖ ਧਰਮ ਨੂੰ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਅਤੇ ਫਿਰ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਨੇ ਨਵੀਆਂ ਰਾਹਾਂ ਤੇ ਪਾਇਆ। ਜਿਸ ਦਾ ਨਤੀਜਾ ਗੁਰੂ ਗੋਬਿੰਦ ਸਿੰਘ ਜੀ ਦੁਆਰਾ 3● ਮਾਰਚ 1699 ਈ: ਖਾਲਸਾ ਪੰਥ ਸਾਜਨਾ ਸੀ।[144] ਖਾਲਸੇ ਦਾ ਅਰਥ ਬੁਰਾਈਆਂ ਤੋਂ ਮੁਕਤ ਆਤਮ- ਸਿੱਧੀ ਕਰਨ ਵਾਲਾ ਅਤੇ ਸਿਰੰ ਇੱਕ ਗੁਰੂ ਪਰਮੇਸ਼ਰ ਦੀ ਅਧੀਨਗੀ ਮੰਨਣ ਵਾਲਾ, ਸਮਰਪਿਤ ਹੋਣ ਵਾਲਾ ਕੀਤੇ ਜਾ ਸਕਦੇ ਹਨ।[145] ਜਿਸ ਦੀ ਪ੍ਰੋੜਤਾ ਲਈ ਗੁਰੂ ਗੋਬਿੰਦ ਸਿੰਘ ਜੀ ਦੇ ਨਿਮਨ-ਲਿਖਤ ਮੁੱਖ ਵਾਕ ਨੂੰ ਵਾਚਿਆ ਜਾ ਸਕਦਾ ਹੈ:

ਜਾਗਤਿ ਜੋਤ ਜਪੈ ਨਿਸ ਬਾਸੁਰ ਏਕ ਬਿਨਾ ਮਨ ਨੈਕ ਨ ਆਨੈ॥

ਪੂਰਨ ਪ੍ਰੇਮ ਪ੍ਰਤੀਤ ਸਜੈ ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ॥

ਤੀਰਥ ਦਾਨ ਦਇਆ ਤਪ ਸੰਜਮ ਏਕ ਬਿਨਾ ਨਹ ਏਕ ਪਛਾਨੈ॥

ਪੂਰਨ ਜੋਤ ਜਗੈ ਘਟ ਮੈ ਤਬ ਖਾਲਸ ਤਾਹਿ ਨਖਾਲਸ ਜਾਨੈ॥[146]

ਖਾਲਸਾ ਸ਼ਕਤੀ ਦਾ ਸਰੂਪ ਹੈ। ਖਾਲਸਾ ਸਜਾ ਕੇ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਵਿੱਚ ਬੇਅੰਤ ਸ਼ਕਤੀ ਭਰ ਦਿੱਤੀ ਅਤੇ ਉਹਨਾਂ ਨੂੰ ਸੂਰਮੇ ਬਣਾ ਦਿੱਤਾ। ਗੁਰੂ ਗੋਬਿੰਦ ਸਿੰਘ ਜੀ ਦਾ ਖਾਲਸਾ ਹਮੇਸ਼ਾ ਨੈਤਿਕ ਕੀਮਤਾਂ ਅਧੀਨ ਵਿਚਰਦਾ ਹੈ। ਉਹ ਪ੍ਰਾਪਤ ਸ਼ਕਤੀ ਦੀ ਗਲਤ ਵਰਤੋਂ ਨਹੀਂ ਕਰਦਾ। ਇਹ ਸ਼ਕਤੀ ਜ਼ੁਲਮ ਨਹੀਂ ਬਲਕਿ ਜ਼ੁਲਮ ਕਰਨ ਵਾਲੇ ਦਾ ਨਾਸ਼ ਕਰਦੀ ਹੈ ਅਤੇ ਗਰੀਬਾਂ ਤੇ ਮਜ਼ਲੂਮਾਂ ਦੀ ਰੱਖਿਆ ਕਰਦੀ ਹੈ ਗੁਰੂ ਗੋਬਿੰਦ ਸਿੰਘ ਜੀ ਨੇ ਅਜਿਹੇ ਪੰਥ ਦੀ ਸਿਰਜਣਾ ਕੀਤੀ ਜਿਸ ਅਨੁਸਾਰ ਹਰ ਮਨੁੱਖ, ਵਰਣ-ਵੰਡ ਦੇ ਚਾਰੇ ਕਾਰਜ ਕਰਨ ਦਾ ਅਧਿਕਾਰੀ ਘੋਸ਼ਿਤ ਕੀਤਾਃ

ਪਾਵਨ ਪੰਥ ਖਾਲਸਾ ਪ੍ਰਗਟਯੋ ਚਾਰ ਬਰਨ ਆਸ੍ਰਮ ਸੁਭ ਪੰਖਾ॥[147]

ਖਾਲਸਾ ਦੁਆਰਾ ਕੀਤੀ ਜਾਂਦੀ ਭਗਤੀ ਨੇ ਸਾਰਾ ਸਿੱਖ ਇਤਿਹਾਸ ਬਣਾਇਆ ਹੈ। ਖਾਲਸਾ ਭਗਤੀ ਨੇ ਸਿੱਖਾਂ ਵਿੱਚ ਸ਼ਕਤੀ ਪੈਦਾ ਕੀਤੀ ਹੈ। ਇਹ ਸ਼ਕਤੀ ਹੀ ਮਹਾਂਬਲੀ ਸੂਰਮਿਆਂ ਨੂੰ ਜਨਮ ਦਿੰਦੀ ਹੈ। ਜਿਸ ਨਾਲ ਇੱਕਲਾ ਸਿੱਖ ਸਵਾ ਲੱਖ ਦਾ ਟਾਕਰਾ ਕਰਨ ਦੀ ਹਿੰਮਤ ਤੇ ਸਮਰੱਥਾ ਰੱਖਦਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਬਾਣੀ ਵਿੱਚ ਬਾਹਰਮੁੱਖੀ ਕਰਮ ਕਾਂਡਾਂ ਦੀ ਨਿਖੇਧੀ ਕੀਤੀ ਹੈ। ਉਨ੍ਹਾਂ ਅਨੁਸਾਰ ਭਗਤੀ ਕਰਕੇ ਹੀ ਮਨੁੱਖ ਪ੍ਰਮਾਤਮਾ ਨੂੰ ਪ੍ਰਾਪਤ ਕਰ ਸਕਦਾ ਹੈ। ਅਕਾਲ ਉਸਤਤਿ ਵਿੱਚ ਇਸ ਨੂੰ ਸਪੱਸ਼ਟ ਕਰਦਿਆਂ ਗੁਰੂ ਗੋਬਿੰਦ ਸਿੰਘ ਜੀ ਨੇ ਕਿਹਾ ਹੈ ਕਿ-

ਕੋਊ ਬੁਤਾਨ ਕੌ ਪੂਜਤ ਹੈ ਪਸੁ ਕੋਊ ਮ੍ਰਿਤਾਨ ਕੌ ਪੂਜਨ ਧਾਇਓ॥[148]

ਸਰਬਲੋਹ ਗ੍ਰੰਥ ਵਿੱਚ ਖਾਲਸੇ ਦਾ ਧਰਮ ਦੈਵੀ ਪ੍ਰਚਾਰ-ਪ੍ਰਸਾਰ ਕਰਨਾ, ਕੱਕਾਰੀ ਰਹਿਤ ਦਾ ਧਾਰਨੀ ਹੋਣਾ, ਕਾਲ ਉਪਾਸਕ, ਜੰਗ ਦੇ ਮੈਦਾਨ ਵਿੱਚ ਜੂਝਣ ਲਈ ਕਮਰਕੱਸਾ ਲਾ ਕੇ ਤਿਆਰ- ਬਰ-ਤਿਆਰ ਜੁਝਾਰੂ ਬਿਰਤੀ ਵਾਲਾ ਦੱਸਿਆ ਗਿਆ ਹੈਃ

ਧਰਮ ਪੰਥ ਖਾਲਸ ਪ੍ਰਚੁਰ ਭਯੋ ਸਤਿ ਸਿਵੰ ਪੁਨਯ ਰੂਪ ਜਾਏ॥

ਕਛ ਕੇਸ ਕ੍ਰਿਪਾਨਨ ਮੁਦ੍ਰਿਤ ਗੁਰ ਭਗਤਾ ਰਾਮਦਾਸ ਭਏ॥

ਕਾਲ ਉਪਾਸਕ ਛਤ੍ਰਿਯ ਧਰਮਾ ਰਣ ਕਟਿ ਰਸਿ ਪ੍ਰਧਾਨ ਆਏ॥[149]

ਅਕਾਲ ਪੁਰਖ ਦੀ ਭਗਤੀ ਕਰਨ ਵਾਲੇ ਸਤਿਗੁਰੂ ਦੇ ਸਿਖ, ਕਾਲ ਦੇ ਭੈ ਤੋਂ ਰਹਿਤ ਹੋ ਗਏ। ਗੁਰੂ ਜੀ ਨੇ ਅਜਿਹੇ ਨਿਰਭੈ ਸਿੱਖਾਂ ਨੂੰ ਨਾ ਸਿਰੰ ਜੀਣ ਦੀ ਬਲਕਿ ਮਰਨ ਦੀ ਵੀ ਜਾਚ ਸਿਖਾਈ। ਅਸਲ ਵਿੱਚ ਸ਼ੁਭ ਕਰਮ, ਕਿਰਤ ਤੇ ਨਿਡੱਰ ਸ਼ਖਸੀਅਤ ਵੱਲੋਂ ਦਿੱਤਾ ਗਿਆ ਸਾਹਿਤ ਅਜਿਹੇ ਗੁਣ ਉਪਜਾ ਸਕਦਾ ਹੈ। ਇਸ ਗੱਲ ਦੀ ਗਵਾਹੀ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਵਿੱਚੋਂ ਮਿਲਦੀ ਹੈ। ਗੁਰੂ ਜੀ ਨੇ ਇੱਕ ਪਾਸੇ ਆਮ ਲੋਕਾਂ ਵਿੱਚ ਬੀਰ-ਰਸ ਭਰਕੇ ਇੱਕ ਨਵਾਂ ਜੀਵਨ ਪ੍ਰਦਾਨ ਕੀਤਾ ਅਤੇ ਦੂਜੇ ਪਾਸੇ ਹੱਥ ਵਿੱਚ ਸ਼ਸਤਰ ਫੜਾ ਕੇ ਰਣ-ਖੇਤਰ ਵਿੱਚ ਜੂਝਣ ਦੀ ਜਾਚ ਵੀ ਸਿਖਾਈ। ਅਜਿਹੀ ਤਿਆਰੀ ਲਈ ਨਿੱਡਰ ਹੋ ਕੇ ਨਿਰਭੈ ਯੋਧੇ ਪੈਦਾ ਕਰਨ ਦੀ ਲੋੜ ਸੀ। ਇਸ ਲੋੜ ਨੂੰ ਪੂਰਿਆ ਕਰਨ ਲਈ ਗੁਰੂ ਗੋਬਿੰਦ ਸਿੰਘ ਨੇ ਐਸੀ ਬਾਣੀ ਰਚੀ:

ਦੇਹਿ ਸ਼ਿਵਾ ਬਰ ਮੋਹਿ ਇਹੈ ਸ਼ੁਭ ਕਰਮਨ ਤੇ ਕਬਹੂੰ ਨ ਟਰੋਂ॥

ਨ ਡਰੋਂ ਅਰਿ ਸੋਂ ਜਬ ਜਾਇ ਲਰੋਂ ਨਿਸਚੈ ਕਰ ਆਪਨੀ ਜੀਤ ਕਰੋਂ॥

ਅਰੁ ਸਿੱਖ ਹੋਂ ਆਪਨੇਹੀ ਮਨ ਕੋ ਇਹ ਲਾਲਚ ਹਉ ਗੁਨ ਤਉ ਉਚਰੋਂ॥

ਜਬ ਆਵਕੀ ਅਉਧ ਨਿਦਾਨ ਬਨੈ ਅਤਿ ਹੀ ਰਨ ਮੈ ਤਬ ਜੂਝ ਮਰੋਂ॥[150]

ਗੁਰੂ ਗੋਬਿੰਦ ਸਿੰਘ ਜੀ ਨੇ ਇਸ ਸ਼ਬਦ ਵਿਚ ਫੁਰਮਾਉਂਦੇ ਹਨ ਕਿ ਦੁਸਟ ਸਭਨ ਕੋ ਮੂਲ ਉਪਾਰਨ ਲਈ ਸ਼ਕਤੀ ਦੀ ਜ਼ਰੂਰਤ ਹੈ।ਆਪ ਦੀ ਨਜ਼ਰ ਵਿਚ ਬੁਰਾਈ ਬੁਰਾਈ ਦਾ ਟਾਕਰਾ ਕਰਨਾ ਵੀ ਧਰਮ ਦਾ ਜ਼ਰੂਰੀ ਅੰਗ ਹੈ। ਆਪਦੇ ਉਦੇਸ਼ ਵਾਲੇ 'ਸੰਤ-ਸਿਪਾਹੀ' ਨੇ ਸਮਾਜ ਵਿਚ ਪਸਰੀ ਹਰ ਪ੍ਰਕਾਰ ਦੀ ਬੁਰਾਈ ਦਾ ਟਾਕਰਾ ਕਰਨਾ ਹੈ ਇਸਲਈ ਹਿੰਮਤ ਤੇ

ਬਲ ਦੀ ਲੋੜ ਹੈ।ਜੇ ਸ਼ਕਤੀ ਨਹੀਂ ਤਾਂ ਇਹ ਟਾਕਰਾ ਵੀ ਅਸੰਭਵ ਹੈ ਤੇ ਸ਼ਕਤੀ, ਭਗਤੀ ਤੋਂ ਹੀ ਪ੍ਰਾਪਤ ਹੁੰਦੀ ਹੈ।[151]

### 3. ਮੱਧਕਾਲੀ ਪੰਜਾਬੀ ਸਾਹਿਤ ਵਿਚ ਭਗਤੀ ਅਤੇ ਸ਼ਕਤੀ ਦਾ ਅੰਤਰ ਸੰਬੰਧਿਤ ਪਰਿਪੇਖ

ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਤੱਕ ਸਾਰੇ ਹੀ ਗੁਰੂ ਪ੍ਰਭੂ ਭਗਤੀ ਵਿਚ ਲਿਵਲੀਨ ਅਧਿਆਤਮ ਮਾਰਗੀ ਸਨ ਪਰ ਸਮੇਂ ਦੀਆਂ ਰਾਜਨੀਤਕ ਸਥਿਤੀਆਂ ਅਨੁਸਾਰ ਉਨ੍ਹਾਂ ਨੂੰ ਭਗਤੀ ਦੇ ਨਾਲ ਸ਼ਕਤੀ, ਮੀਰੀ ਦੇ ਨਾਲ ਪੀਰੀ, ਦੇਗ ਦੇ ਨਾਲ ਤੇਗ. ਅਤੇ ਸ਼ਾਸਤਰ ਦੇ ਨਾਲ ਨਾਲ ਸ਼ਸਤਰ ਦੀ ਵਰਤੋਂ ਵੀ ਕਰਨੀ ਪਈ। ਗੁਰੂ ਹਰਿਗੋਬਿੰਦ ਸਾਹਿਬ ਨੇ ਪੀਰੀ ਤੇ ਮੀਰੀ ਦੀਆਂ ਦੋ ਤਲਵਾਰਾਂ ਧਾਰਨ ਕਰਕੇ ਪਹਿਲੀ ਵਾਰੀ ਸਿੱਖ ਧਰਮ ਦੇ ਇਤਿਹਾਸ ਵਿਚ ਭਗਤੀ ਤੇ ਸ਼ਕਤੀ, ਸ਼ਾਸਤਰ ਤੇ ਸ਼ਸਤਰ ਦੀ ਪ੍ਰੰਪਰਾ ਸਥਾਪਿਤ ਕੀਤੀ ਜਿਸਦੇ ਨਤੀਜੇ ਵਜੋਂ ਸਿੱਖ ਧਰਮ ਵਿਚ ਇਕ ਨਵੀਂ ਜਾਨ, ਜਾਗ੍ਰਤੀ ਤੇ ਚੇਤਨਾ ਦਾ ਪ੍ਰਵੇਸ਼ ਹੋਇਆ ਅਤੇ ਜ਼ੁਲਮ ਦਾ ਟਾਕਰਾ ਕਰਨ ਲਈ ਲੋਕਾਂ ਵਿਚ ਹਿੰਮਤ। ਨਿਡਰਤਾ ਅਤੇ ਕੁਰਬਾਨੀ ਦੀ ਭਾਵਨਾ ਪੈਦਾ ਹੋਈ ਇਸੇ ਭਾਵਨਾ ਅਧੀਨ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਅੱਗੇ ਚਲ ਕੇ ਮਨੁੱਖੀ ਆਜ਼ਾਦੀ ਲਈ ਸੂਰਬੀਰਤਾ ਨਾਲ ਮੁਕਾਬਲਾ ਕਰਦਿਆਂ ਆਤਮ ਬਲੀਦਾਨ ਦੇ ਕੇ ਭਗਤੀ ਤੇ ਸ਼ਕਤੀ ਦੇ ਆਦਰਸ਼ ਨੂੰ ਇਕ ਮਜ਼ਬੂਤ ਤੇ ਠੋਸ ਆਧਾਰ ਪ੍ਰਦਾਨ ਕਰ ਦਿੱਤਾ। ਨੋਵੇਂ ਪਾਤਸ਼ਾਹ ਦੀ ਇਸ ਮਹਾਨ ਕੁਰਬਾਨੀ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਬਚਿਤ੍ਰ ਨਾਟਕ ਵਿਚ ਇਸ ਤਰ੍ਹਾਂ ਬਿਆਨ ਕੀਤਾ ਹੈ:

ਤਿਲਕ ਜੰਞੂ ਰਾਖਾ ਪ੍ਰਭ ਤਾਕਾ।। ਕੀਨੋ ਬਡੋ ਕਲੂ ਮਹਿ ਸਾਕਾ।।
ਸਾਧਨਿ ਹੇਤ ਇਤੀ ਜਿਨਿ ਕਰੀ।। ਸੀਸੁ ਦੀਆ ਪਰੁ ਸੀ ਨ ਉਚਰੀ।।
ਧਰਮ ਹੇਤ ਸਾਕਾ ਜਿਨਿ ਕੀਆ, ਸੀਸ ਦੀਯਾ ਪਰੁ ਸਿਰਰੁ ਨ ਦੀਆ।।[152]

ਉਨ੍ਹਾਂ ਦੀ ਸ਼ਹਾਦਤ ਕਿਸੇ ਜਾਤੀ ਵਿਸ਼ੇਸ਼, ਧਰਮ ਜਾਂ ਵਰਗ ਲਈ ਨਹੀਂ ਸੀ ਬਲਕਿ ਉਹ ਤਾਂ ਅਨਿਆਂ, ਅਤਿਆਚਾਰ, ਧਾਰਮਿਕ ਕੱਟੜਤਾ, ਸੰਪ੍ਰਦਾਇਕਤਾ ਆਦਿ ਦੇ ਵਿਰੋਧ ਵਿਚ ਸੱਚ, ਨਿਆਂ ਤੇ ਧਾਰਮਿਕ ਸੰਪ੍ਰਦਾਇਕ ਸਦਭਾਵਨਾ ਵਰਗੇ ਮਹਾਨ ਮਾਨਵੀਂ ਆਦਰਸ਼ਾਂ ਲਈ ਸੀ। ਗੁਰੁ ਗੋਬਿੰਦ ਸਿੰਘ ਏਸੇ ਪੂਰਵ ਪਰੰਪਰਾ ਦੇ ਅਨੁਯਾਈ ਹੁੰਦੇ ਹੋਏ ਇਕ ਵਿਸ਼ੇਸ਼ ਤੇ ਵਿਲੱਖਣ

ਵਿਅਕਤੀਤਵ ਵਾਲੇ, ਮਾਨਵ ਭਲਾਈ ਦੀ ਭਾਵਨਾ ਨਾਲ ਭਰਪੂਰ ਸਨ। ਜਿਨ੍ਹਾਂ ਨੇ ਪ੍ਰਭੂ ਭਗਤੀ, ਸਮਾਜ ਨੂੰ ਨਵੀਂ ਦਿਸ਼ਾ ਅਤੇ ਦ੍ਰਿਸ਼ਟੀ ਦਿਤੀ ਜਿਸ ਦੀ ਸਾਰਥਿਕਤਾ ਤੇ ਪ੍ਰਾਸੰਸਗਿਕਤਾ ਅੱਜ ਵੀ ਉਸੇ ਤਰ੍ਹਾਂ ਬਰਕਰਾਰ ਹੈ।

ਗੁਰੂ ਹਰਗੋਬਿੰਦ ਸਿੰਘ ਜੀ ਨੇ ਸਿੱਖਾਂ ਨੂੰ ਸ਼ਾਸਤਰ ਫੜਾ ਦਿੱਤੇ ਸਨ ਤੇ ਛੱਪਰੀਆਂ ਨੂੰ ਛਾਉਣੀਆਂ ਵਿਚ ਬਦਲ ਦਿੱਤਾ ਸੀ ਪਰ ਭਗਤੀ ਲਹਿਰ ਨੂੰ ਸ਼ਕਤੀ ਵਾਲੀ ਸੰਤ ਸਿਪਾਹੀ ਵਾਲੀ ਲਹਿਰ ਬਣਾਉਣ ਲਈ ਤੇ ਦੇਸ਼ ਭਰ ਵਿਚ ਵਿਆਪਕ ਕਰਨ ਲਈ ਧਰਮ ਯੁੱਧ ਦਾ ਸਾਹਿਤ ਰਚਨਾ ਸਮੇਂ ਦੀ ਜ਼ਰੂਰਤ ਸੁਰਾਂ ਬਦਲ ਗੋਬਿੰਦ ਸਿੰਘ ਜੀ ਨੇ ਭਗਤੀ ਦੇ ਰਾਗ ਨੂੰ ਬੰਦ ਕਰਨ ਦੀ ਬਜਾਇ ਇਸਦੀਆਂ ਕਮਜ਼ੋਰ ਸੁਰਾਂ ਬਦਲ ਦਿੱਤੀਆਂ। ਜਿਥੇ ਇਹ ਰਾਗ ਪਹਿਲਾਂ ਬੰਸਰੀ ਦੀ ਧੁਨ ਅਤੇ ਮ੍ਰਿਦੰਗ ਦੀ ਥਾਪ ਤੇ ਗਾਇਆ ਜਾਂਦਾ ਸੀ, ਉਥੇ ਤਲਵਾਰ ਦੀ ਝੁਨਕਾਰ ਤੇ ਨਗਾਰਿਆਂ ਦੀ ਗੁੰਜ਼ਾਰ ਵਿਚ ਇਸ ਤਾਨ ਨੂੰ ਛੇੜਿਆ ਅਰਥਾਤ ਭਗਤੀ ਨੂੰ ਬੀਰ ਰਸੀ ਪਾਣ ਦੇ ਕੇ ਸਿੰਘ ਸਜਾ ਦਿੱਤਾ। ਇਸ ਮਹਾਂਕਵੀ ਨੇ ਆਪਣੀ ਰਚਨਾ ਵਿਚ ਆਪਣੇ ਪ੍ਰੀਤਮ ਪ੍ਰਭੂ ਨੂੰ ਠਾਕੁਰ, ਗੋਪਾਲ, ਬੰਸੀਪੁਰ ਜਾਂ ਲੱਛਮੀਪਤਿ ਕਹਿਣ ਦੀ ਥਾਂ ਖੜਗਕੇਤੁ, ਅਸਿਧੁਜ ਤੋਂ ਕਾਲ ਅਦਿ ਬਲਵਾਨ ਨਾਮਾਂ ਨਾਲ ਯਾਦ ਕੀਤਾ ਗਿਆ ਹੈ।[153] ਇਸਦੇ ਨਾਲ ਹੀ ਉਸ ਅਕਾਲ ਪੁਰਖ ਨੂੰ ਦਿਆਲ, ਕ੍ਰਿਪਾਲੂ ਬਿਆਨਦਿਆਂ ਸ਼ਸਤ੍ਰਧਾਰੀ ਵੀ ਦੱਸਿਆ ਗਿਆ ਹੈ:

ਨਮੋ ਸ਼ਸਤ੍ਰ ਪਾਣੇ ਨਮੋ ਅਸਤ੍ਰ ਮਾਣੇ[154]

ਗੁਰੂ ਗੋਬਿੰਦ ਸਿੰਘ ਜੀ ਦਾ ਆਦਰਸ਼ ਅਹਿੰਸਾਵਾਦ ਨਹੀਂ ਤੇ ਨਾ ਹੀ ਹਿੰਸਾਵਾਦ ਹੈ। ਹਿੰਸਾ ਕਿਸੇ ਵੇਲੇ ਅਹਿੰਸਾ ਹੁੰਦੀ ਹੈ ਤੇ ਅਹਿੰਸਾ ਹਿੰਸਾ। ਲੋੜ ਅਨੁਸਾਰ, ਆਪਣੇ ਫਰਜ਼ ਦੀ ਪਛਾਣ ਕਰਦੇ ਹੋਏ ਧਰਮ ਨੂੰ ਨਿਭਾ ਸਕਣਾ ਹੀ ਸੱਚਾ ਆਦਰਸ਼ ਹੈ। ਕਈ ਵਾਰ ਸ਼ੁਭ ਕਰਮਨ ਲਈ ਹਿੰਸਾ ਵੀ ਕਰਨੀ ਪੈਂਦੀ ਹੈ। ਅਜਿਹੀ ਹਿੰਸਾ ਭਗਤੀ ਦਾ ਹੀ ਇਕ ਅੰਗ ਹੈ ਕਿਉਂਕਿ ਆਦਰਸ਼ ਉੱਚਾ ਹੈ, ਨਿਸ਼ਾਨਾ ਬੇਗਰਜ਼ ਹੈ। ਇੰਝ ਸ਼ਕਤੀ ਦੀ ਵਰਤੋਂ ਵੀ ਭਗਤੀ ਹੋ ਨਿਬੜਦੀ ਹੈ ਪਰ ਸ਼ਕਤੀ ਦੀ ਵਰਤੋਂ ਕਦੋਂ, ਕਿਵੇਂ ਤੇ ਕਿਥੇ ਕਰਨੀ ਹੈ ਇਹ ਜਾਨਣ ਦੀ ਲੋੜ ਹੈ। ਇਸ ਲੋੜ ਦਾ

ਗਿਆਨ ਸਚੀ ਭਗਤੀ ਨਾਲ ਹੁੰਦਾ ਹੈ। ਭਗਤੀ ਦੇ ਰਾਹ ਤੇ ਚਲਣ ਵਾਲਿਆਂ ਲਈ ਸ਼ਕਤੀ ਦੀ ਵਰਤੋਂ ਆਖਰੀ ਹਥਿਆਰ ਹੁੰਦਾ ਹੈ। ਔਰੰਗਜ਼ੇਬ ਨੂੰ ਗੁਰੂ ਜੀ ਨੇ ਫਤਹਿ ਦੀ ਚਿੱਠੀ ਜ਼ਫ਼ਰਨਾਮਾ ਲਿਖੀ, ਉਸ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਗਲ ਨੂੰ ਬਿਲਕੁਲ ਸਪੱਸ਼ਟ ਕੀਤਾ ਹੈ ਕਿ ਤਲਵਾਰ ਭਾਵ ਸ਼ਕਤੀ ਦੀ ਵਰਤੋਂ ਓਦੋਂ ਜਾਇਜ਼ ਹੈ ਜਦ ਝਗੜੇ ਜਾਂ ਸਮੱਸਿਆਂ ਪਿਆਰ ਨਾਲ ਹੱਲ ਨਾ ਹੋਵੇ:

ਚੁ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ॥
ਹਲਾਲ ਅਸਤੁ ਬੁਰਦਨ ਬ ਸ਼ਮਸ਼ੀਰ ਦਸਤ॥[155]

ਗੁਰੂ ਗੋਬਿੰਦ ਸਿੰਘ ਜੀ ਨੇ ਭਗਤੀ ਤੇ ਸ਼ਕਤੀ ਨੂੰ ਇੱਕਠੀਆਂ ਕਰਨ ਦਾ ਮੁੱਖ ਕਾਰਣ ਆਪਣੀ ਸਵੈ ਜੀਵਨੀ ਬਚਿੱਤਰ ਨਾਟਕ ਵਿਚ ਆਪਣੇ ਜੀਵਨ ਉਦੇਸ਼ ਵਿਚ ਇੰਝ ਲਿਖਿਆ ਹੈ:

ਹਮ ਇਹ ਕਾਜ ਜਗਤ ਮੋ ਆਏ ਧਰਮ ਹੇਤ ਗੁਰਦੇਵ ਪਠਾਏ॥
ਜਹਾਂ ਤਹਾਂ ਤੁਮ ਧਰਮ ਬਿਥਾਰੋ ਦੁਸ਼ਟ ਦੋਖਿਆਨ ਪਕਰਿ ਪਛਾਰੋ॥
ਯਾਹੀ ਕਾਜ ਧਰਾ ਹਮ ਜਨਮ ਸਮਝ ਲੇਹੁ ਸਾਧੂ ਸਭ ਮਨਮੰ॥
ਧਰਮ ਚਲਾਵਨ ਸੰਤ ਉਬਾਰਨ ਦੁਸ਼ਟ ਸਭਨ ਕੋ ਮੂਲ ਉਪਾਰਨ॥[156]

ਧਰਮ ਚਲਾਵਨ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਮਨੁੱਖੀ ਜਾਮਾ ਧਾਰਿਆ ਅਤੇ ਦੁਸ਼ਟ ਦੋਖੀਆਨ ਪਕਰਿ ਪਛਾਰੋ ਦਾ ਔਖਾ ਕੰਮ ਵੀ ਕੀਤਾ। ਪਹਿਲੇ ਕੰਮ ਲਈ ਭਗਤੀ ਤੇ ਦੂਜੇ ਕੰਮ ਲਈ ਸ਼ਕਤੀ ਚਾਹੀਦੀ ਸੀ। ਜੇਕਰ ਗਹਿਰਾਈ ਨਾਲ ਦੇਖਿਆ ਜਾਵੇ ਤਾਂ ਇਹ ਗੱਲ ਸਾਹਮਣੇ ਆਵੇਗੀ ਕਿ ਭਗਤੀ ਤੇ ਸ਼ਕਤੀ ਇਕ ਦੂਜੇ ਦੇ ਕਿੰਨੇ ਨੇੜੇ ਹਨ। ਭਗਤੀ ਤੇ ਸ਼ਕਤੀ ਇਕ ਦੂਜੇ ਤੇ ਐਨੀਆਂ ਨਿਰਭਰ ਹਨ ਕਿ ਇਨ੍ਹਾਂ ਨੂੰ ਇਕ ਦੂਜੇ ਤੋਂ ਵੱਖ ਨਹੀਂ ਕੀਤਾ ਜਾ ਸਕਦਾ। ਭਗਤੀ ਬਿਨ੍ਹਾਂ ਉਸ ਸ਼ਕਤੀ ਦੀ ਕਾਮਨਾ ਵੀ ਨਹੀਂ ਕੀਤੀ ਜਾ ਸਕਦੀ ਜਿਸ ਨਾਲ ਸੱਚ ਨੂੰ ਕਾਇਮ ਰੱਖ ਸਕੇ ਅਤੇ ਸ਼ਕਤੀ ਬਿਨ੍ਹਾਂ ਭਗਤੀ ਕਾਇਮ ਨਹੀਂ ਰਹਿ ਸਕਦੀ। ਭਗਤੀ ਤੇ ਭਗਤਾਂ ਦੇ ਰਾਖੇ ਲਈ, ਸੰਤਾਂ ਦੇ ਉਬਾਰਨ ਲਈ, ਸ਼ਕਤੀ ਦੀ ਵਰਤੋਂ ਜਾਇਜ਼ ਹੈ। ਇਸੇ ਲਈ ਗੁਰੂ ਜੀ ਨੇ ਸ਼ਕਤੀ ਦੀ ਮੰਗ ਭਗਤੀ ਦੁਆਰਾ ਹੀ ਕੀਤੀ ਹੈ। ਆਪ ਨੇ ਸਰਬ ਕਲਾ ਸਮਰਥ ਹੁੰਦਿਆਂ ਵੀ

ਨਿਰਮਾਣਤਾ ਹੀ ਦਸੀ। ਆਪਣੇ ਆਪ ਨੂੰ ਪਰਮ ਪੁਰਖ ਕਾ ਦਾਸਾ ਕਿਹਾ ਅਤੇ ਸ਼ਕਤੀ ਤੇ ਬੀਰਤਾ ਲਈ ਹਮੇਸ਼ਾਂ ਅਕਾਲ ਪੁਰਖ ਅਗੇ ਅਰਦਾਸ ਕੀਤੀ। ਚੌਪਈ ਵਿਚ, ਬੇਨਤੀ ਕਰਦੇ ਹੋਏ ਅਕਾਲ ਪੁਰਖ ਨੂੰ ਕਹਿੰਦੇ ਹਨ:

ਤੁਮਹਿ ਛਾਡਿ ਕੋਈ ਅਵਰ ਨ ਧਿਯਾਊਂ।।
ਜੋ ਬਰ ਚਾਹੌ ਸੁ ਤੁਮਤੇ ਪਾਊਂ।।[157]

ਪਰ ਇਸਦੇ ਨਾਲ ਹੀ ਇਕ ਮੰਗ ਇਹ ਵੀ ਕੀਤੀ ਗਈ ਹੈ:

ਹਮਰੇ ਦੁਸਟ ਸਭੈ ਤੁਮ ਘਾਵੋ ਆਪ ਹਾਥ ਦੇ ਮੋਹਿ ਬਚਾਵੋ।।[158]

ਮੈਦਾਨ ਏ ਜੰਗ ਵਿਚ ਜਾਣ ਸਮੇਂ ਵੀ ਅਤੇ ਜੰਗ ਜਿੱਤ ਕੇ ਵੀ ਉਸੇ ਅਕਾਲ ਪੁਰਖ ਦਾ ਸ਼ੁਕਰਾਨਾ ਕਰਦੇ ਹਨ:

ਭਈ ਜੀਤ ਮੇਰੀ ਕਿਰਪਾ ਕਾਲ ਕੇਰੀ।।[159]

ਉਸ ਅਕਾਲ ਪੁਰਖ ਦੀ ਕਿਰਪਾ ਸਦਕਾ ਮੇਰੀ ਜੰਗ ਵਿਚ ਜਿੱਤ ਤਾਂ ਮੇਰੀ ਹੋਈ ਹੈ। ਅਕਾਲ ਪੁਰਖ ਨੂੰ ਪਿਆਰ ਕਰਨ ਵਾਲੇ, ਉਸਦਾ ਸਿਮਰਨ ਕਰਦਿਆਂ ਉਸਦੇ ਗੁਣਾਂ ਨੂੰ ਵਿਚਾਰਨ ਵਾਲੇ ਹੀ ਸਤਿਗੁਰੂ ਦੇ ਸਿੱਖ ਹਨ ਜੋ ਕਾਲ ਦੇ ਭੈ ਤੋਂ ਰਹਿਤ ਹੋ ਗਏ। ਇਹੀ ਕਾਰਣ ਹੈ ਕਿ ਅਕਾਲ ਦੇ ਉਪਾਸ਼ਕ ਨੂੰ ਅਕਾਲੀ ਕਿਹਾ ਜਾਣ ਲੱਗਾ ਜਿਵੇਂ ਨਿਰੰਕਾਰ ਦੇ ਉਪਾਸ਼ਕ ਨੂੰ ਨਿਰੰਕਾਰੀ। ਗੁਰੂ ਜੀ ਨੇ ਅਜਿਹੇ ਨਿਰਭੈ ਸਿਖਾਂ ਨੂੰ ਨਾ ਸਿਰੰ  ਜੀਣ ਦੀ ਸਗੋਂ ਮਰਣ ਦੀ ਵੀ ਜਾਚ ਸਿਖਾਈ। ਅਸਲ ਵਿਚ ਸ਼ੁਭ ਅਮਲਾਂ, ਉੱਚੀ ਕੀਰਤੀ ਤੇ ਨਿਡੱਰ ਸ਼ਖਸੀਅਤ ਵਲੋਂ ਦਿਤਾ ਗਿਆ ਸਾਹਿਤ ਅਜਿਹੇ ਗੁਣ ਉਪਜਾ ਸਕਦਾ ਹੈ। ਇਸ ਗੱਲ ਦੀ ਗਵਾਹੀ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਵਿਚੋਂ ਮਿਲਦੀ ਹੈ। ਗੁਰੂ ਜੀ ਨੇ ਇਕ ਪਾਸੇ ਆਮ ਲੋਕਾਂ ਵਿਚ ਬੀਰ ਰਸ ਭਰ ਕੇ ਇਕ ਨਵਾਂ ਜੀਵਨ ਪ੍ਰਦਾਨ ਕੀਤਾ ਤੇ ਦੂਜੇ ਪਾਸੇ ਹੱਥ ਵਿਚ ਸ਼ਸਤਰ ਫੜ ਕੇ ਜੰਗ ਏ ਮੈਦਾਨ ਵਿਚ ਜੂਝਣ ਦੀ ਜਾਚ ਵੀ ਸਿਖਾਈ। ਅਜਿਹੀ ਤਿਆਰੀ ਲਈ ਨਿੱਡਰ ਹੋ ਕੇ ਨਿਰਭੈ ਯੋਧੇ ਪੈਦਾ ਕਰਨ ਦੀ ਲੋੜ ਸੀ। ਇਸ ਲੋੜ ਨੂੰ ਪੂਰਿਆਂ ਕਰਨ ਲਈ ਗੁਰੂ ਜੀ ਨੇ ਐਸੀ ਬਾਣੀ ਰਚੀ:

ਸ਼ੁਭ ਕਰਮਨ ਤੇ ਕਬਹੂੰ ਨਾ ਟਰੋਂ ਨਾ ਡਰੋਂ ਅਰਿ ਸੋ ਜਬ ਜਾਇ ਲਰੋਂ।।
ਨਿਸਚੈ ਕਰ ਅਪਨੀ ਜੀਤ ਕਰੋ ਅਰ ਸਿੱਖ ਹੋ ਆਪਨੇ ਹੀ ਮਨ ਕੋ।।
ਇਹ ਲਾਲਚ ਹਊ ਗੁਣ ਤਉ ਉਚਰੋਂ ਜਬ ਆਵ ਕੀ ਅਉਧ ਨਿਦਾਨ ਬਨੈ।।
ਅਤਿ ਹੀ ਰਣ ਮਹਿ ਤਬ ਜੂਝ ਮਰੋ।।[16]

ਨਾ ਡਰੋਂ ਅਰਿ ਸੋ ਜਬ ਜਾਇ ਲਰੋਂ ਅਤੇ ਅਤਿ ਹੀ ਰਣ ਮਹਿ ਤਬ ਜੂਝ ਮਰੋਂ। ਵਰਗੇ ਨਾਅਰੇ ਹੀ ਨਵਾਂ ਜੀਵਨ ਤੇ ਉਤਸ਼ਾਹ ਪੈਦਾ ਕਰ ਸਕਦੇ ਹਨ। ਗੁਰੂ ਜੀ ਨੇ ਸਰੀਰਿਕ ਬਲ ਹੀ ਨਹੀਂ ਸਗੋਂ ਆਤਮਕ ਸ਼ਕਤੀ ਤੇ ਮਾਨਸਕ ਜਾਗਰਤੀ ਵੀ ਪ੍ਰਦਾਨ ਕੀਤੀ ਤਾਂ ਜੋ ਉਹਨਾਂ ਦੇ ਸਿਖ ਕੂੜ, ਜ਼ਬਰ, ਅਨਿਆਂ ਤੇ ਗੁਲਾਮੀ ਵਿਰੁੱਧ ਅੰਦੋਲਨ ਕਰ ਸਕਣ, ਸਚੇ ਆਚਰਣ ਸਦਕਾ ਸਮਾਜਿਕ ਕੁਰੀਤੀਆਂ ਦੇ ਖਿਲਾਫ ਵੀ ਡਟ ਸਕਣ। ਗੁਰੂ ਜੀ ਨੇ ਅਜਿਹੇ ਮਨੁੱਖਾਂ ਨੂੰ ਧਨਤਾ ਯੋਗ ਸਮਝਿਆ ਜੋ ਹਰ ਵੇਲੇ ਹਰੀ ਸਿਮਰਨ ਵਿਚ ਲਗੇ ਹੋਏ ਹਨ ਪਰ ਕੁਰਬਾਨੀ ਲਈ ਵੀ ਤਿਆਰ ਹਨ ਭਾਵ ਜੋ ਭਗਤੀ ਤੇ ਸ਼ਕਤੀ ਦੋਹਾਂ ਦੇ ਧਾਰਨੀ ਹਨ ਕਿਉਂਕਿ ਗੁਰੂ ਗੋਬਿੰਦ ਸਿੰਘ ਜੀ ਦੇ ਸਾਰੇ ਪੱਖਾਂ ਵਿਚ ਆਪ ਨਿਪੁੰਨ ਤੇ ਪਰਮ ਸਨ, ਇਸ ਲਈ ਆਪ ਦੀ ਬਾਣੀ ਵਿਚ ਥਾਂ ਥਾਂ ਸਚਾਈ ਉਤਸ਼ਾਹ ਅਟੱਲ ਵਿਸ਼ਵਾਸ ਚੜ੍ਹਦੀ ਕਲਾ ਵਿਸਮਾਦ ਪਰੇਮ ਤੇ ਬੀਰਤਾ ਦੀ ਮੋਹਰ ਲਗੀ ਪ੍ਰਤੀਤ ਹੁੰਦੀ ਹੈ। ਉਂਝ ਤਾਂ ਸਾਹਿਤ ਦੇ ਕਿਸੇ ਵੀ ਅੰਗ ਨੂੰ ਨਿਰੂਪਣ ਕਰਨਾ ਬੜਾ ਕਠਿਨ ਹੈ ਪਰ ਬੀਰ ਰਸੀ ਸਾਹਿਤ ਨੂੰ ਉਪਜਾਣ ਵੇਲੇ ਇਹ ਘਾਲਣਾ ਹੋਰ ਵੀ ਔਖੀ ਹੋ ਜਾਂਦੀ ਹੈ, ਕਿਉਂਕਿ ਹਰ ਇਕ ਲੇਖਕ ਦਾ ਅਨੁਭਵ ਬੀਰ ਰਸੀ ਨਹੀਂ ਹੋ ਸਕਦਾ। ਭਗਤੀ ਤੇ ਸ਼ਕਤੀ ਦਾ ਸੁਮੇਲ ਰੱਖ ਕੇ ਬੀਰ ਰਸੀ ਸਾਹਿਤ ਉਪਜਾਉਣਾ ਤਾਂ ਹੋਰ ਵੀ ਔਖਾ ਹੈ ਪਰ ਗੁਰੂ ਗੋਬਿੰਦ ਸਿੰਘ ਜੀ ਨੇ ਅਜਿਹਾ ਸਾਹਿਤ ਉਪਜਾਣ ਵਿਚ ਕਮਾਲ ਕਰ ਵਿਖਾਇਆ ਹੈ। ਅਸੀਂ ਵੇਖਦੇ ਹਾਂ ਕਿ ਉੱਤਮ ਸਾਹਿਤ ਲਈ ਜਾਂ ਪ੍ਰਭਾਵਸ਼ੀਲ ਬੀਰ ਰਸੀ ਕਵਿਤਾ ਲਈ ਜੋ ਜੋ ਗੁਣ ਜਾਂ ਉਪਗੁਣ ਲੋੜੀਂਦੇ ਹਨ ਸਾਰੇ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਵਿਚ ਬੜੇ ਵਿਸ਼ਾਲ, ਘਣੇ, ਡੂੰਘੇ ਤੇ ਜਮਾਲੀ ਰੂਪ ਵਿਚ ਮੌਜੂਦ ਹਨ। ਜਿਥੇ ਗੁਰੂ ਗੋਬਿੰਦ ਸਿੰਘ ਜੀ ਦੀ ਸਮੁਚੀ ਬਾਣੀ ਵਿਚੋਂ ਇਹ ਬੀਰ ਰਸੀ ਅਨੁਭਵ ਉਘੜਦਾ ਹੈ ਉਥੇ ਆਪ ਦੀ ਹਰ ਰਚਨਾ ਵਿਚੋਂ ਅਕਾਲ ਪੁਰਖ ਦੀ

ਉਪਾਸਨਾ, ਉਸਦੀ ਉਸਤਤਿ ਤੇ ਸ੍ਰੇਸ਼ਟ ਸ਼ਕਤੀ ਨੂੰ ਜਾਗਤਿ ਜੋਤ ਦੇ ਰੂਪ ਵਿਚ ਪ੍ਰਕਾਸ਼ ਮਾਨ ਵੇਖਦੇ ਹਨ। ਆਪ ਖਾਲਸੇ ਨੂੰ ਹੀ ਇਸੇ ਇਕ ਜਾਗਿਤ ਜੋਤ ਦਾ ਉਪਾਸਕ ਬਣਾਇਆ ਹੈ:

ਤੀਰਥ ਦਾਨ ਦਇਆ ਤਪ ਸੰਜਮ ਏਕ ਬਿਨਾ ਨਹ ਏਕ ਪਛਾਨੈ॥

ਪੂਰਨ ਜੋਤ ਜਗੈ ਘਟ ਮੈ ਤਬ ਖਾਲਸ ਤਹਿ ਨਖਾਲਸ ਜਾਨੈ॥[161]

ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਵਿਚ ਅਕਾਲ ਦੀ ਉਸਤਿਤ ਲਈ ਕਈ ਥਾਂਈ ਬੀਰ ਰਸੀ ਸ਼ਬਦਾਵਲੀ ਵਰਤੀ ਹੈ। ਅਸਲ ਵਿਚ ਧਰਮ ਚਲਾਵਨ ਲਈ ਭਗਤੀ ਭਾਵ ਦੀ ਲੋੜ ਸੀ, ਪਰ ਦੁਸਟ ਦਮਨ ਕੋ ਮੂਲ ਉਪਾਰਨ ਲਈ ਬੀਰ ਰਸ ਜ਼ਰੂਰੀ ਸੀ। ਸਿੱਖ ਧਰਮ ਵਿਚ ਭਗਤੀ ਤੇ ਸ਼ਕਤੀ ਦਾ ਸੁਮੇਲ ਹੈ। ਸਾਰੇ ਧਰਮਾਂ ਵਿਚ ਹਮੇਸ਼ਾਂ ਪਹਿਲਾਂ ਦਰਜਾ ਭਗਤੀ ਦਾ ਹੈ, ਜਦਕਿ ਸ਼ਕਤੀ ਦੂਜੇ ਦਰਜੇ ਤੇ ਗਿਣੀ ਜਾਂਦੀ ਹੈ। ਭਗਤੀ ਕਰਨ ਨਾਲ ਹਰ ਪ੍ਰਕਾਰ ਦੀ ਸ਼ਕਤੀ ਪ੍ਰਾਪਤ ਹੋ ਸਕਦੀ ਹੈ। ਜਿਵੇਂ ਕਿ ਆਤਮਕ, ਮਾਨਸਿਕ, ਸਦਾਚਾਰਕ, ਤੇ ਸਰੀਰਿਕ ਸ਼ਕਤੀਆਂ। ਭਗਤੀ ਕਰਕੇ ਸ਼ਕਤੀ ਤਾਂ ਪ੍ਰਾਪਤ ਕੀਤੀ ਜਾ ਸਕਦੀ ਹੈ ਪਰ ਸ਼ਕਤੀ ਨਾਲ ਭਗਤੀ ਨਹੀਂ। ਸ਼ਕਤੀ ਭਗਤੀ ਵਿਚ ਸਹਾਇਕ ਹੁੰਦੀ ਹੈ, ਭਗਤੀ ਦੀ ਰਾਖੀ ਕਰਦੀ ਹੈ। ਭਗਤੀ ਤੋਂ ਪ੍ਰਾਪਤ ਸ਼ਕਤੀਆਂ ਰਾਜਸੀ ਸ਼ਕਤੀ ਵੀ ਪ੍ਰਦਾਨ ਕਰਦੀਆਂ ਹਨ। ਗੁਰੂ ਗੋਬਿੰਦ ਸਿੰਘ ਜੀ ਨੇ ਸਾਰੇ ਭਗਤੀ ਸਾਹਿਤ ਨੂੰ ਸ਼ਕਤੀ ਵਿਚ ਬਦਲਣ ਦਾ ਯਤਨ ਕੀਤਾ, ਇਸ ਸਬੰਧੀ ਉਨ੍ਹਾਂ ਦੀ ਰਚਨਾ ਜਾਪੁ, ਅਕਾਲ ਉਸਤਿਤ, 33 ਸਵੈੱਯੇ ਤੇ ਰਾਮਕਲੀ ਪਾਤਸ਼ਾਹੀ ੧● (ਸ਼ਬਦ ਹਜ਼ਾਰੇ) ਵਿਸ਼ੇਸ਼ ਤੌਰ ਤੇ ਪੜਨਯੋਗ ਹਨ। ਇਨ੍ਹਾਂ ਵਿਚ ਉਨ੍ਹਾਂ ਰੱਬੀ ਏਕਤਾ ਤੇ ਮਨੁੱਖੀ ਏਕਤਾ ਤੇ ਪੂਰਾ ਜ਼ੋਰ ਦਿੱਤਾ ਹੈ ਤਾਂ ਕਿ ਗੁਰੂਆਂ ਦੀ ਚਲਾਈ ਇਨਕਲਾਬ ਲਹਿਰ ਦਾ ਸੰਗਠਨ ਪੱਕੀਆਂ ਨੀਹਾਂ ਤੇ ਖੜਾ ਹੋਵੇ ਤੇ ਇਸ ਵਿਚ ਕਦੀ ਕੋਈ ਕਮਜ਼ੋਰੀ ਨਾ ਆਵੇ। ਵਕਤੀ ਜੰਗ ਜਿੱਤਣ ਨਾਲੋਂ ਮਨੁੱਖੀ ਆਦਰਸ਼ਾਂ ਦਾ ਉਨ੍ਹਾਂ ਨੂੰ ਵਧੇਰੇ ਧਿਆਨ ਸੀ। ਇਸੇ ਲਈ ਆਖਿਆ ਹੈ:

ਸਾਚੁਕਹੌ ਸੁਨ ਲੇਹੁ ਸਭੈ ਜਿਨ ਪ੍ਰੇਮੁ ਕੀਓ ਤਿਨ ਹੀ ਪ੍ਰਭੁ ਪਾਇਓ॥[162]

ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਰਾਗਾਂ ਵਿਚ ਵੰਡੀ ਹੋਈ ਹੈ ਪਰ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਵਧੇਰੇ ਛੰਦਾਂ ਵਿਚ ਵੰਡੀ ਹੋਈ ਹੈ। ਛੰਦ ਬੀਰ ਰਸ ਉਪਜਾਣ ਵਿਚ ਸਹਾਈ ਹੁੰਦੇ ਹਨ। ਉਦਾਹਰਣ ਵਜੋਂ ਬਚਿਤ੍ਰ ਨਾਟਕ ਵਿਚ ਜਿਥੇ ਪ੍ਰਾਮਤਮਾ ਨੂੰ ਤੇਗ ਰੂਪ ਆਖ ਕੇ ਨਮਸਕਾਰ ਕੀਤੀ ਹੈ ਉਥੇ ਢੁੱਕਵੇਂ ਸ਼ਬਦਾਂ ਨਾਲ ਛੰਦ ਵੀ ਅਜਿਹਾ ਵਰਤਿਆ ਹੈ ਕਿ ਚਿਤ ਆਪ ਮੁਹਾਰੇ ਹੀ ਜੋਸ਼ ਵਿਚ ਆ ਕੇ ਉਛਾਲੇ ਖਾਣ ਲਗਦਾ ਹੈ:

ਖਗ ਖੰਡ ਬਿਹੰਡੰ, ਖਲ ਦਲ ਖੰਡੰ ਅਤਿ ਰਣ ਮੰਡੰ, ਬਰਬੰਡੰ॥
ਭੁਜ ਦੰਡ ਅਖੰਡੰ ਤੇਜ ਪ੍ਰਚੰਡੰ ਜੋਤਿ ਅਮੰਡੰ ਭਾਨ ਪ੍ਰਭੰ॥[163]

ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਵਿਚ ਭਗਤੀ ਤੇ ਸ਼ਕਤੀ ਇਕ ਸਿੱਕੇ ਦੇ ਦੋ ਪਾਸੇ ਨੇ ਜਿਹਨਾਂ ਨੂੰ ਅਲਗ ਅਲਗ ਨਹੀਂ ਕੀਤਾ ਜਾ ਸਕਦਾ। ਗੁਰੂ ਸਾਹਿਬ ਦੀ ਸਮੁਚੀ ਵਿਰਾਟ ਸ਼ਖਸੀਅਤ ਦਾ ਅਕਸ ਉਨ੍ਹਾਂ ਦੀਆਂ ਰਚਨਾਵਾਂ ਵਿਚੋਂ ਸਪਸ਼ਟ ਝਲਕਦਾ ਹੈ। ਉਨ੍ਹਾਂ ਦਾ ਨਿਰਸੁਆਰਥ ਆਪਾ ਤੇ ਵਡੇ ਉਦੇਸ਼ਾਂ ਦਾ ਸਿਰਜਣਾ ਉਨ੍ਹਾਂ ਦੀਆਂ ਰਚਨਾਵਾਂ ਵਿਚੋਂ ਦ੍ਰਿਸ਼ਟੀਗੋਚਰ ਹੁੰਦਾ ਹੈ। ਗੁਰੂ ਸਾਹਿਬ ਦੀ ਸ਼ਖਸੀਅਤ ਭਾਰਤੀ ਸੰਸਕ੍ਰਿਤੀ ਦੇ ਜੀਵਨ ਦਰਸ਼ਨ ਦਾ ਹੀ ਸਾਕਾਰ ਰੂਪ ਹੈ। ਉਹਨਾਂ ਦੀ ਮਹਾਨ, ਤੇਜਸਵੀ ਸ਼ਖਸੀਅਤ ਦੀ ਜੋਤ ਦਾ ਨੂਰ ਉਹਨਾਂ ਦੇ ਲਿਖੇ ਇਕ ਇਕ ਅੱਖਰ ਵਿਚੋਂ ਪ੍ਰਕਾਸ਼ਮਾਨ ਹੁੰਦਾ ਹੈ। ਸੱਚ, ਧਰਮ, ਇਖਲਾਕ ਤੇ ਵਿਸ਼ਵਾਸ ਆਦਿ ਜੀਵਨ ਦੇ ਮੁੱਢਲੇ ਅਸੂਲ ਹਨ, ਜਿਨ੍ਹਾਂ ਦੀ ਨੀਂਹ ਹੈ ਭਗਤੀ ਹੈ ਤੇ ਸ਼ਕਤੀ ਉਨ੍ਹਾਂ ਦਾ ਫਲ ਹੈ। ਇਹ ਤੱਥ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਤੋਂ ਦ੍ਰਿੜ ਹੁੰਦਾ ਹੈ ਜਿਨ੍ਹਾਂ ਹਰੇਕ ਬੁਰਾਈ ਦਾ ਜ਼ੁਲਮ, ਅਣਮਨੁੱਖੀ ਤਸ਼ੱਦਦ ਤੇ ਸੰਗੀਨ ਬੁਰਿਆਈ ਦਾ ਟਾਕਰਾ ਕਰਨ ਲਈ ਸ਼ਕਤੀ ਦੀ ਜ਼ਰੂਰਤ ਹਮੇਸ਼ਾਂ ਰਹਿੰਦੀ ਹੈ ਤੇ ਇਹ ਸ਼ਕਤੀ ਭਗਤੀ ਤੋਂ ਹੀ ਉਤਪੰਨ ਹੁੰਦੀ ਹੈ ਜੋ ਮਨੁੱਖ ਨੂੰ ਆਤਮਕ ਦ੍ਰਿੜਤਾ ਬਖਸ਼ਦੀ ਹੋਈ ਉਸਨੂੰ ਕਾਲ ਦੇ ਡਰਾਂ ਤੋਂ ਮੁਕਤ ਕਰਕੇ ਅਕਾਲ ਰੂਪ ਪਰਮਾਤਮਾ ਵਿਚ ਅਭੇਦ ਹੋਣ ਦੀ ਪ੍ਰੇਰਨਾ ਦਿੰਦੀ ਹੈ। ਉਪਰੋਕਤ ਵਿਚਾਰ ਵਿਮਰਸ਼ ਤੋਂ ਬਾਅਦ ਇਹ ਕਿਹਾ ਜਾ ਸਕਦਾ ਹੈ ਕਿ ਮੱਧਕਾਲ ਵਿਚ ਸ਼ਕਤੀ ਦਾ ਪਰਿਪੇਖ ਬਹੁਤ ਵਿਸ਼ਾਲ ਹੈ ਜਿਸ ਦੀ ਥੁਹ ਪਾ ਸਕਣਾ ਸਮੁੰਦਰ ਵਿਚੋਂ ਸਿੱਪੀਆਂ ਲਭਣ ਦੇ ਬਰਾਬਰ ਹੈ ਕਿਉਂਕਿ ਭਗਤੀ ਅਤੇ ਸ਼ਕਤੀ ਦੋਨੋਂ ਇਕੋ ਸਿੱਕੇ ਦੇ ਪਹਿਲੂ ਹਨ। ਗੁਰੂ ਜੀ ਨੇ ਆਪਣੀਆਂ ਰਚਨਾਵਾਂ ਵਿਚ

ਇੱਕਲੀ ਭਗਤੀ (ਸਰੀਰਕ ਬਲ) ਹੀ ਨਹੀਂ, ਸਗੋਂ ਆਤਮਕ ਸ਼ਕਤੀ ਤੇ ਮਾਨਸਿਕ ਜਾਗਰਤੀ ਵੀ ਪ੍ਰਦਾਨ ਕੀਤੀ ਤਾਂ ਜੋ ਉਹਨਾਂ ਦੇ ਸ਼ਿਸ਼ ਕੂੜ, ਜਬਰ, ਅਨਿਆਂ ਤੇ ਗੁਲਾਮੀ ਵਿਰੁੱਧ ਅੰਦੋਲਨ ਕਰ ਸਕਣ ਤੇ ਸੁਚੇ ਆਚਰਣ ਤੇ ਉੱਚੇ ਆਦਰਸ਼ ਸਦਕਾ ਸਮਾਜਿਕ ਕੁਰੀਤੀਆਂ ਦੇ ਖਿਲਾਫ ਵੀ ਲੜ ਸਕਣ। ਗੁਰੂ ਜੀ ਨੇ ਅਜਿਹੇ ਮਨੁੱਖਾਂ ਨੂੰ ਯੋਗ ਸਮਝਿਆ, ਜੋ ਹਰ ਵੇਲੇ ਪ੍ਰਮਾਤਮਾ ਦੇ ਸਿਮਰਨ ਵਿੱਚ ਲੱਗੇ ਹੋਏ ਹੁੰਦੇ ਹਨ, ਪਰ ਕੁਰਬਾਨੀ ਲਈ ਵੀ ਤਿਆਰ-ਬਰ-ਤਿਆਰ ਹਨ ਭਾਵ ਜੋ ਭਗਤੀ ਤੇ ਸ਼ਕਤੀ ਦੋਹਾਂ ਦੇ ਧਾਰਨੀ ਹਨ। ਇੰਝ ਆਪ ਨੇ ਆਪਣੀਆਂ ਰਚਨਾਵਾਂ ਵਿਚ ਭਗਤੀ ਤੇ ਸ਼ਕਤੀ ਨੂੰ ਅੰਤਰ ਸੰਬੰਧਿਤ ਪਰਿਪੇਖ ਨੂੰ ਪੇਸ਼ ਕੀਤਾ ਹੈ।

## ਹਵਾਲੇ ਤੇ ਟਿੱਪਣੀਆਂ

1. ਧਰਮਪਾਲ ਸਿੰਗਲ, ਭਗਤ-ਬਾਣੀ ਦੇ ਵਿਚਾਰਧਾਰਾਈ ਆਧਾਰ, ਵਿਸਮਾਦ ਨਾਦ(3), ਜਿਲਦ 1, ਅੰਕ1, ਪੰਨਾ 145

2. ਡਾ. ਬਲਕਾਰ ਸਿੰਘ (ਸੰਪਾ.) ਸਿੱਖ ਧਰਮ ਚਿੰਤਨ ਵਿਚ ਭਗਤੀ, ਪੰਨਾ-45

3. ਡਾ. ਅੰਮ੍ਰਿਤਲਾਲ ਪਾਲ (ਸੰਪਾ.) ਗੁਰੂ ਗੋਬਿੰਦ ਸਿੰਘ ਜੀਵਨ ਤੇ ਬਾਣੀ, ਪੰਨਾ-73

4. ਡਾ. ਮਨਮੋਹਨ ਸਿੰਘ, ਭਗਤੀ ਸਿਧਾਂਤ ਦੇ ਆਧਾਰ ਸ੍ਰੋਤ, ਪੰਨਾ-83

5. The word Bhakti is derived from Sanskrit ‘Bhaj’ meaning to` serve, honour, revere, love and adore. In the religions idion, it is attachment or fervent devotion to god and is defined as “that particular affection which is generated by the knowledge of attributes of the adorable one. Harbans Singh, encyclopeadia of Sikhism, p 335.

6. ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਪੰਨਾ 675

7. ਅਚਾਰੀਆ ਰਾਮ ਚੰਦਰ ਸ਼ੁਕਲ, ਚਿੰਤਾਮਣਿ, ਪੰਨਾ 2●7

8. The word Bhakti with alied word Bhagwata is derived from a Sanskrit root ‘Bhaj’ meaning in this case I to adore. James hasting, encylopeadia of religion and ethics, p 539.

9. ਸ੍ਰੀਮਦ ਭਾਗਵਤ, ਸਕੰਧ 3, ਅਧਿਆਇ 25, ਸ਼ਲੋਕ 32-33

10. ਸ਼ਾਂਡਿਲਯ ਭਗਤੀ ਸੂਤਰ, 2

11. ਨਾਰਦ ਭਗਤੀ ਸੂਤਰ, ਪੰਨਾ 4-6

12. ਉਧਰਿਤ, ਡਾ. ਮਨਮੋਹਨ ਸਿੰਘ, ਭਗਤੀ ਸਿਧਾਂਤ ਦੇ ਆਧਾਰ ਸ੍ਰੋਤ, ਪੰਨਾ 9●

13. Swami Vivekananda, bhakti yog, p 31

14. ਗੁਰੂ ਗ੍ਰੰਥ ਵਿਸ਼ਵਕੋਸ਼ ਭਾਗ −2, ਪੰਨਾ 316

15. ਜਰਨਲ ਆਫ ਰਾਇਲ ਏਸੀਆਟਿਕ ਸੁਸਾਇਟੀ, ਸੰਨ 19●7 ਵਿਚ ਗ੍ਰੀਅਰਸਨ ਦਾ ਲੇਖ

16. ਹਜ਼ਾਰੀ ਪ੍ਰਸਾਦ ਦਿਵੇਦੀ, ਸੂਰ ਸਾਹਿਤ, ਪੰਨਾ ●6

17. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 831

18. Darshan Singh, Indian Bhakti Traditions and the Sikh Gurus, P 30-31

19. ਡਾ. ਅੰਮ੍ਰਿਤਲਾਲ ਪਾਲ, ਮੱਧਕਾਲੀਨ ਪੰਜਾਬੀ ਕਾਵਿ: ਇਤਿਹਾਸ, ਸਿਧਾਂਤ ਤੋਂ ਪ੍ਰਵਿਰਤੀਆਂ, ਪੰਨਾ 25

20. ਕੇਸਰ ਸਿੰਘ ਕੇਸਰ (ਸੰਪਾ.), ਪੰਜਾਬੀ ਸਾਹਿਤ ਕੋਸ਼, ਭਾਗ ਤੀਜਾ, ਪੰਨਾ 195

21. ਉਧਰਿਤ, ਗਿਆਨੀ ਬਲ ਸਿੰਘ, ਭਗਤੀ ਪਰੰਪਰਾ ਸੰਤ ਤੇ ਸਮਾਜਿਕ ਸਰੋਕਾਰ, ਪੰਨਾ 28

22. ਉਹੀ, ਪੰਨਾ 28

23. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 488

24. ਸ੍ਰੀ ਰੂਪ ਗੋਸਵਾਮੀ, ਹਰੀਭਕਤੀ ਰਸਾਮ੍ਰਿਤ ਸਿੰਧੂ, ਪੂਰਣ ਭਾਗ, ਲਹਿਰੀ, ਸ਼ਲੋਕ 3

25. ਸ੍ਰੀਮਦ ਭਾਗਵਤ, ਸਕੰਧ 3, ਅਧਿਆਇ 29, ਸ਼ਲੋਕ 7−14

26. ਉਹੀ, ਸਲੋਕ 14

27. ਉਹੀ, ਅਧਿਆਇ 13, ਸਲੋਕ 14

28. ਉਹੀ, ਅਧਿਆਇ 12, ਸਲੋਕ 8

29. ਉਹੀ, ਅਧਿਆਇ 7, ਸਲੋਕ 16

30. ਸ੍ਰੀਮਦ ਭਾਗਵਤ ਪੁਰਾਣ, 7-5-23

31. ਡਾ. ਮਨਮੋਹਨ ਸਿੰਘ, ਭਗਤੀ ਸਿਧਾਂਤ ਦੇ ਆਧਾਰ ਸ੍ਰੋਤ, ਪੰਨਾ 11

32. ਉਹੀ, ਗੁਰੂ ਨਾਨਕ ਦੇਵ ਜੀ ਦੀ ਭਗਤੀ ਭਾਵਨਾ, ਪੰਨਾ 18

33. ਉਹੀ, ਭਗਤੀ ਸਿਧਾਂਤ ਦੇ ਆਧਾਰ ਸ੍ਰੋਤ, ਪੰਨਾ ●9

34. ਉਹੀ, ਗੁਰੂ ਨਾਨਕ ਦੇਵ ਜੀ ਦੀ ਭਗਤੀ ਭਾਵਨਾ, ਪੰਨਾ 23

35. ਉਹੀ, ਭਗਤੀ ਸਿਧਾਂਤ ਦੇ ਆਧਾਰ ਸ੍ਰੋਤ, ਪੰਨਾ 13

36. ਉਹੀ, ਗੁਰੂ ਨਾਨਕ ਦੇਵ ਜੀ ਦੀ ਭਗਤੀ ਭਾਵਨਾ, ਪੰਨਾ 25

37. ਉਹੀ, ਭਗਤੀ ਸਿਧਾਂਤ ਦੇ ਆਧਾਰ ਸ੍ਰੋਤ, ਪੰਨਾ 15

38. ਉਹੀ, ਪੰਨਾ 17

39. ਨਾਨਕ ਦੇਵ ਜੀ ਦੀ ਭਗਤੀ ਭਾਵਨਾ, ਪੰਨਾ 29

40. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 71

41. ਕੇਸਰ ਸਿੰਘ ਕੇਸਰ (ਸੰਪਾ.), ਪੰਜਾਬੀ ਸਾਹਿਤ ਕੋਸ਼, ਭਾਗ ਤੀਜਾ, ਪੰਨਾ 19●

42. ਉਹੀ, ਪੰਨਾ 191-192

43. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 75

44. ਸਰਦੂਲ ਸਿੰਘ ਕਵੀਸ਼ਰ, ਸਿੱਖ ਧਰਮ ਦਰਸ਼ਨ, ਪੰਨਾ 26●-261

45. ਸ੍ਰੀ ਦਸਮ ਗ੍ਰੰਥ, ਪੰਨਾ 57

46. ਉਹੀ, ਪੰਨਾ 57

47. ਉਹੀ, ਪੰਨਾ 55

48. ਉਹੀ, ਪੰਨਾ-711

49. ਕ੍ਰਿਪਾਲ ਸਿੰਘ ਕਸੇਲ ਅਤੇ ਹੋਰ, ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ, ਪੰਨਾ 1●

50. ਉਹੀ, ਪੰਨਾ 48

51. ਡਾ. ਜਗਬੀਰ ਸਿੰਘ, ਪੰਜਾਬੀ ਸਾਹਿਤ ਦਾ ਇਤਿਹਾਸ ਆਦਿ ਕਾਲ-ਭਗਤੀ ਕਾਲ ਆਰੰਭ ਤੋਂ 17●● ਈ. ਤੱਕ, ਪੰਨਾ 24

52. ਉਜਾਗਰ ਸਿੰਘ, ਗੋਰਖਬਾਣੀ, ਪੰਨਾ 69

53. ਉਹੀ, ਪੰਨਾ 185

54. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1●19

55. ਸ਼ਾਹ ਹੁਸੈਨ, ਕਾਫੀ 42

56. ਡਾ. ਸੁਰਿੰਦਰ ਸਿੰਘ ਕੋਹਲੀ, ਪੰਜਾਬੀ ਸਾਹਿਤ ਕੋਸ਼, ਭਾਗ ਪਹਿਲਾ, ਪੰਨਾ 5●3

57. ਬੁੱਲ੍ਹੇ ਸ਼ਾਹ, ਪੰਨਾ 86

58. ਜੇ. ਆਰ. ਪੁਰੀ ਤੇ ਟੀ. ਆਰ. ਸੰਗਾਰੀ, ਸਾਈਂ ਬੁੱਲ੍ਹੇ ਸ਼ਾਹ, ਪੰਨਾ 29●

59. ਕ੍ਰਿਪਾਲ ਸਿੰਘ ਕਸੇਲ ਅਤੇ ਹੋਰ, ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ, ਪੰਨਾ 46

60. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 488

61. ਉਹੀ, ਪੰਨਾ 694

62. ਉਹੀ, ਪੰਨਾ 988

63. ਉਹੀ, ਪੰਨਾ 471

64. ਉਹੀ, ਪੰਨਾ 1245

65. ਉਹੀ, ਪੰਨਾ 1412

66. ਉਹੀ, ਪੰਨਾ 141

67. ਉਹੀ, ਪੰਨਾ 43

68. ਉਹੀ, ਪੰਨਾ 2●5

69. ਉਹੀ, ਪੰਨਾ 749

70. ਉਹੀ, ਪੰਨਾ 378

71. ਦਸਮ ਗ੍ਰੰਥ, ਪੰਨਾ 14

72. ਬਲਰਾਜ ਸਾਹਨੀ, ਸਮਕਾਲੀ ਸਾਹਿਤ ਪਤ੍ਰਿਕਾ, ਪੰਨਾ 156

73. ਕ੍ਰਿਪਾਲ ਸਿੰਘ ਕਸੇਲ ਅਤੇ ਹੋਰ, ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ, ਪੰਨਾ 157

74. ਡਾ. ਸੁਰਿੰਦਰ ਸਿੰਘ ਕੋਹਲੀ, ਪੰਜਾਬੀ ਸਾਹਿਤ ਕੋਸ਼, ਭਾਗ ਦੂਜਾ, ਪੰਨਾ 18●

75. ਹੀਰ ਦਮੋਦਰ, ਮੰਗਲਾਚਰਣ, ਪੰਨਾ ●8

76. ਹਾਸ਼ਮ ਰਚਨਾਵਲੀ, ਪੰਨਾ 72

77. ਉਹੀ, ਪੰਨਾ 123

78. ਸੰਤ ਸਿੰਘ ਸੇਖੋਂ(ਸੰਪਾ.), ਹੀਰ ਵਾਰਿਸ ਸ਼ਾਹ, ਪੰਨਾ 44

79. ਹੀਰ ਵਾਰਿਸ, ਪੰਨਾ 366

80. ਕ੍ਰਿਪਾਲ ਸਿੰਘ ਕਸੇਲ ਅਤੇ ਹੋਰ, ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ, ਪੰਨਾ 54

81. ਉਹੀ, ਪੰਨਾ 55

82. ਕੇਸਰ ਸਿੰਘ ਕੇਸਰ (ਸੰਪਾ.), ਪੰਜਾਬੀ ਸਾਹਿਤ ਕੋਸ਼, ਭਾਗ ਤੀਜਾ, ਪੰਨਾ 22●

83. ਭਾਈ ਗੁਰਦਾਸ, ਵਾਰ 41, ਪਉੜੀ 23

84. ਸ੍ਰੀ ਦਸਮ ਗ੍ਰੰਥ, ਪੰਨਾ 119

85. ਕ੍ਰਿਪਾਲ ਸਿੰਘ ਕਸੇਲ ਅਤੇ ਹੋਰ, ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ, ਪੰਨਾ 59

86. ਉਜਾਗਰ ਸਿੰਘ, ਗੋਰਖਬਾਣੀ, ਪੰਨਾ 64

87. ਨਰਿੰਦਰ ਨਾਥ ਭੱਟਾਚਾਰੀਆ, ਹਿਸਟਰੀ ਆਂ ਸਾਕਤ ਰਿਲੀਜਨ ਪੰਨਾ-1

88. ਜੌਨ ਡੌਸਨ, ਹਿੰਦੂ ਮਿਥਿਹਾਸ ਕੋਸ਼, ਪੰਨਾ–78

89. ਸ਼੍ਰੀ ਮਦ ਭਗਵਤ ਗੀਤਾ, ਅਧਿਆਇ 7 ਸਲੋਕ 5

90. Daljit Singh Sikhism a Comparative study of its theology & mysticism page-89

The word Shakti means powar. There fore, the power or Shakti of willing, acting, crerting has naturally been indicrted by the name of a female goddess. In Consonanee with tradition back ground, the female goddess are workshipped according to different mystics pradices, varying from tantric to sensual and erotic. Siva Shakti are two faces of rerlity. They interpenetrate, divine and Sub- divded into Nada, bindu,etc- shaktism & Tantrism are typical examples that give the Universe, often leods to merning or degrading emotionalism or eroticism. There are no caste distinctions during the course of worship, but those are resumed when the worship over."

91. The Shambhalla Encyclpedia of yoga, P 162, 210

92. Swami Sivanada, lord siva and his worship, P-74

Sakti tattva is really the negative aspect of the siva tattva. Sakti tattva is the will of sive. sakti is spoken of as mother, because that is the aspect of the supreme in wich she is regarded as the genatrix and nourisher of the Universe. But god is neither male nor female. He is named according to the body in whix he is maniferted.

93. ਉਹੀ, ਪੰਨਾ 79

94. ਰਾਂਡਾ ਬਾਰਨ, ਸ਼ਕਤੀ, ਪੰਨਾ 2●●

Sakti is the evergy or the vital Power that makes any activity possible. When a man does any work he does it only by virtue of his sakti, If he is Unable to do that work. Hence sakti is that which enables one to work. Sakti is devi. Sakti is the divine mother. Mind is sakti. Prana is sakti will is sakti.

95. ਜਸਵੰਤ ਸਿੰਘ ਨੇਕੀ, ਗੁਰਮਤਿ ਮਨੋਵਿਗਿਆਨ, ਪੰਨਾ 52

96. ਐੱਮ.ਜੀ. ਗੁਪਤਾ, ਸ਼੍ਰੀ ਗੁਰੂ ਹਰਗੋਬਿੰਦ ਸਾਹਿਬ ਜੀ, ਪੰਨਾ 8

97. ਜਸਵੰਤ ਸਿੰਘ ਪ੍ਰਵਾਨਾ, ਧਰਮ ਕਲਾ, ਪੰਨਾ 24-25

98. ਉਧਰਿਤ, ਗੁਰਪਾਲ ਸਿੰਘ ਸੰਧੂ, ਸਮਕਾਲੀ ਸਿਧਾਂਤ ਤੇ ਮਧਕਾਲੀ ਪ੍ਰਵਚਨ, ਪੰਨਾ 7●-71

99. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 472

100. ਉਹੀ, ਪੰਨਾ 534

101. ਜਸਵੰਤ ਸਿੰਘ ਪ੍ਰਵਾਨਾ, ਧਰਮ ਕਲਾ, ਪੰਨਾ 71

102. ਭਾਈ ਮੇਘ ਰਾਜ ਜੀ, ਪ੍ਰੇਮ ਫੁਲਵਾੜੀ ਗਜ਼ਲਾਂ ਭਾਈ ਨੰਦ ਲਾਲ ਜੀ ਗੰਜਨਾਮਾ ਤੇ ਜੋਤ ਬਿਕਾਸ ਸਟੀਕ, ਪੰਨਾ 22●

103. ਸ੍ਰੀ ਦਸਮ ਗ੍ਰੰਥ, ਪੰਨਾ 57-58

104. ਜਸਵੰਤ ਸਿੰਘ ਪ੍ਰਵਾਨਾ, ਧਰਮ ਕਲਾ, ਪੰਨਾ 4●-45

105. ਸ੍ਰੀ ਗੁਰੂ ਗਰੰਥ ਸਾਹਿਬ, ਪੰਨਾ 14

106. ਪ੍ਰੋ. ਦੀਵਾਨ ਸਿੰਘ, ਗੁਰਮਤਿ ਗਿਆਨ, ਪੰਨਾ 66

107. ਸ੍ਰੀ ਦਸਮ ਗ੍ਰੰਥ, ਪੰਨਾ 139●

108. ਗੁਰਸ਼ਰਨ ਕੌਰ ਜੱਗੀ, ਭਾਰਤੀ ਕਾਵਿ-ਸ਼ਾਸਤਰ ਸਰੂਪ ਤੇ ਸਿਧਾਂਤ, ਪੰਨਾ 115

109. ਡਾ. ਪ੍ਰੇਮ ਪ੍ਰਕਾਸ਼ ਸਿੰਘ ਧਾਲੀਵਾਲ, ਭਾਰਤੀ ਕਾਵਿ ਸ਼ਾਸਤਰ, ਪੰਨਾ 24

110. ਉਹੀ, ਪੰਨਾ 27

111. ਉਹੀ, ਪੰਨਾ 35

112. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 982

113. ਤਾਰਨ ਸਿੰਘ, ਭਗਤੀ ਤੇ ਸ਼ਕਤੀ (ਭੂਮਿਕਾ), ਪੰਨਾ 9,1●

114. ਰਾਲਫ ਵੈਲਡੂ ਟਰਾਇਨ(ਲੇਖਕ), ਕ੍ਰਿਪਾਲ ਸਿੰਘ ਕਸੇਲ, ਪੰਨਾ 2●

115. Randa Barn, The Power, P 7-8

116. ਸ੍ਰੀ ਦਸਮ ਗ੍ਰੰਥ, ਪੰਨਾ 14

117. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1379

118. ਰਾਂਡਾ ਬਾਰਨ, ਸ਼ਕਤੀ, ਪੰਨਾ 28

119. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 451

120. ਸ੍ਰੀ ਦਸਮ ਗ੍ਰੰਥ, ਪੰਨਾ 7●9

121. ਉਹੀ, ਪੰਨਾ 73

122. ਉਹੀ, ਪੰਨਾ 1387

123. ਅਮਰਜੀਤ ਸਿੰਘ ਕਾਂਗ, ਜਸਪਾਲ ਕੌਰ ਕਾਂਗ, ਮੱਧਕਾਲੀ ਪੰਜਾਬੀ ਸਾਹਿਤ ਵਿਵੇਕ, ਪੰਨਾ 8●-81-85

124. ਉਹੀ, ਪੰਨਾ-82

125. ਸ੍ਰੀ ਦਸਮ ਗ੍ਰੰਥ, ਪੰਨਾ 156

126. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ●9

127. ਸ੍ਰੀ ਦਸਮ ਗ੍ਰੰਥ, ਪੰਨਾ ●3

128. ਉਹੀ, ਪੰਨਾ ●2

129. ਉਹੀ, ਪੰਨਾ 27

130. ਉਹੀ, ਪੰਨਾ 27

131. ਉਹੀ, ਪੰਨਾ 26

132. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 385

133. ਸ੍ਰੀ ਦਸਮ ਗ੍ਰੰਥ, ਪੰਨਾ 71●

134. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 13

135. ਉਹੀ, ਪੰਨਾ 1●35

136. ਉਹੀ, ਪੰਨਾ 463

137. ਉਹੀ, ਪੰਨਾ 5

138. ਉਹੀ, ਪੰਨਾ 348

139. ਉਹੀ, ਪੰਨਾ 92●

140. ਉਹੀ, ਪੰਨਾ 1138

141. ਸ੍ਰੀ ਦਸਮ ਗ੍ਰੰਥ, ਪੰਨਾ 24

142. ਪ੍ਰੀਤਮ ਸਿੰਘ ਗਿੱਲ, ਸ੍ਰੀ ਗੁਰੂ ਗੋਬਿੰਦ ਸਿੰਘ ਇਕ ਦਾਰਸ਼ਨਿਕ ਅਧਿਐਨ, ਪੰਨਾ 1●●

143. ਐੱਮ.ਜੀ. ਗੁਪਤਾ, ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ, ਪੰਨਾ 8

144. Harbans Singh, The Encyclopedia of Sikhism, P 473

145. ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਪੰਨਾ 4●5

146. ਸ੍ਰੀ ਦਸਮ ਗ੍ਰੰਥ, ਪੰਨਾ 712

147. ਸ੍ਰੀ ਸਰਬਲੋਹ ਗ੍ਰੰਥ, ਪੰਨਾ 497

148. ਸ੍ਰੀ ਦਸਮ ਗ੍ਰੰਥ, ਪੰਨਾ 14

149. ਸ੍ਰੀ ਸਰਬਲੋਹ ਗ੍ਰੰਥ, ਪੰਨਾ 496-97

150. ਸ੍ਰੀ ਦਸਮ ਗ੍ਰੰਥ, ਪੰਨਾ 99

151. ਉਹੀ, ਪੰਨਾ 54

152. ਸਿੱਖ ਧਰਮ ਵਿਚ ਭਗਤੀ ਅਤੇ ਸ਼ਕਤੀ, ਪ੍ਰੋ. ਦੀਵਾਨ ਸਿੰਘ, ਰੂਹੀ ਪ੍ਰਕਾਸ਼ਨ, ਅੰਮ੍ਰਿਤਸਰ 2007, ਪੰਨਾ-20.

153. ਪਿਆਰਾ ਸਿੰਘ ਪਦਮ, ਦਸਮ ਗ੍ਰੰਥ ਦਰਸ਼ਨ, ਪੰਨਾ 19

154. ਉਹੀ, ਪੰਨਾ 3

155. ਉਹੀ, ਪੰਨਾ 139●

156. ਉਹੀ, ਪੰਨਾ

157. ਉਹੀ, ਪੰਨਾ 1386

158. ਉਹੀ, ਪੰਨਾ

159. ਉਹੀ, ਪੰਨਾ

160. ਉਹੀ, ਪੰਨਾ

161. ਉਹੀ, ਪੰਨਾ 712

162. ਉਹੀ, ਪੰਨਾ 14

163. ਉਹੀ, ਪੰਨਾ 39

**ਅਧਿਆਇ ਤੀਜਾ**

## 3. ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਵਿੱਚ ਸ਼ਕਤੀ ਦਾ ਸੰਕਲਪ ਜਾਪੁ, ਬਚਿੱਤ੍ਰ ਨਾਟਕ ਅਤੇ ਵਾਰ ਸ੍ਰੀ ਭਗਉਤੀ ਜੀ, ਰਾਮਕਲੀ ਪਾਤਸ਼ਾਹੀ ੧੦ ਸ਼ਬਦ ਹਜ਼ਾਰੇ, 33 ਸਵੈੱਯੇ ਅਤੇ ਜ਼ਫ਼ਰਨਾਮਾ ਸੰਦਰਭ ਵਿਚ

3.1. 'ਜਾਪੁ' ਵਿੱਚ ਪ੍ਰਸਤੁਤ ਪ੍ਰਮਾਤਮਾ ਦਾ ਸ਼ਕਤੀ ਸਰੂਪ

3.2. 'ਬਚਿੱਤ੍ਰ ਨਾਟਕ' ਵਿੱਚ ਸ਼ਕਤੀ ਦਾ ਸੰਕਲਪ ਤੇ ਸਰੂਪ

3.3. 'ਵਾਰ ਸ੍ਰੀ ਭਗਉਤੀ ਜੀ ਕੀ' (ਚੰਡੀ ਦੀ ਵਾਰ) ਵਿੱਚ ਪੇਸ਼ ਸ਼ਕਤੀ ਤੇ ਬੀਰਤਾ ਦਾ ਸੰਕਲਪ

3.4. 'ਰਾਮਕਲੀ ਪਾਤਸ਼ਾਹੀ ੧੦ (ਸ਼ਬਦ ਹਜ਼ਾਰੇ)' ਵਿੱਚ ਕਰਮ ਸ਼ਕਤੀ ਦੀ ਪੇਸ਼ਕਾਰੀ

3.5. '33 ਸਵੈੱਯੇ' ਵਿੱਚ ਬ੍ਰਹਮ ਸ਼ਕਤੀ ਦੀ ਪੇਸ਼ਕਾਰੀ

3.6. 'ਜ਼ਫ਼ਰਨਾਮਾ' ਰਚਨਾ ਵਿੱਚ ਪੇਸ਼ ਸ਼ਕਤੀ ਦਾ ਪਰਿਪੇਖ

# ਅਧਿਆਇ ਤੀਜਾ

# ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਵਿੱਚ ਸ਼ਕਤੀ ਦਾ ਸੰਕਲਪ

## ਜਾਪੁ , ਬਚਿੱਤ੍ਰ ਨਾਟਕ ਅਤੇ ਵਾਰ ਸ੍ਰੀ ਭਗਉਤੀ ਜੀ, ਰਾਮਕਲੀ ਪਾਤਸ਼ਾਹੀ ੧੦ ਸ਼ਬਦ ਹਜ਼ਾਰੇ, 33 ਸਵੈੱਯੇ ਅਤੇ ਜ਼ਫ਼ਰਨਾਮਾ ਦੇ ਸੰਦਰਭ ਵਿਚ

ਖੋਜ ਪ੍ਰਬੰਧ ਦੇ ਪਿਛਲੇ ਅਧਿਆਇ ਵਿਚ '*ਭਗਤੀ ਅਤੇ ਸ਼ਕਤੀ ਦੇ ਅੰਤਰ ਸੰਬੰਧਿਤ ਪਰਿਪੇਖ*' ਨੂੰ ਮੱਧਕਾਲੀ ਪੰਜਾਬੀ ਸਾਹਿਤ ਦੀਆਂ ਵਿਭਿੰਨ ਕਾਵਿ ਧਾਰਾਵਾਂ ਵਿਚੋਂ ਅਤੇ ਵਿਸ਼ੇਸ਼ ਕਰਕੇ ਗੁਰੂ ਗੋਬਿੰਦ ਸਿੰਘ ਜੀ ਦੀਆਂ ਕਾਵਿ ਰਚਨਾਵਾਂ ਦੇ ਗਹਿਨ ਅਧਿਐਨ ਵਿਚੋਂ ਸਮਝਣ ਉਪਰਾਂਤ ਇਸਨੂੰ ਪ੍ਰਗਟਾਉਣ ਦਾ ਯਤਨ ਕੀਤਾ ਗਿਆ ਸੀ ਜਿਸ ਰਾਹੀਂ ਭਗਤੀ ਤੇ ਸ਼ਕਤੀ ਦੇ ਅੰਤਰ ਸੰਬੰਧਾਂ, ਸ਼ਕਤੀ ਦੇ ਬਹੁ-ਪੱਧਰੀ ਪਾਸਾਰਾਂ ਅਤੇ ਸ਼ਕਤੀ ਦੀ ਇੱਛਾ ਆਦਿ ਜ਼ਰੂਰੀ ਪੱਖਾਂ ਉੱਤੇ ਵੀ ਰੋਸ਼ਨੀ ਪਾਈ ਗਈ ਸੀ।

ਹਥਲੇ ਅਧਿਆਇ ਵਿਚ ਗੁਰੂ ਗੋਬਿੰਦ ਸਿੰਘ ਜੀ ਦੀਆਂ ਚੋਣਵੀਆਂ ਕਾਵਿ ਰਚਨਾਵਾਂ ਜਾਪੁ ਬਚਿੱਤ੍ਰ ਨਾਟਕ, ਵਾਰ ਸ੍ਰੀ ਭਗਉਤੀ ਜੀ ਕੀ (ਚੰਡੀ ਦੀ ਵਾਰ), ਰਾਮਕਲੀ ਪਾਤਸ਼ਾਹੀ ੧੦ (ਸ਼ਬਦ ਹਜ਼ਾਰੇ), 33 ਸਵੈੱਯੇ ਅਤੇ ਜ਼ਫ਼ਰਨਾਮਾ ਆਦਿ ਦੇ ਅਧਿਐਨ ਵਿਚੋਂ ਸ਼ਕਤੀ ਦੇ ਵਿਭਿੰਨ ਸਰੂਪਾਂ ਉਤੇ ਵਿਚਾਰ ਕੀਤੀ ਜਾਵੇਗੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਵਿਚ ਭਗਤੀ ਅਤੇ ਸ਼ਕਤੀ ਦੇ ਹੋਏ ਸੁਮੇਲ ਨੂੰ ਵੀ ਪੇਸ਼ ਕੀਤਾ ਜਾਵੇਗਾ। ਸੋ ਉਪਰ ਦਿੱਤੀ ਰਚਨਾਵਾਂ ਦੀ ਤਰਤੀਬ ਅਨੁਸਾਰ ਸਭ ਤੋਂ ਪਹਿਲਾਂ ਜਾਪੁ ਦਾ ਅਧਿਐਨ ਕੀਤਾ ਜਾ ਰਿਹਾ ਹੈ।

### 3.1. ਜਾਪੁ ਰਚਨਾ ਵਿਚ ਸ਼ਕਤੀ ਦਾ ਸੰਕਲਪ ਤੇ ਸਰੂਪ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜੋ ਸਥਾਨ ਗੁਰੂ ਨਾਨਕ ਦੇਵ ਜੀ ਦੀ ਰਚਨਾ 'ਜਪੁ' ਜੀ ਨੂੰ ਪ੍ਰਾਪਤ ਹੈ, ਉਸੇ ਤਰ੍ਹਾਂ ਦਸਮ ਗ੍ਰੰਥ ਵਿਚ 'ਜਾਪੁ' ਬਾਣੀ ਨੂੰ ਪ੍ਰਾਪਤ ਹੈ। 'ਜਾਪੁ' ਗੁਰੂ ਗੋਬਿੰਦ ਸਿੰਘ ਜੀ ਦੀ ਪ੍ਰਮੁਖ ਰਚਨਾ ਹੈ ਜਿਸ ਵਿਚ ਪਰਮਾਤਮਾ ਦੀ ਉਸਤਤਿ ਕਰਦਿਆਂ ਉਸਦੀ

ਸ਼ਕਤੀ ਦੇ ਅਨੇਕ ਰੂਪਾਂ ਨੂੰ ਪ੍ਰਗਟਾਇਆ ਗਿਆ ਹੈ। ਇਸ ਰਚਨਾ ਦੇ ਸਾਰੇ ਬੰਦਾਂ ਵਿਚ ਪਰਮਾਤਮਾ ਦੀ ਨਿਰਗੁਣਆਤਮਕਤਾ ਉਤੇ ਫੋਕਸ ਕੀਤਾ ਗਿਆ ਹੈ ਅਤੇ ਉਸ ਦੀਆਂ ਸਰਵ ਗੁਣਾਤਮਕ ਸ਼ਕਤੀਆਂ ਨੂੰ ਪੇਸ਼ ਕੀਤਾ ਗਿਆ ਹੈ ਜੋ ਕਿ ਇਸ ਪ੍ਰਕਾਰ ਹੈ:

**ਪ੍ਰਮਾਤਮਾ ਦੀ ਅਕਾਲ ਸ਼ਕਤੀ (ਸਦੀਵੀ ਹੋਂਦ)**

ਇਸ ਜਗਤ ਵਿਚ ਪਰਮਾਤਮਾ ਹੀ ਇਕ ਅਜਿਹੀ ਅਕਾਲ ਰੂਪ ਹਸਤੀ ਹੈ ਜਿਸ ਦੀ ਹੋਂਦ ਸਦੀਵੀ ਹੈ। ਸਦੀਵੀ ਤੋਂ ਭਾਵ ਜਿਸ ਦੀ ਹੋਂਦ ਇਸ ਜਗਤ ਤੋਂ ਪਹਿਲਾਂ ਵੀ ਸੀ, ਹੁਣ ਵੀ ਹੈ ਅਤੇ ਇਸ ਜਗਤ ਦੀ ਹੋਂਦ ਤੋਂ ਬਾਅਦ ਵੀ ਮੌਜੂਦ ਰਹੇਗੀ ਭਾਵ ਉਸ ਦੀ ਹੋਂਦ ਸਰਬ ਵਿਆਪੀ ਹੈ। ਵਿਚਾਰਵਾਨਾਂ ਨੇ ਪਰਮਾਤਮਾ ਦੇ ਸਦੀਵੀ ਹੋਣ ਦਾ ਇਕ ਪ੍ਰਮੁੱਖ ਕਾਰਨ ਇਹ ਮੰਨਿਆ ਹੈ ਕਿ ਇਸ ਬ੍ਰਹਿਮੰਡ ਦੀ ਹਰ ਇਕ ਹੋਂਦਪੂਰਕ ਵਸਤੂ ਪਰਿਵਰਤਨਸ਼ੀਲ ਹੈ ਅਤੇ ਇਹਨਾਂ ਸਭ ਹਸਤੀਆਂ ਵਿਚ ਪਰਮਾਤਮਾ ਹੀ ਇਕ ਅਜਿਹੀ ਹਸਤੀ ਹੈ ਜੋ ਕਿ ਅਪਰਿਵਰਤਨਸ਼ੀਲ ਮੰਨੀ ਗਈ ਹੈ। ਗਿਆਨੀ ਸ਼ੇਰ ਸਿੰਘ ਦਾ ਕਹਿਣਾ ਹੈ ਕਿ

> ਬਾਕੀ ਸਾਰੀ ਰਚਨਾ ਦੀ ਹੋਂਦ ਅਦਲਾ ਬਦਲੀ ਦੇ ਅਧੀਨ ਹੈ, ਸਦਾ ਇਕ ਰਸ ਨਹੀਂ ਰਹਿੰਦੀ, ਅਸਲ ਅਰਥਾਂ ਵਿਚ ਪਰਮਾਤਮਾ ਅਸਲ ਹੋਂਦ ਰਖਦਾ ਹੈ।[1]

ਉਪਰੋਕਤ ਵਿਚਾਰ ਦੀ ਪ੍ਰਾਸੰਗਿਕਤਾ ਲਈ ਕਿ ਜਾਪੁ ਰਚਨਾ ਵਿਚੋਂ ਇਹ ਪ੍ਰਮਾਣ ਦਿੱਤਾ ਜਾ ਸਕਤਾ ਹੈ:

ਹਮੇਸੁਲ ਸਲਾਮੈ।। ਸਲੀਖਤ ਮੁਦਾਮੈ।।[2]

ਅਰਥਾਤ ਪਰਮਾਤਮਾ ਦੀ ਹੋਂਦ ਸਦਾ ਥਿਰ ਰਹਿਣ ਵਾਲੀ ਹੈ। ਪਰਮਾਤਮਾ ਸਦਾ ਸਲਾਮਤ (ਕਾਇਮ) ਹੈ, ਭਾਵ ਪਰਮਾਤਮਾ ਦੀ ਹੋਂਦ ਹਮੇਸ਼ਾਂ ਕਾਇਮ ਰਹਿਣ ਵਾਲੀ ਇਕ ਸਾਰ ਹੈ ਜੋ ਕਦੇ ਬਦਲਦੀ ਨਹੀਂ। ਪ੍ਰਮਾਤਮਾ ਨੇ ਹੀ ਸ੍ਰਿਸ਼ਟੀ ਰਚਨਾ ਸਮੇਂ ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ ਦੀ ਰਚਨਾ ਕੀਤੀ ਹੈ:

ਕਾਲ ਪਾਇ ਬ੍ਰਹਮਾ ਬਪੁ ਧਰਾ।।

ਕਾਲਿ ਪਾਇ ਸ਼ਿਵ ਜੂ ਅਵਤਰਾ।।

ਕਾਲ ਪਾਇ ਕਰਿ ਬਿਸ਼ਨ ਪ੍ਰਕਾਸ਼ਾ।।

ਸਕਲ ਕਾਲ ਕਾ ਕੀਯਾ ਤਮਾਸ਼ਾ।।[3]

ਭਾਵ ਸਮਾਂ ਆਣ ਤੇ ਹੀ ਬ੍ਰਹਮਾ ਨੇ ਸ਼ਰੀਰ ਧਾਰਨ ਕੀਤਾ, ਸਮਾਂ ਪਾ ਕੇ ਹੀ ਸ਼ਿਵ ਜੀ ਨੇ ਅਵਤਾਰ ਧਾਰਿਆ। ਕਾਲ ਦੀ ਪ੍ਰਾਪਤੀ ਤੇ ਹੀ ਵਿਸ਼ਣੂ ਦਾ ਪ੍ਰਕਾਸ਼ ਹੋਇਆ, ਉਸ ਪ੍ਰਮਾਤਮਾ (ਮਹਾਂਕਾਲ) ਨੇ ਹੀ ਸਾਰਿਆਂ ਕਾਲਾਂ ਦਾ ਕੌਤਕ ਰਚਾਇਆ ਹੋਇਆ ਹੈ।

**ਪਰਮਾਤਮਾ ਦਾ ਅਮੂਰਤ ਸਰੂਪ**

ਜਾਪ ਰਚਨਾ ਦੀ ਆਰੰਭਤਾ ਵਿਚ ਪਰਮਾਤਮਾ ਨੂੰ ਅਮੂਰਤ ਸ਼ਕਤੀ ਵਜੋਂ ਪੇਸ਼ ਕੀਤਾ ਗਿਆ ਹੈ:

ਚੱਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ।।

ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤਿ ਕਿਹ।।

ਅਚਲ ਮੂਰਤਿ ਅਨੁਭਵ ਪ੍ਰਕਾਸ਼ ਅਮਿਤੋਜ ਕਹਿੱਜੈ।।

ਕੋਟਿ ਇੰਦ੍ਰ ਇੰਦ੍ਰਾਣਿ ਸਾਹਿ ਸਾਹਾਣਿ ਗਣਿੱਜੈ।।

ਤ੍ਰਿਭਵਣ ਮਹੀਪ ਸੁਰ ਨਰ ਅਸੁਰ ਨੇਤਿ ਨੇਤਿ ਬਨ ਤ੍ਰਿਣ ਕਹਤ।।

ਤਵ ਸਰਬ ਨਾਮ ਕੱਥੈ ਕਵਨ ਕਰਮ ਨਾਮ ਬਰਨਤ ਸੁਮਤਿ।।[4]

ਅਰਥਾਤ ਪਰਮਾਤਮ ਸ਼ਕਤੀ ਚਕ੍ਰ-ਚਿਹਨਾਂ, ਵਰਣਾਂ, ਜਾਤਾਂ-ਪਾਤਾਂ, ਰੂਪਾਂ, ਰੇਖਾਂ, ਭੇਖਾਂ ਤੋਂ ਅਲੋਪ ਅਚੱਲ ਮੂਰਤ ਕਿਹਾ ਗਿਆ ਹੈ। ਗੁਰੂ ਗੋਬਿੰਦ ਸਿੰਘ ਜੀ ਦੁਆਰਾ ਪਾਉਂਟਾ ਸਾਹਿਬ ਵਿਖੇ ਰਚਿਆ ਜਾਪੁ ਸਾਹਿਬ ਇਕ ਸਤੋਤ੍ਰ ਹੈ, ਸਤੋਤ੍ਰ ਸ਼ਬਦ ਸੰਸਕ੍ਰਿਤ ਦਾ ਹੈ, ਇਸ ਦਾ ਅਰਥ ਵਿਆਪਕ ਰੂਪ ਵਿਚ ਉਸਤਤਿ ਜਾਂ ਗੁਣਾਂ ਦਾ ਵਰਣਨ ਹੁੰਦਾ, ਭਾਵ ਕਿਸੇ ਅਰਾਧਨ ਯੋਗ ਹਸਤੀ-ਸ਼ਕਤੀ ਦਾ ਛੰਦ-ਬੱਧ ਰੂਪ ਵਿਚ ਗਾਇਨ (ਵਰਣਨ) ਕੀਤਾ ਜਾਂਦਾ ਹੈ। ਸਤੋਤ੍ਰ ਭਾਰਤੀ ਪਰੰਪਰਾ ਦਾ ਸ਼ਬਦ ਹੈ ਜਿਸ ਵਿਚ ਕਿਸੇ ਦੇਹਧਾਰੀ ਦੇਵਤੇ ਜਾਂ ਦੇਵੀ ਦੀ ਉਸਤਤੀ

ਕੀਤੀ ਜਾਂਦੀ ਸੀ। ਜ਼ਿਆਦਾਤਰ ਮੂਰਤੀ ਪੂਜਾ ਹੀ ਹੁੰਦੀ ਸੀ। 'ਜਾਪੁ' ਸਾਹਿਬ ਦਾ ਸਤੋਤ੍ਰ ਇਸ ਪ੍ਰਚਲਿਤ ਪਰੰਪਰਾ ਤੋਂ ਵਖਰਾ ਤੇ ਵਿਲੱਖਣ ਹੈ ਕਿਉਂਕਿ ਇਸ ਵਿਚ ਇਕ ਐਸੇ ਨਿਰਗੁਣ ਪਰਮਾਤਮਾ ਦੀ ਸ਼ਕਤੀ ਦਾ ਬਹੁ-ਪ੍ਰਕਾਰੀ ਵਰਣਨ ਹੈ ਜਿਹੜਾ ਰੂਪ-ਰੰਗ, ਰੇਖ-ਭੇਖ, ਦੇਸ, ਸਮੇਂ, ਦੀਆਂ ਸੀਮਾਵਾਂ ਤੋਂ ਮੁਕਤ ਹੈ ਭਾਵ ਨਿਰਾਕਾਰ, ਨਿਰਲੰਭ, ਅਗੰਮ, ਅਕਥ ਤੇ ਅਗੋਚਰ ਹੁੰਦੀ ਹੋਈ ਕਲਿਆਣਕਾਰੀ ਸ਼ਕਤੀ ਵਜੋਂ ਸਰਬ ਥਾਈਂ ਵਿਆਪਕ ਹੈ।[5]

ਪਰਮੇਸ਼ਰ ਦਾ ਸਥਾਈ ਅਤੇ ਸਥਿਤ ਰੂਪ ਭਾਵੇਂ ਨਿਰਾਕਾਰ ਅਤੇ ਅਮੂਰਤ ਹੀ ਹੈ, ਫਿਰ ਵੀ ਸਾਰੀ ਰਚਨਾ ਉਸ ਪਾਰਬ੍ਰਹਮ ਦਾ ਵਿਸਤ੍ਰਿਤ, ਦ੍ਰਿਸ਼ਟਮਾਨ ਅਤੇ ਪ੍ਰਗਟ ਰੂਪ ਹੀ ਹੈ। ਰਚਨਾ ਦੇ ਹਰ ਅੰਗ ਵਿਚ ਪਾਰਬ੍ਰਹਮ ਦੀ ਹੀ ਜੋਤਿ ਨਿਰੰਤਰ ਪ੍ਰਕਾਸ਼ਮਾਨ ਹੋ ਰਹੀ ਹੈ। ਗੁਰੂ ਸਾਹਿਬ ਨਿਰਗੁਣਵਾਦੀ ਹੁੰਦੇ ਹੋਏ ਬ੍ਰਹਮ ਨੂੰ ਗੁਣਾਂ ਦਾ ਭੰਡਾਰ ਦੱਸਦੇ ਹਨ, ਕਰਤਾਰੀ ਗੁਣਾਂ ਦਾ ਸਮੂਹ ਇਨ੍ਹਾਂ ਗੁਣਾਂ ਵਿਚ ਉਸ ਨੂੰ ਤੇਜ ਪ੍ਰਤਾਪਵਾਨ, ਸ਼ਕਤੀਵਾਨ ਜਾਂ ਜਲਾਲ ਪੂਰਣ ਚਿਤਰਿਆ ਹੈ ਤਾਂ ਕਿ ਉਸ ਦਾ ਧਿਆਨ ਧਰਨ ਵਾਲੇ ਇਹ ਸ਼ਕਤੀ ਪਾ ਕੇ ਕਰਮ ਖੇਤਰ ਵਿੱਚ ਚੰਗੀ ਤਰ੍ਹਾਂ ਜੂਝ ਸਕਣ। ਉਸ ਸਮੇਂ ਸ਼ਰਧਾਲੂਆਂ ਨੂੰ ਸੰਤ ਸਿਪਾਹੀ ਸਾਜਣ ਲਈ ਅਜਿਹੇ ਸਰੂਪ ਨੂੰ ਉਜਾਗਰ ਕਰਨਾ ਵਧੇਰੇ ਲੋੜੀਂਦਾ ਸੀ। ਇਸ ਕਰਕੇ 'ਜਾਪੁ' ਰਚਨਾ ਦੇ ਕਈ ਭਾਵ ਗੁਰੂ ਗੋਬਿੰਦ ਸਿੰਘ ਨੇ ਸ਼ਸਤ੍ਰਧਾਰੀ, ਗਰਬਗੰਜਨ, ਦੁਸ਼ਟ ਭੰਜਨ ਅੰਕਿਤ ਕਰਕੇ ਇਕ ਸਮਾਜਿਕ ਉਪਯੋਗਤਾ ਨੂੰ ਧਿਆਨ ਵਿਚ ਰਖਿਆ ਹੈ। ਗੁਰੂ ਸਾਹਿਬ ਜਮਾਲ ਦੀ ਥਾਂ ਜਲਾਲ ਦਾ ਪ੍ਰਗਟਾਵਾ ਕਰਕੇ ਪ੍ਰਸੰਨ ਹਨ ਤਾਂ ਕਿ ਜਬਰ ਵਿਰੋਧੀ ਅੰਦੋਲਨ ਕਰਨ ਲਈ ਇਸ ਇਸ਼ਟ ਦੇਵ (ਪਰਮਾਤਮਾ) ਤੋਂ ਸ਼ਕਤੀ ਲਈ ਜਾ ਸਕੇ।[6] ਇਸ ਲਈ 'ਜਾਪੁ' ਵਿਚ ਬਾਰ-ਬਾਰ ਦੁਹਰਾਇਆ ਹੈ:

ਗ਼ਨੀਮੁਲ ਖਿਰਾਜ਼ ਹੈਂ॥ ਗ਼ਰੀਬੁਲ ਨਿਵਾਜ਼ ਹੈਂ॥

ਹਰੀਫੁਲ ਸ਼ਿਕੰਨ ਹੈਂ॥ ਹਿਰਾਸੁਲ ਫਿਕੰਨ ਹੈਂ॥[7]

ਅਰਥਾਤ ਪਰਮਾਤਮ ਸ਼ਕਤੀ ਸਭ ਵੈਰੀਆਂ ਨੂੰ ਆਪਣੇ ਅਧੀਨ ਰਖਦੀ ਹੈ। ਉਹ ਸ਼ਕਤੀ ਗਰੀਬਾਂ ਨੂੰ ਵਡਿਆਉਂਦੀ ਹੈ। ਵੈਰੀਆਂ ਦਾ ਨਾਸ਼ ਕਰਦੀ ਹੈ ਅਤੇ ਭੈ ਦਾ ਨਾਸ਼ ਕਰਨ ਵਾਲੀ ਹੈ। ਇਸਦਾ

ਭਾਵ ਇਹ ਨਹੀਂ ਕਿ ਪਰਮੇਸ਼ਰ ਕੋਈ ਜ਼ਾਬਰ ਸ਼ਕਤੀ ਹੀ ਹੈ, ਉਸਨੂੰ 'ਦਿਆਲ ਸਰੂਪੇ' ਤੇ 'ਕਰੀਮੇ ਰਹੀਮੇ' ਵੀ ਕਿਹਾ ਜਾਂਦਾ ਹੈ। ਗੁਰੂ ਗੋਬਿੰਦ ਸਿੰਘ ਜੀ ਪਰਮਾਤਮਾ ਨੂੰ ਸ੍ਰਿਸ਼ਟੀ ਵਿਚ ਪ੍ਰੇਮ ਬਣ ਕੇ ਵਿਆਪਕ ਹੋਇਆ ਫੁਰਮਾਉਂਦੇ ਹਨ ਹੈ:

ਦੇਸ ਅਉਰ ਨ ਭੇਸ ਜਾਕਰਿ ਰੂਪ ਰੇਖ ਨ ਰਾਗ।।
ਜੱਤ੍ਰ ਤੱਤ੍ਰ ਦਿਸਾ ਵਿਸਾ ਹੁਇ ਫੈਲਿਓ ਅਨੁਰਾਗ।।[8]

ਭਾਵ ਜਿਸਦਾ ਦੇਸ , ਭੇਸ, ਰੂਪ, ਰੇਖ ਅਤੇ ਰਾਗ (ਮੋਹ) ਨਹੀਂ ਪਰ ਫਿਰ ਵੀ ਚਾਰੇ ਪ੍ਰੇਮ ਰੂਪ ਹੋ ਕੇ ਪਸਰਿਆ ਹੋਇਆ ਹੈ। ਇਹ ਪਰਮਾਤਮ ਸ਼ਕਤੀ ਐਨੀ ਵਿਸ਼ਾਲ ਹੁੰਦੇ ਹੋਇਆ, ਨਿਕੀ ਆਤਮਾ ਦੇ ਵਸ ਵੀ ਹੋ ਜਾਂਦੀ ਹੈ:

ਪਰਮਾਤਮ ਹੈਂ।। ਸਰਬਾਤਮ ਹੈਂ।।

ਆਤਮ ਬਸ ਹੈਂ।। ਜਸ ਕੇ ਜਸ ਹੈਂ।।[9]

ਪਰਮਾਤਮਾ ਹੀ ਹੈ ਜੋ ਸਭ ਵਿਚ ਵਿਆਪਕ ਹੈ ਪਰ ਇਹ ਖੁਦ ਆਪਣੇ ਹੀ ਬਸ ਵਿਚ ਹੈ। ਇਸਲਈ ਪਰਮਾਤਮਾ ਨੂੰ ਅਤਿਅੰਤ ਬੁਧੀਮਾਨ ਤੇ ਰੂਪਵਾਨ ਸ਼ਕਤੀ ਦਸਿਆ ਗਿਆ ਹੈ ਜਿਸਨੂੰ ਗੁਰੂ ਗੋਬਿੰਦ ਸਿੰਘ ਅਤਿਅੰਤ ਨਿਪੁੰਨਤਾ ਤੇ ਮਨੋਹਰ ਛੰਦਾਂ ਵਿੱਚ ਚਮਕਾ ਕੇ ਰੇਖ਼ਤਾ ਦੇ ਨਵੇਂ ਰੂਪ ਵਿਚ ਪੇਸ਼ ਕੀਤਾ ਹੈ।

ਕਿ ਸਰਬੰ ਕਲੀਮੈ।। ਕਿ ਪਰਮੰ ਫਹੀਮੈ।।
ਕਿ ਆਕਲ ਅਲਾਮੈ।। ਕਿ ਸਾਹਿਬ ਕਲਾਮੈ।।
ਕਿ ਹੁਸਨੁਲ ਵਜੂ ਹੈਂ।। ਤਮਾਮੁਲ ਰੁਜੂ ਹੈਂ।।[10]

ਅਰਥਾਤ ਉਹ ਪਰਮਾਤਮ ਸ਼ਕਤੀ ਹੀ ਸਭ ਦਾ ਬੋਲ (ਕਲਾਮ) ਹੈ, ਸ੍ਰੇਸ਼ਟ ਬੁਧੀਮਾਨ ਹੈ, ਉਹ ਸ਼ਕਤੀ ਹੀ ਅਕਲਮੰਦ ਹੈ। ਸਭ ਬੋਲੀਆਂ (ਕਲਾਮ) ਦਾ ਸੁਆਮੀ ਪਰਮਾਤਮਾ ਹੈ। ਉਹ ਪਰਮਾਤਮ ਸ਼ਕਤੀ ਸੁੰਦਰਤਾ ਦੀ ਮੂਰਤ ਹੈ ਜੋ ਸਭ ਵਲ ਧਿਆਨ ਦੇਣ ਵਾਲੀ ਹੈ। ਪਰਮਾਤਮਾ ਜਿਥੇ ਬਦੀ ਦੇ ਨਾਸ਼ ਕਰਨ ਲਈ ਸਮਰਥ ਹੈ, ਉਥੇ ਉਹ ਪਾਲਕ ਤੇ ਕ੍ਰਿਪਾਲੂ ਵੀ ਹੈ। ਇਸ ਤਰ੍ਹਾਂ

'ਜਾਪੁ' ਸਾਹਿਬ ਵਿਚ ਪਾਰਬ੍ਰਹਮ ਦੇ ਸਰਗੁਣ ਤੇ ਨਿਰਗੁਣ ਭਾਵ ਮੂਰਤ ਤੇ ਅਮੂਰਤ ਦੋਹਾਂ ਰੂਪਾਂ ਦਾ ਸੁੰਦਰ ਸੁਮੇਲ ਪ੍ਰਸਤੁਤ ਕਰਨ ਦਾ ਯਤਨ ਕੀਤਾ ਗਿਆ ਹੈ।

## ਪਰਮਾਤਮ ਸ਼ਕਤੀ ਦੇ ਕਰਮ ਨਾਮ

'ਜਾਪੁ' ਰਚਨਾ ਵਿਚ ਪਰਮਾਤਮ ਸ਼ਕਤੀ ਦੇ ਬਹੁਤ ਸਾਰੇ ਨਾਮ ਮਿਲਦੇ ਹਨ ਜਿਹਨਾਂ ਵਿਚੋਂ ਕੁਝ ਕਰਮ ਨਾਵਾਂ ਤੇ ਆਧਾਰਿਤ ਹਨ ਅਤੇ ਨਾਲ ਇਹ ਵੀ ਕਿਹਾ ਗਿਆ ਹੈ ਕਿ ਪਰਮਾਤਮਾ ਦੇ ਸਰਬਨਾਮਾਂ ਦਾ ਜ਼ਿਕਰ ਨਹੀਂ ਹੋ ਸਕਦਾ ਹੈ। ਸੰਸਾਰ ਦੇ ਸਾਰੇ ਧਰਮ ਗ੍ਰੰਥ ਪ੍ਰਮਾਤਮਾ ਦੇ ਨਾਮ ਆਪੋ ਆਪਣੀ ਆਸਥਾ, ਭਾਵਨਾ ਤੇ ਵਿਸ਼ਵਾਸ਼ ਨੂੰ ਮੁਖ ਰੱਖ ਕੇ ਯਾਦ ਤੇ ਅੰਕਿਤ ਕਰਦੇ ਹਨ ਪ੍ਰੰਤੂ 'ਜਾਪੁ' ਵਿਚ ਅਕਾਲ ਪੁਰਖ ਅਮਜਬੇ, ਅਕਾਮੰ, ਅਨਾਮੰ, ਅਕਰਮੰ ਹੀ ਰਹਿੰਦਾ ਹੈ ਭਾਵ ਉਹ ਇਨ੍ਹਾਂ ਨਾਵਾਂ ਤੱਕ ਹੀ ਸੀਮਤ ਨਹੀਂ ਹੈ।[11] ਜਾਪੁ ਰਚਨਾ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਪਰਮਾਤਮਾ ਸ਼ਕਤੀ ਦੇ ਨੌਂ ਪ੍ਰਕਾਰ ਦੇ ਕਰਮ ਨਾਵਾਂ ਬਾਰੇ ਵਰਣਨ ਕੀਤਾ ਹੈ-

1. ਚਕ੍ਰ ਚਿਹਨ ਨਹੀਂ ਹੈ, (2) ਬਰਨ ਜਾਤਿ ਅਰੁ ਪਾਤਿ ਨਹੀਂ ਹੈ, (3) ਰੂਪ ਰੰਗ ਨਹੀਂ ਹੈ, (4) ਰੇਖ ਭੇਖ ਨਹੀਂ ਹੈ, (5) ਅਚਲ ਮੂਰਤਿ ਹੈ, (6) ਅਨਭਊ ਪ੍ਰਕਾਸ਼ ਹੈ, (7) ਅਮਿਤੋਜਿ ਹੈ, (8) ਨੇਤ ਨੇਤ ਹੈ, (9)ਬੇਅੰਤ ਕਰਮ ਕਰਦਾ ਹੈ ਜਿਨ੍ਹਾਂ ਕਰਕੇ ਉਸ ਦੇ ਕਰਮ ਨਾਮ ਬਣਦੇ ਹਨ। ਜਾਪੁ ਵਿਚ ਇਹਨਾਂ ਨੌਂ ਕਰਮ ਨਾਵਾਂ ਦੇ ਰੂਪ ਵਿਚ ਨੌਂ ਸੂਚੀਆਂ ਹਨ ਜਿਹਨਾਂ ਦਾ ਵਰਣਨ ਇਸ ਪ੍ਰਕਾਰ ਹੈ:

1. ਚਕ੍ਰ ਚਿਹਨ ਨਹੀਂ ਹੈ (ਜਿਸਦਾ ਕੋਈ ਨਿਸ਼ਾਨ ਹੈ)-

ਅਕਾਏ, ਅਨੰਗੇ।

2. ਬਰਨ ਜਾਤਿ ਅਰੁ ਪਾਤਿ ਨਹੀਂ (ਰੰਗ, ਜਾਤ ਅਤੇ ਕੁਲ ਨਹੀਂ ਹੈ)-

ਅਨੀਲੇ, ਅਬਾਹੇ, ਅਜਾਤੇ, ਅਪਾਤੇ, ਅਬਰਨੇ, ਨ੍ਰਿਸਾਕੇ, ਨ ਪੋਤ੍ਰੈ, ਨ ਪੁੱਤ੍ਰੈ, ਨ ਮਿਤ੍ਰੈ, ਨ ਤਾਤੈ, ਨ ਮਾਤੇ, ਨ ਜਾਤੈ, ਨ ਪਾਤੈ, ਨ੍ਰਿਸਾਕੰ ਸਰੀਕ ਹੈਂ।

3. ਰੂਪ ਰੰਗ ਨਹੀਂ (ਅਮੂਰਤ ਹੈ)–

ਅਰੂਪੇ, ਅਰੰਗੇ, ਅਨੀਲੇ, ਰੂਪ ਰਸਾਲ।

4. ਰੇਖ ਭੇਖ ਨਹੀਂ–

ਅਭੇਖੇ, ਨ੍ਰਿਭੇਸੇ, ਅਮਜਬੇ, ਅਭੇਸੇ।

5. ਅਚਲ ਮੂਰਤਿ ਹੈ–

ਅਗੰਜੇ, ਅਭੰਜੇ, ਅਜੀਤੇ, ਅਭੀਤੇ, ਅਢਾਹੇ, ਅਛੇਦੇ, ਨ੍ਰਿਧਾਤੇ, ਨ੍ਰਿਘਾਤੇ, ਅਸੋਕੇ, ਅਰਮਨੇ, ਅਝੂਝ, ਅਝੰਝ, ਅਖਿਜੈ, ਅਭਿਜੇ ਆਦਿ ਰੂਪ ਅਨਾਦਿ ਮੂਰਤਿ, ਏਕ ਮੂਰਤਿ ਅਨੇਕ ਦਰਸ਼ਨ, ਆਸਨ ਅਭੰਗ, ਅਚਲੰ ਪ੍ਰਕਾਸ਼, ਅਨਭਿਜ ਅੰਗ, ਆਸਾ ਅਭੰਗ, ਏਕੈ ਸਦਾਹ।

6. ਅਨਭਉ ਪ੍ਰਕਾਸ ਹੈ (ਆਪਣੇ ਆਪ ਪੈਦਾ ਹੋਇਆ ਗਿਆਨ)–

ਅਜਾਏ, ਅਭੂਤੇ, ਅਥਾਪੇ, ਦੇਵੇ, ਅਜਨਮੇ, ਭਾਨ ਭਾਨੇ, ਚੰਦ੍ਰ ਚੰਦ੍ਰੇ, ਗੀਤ ਗੀਤੇ, ਤਾਨ ਤਾਨੇ, ਨ੍ਰਿਤ ਨ੍ਰਿਤੇ, ਨਾਦ ਨਾਦੇ, ਗਿਆਤਾ, ਅਜੋਨਿ ਪੁਰਖ, ਅਨਭਉ ਪ੍ਰਕਾਸ, ਪ੍ਰਚੰਡ ਅਜਨਮੰ, ਅਜਬ ਸਰੂਪ।

7. ਅਮਿਤੋਜ ਹੈ (ਅਮਿਣਵੀਂ ਤਾਕਤ ਵਾਲਾ)–

ਅਨੂਪੇ, ਅਲੇਖੇ, ਅਪਾਰੇ, ਤ੍ਰਿਮਾਨੇ, ਅਜਬੇ, ਅਨੰਦੇ, ਮਹੰਤੇ, ਅਲੇਖ, ਨ੍ਰਿਬੂਝ, ਅਸੂਝ, ਅਸੰਭ, ਮਿਤਿ ਗਤਿ ਅਖੰਡ, ਅਮਿਤੋ ਅਮੀਕ ਹੈ।

8. ਨੇਤ ਨੇਤ ਹੈ (ਉਸ ਵਰਗਾ ਕੋਈ ਨਹੀਂ ਹੈ)–

ਅਕਾਲੇ, ਅਨਾਮੇ, ਅਕਰਮੰ, ਅਧਰਮੰ, ਅਨਾਦੇ, ਅਗਾਦੇ, ਅਗਾਧੇ, ਨ੍ਰਿਕਾਮੇ, ਅਬੰਧੇ, ਅਮੀਕ, ਅਗੰਮ, ਅਨਡੰਡ, ਅਤਤੰ, ਅਨੇਕੇ, ਅਨੂਪੇ, ਨ੍ਰਿਭਰਮੇ।

9. ਬੇਅੰਤ ਕਰਮ ਕਰਦਾ ਹੈ-

ਕ੍ਰਿਪਾਲੇ, ਉਦਾਰੇ, ਨਿਧਾਨੇ, ਪ੍ਰਭੋਗੇ, ਸੁਜੋਗੇ, ਜਲਾਸਰੇ, ਸਰਬ ਕਾਲੇ, ਦਿਆਲੇ, ਸਰਬ ਰੂਪੇ, ਸਰਬ ਭੂਪੇ, ਸਰਬ ਖਾਪੇ, ਸਰਬ ਥਾਪੇ, ਸਰਬ ਪਾਲੇ, ਸਰਬ ਗਉਨੇ, ਸਰਬ ਰੰਗੇ, ਸਰਬ ਭੰਗੇ, ਕਾਲ ਕਾਲੇ, ਰਹੀਮੇ, ਕਰੀਮੇ, ਸਰਬੰ ਸੋਖੰ, ਸਰਬੰ ਪੋਖੰ, ਸਰਬ ਕਰਤਾ, ਸਰਬੰ ਭਰਤਾ ਆਦਿ ਕਰਮ ਨਾਵਾਂ ਦਾ ਵਰਣਨ ਕੀਤਾ ਹੈ ਜੋ ਪਰਮਾਤਮਾ ਦੇ ਬੇਅੰਤ ਕਰਮਾਂ ਨੂੰ ਪੇਸ਼ ਕਰਦਾ ਹੈ।

ਜਾਪੁ ਰਚਨਾ ਵਿਚ ਪਰਮਾਤਮ ਸ਼ਕਤੀ ਦੇ ਅਕਾਲ ਸਰੂਪ ਨਾਲੋਂ ਉਸ ਦੇ ਕਾਲ ਰੂਪ ਹੋ ਕੇ ਜਗਤ ਵਿਚ ਕਾਰਜਸ਼ੀਲ ਹੋਣ ਨੂੰ ਪਹਿਲ ਦਿੱਤੀ ਗਈ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਪਰਮਾਤਮਾ ਨੂੰ ਕਾਲ-ਕਾਲੇ, ਸਰਬ-ਕਾਲੇ, ਮਹਾਂ-ਕਾਲੇ ਇਤਿਯਾਦਿਕ ਕ੍ਰਿਆ- ਸ਼ੀਲ ਨਾਵਾਂ ਨਾਲ ਸੰਬੋਧਨ ਕੀਤਾ ਹੈ। ਜਾਪੁ ਬਾਣੀ ਦਾ ਪ੍ਰਵਚਨ ਹੈ ਕਿ ਮਨੁਖ ਕਾਲ ਦੇ ਭੈਅ ਨੂੰ ਤਿਆਗ ਕੇ ਅਕਾਲ ਹੋਂਦ ਵਿਚ ਪ੍ਰਵਾਨ ਹੋਵੇ। ਗੁਰੂ ਗੋਬਿੰਦ ਸਿੰਘ ਜੀ ਮਨੁਖ ਨੂੰ ਕਾਲ ਦੇ ਡਰਾਂ ਤੋਂ ਮੁਕਤ ਹੀ ਨਹੀਂ ਕਰ ਰਹੇ ਸਗੋਂ ਅਕਾਲ ਪੁਰਖ ਨਾਲ ਰਖਿਅਕ ਜੋੜ ਕੇ ਮਨੁਖ ਨੂੰ ਕਾਲ ਦੇ ਬੰਧਨ ਤੋਂ ਰਹਿਤ ਕਰ ਰਹੇ ਹਨ। ਉਹ ਪ੍ਰਭੂ ਨੂੰ ਰਖਿਅਕ, ਕ੍ਰਿਪਾਲੂ, ਅਤੇ ਸ਼ਸਤਰਧਾਰੀ ਕਹਿੰਦੇ ਹਨ ਜੋ ਰੋਜ਼ੀ ਰਹਿੰਦ ਹੈ, ਵਿਰੋਧੀਆਂ ਦਾ ਨਾਸ਼ ਕਰਨ ਵਾਲਾ ਹੈ:[12]

ਗਰਬ ਗੰਜਨ ਦੁਸਟ ਭੰਜਨ ਮੁਕਤਿ ਦਾਇਕ ਕਾਮ॥[13]

ਪਰਮਾਤਮਾ ਦਾ ਅਕਾਲ ਰੂਪ ਦ੍ਰਿਸ਼ਟਮਾਨ ਨਹੀਂ, ਪਰਮਾਤਮਾ ਦਾ ਕਾਲ ਸਰੂਪ ਕਰਮ ਨਾਲ ਸੰਬੰਧਿਤ ਹੈ। ਇੰਝ ਕਰਮ ਨਾਮ ਰਾਹੀਂ ਭਾਰਤੀ ਨਿਸ਼ਕ੍ਰਿਯ ਪਰਮਾਤਮਾ ਨੂੰ ਇਕ ਕਾਜਰਸ਼ੀਲ ਸ਼ਕਤੀ ਦੇ ਰੂਪ ਵਿਚ ਪ੍ਰਸਤੁਤ ਕਰਨ ਹਿਤ ਜਾਪੁ ਰਚਨਾ ਦਾ ਵਿਸ਼ੇਸ਼ ਪ੍ਰਯੋਜਨ ਹੈ।

## ਪ੍ਰਮਾਤਮਾ ਦੀ ਸਤਿ-ਚਿਤ-ਆਨੰਦ ਸ਼ਕਤੀ (ਸਚਿਦਾਨੰਦ) ਦਾ ਰੂਪ

ਧਰਮ ਗ੍ਰੰਥਾਂ ਵਿਚ ਪਰਮਾਤਮ ਸ਼ਕਤੀ ਦੇ ਗੁਣਾਂ ਦਾ ਸਾਰ ਸਤਿ, ਚਿੱਤ, ਆਨੰਦ ਦੀ ਸੀਮਿਤ ਸ਼ਬਦਾਵਲੀ ਰਾਹੀਂ ਕੀਤਾ ਗਿਆ ਹੈ। ਇਨ੍ਹਾਂ ਤਿੰਨਾਂ ਸ਼ਬਦਾਂ ਵਿਚ ਪਰਮਾਤਮਾ ਦੇ ਨਿੱਤ, ਅਬਦਲ ਅਥਵਾ ਸਥਾਈ ਰੂਪ ਨੂੰ ਵਿਸ਼ੇਸ਼ ਸਥਾਨ ਪ੍ਰਾਪਤ ਹੈ। ਪਰਮ ਸੱਤਾ ਦਾ ਨਾ ਕੋਈ ਆਦਿ ਹੈ ਨਾ ਹੀ ਅੰਤ। ਉਹ ਸਦੀਵੀ ਤੱਤ ਜਨਮ ਤੇ ਮ੍ਰਿਤੂ ਦੇ ਚੱਕਰ ਤੋਂ ਮੁਕਤ, ਸਮੇਂ, ਸਥਾਨ ਦੇ ਬਦਲਾਅ ਅਤੇ ਨਾਸ਼ਮਾਨਤਾ ਦੀ ਪਹੁੰਚ ਤੋਂ ਪਰੇ ਸਦਾ ਇਕੋ ਜਿਹੀ ਹਾਲਤ ਵਿਚ ਟਿਕਿਆ ਰਹਿੰਦਾ ਹੈ। ਆਪਣੇ ਇਹਨਾਂ ਗੁਣਾਂ ਕਰਕੇ ਉਹ ਸਤਿ ਸਰੂਪ ਦਾ ਧਾਰਨੀ ਹੈ। ਚਿੱਤ ਤੋਂ ਭਾਵ ਚੇਤੰਨ ਹੈ। 'ਜਾਪੁ' ਵਿਚ ਸਾਰੀ ਚੇਤੰਨਤਾ ਦਾ ਮੂਲ ਕਾਰਣ ਪਾਰਬ੍ਰਹਮ ਦੀ ਸ਼ਕਤੀ ਨੂੰ ਮੰਨਿਆ ਗਿਆ ਹੈ। ਉਸ ਨੂੰ ਜੀਵਾਂ ਦਾ ਜੀਵਨ ਅਤੇ ਸਾਰੇ ਚੇਤੰਨਤਾ ਦਾ ਸੂਖਮ ਅਧਾਰ (ਨਮੋ ਬੀਜ ਬੀਜੇ) ਕਹਿ ਕੇ ਸਤਿਕਾਰਿਆ ਗਿਆ ਹੈ। ਉਹ ਸ਼ਕਤੀ ਮਾਨਵ ਬੁਧੀ ਨੂੰ ਵੀ ਉੱਤਮ ਬੁੱਧੀ ਦਾ ਧਾਰਣ ਕਰਦੀ ਹੈ। ਉਹ ਪਰਮ ਸ਼ਕਤੀ, ਅਕਲ ਤੇ ਇਲਮ ਦੀ ਧਨੀ (ਅਕਲ ਅਲਾਮੈ) ਅਤੇ ਚਤੁਰ ਤਥਾ ਕੁਸ਼ਲ ਭਾਸ਼ਣ ਕਰਤਾ (ਕਿ ਸਾਹਿਬ ਕਲਾਮੈ) ਹੈ। ਪਰਮਾਤਮਾ ਦੀ ਸ਼ਕਤੀ ਨਾ ਕੇਵਲ ਚੇਤੰਨਤਾ ਦੀ ਧਾਰਣੀ ਹੈ, ਬਲਕਿ ਉਸੇ ਦੀ ਚੇਤਨਾ ਸਾਰੀ ਰਚਨਾ ਵਿਚ ਇਕ ਸਕ੍ਰਿਅ ਸ਼ਕਤੀ ਦੇ ਰੂਪ ਵਿਚ ਵਿਦਮਾਨ ਹੈ।[14]

'ਜਾਪੁ' ਵਿਚਲਾ ਪਰਮਾਤਮਾ ਨਾ ਸਿਰੰ  ਆਪ ਅਨੰਦ ਰੂਪ ਹੈ, ਬਲਕਿ ਸਾਰੇ ਜੀਵਾਂ ਨੂੰ ਆਨੰਦ ਪ੍ਰਦਾਨ ਕਰਨ ਵਾਲਾ ਵੀ ਹੈ ਕਿਉਂਕਿ ਉਹ ਹਰ ਤਰ੍ਹਾਂ ਦੇ ਦੁੱਖ-ਸੁੱਖ, ਰੋਗ-ਸੋਗ ਆਦਿ ਤੋਂ ਬਿਲਕੁਲ ਨਿਰਲੇਪ ਹੈ। ਇਸ ਕਰਕੇ ਆਨੰਦ-ਦਾਇਕ ਸੁੰਦਰਤਾ ਦਾ ਮੁੱਢ-ਮੂਲ ਪਰਮਾਤਮ ਸ਼ਕਤੀ ਆਪ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪਰਮਾਤਮਾ ਦੇ ਸਤਿ, ਚਿਤ ਆਨੰਦ ਰੂਪ ਦਾ ਵਰਣਨ ਕਰਦਿਆਂ 'ਜਾਪੁ' ਰਚਨਾ ਵਿਚ ਕਿਹਾ ਹੈ:

ਸਦਾ ਸੱਚਿਦਾਨੰਦ ਸਤ੍ਰੰ ਪ੍ਰਣਾਸੀ।।[15]

ਗੁਰੂ ਗੋਬਿੰਦ ਸਿੰਘ ਜੀ ਨੇ ਇਸ ਪੰਗਤੀ ਦੇ ਪਹਿਲੇ ਅੱਧ ਵਿਚ 'ਸਚਿਦਾਨੰਦ' ਪਦ ਦਾ ਉਚਾਰਨ ਕਰਕੇ ਪਰਮਾਤਮ ਸ਼ਕਤੀ ਦੇ ਨਿਰਗੁਣ ਸਰੂਪ ਦਾ ਵਰਣਨ ਕੀਤਾ ਹੈ। ਇਸ ਵਿਚ ਸ਼ਕਤੀ ਦੇ ਸਰੂਪ ਦੇ ਅਨੁਕੂਲ ਚਿਨਾਂ ਦਾ ਵਰਣਨ ਹੈ ਸਤ, ਚਿਤ, ਆਨੰਦ ਆਦਿ ਜੋ ਚਿੰਨ ਹਨ। ਇਹ ਉਸਦੇ ਸਰੂਪ ਵਿਚ ਹਮੇਸ਼ਾਂ ਵਿਆਪਤ ਹੋ ਕੇ ਰਹਿਣ ਵਾਲੇ ਹਨ, ਜੋ ਕਦੇ ਵੀ ਉਸ ਤੋਂ ਵਖ ਨਹੀਂ ਹੁੰਦੇ।

**ਸਰਬ ਗਿਆਤਾ ਸ਼ਕਤੀ**

ਗੁਰੂ ਗੋਬਿੰਦ ਸਿੰਘ ਜੀ ਨੇ ਪਰਮਾਤਮ ਸ਼ਕਤੀ ਨੂੰ ਸਰਬ-ਗਿਆਤਾ ਮੰਨਦੇ ਹੋਏ 'ਜਾਪੁ' ਵਿਚ ਕਿਹਾ ਹੈ ਕਿ ਇਸ ਭੌਤਿਕ ਅਤੇ ਪਰਾ-ਭੌਤਿਕ ਜਗਤ ਵਿਚ ਜੋ ਵੀ ਘਟਨਾਵਾਂ ਵਾਪਰਦੀਆਂ ਹਨ ਉਹਨਾਂ ਦਾ ਪਰਮਾਤਮ ਸ਼ਕਤੀ ਨੂੰ ਪਹਿਲਾਂ ਹੀ ਗਿਆਨ ਹੁੰਦਾ ਹੈ। ਮਨੁੱਖ ਜਦ ਕਿਸੇ ਵੀ ਘਟਨਾ ਦਾ ਅਨੁਮਾਨ ਲਗਾ ਕੇ ਗਿਆਨ ਹਾਸਿਲ ਕਰਨ ਦੀ ਕੌਸ਼ਿਸ਼ ਕਰਦੇ ਹਨ ਤਾਂ ਅਨੁਮਾਨ ਦੇ ਵਿਸ਼ੇ ਦਾ ਗਿਆਨ ਸੰਪੂਰਨ ਨਹੀਂ ਹੁੰਦਾ, ਇਹ ਮਨੁੱਖੀ ਬੁੱਧੀ ਦੀਆਂ ਧਾਰਨਾਵਾਂ ਦਾ ਵਿਸ਼ਾ ਹੈ ਅਤੇ ਮਨੁੱਖੀ ਬੁੱਧੀ ਦੀਆਂ ਧਾਰਨਾਵਾਂ ਆਮ ਤੌਰ ਤੇ ਭੌਤਿਕ ਜਗਤ ਨਾਲ ਸਬੰਧਿਤ ਹੁੰਦੀਆਂ ਹਨ ਪਰ ਭੌਤਿਕ ਗਿਆਨ ਦਾ ਅਨੁਮਾਨ ਵੀ ਭੌਤਿਕ ਜਗਤ ਵਿਚਲੀਆਂ ਘਟਨਾਵਾਂ ਤੋਂ ਹੀ ਲਾਇਆ ਜਾਂਦਾ ਹੈ। ਪਰਮਾਤਮ ਸ਼ਕਤੀ ਨੂੰ ਇਸ ਸ੍ਰਿਸ਼ਟੀ ਦਾ ਕਾਰਨ ਮੰਨਿਆ ਜਾਂਦਾ ਹੈ। ਇਸ ਲਈ ਜੋ ਵੀ ਵਸਤੂ ਇਸ ਦੁਨਿਆਵੀ ਜਗਤ ਦਾ ਹਿੱਸਾ ਹੈ ਉਸ ਦਾ ਪਹਿਲਾ ਕਾਰਨ ਪਰਮਾਤਮ ਸ਼ਕਤੀ ਨੂੰ ਮੰਨਿਆ ਜਾਂਦਾ ਹੈ, ਜੋ ਵੀ ਵਸਤੂ ਇਸ ਸ੍ਰਿਸ਼ਟੀ ਦਾ ਹਿੱਸਾ ਬਣੀ ਉਸ ਦੇ ਆਦਿ ਤੋਂ ਅੰਤ ਤੱਕ ਦੇ ਵਿਕਾਸ ਦੀ ਜ਼ਿੰਮੇਵਾਰੀ ਵੀ ਪਰਮਾਤਮਾ ਦੀ ਮੰਨੀ ਜਾਂਦੀ ਹੈ। ਪਰਮਾਤਮ ਸ਼ਕਤੀ ਇਸ ਸ੍ਰਿਸ਼ਟੀ ਵਿਚਲੇ ਹਰ ਇਕ ਜੀਵ ਦੀਆਂ ਔਕੜਾਂ ਬਾਰੇ ਜਾਣਦੀ ਹੈ ਕਿਉਂਕਿ ਇਹਨਾਂ ਦੀ ਸਿਰਜਨਾ ਉਸਦੀ ਆਪਣੀ ਸ਼ਕਤੀ ਰਾਹੀਂ ਹੋਈ ਹੈ, ਇਸ ਲਈ ਉਹਨਾਂ ਨੂੰ ਉਸ ਕਿਸਮ ਦਾ ਬਲ ਪ੍ਰਦਾਨ ਕਰਦਾ ਹੈ ਜਿਸ ਕਾਰਨ ਉਹ ਦੂਜੇ ਜੀਵਾਂ ਵਿਚ ਸੁਰੱਖਿਅਤ ਰਹਿ ਸਕੇ।[16]

**ਸਰਬ ਸ਼ਕਤੀਮਾਨ**

ਪਰਮਾਤਮਾ ਦੀ ਸਰਬ ਸ਼ਕਤੀਮਾਨਤਾ ਨੂੰ ਗੁਰੂ ਗੋਬਿੰਦ ਸਿੰਘ ਹੀ ਦੁਆਰਾ ਇਸ ਤਰ੍ਹਾਂ ਦਰਸਾਇਆ ਗਿਆ ਹੈ ਕਿ ਉਹ ਅਜਿਹਾ ਸਭ ਕੁਝ ਕਰਨ ਦੇ ਸਮਰੱਥ ਹੈ ਜੋ ਕਿ ਤਾਰਕਿਕ ਤੌਰ ਤੇ ਅਸੰਭਵ ਹੈ:

ਅਰਿ ਬਰ ਅਗੰਜ।। ਹਰਿ ਨਰ ਪ੍ਰਭੰਜ।।[17]

ਅਰਥਾਤ ਪ੍ਰਮਾਤਮ ਸ਼ਕਤੀ ਨੂੰ ਵਡੇ-ਵਡੇ ਵੈਰੀ ਵੀ ਜਿਤ ਨਹੀਂ ਸਕਦੇ ਕਿਉਂਕਿ ਪਰਮਾਤਮਾ ਕੋਲ ਸਭ ਦਾ ਨਾਸ਼ ਕਰਨ ਦੀ ਸ਼ਕਤੀ ਹੈ। ਪਰਮਾਤਮਾ ਆਪਣੀ ਸ਼ਕਤੀ ਨਾਲ ਸਮੂਹ ਵਸਤਾਂ ਨੂੰ ਸਮੇਟ ਕੇ ਅਨੇਕਤਾ ਵਿਚ ਏਕਤਾ ਦਾ ਵਿਸਥਾਰ ਕਰਦੇ ਹੋਏ ਏਕਤਾ ਵਿਚ ਅਨੇਕਤਾ ਪੈਦਾ ਕਰ ਸਕਦਾ ਹੈ। ਦੁਨਿਆਵੀ ਵਸਤਾਂ ਪਰਮਾਤਮਾ ਦੀ ਅਨੇਕਤਾ ਅਤੇ ਵਿਸਥਾਰ ਦਾ ਸਬੂਤ ਹਨ ਅਤੇ ਉਹਨਾਂ ਨੂੰ ਪਰਮਾਤਮਾ ਆਪਣੀ ਸ਼ਕਤੀ ਨਾਲ ਵਾਪਸ ਮੋੜ ਕੇ ਆਪਣੇ ਵਿਚ ਸਮੋ ਸਕਣ ਦੀ ਸ਼ਕਤੀ ਰਖਦਾ ਹੈ ਜਿਵੇਂ ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨ:

ਸਰਬ ਪਾਲਕ ਸਰਬ ਘਾਲਕ ਸਰਬ ਕੋ ਪੁਨਿ ਕਾਲ।।[18]

ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰ ਏਕ।।[19]

ਅਰਥਾਤ ਪਰਮਾਤਮ ਸ਼ਕਤੀ ਸਭ ਦੀ ਪਾਲਣਹਾਰ ਹੈ। ਸਭ ਦੀ ਨਾਸ਼ਕ ਅਤੇ ਫਿਰ ਸਭ ਦੀ ਕਾਲ ਰੂਪ ਹੈ। ਖੇਡ ਖੇਡ ਕੇ ਫਿਰ ਨਾ ਖੇਡਣ ਦੀ ਅਵਸਥਾ ਹੋ ਕੇ ਅੰਤ ਨੂੰ ਫਿਰ ਇਕ ਹੋ ਜਾਂਦਾ ਹੈ।

**ਸਰਬ ਵਿਆਪਕ ਸ਼ਕਤੀ**

ਪਰਮਾਤਮ ਸ਼ਕਤੀ ਅਦ੍ਰਿਸ਼ਟ ਹੁੰਦੇ ਵੀ ਹਰ ਥਾਂ ਹਾਜ਼ਰ ਨਾਜ਼ਰ ਹੈ। ਬੇਸ਼ਕ ਉਸਨੂੰ ਸਾਡੀਆਂ ਗਿਆਨ ਇੰਦਰੀਆਂ ਦੇਖ ਨਹੀਂ ਸਕਦੀਆਂ ਪਬ ਫਿਰ ਵੀ ਪਰਮਾਤਮ ਸ਼ਕਤੀ ਸਰਬ ਵਿਆਪਕ ਹੈ:

ਏਕ ਮੂਰਤਿ ਅਨੇਕ ਦਰਸ਼ਨ ਕੀਨ ਰੂਪ ਅਨੇਕ॥

ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰ ਏਕ॥[20]

ਪਰਮਾਤਮ ਸ਼ਕਤੀ ਜਲ, ਥਲ, ਵਾਯੂ, ਪਾਤਾਲ, ਅੰਤਰਿਕਸ਼ ਦਾ ਕਰਤਾ ਸਭ ਥਾਵਾਂ ਦੇ ਵਿਦਮਾਨ ਹੈ। ਉਹ ਸਦੀਵੀ ਹੈ ਕਾਲ ਰਹਿਤ ਹੈ, ਉਸਦਾ ਨਾ ਆਦਿ ਹੈ, ਨਾ ਅੰਤ, ਉਹ ਰੂਪ ਅਤੇ ਰੇਖ ਤੋਂ ਨਿਆਰਾ ਹੈ। ਉਸ ਦਾ ਕੋਈ ਪਿਤਾ ਨਾ ਮਾਤਾ, ਨਾ ਪੁੱਤਰ, ਨਾ ਸ਼ਤਰੂ, ਨਾ ਮਿੱਤਰ ਅਤੇ ਨਾ ਹੀ ਕੋਈ ਜਾਤ ਪਾਤ ਹੈ। ਉਹ ਜਨੀਮੁਲ ਜਮਾਂ (ਸਰਬ ਵਿਆਪਕ) ਕਰੀਮੁਲ ਕਮਾਲ (ਪਰਮ ਦਿਆਲੂ) ਅਤੇ ਅਮੀਕਲੁ ਇਮਾ (ਅਸੀਮ ਧਰਮ) ਹੈ। ਉਹ ਮਾਇਆ ਤੋਂ ਮੁਕਤ ਤੱਤਾਂ ਤੋਂ ਰਹਿਤ ਹੈ। ਪਰਮਾਤਮ ਸ਼ਕਤੀ ਦੇ ਅਜਿਹੇ ਰੂਪ ਦਾ ਪਰਤੱਖਣ ਕਰਾਉਣ ਹਿੱਤ ਗੁਰੂ ਸਾਹਿਬ ਸਧਾਰਨ ਪੁਰਖ ਦੇ ਸਾਰੇ ਦਿੱਖ ਵੇਰਵਿਆ ਦੁਆਰਾ ਉਸ ਦਾ ਬਿਬਾਂਕਣ ਕਰਦੇ ਹਨ। ਪੁਰਖ ਵਜੂਦ ਦੀਆਂ ਸਾਰੀਆਂ ਹੋਦਾਂ ਅਤੇ ਵੇਰਵਿਆਂ ਤੋਂ ਵੀ ਉਸ ਦਾ ਸਥਾਨ ਉੱਚਾ ਹੈ। ਅਜਿਹੀ ਸ਼ਕਤੀ ਅਨੰਤ ਹੈ ਜੋ ਮਨੁੱਖੀ ਸੋਚ ਤੋਂ ਭਿੰਨ ਅਤੇ ਵਿਚਾਰਾਂ ਵਿਚ ਅੰਕਿਤ ਨਹੀਂ ਹੋ ਸਕਦੀ ਕਿਉਂਕਿ ਉਸ ਸ਼ਕਤੀ ਦੇ ਅਨੇਕ ਰੂਪ ਧਾਰ ਕੇ ਇਕ ਰੂਪ ਹੈ:[21]

ਆਪ ਰੂਪ ਅਮੀਕ ਅਨ ਉਸਤਤਿ ਏਕ ਪੁਰਖ ਅਵਧੂਤ॥

ਗਰਬ ਗੰਜਨ ਸਰਬ ਭੰਜਨ ਆਦਿ ਰੂਪ ਅਸੂਤ॥

ਅੰਗ ਹੀਨ ਅਭੰਗ ਅਨਾਤਮ ਏਕ ਪੁਰਖ ਅਪਾਰ॥

ਸਰਬ ਲਾਇਕ ਸਰਬ ਘਾਇਕ ਸਰਬ ਕੇ ਪ੍ਰਤਿਪਾਰ॥[22]

ਗੁਰੂ ਗੋਬਿੰਦ ਸਿੰਘ ਜੀ ਨੇ ਅਕਾਲ ਪੁਰਖ ਦੀ ਹੋਂਦ ਨੂੰ ਹਰ ਥਾਂ 'ਅਵਧੂਤ ਰੂਪ ਰਸਾਲ' ਰੂਪ ਵਿਚ ਅਨੁਭਵ ਕਰਦਿਆਂ ਲਿਖਿਆ ਹੈ:

ਜੱਤ੍ਰ ਤੱਤ੍ਰ ਬਿਰਾਜਹੀ ਅਵਧੂਤ ਰੂਪ ਰਸਾਲ॥[23]

ਆਪਨੇ ਪਰਮਾਤਮ ਸ਼ਕਤੀ ਦੇ ਸੰਕਲਪ ਨੂੰ ਸਰਬ-ਵਿਆਪਕਤਾ ਤੱਕ ਹੀ ਸੀਮਤ ਨਹੀਂ ਰਖਿਆ ਸਗੋਂ ਉਸ ਸ਼ਕਤੀ ਦਾ ਵੀ ਅਹਿਸਾਸ ਕਰਵਾਇਆ ਹੈ। ਗੁਰੂ ਗੋਬਿੰਦ ਸਿੰਘ ਜੀ ਨੇ

ਪਰਮਾਤਮ ਸ਼ਕਤੀ ਨੂੰ  ਕਰਤਾ ਤੇ ਹਰਤਾ ਦੋਨਾਂ ਰੂਪਾਂ ਨੂੰ ਉਘਾੜਿਆ ਹੈ। ਉਸ ਨੂੰ ਲੋਕ ਮਾਤਾ ਦੇ ਰੂਪ ਚਿਤਵਦਿਆਂ ਹੋਇਆ ਗੁਰੂ ਗੋਬਿੰਦ ਸਿੰਘ ਜੀ ਨੇ ਉਸ ਦੀ ਸਿਰਜਣਾਤਮਕਤਾ ਨੂੰ ਦਸਾਇਆ ਹੈ ਜੋ ਸਭ ਦੀ ਥਾਪਨਾ ਕਰਦੀ ਹੈ ਤੇ ਪਾਲਣਹਾਰ ਹੈ:

ਨਮੋ ਸਰਬ ਖਾਪੇ। ਨਮੋ ਸਰਬ ਥਾਪੇ।।
ਨਮੋ ਸਰਬ ਕਾਲੇ। ਨਮੋ ਸਰਬ ਪਾਲੇ।।[24]

**ਪ੍ਰਕਾਸ਼ ਰੂਪੀ ਸ਼ਕਤੀ**

ਮਨੁੱਖ ਨੇ ਹਰ ਕਾਲ ਵਿਚ ਪ੍ਰਕਾਸ਼ ਨੂੰ ਸਰਵੋਤਮ ਦੈਵੀ-ਸ਼ਕਤੀ ਸਵੀਕਾਰ ਕੀਤਾ ਹੈ। ਮਨੁੱਖ ਨੇ ਸਥੂਲ ਅਗਨੀ, ਸੂਰਜ, ਚੰਦ੍ਰ ਆਦਿ ਦੇ ਪ੍ਰਕਾਸ਼ ਦੀ ਪੂਜਾ ਪ੍ਰਕਿਆ ਵਿਚ ਅਗੇ ਵੱਧ ਕੇ ਦਿਵਯ ਸ਼ਕਤੀ ਦੀ ਕਲਪਨਾ ਕਰਦਿਆਂ ਹੋਇਆ ਵੀ ਪ੍ਰਕਾਸ਼ ਨੂੰ ਧਰਮ ਦਾ ਅਭਿੰਨ ਅਥਵਾ ਮਹੱਤਵਪੂਰਨ ਅੰਗ ਬਣਾਈ ਰਖਿਆ ਹੈ। ਧਾਰਮਿਕ ਚਿੰਤਨ ਵਿਚ ਨਿਰੰਕਾਰ ਪਰਮੇਸ਼ਵਰ ਦੀ ਸੱਭ ਤੋਂ ਵਡੀ ਸਿਫਤ ਉਸ ਦੇ ਪ੍ਰਕਾਸ਼ ਨੂੰ ਹੀ ਮੰਨਿਆ ਹੈ। ਸੰਸਾਰ ਦੇ ਬਹੁਤੇ ਧਰਮਾਂ ਨੇ ਪਰਮਾਤਮਾ ਦੀ ਸ਼ਕਤੀ ਨੂੰ ਜੋ ਪ੍ਰਮਾਣਿਕ ਨਾਮ ਦਿਤੇ ਹਨ, ਉਹ ਪ੍ਰਕਾਸ਼ ਨਾਲ ਹੀ ਸੰਬੰਧਿਤ ਹਨ। ਸਿੱਖ ਧਰਮ ਪਰਮਾਤਮਾ ਅਤੇ ਗੁਰੂ ਦੋਹਾਂ ਨੂੰ ਵਿਸ਼ੁਧ ਰੂਪ ਵਿਚ ਪ੍ਰਸਤੁਤ ਕਰਨ ਅਤੇ ਦੋਹਾਂ ਦੀ ਅਭੇਦਤਾ ਦਰਸਾਉਣ ਲਈ 'ਜੋਤਿ' ਜਾਂ ਪ੍ਰਕਾਸ਼ ਦੀ ਹੀ ਰਚਨਾ ਕਰਦਾ ਹੈ। ਗੁਰੂ ਅਤੇ ਪਰਮਾਤਮਾ ਦੋਹਾਂ ਸ਼ਬਦਾਂ ਦਾ ਸੰਬੰਧ ਪਾਰਬ੍ਰਹਮ ਦੀ ਪ੍ਰਕਾਸ਼ ਵਿਸਤਰਿਣ ਸ਼ਕਤੀ ਨਾਲ ਹੀ ਹੈ। 'ਜਾਪੁ' ਵਿਚ ਪਰਮੇਸ਼ਰ ਨੂੰ ਰਚਨਾ ਦੇ ਸਾਰੇ ਪ੍ਰਕਾਸ਼ ਬਿੰਦੂਆਂ ਦਾ ਮੂਲ ਸ੍ਰੋਤ ਕਿਹਾ ਗਿਆ ਹੈ। ਪਾਰਬ੍ਰਹਮ ਨੂੰ ਦੇਵ-ਦੇਵੇ, ਚੰਦ੍ਰ-ਚੰਦ੍ਰੇ, ਭਾਨ-ਭਾਨੇ, ਸੂਰਜ-ਸੂਰਜੇ, ਆਭਾ-ਅਭੰਗ ਅਚਲੰ ਪ੍ਰਕਾਸ਼ੰ, ਰਾਜੰ ਪ੍ਰਭਾ, ਅਨਭਉ ਪ੍ਰਕਾਸ਼ ਜਿਹੀਆਂ ਕਈ ਉਪਾਧੀਆਂ ਨਾਲ ਸੰਬੋਧਿਤ ਕਰ ਕੇ, ਉਸਦੇ ਪ੍ਰਕਾਸ਼ ਰੂਪ ਨੂੰ ਪ੍ਰੱਮੁਖਤਾ ਦੇਣ ਦਾ ਯਤਨ ਕੀਤਾ ਹੈ। ਪ੍ਰਕਿਰਤੀ ਵਿਚ ਵਿਦਮਾਨ ਸਾਰਾ ਸਥੂਲ ਅਤੇ ਸੂਖਮ ਪ੍ਰਕਾਸ਼ ਪਰਮਾਤਮਾ ਦੀ ਸ਼ਕਤੀ ਨੇ ਪਸਾਰਿਆ ਹੈ ਅਤੇ ਪਰਮਾਤਮਾ ਜਦੋ ਚਾਹੇਗਾ ਆਪਣੇ ਹੁਕਮ ਵਿਚ ਸਮੁੱਚੀ ਰੋਸ਼ਨੀ ਨੂੰ ਧਰਮ ਪ੍ਰਕਾਸ਼ ਵਿਚ ਵਲੀਨ ਕਰ ਲਵੇਗਾ।

ਪਰਮਾਤਮ ਸ਼ਕਤੀ ਨਾ ਕੇਵਲ ਸੂਰਜ ਦੇ ਪ੍ਰਕਾਸ਼ ਨੂੰ ਪ੍ਰਜਵਲਿਤ ਕਰਨ ਵਾਲੀ ਹੈ, ਬਲਕਿ ਉਹ ਸੂਰਜ ਦੇ ਪ੍ਰਕਾਸ਼ ਨੂੰ ਵਿਨਸ਼ਟ ਕਰਨ ਵਾਲੀ (ਆਦਿਤ ਸੋਕੇ) ਵੀ ਹੈ। ਉਹ ਨਾ ਕੇਵਲ ਮੁਰਖਾਂ ਨੂੰ ਗਿਆਨ-ਕਿਰਨਾਂ ਰਾਹੀਂ ਬੁੱਧੀਮਾਨ ਕਰਦੀ ਹੈ, ਬਲਕਿ ਪੰਡਤਾਂ ਭਾਵ ਬੁੱਧੀਮਾਨਾਂ ਦਾ ਗਿਆਨ ਹਰਨ ਕਰਕੇ ਉਹਨਾਂ ਨੂੰ ਖਲ-ਮੁਰਖ ਰੂਪ ਅੰਧਕਾਰੀ ਮਨੁੱਖ ਕਰਨ ਦੇ ਵੀ ਸਮਰਥ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦ੍ਰਿਸ਼ਟਮਾਨ ਪ੍ਰਕਾਸ਼ ਉਤੇ ਉਸ ਦੇ ਅਸੀਮ ਨਿਯੰਤਣ ਨੂੰ ਦੇਖ ਕੇ ਉਸ ਦੀ ਜੋਤ ਨੂੰ ਨਮਸਕਾਰ ਕਰਦਿਆਂ ਕਹਿੰਦੇ ਹਨ-

ਨਮੋ ਸੂਰਜ ਸੂਰਜੇ ਨਮੋ ਚੰਦ੍ਰ ਚੰਦ੍ਰੇ॥
ਨਮੋ ਰਾਜ ਰਾਜੇ ਨਮੋ ਇੰਦ੍ਰ ਇੰਦ੍ਰੇ॥[25]

ਸਾਰੇ ਸ਼ਾਸਤਰ ਉਸ ਪਰਮਾਤਮਾ ਦੀ ਸ਼ਕਤੀ ਦਾ ਨਾ ਰੂਪ ਜਾਣਦੇ ਹਨ ਨਾ ਰੰਗ ਅਤੇ ਨਾ ਹੀ ਰੇਖ। ਇਥੋਂ ਤਕ ਕਿ ਵੇਦ ਪੁਰਾਣ ਵੀ ਉਸ ਦੀ ਵਿਆਖਿਆ ਨਹੀਂ ਕਰ ਸਕਦੇ। ਕਰੋੜਾਂ ਸਿੰਮ੍ਰਿਤੀਆਂ ਪੁਰਾਣ ਤੇ ਸਾਸ਼ਤ੍ਰਾਂ ਦਾ ਅਧਿਐਨ ਵੀ ਉਸ ਦੇ ਅਸਲ ਸਰੂਪ ਦੀ ਵਿਆਖਿਆ ਨਹੀਂ ਕਰ ਸਕਦਾ। ਇਸ ਲਈ ਉਸ ਦਾ ਕੋਈ ਚਿਤ੍ਰ ਨਹੀਂ ਬਣਾ ਸਕਦਾ ਪਰ ਉਹ ਅਜਿਹੀ ਸ਼ਕਤੀ ਹੈ ਜਿਸ ਦੀ ਹੋਂਦ ਹੈ ਜੋ ਸਰਬਵਿਆਪਕ ਹੈ। ਉਸ ਦੀ ਹੋਂਦ 'ਅਨਭਉ ਪ੍ਰਕਾਸ਼ ਵਾਲੀ ਹੈ, ਜਤ੍ਰ ਤਤ੍ਰ ਫੈਲੇ 'ਅਨੁਰਾਗ' ਵਾਲੀ ਹੈ। ਪਰਮਾਤਮ ਸ਼ਕਤੀ ਦੀ ਮਹਾਨ ਜੋਤਿ ਵਿਚੋਂ ਹੀ ਸਾਰਾ ਪ੍ਰਕਾਸ਼ ਨਿਕਲ ਰਿਹਾ ਹੈ-

ਨਮੋ ਭਾਨ ਭਾਨੇ॥ ਨਮੋ ਮਾਨ ਮਾਨੇ॥
ਨਮੋ ਚੰਦ੍ਰ ਚੰਦ੍ਰੇ ॥ ਨਮੋ ਭਾਨ ਭਾਨੇ॥[26]

ਇਹ ਰੂਪ, ਰੇਖ, ਰੰਗ ਤੋਂ ਨਿਆਰਾ ਹੁੰਦਾ ਹੋਇਆ ਵੀ ਅਨੁਭਵ ਅਧੀਨ ਪ੍ਰਕਾਸ਼ ਰੂਪ ਵਿਚ ਪ੍ਰਗਟ ਹੁੰਦਾ ਹੈ। ਗੁਰੂ ਗੋਬਿੰਦ ਸਿੰਘ ਜੀ 'ਜਾਪੁ' ਵਿਚ ਪਹਿਲੀ ਏਕੰਕਾਰ ਵਾਲੀ ਹਸਤੀ ਨੂੰ ਹੀ 'ਪਰਮਾਤਮਾ' (ਪਜਮ-ਆਪਾ) ਕਹਿੰਦੇ ਹਨ ਅਤੇ ਰਚਨਾ ਵਿਚ ਵਿਆਪਕ ਓਅੰਕਾਰ ਦੂਜੀ ਸੂਰਤ ਨੂੰ 'ਸਰਬਾਤਮ' (ਸਭ ਦਾ ਆਪਾ) ਕਹਿੰਦੇ ਹਨ-

ਪਰਮਾਤਮ ਹੈਂ।। ਸਰਬਾਤਮ ਹੈਂ।।[27]

ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਵਿਚ ਪਰਮਾਤਮਾ ਦਾ ਦਿਆਲ (ਦਇਆਲੁ) ਰੂਪ ਅਤੇ ਉਸਦਾ ਅਦ੍ਰਿਸ਼ ਨਾਕਾਰਾਤਮਕ ਸ਼ਕਤੀ ਸਰੂਪ, ਦੋਵੇ ਸਮਾਨਾਂਤਰ ਦਰਸਾਏ ਗਏ ਹਨ।

**ਪ੍ਰੇਮ ਸਰੂਪ ਸ਼ਕਤੀ**

ਪਰਮਾਤਮਾ ਪ੍ਰੇਮ ਸਰੂਪੀ ਹੈ। ਉਸ ਦਾ ਕੋਈ ਪਹਿਰਾਵਾ ਜਾਂ ਭੇਖ ਨਹੀਂ ਹੈ। ਉਹ ਆਪਣੇ ਆਪ ਤੋਂ ਪ੍ਰਕਾਸ਼ਮਾਨ ਹੈ। ਉਸਦੇ ਗੜ੍ਹ ਅਥਵਾ ਟਿਕਾਣੇ ਨੂੰ ਤੋੜਿਆ ਨਹੀਂ ਜਾ ਸਕਦਾ। ਉਸਨੂੰ ਕਰਮ-ਕਾਂਡਾਂ, ਰੀਤੀ ਰਿਵਾਜਾਂ ਜਾਂ ਧਰਮਾਂ-ਕਰਮਾਂ ਦੇ ਮਾਧਿਅਮ ਦੁਆਰਾ ਪ੍ਰਾਪਤ ਨਹੀਂ ਕੀਤਾ ਜਾ ਸਕਦਾ। ਉਹ ਸਮੇਂ ਅਤੇ ਸਥਾਨ ਦੀਆਂ ਸੀਮਾਵਾਂ ਵਿਚ ਨਹੀਂ ਆਉਂਦਾ। ਉਸ ਦੀ ਕੋਈ ਮੂਰਤਿ ਨਹੀਂ ਹੈ, ਇਸ ਲਈ ਉਸ ਨੂੰ ਕਿਸੇ ਮੰਦਰ ਜਾਂ ਪੂਜਾ-ਸਥਾਨ ਵਿਚ ਸਥਾਪਿਤ ਨਹੀਂ ਕੀਤਾ ਜਾ ਸਕਦਾ। ਉਹ ਪਰਮਾਤਮ ਸ਼ਕਤੀ ਜੋਗੀਆਂ ਵਿਚ ਜੋਗੀ ਅਤੇ ਭੋਗੀਆਂ ਵਿਚ ਭੋਗੀ ਹੈ। ਉਹ ਸਭ ਜੀਵਾਂ ਦਾ ਪਾਲਣ-ਪੋਸ਼ਣ ਕਰਨ ਵਾਲੀ ਦਿਆਲੂ ਹਸਤੀ ਹੈ ਅਤੇ ਉਸ ਨੂੰ ਪ੍ਰੇਮ ਦੁਆਰਾ ਪ੍ਰਾਪਤ ਕੀਤਾ ਜਾ ਸਕਦਾ-

ਸਾਚੁਕਹੌਂ ਸੁਨ ਲੇਹੁ ਸਭੈ
ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭੁ ਪਾਇਓ।।[28]

ਕਾਦਰ ਨੂੰ ਆਪਣੀ ਵਿਸਤ੍ਰਿਤ ਕੀਤੀ ਹੋਈ ਕੁਦਰਤ ਨਾਲ ਅਸੀਮ ਪਿਆਰ ਹੈ। ਵਾਸਤਵ ਵਿਚ ਉਹ ਹੈ ਵੀ ਸਾਰੇ ਜਗਤ ਦਾ ਮਾਤਾ-ਪਿਤਾ। 'ਜਾਪੁ' ਵਿਚ ਉਸਨੂੰ 'ਨਮੋ ਲੋਕ ਮਾਤਾ' ਕਹਿ ਕੇ ਵਿਸ਼ਵ ਮਾਤਾ ਦੇ ਰੂਪ ਵਿਚ ਪ੍ਰਗਟ ਕਰਨ ਦਾ ਯਤਨ ਕੀਤਾ ਹੈ। ਉਸ ਦਾ ਹਰ ਕੰਮ ਅੰਮ੍ਰਿਤ ਮਈ ਹੈ ਅਤੇ ਅੰਮ੍ਰਿਤ ਕਰਮਾਂ ਦਾ ਵਿਸਤਾਰ ਕਰਨਾ ਉਸਦਾ ਸੁਭਾਓ ਜਾਂ ਧਰਮ ਹੈ। ਉਸ ਅਕਾਲ ਪੁਰੀ ਦੇ ਅਸੀਮ ਪਿਆਰ ਨੂੰ ਸ਼ਰਧਾਜਲੀ ਅਰਪਿਤ ਕਰਦਿਆਂ ਗੁਰੂ ਗੋਬਿੰਦ ਸਿੰਘ ਜੀ ਨੇ ਉਸ ਲਈ 'ਨਮੋ ਰਾਗ ਰਾਗੇ' ਨਮਸਤਸਤ ਰਾਗੇ ਆਦਿ ਬਚਨ ਕਹੇ ਹਨ, ਪਰ ਇਸ ਦਾ ਭਾਵ ਇਹ ਵੀ ਨਹੀਂ ਕਿ ਉਹ ਪ੍ਰਕਿਰਤੀ ਦੇ ਮੋਹ-ਬੰਧਨ ਦਾ ਸ਼ਿਕਾਰ ਹੋ ਗਿਆ ਹੈ। ਉਹ

ਆਪਣੇ ਪਿਆਰ ਨਾਲ ਆਪ ਤਾਂ ਹਰ ਜੀਵ ਨੂੰ ਤ੍ਰਿਤਾਰਥ ਕਰ ਰਿਹਾ ਹੈ, ਪਰ ਆਪ ਉਹ ਮੋਹ-ਬੰਧਨਾ ਤੋਂ ਉਪਰ ਦੀ ਮੁਕਤ ਅਵਸਥਾ ਵਿਚ ਸਥਿਤ ਹੈ:

ਨ ਰਾਗੇ॥ ਨ ਰੰਗੇ॥ ਨ ਰੂਪੇ॥ ਨਾ ਰੇਖੇ॥[29]

ਸਾਰੀ ਕੁਦਰਤ ਵਿਚ ਉਸ ਨੇ ਆਪਣੇ ਸ਼ਕਤੀ ਦੇ ਨਿਰਮਲ ਪਿਆਰ ਦਾ ਵਿਸਤਾਰ ਕੀਤਾ ਹੋਇਆ ਹੈ।

ਜੱਤ੍ਰ ਤੱਤ੍ਰ ਦਿਸਾ ਵਿਸਾ ਹੁਇ ਫੈਲਿਓ ਅਨੁਰਾਗ॥[30]

'ਜਾਪੁ' ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਗੁਰਬਾਣੀ ਦੀ ਪੰਰਪਰਾ ਵਿਚ ਨਿਰਗੁਣ, ਸਰਬ ਵਿਆਪਕ ਪਰਮਾਤਮ ਸ਼ਕਤੀ ਦੀ ਉਸਤਤਿ ਕਰਦਿਆਂ ਯੁਗ ਦੀ ਲੋੜ ਅਨੁਸਾਰ ਉਸ ਵਿਚ ਜੁਝਾਰੂ ਸ਼ਕਤੀ ਦਾ ਵੀ ਜ਼ਿਕਰ ਕੀਤਾ ਹੈ। ਇਸ ਤੋਂ ਇਲਾਵਾ ਵਿਰੋਧਾਤਮਕ, ਸਾਕਾਰਤਮਕ ਅਤੇ ਨਿਸ਼ੇਧਾਤਮਕ ਸ਼ੈਲੀ-ਪ੍ਰਯੋਗਾਂ ਰਾਹੀਂ ਉਸਨੂੰ ਸਹੀ ਪਰਿਪੇਖ ਪ੍ਰਦਾਨ ਕੀਤਾ ਹੈ ਅਤੇ ਅਨੇਕ ਧਰਮਾਂ ਵਿਚ ਪਰਮ-ਸੱਤਾ ਲਈ ਪ੍ਰਤਿਸ਼ਠਿਤ ਨਾਵਾਂ ਦੀ ਵਰਤੋਂ ਕਰਕੇ ਇਸ਼ਟ ਦੇਵ ਦੇ ਸਰੂਪ ਨੂੰ ਸਰਵ ਧਰਮ ਗ੍ਰਾਹੀ ਬਣਾਇਆ ਹੈ। ਇਸ ਤਰ੍ਹਾਂ ਗੁਰੂ ਜੀ ਨੇ 'ਜਾਪੁ' ਵਿਚ ਪਰਮ-ਸੱਤਾ ਦਾ ਸਰੂਪ ਚਿਤਰਣ ਕਰਕੇ ਭਾਵਾਤਮਕ ਏਕਤਾ ਕਾਇਮ ਕਰਨ ਦਾ ਯਾਦਗਾਰੀ ਉੱਦਮ ਕੀਤਾ ਹੈ। 'ਜਾਪੁ' ਵਿਚ ਮੁੱਖ ਤੌਰ ਤੇ ਪਰਮਾਤਮਾ ਦੀ ਸ਼ਕਤੀ ਨਾਲ ਸੰਬਧਿਤ ਨਾਵਾਂ ਦਾ ਉਲੇਖ ਅਤੇ ਇਹਨਾਂ ਦੇ ਜਪਣ ਦੀ ਪ੍ਰੇਰਨਾ ਮਿਲਦੀ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪਰਮਾਤਮਾ ਦੀ ਕਿਰਤਮ ਦੀ ਥਾਂ ਕਰਮ ਨਾਵਾਂ ਉਪਰ ਜ਼ੋਰ ਦਿੱਤਾ ਹੈ। ਇਹਨਾਂ ਕਰਮ ਨਾਵਾਂ ਦੇ ਆਧਾਰ ਤੇ ਪਰਮ-ਸਤਾ ਦਾ ਜਿਹੜਾ ਰੂਪ ਸਪਸ਼ਟ ਤੌਰ ਤੇ ਸਾਡੇ ਸਾਹਮਣੇ ਆਉਂਦਾ ਹੈ, ਉਸ ਵਿਚ ਉਸ ਦੀ ਸਤਿ-ਚਿਤ ਆਨੰਦ ਹੋਂਦ, ਮੂਰਤ-ਅਮੂਰਤ ਰੂਪ, ਸਰਬ ਵਿਆਪਕਤਾ, ਦਇਆਲਤਾ, ਪ੍ਰਕਾਸ਼ਮਾਨਤਾ ਅਤੇ ਪ੍ਰੇਮ ਰੂਪ ਨੂੰ ਉਚੇਚੇ ਤੌਰ ਤੇ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਗੁਰੂ ਗੋਬਿੰਦ ਸਿੰਘ ਜੀ 'ਜਾਪੁ' ਵਿਚ ਪਰਮਾਤਮਾ ਦੀ ਹਸਤੀ ਵਿਚਲੀ ਵਿਰਾਟਤਾ ਅਤੇ ਵਿਆਪਕਤਾ ਨੂੰ ਦ੍ਰਿੜ ਕਰਵਾਉਂਦੇ ਹਨ। ਆਪ 'ਜਾਪੁ' ਬਾਣੀ ਵਿਚ ਪਰਮਾਤਾਮਾ ਦੀ ਉਸਤਤਿ ਦੌਰਾਨ ਸ਼ਕਤੀ ਦੀ ਪੇਸ਼ਕਾਰੀ ਕਰਦਿਆਂ ਪਰਮਾਤਮਾ ਦੇ ਸਰੂਪ ਨੂੰ ਬਿਆਨ ਕਰਦੇ

ਹਨ ਕਿ ਉਸ ਪਰਮਾਤਮਾ ਦੀ ਹਸਤੀ ਜਗਤ ਰਚਨਾ ਵਾਲੇ ਪੰਜ ਤੱਤਾਂ ਤੋਂ ਨਹੀਂ ਬਣੀ। ਜਗਤ ਰਚਨਾ ਦੇ ਸਾਰੇ ਵਸੀਲੇ ਪਰਮਾਤਮਾ ਦੇ ਆਪਣੇ ਹੱਥ ਵਿਚ ਹਨ ਪਰ ਉਸ ਨੂੰ ਇਸ ਜਗਤ ਦੇ ਸੰਚਾਲਨ ਲਈ ਕੋਈ ਉਚੇਚ ਨਹੀਂ ਕਰਨੀ ਪੈਂਦੀ। ਉਸ ਦਾ ਵਿਧੀ-ਵਿਧਾਨ ਇਤਨਾ ਮੁਕੰਮਲ ਹੈ ਕਿ ਇਸ ਵਿਚ ਕਿਸੇ ਗਲਤੀ ਜਾਂ ਉਕਾਈ ਦੀ ਕੋਈ ਗੁੰਜਾਇੰਸ਼ ਨਹੀਂ।

### 3.2. ਬਚਿੱਤ੍ਰ ਨਾਟਕ ਵਿਚ ਪੇਸ਼ ਸ਼ਕਤੀ ਦੀ ਪੇਸ਼ਕਾਰੀ

ਗੁਰੂ ਗੋਬਿੰਦ ਸਿੰਘ ਜੀ ਦੁਆਰਾ ਰਚਿਤ ਬਚਿੱਤ੍ਰ ਨਾਟਕ ਸ੍ਰੀ ਦਸਮ ਗ੍ਰੰਥ ਦਾ ਇੱਕ ਮਹਤੱਵਪੂਰਨ ਹਿੱਸਾ ਹੈ ਜਿਸਦੇ ਅੰਤਰਗਤ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਕਥਾ ਅਤੇ ਚਉਬੀਸ ਅਵਤਾਰਾਂ ਦਾ ਵਰਣਨ ਹੈ। ਭਾਰਤੀ ਸਾਹਿਤ ਵਿੱਚ ਗੁਰੂ ਗੋਬਿੰਦ ਸਿੰਘ ਜੀ ਪਹਿਲੇ ਕਵੀ ਹੋਏ ਹਨ ਜਿਨ੍ਹਾਂ ਨੇ ਆਪਣੀ ਆਤਮ ਕਥਾ ਲਿਖੀ। ਇਸ ਤੋਂ ਮੱਧਕਾਲੀ ਪੰਜਾਬੀ ਸਾਹਿਤ ਵਿਚ ਪਹਿਲਾਂ ਕਿਸੇ ਕਲਮ ਦੀ ਲਿਖੀ ਸਵੈ-ਜੀਵਨੀ ਨਹੀਂ ਮਿਲਦੀ। ਬਚਿੱਤ੍ਰ ਨਾਟਕ ਵਿਚ ਪਰਮਾਤਮਾ ਦੀ ਉਸਤਤਿ ਕਰਦਿਆਂ, ਪਰਮਾਤਮਾ ਦੁਆਰਾ ਸਾਜੀ ਸ੍ਰਿਸ਼ਟੀ ਦਾ ਅਤੇ ਅਵਤਾਰ-ਕਥਾਵਾਂ ਦੇ ਕੌਤਕਾਂ ਦਾ ਵਿਸਥਾਰ ਸਹਿਤ ਵਰਣਨ ਸ਼ਾਮਿਲ ਹੈ।

ਇਸ ਰਚਨਾ ਦੇ ਚੌਦਾਂ ਅਧਿਆਇ ਹਨ ਅਤੇ ਚਾਰ ਸੋ ਇਕਤਰ (471) ਕਾਵਿ ਬੰਦਾਂ ਵਿਚ ਰਚਿਤ ਹੈ। ਸਾਹਿਤ ਅਤੇ ਧਰਮ ਦੇ ਇਤਿਹਾਸ ਵਿਚ ਇਸਦਾ ਸਥਾਨ ਵਿਸ਼ੇਸ਼ ਰੂਪ ਵਿਚ ਆਤਮ ਜੀਵਨੀ ਵਾਲਾ ਹੈ। ਆਤਮ ਜੀਵਨੀ ਦੇ ਨਾਲ-ਨਾਲ ਇਹ ਰਚਨਾ ਪ੍ਰਭੂ ਉਸਤਤਿ ਤੋਂ ਆਰੰਭ ਹੋ ਕੇ ਪ੍ਰਭੂ ਉਸਤਤਿ ਤੇ ਹੀ ਸਮਾਪਤ ਹੁੰਦੀ ਹੈ।[31] ਗੁਰੂ ਗੋਬਿੰਦ ਸਿੰਘ ਜੀ ਰਚਨਾ ਦਾ ਆਰੰਭ ਪਰੰਪਰਾਗਤ ਨੇਮ ਅਨੁਸਾਰ ਮੰਗਲਾਚਰਣ ਤੋਂ ਕਰਦੇ ਹਨ:

> ੧ਓ ਸ੍ਰੀ ਵਾਹਿਗੁਰੂ ਜੀ ਕੀ ਫਤਹ।
>
> ਅਥ ਬਚਿੱਤ੍ਰ ਨਾਟਕ ਗ੍ਰੰਥ ਲਿਖਯਤੇ
>
> ਸ੍ਰੀ ਮੁਖਵਾਕ ਪਾਤਿਸ਼ਾਹੀ ੧੦
>
> ਨਮਸ਼ਕਾਰ ਸ੍ਰੀ ਖੜਗ ਕੋ ਕਰੋ ਸੁ ਹਿਤੁ ਚਿਤੁ ਲਾਇ।।
>
> ਪੂਰਨ ਕਰੌ ਗਿਰੰਥ ਇਹ ਤੁਮ ਮੁਹਿ ਕਰਹੁ ਸਹਾਇ।।[32]

ਬਚਿਤ੍ਰ ਨਾਟਕ ਦਾ ਆਰੰਭ ਗੁਰੂ ਗੋਬਿੰਦ ਸਿੰਘ ਜੀ ਪਵਿੱਤਰ ਸ਼ਾਸਤਰਾਂ (ਸ਼ਕਤੀ) ਨੂੰ ਮੱਥਾ ਟੇਕ ਕੇ ਕਰਦੇ ਹਨ:

ਸ੍ਰੀ ਕਾਲ ਜੀ ਕੀ ਉਸਤਤਿ

ਖਗ ਖੰਡ ਬਿਹੰਡੰ ਖਲ ਦਲ ਖੰਡੰ ਅਤਿ ਰਣ ਮੰਡੰ ਬਰਬੰਡੰ।।

ਭੁਜ ਦੰਡ ਅਖੰਡੰ ਤੇਜ ਪ੍ਰਚੰਡੰ ਜੋਤਿ ਅਮੰਡੰ ਭਾਨ ਪ੍ਰਭੰ।।

ਸੁਖ ਸੰਤਾ ਕਰਣ ਦੁਰਮਤਿ ਦਰਣੰ ਕਿਲਬਿਖ ਹਰਣੰ ਅਸ ਸਰਣੰ।।

ਜੈ ਜੈ ਜਗ ਕਾਰਣ ਸ੍ਰਿਸ਼ਟ ਉਬਾਰਣ ਮਮ ਪ੍ਰਤਿਪਾਰਣ ਜੈ ਤੇਗੰ।।[33]

ਅਰਥਾਤ ਕਾਲ ਹੀ ਖੜਗੇਸ਼ ਹੈ, ਉਹੋ ਅਕਾਲਪੁਰਖ ਹੈ ਅਤੇ ਉਹੋ ਭਗਉਤੀ ਹੈ। ਸ੍ਰੀ ਭਗਉਤੀ ਦੁਸ਼ਟਾਂ ਦੇ ਟੋਟੇ ਕਰਨ ਦੇ ਸਮਰਥ ਹੈ, ਮੂਰਖਾਂ ਦੇ ਦਲਾਂ ਨੂੰ ਨਾਸ਼ ਕਰਨ ਵਾਲੀ ਹੈ। ਜੰਗ ਨੂੰ ਪਚਾਉਣ ਵਾਲੀ ਹੈ, ਅਤਿ ਬਲਵਾਨ ਹੈ ਅਤੇ ਨਾਸ਼ ਰਹਿਤ ਭੁਜਾ ਦੇ ਨਾਲ ਹੈ, ਬੜੇ ਤੇਜ ਪ੍ਰਕਾਸ਼ ਵਾਲੀ ਹੈ। ਸੰਤਾਂ ਮਹਾਂਪੁਰਖਾਂ ਨੂੰ ਸੁਖ ਦੇਣ ਵਾਲੀ ਹੈ ਤੇ ਖੋਟੇ ਪੁਰਸ਼ਾਂ ਦਾ ਨਾਸ਼ ਕਰਨ ਵਾਲੀ ਹੈ। ਪਾਪਾਂ ਨੂੰ ਦੂਰ ਕਰਦੀ ਹੈ। ਮੈਂ ਐਸੀ ਭਗਉਤੀ ਦੀ ਸ਼ਰਨ ਲਈ ਹੈ। ਗੁਰੂ ਗੋਬਿੰਦ ਸਿੰਘ ਜੀ ਭਗਉਤੀ ਨੂੰ ਜਗਤ ਦੀ ਰਚਨਹਾਰੀ ਮੰਨ ਕੇ ਉਸਦੀ ਸ਼ਕਤੀ ਦੀ ਜੈ ਸਵੀਕਾਰ ਕਰਦੇ ਹਨ। ਗੁਰੂ ਗੋਬਿੰਦ ਸਿੰਘ ਜੀ ਕਾਲ ਅਤੇ ਤਲਵਾਰ ਨੂੰ ਸਮਾਨਾਰਥਕ ਮੰਨਦੇ ਹਨ। ਇਸ ਤਰ੍ਹਾਂ ਆਪ ਤਲਵਾਰ ਨੂੰ ਸ਼ਕਤੀ ਦਾ ਚਿੰਨ ਮੰਨਦੇ ਹਨ ਜੋ ਕਿ ਮਹਾਂਕਾਲ ਦਾ ਸਵਰੂਪ ਹੈ। ਅਗਲੇ ਛੰਦਾਂ ਵਿਚ ਪਰਮਾਤਮਾ ਨੂੰ ਸਰਬਵਿਆਪਕ ਰੂਪ ਵਿਚ ਪੇਸ਼ ਕਰਦਿਆਂ ਉਸਨੂੰ ਸਰਬਸ਼ਕਤੀਮਾਨ ਰੂਪ ਵਿਚ ਪੇਸ਼ ਕੀਤਾ ਹੈ।

ਬਚਿੱਤ੍ਰ ਨਾਟਕ ਦੇ ਚੌਦਾਂ ਅਧਿਆਇਆਂ ਵਿਚ ਧਰਮ ਸ਼ਕਤੀ ਨੂੰ ਤਿੰਨ ਖੰਡਾਂ ਵਿਚ ਵੰਡ ਕੇ ਅਧਿਐਨ ਹਿਤ ਲਿਆਂਦਾ ਹੈ। ਬਚਿਤ੍ਰ ਨਾਟਕ ਦੇ ਆਰੰਭ ਵਿਚ ਪਰਮਾਤਮ ਸ਼ਕਤੀ ਦੀ ਉਸਤਤਿ ਅਤੇ ਭਗਤੀ ਭਾਵ ਨੂੰ ਸਮਰਪਿਤ ਹਨ। ਅਗਲੇ ਛੰਦਾਂ ਵਿੱਚ ਪ੍ਰਮਾਤਮਾ ਨੂੰ ਸਰਬਵਿਆਪਕ ਰੂਪ ਵਿੱਚ ਪੇਸ਼ ਕਰਦਿਆਂ ਉਸਨੂੰ ਸਰਬ ਸ਼ਕਤੀਮਾਨ ਰੂਪ ਵਿੱਚ ਪੇਸ਼ ਕੀਤਾ ਹੈ। ਇਹਨਾਂ ਅਧਿਆਇਆਂ ਵਿਚ ਪਰਮਾਤਮ ਸ਼ਕਤੀ ਅਧੀਨ ਸ੍ਰਿਸ਼ਟੀ ਸਿਰਜਨਾ, ਕਾਲ ਦਾ

ਸਵਰੂਪ, ਕਾਲ ਦੀ ਉਸਤਤਿ ਅਤੇ ਉਸ ਦੇ ਵਿਭਿੰਨ ਸਰੂਪਾਂ ਦਾ ਵਰਣਨ ਕੀਤਾ ਗਿਆ ਹੈ। ਅਗਲੇ ਅਧਿਆਇਆਂ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਪੂਰਬਲੇ ਜਨਮ ਦਾ ਵੇਰਵਾ, ਇਸ ਦੁਨੀਆਂ ਵਿਚ ਆਉਣ ਦਾ ਉਦੇਸ਼, ਆਪਣੇ ਵੰਸ਼ ਅਤੇ ਸਮਕਾਲੀ ਜੀਵਨ ਦੇ ਜਨਮ ਤੋਂ ਲੈ ਕੇ ਯੁੱਧਾਂ ਦੇ ਸ਼ੁਰੂ ਹੋਣ ਤੋਂ ਪਹਿਲੇ ਦੇ ਸਮੇਂ ਦਾ ਵਰਣਨ ਕੀਤਾ ਹੈ। ਇਸ ਦਰਮਿਆਨ ਆਪ ਨੇ ਭੰਗਾਣੀ ਦਾ ਯੁਧ, ਨਦੌਣ, ਹੁਸੈਨੀ ਯੁੱਧ ਆਦਿ ਅਤੇ ਬਚਿੱਤ੍ਰ ਨਾਟਕ ਦੀ ਸਮਾਪਤੀ ਪਰਮਾਤਮ ਸ਼ਕਤੀ ਦੇ ਜਸ ਗਾਇਨ ਨਾਲ ਕੀਤੀ ਹੈ।[34]

ਗੁਰੂ ਗੋਬਿੰਦ ਸਿੰਘ ਜੀ ਨੇ ਬਚਿਤ੍ਰ ਨਾਟਕ ਰਚਨਾ ਦੇ ਅੰਤਰਗਤ ਨਵੇਂ ਵਿਚਾਰ ਪ੍ਰਚਾਰ ਕਰਕੇ ਸਮਾਜ ਵਿੱਚ ਕ੍ਰਾਂਤੀਕਾਰੀ ਲਹਿਰ ਪੈਦਾ ਕੀਤੀ ਜਿਸ ਦੇ ਸਿੱਟੇ ਵਜੋਂ ਨਵੇਂ ਇਨਕਲਾਬੀ ਸਮਾਜ ਦੀ ਸਥਾਪਨਾ ਹੋਈ। ਇਸ ਸਥਾਪਨਾ ਪਿੱਛੇ ਵੀ ਗੁਰੂ ਗੋਬਿੰਦ ਸਿੰਘ ਜੀ ਪ੍ਰਮਾਤਮਾ ਦਾ ਆਦੇਸ਼ ਬਿਆਨ ਕਰਦੇ ਹਨ:

ਕਹਿਯੋ ਪ੍ਰਭੂ ਸੁ ਭਾਖਿ ਹੌਂ।। ਕਿਸੂ ਨ ਕਾਨ ਰਾਖਿ ਹੌਂ।।
ਜੋ ਪ੍ਰਭ ਜਗਤਿ ਕਹਾ ਸੋ ਕਹਿ ਹੌਂ।। ਮ੍ਰਿਤ ਲੋਗ ਤੇ ਮੋਨਿ ਨ ਰਹਿਹੌਂ।।[35]

ਬਚਿੱਤ੍ਰ ਨਾਟਕ ਰਚਨਾ ਦੇ ਪਹਿਲੇ ਅਧਿਆਇ ਵਿੱਚ ਅਕਾਲ ਪੁਰਖ ਦੀ ਉਸਤਤਿ ਕਰਦਿਆਂ ਪਰਮ ਸ਼ਕਤੀ ਨੂੰ ਸਰਬ ਸ਼ਕਤੀਮਾਨ ਦਰਸਾਉਂਦਿਆ ਸ੍ਰਿਸ਼ਟੀ ਦਾ ਕਰਤਾ, ਸਿਰਜਕ, ਪਾਲਕ ਅਤੇ ਸੰਘਾਰਕ ਕਿਹਾ ਹੈ। ਜਗਤ ਰਚਨਾ ਦਾ ਮੁੱਢਲਾ ਅਸੂਲ ਕਾਲ ਚੱਕਰ ਹੈ। ਕਾਲ ਦੇ ਹੁਕਮ ਅਨੁਸਾਰ ਬ੍ਰਹਮਾ, ਵਿਸ਼ਨੂੰ, ਸ਼ਿਵ ਅਤੇ ਅਨੇਕਾਂ ਦੇਵੀ ਦੈਂਤ ਹੋਂਦ ਵਿੱਚ ਆਏ। ਸੰਸਾਰ ਵਿੱਚ ਜਿੰਨੇ ਵੀ ਵਜੂਦ ਹਨ, ਉਹਨਾਂ ਦਾ ਸਿਰਜਕ ਕਾਲ ਹੈ। ਇੱਕ ਅਕਾਲ ਪੁਰਖ ਹੀ ਕਾਲ ਦੀ ਪਕੜ ਤੋਂ ਬਾਹਰ ਹੈ, ਉਹ ਅਕਾਲ ਹੈ:

ਕਾਲ ਹੀ ਪਾਇ ਭਯੋ ਭਗਵਾਨ ਸੁ ਜਾਗਤ ਯਾ ਜਗ ਜਾਕੀ ਕਲਾ ਹੈ।।
ਕਾਲ ਹੀ ਪਾਇ ਭਯੋ ਬ੍ਰਹਮਾ ਸ਼ਿਵ ਕਾਲ ਹੀ ਪਾਇ ਭਯੋ ਜੁਗੀਆ ਹੈ।।
ਕਾਲ ਹੀ ਪਾਇ ਸੁਰਾਸੁਰ ਗੰਧ੍ਰਵ ਜੱਛ ਭੁੰਜਗ ਦਿਸਾ ਬਿਦਿਸਾ ਹੈ।।
ਔਰ ਸਕਾਲ ਸਭੈ ਬਸਿ ਕਾਲ ਕੇ ਏਕ ਹੀ ਕਾਲ ਅਕਾਲ ਸਦਾ ਹੈ।।[36]

ਇਸ ਸਮੁਚੇ ਬਿਰਤਾਂਤ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਧਰਮ ਸ਼ਕਤੀ ਦੀ ਮਹੱਤਤਾ ਨੂੰ ਪੇਸ਼ ਕੀਤਾ ਹੈ। ਆਪਣੇ ਪੂਰਵ ਜਨਮ ਦਾ ਬਖਾਨ ਕਰਦੇ ਹੋਏ ਆਪਣੀ ਕਥਾ ਵਿੱਚ ਗੁਰੂ ਸਾਹਿਬ ਸਪਸ਼ਟ ਕਰਦੇ ਹਨ:

ਅਬ ਮੈ ਆਪਨੀ ਕਥਾ ਬਖਾਨੋ॥
ਤਪ ਸਾਧਤ ਜਿਹ ਬਿਧਿ ਮੁਹਿ ਆਨੋ॥
ਹੇਮਕੁੰਟ ਪਰਬਤ ਹੈ ਜਹਾਂ॥
ਸਪਤਸ੍ਰਿੰਗ ਸੋਭਿਤ ਹੈ ਤਹਾਂ॥[37]

ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਆਤਮ ਕਥਾ ਵਿਚ ਸਪਸ਼ਟ ਸ਼ਬਦਾਂ ਵਿਚ ਕਿਹਾ ਹੈ ਕਿ ਮੈਂ ਪਰਮਾਤਮਾ ਦੀ ਭਗਤੀ ਵਿਚ ਸੁਰਤ ਜੋੜੀ ਹੋਈ ਸੀ ਅਤੇ ਮੇਰਾ ਕਲਯੁਗ ਵਿਚ ਆਉਣ ਨੂੰ ਜੀ ਨਹੀਂ ਸੀ ਕਰਦਾ ਪਰ ਪਰਮਾਤਮਾ ਦੇ ਸਮਝਾਉਣ ਤੇ ਮੈਂ ਇਸ ਲੋਕ ਵਿਚ ਆਇਆ:

ਚਿਤ ਨ ਭਯੋ ਹਮਰੋ ਆਵਨ ਕਹਿ॥
ਚੁਭੀ ਰਹੀ ਸ੍ਰਤਿ ਪ੍ਰਭੁ ਚਰਨਨ ਮਹਿ॥
ਜਿਉ ਤਿਉ ਪ੍ਰਭ ਹਮ ਕੋ ਸਮਝਾਯੋ॥
ਇਮ ਕਹਿ ਕੈ ਇਹ ਲੋਕ ਪਠਾਯੋ॥[38]

ਗੁਰੂ ਗੋਬਿੰਦ ਸਿੰਘ ਜੀ ਦੇ ਸਮਕਾਲ ਵਿਚ ਸਮਾਜਿਕ ਹਾਲਾਤ ਬਹੁਤ ਤਰਸਯੋਗ ਸਨ। ਮੁਗਲ ਸ਼ਾਸਕ ਆਮ ਜਨਤਾ ਨੂੰ ਤਸੀਹੇ ਦੇ ਰਹੇ ਸਨ। ਬਚਿੱਤ੍ਰ ਨਾਟਕ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਸੰਸਾਰ ਵਿਚ ਆਉਣ ਦਾ ਆਪਣਾ ਉਦੇਸ਼ ਪ੍ਰਗਟ ਕੀਤਾ ਹੈ ਕਿ ਜਦੋਂ ਵੀ ਸੰਸਾਰ ਵਿਚ ਅਤਿਆਚਾਰ ਵਧ ਜਾਂਦਾ ਹੈ ਤਾਂ ਪਰਮਾਤਮ ਸ਼ਕਤੀ ਕਿਸੇ ਮਹਾਨ ਆਤਮਾ ਨੂੰ ਅਤਿਆਚਾਰ ਖਿਲਾਫ ਯੁਧ ਕਰਨ ਲਈ ਭੇਜਦੀ ਹੈ। ਜੀਵਨ ਦਾ ਅਸਲ ਸੰਘਰਸ਼ ਬੇ-ਇਨਸਾਫੀਆਂ ਅਤੇ ਜ਼ਬਰ ਦੇ ਵਿਰੁਧ ਆਵਾਜ਼ ਉਠਾਉਣਾ ਹੈ:

ਯਾਹੀ ਕਾਜ ਧਰਾ ਹਮ ਜਨਮੰ॥
ਸਮਝ ਲੇਹੁ ਸਾਧੂ ਸਭ ਮਨਮੰ॥
ਧਰਮ ਚਲਾਵਨ ਸੰਤ ਉਬਾਰਨ॥
ਦੁਸ਼ਟ ਸਭਨ ਕੋ ਮੂਲ ਉਪਾਰਨ॥[39]

ਜਦੋਂ ਸ੍ਰਿਸ਼ਟੀ ਦੀ ਸਿਰਜਨਾ ਹੋਈ ਉਦੋਂ ਹੀ ਦੁਸ਼ਟ ਦੁਖਦਾਈ ਦੈਂਤ ਹੋਂਦ ਵਿੱਚ ਆਏ। ਇਹ ਦੈਂਤ ਆਪਣੀ ਬੀਰ ਸ਼ਕਤੀ ਕਾਰਨ ਹਉਮੈਂ ਵਿੱਚ ਨਾਲ ਗ੍ਰਸੇ ਗਏ ਅਤੇ ਪਰਮਾਤਮ ਸ਼ਕਤੀ ਨੂੰ ਸਿਮਰਨ ਤੋਂ ਹਟ ਗਏ। ਕਾਲ ਨੇ ਕ੍ਰੋਧ ਵਿੱਚ ਆ ਕੇ ਉਹਨਾਂ ਨੂੰ ਖਤਮ ਕਰ ਦਿੱਤਾ। ਫੇਰ ਦੇਵਤਿਆਂ ਦੀ ਸਿਰਜਨਾ ਹੋਈ। ਸਮਾਂ ਪਾ ਕੇ ਉਹ ਵੀ ਪਰਮੇਸ਼ਵਰ ਬਣ ਬੈਠੇ ਅਤੇ ਆਪਣੀ ਪੂਜਾ ਕਰਾਉਣ ਲਗੇ। ਸ਼ਿਵ ਜੀ ਨੇ ਆਪਣੇ ਆਪ ਨੂੰ ਅਚੁਤ (ਅਗਮ) ਕਹਾਇਆ, ਵਿਸ਼ਨੂੰ ਪਰਮੇਸ਼ਵਰ ਰੂਪ ਹੋ ਗਿਆ ਅਤੇ ਬ੍ਰਹਮਾ ਨੇ ਆਪਣੇ ਆਪ ਨੂੰ ਪਾਰਬ੍ਰਹਮ ਕਿਹਾ ਪਰੰਤੂ ਪਰਮ ਸ਼ਕਤੀ ਪਰਮਾਤਮਾ ਨੂੰ ਕਿਸੇ ਨੇ ਵੀ ਪ੍ਰਭੂ ਕਰਕੇ ਨਹੀਂ ਜਾਣਿਆ ਫਿਰ ਅਠ ਸਾਖੀ (ਪ੍ਰਿਥਵੀ, ਸੂਰਜ, ਚੰਦ੍ਰਮਾ, ਅਗਨਿ, ਪਵਣ, ਵਰੁਣ, ਯਮ, ਧੁਰ ਅਤੇ ਧ੍ਰਵ) ਬਣਾਏ। ਉਹ ਵੀ ਆਪਣੇ ਆਪ ਨੂੰ ਪ੍ਰਭੂ ਰੂਪ ਸਮਝਣ ਲਗੇ, ਜਿੰਨੇ ਵੀ ਰੂਪ ਪ੍ਰਭੂ ਨੇ ਆਪਣੀ ਸਾਖ ਦੇ ਨਮਿਤ ਪੈਦਾ ਕੀਤੇ ਇਥੇ ਆ ਕੇ ਸਾਰਿਆਂ ਨੇ ਹੀ ਹੰਕਾਰ ਰੂਪ ਹੋ ਪਰਮਾਤਮਾ ਨੂੰ ਵਿਸਾਰ ਦਿੱਤਾ। ਜਦੋਂ ਸਾਰੇ ਹੀ ਆਪਣੀ-ਆਪਣੀ ਪ੍ਰਭੂਤਾ ਵਿੱਚ ਉਲਝ ਕੇ ਪਾਰਬ੍ਰਹਮ ਨੂੰ ਪਹਿਚਾਣ ਨਹੀਂ ਰਹੇ ਸਨ ਤਾਂ ਤਪ ਕਰਦਿਆਂ ਨੂੰ ਪਰਮਾਤਮਾ ਨੇ ਏਹ ਕਹਿ ਜਗਤ ਵਿੱਚ ਭੇਜਿਆ ਕਿ:[40]

ਸਭ ਅਪਨੀ ਅਪਨੀ ਉਰਝਾਨਾ॥ ਪਾਰਬ੍ਰਹਮ ਕਾਹੂ ਨ ਪਛਾਨਾ॥
ਤਪ ਸਾਧਤ ਹਰਿ ਮੋਹਿ ਬੁਲਾਯੋ॥ ਇਮ ਕਹਿਕੈ ਇਹ ਲੋਕ ਪਠਾਯੋ॥
ਮੈਂ ਅਪਨਾ ਸੁਤ ਤੋਹਿ ਨਿਵਾਜਾ। ਪੰਥੁ ਪ੍ਰਚੁਰ ਕਰਬੇ ਕੱਹ ਸਾਜਾ॥
ਜਾਹਿ ਤਹਾਂ ਤੈ ਧਰਮੁ ਚਲਾਇ। ਕਬੁਧਿ ਕਰਨ ਤੇ ਲੋਕ ਹਟਾਇ॥[41]

ਸਪਸ਼ਟ ਹੈ ਕਿ ਪਰਮ ਸ਼ਕਤੀ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਪੁੱਤਰ ਸਥਾਪਤ ਕਰਕੇ ਧਰਮ ਦੀ ਸਿਰਜਨਾ ਅਤੇ ਪ੍ਰਚਲਨ ਲਈ ਜਗਤ ਵਿੱਚ ਭੇਜਿਆ ਅਤੇ ਕਿਹਾ ਕਿ ਲੋਕਾਂ ਨੂੰ ਕੁਬਧਿ ਪੂਰਨ ਕਾਰਜ ਕਰਨ ਤੋਂ ਹਟਾਓ:

ਇਹ ਕਾਰਨਿ ਪ੍ਰਭ ਮੋਹਿ ਪਠਾਯੋ॥ ਤਬ ਮੈਂ ਜਗਤ ਜਨਮੁ ਧਰਿ ਆਯੋ॥
ਜਿਮ ਤਿਨ ਕਹੀ ਇਨੈ ਤਿਮ ਕਹਿਹੌਂ॥ ਅਉਰ ਕਿਸੂ ਤੇ ਬੈਰ ਨ ਗਹਿਹੌਂ॥[42]

ਗੁਰੂ ਗੋਬਿੰਦ ਸਿੰਘ ਜੀ ਪਰਮ ਸ਼ਕਤੀ ਦੇ ਹੁਕਮ ਅਨੁਸਾਰ ਉਸ ਦੇ ਸੰਦੇਸ਼ ਦਾ ਸੰਚਾਰ ਕਰਨ ਲਈ ਆਏ ਅਤੇ ਲੋਕਾਂ ਨੂੰ ਪਰਮਾਤਮਾ ਦੇ ਸਤਿ ਸਰੂਪ ਨੂੰ ਜਾਣੂੰ ਕਰਵਾਉਣ ਲਈ ਕਾਰਜਸ਼ੀਲ ਹੋਏ। ਸ਼ੁਭ ਕਰਮ ਰੂਪੀ ਕਾਰਜਾਂ ਨੂੰ ਅਮਲ ਕਰਨ ਅਤੇ ਅਸ਼ੁੱਭ ਕਾਰਜਾਂ ਨੂੰ ਖਤਮ ਕਰਨ ਹਿਤ ਆਪ ਦਾ ਆਗਮਨ ਪ੍ਰਯੋਜਨ ਰੂਪ ਵਿੱਚ ਦ੍ਰਿਸ਼ਟਮਾਨ ਹੋ ਰਿਹਾ ਹੈ। ਜਗਤ ਵਿੱਚ ਕਰਮਸ਼ੀਲ ਰੂਪ ਵਿੱਚ ਕਾਰਜ ਕਰਦਿਆਂ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਆਪ ਨੂੰ ਪਰਮਾਤਮਾ ਦਾ ਦਾਸ ਅਖਵਾਇਆ ਅਤੇ ਸਪਸ਼ਟ ਕੀਤਾ ਕਿ ਉਹ ਉਸ ਦੇ ਹੁਕਮ ਵਿੱਚ ਕਾਰਜਸ਼ੀਲ ਹਨ:

ਮੈਂ ਹੋ ਪਰਮ ਪੁਰਖ ਕੋ ਦਾਸਾ।। ਦੇਖਨਿ ਆਯੋ ਜਗਤ ਤਮਾਸਾ।।
ਜੋ ਪ੍ਰਭ ਜਗਤਿ ਕਹਾ ਸੋ ਕਹਿ ਹੌਂ।। ਮ੍ਰਿਤ ਲੋਗ ਤੇ ਮੋਨਿ ਨ ਰਹਿਹੌਂ।।[43]

ਗੁਰੂ ਗੋਬਿੰਦ ਸਿੰਘ ਜੀ ਦਾ ਜਗਤ ਵਿੱਚ ਸ਼ੁਭ ਕਰਮ ਕਰਨ ਅਤੇ ਧਰਮ ਦੀ ਸਥਾਪਨਾ ਹਿਤ ਸਮੁੱਚਾ ਜੀਵਨ ਸੰਘਰਸ਼ਮਈ ਘਟਨਾਵਾਂ ਅਤੇ ਵੇਰਵਿਆਂ ਨਾਲ ਪਰਿਪੂਰਨ ਹੈ। ਆਪਨੇ ਆਪਣੇ ਜੀਵਨ ਦੀਆਂ ਮਹੱਤਵਪੂਰਨ ਘਟਨਾਵਾਂ ਅਤੇ ਯੁੱਧ ਪ੍ਰਸੰਗਾਂ ਨੂੰ ਤੇਜਸਵੀ ਭਾਵ ਅਭਿਵਿਅਕਤੀ ਦੁਆਰਾ ਰੂਪਮਾਨ ਕੀਤਾ ਹੈ। ਇਤਿਹਾਸਕ ਯਥਾਰਥਕ ਦ੍ਰਿਸ਼ਟੀ ਤੋਂ ਆਪਦੇ ਜੀਵਨ ਇਤਿਹਾਸ ਦੀਆਂ ਘਟਨਾਵਾਂ ਦੀ ਪ੍ਰਾਪਤੀ ਹੁੰਦੀ ਹੈ। ਇਸ ਦੇ ਅੰਤਰਗਤ ਪਹਾੜੀ ਰਾਜਿਆਂ ਨਾਲ ਹੋਏ ਯੁੱਧਾਂ ਦਾ ਵਰਣਨ ਹੈ। ਜਿਨ੍ਹਾਂ ਵਿੱਚ ਪ੍ਰਥਮ ਯੁੱਧ, ਹੁਸੈਨੀ ਯੁੱਧ, ਨਦੌਣ ਯੁੱਧ, ਆਦਿ ਮਹੱਤਵਪੂਰਨ ਯੁੱਧ ਹਨ। ਇਸ ਦੇ ਨਾਲ ਹੀ ਯੁੱਧਾਂ ਨਾਲ ਸਬੰਧਤ ਵੇਰਵੇ, ਵਿਅਕਤੀ ਅਤੇ ਥਾਵਾਂ ਦਾ ਵੀ ਜਿਕਰ ਵੀ ਬਚਿਤ੍ਰ ਨਾਟਕ ਵਿਚ ਹੈ। ਸਮਕਾਲੀਨ ਮੁਗਲ ਸਾਮਰਾਜ ਨਾਲ ਗੁਰੂ ਗੋਬਿੰਦ ਸਿੰਘ ਜੀ ਦੇ ਸਬੰਧ ਅਤੇ ਮਹੱਤਵਪੂਰਨ ਘਟਨਾਵਾਂ ਦਾ ਵਰਣਨ ਦਾ ਵੀ ਵੇਰਵਾ ਮਿਲਦਾ ਹੈ। ਕਥਾ ਦਾ ਅੰਤ ਵਿੱਚ ਅਕਾਲ ਪੁਰਖ ਦੀ ਉਸਤਿਤ ਕਰਦਿਆਂ ਜਿਥੇ ਗੁਰੂ ਸਾਹਿਬ ਆਪਣੇ ਕਾਰਜ ਰੂਪੀ ਉਦੇਸ਼ ਨੂੰ ਸਪਸ਼ਟ ਕਰਦੇ ਹਨ ਉਥੇ ਰਚਨਾਤਮਕ ਪਧਰ ਤੇ ਚੰਡੀ ਚਰਿਤ੍ਰ ਰਚਿਤ ਹੋਣ ਦੇ ਸੰਕੇਤ ਵੀ ਪਰਤੱਖ ਦ੍ਰਿਸ਼ਟੀਮਾਨ ਹੋ ਰਹੇ ਹਨ:[44]

ਜਿਹ ਜਿਹ ਬਿਧ ਜਨਮਨ ਸੁਧਿ ਆਈ।। ਤਿਮ ਤਿਮ ਕਹੇ ਗਰੰਥ ਬਨਾਈ।।

ਪ੍ਰਥਮੇ ਸਤਿਜੁਗ ਜਿਹ ਬਿਧਿ ਲਹਾ।। ਪ੍ਰਥਮੇ ਦੇਬਿ ਚਰਿਤ੍ਰ ਕੋ ਕਹਾ।।

ਪਹਿਲੇ ਚੰਡੀ ਚਰਿਤ੍ਰ ਬਨਾਯੋ।। ਨਖ ਸਿਖ ਤੇ ਕ੍ਰਮ ਭਾਖ ਸੁਨਾਯੋ।।

ਛੋਰ ਕਥਾ ਤਬ ਪ੍ਰਥਮ ਸੁਨਾਈ। ਅਬ ਚਾਹਤ ਫਿਰ ਕਰੌ ਬਡਾਈ।।[45]

ਇਸ ਪ੍ਰਕਾਰ ਬਿਚਿੱਤ੍ਰ ਨਾਟਕ ਦੇ ਅੰਤਰਗਤ ਗੁਰੂ ਸਾਹਿਬ ਦਾ ਆਗਮਨ ਅਕਾਲ ਪੁਰਖ ਦੀ ਸਾਜੀ ਹੋਈ ਸ੍ਰਿਸ਼ਟੀ ਵਿੱਚ ਵਿਸ਼ੇਸ਼ ਪਰੋਯਜਨ ਰੂਪ ਵਿੱਚ ਅੰਕਿਤ ਹੋ ਰਿਹਾ ਹੈ। ਜਿਸ ਦੇ ਅੰਤਰਗਤ ਅਕਾਲ ਪੁਰਖ ਪ੍ਰਮੁੱਖ ਸ਼ਕਤੀ ਸਰੋਤ ਹੈ। ਬਚਿੱਤ੍ਰ ਨਾਟਕ ਵਿੱਚ ਅਭਿਵਿਅਕਤ ਅਧਿਆਤਮਕ ਅਨੁਭੂਤੀ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਜਗਤ ਦੀਆਂ ਸਮੂਹ ਹੋਂਦਾਂ ਨੂੰ ਜੁਗਤ ਵਜੋਂ ਵਰਤਦਿਆਂ ਅਕਾਲ ਪੁਰਖ ਦੇ ਅਨੁਭਵ ਬੋਧ ਲਈ ਕਾਰਜਸ਼ੀਲ ਕੀਤਾ ਹੈ। ਚਾਰ ਸੌ ਇਕਤਰ ਬੰਦਾਂ ਵਿੱਚ ਇਹ ਰਚਨਾ ਰੂਪ ਦੇ ਪੱਖ ਤੋਂ ਵਿਲੱਖਣ ਅਤੇ ਵਿਸ਼ਿਸ਼ਟ ਸਥਾਨ ਰਖਦੀ ਹੈ।

ਇਸ ਆਤਮ ਕਥਾ ਦਾ ਵਿਸ਼ੇਸ਼ ਭਾਗ ਯੁੱਧ ਵਰਣਨ ਦਾ ਹੈ। ਇਸ ਵਿੱਚ ਪਾਉਂਟੇ ਦੀ ਲੜਾਈ, ਨਾਦੌਣ ਯੁੱਧ, ਖਾਨਜਾਦੇ ਕੋ ਆਗਮਨ, ਹੁਸੈਨੀ ਯੁੱਧ ਆਦਿ ਦਾ ਵੇਰਵੇ ਸਹਿਤ ਵਰਣਨ ਕੀਤਾ ਹੈ। ਇਹ ਯੁੱਧ ਵਰਣਨ ਕੇਵਲ ਆਪਣੀਆਂ ਜਿੱਤਾਂ ਦਾ ਵਰਣਨ ਕਰਨ ਲਈ ਨਹੀਂ ਸਗੋਂ ਉਸ ਸਮੇਂ ਦੀ ਦੇਸ ਵਿੱਚ ਵਾਪਰ ਰਹੀ ਰਾਜਨੀਤਕ ਦਸ਼ਾ ਦਾ ਵੀ ਉਲੇਖ ਕਰਦੇ ਹਨ। ਹਿੰਦੂ ਰਾਜੇ ਆਪਸ ਵਿੱਚ ਲੜ ਰਹੇ ਸਨ ਅਤੇ ਇਕ ਦੂਸਰੇ ਨੂੰ ਨੀਵਾਂ ਦਿਖਾਉਣ ਦਾ ਯਤਨ ਕਰਦੇ ਸਨ। ਰਾਜਿਆਂ ਦੀ ਇਸੇ ਕੁਟਿਲ ਨੀਤੀ ਨੇ ਹਿੰਦੁਸਤਾਨ ਨੂੰ ਕਈ ਸਦੀਆਂ ਗੁਲਾਮ ਬਣਾਈ ਰੱਖਿਆ।

ਇਨ੍ਹਾਂ ਲੜਾਈਆਂ ਦਾ ਮੁੱਖ ਕਾਰਨ ਲਤਾੜੀਆਂ ਹੋਈਆਂ ਜਾਤੀਆਂ ਵਿੱਚ ਸਾਹਸ ਭਾਵਨਾ ਦੀ ਕਮੀ ਸੀ। ਹਿੰਦੂ ਰਾਜੇ ਜਾਤ ਅਭਿਮਾਨ ਵਿੱਚ ਇਹ ਨਹੀਂ ਚਾਹੁੰਦੇ ਸਨ ਕਿ ਭਾਰਤ ਦੀ ਕੋਈ ਦਲਿਤ ਜਾਤੀ ਦਾ ਵਿਅਕਤੀ ਉਹਨਾਂ ਸਾਹਮਣੇ ਖਲੋਵੇ। ਇਹ ਲੜਾਈਆਂ ਇਕ ਵਿਚਾਰਧਾਰਾ ਨੂੰ ਮੁੱਖ ਰੱਖ ਕੇ ਲੜੀਆਂ ਗਈਆਂ। ਇਸ ਵਿਚਾਰਧਾਰਾ ਅਧੀਨ ਦੱਬਿਆਂ ਨੂੰ

ਉੱਚਾ ਚੁੱਕਣਾ ਅਤੇ ਉਹਨਾਂ ਨੂੰ ਆਪਣੇ ਹੱਕ ਪ੍ਰਤੀ ਜਾਗਰੂਕ ਕਰਨਾ ਸੀ। ਹਿੰਦੂ ਰਾਜੇ ਅਤੇ ਉਸ ਸਮੇਂ ਕੇਂਦਰੀ ਸਰਕਾਰ ਦੱਬਿਆਂ ਨੂੰ ਹੋਰ ਦਬਾਉਣਾ ਚਾਹੁੰਦੀ ਸੀ। ਇਹ ਲੜਾਈਆਂ ਗੁਰੂ ਜੀ ਨੇ ਕਿਤੇ ਵੀ ਆਪ ਪਹਿਲ ਕਰ ਕੇ ਨਹੀਂ ਲੜੀਆਂ ਸਗੋਂ ਜਬਰਦਸਤੀ ਉਨ੍ਹਾਂ ਨੂੰ ਲੜਨੀਆਂ ਪਈਆਂ ਹਨ ਅਤੇ ਇਹਨਾਂ ਵਿਚੋਂ ਜ਼ੁਲਮ ਵਿਰੁੱਧ ਭਾਵਨਾ ਨਿਕਲੀ ਹੈ, ਇਹਨਾਂ ਲੜਾਈਆਂ ਵਿਚ ਗੁਰੂ ਗੋਬਿੰਦ ਸਿੰਘ ਜੀ ਜਿੱਤ ਕੇ ਵੀ ਨਿਮਰਤਾ ਵਿੱਚ ਰਹਿੰਦੇ ਸਨ:

ਭਈ ਜੀਤ ਮੇਰੀ।। ਕ੍ਰਿਪਾ ਕਾਲ ਕੇਰੀ।।[46]

ਇਸ ਆਤਮ ਕਥਾ ਵਿੱਚ ਜੀਵਨ ਦੀਆਂ ਕੁਝ ਕੁ ਪ੍ਰੰਤੂ ਵਿਸ਼ੇਸ਼ ਘਟਨਾਵਾਂ ਆਉਂਦੀਆਂ ਹਨ। ਇਸ ਵਿੱਚ ਗੁਰੂ ਜੀ ਦੀ ਵਿਸ਼ੇਸ਼ ਕਰਾਮਾਤ ਖਾਲਸੇ ਦਾ ਜਨਮ, ਆਨੰਦਪੁਰ, ਚਮਕੌਰ ਦੀ ਜੰਗ ਅਤੇ ਚਾਰ ਸਾਹਿਬਜਾਦਿਆਂ ਦੀ ਸ਼ਹੀਦੀ, ਮਾਛੀਵਾੜੇ ਦੀ ਯਾਤਰਾ ਆਦਿ ਵਿਸ਼ੇਸ਼ ਘਟਨਾਵਾਂ ਰਹਿ ਗਈਆਂ ਹਨ। ਕੁਝ ਮੁੱਢਲੀਆਂ ਵਿਸ਼ੇਸ਼ ਘਟਨਾਵਾਂ ਨੂੰ ਹੀ ਅੰਕਤ ਕਰਕੇ ਉਨ੍ਹਾਂ ਨੇ ਆਪਣੀ ਆਤਮ ਕਥਾ ਨੂੰ ਸਮਾਪਤ ਕਰ ਦਿੱਤਾ ਹੈ।

ਬਚਿੱਤ੍ਰ ਨਾਟਕ ਗੁਰੂ ਗੋਬਿੰਦ ਸਿੰਘ ਜੀ ਦੀ ਮਹਤਵਪੂਰਨ ਕਿਰਤ ਹੈ, ਜਿਸ ਵਿਚ ਆਪਨੇ ਆਪਣੇ ਜੀਵਨ ਲਕਸ਼ ਦੀ ਅਭਿਵਿਅਕਤੀ ਪੇਸ਼ ਕਰਦਿਆਂ ਪਰਮ ਸ਼ਕਤੀ ਨੂੰ ਵਡਿਆਇਆ ਹੈ। ਪਰਮ ਸ਼ਕਤੀ ਨੇ ਹੀ ਇਸ ਸੰਸਾਰ ਵਿਚੋਂ ਬੁਰਾਈ ਦਾ ਅੰਤ ਕਰਨ ਲਈ ਗੁਰੂ ਗੋਬਿੰਦ ਸਿੰਘ ਜੀ ਨੂੰ ਆਪਣੀ ਸ਼ਕਤੀ ਦੇ ਕੇ ਇਸ ਸੰਸਾਰ ਵਿਚ ਭੇਜਿਆ। ਇਸ ਸੰਬੰਧੀ ਗੁਰੂ ਸਾਹਿਬ ਆਪਣੀ ਰਚਨਾ ਵਿਚ ਆਪ ਵੀ ਆਪਣੇ ਸੰਸਾਰ ਵਿਚ ਆਉਣ ਦਾ ਉਦੇਸ਼ ਸਪਸ਼ਟ ਕਰਦਿਆਂ ਕਹਿੰਦੇ ਹਨ:

ਹਮ ਇਹ ਕਾਜ ਜਗਤ ਮੋ ਆਏ।। ਧਰਮ ਹੇਤ ਗੁਰਦੇਵ ਪਠਾਏ।।
ਜਹਾਂ ਤਹਾਂ ਤੁਮ ਧਰਮ ਬਿਥਾਰੋ।। ਦੁਸਟ ਦੋਖੀਅਨ ਪਕਰਿ ਪਛਾਰੋ।।
ਯਾਹੀ ਕਾਜ ਧਰਾ ਹਮ ਜਨਮੰ।। ਸਮਝ ਲੇਹੁ ਸਾਧੂ ਸਭ ਮਨਮੰ।।
ਧਰਮ ਚਲਾਵਨ ਸੰਤ ਉਬਾਰਨ।। ਦੁਸਟ ਸਭਨ ਕੋ ਮੂਲ ਉਪਾਰਨ।।[47]

ਅਰਥਾਤ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਦਾ ਸਭ ਤੋਂ ਵੱਡਾ ਮਨੋਰਥ ਧਰਮ ਚਲਾਉਣਾ ਅਤੇ ਉਸ ਦੀ ਰਖਿਆ ਕਰਨਾ ਵੀ ਸੀ। ਇਸ ਦੇ ਨਾਲ ਹੀ ਉਨ੍ਹਾਂ ਨੇ ਦੁਸ਼ਟਾਂ ਦਾ ਨਾਸ਼ ਕਰਨਾ ਸੀ ਅਤੇ ਉਨਾਂ ਨੂੰ ਜੜੋਂ ਉਖੇੜਨਾ ਸੀ। ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਜਗਤ ਤੇ ਸੰਤਾਂ ਦਾ ਉਧਾਰ ਕਰਨ ਅਤੇ ਦੁਸ਼ਟਾਂ ਨੂੰ ਜੜੋਂ ਖਤਮ ਕਰਨ ਲਈ ਹੋਇਆ ਹੈ। ਭਾਵ ਸਮਾਜ ਵਿਚੋਂ ਜਬਰ ਜ਼ੁਲਮ ਅਤੇ ਅਤਿਆਚਾਰ ਦਾ ਅੰਤ ਕਰਨ ਲਈ ਗੁਰੂ ਗੋਬਿੰਦ ਸਿੰਘ ਜੀ ਜਗਤ ਤੇ ਆਏ ਸਨ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਰਮਾਤਮ ਸ਼ਕਤੀ ਦੇ ਹੁਕਮ ਅਧੀਨ ਸ੍ਰਿਸ਼ਟੀ ਦਾ ਪਾਰ ਉਤਾਰਾ ਕਰਨ ਲਈ ਇਸ ਦੁਨੀਆਂ ਉਤੇ ਪ੍ਰਗਟ ਹੋਏ ਸਨ, ਇਸ ਲਈ ਉਹ ਨਾ ਤਾਂ ਕਦੇ ਪਹਾੜੀ ਰਾਜਿਆਂ ਤੋਂ ਡਰੇ ਸਨ ਅਤੇ ਨਾ ਹੀ ਕਦੇ ਮੁਗਲ ਹਾਕਮਾਂ ਤੋਂ ਡਰੇ ਸਨ। ਆਪ ਜੀ ਦਾ ਜੀਵਨ ਮਨੋਰਥ ਦੁਸ਼ਟਾਂ ਦੋਖੀਆਂ ਨੂੰ ਪਛਾੜ ਕੇ ਧਰਮ ਦੀ ਸਥਾਪਨਾ ਕਰਨਾ ਸੀ।

### 3.3. ਵਾਰ ਸ੍ਰੀ ਭਗਉਤੀ ਜੀ ਕੀ ਵਿਚ ਬੀਰ ਸ਼ਕਤੀ ਦਾ ਸੰਕਲਪ

ਗੁਰੂ ਗੋਬਿੰਦ ਸਿੰਘ ਦੁਆਰਾ ਰਚਿਤ 'ਵਾਰ ਸ੍ਰੀ ਭਗਉਤੀ ਜੀ ਕੀ' ਬੀਰ ਰਸੀ ਸਾਹਿਤ ਦੀ ਪਹਿਲੀ ਸੰਪੂਰਨ ਵਾਰ ਹੈ। ਬੇਸ਼ਕ ਇਸ ਤੋਂ ਪਿੱਛੋਂ ਕਈ ਬੀਰ ਰਸੀ ਵਾਰਾਂ ਲਿਖੀਆਂ ਗਈਆਂ ਪਰ ਸ਼੍ਰੋਮਣੀ ਦਰਜਾ 'ਵਾਰ ਸ੍ਰੀ ਭਗਉਤੀ ਜੀ ਕੀ' ਨੂੰ ਹੀ ਪ੍ਰਾਪਤ ਹੈ ਜਿਵੇਂ 'ਆਸਾ ਦੀ ਵਾਰ' ਗੁਰੂ ਨਾਨਕ ਦੇਵ ਜੀ ਦੀ ਸ਼ਾਹਕਾਰ ਰਚਨਾ ਹੈ, ਉਸੇ ਤਰ੍ਹਾਂ 'ਵਾਰ ਸ੍ਰੀ ਭਗਉਤੀ ਜੀ ਕੀ' ਗੁਰੂ ਗੋਬਿੰਦ ਸਿੰਘ ਜੀ ਦੀ ਸ਼ਾਹਕਾਰ ਰਚਨਾ ਹੈ। ਇਹ ਵਾਰ ਬੀਰ ਸ਼ਕਤੀ ਦੀ ਪ੍ਰਮੁੱਖ ਰਚਨਾ ਹੈ।

ਪੰਜਾਬੀ ਵਿਚ 'ਵਾਰ' ਸ਼ਬਦ ਦੀ ਕਈ ਅਰਥਾਂ ਵਿਚ ਵਰਤੋਂ ਹੋਈ ਹੈ। ਪੰਜਾਬੀ ਵਿਦਵਾਨਾਂ ਨੇ ਇਸ ਸ਼ਬਦ ਦੇ ਮੁੱਢ ਅਤੇ ਨਿਕਾਸ ਬਾਰੇ ਕਾਂ ੀ ਚਰਚਾ ਕੀਤੀ ਹੈ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, ਇਸ ਦਾ ਮੂਲ 'ਵ੍ਰਿ' ਧਾਤੂ ਹੈ, ਭਾਵ ਯੁੱਧ ਸੰਬੰਧੀ ਕਾਵਯ। ਵਾਰ ਉਹ ਰਚਨਾ ਹੈ ਜਿਸ ਵਿਚ ਸੂਰਬੀਰਤਾ ਦਾ ਵਰਣਨ ਹੋਵੇ ਜਿਵੇਂ ਕਿ 'ਵਾਰ ਸ੍ਰੀ ਭਗਉਤੀ ਜੀ ਕੀ'। ਵਾਰ ਸ਼ਬਦ ਦਾ ਅਰਥ ਪੌੜੀ ਛੰਦ ਵੀ ਹੈ ਕਿਉਂਕਿ ਯੋਧਿਆਂ ਦੀ ਸੂਰਬੀਰਤਾ ਦਾ ਜੱਸ ਪੰਜਾਬੀ ਕਵੀਆਂ ਨੇ ਬਹੁਤ ਕਰਕੇ ਇਸੇ ਛੰਦ ਵਿਚ ਲਿਖਿਆ ਹੈ।[48] ਗੰਡਾ ਸਿੰਘ ਦੇ ਸ਼ਬਦਾਂ ਵਿਚ,

> ਵਾਰ ਸ਼ਬਦ ਦਾ ਮੁੱਢ ਸੰਸਕ੍ਰਿਤ ਦੇ 'ਵ੍ਰਿ' ਧਾਤੂ ਤੋਂ ਹੈ, ਜਿਸ ਤੋਂ ਕਿ 'ਵਾਰੀ' ਜਾਂ 'ਵੈਰੀ' (ਬਹਾਦਰ, ਦੁਸ਼ਮਣ) ਅਰਥਾਤ ਵਾਰ ਕਰਨ ਵਾਲਾ ਜਾਂ ਰੋਕਣ ਵਾਲਾ, 'ਵਾਹਰ' (ਕਿਸੇ ਦੂਜੇ ਉੱਤੇ ਹੱਲਾ ਕਰਨ ਲਈ ਜਾਂ ਪੁਰਾਣੇ ਹੱਲੇ ਨੂੰ ਰੋਕਣ ਲਈ ਜਮ੍ਹਾਂ ਹੋਇਆਂ ਇਕੱਠ) ਅਤੇ 'ਵਾਹਰੀ' ਜਾਂ ਵਾਹਰੂ ਸ਼ਬਦ ਬਣੇ।[49]

ਪੰਜਾਬੀ ਵਿਚ 'ਵਾਰ' ਸ਼ਬਦ ਭਿੰਨ-ਭਿੰਨ ਅਰਥਾਂ ਵਿਚ ਪ੍ਰਯੋਗ ਕੀਤਾ ਗਿਆ ਹੈ। ਜਿਵੇਂ : ਵੈਰ ਕੱਢਣਾ, ਹੱਲਾ ਕਰਨਾ ਜਾਂ ਸੱਟ ਮਾਰਨਾ (ਵਾਰ ਕਰਨਾ), ਬਦਲਾ ਲੈਣਾ (ਵਾਰੀ ਲਾਹੁਣਾ), ਕੁਰਬਾਨ ਜਾਣਾ (ਵਾਰੀ ਜਾਂ ਵਰੇ ਜਾਣਾ) ਅਤੇ ਘੇਰਾ ਪਾਉਣਾ ਆਦਿ ਲਿਆ ਜਾਂਦਾ ਹੈ। ਪਿਆਰਾ ਸਿੰਘ ਪਦਮ ਦੇ ਅਨੁਸਾਰ,

> 'ਵਾਰ' ਸ਼ਬਦ ਦਾ ਮੂਲ 'ਵਾਰਤਾ' ਪਦ ਹੈ। ਪਿਛਲੇ ਜ਼ਮਾਨੇ ਵਿਚ ਜੰਗਾਂ ਯੁੱਧਾਂ ਦੀ ਕਥਾ-ਕਹਾਣੀ ਕਹਿਣਾ ਕਵੀਆਂ ਦਾ ਮਨ-ਭਾਉਂਦਾ ਵਿਸ਼ਾ ਸੀ ਕਿਉਂਕਿ ਹੋਰ ਕੋਈ ਆਖੀ ਜਾਣ ਵਾਲੀ ਵਾਰਤਾ ਸਾਹਮਣੇ ਨਹੀਂ ਸੀ ਇਸ ਲਈ ਢਾਡੀਆਂ ਤੇ ਭੱਟਾਂ ਨੇ ਬਹਾਦਰਾਂ ਦੀਆਂ ਵਾਰਤਾਂ ਬਿਰਤਾਤਾਂ ਨੂੰ ਹੀ ਆਪਣੇ ਕਾਵਿ ਦਾ ਵਿਸ਼ਾ ਬਣਾਇਆ ਤੇ ਇਸ ਦਾ ਨਾਂ ਹੀ 'ਵਾਰਤਾ' ਜਾਂ 'ਵਾਰ' ਪੈ ਗਿਆ। ... ਵਾਰ ਸ਼ਬਦ ਇਸੇ ਵਾਰਤਾ ਪਦ ਤੋਂ ਸੰਖਿਪਤ ਹੋਇਆ ਜਾਪਦਾ ਹੈ। ਇਹ ਮਤ ਸਭ ਤੋਂ ਜ਼ਿਆਦਾ ਢੁੱਕਵਾਂ ਤੇ ਠੀਕ ਲੱਗਦਾ ਹੈ। ਅੱਜ ਭਾਵੇਂ 'ਵਾਰ' ਸ਼ਬਦ ਕਈ ਅਰਥਾਂ ਵਿਚ ਵਰਤਿਆ ਜਾਂਦਾ ਹੋਵੇ ਪਰੰਤੂ ਪਹਿਲਾ ਇਸਦਾ ਸਾਹਿਤਕ ਪ੍ਰਯੋਗ ਵਾਰਤਾ ਹੀ ਤੁਰਿਆ ਹੋਵੇਗਾ।[50]

ਡਾ. ਰਤਨ ਸਿੰਘ ਜੱਗੀ ਅਨੁਸਾਰ,

> 'ਵਾਰ' ਸ਼ਬਦ ਦਾ ਅਰਥ ਹੈ- ਸਾਹਮਣਾ ਕਰਨਾ, ਪਿੱਛੇ ਧੱਕਣਾ, ਪਰੇ ਹੱਟਾਣਾ, ਰੋਕਣਾ। ਇਹ ਸੰਸਕ੍ਰਿਤ ਦੇ ਸ਼ਬਦ 'ਵਾਰਣਾ' ਦਾ ਪੰਜਾਬੀ ਤਦ-ਭਵ ਰੂਪ ਹੈ।[51]

ਉਪਰੋਕਤ ਪਰਿਭਾਸ਼ਾਵਾਂ ਤੋਂ ਸਪਸ਼ਟ ਹੈ ਕਿ ਵਾਰ ਸ਼ਬਦ ਦੇ ਅਰਥ ਯੁੱਧ, ਲੜਾਈ ਕੁਰਬਾਨ ਹੋਣਾ ਹਨ ਪਰ ਅਸਲ ਵਿਚ ਉਸ ਰਚਨਾ ਨੂੰ 'ਵਾਰ' ਆਖਿਆ ਜਾ ਸਕਦਾ ਹੈ ਜਿਸ ਵਿਚ ਕਿਸੇ ਯੁੱਧ ਦੀ ਕਥਾ ਦਾ ਕਾਵਿ ਵਿਚ ਵਰਣਨ ਹੋਵੇ ਅਤੇ ਕਥਾ ਦੇ ਮੁਖ ਪਾਤਰ ਭਾਵ ਨਾਇਕ ਜਾਂ ਸੂਰਬੀਰਾਂ ਦੀ ਉਸਤਤੀ, ਜੋਸ਼ ਅਤੇ ਬੀਰ ਸ਼ਕਤੀ ਨਾਲ ਭਰਪੂਰ ਹੋਵੇ।

ਪਉੜੀ ਵਾਰ ਦਾ ਲਾਜ਼ਮੀ ਚਰਣ- ਪ੍ਰਬੰਧ ਹੈ। ਪੰਜਾਬੀ ਵਿਚ ਵਾਰ ਕਾਵਿ- ਰੂਪ ਵਿਚ ਕਿਸੇ ਹਮਲੇ ਜਾਂ ਟੱਕਰ ਦਾ ਵਰਣਨ ਬੀਰ ਰਸੀ, ਜਸ- ਭਰਪੂਰ ਤੇ ਗੀਤਮਈ ਢੰਗ ਨਾਲ ਪਉੜੀਆਂ ਵਿਚ ਕੀਤਾ ਗਿਆ ਹੋਵੇ ਅਤੇ ਉਸ ਤੋਂ ਪਾਠਕਾਂ/ਸਰੋਤਿਆਂ ਨੂੰ ਉਤਸ਼ਾਹ ਮਿਲੇ। ਵਾਰ ਵਿਚ ਮੁੱਖ ਤੋਰ ਤੇ ਕਿਸੇ ਸੂਰਮੇ ਦੀ ਬਹਾਦਰੀ ਦਾ ਜੱਸ ਗਾਇਆ ਹੁੰਦਾ ਹੈ।

ਵਾਰ ਦੋ ਤਰ੍ਹਾਂ ਦੀ ਹੁੰਦੀ ਹੈ- ਅਧਿਆਤਮਿਕ ਜਾਂ ਦਾਰਸ਼ਨਿਕ ਅਤੇ ਬ੍ਰਿਤਾਂਤਿਕ ਜਾਂ ਬੀਰ ਰਸੀ ਅਧਿਆਤਮਕ ਵਾਰ ਵਿੱਚ ਬੌਧਿਕ ਪੱਖ ਦਾ ਅਭਿਆਸ ਹੁੰਦਾ ਹੈ ਜਦ ਕਿ ਬ੍ਰਿਤਾਂਤਕ ਵਾਰ ਵਿੱਚ ਰਾਜਸੀ ਯੁੱਧ ਜਾਂ ਸਮਾਜ ਸੁਧਾਰ ਦਾ ਪ੍ਰਗਟਾਵਾ ਕੀਤਾ ਜਾਂਦਾ ਹੈ ਵਾਰ ਵਿੱਚ ਦੋ ਵਿਰੋਧੀ ਧਿਰਾਂ ਦਾ ਪਰਸਪਰ ਨਿਰੂਪਣ ਕੀਤਾ ਜਾਂਦਾ ਹੈ। ਵਾਰ ਦਾ ਕਰਤਾ ਦੋ ਵਿਰੋਧੀ ਧਿਰਾਂ ਦੀ ਲੜਾਈ ਨੂੰ ਬਿਨਾਂ ਕਿਸੇ ਪੱਖਪਾਤ ਦੇ ਪੇਸ਼ ਕਰਦਾ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ 'ਵਾਰ ਸ੍ਰੀ ਭਗਉਤੀ ਜੀ ਕੀ' ਦੀ ਸਿਰਜਨਾ ਉਸ ਸਮੇਂ ਕੀਤੀ ਜਦੋਂ ਉਹ ਆਪਣੇ ਸਮਕਾਲੀ ਸਮੇਂ ਵਿਚ ਸ਼ਕਤੀਸ਼ਾਲੀ ਜਾਬਰ ਮੁਗਲ ਹਕੂਮਤ ਨਾਲ ਟੱਕਰ ਲੈਣ ਲਈ ਸਮਾਜ ਵਿਚਲੇ ਵਿਅਕਤੀਆਂ ਨੂੰ ਸੰਤ ਤੋਂ ਸਿਪਾਹੀ ਬਣਾ ਰਹੇ ਸਨ। ਇਸ ਸਮਕਾਲ ਵਿਚ ਲੋਕਾਂ ਅੰਦਰ ਡਰ, ਨਿਰਾਸ਼ਾ ਅਤੇ ਹਾਰਾਂ ਸਨ ਜਿਸ ਕਾਰਨ ਉਨਾਂ ਦਾ ਮਾਨਸਿਕ ਅਤੇ ਬੌਧਿਕ ਪੱਧਰ ਗਿਰਾਵਟ ਤੇ ਪਹੁੰਚ ਚੁੱਕਾ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਲੋਕਾਂ ਦੇ ਮਾਨਸਿਕ ਪੱਧਰ ਨੂੰ ਉਪਰ ਚੁਕਣ ਲਈ ਅਤੇ ਨੇਕੀ ਦੇ ਰਾਹ ਤੇ ਤੋਰਨ ਲਈ 'ਵਾਰ ਸ੍ਰੀ ਭਗਉਤੀ ਜੀ ਕੀ' ਦੀ ਰਚਨਾ ਕੀਤੀ।

'ਵਾਰ ਸ੍ਰੀ ਭਗਉਤੀ ਜੀ ਕੀ' ਰਚਨਾ ਪਿੱਛੇ ਗੁਰੂ ਗੋਬਿੰਦ ਸਿੰਘ ਜੀ ਦਾ ਮੁੱਖ-ਮਨੋਰਥ ਧਰਮ ਯੁੱਧ ਲਈ ਪ੍ਰੇਰਨਾ ਦੇਣਾ ਸੀ। ਇਹ ਬੀਰ ਸ਼ਕਤੀ ਦੀ ਇੱਕ ਅਦੁੱਤੀ ਰਚਨਾ ਹੈ ਜਿਸ ਨੂੰ 'ਵਾਰ ਸ੍ਰੀ ਭਗਉਤੀ ਜੀ ਕੀ' ਜਾਂ 'ਚੰਡੀ ਦੀ ਵਾਰ' ਵੀ ਕਿਹਾ ਜਾਂਦਾ ਹੈ। ਇਸ ਵਾਰ ਦੀ ਕਥਾ ਇਕ ਪੁਰਾਣੀ ਮਿਥਿਹਾਸਕ ਕਹਾਣੀ ਹੈ ਜਿਸ ਵਿਚ ਦੁਰਗਾ ਤੇ ਦੈਂਤਾਂ ਦੇ ਯੁੱਧ ਦਾ ਵਰਣਨ ਕੀਤਾ ਗਿਆ ਹੈ। ਇਹ ਸਾਮਰਾਜ ਦੀ ਅਹਿੰਸਾ ਵਿਰੁੱਧ ਜਨਤਾ ਦਾ ਗੌਰਵਮਈ ਸੰਗਰਾਮ ਹੈ। 'ਵਾਰ ਸ੍ਰੀ ਭਗਉਤੀ ਜੀ ਕੀ' ਭਾਵ ਚੰਡੀ ਦੀ ਵਾਰ ਵਿੱਚ ਪਹਿਲੀ ਵਾਰ ਔਰਤ ਨੂੰ ਵਾਰ ਦੀ ਨਾਇਕ ਬਣਾ ਕੇ ਪੇਸ਼ ਕੀਤਾ ਗਿਆ ਹੈ।

ਦਸਮ ਗ੍ਰੰਥ ਵਿੱਚ 'ਵਾਰ ਸ੍ਰੀ ਭਗਉਤੀ ਜੀ ਕੀ ਪਾਤਸ਼ਾਹੀ ਦਸ' ਸਿਰਲੇਖ ਹੇਠ ਦਰਜ ਹੈ। ਇਹ ਪਉੜੀਆਂ ਵਿੱਚ ਰਚੀ ਹੋਈ ਰਚਨਾ ਹੈ ਅਤੇ ਦਸਮ ਗ੍ਰੰਥ ਵਿੱਚ ਪਹਿਲੇ ਦੋ ਚੰਡੀ ਚਰਿਤ੍ਰਾਂ ਤੋਂ ਪਿੱਛੋਂ ਆਉਂਦੀ ਹੈ। ਇਸ ਵਾਰ ਵਿਚ ਦੇਵਤਿਆਂ ਅਤੇ ਦੈਂਤਾਂ ਦੇ ਯੁੱਧ ਦੀ ਕਥਾ ਦਾ ਬਿਰਤਾਂਤ ਮਿਲਦਾ ਹੈ। ਇਹ ਬਿਰਤਾਂਤ ਮਾਰਕੰਡੇਯ ਪੋਰਾਣ ਵਿਚ ਸ਼ਾਮਿਲ ਰਚਨਾ 'ਦੁਰਗਾ ਸਪਤਸਤੀ' ਦੇ ਆਧਾਰ ਤੇ ਸਿਰਜਿਆ ਗਿਆ ਹੈ। ਵਾਰ ਵਿਚ ਦੋਵੇਂ ਧਿਰਾਂ ਨੂੰ ਅਭਿਮਾਨੀ ਦਸਿਆ ਗਿਆ ਹੈ। ਦੇਵਤੇ ਅਭਿਮਾਨ ਕਰਕੇ ਦਾਨਵਾਂ ਹਥੋਂ ਹਾਰ ਜਾਂਦੇ ਹਨ। ਦਾਨਵਾਂ ਦਾ ਤਿੰਨਾਂ ਲੋਕਾਂ ਉਪਰ ਅਧਿਕਾਰ ਹੋ ਜਾਂਦਾ ਹੈ। ਇਸ ਅਭਿਮਾਨ ਵਿਚ ਗ੍ਰਸੇ ਦਾਨਵ ਅਰਮਾਵਤੀ ਵਿਚੋਂ ਦੇਵਤਿਆਂ ਨੂੰ ਭਜਾ ਦਿੰਦੇ ਹਨ। ਦੇਵਤੇ ਡਰ ਦੇ ਮਾਰੇ ਲੁਕਦੇ-ਛਿਪਦੇ ਅਖੀਰ ਦੁਰਗਾ ਦੀ ਸ਼ਰਨ ਵਿਚ ਆਉਂਦੇ ਹਨ।

'ਵਾਰ ਸ੍ਰੀ ਭਗਉਤੀ ਜੀ ਕੀ' ਵਿੱਚ ਔਰਤ ਨੂੰ ਨਾਇਕ ਰੂਪ ਵਿੱਚ ਪੇਸ਼ ਕਰਕੇ ਔਰਤ ਜਾਤੀ ਦਾ ਸਨਮਾਨ ਕੀਤਾ ਗਿਆ ਹੈ ਅਤੇ ਔਰਤ ਜਾਤੀ ਨੂੰ ਸੰਦੇਸ਼ ਦਿੱਤਾ ਹੈ ਕਿ ਦੁਰਗਾ ਵਾਂਗ ਬਾਕੀ ਔਰਤਾਂ ਵੀ ਫੌਜ ਵਿਚ ਦੁਸ਼ਮਣ ਦਾ ਬਹਾਦਰੀ ਨਾਲ ਮੁਕਾਬਲਾ ਕਰ ਸਕਦੀਆਂ ਹਨ ਅਤੇ ਮੈਦਾਨ ਏ ਜੰਗ ਵਿੱਚ ਵੱਡੇ-ਵੱਡੇ ਦੁਸ਼ਮਨਾਂ ਨੂੰ ਮਾਤ ਪਾ ਸਕਦੀਆਂ ਹਨ। ਮਾਰਕੰਡੇ ਪੁਰਾਣ ਵਿਚ ਦਰਜ ਦੇਵਤਿਆਂ ਅਤੇ ਦੈਂਤਾਂ ਦੇ ਯੁੱਧ ਨਾਲ ਜੁੜੀਆਂ ਕੁਝ ਘਟਨਾਵਾਂ ਨੂੰ

ਆਧਾਰ ਬਣਾ ਕੇ ਗੁਰੂ ਗੋਬਿੰਦ ਸਿੰਘ ਜੀ ਦੀ ਲਿਖੀ ਇਹ ਬੀਰ ਰਸੀ ਸ਼ਾਹਕਾਰ ਰਚਨਾ ਹੈ। ਇਸ ਵਿਚ ਦੇਵੀ ਦੁਰਗਾ ਨੂੰ ਭਗੌਤੀ ਦੇ ਰੂਪ ਵਿਚ ਦੈਂਤਾਂ ਦਾ ਨਾਸ਼ ਕਰਨ ਵਾਲੀ ਦੈਵੀ ਸ਼ਕਤੀ ਵਜੋਂ ਰੁਪਾਂਤਰਿਤ ਕੀਤਾ ਗਿਆ ਹੈ। 'ਵਾਰ ਸ੍ਰੀ ਭਗਉਤੀ ਜੀ ਕੀ' ਦੇ ਅਧਿਐਨ ਤੋਂ ਪਤਾ ਲਗਦਾ ਹੈ ਕਿ ਦੇਵਤਿਆਂ ਦੀ ਧਿਰ ਦੀ ਪ੍ਰਤੀਨਿਧਤਾ ਦੁਰਗਾ ਦੇਵੀ ਕਰਦੀ ਹੈ ਅਤੇ ਦੂਜੀ ਧਿਰ ਰਾਖਸ਼ਾਂ ਦੇ ਨਾਲ ਯੁੱਧ ਕਰਦੇ ਹਨ ਅਤੇ ਵੀਰ ਗਤੀ ਨੂੰ ਪ੍ਰਾਪਤ ਹੁੰਦੇ ਹਨ। ਵਾਰ ਦੇ ਕਰਤਾ ਗੁਰੂ ਗੋਬਿੰਦ ਸਿੰਘ ਜੀ ਨੇ ਨਿਰਪੱਖ ਹੋ ਕੇ ਦੋਵੇਂ ਧਿਰਾਂ ਦੀ ਬੀਰ ਸ਼ਕਤੀ ਨੂੰ ਪੇਸ਼ ਕਰਨ ਦਾ ਸਫ਼ਲ ਯਤਨ ਕੀਤਾ ਹੈ।

'ਵਾਰ ਸ੍ਰੀ ਭਗਉਤੀ ਜੀ ਕੀ' ਵਿਚ ਪਹਿਲਾ ਯੁੱਧ ਦੁਰਗਾ ਅਤੇ ਮਹਿਖਾਸੁਰ ਵਿਚਕਾਰ ਹੁੰਦਾ ਹੈ। ਦੋਵੇਂ ਧਿਰਾਂ ਬੀਰ ਸ਼ਕਤੀ ਨਾਲ ਭਰਪੂਰ ਮੈਦਾਨ ਵਿਚ ਉਤਰਦੀਆਂ ਹਨ। ਯੁੱਧ ਦੇ ਮੈਦਾਨ ਵਿਚ ਗਹਿਗਚ ਲੜਾਈ ਹੋਈ। ਦੋਵੇਂ ਧਿਰਾਂ ਦੇ ਬੀਰ ਯੋਧਿਆਂ ਨੇ ਆਪਣੀ ਪੂਰੀ ਵਾਹ ਲਾ ਕੇ ਯੁੱਧ ਕੀਤਾ। ਇਸ ਯੁੱਧ ਵਿਚ ਰਾਖਸ਼ ਬੜੇ ਬੀਰ ਯੋਧੇ ਸਨ ਤੇ ਜੰਗ ਦੇ ਮੈਦਾਨ ਵਿਚੋਂ ਭੱਜਣਾ ਨਹੀਂ ਜਾਣਦੇ ਸਨ :

ਚੋਟ ਪਈ ਖਰਚਾਮੀ ਦਲਾਂ ਮੁਕਾਬਲਾ।।
ਘੇਰ ਲਈ ਵਰਿਆਮੀ ਦੁਰਗਾ ਆਇਕੈ।।
ਰਾਕਸ਼ ਵਡੇ ਅਲਾਮੀ ਭੱਜ ਨ ਜਾਣਦੇ।।[52]

ਗੁਰੂ ਗੋਬਿੰਦ ਸਿੰਘ ਜੀ 'ਵਾਰ ਸ੍ਰੀ ਭਗਉਤੀ ਜੀ ਕੀ' ਵਿਚ ਇਕ ਧਿਰ ਦਾ ਪੱਖ ਨਹੀਂ ਪੂਰਦੇ, ਆਪ ਜਿਥੇ ਦੁਰਗਾ ਦੀ ਬੀਰ ਸ਼ਕਤੀ ਦਾ ਪ੍ਰਗਟਾਵਾ ਕਰਦੇ ਹਨ ਉਥੇ ਰਾਖਸ਼ਾਂ ਦੀ ਸਿੰ ਤ ਕਰਨੋ ਵੀ ਪਿਛੇ ਨਹੀਂ ਹੱਟਦੇ :

ਜੋਧੇ ਵਡੇ ਮੁਨਾਰੇ ਜਾਪਨ ਖੇਤ ਵਿਚਿ ।।
ਦੇਵੀ ਆਪ ਸਵਾਰੇ ਪੱਬ ਜਵੇਹਣੇ।।[53]

ਗੁਰੂ ਗੋਬਿੰਦ ਸਿੰਘ ਜੀ ਨੇ ਇਸ ਯੁੱਧ ਵਿਚ ਬਹੁਤ ਹੀ ਰੋਚਕ ਢੰਗ ਨਾਲ ਦੁਰਗਾ ਦੀ ਬੀਰ ਸ਼ਕਤੀ ਤੇ ਸਾਹਸ ਨੂੰ ਪੇਸ਼ ਕੀਤਾ ਹੈ ਜਿਸ ਨਾਲ ਪਾਠਕ ਵਿਸ਼ਵਾਸ ਵਿਚ ਆ ਜਾਂਦੇ ਹਨ। ਦੁਰਗਾ  ਦੁਆਰਾ ਯੁਧ ਵਿਚ ਕੀਤੇ ਹਮਲਿਆਂ ਨੂੰ ਪੇਸ਼ ਕਰਨ ਲਈ ਗੁਰੂ ਗੋਬਿੰਦ ਸਿੰਘ ਜੀ ਵਿਭਿੰਨ ਅੰਲਕਾਰਾਂ ਦੀ ਵਰਤੋਂ ਕੀਤੀ  ਹੈ। ਪਹਿਲੇ ਯੁੱਧ ਵਿਚ ਦੁਰਗਾ ਮਹਿਖਾਸੁਰ ਤੇ ਅਜਿਹਾ ਵਾਰ ਕਰਦੀ ਹੈ ਕਿ ਤਲਵਾਰ ਉਸ ਨੂੰ ਚੀਰਦੀ ਹੋਈ, ਉਸ ਦੇ ਘੋੜੀ ਦੀ ਕਾਠੀ ਤੇ ਘੋੜੇ ਨੂੰ ਚੀਰਦੀ ਹੋਈ ਉਸ ਬਲਦ ਦੇ ਸਿੰਗਾਂ ਨੂੰ ਜਾ ਲੱਗੀ ਜਿਸ ਨੇ ਧਰਤੀ ਨੂੰ ਆਪਣੀ ਪਿਠ ਤੇ ਚੁੱਕਿਆ ਹੋਇਆ ਹੈ। ਗੁਰੂ ਗੋਬਿੰਦ ਸਿੰਘ ਦੀ ਕਲਪਨਾ ਸ਼ਕਤੀ ਇਸ ਤੋਂ ਵੀ ਅਗੇ ਜਾਂਦੀ ਹੈ ਜਦ ਦੁਰਗਾ ਦੀ ਤਲਵਾਰ ਦਾ ਵਾਰ ਧਰਤੀ ਤੋਂ ਵੀ ਅੱਗੇ ਕੱਛੂਕੁੰਮੇ ਨੂੰ ਜਾ ਲਗਿਆ ਜਿਸ ਦੀ ਪਿਠ ਤੇ ਬਲਦ ਖੜਾ ਹੈ ਇਸ ਸੰਪੂਰਨ ਵਾਰਤਾ ਅਤੇ ਦੁਰਗਾ ਦੀ ਬੀਰ ਸ਼ਕਤੀ ਨੂੰ ਗੁਰੂ ਗੋਬਿੰਦ ਸਿੰਘ ਜੀ ਵਾਰ ਸ੍ਰੀ ਭਗਉਤੀ ਜੀ ਕੀ ਵਿਚ ਇੰਝ ਪੇਸ਼ ਕਰਦੇ ਹਨਃ

> ਚੰਡੀ ਰਾਕਸ਼ਿ ਖਾਣੀ ਵਾਹੀ ਦੈਤ ਨੂ।।
> ਕੋਪਰਚੂਰ ਚਵਾਣੀ ਲੱਥੀ ਕਰਗ ਲੈ।।
> ਪਾਖਰ ਤੁਰਾ ਪਲਾਣੀ ਰੜਕੀ ਧੌਲ ਜਾਇ।।
> ਲੈਦੀ ਅਘਾ ਸਿਧਾਣੀ ਸਿੰਗਾਂ ਧਉਲਦਿਆਂ।।
> ਕੂਰਮ ਸਿਰ ਲਹਿਲਾਣੀ ਦੁਸ਼ਮਨ ਮਾਰਕੈ।।[54]

'ਵਾਰ ਸ੍ਰੀ ਭਗਉਤੀ ਜੀ ਕੀ' ਵਿਚ ਦੁਰਗਾ ਅਜਿਹੀ ਬੀਰਤਾ ਨਾਲ ਤੇਗ ਚਲਾਉਂਦੀ ਹੈ ਕਿ ਉਸ ਦੀ ਬੀਰ ਸ਼ਕਤੀ ਦੀ ਕਹਾਣੀ ਚਾਹ ਜੁਗਾਂ ਤੱਕ ਚਲਦੀ ਰਹੇਗੀ :

> ਚਾਰੇ ਜੁਗ ਕਹਾਣੀ ਚੱਲਗ ਤੇਗ ਦੀ।।[55]

ਦੁਰਗਾ ਦੇਵੀ ਦੈਂਤਾ ਨੂੰ ਮਾਰ ਕੇ ਦੇਵਤਿਆਂ ਨੂੰ ਰਾਜ ਭਾਗ ਦਿੰਦੀ ਹੈ ਪਰ ਦੇਵਤੇ ਆਪਣੇ ਹੰਕਾਰ ਕਾਰਨ ਆਪਣੀ ਸੱਤਾ ਨੂੰ ਕਾਇਮ ਨਾ ਰੱਖ ਸਕੇ, ਉੱਧਰ ਦੂਜੇ ਪਾਸੇ ਸੁੰਭ ਤੇ ਨਿਸੁੰਭ ਦੋ ਗੁਮਾਨੀ ਦੈਂਤ ਪੈਦਾ ਹੋ ਗਏ। ਇਨ੍ਹਾਂ ਦੈਂਤਾ ਨੇ ਅਮਰਾਵਤੀ ਤੇ ਕਬਜ਼ਾ ਕਰ ਲਿਆ, ਦੈਂਤਾਂ ਦੀ ਬੀਰਤਾ ਸ਼ਕਤੀ ਤੋਂ ਡਰ ਕੇ ਇੰਦਰ ਦੇਵਤਾ ਨੇ ਦੁਬਾਰਾ ਫਿਰ ਦੇਵੀ ਦੁਰਗਾ ਦਾ ਸਹਾਰਾ  ਲਿਆ :

ਸੱਟ ਪਈ ਨਗਾਰੇ ਦਲਾਂ ਮੁਕਾਬਲਾ।।

ਦਿੱਤੇ ਦੇਉ ਭਜਾਈ ਮਿਲਿਕੈ ਰਾਕਸ਼ੀ।।

ਲੋਕੀ ਤਿਹੀ ਫਿਰਾਈ ਦੋਹੀ ਆਪਣੀ।।

ਦੁਰਗਾ ਦੀ ਸ਼ਾਮ ਤਕਾਈ ਦੇਵਾਂ ਡਰਦਿਆਂ।।

ਆਂਦੀ ਚੰਡਿ ਚੜ੍ਹਾਈ ਉਤੇ ਰਾਕਸ਼ਾਂ।।[56]

ਰਾਜੇ ਸ਼ੁੰਭ ਨੂੰ ਜਦ ਦੁਰਗਾ ਦੇ ਆਉਣ ਦੀ ਖਬਰ ਹੋਈ ਤਾਂ ਉਸਨੇ ਲੋਚਨ ਧੂਮ, ਬਹੁਤ ਹੀ ਅਭਿਮਾਨੀ ਤੇ ਬੀਰਤਾ ਨਾਲ ਭਰਪੂਰ ਦੈਂਤ ਨੂੰ ਦੁਰਗਾ ਦਾ ਮੁਕਾਬਲਾ ਕਰਨ ਲਈ ਬੁਲਾਇਆ ਪਰ ਦੁਰਗਾ ਨੇ ਧੂਮਰਨੈਣ ਦੇ ਸਾਰੇ ਬੀਰ ਸੈਨਿਕਾਂ ਨੂੰ ਮਾਰ ਮੁੱਕਾ ਦਿਤਾ ।

ਕੜਕ ਉਠੀ ਰਣ ਚੰਡੀ ਫਉਜਾਂ ਦੇਖਿਕੈ।।

ਧੂਹਿ ਮਿਆਨੋ ਖੰਡਾ ਹੋਈ ਸਾਹਮਣੇ।।

ਸੱਭੇ ਬੀਰ ਸੰਘਾਰੇ ਧੂਮਰਨੈਣ ਦੇ।।[57]

'ਵਾਰ ਸ੍ਰੀ ਭਗਉਤੀ ਜੀੱਕੀ' ਦੀ ਕਥਾ ਵਿਚ ਦੁਰਗਾ ਤੇ ਦੈਂਤਾਂ ਦੇ ਯੁੱਧ ਦੌਰਾਨ ਦੁਰਗਾ ਰਾਖਸ਼ਾਂ ਉਤੇ ਕਰੋਧਵਾਨ ਹੋ ਕੇ ਚੜ੍ਹੀ ਅਤੇ ਰਾਖਸ਼ਾਂ ਦੇ ਰਾਜੇ ਤੇ ਤਲਵਾਰ ਚਲਾਈ। ਦੁਰਗਾ ਦੀ ਬੀਰ ਸ਼ਕਤੀ ਦੇ ਸਿੱਟੇ ਵਜੋਂ ਲੋਚਨ ਧੂਮਰ ਮੌਤ ਦੀ ਪੂਰੀ ਵਿਚ ਪਹੁੰਚ ਗਿਆ :

ਰੋਹ ਭਵਾਨੀ ਆਈ ਉੱਤੈ ਰਾਕਸ਼ਾਂ।।

ਭਾਈਆਂ ਮਾਰਨ ਭਾਈ ਦੁਰਗਾ ਜਾਣਿਕੈ।।

ਲੋਚਨ ਧੂਮ ਸੰਘਾਰੇ ਸਣੈ ਸਿਪਾਹੀਆਂ।।

ਗਿਰੇ ਪਰੱਬਤ ਭਾਰੇ ਮਾਰੇ ਬਿੱਜੁ ਦੇ।।[58]

ਦੈਤਾਂ ਨੂੰ ਲੋਚਨਧੂਮਰ ਦੀ ਮੌਤ ਨਾਲ ਬਹੁਤ ਨੁਕਸਾਨ ਹੋਇਆ। ਇਸ ਖਬਰ ਨਾਲ ਸ਼ੁੰਭ ਦੇ ਮਨ ਵਿਚ ਕ੍ਰੋਧ ਦੀ ਜਵਾਲਾ ਹੋਰ ਵੀ ਭੜਕ ਉਠੀ। ਉਸ ਨੇ ਚੰਡ ਦੇ ਮੁੰਡ ਨੂੰ ਹੋਰ ਸੈਨਾ ਦੇ ਕੇ ਦੁਰਗਾ ਦੇ ਖਿਲਾਫ ਯੁੱਧ ਲਈ ਭੇਜਿਆ। ਜੰਗ ਦੇ ਮੈਦਾਨ ਵਿਚ ਜਿਹੜਾ ਵੀ ਦੇਵਤਾ ਦੇਵੀ ਦੁਰਗਾ ਉੱਤੇ ਵਾਰ ਕਰਨ ਦੀ ਹਿੰਮਤ ਕਰਦਾ ਸੀ, ਦੇਵੀ ਉਸਨੂੰ ਉਸਦੇ ਵਾਰ ਕਰਨ ਤੋਂ ਪਹਿਲਾਂ

ਹੀ, ਯਮਲੋਕ ਪਹੁੰਚਾ ਦਿੰਦੀ ਸੀ। ਬਹਾਦਰ ਚੰਡ ਮੁੰਡ ਵੀ ਦੇਵੀ ਦੁਰਗਾ ਦੀ ਬੀਰ ਸ਼ਕਤੀ ਦਾ ਸਾਹਮਣਾ ਨਹੀਂ ਕਰ ਸਕੇ :

ਜਿਨੀ ਦਸਤ ਉਠਾਏ ਰਹੇ ਨ ਜੀਵਦੇ।।

ਚੰਡ ਅਰੁ ਮੁੰਡ ਖਪਾਏ ਦੋਨੋ ਦੇਵਤਾ।।[59]

ਚੰਡ ਅਤੇ ਮੁੰਡ ਨੂੰ ਮਾਰਨ ਤੋਂ ਬਾਅਦ ਲੋਕਾਂ ਨੇ ਦੁਰਗਾ ਦੇਵੀ ਦੀ ਬੀਰ ਸ਼ਕਤੀ ਦੇਖਦਿਆਂ ਉਸਨੂੰ ਚਮੁੰਡਾ/ਚੰਡੀ ਦੀ ਉਪਾਧੀ ਦਿੱਤੀ। ਉੱਧਰ ਸੁੰਭ ਅਤੇ ਨਿਸੁੰਭ ਨੇ ਚੰਡ ਮੁੰਡ ਦੈਤਾਂ ਦੇ ਮਰੇ ਜਾਣ ਤੋਂ ਬਾਅਦ ਸ੍ਰਣਵਤਬੀਜ ਨਾਮ ਦੇ ਦੈਂਤ ਦੀ ਅਗਵਾਈ ਹੇਠ ਦੈਂਤਾਂ ਦੀ ਫੌਜ ਦੁਰਗਾ ਨਾਲ ਲੜਨ ਲਈ ਭੇਜੀ। ਜਦੋਂ ਦੁਰਗਾ ਸ੍ਰਣਵਤਬੀਜ ਦੇ ਸਿਰ ਵਿੱਚ ਤਲਵਾਰ ਨਾਲ ਵਾਰ ਕੀਤਾ ਤਾਂ ਉਸ ਦੈਂਤ ਦਾ ਖ਼ੂਨ ਧਰਤੀ ਤੇ ਡਿਗਦਿਆਂ ਹੀ ਉਸ ਵਰਗੇ ਅਨੇਕਾਂ ਹੋਰ ਦੈਂਤ ਪੈਦਾ ਹੋ ਕੇ ਦੁਰਗਾ ਨਾਲ ਯੁੱਧ ਕਰਨ ਲਗੇ ਉਨ੍ਹਾਂ ਵਿੱਚੋਂ ਜਿਸਦਾ ਖ਼ੂਨ ਧਰਤੀ ਤੇ ਡਿੱਗਦਾ ਉਨ੍ਹਾਂ ਵਿਚੋਂ ਉਨ੍ਹਾਂ ਵਰਗੇ ਹੋਰ ਦੈਂਤ ਪੈਦਾ ਹੋ ਜਾਂਦੇ। ਪਰ ਫਿਰ ਵੀ ਇਸ ਸਭ ਦੇ ਬਾਵਜੂਦ ਦੇਵਤਿਆਂ ਅਤੇ ਦੈਂਤਾਂ ਦੀ ਲੜਾਈ ਵਿਚ ਦੁਰਗਾ ਦੈਂਤਾਂ ਦਾ ਮੁਕਾਬਲਾ ਆਪਣੀ ਪੂਰੀ ਬੀਰ ਸ਼ਕਤੀ ਨਾਲ ਕਰਦੀ ਹੈ ਅਤੇ ਮੁਨਾਰਿਆਂ ਜਿਡੇ ਸੈਨਿਕਾਂ ਨੂੰ ਮਾਰ ਮੁਕਾਉਂਦੀਹੈ:

ਜੋਧੇ ਜੇਡੁ ਮੁਨਾਰੇ ਦਿੱਸਣ ਖੇਤ ਵਿਚਿ।।

ਮਾਰੋ ਮਾਰ ਪੁਕਾਰੇ ਆਏ ਸਾਮਣੇ।।

ਸਭੋ ਸੈਨਾ ਮਾਰੀ ਪਲ ਵਿਚਿ ਦਾਨਵੀ।।

ਸ੍ਰਣਵਤ ਬੀਜ ਬਧਾਈਆਂ ਅਗਣਤ ਸੂਰਤਾਂ।।

ਦੁਰਗਾ ਸਉਹੇ ਆਈਆਂ ਰੋਹ ਬਢਾਇਕੈ।।[60]

ਬੀਰ ਸ਼ਕਤੀ ਦਾ ਮੁਜੱਸਮਾ ਦੁਰਗਾ ਯੁੱਧ ਦੇ ਮੈਦਾਨ ਵਿਚ ਦੁਸ਼ਮਣ ਯੋਧਾ ਦੁਆਰਾ ਕੀਤੇ ਜਾਂਦੇ ਵਾਰ ਨੂੰ ਬਚਾਉਣ ਵਿਚ ਵੀ ਨਿਪੁੰਨ ਹੈ। ਜਦ ਇਹ ਸੂਰਤਾਂ ਦੁਰਗਾ ਤੇ ਹਮਲਾ ਕਰਦੀਆਂ ਹਨ ਤਾਂ ਉਹ ਦੁਰਗਾ ਇਸ ਹਮਲੇ ਤੋਂ ਖ਼ੁਦ ਦਾ ਬਚਾਅ ਕਰਦੀ ਹੈ:

ਸਭਨੀ ਆਨ ਵਗਾਈਆਂ ਤੇਗਾਂ ਧੂਹਿਕੈ।।

ਦੁਰਗਾ ਸਭ ਬਚਾਈਆਂ ਢਾਲ ਸੰਭਾਲਕੈ।।[61]

ਦੇਵੀ ਦੁਰਗਾਂ ਨੇ ਰਾਖਸ਼ਾਂ ਦੀਆਂ ਸੂਰਤਾਂ ਨੂੰ ਪਹਿਚਾਣ ਕੇ ਸਾਰੀਆਂ ਸ਼ਕਲਾਂ ਜੰਗ ਏ ਮੈਦਾਨ ਵਿਚ ਡੇਗ ਲਈਆਂ ਪਰ ਇਹ ਸ਼ਕਲਾਂ ਪਹਿਲਾਂ ਨਾਲੋਂ ਵੀ ਦੁਗਣੀਆਂ ਚੋਗੁਣੀਆਂ ਹੋ ਗਈਆਂ ਸਨ :

ਦੇਵੀ ਆਪ ਚਲਾਈਆਂ ਤਕਿ ਤਕਿ ਦਾਨਵੀ।।

ਲੋਹੂ ਨਾਲਿ ਡੁਬਾਈਆਂ ਤੇਗਾਂ ਨੰਗੀਆਂ।।

ਸਾਰਸੁਤੀ ਜਣ ਨ੍ਹਾਈਆਂ ਮਿਲਕੈ ਦੇਵੀਆਂ।।

ਸਭੇ ਮਾਰ ਗਿਰਾਈਆਂ ਅੰਦਰਿ ਖੇਤ ਦੈ।।

ਤਿਦੂੰ ਫੇਰਿ ਸਵਾਈਆਂ ਹੋਈਆਂ ਸੂਰਤਾਂ।।[62]

ਇਨ੍ਹਾਂ ਸੂਰਤਾਂ ਦਾ ਖਾਤਮਾ ਕਰਨ ਲਈ ਦੁਰਗਾ ਕਾਲਕਾ ਨੂੰ ਯਾਦ ਕਰਦੀ ਹੈ ਜੋ ਉਸ ਦੇ ਮੱਥੇ ਨੂੰ ਪਾੜ ਕੇ ਬਾਹਰ ਨਿਕਲਦੀ ਹੈ। ਕਾਲਕਾ ਦੇ ਨਾਲ ਅਨੇਕਾਂ ਜੋਗਣੀਆਂ ਖੱਪਰ ਲੈ ਕੇ ਆ ਜਾਂਦੀਆਂ ਹਨ ਤੇ ਸ੍ਰਣਵਤਬੀਜ ਦੇ ਖ਼ੂਨ ਦੀਆਂ ਬੂੰਦਾਂ ਜ਼ਮੀਨ ਉੱਪਰ ਡਿੱਗਣ ਤੋਂ ਪਹਿਲਾਂ ਹੀ ਪੀ ਜਾਂਦੀਆਂ ਹਨ ਅਤੇ ਅਖੀਰ ਸ੍ਰਣਵਤ ਬੀਜ ਤੇ ਉਸਦੀ ਫੌਂਜ ਵੀ ਖਤਮ ਹੋ ਜਾਂਦੀ ਹੈ ਇਥੇ ਗੁਰੂ ਗੋਬਿੰਦ ਸਿੰਘ ਜੀ ਨੇ ਕਾਲਕਾ ਦੇ ਰੂਪ ਵਿਚ ਪਰਮਾਤਮਾ ਦੀ ਸ਼ਕਤੀ ਨੂੰ ਪੇਸ਼ ਕੀਤਾ ਹੈ ਜੋ ਅਛਾਈ ਦੇ ਲਈ ਬੁਰਾਈ ਦੇ ਖਿਲਾਫ ਲੜਦੀ ਹੈ ਅਤੇ ਬੁਰਾਈ ਨੂੰ ਖਤਮ ਕਰ ਦਿੰਦੀ ਹੈਃ

ਜੋਗਣੀਆਂ ਮਿਲਿ ਧਾਈਆਂ ਲੋਹੂ ਭੱਖਣਾ।।

ਫਉਜਾਂ ਮਾਰ ਹਟਾਈਆਂ ਦੇਵਾਂ ਦਾਨਵਾਂ ।।

ਭੁਈਂ ਨ ਪਉਣੈ ਪਾਈਆਂ ਬੂੰਦਾਂ ਰਕਤ ਦੀਆਂ ।।

ਕਾਲੀ ਖੇਤ ਖਪਾਈਆਂ ਸੱਭੇ ਸੂਰਤਾਂ।।[63]

ਇਸ ਫੈਸਲਾਕੁੰਨ ਜੰਗ ਵਿਚ ਸਾਰੇ ਦੈਂਤ ਅਤੇ ਉਨ੍ਹਾਂ ਦੇ ਸਿਪਾਹੀ ਮਾਰੇ ਗਏ ਹੁਣ ਨਿਸੁੰਭ ਯੁੱਧ ਦੇ ਮੈਦਾਨ ਵਿਚ ਅਗੇ ਵਧਿਆਂ, ਉਹ ਆਪਣੇ ਘੋੜੇ ਨੂੰ ਨਚਾਉਂਦਾ ਕਾਲਕਾ ਵਲ

ਵਧਿਆ, ਉਸਦੇ ਵਾਰ ਕਰਨ ਤੋਂ ਪਹਿਲਾਂ ਦੇਵੀ ਦੁਰਗਾ ਨੇ ਆਪਣੇ ਖੜਗ ਨਾਲ ਉਸਤੇ ਵਾਰ ਕੀਤਾ। ਮਹਿਖਾਸੁਰ ਤੇ ਕੀਤੇ ਵਾਰ ਵਾਂਗ ਦੇਵੀ ਦੀ ਖੜਗ ਨਸੁੰਭ ਨੂੰ ਚੀਰਦੀ ਹੋਈ ਘੋੜੇ ਨੂੰ ਤੇ ਉਸਦੀ ਫੌਲਾਈ ਝੁਲ ਨੂੰ ਚੀਰ ਕੇ ਧਰਤੀ ਨਾਲ ਜਾ ਟਕਰਾਇਆ:

ਅਗੈ ਤੇਗ ਵਗਾਈ ਦੁਰਗਸ਼ਾਹ।।
ਬੱਢ ਸੁੰਭਨ ਬਹੀ ਪਲਾਣ ਕੱਉ।।
ਰੜਕੀ ਜਾਇ ਕੈ ਧਰਤ ਕਉ।।
ਬੱਢ ਪਾਖਰ ਬੱਢ ਕਿਕਾਣ ਕੱਉ।।[64]

ਨਿਸੁੰਭ ਦੀ ਮੌਤ ਨਾਲ ਦੈਂਤਾਂ ਦਾ ਕ੍ਰੋਧ ਆਪਣੀ ਚਰਮ ਸੀਮਾ ਤੇ ਪਹੁੰਚ ਗਿਆ। ਉਹਨਾਂ ਦੇ ਹਮਲੇ ਪਹਿਲਾਂ ਨਾਲੋਂ ਵੀ ਹੋਰ ਜ਼ਿਆਦਾ ਤੀਖਣ ਹੋ ਗਏ। ਹੁਣ ਜੰਗ-ਏ-ਮੈਦਾਨ ਵਿਚ ਯੁੱਧ-ਨਾਦ ਲਗਾਤਾਰ ਗੂੰਜ ਰਹੇ ਸਨ। ਉੱਚੀ-ਉੱਚੀ ਨਾਅਰੇ ਲਗ ਰਹੇ ਹਨ। ਸਾਰੇ ਯੁੱਧ ਵਿਚ ਪਹਿਲੀ ਵਾਰ ਹੁਣ ਹਥਿਆਰਾਂ-ਬੰਦੂਕਾਂ/ਤੋਪਾਂ ਦੀ ਵਰਤੋਂ ਹੋਈ। ਅਜਿਹੀ ਤਰਥਲੀ ਮਚੀ ਕਿ ਅੰਬਰੀਂ ਫ਼ਰਿਸ਼ਤੇ ਵੀ ਉਤਸੁਕ ਹੋ ਗਏ ਤੇ ਧਰਤੀ ਉਤੇ ਆ ਕੇ ਯੁੱਧ ਵੇਖਣ ਲਗੇ :

ਓਰੜ ਉੱਠੇ ਸੂਰਮੇ ਆ ਡਾਹੇਮੱਥੇ।।
ਕੱਟਤੁਫੰਗੀ ਕੈਬਰੀ ਦਲ ਗਾਹਿ ਨਿੱਕਥੇ।।
ਦੇਖਨਿ ਜੰਗ ਫਰੇਸ਼ਤੇ ਅਸਮਾਨੋ ਲੱਥੇ।।[65]

ਯੋਧਿਆਂ ਦੀਆਂ ਤਲਵਾਰਾਂ ਤੇ ਬਰਛੀਆਂ ਪੌਣ ਵਿਚ ਲਹਿਰਾਉਂਦੀਆਂ ਦੇਵੀ ਦੁਰਗਾ ਨੂੰ ਵੰਗਾਰ ਰਹੀਆਂ ਸਨ। ਦੁਰਗਾ ਦੇ ਹੱਥ ਵਿਚਲੀ ਬਰਛੀ ਅਗਨੀ ਵਾਂਗ ਲਿਸ਼ਕਦੀ ਤੇ ਰਾਖਸ਼ਾਂ ਦੇ ਲਹੂ ਦੀ ਪਿਆਸੀ ਨੇ ਅਜਿਹੇ ਵਾਰ ਕੀਤੇ ਕਿ ਸਾਰੇ ਦਾਨਵ ਯਮਲੋਕ ਪਹੁੰਚਾ ਦਿੱਤੇ :

ਲੈ ਕੇ ਬਰਛੀ ਦੁਰਗਸ਼ਾਹ ਬਹੁ ਦਾਨਵ ਮਾਰੇ।।
ਚੜੇ ਰਥੀ ਗਜ ਘੋੜਿਈ ਮਾਰ ਭੁਇ ਤੇਡਾਰੇ।।
ਜਣ ਹਲਵਾਈ ਸੀਖ ਨਾਲ ਵਿੰਨ੍ਹ ਵੜੇ ਉਤਾਰੇ।।[66]

ਦੁਰਗਾ ਨੇ ਇਸ ਦੋਧਾਰੀ ਬਰਛੀ ਨਾਲ ਸੁੰਭ ਉਤੇ ਵਾਰ ਕੀਤਾ। ਇਹ ਵਾਰ ਇਤਨਾ ਸ਼ਕਤੀਸ਼ਾਲੀ ਸੀ ਕਿ ਸ਼ੁੰਭ ਪਲਾਣ ਤੋਂ ਡਿੱਗ ਪਿਆ। ਸ਼ੁੰਭ ਨੇ ਡਿਗਦਿਆਂ ਸਾਰ ਹੀ ਦਮ ਤੋੜ ਦਿੱਤਾ। ਉਸ ਦੀ ਮੌਤ ਨਾਲ ਅਸੁਰ ਸੈਨਾ ਦੇ ਪੈਰ ਉਖੜ ਗਏ। ਜੰਗ ਦੇ ਮੈਦਾਨ ਵਿਚ ਬਹੁਤ ਸੈਨਿਕ ਤਾਂ ਪਹਿਲਾਂ ਹੀ ਮਾਰੇ ਜਾ ਚੁੱਕੇ ਸਨ। ਜਿਹੜੇ ਕੁਝ ਬਚੇ ਸਨ, ਉਨ੍ਹਾਂ ਦੇ ਮਨ ਵਿਚ ਪਰਮਾਤਮਾ ਦੀ ਸ਼ਕਤੀ ਦਾ ਅਜਿਹਾ ਡਰ ਫੈਲਿਆ ਕਿ ਉਹ ਰੋਂਦੇ, ਕੁਰਲਾਉਂਦੇ ਆਪਣੇ ਰਾਜੇ ਦੀ ਮੌਤ ਉੱਤੇ ਵਿਰਲਾਪ ਕਰਦੇ, ਆਪਣੇ ਘੋੜੇ ਤੇ ਹੋਰ ਵਾਹਣ ਉਥੇ ਹੀ ਛੱਡ ਕੇ ਮੈਦਾਨ ਵਿਚੋਂ ਭਜ ਨਿਕਲੇ। ਉਨ੍ਹਾਂ ਦੇ ਮਨਾਂ ਵਿਚ ਦੁਰਗਾ ਦੀ ਬੀਰ ਸ਼ਕਤੀ ਦਾ ਐਨਾਂ ਡਰ ਸੀ ਕਿ ਉਹ ਪਿਛੇ ਮੁੜ ਕੇ ਨਹੀਂ ਸਨ ਵੇਖਦੇ :

ਫਉਜਾਂ ਰਾਕਸ਼ਿਆਰੀਆਂ ਦੇਖਿ ਰੋਵਨਿ ਧਾਹੀ।।
ਮੋਹਿ ਕੁੜੂਚੇ ਘਾਹ ਦੇ ਛੱਡ ਘੋੜੇ ਰਾਹੀ।।
ਭਜਦੇ ਹੋਏ ਮਾਰੀਅਨ ਮੁੜ ਝਾਕਨ ਨਾਹੀ।।[67]

ਇੰਝ ਦੁਰਗਾ ਦੇਵੀ ਅਤੇ ਦਾਨਵਾਂ ਦਾ ਮਹਾਯੁੱਧ ਸਮਾਪਤ ਹੋ ਗਿਆ। ਦੈਂਤਾਂ ਦੇ ਸਰਵਨਾਸ਼ ਹੋ ਜਾਣ ਨਾਲ ਦੁਰਗਾ ਨੇ ਇੰਦਰ ਨੂੰ ਬੁਲਾ ਕੇ ਇਕ ਵਾਰ ਫਿਰ ਅਮਰਾਵਤੀ ਦੇ ਰਾਜਾਸਣ ਉਤੇ ਬਿਠਾ ਦਿਤਾ।

ਚੰਡੀ ਦੀ ਵਾਰ (ਵਾਰ ਸ਼੍ਰੀ ਭਗਉਤੀ ਜੀ ਕੀ) ਦੇ ਸਾਰੇ ਅਸੁਰ ਸੈਨਾਪਤੀ ਨਿਰਭੈ ਯੋਧੇ ਵੀ ਸਨ ਅਤੇ ਉੱਤਮ ਪ੍ਰਕਾਰ ਦੇ ਯੁਧ ਪ੍ਰਬੰਧਕ ਵੀ ਸਨ ਪਰ ਇਹ ਸਾਰੇ ਹੀ ਸਵਾਰਥੀ ਕਿਸਮ ਦੇ ਸਨ। ਇਨ੍ਹਾਂ ਨੂੰ ਦੂਜਿਆਂ ਦੀ ਸੁਖ-ਸ਼ਾਂਤੀ ਨਾਲ ਕੋਈ ਫਰਕ ਨਹੀਂ, ਇਹ ਤਾਂ ਦੂਜਿਆਂ ਦੀ ਸ਼ਾਂਤੀ ਨੂੰ ਖਤਮ ਕਰਦੇ ਹਨ ਅਤੇ ਆਕ੍ਰਮਣਕਾਰੀ ਹਨ। ਇਨ੍ਹਾਂ ਨੇ ਦੇਵਤਿਆਂ ਦਾ ਅਭਿਮਾਨ ਤਾਂ ਕੀ ਤੋੜਨਾ ਸੀ, ਉਹ ਤਾਂ ਆਪ ਹੀ ਅਹੰਕਾਰੀ ਬਣ ਗਏ ਸਨ। ਇਸੇ ਲਈ ਅਕਾਲ-ਪੁਰਖ ਨੇ ਉਨ੍ਹਾਂ ਨੂੰ ਨਸ਼ਟ ਕਰਨ ਲਈ ਦੁਰਗਾ ਨੂੰ ਸਿਰਜਿਆ ਤੇ ਦੁਰਗਾ ਨੇ ਆਪਣੀ ਬੀਰ ਸ਼ਕਤੀ ਨਾਲ ਉਨ੍ਹਾਂ ਦੇ ਸਾਰੇ ਸੂਰਬੀਰ ਦੈਂਤ ਅਤੇ ਸਿਪਾਹੀਆਂ ਨੂੰ ਮਾਰ ਦਿੱਤਾ। ਇਥੇ ਨੇਕੀ ਦੀ ਬਦੀ ਉਤੇ ਜਿੱਤ ਕਰਵਾ ਕੇ ਸਮਾਜ ਵਿਚ ਲੋਕਾਂ ਨੂੰ ਨੇਕ ਕੰਮ ਕਰਨ ਲਈ ਪ੍ਰੇਰਿਆ ਗਿਆ ਹੈ ਅਤੇ ਉਸ ਪਰਮਾਤਮਾ ਦੀ ਸ਼ਕਤੀ ਤੋਂ ਜਾਣੂੰ ਵੀ ਕਰਵਾਇਆ ਗਿਆ ਹੈ।

ਪੰਜਾਬੀ ਦੀਆਂ ਵਾਰਾਂ ਨਾਲੋਂ 'ਚੰਡੀ ਦੀ ਵਾਰ' (ਵਾਰ ਸ਼੍ਰੀ ਭਗਉਤੀ ਜੀ ਕੀ) ਇਸ ਲਈ ਵਿਲੱਖਣ ਹੈ ਕਿਉਂਕਿ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਮਿੱਥ ਕਹਾਣੀ ਵਿਚਲੀ ਸੱਚਾਈ ਨੂੰ ਅਖੋਂ ਓਹਲੇ ਨਹੀਂ ਕੀਤਾ। ਆਪ ਨੇ ਜੇ ਦੁਰਗਾ ਦੀ ਬੀਰ ਸ਼ਕਤੀ ਨੂੰ ਵਿੰਭਿੰਨ ਅਲੰਕਾਰਾਂ ਨਾਲ ਵਰਣਨ ਕੀਤਾ ਹੈ ਉਥੇ ਦੈਂਤਾਂ ਦੀ ਬੀਰ ਸ਼ਕਤੀ ਨੂੰ ਵੀ ਅੱਖੋਂ ਓਹਲੇ ਨਹੀਂ ਕੀਤਾ :

ਕਦੇ ਨ ਆਖਣ ਹਾਰੇ ਧਾਵਨ ਸਾਮਣੇ।।[68]

'ਚੰਡੀ ਦੀ ਵਾਰ' (ਵਾਰ ਸ੍ਰੀ ਭਗਉਤੀ ਜੀ) ਵਿੱਚ ਦੇਵਤਿਆਂ ਅਤੇ ਦੈਂਤਾਂ ਨੇ ਬੀਰ ਸ਼ਕਤੀ ਪਰਮਾਤਮ ਸ਼ਕਤੀ (ਕਰਤਾ ਪੁਰਖ) ਦੇ ਅਸ਼ੀਰਵਾਦ ਸਦਕਾ ਪ੍ਰਾਪਤ ਕੀਤੀ। ਪਰਮਾਤਮਾ ਨੇ ਨਿਤਾਣਿਆਂ ਅਤੇ ਦੁਖੀਆਂ ਦੀ ਸਹਾਇਤਾ ਕੀਤੀ। ਵਾਰ ਦੇ ਬਿਰਤਾਂਤ ਵਿਚ ਦੁਰਗਾ ਦੈਂਤਾਂ ਦੀਆਂ ਭਾਰੀ ਫੌਜਾਂ ਵੇਖ ਕੇ ਰਣ ਭੂਮੀ ਵਿਚ ਘਬਰਾਈ ਨਹੀਂ ਸਗੋਂ ਬੀਰਤਾ ਨਾਲ ਉਨ੍ਹਾਂ ਦਾ ਮੁਕਾਬਲਾ ਕਰ ਕੇ ਉਨ੍ਹਾਂ ਨੂੰ ਕਰਾਰੀ ਹਾਰ ਦਿੱਤੀ। ਦੇਵਤਿਆਂ ਅਤੇ ਦਾਨਵਾਂ ਦਾ ਫਰਕ ਇਹ ਹੈ ਕਿ ਸੱਤਾ ਸੰਘਰਸ਼ ਵਿਚ ਦੇਵਤੇ ਬਦਲੇ ਹੋਏ ਹਾਲਾਤ ਦੇ ਮੱਦੇਨਜ਼ਰ ਤੇਵਰ ਬਦਲਣ ਵਿਚ ਮਾਹਿਰ ਹਨ ਅਤੇ ਲੋੜ ਪੈਣ ਤੇ ਮਹਾਂ ਗਠਜੋੜ ਬਣਾਉਣਾ ਜਾਣਦੇ ਸਨ, ਜਦੋਂ ਕਿ ਅਭਿਮਾਨ ਵਿਚ ਆਏ ਦਾਨਵ ਬਾਹੂ ਬਲ ਦੇ ਪੱਖਾਂ ਤੋਂ ਤਕੜੇ ਚਤਰ ਕੂਟ ਨੀਤੀ ਦੀ ਕਮੀ ਕਾਰਨ ਮਾਰ ਖਾ ਜਾਂਦੇ ਹਨ। 'ਚੰਡੀ ਦੀ ਵਾਰ' ਵਿਚ ਰੱਬੀ ਸ਼ਕਤੀ (ਭਗਉਤੀ) ਨੇ ਦੁਰਗਾ ਰਾਹੀਂ ਬਦੀ (ਹੰਕਾਰ) ਦਾ ਨਾਸ਼ ਕਰਾਉਣਾ ਪ੍ਰਗਟਾਇਆ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਬੀਰ ਸ਼ਕਤੀ ਨੂੰ ਪੇਸ਼ ਕਰਨ ਲਗਿਆਂ ਨਿਰਪਖਤਾ ਨਾਲ ਬਿਰਤਾਂਤ ਸਿਰਜਿਆ, ਨੇਕੀ ਦੀ ਭਾਵ ਅਛਾਈ ਦੀ ਬੁਰਾਈ ਤੇ ਜਿੱਤ ਨਾਲ ਸਮਾਜ ਨੂੰ ਨੇਕੀ (ਅਛਾਈ) ਦਾ ਮਾਡਲ ਪ੍ਰਸਤੁਤ ਕੀਤਾ ਹੈ। ਡਾ. ਜਗਜੀਤ ਸਿੰਘ ਨੇ ਠੀਕ ਹੀ ਕਿਹਾ ਹੈ ਕਿ, '

> ਚੰਡੀ ਦੀ ਵਾਰ ਭਗਉਤੀ ਜਾਂ ਚੰਡੀ ਉਹ ਸ਼ਕਤੀ ਹੈ ਜਿਸ ਨੇ ਉਸ ਸਮੇਂ ਦੇ ਸਮਾਜ ਵਿਚ ਇਕ ਅੰਦੋਲਨ ਪੈਦਾ ਕੀਤਾ ਤੇ ਗੁਰੂ ਗੋਬਿੰਦ ਸਿੰਘ ਜੀ ਨੇ ਇਹ ਵਾਰ ਰਚ ਕੇ ਪੰਜਾਬੀਆਂ ਦੀ ਸਦੀਆਂ ਦੀ ਸੁੱਨੀ ਬੀਰ ਸ਼ਕਤੀ ਨੂੰ ਟੁੰਬਿਆਂ ਹੈ।[69]

ਪ੍ਰੋਫੈਸਰ ਦਲੀਪ ਸਿੰਘ ਵੀ ਇਸੇ ਰਾਏ ਨਾਲ ਸਹਿਮਤ ਹਨ ਕਿ,

> ਗੁਰੂ ਗੋਬਿੰਦ ਸਿੰਘ ਜੀ ਨੇ 'ਚੰਡੀ ਦੀ ਵਾਰ' ਜਾਂ 'ਵਾਰ ਸ੍ਰੀ ਭਗਉਤੀ ਜੀ ਕੀ' ਵਿਚ ਇਕ ਮਿਥਿਹਾਸਕ ਕਥਾ ਨੂੰ ਆਮ ਜੀਵਨ ਵਿਚੋਂ ਪ੍ਰਤੀਕ ਲੈ ਕੇ ਜਗ ਦੇ ਮਾਰੂ ਤੇ ਕੰਬਾਊ ਭੈ ਅਤੇ ਸਹਿਮ ਨੂੰ ਆਪਣੇ ਸਿੱਖਾਂ ਦੇ ਮਨ ਵਿਚੋਂ ਕੱਢ ਦਿੱਤਾ।[70]

ਸ: ਰਣਜੀਤ ਸਿੰਘ ਖੜਗ ਦਾ ਵਿਚਾਰ ਹੈ ਕਿ,

> ਵਾਰਕਾਰ ਨੇ ਮਹਿਖਾਸੁਰ ਨੂੰ ਜਾਬਰ ਮੁਗਲ ਸਾਮਰਾਜ ਅਤੇ ਦੁਰਗਾ ਨੂੰ ਜਨਤਾ ਦੇ ਹੱਕ ਦਾ, ਸੱਚ ਦਾ, ਬੀਰ ਸ਼ਕਤੀ ਦਾ ਪ੍ਰਤੀਕ ਬਣਾ ਕੇ ਦਬੈਲ ਭਾਰਤੀਆਂ ਦੇ ਸਾਹਮਣੇ ਪੇਸ਼ ਕਰ ਕੇ, ਉਨ੍ਹਾਂ ਨੂੰ ਗੁਲਾਮੀ ਦਾ ਜੂਲਮਾ ਲਾਹ ਸੁਟਣ ਦੀ ਪ੍ਰੇਰਨਾ ਦਿੱਤੀ।[71]

ਗੁਰੂ ਗੋਬਿੰਦ ਸਿੰਘ ਜੀ ਦਾ ਮਨੋਰਥ 'ਚੰਡੀ ਦੀ ਵਾਰ' ਜਾਂ 'ਵਾਰ ਸ੍ਰੀ ਭਗਉਤੀ ਜੀ ਕੀ' ਵਿਚ ਪਰਮਾਤਮਾ ਦੀ ਨਿਰਕਾਰੀ ਸ਼ਕਤੀ ਨੂੰ ਦ੍ਰਿੜ ਕਰਵਾਉਣਾ ਹੈ। ਇਸਲਈ ਗੁਰੂ ਸਾਹਿਬ ਨੇ ਮਿਥਿਹਾਸਕ ਕਹਾਣੀ ਵਿਚਲੇ ਗੁੱਝੇ ਭਾਵਾਂ ਰਾਹੀਂ ਏਸੇ ਵਿਸ਼ਵਾਸ ਦੀ ਪ੍ਰੋੜਤਾ ਕੀਤੀ ਹੈ। ਵਾਰ ਦੇ ਮੁੱਢ ਵਿਚ ਹੀ ਨਿਰੰਕਾਰ ਅਕਾਲ-ਪੁਰਖ ਦੀ ਬੀਰ ਸ਼ਕਤੀ ਨੂੰ ਪੇਸ਼ ਕਰਦਿਆਂ ਵਾਰ ਵਿਚ ਲਿਖਿਆ ਹੈ ਕਿ:

> ਖੰਡਾ ਪ੍ਰਿਥਮੈ ਸਾਜਿਕੈ ਜਿਨ ਸਭ ਸੈਸਾਰੁ ਉਪਾਇਆ॥
> ਬ੍ਰਹਮਾ ਬਿਸ਼ਨ ਮਹੇਸ਼ ਸਾਜਿ ਕੁਦਰਤਿ ਦਾ ਖੇਲੁ ਰਚਾਇ ਬਣਾਇਆ॥
> ਸਿੰਧ ਪਰਬਤ ਮੇਦਨੀ ਬਿਨੁ ਥੰਮਾ ਗਗਨਿ ਰਹਾਇਆ॥
> ਸਿਰਜੇ ਦਾਨੋ ਦੇਵਤੇ ਤਿਨ ਅੰਦਰਿ ਬਾਦੁ ਰਚਾਇਆ॥
> ਤੈ ਹੀ ਦੁਰਗਾ ਸਾਜਿ ਕੈ ਦੈਤਾ ਦਾ ਨਾਸੁ ਕਰਾਇਆ॥

ਤੈਥੋਂ ਹੀ ਬਲੁ ਰਾਮ ਲੈ ਨਾਲ ਬਾਣਾ ਦਹਸਿਰੁ ਘਾਇਆ॥

ਤੈਥੋ ਹੀ ਬਲੁ ਕ੍ਰਿਸ਼ਨ ਲੈ ਕੰਸੁ ਕੇਸੀ ਪਕੜਿ ਗਿਰਾਇਆ॥

ਬਡੇ ਬਡੇ ਮੁਨਿ ਦੇਵਤੇ ਕਈ ਜੁਗ ਤਿਨੀ ਤਨੁ ਤਾਇਆ॥

ਕਿਨੀ ਤੇਰਾ ਅੰਤੁ ਨ ਪਾਇਆ॥[72]

ਵਾਰ ਦੀ ਮੁੱਢਲੀ ਪਉੜੀ ਦੇ ਅਰਥਾਂ ਤੋਂ ਜਾਹਰ ਹੈ ਕਿ ਰਾਖਸ਼ਾਂ ਦਾ ਨਾਸ਼ ਕਰਨ ਵਾਲੀ ਮੂਲ ਸ਼ਕਤੀ ਦੁਰਗਾ ਨਹੀਂ ਸਗੋਂ ਭਗਉਤੀ ਹੈ- ਦੁਰਗਾ ਤਾਂ ਉਸ ਭਗਉਤੀ (ਰੱਬੀ ਸ਼ਕਤੀ) ਦੀ ਸਿਰਜਣਾ ਹੈ। ਭਗਉਤੀ (ਰਬੀ ਸ਼ਕਤੀ) ਕਿਸੇ ਵੇਲੇ ਰਾਮ, ਕ੍ਰਿਸ਼ਨ ਆਦਿ ਨੂੰ ਸਿਰਜਦੀ ਹੈ ਅਤੇ ਕਿਸੇ ਯੁੱਗ ਵਿਚ ਦੁਰਗਾ ਨੂੰ। 'ਰੱਬੀ ਸੱਤਾ' ਅਤੇ ਰੱਬ ਇਕ ਹਨ ਪਰ ਰਾਮ, ਕ੍ਰਿਸ਼ਨ, ਦੁਰਗਾ ਆਦਿ ਉਸ ਸੱਤਾ ਦੀਆਂ ਸਿਰਜਣਾਵਾਂ ਹਨ। ਗੁਰੂ ਗੋਬਿੰਦ ਸਿੰਘ ਜੀ ਨੇ ਭਗਉਤੀ ਸ਼ਬਦ ਦੀ ਵਰਤੋਂ ਮੌਲਿਕ ਅਰਥਾਂ ਵਿਚ ਕੀਤੀ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਮੇਂ ਦੇ ਸਾਹਿਤ ਅਤੇ ਇਲਾਕੇ ਦੇ ਦੇਵੀ-ਪੂਜਕ ਲੋਕਾਂ ਦੀ ਧਾਰਮਿਕ ਸ਼ਬਦਾਵਲੀ- ਸ਼ਿਵਾ, ਕਾਲੀ, ਭਗਉਤੀ, ਮਹਾਂਕਾਲ, ਚੰਡੀ ਆਦਿ ਨੂੰ ਆਪਣੇ ਨਿਰਗੁਣ- ਬ੍ਰਹਮ ਦੇ ਫਲਸਫੇ ਨੂੰ ਪ੍ਰਗਟਾਉਣ ਲਈ ਨਵੇਂ ਅਰਥ ਦੇ ਕੇ ਵਰਤਿਆ ਹੈ। ਇਸ ਲਈ 'ਚੰਡੀ ਦੀ ਵਾਰ' ਜਾਂ 'ਵਾਰ ਸ੍ਰੀ ਭਗਉਤੀ ਜੀ ਕੀ' ਦੇਵੀ ਦੁਰਗਾ ਦੀ ਵਾਰ ਹੋਣ ਤੋਂ ਵਧੇਰੇ ਉਸ ਮੂਲ ਸ਼ਕਤੀ ਭਗਉਤੀ ਦੀ ਵਾਰ ਹੈ ਜਿਸ ਨੇ ਦੈਂਤਾਂ ਦਾ ਨਾਸ਼ ਕਰਾਉਣ ਲਈ ਦੁਰਗਾ ਨੂੰ ਸਾਜਿਆ।[73]

ਗੁਰੂ ਗੋਬਿੰਦ ਸਿੰਘ ਜੀ ਦੀ ਚੰਡੀ ਦੀ ਵਾਰ ਅਸਲ ਵਿਚ ਖਾਲਸੇ ਦੀ ਵਾਰ ਹੈ। ਚੰਡੀ ਦੀ ਵਾਰ ਦੀ ਨਾਇਕਾ ਦੁਰਗਾ ਖਾਲਸੇ ਦੇ ਉਸ ਮਨੁੱਖ ਦੀ ਪ੍ਰਤੀਕ ਹੈ ਜੋ ਸ਼ਕਤੀ ਅਤੇ ਭਗਤੀ ਰਾਹੀਂ ਧਰਤੀ ਉਪਰੋਂ ਰਾਖਸ਼ਸ਼ ਬੀਜ ਦਾ ਖਾਤਮਾ ਕਰਦਾ ਹੈ।[74] ਗੁਰੂ ਗੋਬਿੰਦ ਸਿੰਘ ਜੀ ਦੁਆਰਾ ਰਚਿਤ 'ਚੰਡੀ ਦੀ ਵਾਰ' ਜਾਂ 'ਵਾਰ ਸ੍ਰੀ ਭਗਉਤੀ ਜੀ ਕੀ' ਵਿਚ ਬੀਰਤਾ ਸ਼ਕਤੀ ਦਾ ਸੰਕਲਪ ਹੀ ਨਹੀਂ ਉਭਰਿਆ ਬਲਕਿ ਇਹ ਸੰਕਲਪ ਉਸ ਅਕਾਲਪੁਰਖ ਦੀ ਸ਼ਕਤੀ ਨੂੰ ਵੀ ਉਭਾਰਦਾ ਹੈ। ਜਿਸ ਨੇ ਆਪਣੀ ਸ਼ਕਤੀ ਰਾਹੀਂ ਸਾਰੇ ਦੈਂਤਾਂ ਅਤੇ ਦੇਵਤਿਆਂ ਵਿਚ ਬੀਰ ਸ਼ਕਤੀ ਨੂੰ ਪੈਦਾ ਕੀਤਾ ਹੈ।

## 3.4. **'ਰਾਮਕਲੀ ਪਾਤਸ਼ਾਹੀ ੧੦ (ਸ਼ਬਦ ਹਜ਼ਾਰੇ)' ਵਿਚ ਕਰਮ ਸ਼ਕਤੀ ਦੀ ਪੇਸ਼ਕਾਰੀ**

ਧਾਰਮਿਕ ਤੇ ਆਚਰਣਿਕ ਗਿਰਾਵਟ ਨੂੰ ਦੂਰ ਕਰਨ ਲਈ ਅਤੇ ਭਾਰਤ ਵਿਚ ਜੋ ਭਗਤੀ ਲਹਿਰ ਚਲੀ, ਉਸ ਦਾ ਵਿਕਾਸ ਪੰਜਾਬ ਵਿਚੋਂ ਹੋਇਆ ਹੈ। ਗੁਰੂ ਨਾਨਕ ਦੇਵ ਜੀ ਦੁਆਰਾ ਚਲਾਏ ਧਾਰਮਿਕ, ਸਮਾਜਿਕ ਅੰਦੋਲਨ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਸਮੇਂ ਦੀ ਜ਼ਰੂਰਤ ਅਨੁਸਾਰ ਸ਼ਕਤੀ ਦਾ ਸੁਮੇਲ ਕਰ ਦਿੱਤਾ ਸੀ। ਭਗਤੀ ਅਤੇ ਸ਼ਕਤੀ ਦਾ ਸੁਮੇਲ ਕਰਨ ਲਈ ਅਤੇ ਸਮਕਾਲੀ ਸਮਾਜ ਵਿਚ ਮਨੁਖਤਾ ਅੰਦਰ ਆਤਮਿਕ ਗੁਣ ਉਜਾਗਰ ਕਰਨ ਲਈ ਆਪਨੇ ਉਚ ਕੋਟੀ ਦਾ ਸਾਹਿਤ ਵੀ ਰਚਿਆ ਅਤੇ ਆਪਣੇ ਦਰਬਾਰ ਵਿਚ ਉਚ ਕੋਟੀ ਦੇ ਰਖੇ 52 ਕਵੀਆਂ ਤੋਂ ਵੀ ਆਤਮਕ ਗੁਣ ਉਜਾਗਰ ਕਰਨ ਲਈ ਬਹੁਤ ਸਾਰੇ ਸਾਹਿਤ ਦਾ ਅਨੁਵਾਦ ਕਰਵਾਇਆ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਰਾਜ ਕਾਲ ਵਿਚ ਕਈ ਕਿਲਿਆਂ ਦਾ ਨਿਰਮਾਣ ਕੀਤਾ ਅਤੇ ਸਰੀਰਿਕ ਬਲ ਤੇ ਸਵੈ-ਰਖਿਆ ਲਈ ਸ਼ਸਤਰ ਵਿਦਿਆ ਵੀ ਦਿੱਤੀ। ਇਸ ਤਰ੍ਹਾਂ ਆਪਨੇ ਧਾਰਮਿਕ ਖੇਤਰ ਵਿਚ ਸ਼ਾਸਤਰ ਤੇ ਸ਼ਸਤਰ ਦਾ ਹੀ ਨਹੀਂ ਕੀਤਾ ਬਲਕਿ ਆਪਣੀ ਰਚਨਾ ਵਿਚ ਭਗਤੀ ਅਤੇ ਸ਼ਕਤੀ ਦਾ ਜੋ ਸੁਮੇਲ ਕੀਤਾ ਉਹ ਦਸਮ ਗ੍ਰੰਥ ਵਿਚ ਅੰਕਿਤ ਹੈ।

ਦਸਮ ਗ੍ਰੰਥ ਵਿਚ ਸੰਕਲਿਤ ਬਾਣੀਆਂ ਵਿਚੋਂ 'ਰਾਮਕਲੀ ਪਾਤਸ਼ਾਹੀ ੧੦ (ਸ਼ਬਦ ਹਜ਼ਾਰੇ)' ਬਾਣੀ ਗੁਰੂ ਗੋਬਿੰਦ ਸਿੰਘ ਦੀ ਦੁਆਰਾ ਰਾਗਾਂ ਵਿਚ ਰਚੇ ਸ਼ਬਦ ਹਨ। ਇਨ੍ਹਾਂ ਵਿਚੋਂ ਨੌਂ ਸ਼ਬਦ ਰਾਗਾਂ ਵਿਚ ਹਨ ਅਤੇ ਅਖੀਰ ਤੇ 'ਖਿਆਲ ਪਾਤਸ਼ਾਹੀ ੧੦' ਨੂੰ ਬਾਅਦ ਵਿਚ 'ਸ਼ਬਦ ਹਜ਼ਾਰੇ' ਸਿਰਲੇਖ ਅਧੀਨ ਸ਼ਾਮਿਲ ਕਰ ਲਿਆ ਗਿਆ ਅਤੇ ਇਨ੍ਹਾਂ ਦੀ ਗਿਣਤੀ ਦਸ ਹੋ ਗਈ। ਸ਼ਬਦ ਹਜ਼ਾਰਿਆਂ ਵਿਚੋਂ ਪਹਿਲੇ ਤਿੰਨ ਸ਼ਬਦ ਰਾਮਕਲੀ ਰਾਗ ਵਿਚ ਲਿਖੇ ਹੋਣ ਕਾਰਨ ਇਨ੍ਹਾਂ ਸਾਰੇ ਸ਼ਬਦਾਂ ਨੂੰ 'ਰਾਮਕਲੀ ਪਾਤਸ਼ਾਹੀ ੧੦' ਦਾ ਸਿਰਲੇਖ ਵੀ ਦਿੱਤਾ ਗਿਆ ਸੀ। ਵਿਸ਼ੇ ਪਖੋਂ ਇਹ ਸਾਰੇ ਸ਼ਬਦ ਕਰਮ ਸ਼ਕਤੀ ਦੀ ਪੇਸ਼ਕਾਰੀ ਕਰਦੇ ਹਨ।

ਹਿੰਦੀ ਸਾਹਿਤ ਵਿਚ 'ਹਜ਼ਾਰੇ' ਇਕ ਕਾਵਿ-ਰੂਪ ਹੈ। ਕਈ ਕਵੀਆਂ ਦੇ 'ਹਜ਼ਾਰੇ' ਲਿਖੇ ਮਿਲਦੇ ਹਨ। ਹਜ਼ਾਰੇ ਦਾ ਭਾਵ ਹੈ ਕਿ ਚੋਣਵੇਂ ਅਮੋਲਕ ਬਚਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ

ਰਾਗਾਂ ਵਿਚ ਲਿਖੇ ਨੌਂ ਸ਼ਬਦਾਂ ਨੂੰ ਇਹ ਸਿਰਲੇਖ ਪਿਛੋਂ ਦਿੱਤਾ ਹੈ, ਪਹਿਲੇ 'ਸ਼ਬਦ ਰਾਗਾਂ ਕੇ' ਹੀ ਲਿਖਿਆ ਜਾਂਦਾ ਸੀ। ਇਨ੍ਹਾਂ ਸ਼ਬਦਾਂ ਵਿਚ ਪਰਮਾਤਮਾ ਦੀ ਵਡਿਆਈ, ਅਵਤਾਰਵਾਦ ਦਾ ਖੰਡਨ, ਭਗਤੀ ਅਤੇ ਸੱਚੇ ਸੰਨਿਆਸ ਤੇ ਜੋਗ ਦਾ ਵਰਣਨ ਕੀਤਾ ਗਿਆ ਹੈ। ਇਹ ਰਾਮਕਲੀ, ਸੋਰਠਿ, ਕਲਿਆਣ, ਤਿਲੰਗ, ਬਿਲਾਵਲ, ਦੇਵਗੰਧਾਰੀ ਆਦਿ ਰਾਗਾਂ ਵਿੱਚ ਹਨ।[75] ਰਾਮਕਲੀ ਰਾਗ ਵਿਚ ਗੁਰੂ ਗੋਬਿੰਦ ਸਿੰਘ ਜੀ ਜਗਤ ਨੂੰ ਪਰਮਾਤਮਾ ਤੋਂ ਸ਼ਕਤੀ ਪ੍ਰਾਪਤ ਕਰਨ ਲਈ ਮਨੁੱਖ ਨੂੰ ਭਗਤੀ ਮਾਰਗ ਦਾ ਰਾਹ ਦਸੱਦਿਆਂ ਬਾਰੇ ਉਪਦੇਸ਼ ਦਿੰਦਿਆਂ ਫੁਰਮਾਉਂਦੇ ਹਨ:

ਰੇ ਮਨ ਐਸੋ ਕਰਿ ਸੰਨਿਆਸਾ ॥
ਬਨ ਸੇ ਸਦਨ ਸਭੈ ਕਰਿ ਸਮਝਹੁ ਮਨ ਹੀ ਮਾਹਿ ਉਦਾਸਾ ॥
ਜਤ ਕੀ ਜਟਾ ਜੋਗ ਕੋ ਮੱਜਨੁ ਨੇਮ ਕੇ ਨਖਨ ਬਢਾਓ ॥
ਗਯਾਨ ਗੁਰੂ ਆਤਮ ਉਪਦੇਸ਼ਹੁ ਨਾਮ ਬਿਭੂਤ ਲਗਾਓ ॥
ਅਲਪ ਅਹਾਰ ਸੁਲਪ ਸੀ ਨਿੰਦ੍ਰਾ ਦਯਾ ਛਿਮਾ ਤਨ ਪ੍ਰੀਤਿ ॥
ਸੀਲ ਸੰਤੋਖ ਸਦਾ ਨਿਰਬਾਹਿਬੋ ਹ੍ਵੈਬੋ ਤ੍ਰਿਗੁਣ ਅਤੀਤਿ ॥
ਕਾਮ ਕ੍ਰੋਧ ਹੰਕਾਰ ਲੋਭ ਹਠ ਮੋਹ ਨ ਮਨ ਸੋ ਲਯਾਵੈ ॥
ਤਬ ਹੀ ਆਤਮ ਤਤ ਕੋ ਦਰਸੇ ਪਰਮ ਪੁਰਖ ਕੱਹ ਪਾਵੈ॥[76]

ਅਰਥਾਤ ਇਸ ਪ੍ਰਕਾਰ ਦਾ ਸੰਨਿਆਸ ਧਾਰਨ ਕਰਨਾ ਚਾਹੀਦਾ ਹੈ ਜਿਸ ਨਾਲ ਸਾਰੇ ਘਰ ਨੂੰ ਬਨ ਦੇ ਸਮਾਨ ਸਮਝ ਕੇ ਅਤੇ ਮਨ ਵਿਚ ਉਦਾਸ ਰਖ, ਕੇ (ਭਾਵ ਘਰ ਵਿਚ ਰਹਿੰਦਿਆਂ ਮਾਇਆਂ ਤੋਂ ਨਿਰਲੇਪ ਰਹੋ), ਜਤ ਦੀਆਂ ਜਟਾਵਾਂ, ਯੋਗ ਦਾ ਇਸ਼ਨਾਨ ਅਤੇ ਨੇਮ ਦੇ ਨੌਂਹ ਵਧਾ ਲਏ ਜਾ ਸਕਣ। ਗਿਆਨ ਨੂੰ ਗੁਰੂ ਧਾਰਨ ਕਰਕੇ ਨਾਮ ਸਿਮਰਨ ਦੀ ਬਿਭੂਤ ਲਗਾਓ ਤੇ ਥੋੜਾ ਆਹਾਰ, ਬਹੁਤ ਥੋੜ੍ਹੀ ਜਿਹੀ ਨੀਂਦਰ ਅਤੇ ਦਇਆ ਤੇ ਖਿਮਾ ਨਾਲ ਪ੍ਰੇਮ ਕਰਨਾ ਚਾਹੀਦਾ ਹੈ। ਮਨੁਖ ਨੂੰ ਹਮੇਸ਼ਾਂ ਸ਼ੀਲ ਅਤੇ ਸੰਤੋਖ ਜਿਹੇ ਗੁਣਾਂ ਨੂੰ ਅਪਣਾਉਣਾ ਚਾਹੀਦਾ ਹੈ। ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਤੋਂ ਦੂਰੀ ਬਣਾ ਕੇ ਰਖਣੀ ਚਾਹੀਦੀ ਹੈ ਭਾਵ ਕਰਮ ਕਾਂਡੀ ਭਗਤੀ ਦਾ ਤਿਆਗ ਕਰਕੇ, ਗ੍ਰਹਿਸਤ ਵਿਚ ਰਹਿ ਕੇ ਹੀ ਨਿਰਗੁਣ ਪਰਮਾਤਮਾ

ਦੀ ਭਗਤੀ ਕਰਨੀ ਚਾਹੀਦੀ ਹੈ। ਜਦੋਂ ਭਗਤੀ ਵਿਚ ਐਨੀ ਸ਼ਕਤੀ ਆ ਜਾਵੇਗੀ ਤਦ ਹੀ ਆਤਮ ਤੱਤ ਨੂੰ ਵੇਖਿਆ ਜਾ ਸਕਦਾ ਹੈ ਅਤੇ ਪਰਮ ਪੁਰਖ ਪਰਮਾਤਮਾ ਨੂੰ ਪ੍ਰਾਪਤ ਕੀਤਾ ਜਾ ਸਕਦਾ ਹੈ। ਇੰਞ ਗੁਰੂ ਗੋਬਿੰਦ ਸਿੰਘ ਜੀ ਜੋਗ ਅਤੇ ਸੰਨਿਆਸ ਦੇ ਭੇਖੀ ਕਰਮ-ਕਾਂਡਾਂ ਨੂੰ ਨਿੰਦਦੇ ਹੋਇਆ ਮਨੁੱਖ ਨੂੰ ਪ੍ਰਭੂ ਭਗਤੀ ਨਾਲ ਜੋੜਦੇ ਹਨ ਕਿਉਂਕਿ ਭਗਤੀ ਅਤੇ ਸ਼ਕਤੀ ਦੋਵੇਂ ਇਕੋਂ ਸਿੱਕੇ ਦੇ ਪਹਿਲੂ ਹਨ।

ਗੁਰੂ ਸਾਹਿਬ ਨਿਰਗੁਣ ਭਗਤੀ ਭਾਵ ਨੂੰ ਜੀਵਨ ਵਿਚ ਅਪਣਾਉਣ ਤੇ ਜ਼ੋਰ ਦਿੰਦੇ ਹਨ। ਘਰ ਵਿਚ ਰਹਿ ਕੇ ਸੰਨਿਆਸ ਧਾਰਨ ਕਰਨ ਜਾਂ ਜੋਗੀ ਜੀਵਨ ਅਪਣਾਉਣ ਦੀ ਤਰਜੀਹ ਦਿੰਦੇ ਹਨ। ਆਪਨੇ ਕਰੜੇ ਸ਼ਬਦਾਂ ਵਿਚ ਜੋਗੀਆਂ ਅਤੇ ਸੰਨਿਆਸੀਆਂ ਦਾ ਘਰ-ਬਾਰ ਛੱਡ ਕੇ ਜੰਗਲਾਂ ਬੇਲਿਆਂ ਵਿਚ ਜਾ ਕੇ ਕਰਮ-ਕਾਂਡ ਕਰਨ ਨੂੰ ਨਿੰਦਦੇ ਹਨ। ਜਦ ਕਿ ਗੁਰੂ ਸਾਹਿਬ ਰਾਮਕਲੀ ਪਾਤਸ਼ਾਹੀ ੧੦ (ਸ਼ਬਦ ਹਜ਼ਾਰੇ) ਰਚਨਾ ਵਿਚ ਇੰਦਰੀਆਂ ਨੂੰ ਸੰਜਮ ਵਿਚ ਰੱਖਣ ਦਾ ਭੇਸ ਬਣਾਉਣ ਦੀ ਸਿਖਿਆ ਦਿੰਦੇ ਹਨ :

ਰੇ ਮਨ ਇਹਿ ਬਿਧਿ ਜੋਗੁ ਕਮਾਓ ॥
ਸਿੰਙੀ ਸਾਚ ਅਕਪਟ ਕੰਠਲਾ ਧਿਆਨ ਬਿਭੂਤ ਚੜ੍ਹਾਓ ॥
ਤਾਤੀ ਗਹੁ ਆਤਮ ਬਸਿ ਕਰ ਕੀ ਭਿੱਛਾ ਨਾਮ ਅਧਾਰੰ ॥
ਬਾਜੇ ਪਰਮ ਤਾਰ ਤਤੁ ਹਰਿ ਕੋ ਉਪਜੈ ਰਾਗ ਰਸਾਰੰ ॥
ਉਘਟੈ ਤਾਨ ਤਰੰਗ ਰੰਗਿ ਅਤਿ ਗਯਾਨ ਗੀਤ ਬੰਧਾਨੰ॥
ਚਕਿ ਚਕਿ ਰਹੇ ਦੇਵ ਦਾਨਵ ਮੁਨਿ ਛਕਿ ਛਕਿ ਬਯੋਮ ਬਿਵਾਨੰ ॥
ਆਤਮ ਉਪਦੇਸ਼ ਭੇਸੁ ਸੰਜਮ ਕੋ ਜਾਪੁ ਸੁ ਅਜਪਾ ਜਾਪੇ ॥
ਸਦਾ ਰਹੈ ਕੰਚਨ ਸੀ ਕਾਯਾ ਕਾਲ ਨ ਕਬਹੂੰ ਬਯਾਪੇ ॥[77]

ਅਰਥਾਤ ਇਸ ਤਰੀਕੇ ਨਾਲ ਜੋਗ ਦੀ ਕਮਾਈ ਕਰੋ ਕਿ ਸੱਚ ਦੀ ਸਿੰਙੀ ਆਪਣੇ ਆਪ ਵੱਜ ਜਾਵੇ ਪਰਮਾਤਮਾ ਦੇ ਧਿਆਨ ਦੀ ਬਿਭੂਤ ਲਾਵੋ। ਇਸ ਤਰ੍ਹਾਂ ਕਰਕੇ ਪਰਮਾਤਮਾ ਨੂੰ ਪ੍ਰਾਪਤ

ਕਰਨਾ ਹੀ ਇਸ ਤਾਰ ਦਾ ਵਜਣਾ ਹੋਵੇਗਾ ਅਤੇ ਇਸ ਤੋਂ ਪ੍ਰੇਮ ਦੇ ਰਸੀਲੇ ਰਾਗ ਨਿਕਲੇ ਹਨ। ਪ੍ਰੇਮ ਦੀ ਇਸ ਲਹਿਰ ਵਿਚੋਂ ਰਾਗ ਦੀ ਤਾਨ ਵਜੋਂ ਪ੍ਰਗਟ ਅਤੇ ਗਿਆਨ ਦੇ ਗੀਤਾਂ ਦੀ ਮਰਯਾਦਾ ਹੋਵੇ। ਇਸ ਉਚੀ ਅਵਸਥੀ ਨੂੰ ਪਾਉਣ ਲਈ ਦੇਵਤੇ, ਦੈਂਤ ਅਤੇ ਮੁਨੀ ਹੈਰਾਨ ਹੋ ਕੇ ਰਹਿ ਗਏ ਹਨ ਪਰ ਜਿਨ੍ਹਾਂ ਵਡਭਾਗੀਆਂ ਨੇ ਇਸ ਉਪਰ ਲਿਖੀ ਵਿਧੀ ਨੂੰ ਧਾਰਨ ਕਰਕੇ ਉਪਰੋਕਤ ਮਹਾਂ ਅਨੰਦ ਦੀ ਇਕ ਅਵਸਥਾ ਦੀ ਪ੍ਰਾਪਤੀ ਹੋਈ ਹੈ ਉਹੋ ਹੀ ਆਕਾਸ਼ੀ ਆਰਸੀ (ਬਿਯੋਮ) ਬਿਬਾਨਾ (ਉਡਨ-ਖਟੋਲ) ਤੇ ਸਵਾਰ ਹੋਣ ਦੇ ਭਾਗੀ ਹੁੰਦੇ ਹਨ ਅਤੇ ਉਹ ਪ੍ਰਸੰਨ ਅਤੇ ਤ੍ਰਿਪਤ ਹੋ ਕੇ ਪਰਮਾਤਮਾ ਦੇ ਦਰ ਪ੍ਰਵਾਨ ਹੁੰਦੇ ਹਨ। ਇਹ ਮੁਰਤਬਾ ਕਿਸੇ ਵਡਭਾਗੀ ਨੂੰ ਹੀ ਪ੍ਰਾਪਤ ਹੁੰਦਾ ਹੈ। ਭਾਵ ਗੁਰਮੁਖ ਆਤਮਾਵਾਂ ਉਚ ਅਵਸਥਾ ਦੇ ਨਾਮ ਰੂਪੀ ਬਿਬਾਨ ਤੇ ਸਵਾਰ ਹੋ ਕੇ ਆਨੰਦ ਮਾਣਦੀਆਂ ਹਨ। ਗੁਰੂ ਗੋਬਿੰਦ ਸਿੰਘ ਜੀ ਫੁਰਮਾਉਂਦੇ ਹਨ ਕਿ ਆਪਣੇ ਮਨ ਕਾਬੂ ਕਰਨ ਦਾ ਉਪਦੇਸ਼ ਕਰੋ ਕਿ ਇੰਦਰੀਆਂ ਨੂੰ ਸੰਜਮ ਵਿਚ ਰਖਣ ਦਾ ਭੇਸ ਹੋਵੇ ਅਤੇ ਫਿਰ ਪਰਮਾਤਮਾ ਦਾ ਅਜਾਪ ਜਾਪ ਜੱਪਣਾ ਹੀ ਹੋਵੇ ਅਜਿਹੇ ਯੋਗ ਦੇ ਕਮਾਉਣ ਨਾਲ ਕਾਇਆ ਸਦਾ ਸੋਨੇ ਵਰਗੀ ਨਿਰੋਈ ਅਤੇ ਪਵਿਤਰ ਬਣੀ ਰਹੇਗੀ, ਅਤੇ ਕਾਲ ਕਦੇ ਵੀ ਦੁਖਦਾਈ ਨਹੀਂ ਹੋਵੇਗਾ ਭਾਵ ਆਤਮਾ ਵਿਕਾਰਾਂ ਦੀ ਮੈਲ ਤੋਂ ਪਵਿੱਤਰ ਹੋਵੇਗੀ।

ਗੁਰੂ ਸਾਹਿਬ ਮਨੁੱਖਾਂ ਜੀਵਨ ਵਿਚ ਅਜਿਹੇ ਕਰਮ ਕਰਨ ਦਾ ਉਪਦੇਸ਼ ਦਿੰਦੇ ਹਨ ਜਿਹੜੇ ਕਰਨ ਲਈ ਦੁਨਿਆਵੀਂ ਚੀਜ਼ਾਂ ਦੀ ਜ਼ਰੂਰਤ ਨਾ ਹੋਵੇ। ਮਨੁੱਖ ਆਪਣੀ ਸੁਰਤ ਪਰਮਾਤਮਾ ਦੀ ਭਗਤੀ ਵਿਚ ਲਾ ਕੇ ਆਪਣੇ ਅੰਦਰਲੀ ਵਿਸ਼ੇ-ਵਿਕਾਰਾਂ ਦੀ ਮੈਲ ਦੂਰ ਕਰਕੇ ਆਪਣੀ ਆਤਮਾ ਨੂੰ ਪਵਿੱਤਰ ਤੇ ਨਰੋਆ ਬਣਾ ਸਕਦਾ। ਕਿਉਂਕਿ ਉਹ ਨਿਰਗੁਣ ਪਰਮਾਤਮਾ ਵਿਖਾਵੇ ਦਾ ਮੁਹਤਾਜ ਨਹੀਂ ਹੈ। ਗੁਰੂ ਸਾਹਿਬ ਮਨੁੱਖ ਨੂੰ ਨਿਰਗੁਣ ਭਗਤੀ ਕਰਨ ਲਈ ਪ੍ਰੇਰਿਤ ਕਰਦੇ ਹਨ ਤਾਂ ਜੋ ਮਨੁੱਖ ਪ੍ਰਮਾਤਮਾ ਨਾਲ ਜੁੜ ਸਕੇ। ਆਪ ਮਨੁੱਖ ਦੁਨਿਆਵੀ ਮੋਹ-ਮਾਇਆ ਦੇ ਪਦਾਰਥਾਂ ਨੂੰ ਤਿਆਗਣ ਅਤੇ ਵਾਹਿਗੁਰੂ ਦੇ ਚਰਨੀ ਲਗਣ ਦਾ ਉਪਦੇਸ਼ ਦਿੰਦੇ ਹਨ ਕਿਉਂਕਿ ਪ੍ਰਮਾਤਮਾ ਦੇ ਲੜ ਲੱਗਣ ਨਾਲ ਹੀ ਮਨੁੱਖ ਸ਼ਕਤੀ ਪ੍ਰਾਪਤ ਕਰਦਾ ਹੈ:

ਪ੍ਰਾਨੀ ਪਰਮ ਪੁਰਖ ਪਗ ਲਾਗੋ ॥

ਸੋਵਤ ਕਹਾ ਮੋਹ ਨਿੰਦ੍ਰਾ ਮੈ ਕਬਹੂੰ ਸੁਚਿਤ ਹ੍ਵੈ ਜਾਗੰ॥

ਅਠਰਨ ਕਹ ਉਪਦੇਸ਼ਤ ਹੈ ਪਸੁ ਤੋਹਿ ਪ੍ਰਬੋਧ ਨ ਲਾਗੋ ॥

ਸਿੰਚਤ ਕਹਾ ਪਰੇ ਬਿਖਿਯਨ ਕਹ ਕਬਹੁ ਬਿਖੈ ਰਸ ਤਯਾਗੋ ॥

ਕੇਵਲ ਕਰਮ ਭਰਮ ਸੇ ਚੀਨਹੁ ਧਰਮ ਕਰਮ ਅਨੁਰਾਗੋ ॥

ਜਾ ਤੇ ਦੂਖ ਪਾਪ ਨਹਿ ਭੇਟੈ ਕਾਲ ਜਾਲ ਤੇ ਤਾਗੋ ॥

ਜੌ ਸੁਖ ਚਾਹੋ ਸਦਾ ਸਭਨ ਕੌ ਤੌ ਹਰਿ ਕੇ ਰਸ ਪਾਗੋ ॥[78]

ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸ਼ਬਦ ਹਜ਼ਾਰਿਆਂ ਵਿਚ ਨਿਰਗੁਣ ਪਰਮਾਤਮਾ ਦੀ ਭਗਤੀ ਕਰਨ ਤੇ ਜ਼ੋਰ ਦਿੱਤਾ ਹੈ। ਭਗਤੀ ਕਰਨ ਨਾਲ ਹੀ ਮਨੁੱਖ ਵਿਚ ਵਿਕਾਰਾਂ ਦਾ ਨਾਸ਼ ਹੁੰਦਾ ਹੈ ਅਤੇ ਮਨੁੱਖ ਨੂੰ ਸ਼ਕਤੀ ਦੀ ਪ੍ਰਾਪਤੀ ਹੁੰਦੀ ਹੈ। ਇਸ ਸ਼ਬਦ ਵਿਚ ਉਪਦੇਸ਼ ਦਿਤਾ ਗਿਆ ਹੈ ਕਿ ਮਨੁਖ ਪਰਮਾਤਮਾ ਦੇ ਚਰਨੀ ਲਗ ਜਾਵੇ ਅਤੇ ਦੁਨਿਆਵੀ ਸੁਖ-ਸਹੂਲਤਾਂ ਤੋਂ ਦੂਰ ਰਹਿਣ ਲਈ ਸੁਚੇਤ ਕਰਦਿਆਂ ਕਹਿੰਦੇ ਹਨ ਕਿ ਮੋਹ ਦੀ ਨੀਂਦ ਤੋਂ ਜਾਗੋ। ਨਾਮ ਦੀ ਸੂਝ ਬੂਝ ਤੋਂ ਸਖਣੇ ਮਨੁੱਖ ਨੂੰ ਉਪਦੇਸ਼ ਕਰਦਿਆਂ ਕਹਿੰਦੇ ਹਨ ਕਿ ਹੋਰਾਂ ਨੂੰ ਉਪਦੇਸ਼ ਕਰਦਾ ਹੈ ਪਰ ਤੈਨੂੰ ਖੁਦ ਨੂੰ ਗਿਆਨ ਨਹੀਂ। ਜਿਹੜੇ ਵਿਸ਼ੇ-ਵਿਕਾਰਾਂ ਤੋਂ ਦੂਰ ਰਹਿਣਾ ਚਾਹੀਦਾ ਹੈ ਤੂੰ ਉਹਨਾਂ ਵਿਕਾਰਾਂ ਨੂੰ ਕਿਉਂ ਸਿੰਜ ਰਿਹਾ ਹੈ, ਤੂੰ ਉਹਨਾਂ ਦਾ ਤਿਆਗ ਕਰ। ਨਾਮ ਤੋਂ ਬਿਨਾਂ ਕਰਮ-ਕਾਂਡ ਸਿਰੰ ਭਰਮ ਨੇ ਧਰਮ ਕਰਮ ਨਾਲ ਪ੍ਰੇਮ ਕਰੋ। ਹਮੇਸ਼ਾਂ ਪਰਮਾਤਮਾ ਦੇ ਸਿਮਰਨ ਨੂੰ ਇਕੱਠਾ ਕਰੋ ਅਤੇ ਮਹਾਂਪਾਪ ਨੂੰ ਛੱਡ ਕੇ ਇਹਨਾਂ ਤੋਂ ਦੂਰ ਰਿਹਾ ਕਰੋ। ਅਜਿਹੇ ਕਰਮ ਕਰਿਆ ਕਰੋ ਜਿਸ ਨਾਲ ਦੁਖ ਅਤੇ ਪਾਪ ਤੁਹਾਡੇ ਨੇੜੇ ਨਾ ਆਉਣ ਅਤੇ ਤੁਸੀਂ ਕਾਲ ਦੇ ਜਾਲ ਤੋਂ ਮੁਕਤ ਹੋ ਜਾਵੇ ।

ਗੁਰੂ ਗੋਬਿੰਦ ਸਿੰਘ ਪਰਮਾਤਮਾ ਦੇ ਵਿੰਭਿੰਨ ਨਾਵਾਂ ਨੂੰ ਬਿਆਨ ਕਰਦਿਆਂ ਕਹਿੰਦੇ ਹਨ ਕਿ ਉਹ ਪਰਮਾਤਮਾ ਜੋ ਹਰ ਜੀਵ ਵਿਚ ਬਿਰਾਜਮਾਨ ਹੈ ਉਸ ਵਿਚ ਸਰਬਸ਼ਕਤੀਆਂ ਹਨ। ਮਨੁਖ ਨੂੰ ਸ਼ਰਬ ਸ਼ਕਤੀਆਂ ਦੀ ਭਗਤੀ ਕਰਨੀ ਚਾਹੀਦੀ ਹੈ ਕਿਉਂਕਿ ਭਗਤੀ ਕਰਨ ਨਾਲ ਹੀ

ਸ਼ਕਤੀ ਪ੍ਰਾਪਤ ਕਰਦਾ ਹੈ। ਇਹ ਸ਼ਕਤੀ ਵਿਅਕਤੀ ਨੂੰ ਅਗੋਂ ਹੋਰ ਨੇਕ ਕਰਮ ਕਰਨ ਲਈ ਪ੍ਰੇਰਿਤ ਕਰਦੀ ਹੈ ਕਿਉਂਕਿ ਪ੍ਰਮਾਤਮਾ ਹੀ ਹੈ ਜੋ ਨਿਲੱਜਿਆਂ ਦੀ ਲੱਜ ਰਖਦਾ ਹੈ। ਸੰਸਾਰ ਵਿਚ ਪਰਮਾਤਮਾ ਦੀ ਪੂਜਾ ਕਰਨ ਵਾਲੇ ਉਸਨੂੰ ਸਰਗੁਣ ਸਰੂਪ ਮੰਨ ਕੇ ਉਸ ਨੂੰ ਅਨੇਕਾਂ ਨਾ ਦਿੰਦੇ ਹਨ ਜਿਹਨਾਂ ਦਾ ਵੇਰਵਾ ਗੁਰੂ ਸਾਹਿਬ ਆਪਣੇ ਸ਼ਬਦ ਵਿਚ ਇੰਝ ਕਰਦੇ ਹਨ :

ਪ੍ਰਭਜੂ ਤੋ ਕਹਿ ਲਾਜ ਹਮਾਰੀ ॥
ਨੀਲ ਕੰਠ ਨਰਹਰਿ ਨਾਰਾਇਣ ਨੀਲ ਬਸਨ ਬਨਵਾਰੀ ॥
ਪਰਮ ਪੁਰਖ ਪਰਮੇਸ਼ੂਰ ਸੁਆਮੀ ਪਾਵਨ ਪਉਨ ਅਹਾਰੀ ॥
ਮਾਧਵ ਮਹਾ ਜੋਤਿ ਮਧੁ ਮਰਦਨ ਮਾਨ ਮੁਕੰਦ ਮੁਰਾਰੀ ॥
ਕ੍ਰਿਪਾ ਸਿੰਧ ਕਾਲ ਤ੍ਰੈ ਦਰਸੀ ਕੁਕ੍ਰਿਤ ਪ੍ਰਨਾਸਨਕਾਰੀ ॥
ਧਨੁਰਪਾਨ ਧ੍ਰਿਤ ਮਾਨ ਧਰਾਧਰ ਅਨਿ ਬਿਕਾਰ ਅਸਿ ਧਾਰੀ ॥
ਹੌਂ ਮਤਿ ਮੰਦ ਚਰਨ ਸ਼ਰਨਾਗਤਿ ਕਰਿ ਗਹਿ ਲੇਹੁ ਉਬਾਰੀ ॥[79]

ਜਦੋਂ ਵੀ ਦੁਨੀਆਂ ਤੇ ਪਾਪ ਵਧਦਾ ਹੈ ਉਦੋਂ ਪਰਮਾਤਮਾ ਆਪ ਆਪਣੇ ਭਗਤਾਂ ਦਾ ਸਹਾਈ ਹੁੰਦਾਂ ਹੈ। ਉਹ ਕਦੇ ਨੀਲ ਕੰਠ, ਨਰਸਿੰਗ ਅਤੇ ਨਾਰਾਇਣ ਰੂਪ ਹੋ ਕੇ ਅਤੇ ਕਦੇ ਨੀਲੇ ਬਸਤਰਾਂ ਵਾਲੇ ਕ੍ਰਿਸ਼ਨ ਰੂਪ ਹੋ ਕੇ ਆਪਣੇ ਭਗਤਾਂ ਦੀ ਲਾਜ ਰਖਦਾ ਹੈ। ਉਹ ਪਰਮੇਸ਼ਵਰ, ਸਭ ਦਾ ਮਾਲਕ, ਪਾਵਨ ਪਵਿਤਰ ਕਰਨ ਵਾਲਾ ਅਤੇ ਪਉਣ ਦੇ ਅਹਾਰੀ ਹੈ, ਉਹ ਹੀ ਮਾਧਵ (ਵਿਸ਼ਨੂੰ) ਹੈ, ਪਰਮ ਜੋਤ ਵਾਲੇ, ਮਧੂ ਦੈਂਤ ਦਾ ਮਰਦਨ (ਮਲੀਆ ਮੇਟ) ਕਰਨ ਵਾਲੇ, ਹੰਕਾਰ ਤੋਂ ਮੁਕਤ ਕਰਨ ਵਾਲੇ ਮੁਕੰਦ ਅਤੇ ਮੁਰ ਦੈਂਤ ਦੇ ਵੈਰੀ (ਮੁਰਾਰੀ) ਰੂਪ ਹੈ। ਅਕਾਲਪੁਰਖ ਵਿਕਾਰ ਰਹਿਤ ਬੁਢਾਪੇ ਤੋਂ ਦੂਰ, ਨੀਂਦ ਰਹਿਤ, ਵਿਸ਼ੇ ਵਿਕਾਰਾਂ ਤੋਂ ਪਰੇ ਹੈ। ਇਹੀ ਅਕਾਲਪੁਰਖ ਮਨੁੱਖ ਨੂੰ ਨਰਕ ਤੋਂ ਬਚਾਉਂਦਾ ਹੈ। ਕ੍ਰਿਪਾ ਦੇ ਸਮੁੰਦਰ, ਤ੍ਰੈਕਾਲ ਦਰਸ਼ੀ, ਮਾੜੇ ਕਰਮਾਂ ਨੂੰ ਨਸ਼ਟ ਕਰਨ ਵਾਲੇ, ਹੱਥ ਵਿਚ ਧਨੁਸ਼ ਧਾਰਨ ਕਰਨ ਵਾਲੇ ਧੀਰਜਵਾਨ, ਧਰਤੀ ਨੂੰ ਧਾਰਨ ਕਰਨ ਵਾਲੇ, ਵਿਕਾਰਾਂ ਤੋਂ ਰਹਿਤ, ਤਲਵਾਰਧਾਰੀ ਪ੍ਰਮਾਤਮਾ ਆਪ ਹੀ ਆਪਣੇ ਭਗਤਾਂ ਦਾ ਹੱਥ ਪਕੜ ਕੇ ਸੰਸਾਰ ਸਾਗਰ ਤੋਂ ਬਾਹਰ ਕੱਢਦਾ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ ਅਕਾਲਪੁਰਖ ਲਈ ਸ਼ਿਵ ਜੀ, ਵਿਸ਼ਨੂੰ ਅਤੇ ਕ੍ਰਿਸ਼ਨ ਭਗਵਾਨ ਨਾਮ ਵਰਤੇ ਹਨ ਕਿਉਂਕਿ ਇਹ ਨਾਮ ਉਸ ਸਮੇਂ ਪ੍ਰਚਲਿਤ ਨਾਮ ਹਨ। ਇਹ ਨਾਮ ਉਸ ਸਮਕਾਲੀ ਭਾਰਤ ਵਿਚ ਪ੍ਰਮਾਤਮਾ ਦੇ ਸਮਾਨਆਰਥਕ ਸਨ ਪ੍ਰੰਤੂ ਗੁਰਮਤਿ ਸਿਧਾਤਾਂ ਅਨੁਸਾਰ ਇਨ੍ਹਾਂ ਅਵਤਾਰੀ ਰੂਪਾਂ ਵਿਚ ਅਕਾਲਪੁਰਖ ਦੀ ਸੱਤਾ ਹੀ ਚਮਤਕਾਰ ਕਰਦੀ ਰਹੀ ਹੈ। ਭਾਵ ਸਮਾਜ ਨੇ ਪ੍ਰਮਾਤਮਾ ਨੂੰ ਇਨ੍ਹਾਂ ਨਾਵਾਂ ਨਾਲ ਨਿਵਾਜਿਆ ਅਤੇ ਇਕ ਅਕਾਲਪੁਰਖ ਪਰਮਾਤਮਾ ਹੀ ਇਨ੍ਹਾਂ ਸਾਰੇ ਨਾਵਾਂ ਵਿਚ ਸੁਭਾਇਮਾਨ ਹੈ। ਲੋਕ ਇਨ੍ਹਾਂ ਦੀ ਅਰਾਧਨਾ ਕਰਕੇ ਪਰਮਾਤਮਾ ਨਾਲ ਇਕਸੁਰ ਹੁੰਦੇ ਹਨ। ਪਰਮਾਤਮਾ ਦੀ ਭਗਤੀ ਲਈ ਸਮਾਜ ਪ੍ਰਮਾਤਮਾ ਦੇ ਸਰਗੁਣ ਸਰੂਪ ਦੀ ਸਿਰਜਣਾ ਕਰਦਾ ਹੈ। ਇਸ ਲਈ ਇਹ ਵਡਿਆਈ ਅਕਾਲਪੁਰਖ ਨੂੰ ਹੀ ਜਾਂਦੀ ਹੈ। ਨਿਕੇ ਜੀਵ ਤੋਂ ਲੈ ਕੇ ਵੱਡੇ ਤੋਂ ਵੱਡੇ ਜੀਵਾਂ ਵਿਚ ਇਹੋ ਅਕਾਲਪੁਰਖ ਦੀ ਸੱਤਾ ਹੀ ਵਰਤ ਰਹੀ ਹੈ। ਇਸ ਲਈ ਦੁਨੀਆਂ ਤੇ ਜੇ ਕੋਈ ਅਵਤਾਰ ਹੋਇਆ ਹੈ ਤਾਂ ਇਹ ਪ੍ਰਮਾਤਮਾ ਦੀ ਜੋਤ ਕਰਕੇ ਹੀ ਹੈ। ਜੇ ਕੋਈ ਸੰਤ, ਸਿਪਾਹੀ ਜਾਂ ਸੂਰਮਾ ਹੋਇਆ ਹੈ ਤਾਂ ਇਹ ਵੀ ਪ੍ਰਮਾਤਮਾ ਦੀ ਕਲਾ-ਕ੍ਰਿਤੀ ਹੀ ਹੈ। ਪ੍ਰਮਾਤਮਾ ਇਨਸਾਨ ਨੂੰ ਚੰਗੇ ਕਰਮ ਕਰਨ ਲਈ ਦੁਨੀਆ ਤੇ ਭੇਜਦਾ ਹੈ ਜਿਹਨਾਂ ਦੇ ਚੰਗੇ ਧਾਰਮਿਕ ਸਮਾਜਿਕ ਕਰਮ ਉਨ੍ਹਾਂ ਨੂੰ ਪੂਜਣ ਲਈ ਲੋਕਾਂ ਨੂੰ ਮਜ਼ਬੂਰ ਕਰਦੇ ਹਨ। ਇਸ ਦਾ ਜ਼ਿਕਰ ਗੁਰੂ ਗੋਬਿੰਦ ਸਿੰਘ ਜੀ ਰਾਮਕਲੀ ਪਾਤਸ਼ਾਹੀ ੧● (ਸ਼ਬਦ ਹਜ਼ਾਰੇ) ਵਿਚ ਇੰਝ ਬਿਆਨ ਕਰਦੇ ਹਨ :

ਬਿਨ ਕਰਤਾਰ ਨ ਕਿਰਤਮ ਮਾਨੋ ।।
ਆਦਿ ਅਜੋਨਿ ਅਜੈ ਅਬਿਨਾਸ਼ੀ ਤਿਹ ਪਰਮੇਸ਼ਰ ਜਾਨੋ ।।
ਕਹਾ ਭਯੋ ਜੋ ਆਨਿ ਜਗਤ ਮੈ ਦਸਕੁ ਅਸੁਰ ਹਰਿ ਘਾਏ ।।
ਅਧਿਕ ਪ੍ਰਪੰਚ ਦਿਖਾਇ ਸਭਨ ਕਹ ਆਪਹਿ ਬ੍ਰਹਮੁ ਕਹਾਏ।।
ਭੰਜਨ ਗੜ੍ਹਨ ਸਮਰਥ ਸਦਾ ਪ੍ਰਭ ਸੋ ਕਿਮ ਜਾਤ ਗਿਨਾਯੋ ।।
ਤਾ ਤੇ ਸਰਬ ਕਾਲ ਕੇ ਅਸਿ ਕੋ ਘਾਇ ਬਚਾਇ ਨ ਆਯੋ ।।
ਕੈਸੇ ਤੋਹਿ ਤਾਰਿ ਹੈ ਸੁਨਿ ਜੜ ਆਪ ਡੁਬਯੋ ਭਵ ਸਾਗਰ ।।
ਛੁਟਿਹੋ ਕਾਲ ਫਾਸ ਤੇ ਤਬ ਹੀ ਗਹੋ ਸ਼ਰਨਿ ਜਗਤਾਗਰ ।।[8●]

ਗੁਰੂ ਗੋਬਿੰਦ ਸਿੰਘ ਜੀ ਜਗਤ ਨੂੰ ਅਵਤਾਰੀ ਪੁਰਸ਼ਾਂ ਪੂਜਣ ਦੀ ਬਜਾਏ ਇਕ ਅਕਾਲਪੁਰਖ ਪ੍ਰਮਾਤਮਾ ਨੂੰ ਪੂਜਣ ਦਾ ਸੰਦੇਸ਼ ਦਿੰਦੇ ਹੋਇਆ ਪਰਮਾਤਮ ਸ਼ਕਤੀ ਦੀ ਸਰਬ ਸ਼ਕਤੀਮਾਨਤਾ ਨੂੰ ਦਰਸਾਉਂਦਿਆਂ ਹੋਇਆਂ ਉਸ ਦੇ ਗੁਣਾਂ ਦਾ ਚਿਤਰਣ ਕਰਦੇ ਹਨ ਕਿ ਉਹ ਆਦਿ, ਅਜੂਨ, ਅਜੈ, ਅਬਿਨਾਸੀ ਹੈ, ਜੋ ਸਰਬ ਸ਼ਕਤੀਆਂ ਦਾ ਮਾਲਕ ਹੈ ਉਹ ਹੀ ਪ੍ਰਮੇਸ਼ਰ ਹੈ ਕਿਉਂਕਿ ਪ੍ਰਮਾਤਮਾ ਨੇ ਹੀ ਇਹਨਾਂ ਦੁਨਿਆਵੀ ਅਵਤਾਰਾਂ ਨੂੰ ਬਣਾਇਆ ਹੈ। ਜੇ ਵਿਸ਼ਨੂੰ ਨੇ ਦੁਨੀਆ ਵਿਚ ਆ ਕੇ ਦਸ ਕੁ ਦੈਂਤ ਮਾਰ ਦਿੱਤੇ ਹਨ ਤੇ ਜਗਤ ਨੂੰ ਬਹੁਤੇ ਆਡੰਬਰ ਵਿਖਾ ਕੇ ਆਪਣੇ ਆਪ ਨੂੰ ਬ੍ਰਹਮ ਅਖਵਾਉਣ ਲਗ ਪਿਆ ਜਦ ਕਿ ਪਰਮਾਤਮਾ ਹੀ ਬਣਾਉਣ ਤੇ ਬਿਗਾੜਨ ਵਾਲਾ ਹੈ। ਵਿਸ਼ਨੂੰ ਵੀ ਪਰਮਾਤਮਾ ਨੇ ਹੀ ਬਣਾਇਆ ਹੈ ਨਾ ਕਿ ਵਿਸ਼ਨੂੰ ਨੇ ਪਰਮਾਤਮਾ ਨੂੰ। ਇਸ ਲਈ ਪਰਮਾਤਮਾ ਨੂੰ ਵਿਸ਼ਨੂੰ ਕਿਵੇਂ ਮੰਨਿਆ ਜਾ ਸਕਦਾ ਹੈ। ਉਹ ਤਾਂ ਸਰਬਕਾਲ ਦੀ ਤਲਵਾਰ ਦੇ ਵਾਰ ਤੋਂ ਆਪਣੇ ਆਪ ਨੂੰ ਬਚਾ ਨਹੀਂ ਸਕਿਆ। ਜੋ ਲੋਕ ਵਿਸ਼ਨੂੰ ਨੂੰ ਰਬ ਸਮਝ ਕੇ ਉਸਦੀ ਭਗਤੀ ਕਰਦੇ ਹਨ, ਗੁਰੂ ਸਾਹਿਬ ਉਨ੍ਹਾਂ ਨੂੰ ਸਮਝਾਉਂਦਿਆਂ ਹੋਇਆ ਆਖਦੇ ਹਨ ਕਿ ਤੁਸੀਂ ਉਸਦੀ ਭਗਤੀ ਕਰਦੇ ਹੋ ਉਹ ਤੁਹਾਨੂੰ ਕਿਸ ਤਰ੍ਹਾਂ ਤਾਰੇਗਾ ਜੋ ਆਪ ਭਵਸਾਗਰ ਵਿਚ ਡੁਬਿਆ ਹੋਇਆ ਹੈ। ਜਦੋਂ ਜਗਤ ਦੇ ਸੋਮੇ ਭਾਵ ਪਰਮਾਤਮਾ ਦੀ ਸ਼ਰਨ ਵਿਚ ਜਾਵੇਗਾ ਉਸਦੀ ਭਗਤੀ ਕਰੇਗਾ ਤਦ ਹੀ ਕਾਲ ਦੀ ਫਾਹੀ ਤੋਂ ਮੁਕਤ ਹੋ ਸਕੇਗਾ। ਗੁਰੂ ਗੋਬਿੰਦ ਸਿੰਘ ਜੀ ਸਪਸ਼ਟ ਸ਼ਬਦਾਂ ਵਿਚ ਜਗਤ ਨੂੰ ਇਕ ਅਕਾਲਪੁਰਖ ਪ੍ਰਮਾਤਮਾ ਦੀ ਭਗਤੀ ਕਰਨ ਦਾ ਉਪਦੇਸ਼ ਦਿੰਦੇ ਹਨ। ਪਰਮਾਤਮਾ ਦੇ ਅਵਤਾਰ ਸਮਝੇ ਜਾਣ ਵਾਲੇ ਸ਼ਿਵ, ਵਿਸ਼ਨੂੰ, ਬ੍ਰਹਮਾ ਜੋ ਇਸ ਭਵ ਸਾਗਰ ਵਿਚੋਂ ਬਾਹਰ ਨਹੀਂ ਨਿਕਲ ਸਕੇ ਇਹ ਸਭ ਉਸ ਪ੍ਰਮਾਤਮਾ ਦੀ ਰਚਨਾ ਹੈ ਇਸ ਲਈ ਗੁਰੂ ਸਾਹਿਬ ਇਨ੍ਹਾਂ ਅਵਤਾਰਾਂ ਦੀ ਭਗਤੀ ਕਰਨ ਦੀ ਬਜਾਏ ਸਿਧਾ ਅਕਾਲਪੁਰਖ ਦੀ ਭਗਤੀ ਕਰਨ ਦੀ ਸਿਖਿਆ ਦਿੰਦੇ ਹਨ। ਭਗਤੀ ਕਰਨ ਨਾਲ ਪ੍ਰਮਾਤਮਾ ਦਾ ਹੱਥ ਸਾਡੇ ਸਿਰ ਤੇ ਰਹਿੰਦਾ ਹੈ ਅਤੇ ਅਸੀਂ ਸੁਖੀ ਰਹਿੰਦੇ ਹਾਂ। ਉਸਦੀ ਮਿਹਰ ਤੋਂ ਬਿਨਾਂ ਸਾਡੇ ਹਾਲ ਬਹੁਤ ਮਾੜੇ ਹੋ ਜਾਂਦੇ ਹਨ। ਇਸ ਲਈ ਹਮੇਸ਼ਾਂ ਪ੍ਰਮਾਤਮਾ ਦੀ ਮਿਹਰ ਪ੍ਰਾਪਤ ਕਰਨ ਲਈ ਉਸਦੀ ਭਗਤੀ ਕਰਨੀ ਚਾਹੀਦੀ ਹੈ। ਇਸ ਤੱਥ ਦਾ ਪ੍ਰਗਟਾਵਾ ਗੁਰੂ ਗੋਬਿੰਦ ਸਿੰਘ ਜੀ ਦੇ 'ਸ਼ਬਦ ਖਿਆਲ ਪਾਤਸ਼ਾਹੀ ੧੦' ਵਿਚ ਸਪੱਸ਼ਟ ਹੋ ਜਾਂਦਾ ਹੈ :

ਮਿਤ੍ਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ ॥

ਤੁਧੁ ਬਿਨੁ ਰੋਗੁ ਰਜਾਈਆਂ ਦਾ ਓਢਣ ਨਾਗ ਨਿਵਾਸਾਂ ਦੇ ਰਹਿਣਾ ॥

ਸੂਲ ਸੁਰਾਹੀ ਖੰਜਰੁ ਪਿਆਲਾ ਬਿੰਗ ਕਸਾਈਆਂ ਦਾ ਸਹਿਣਾ ॥

ਯਾਰੜੇ ਦਾ ਸਾਨੂੰ ਸੱਥਰੁ ਚੰਗਾ ਭੱਠ ਖੇੜਿਆਂ ਦਾ ਰਹਿਣਾ ॥[81]

ਗੁਰੂ ਗੋਬਿੰਦ ਸਿੰਘ ਜੀ ਦੇ ਇਸ ਸ਼ਬਦ ਨੂੰ 'ਖਿਆਲ ਪਾਤਸ਼ਾਹੀ ੧੦' ਕਰਕੇ ਜਾਣਿਆ ਜਾਂਦਾ ਹੈ। ਇਸ ਸ਼ਬਦ ਵਿਚ ਗੁਰੂ ਸਾਹਿਬ ਆਪਣੇ ਮਿਤਰ ਪ੍ਰਮਾਤਮਾ ਨੂੰ ਆਪਣਾ ਮਰੀਦਾ ਦਾ ਹਾਲ ਕੀ ਦਸਣ ਕਿਉਂਕਿ ਪਰਮਾਤਮਾ ਤੋਂ ਬਿਨਾਂ ਰਜਾਈਆਂ ਦਾ ਓੜਨਾ ਰੋਗ ਦੇ ਸਮਾਨ ਹੈ ਅਤੇ ਨਿਵਾਸ ਸਥਾਨਾਂ ਵਿਚ ਰਹਿਣਾ ਨਾਗਾਂ ਵਿਚ ਰਹਿਣ ਦੇ ਸਮਾਨ ਹੈ ਭਾਵ ਪ੍ਰਮਾਤਮਾ ਦੀ ਪ੍ਰੀਤ ਬਿਨਾਂ ਇਹ ਸੰਸਾਰਿਕ ਸੁਖ-ਸਹੂਲਤਾਂ ਰੋਗ ਸਮਾਨ ਹਨ। ਪ੍ਰਮਾਤਮਾ ਤੋਂ ਬਿਨਾਂ ਸੁਰਾਹੀ ਸੂਲ ਵਰਗਾ ਪਿਆਲਾ ਖੰਜਰ ਦੇ ਸਮਾਨ ਅਤੇ ਵਿਯੋਗ ਕਸਾਈਆਂ ਦੇ ਵਿੰਗੇ ਛੁਰੇ ਦੀ ਸੱਟ ਸਹਿਣ ਕਰਨ ਦੇ ਸਮਾਨ ਹਨ। ਯਾਰ ਦਾ ਭਾਵ ਮਿਤਰ ਦਾ ਪ੍ਰਮਾਤਮਾ ਦਾ ਦਿੱਤਾ ਹੋਇਆ ਭੂਮੀ ਸਥਾਨ (ਸੱਥਰ) ਸਾਨੂੰ ਚੰਗਾ ਹੈ ਪਰ ਉਸ ਤੋਂ ਵਿਛੜ ਕੇ ਸੁਖ ਪੂਰਵਕ ਪਿੰਡ ਵਿਚ ਸੌਣਾ ਭੱਠ ਵਿਚ ਰਹਿਣ ਵਰਗਾ ਹੈ। ਭਾਵ ਸੰਸਾਰਿਕ ਸੁਖ ਸਹੂਲਤਾਂ ਦਾ ਤਿਆਗ ਕਰ ਸਕਦੇ ਹਾਂ ਪਰ ਪ੍ਰਮਾਤਮਾ ਨਾਲ ਵਿਛੋੜਾ ਨਹੀਂ। ਸੋ ਇਸ ਪ੍ਰਕਾਰ ਗੁਰੂ ਸਾਹਿਬ ਪ੍ਰਮਾਤਮਾ ਦੀ ਭਗਤੀ ਤੇ ਜ਼ੋਰ ਦਿੰਦੇ ਹਨ ਕਿ ਪ੍ਰਮਾਤਮਾ ਦੀ ਜੇ ਭਗਤੀ ਕਰਾਂਗੇ ਤਾਂ ਹੀ ਉਸਦੀ ਮਿਹਰ ਭਰੀ ਨਜ਼ਰ ਸਾਡੇ ਤੇ ਪਏਗੀ ਨਹੀਂ ਤਾਂ ਅਸੀਂ ਉਸਦੇ ਵਿਛੋੜੇ ਵਿਚ ਤੜਫਾਂਗੇ। ਸੰਸਾਰਿਕ ਸੁਖ ਸਹੂਲਤਾਂ ਵੀ ਉਸਦੇ ਨਾਲ ਹੀ ਸੋਂਹਦੀਆਂ ਹਨ। ਉਹੀ ਸੁਖਾਂ ਨੂੰ ਵੰਡਣ ਵਾਲਾ ਹੈ, ਸਰਬ ਸ਼ਕਤੀਮਾਨ ਹੈ, ਉਸਦੀ ਭਗਤੀ ਕਰਕੇ ਹੀ ਮਨੁੱਖ ਸ਼ਕਤੀ ਪ੍ਰਾਪਤ ਕਰ ਸਕਦਾ ਹੈ ਕਿਉਂਕਿ ਉਹ ਹੀ ਸਭ ਕੁਝ ਕਰਨਵਾਲਾ ਹੈ, ਬਣਾਉਣਾ ਤੇ ਬਿਗਾੜਨਾ ਉਸੇ ਦੇ ਹਥ ਹੈ। ਇਸ ਲਈ ਉਸ ਸਰਬ ਵਿਆਪਕ ਕਾਲ ਦੀ ਹੀ ਭਗਤੀ ਕਰਨੀ ਚਾਹੀਦੀ ਹੈ, ਇਸ ਸੰਬੰਧੀ ਗੁਰੂ ਗੋਬਿੰਦ ਸਿੰਘ ਜੀ ਆਪਣੇ ਸ਼ਬਦ ਵਿਚ ਵਰਣਨ ਕਰਦੇ ਹਨ :

ਕੇਵਲ ਕਾਲਈ ਕਰਤਾਰ ।।

ਨਿੰਦ ਉਸਤਤ ਜਉਨ ਕੇ ਸਮ ਸ਼ੱਤ੍ਰ ਮਿਤ੍ਰ ਨ ਕੋਇ ।।

ਕਉਨ ਬਾਟ ਪਰੀ ਤਿਸੈ ਪਥ ਸਾਰਥੀ ਰਥ ਹੋਇ ।।

ਤਾਤ ਮਾਤ ਨ ਜਾਤ ਜਾਕਰ ਪੁਤ੍ਰ ਪੌਤ੍ਰ ਮੁਕੰਦ ।।

ਕਉਨ ਕਾਜ ਕਹਾਹਿੰਗੇ ਤੇ ਆਨਿ ਦੇਵਕਿ ਨੰਦ ।।

ਦੇਵ ਦੈਤ ਦਿਸਾ ਵਿਸਾ ਜਿਹ ਕੀਨ ਸਰਬ ਪਸਾਰ ।।

ਕਉਨ ਉਪਮਾ ਤਉਨ ਕੋ ਮੁਖ ਲੇਤ ਨਾਮੁ ਮੁਰਾਰ ।।[82]

ਭਾਵ ਦਿਸਦੇ ਜਗਤ ਵਿਚ ਕੇਵਲ ਕਾਲ ਹੀ ਸਭ ਦਾ ਕਰਤਾ, ਬਣਾਉਣ ਅਤੇ ਭੰਨਣ ਵਾਲਾ ਹੈ। ਉਸਦੀ ਬੁਰਾਈ ਅਤੇ ਵਡਿਆਈ ਇਕ ਸਮਾਨ ਹੈ ਅਤੇ ਜਿਸਦਾ ਕੋਈ ਵੈਰੀ ਜਾਂ ਮਿਤਰ ਨਹੀਂ ਹੈ। ਉਸਨੂੰ ਕਿਹੜੀ ਮੁਸ਼ਕਿਲ ਆ ਗਈ ਸੀ ਕਿ ਉਹ ਅਰਜਨ (ਪਥਪਾਰਥ) ਦਾ ਰਥਵਾਨ ਬਣਿਆ ਸੀ। ਜਿਸ ਮੁਕੰਦ ਦਾ ਨਾ ਪਿਤਾ ਹੈ, ਨਾ ਮਾਤਾ, ਨਾ ਕੋਈ ਜਾਤ ਹੈ, ਨਾ ਕੋਈ ਪੁੱਤਰ ਪੋਤਰਾ ਹੈ ਫਿਰ ਵੀ ਉਹ ਆ ਕੇ ਕਿਸ ਵਾਸਤੇ ਦੇਵਕੀ ਦਾ ਪੁੱਤਰ ਅਖਵਾਇਆ ਹੈ। ਜਿਸਨੇ ਦੇਵਤੇ, ਦੈਂਤ, ਦਿਸ਼ਾ-ਵਿਦਿਸ਼ਾ ਅਤੇ ਸਾਰਾ ਖੋਲ ਪਸਾਰਾ ਕੀਤਾ ਹੈ ਅਰਥਾਤ ਅਕਾਲਪੁਰਖ ਪ੍ਰਮਾਤਮਾ ਸਰਬ ਸ਼ਕਤੀਮਾਨ ਹੈ। ਉਸਨੇ ਨੇਕੀ ਦੀ ਬਦੀ ਤੇ ਜਿਤ ਕਰਨ ਲਈ ਦੇਵਤੇ ਅਤੇ ਦੈਂਤ ਪੈਦਾ ਕੀਤੇ। ਜਦੋਂ ਵੀ ਉਸਦੇ ਭਗਤਾਂ ਤੇ ਮੁਸੀਬਤਾਂ ਆਉਂਦੀਆਂ ਰਹੀਆਂ ਹਨ, ਪ੍ਰਮਾਤਮਾ ਆਪ ਅਵਤਾਰ ਧਾਰਦਾ ਹੈ ਅਤੇ ਆਪਣੇ ਭਗਤਾਂ ਨੂੰ ਇਹਨਾਂ ਮੁਸੀਬਤਾਂ ਵਿਚੋਂ ਬਾਹਰ ਕੱਢਦਾ ਹੈ।

ਗੋਬਿੰਦ ਸਿੰਘ ਜੀ ਦੇ ਸ਼ਬਦ ਹਜ਼ਾਰਿਆਂ ਵਿਚ ਇਕ ਅਕਾਲ ਪੁਰਖ ਦੀ ਪੂਜਾ ਦੇ ਨਾਲ ਨਾਲ ਚੜ੍ਹਦੀ ਕਲਾ ਦਾ ਜਜ਼ਬਾ ਉਭਰਦਾ ਹੈ। ਆਪਣੀਆਂ ਰਚਨਾਵਾਂ ਵਿਚ ਆਪਨੇ ਵਹਿਮਾਂ-ਭਰਮਾਂ ਦਾ ਖੰਡਨ ਕਰਕੇ ਰੱਬ ਦੀ ਏਕਤਾ ਅਤੇ ਉਪਾਸਨਾ ਤੇ ਜ਼ੋਰ ਦਿਤਾ। ਆਪਨੇ ਪਰਮਾਤਮਾ ਦੀ ਉਸਤਤਿ ਤੋਂ ਇਲਾਵਾ ਉਸਦੇ ਗੁਣਾਂ ਅਤੇ ਰੂਪ ਰੇਖਾ ਦਾ ਵੀ ਵਰਣਨ ਕੀਤਾ:

ਸੋ ਕਿਮ ਮਾਨਸ ਰੂਪ ਕਹਾਏ॥

ਸਿੱਧ ਸਮਾਧ ਸਾਧ ਕਰ ਹਾਰੇ ਕਯੋਹੂੰ ਨ ਦੇਖਨ ਪਾਏ॥

ਨਾਰਦ ਬਿਆਸ ਪਰਾਸਰ ਧ੍ਰਅ ਸੇ ਧਯਾਵਤ ਧਯਾਨ ਲਗਾਏ॥

ਬੇਦ ਪੁਰਾਨ ਹਾਰ ਹਠ ਛਾਡਿਓ ਤਦਪਿ ਧਯਾਨ ਨ ਆਏ॥

ਦਾਨਵ ਦੇਵ ਪਿਸਾਚ ਪ੍ਰੇਤ ਤੇ ਨੇਤਹਿ ਨੇਤਿ ਕਹਾਏ ॥

ਸੂਛਮ ਤੇ ਸੂਛਮ ਕਰ ਚੀਨੇ ਬ੍ਰਿੱਧਨ ਬ੍ਰਿੱਧ ਬਤਾਏ ॥

ਭੂਮ ਅਕਾਸ਼ ਪਤਾਲ ਸਭੌ ਸਜਿ ਏਕ ਅਨੇਕ ਸਦਾਏ ॥

ਸੋ ਨਰ ਕਾਲ ਫਾਸ ਤੇ ਬਾਚੇ ਜੋ ਹਰਿ ਸ਼ਰਣ ਸਿਧਾਏ ॥[83]

ਅਰਥਾਤ ਪਰਮਾਤਮਾ ਦੇ ਦਰਸ਼ਨ ਲਈ ਸਿੱਧ ਲੋਕ ਸਮਾਧੀ ਲਗਾ ਕੇ ਹਾਰ ਗਏ ਹਨ ਪਰ ਵੇਖ ਨਹੀਂ ਸਕੇ। ਨਾਰਦ, ਬਿਆਸ, ਪਰਾਸ਼ਰ ਅਤੇ ਧਰੂ ਵਰਗੇ ਧਿਆਨ ਲਗਾ ਕੇ ਧਿਆਉਂਦੇ ਰਹੇ ਹਨ। ਵੇਦਾਂ ਅਤੇ ਪੁਰਾਣਾਂ ਨੇ ਹਾਰ ਕੇ ਹਠ ਛਡ ਦਿੱਤਾ ਹੈ ਪਰ ਫਿਰ ਵੀ ਉਨ੍ਹਾਂ ਦੇ ਧਿਆਨ ਵਿਚ ਨਹੀਂ ਆਇਆ । ਦਾਨਵ, ਦੇਵਤੇ, ਪਿਸ਼ਾਚ, ਪ੍ਰੇਤ ਵੀ ਉਸਨੂੰ ਬੇਅੰਤ-ਬੇਅੰਤ ਕਹਿੰਦੇ ਹਨ। ਸੂਖਮ ਤੋਂ ਸੂਖਮ ਉਹੀ ਜਾਣਿਆ ਜਾਂਦਾ ਹੈ ਅਤੇ ਵਡੇ ਤੋਂ ਵਡਾ ਵੀ ਉਹੀ ਦਸਿਆ ਜਾਂਦਾ ਹੈ। ਉਸਨੇ ਧਰਤੀ, ਅਕਾਸ਼, ਪਤਾਲ ਆਦਿ ਸਭ ਨੂੰ ਬਣਾ ਕੇ ਇਕ ਤੋਂ ਅਨੇਕ ਰੂਪਾਂ ਵਾਲਾ ਸਦਵਾਇਆ ਹੈ। ਓਹੀ ਪੁਰਸ਼ ਕਾਲ ਦੀ ਫਾਹੀ ਤੋਂ ਬਚ ਸਕਦਾ ਹੈ ਜੋ ਹਰਿ ਦੀ ਸ਼ਰਨ ਵਿਚ ਜਾਂਦਾ ਹੈ।

ਗੁਰੂ ਗੋਬਿੰਦ ਸਿੰਘ ਜੀ ਸ਼ਬਦ ਹਜ਼ਾਰਿਆਂ ਵਿਚ ਇਹ ਵਿਅਕਤ ਕਰਦੇ ਹਨ ਕਿ ਉਹ ਬੇਅੰਤ ਪਰਮਾਤਮਾ ਦੀ ਭਗਤੀ ਕਰਨ ਨਾਲ ਮਨੁੱਖ ਆਵਾਗਵਣ ਦੇ ਚੱਕਰਾਂ ਤੋਂ ਬਚਿਆ ਰਹਿੰਦਾ ਹੈ । ਇਸ ਲਈ ਉਸ ਪਰਮਾਤਮਾ ਤੋਂ ਬਿਨਾਂ ਕਿਸੇ ਹੋਰ ਲਈ ਕੋਈ ਵੀ ਕਰਮ ਕਾਂਡ ਨਾ ਕਰੋ। ਉਹ ਨਿਰਾਕਾਰ ਪ੍ਰਮਾਤਮਾ ਜੋ ਕਣ-ਕਣ ਵਿਚ ਵਸਿਆ ਹੋਇਆ ਹੈ ਦੀ ਹੀ ਭਗਤੀ ਕਰਨੀ ਚਾਹੀਦੀ ਹੈ। ਦੁਨਿਆਵੀ ਕਰਮ ਕਾਂਡ ਮਨੁਖੀ ਬਿਰਤੀ ਨੂੰ ਪਰਮਾਤਮਾ ਨਾਲੋਂ ਤੋੜਦੇ ਹਨ। ਇਸ ਲਈ ਇਨ੍ਹਾਂ ਕਰਮ-ਕਾਂਡਾਂ ਤੋਂ ਮਨੁਖ ਨੂੰ ਪ੍ਰਹੇਜ਼ ਕਰਨਾ ਚਾਹੀਦਾ ਹੈ। ਆਪਣੇ ਇਸ ਬਿਆਨ ਨੂੰ ਸਪਸ਼ਟ ਕਰਦਿਆਂ ਗੁਰੂ ਸਾਹਿਬ ਫੁਰਮਾਉਂਦੇ ਹਨ :

ਇਕ ਬਿਨ ਦੂਸਰ ਸੋ ਨ ਚਿਨਾਰ ॥

ਭੰਜਨ ਗੜ੍ਹਨ ਸਮਰਥ ਸਦਾ ਪ੍ਰਭ ਜਾਨਤ ਹੈ ਕਰਤਾਰ ॥

ਕਹਾ ਭਇਓ ਜੋ ਅਤਿ ਹਿਤ ਚਿਤ ਕਰ ਬਹੁਬਿਧਿ ਸਿਲਾ ਪੁਜਾਈ ॥

ਪਾਨ ਥਕੇ ਪਾਹਿਨ ਕੱਹ ਪਰਸਤ ਕਛੁ ਕਰ ਸਿੱਧ ਨ ਆਈ ॥

ਅੱਛਤ ਧੂਪ ਦੀਪ ਅਰਪਤ ਹੈ ਪਾਹਨ ਕਛੂ ਨ ਖੈਹੇ ॥

ਤਾਂ ਮੈ ਕਹਾਂ ਸਿੱਧ ਹੈ ਰੇ ਜੜ ਤੋਹਿ ਕਛੂ ਬਰ ਦੈਹੇ ॥

ਜੌਂ ਜਿਯ ਹੋਤ ਦੇਤ ਕਛੁ ਤੁਹਿ ਕਰ ਮਨ ਬਚ ਕਰਮ ਬਿਚਾਰ ॥

ਕੇਵਲ ਏਕ ਸ਼ਰਣਿ ਸੁਆਮੀ ਬਿਨ ਯੌਂ ਨਹਿ ਕਤਹਿ ਉਧਾਰ ॥[84]

ਭਾਵ ਸਪਸ਼ਟ ਹੈ ਕਿ ਇਕ ਪਰਮਾਤਮਾ ਤੋਂ ਬਿਨਾਂ ਕਿਸੇ ਦੂਜੇ ਨੂੰ ਨਾ ਪਛਾਣੋ। ਜੋ ਅਕਾਲਪੁਰਖ ਸਦਾ ਘੜਨ ਅਤੇ ਭੰਨਣ ਦੇ ਸਮਰਥ ਹੈ, ਉਹ ਸਭ ਕੁਝ ਜਾਣਦਾ ਹੈ। ਜਿਹੜੇ ਲੋਕ ਬਹੁਤ ਕਰਮ-ਕਾਂਡਾਂ ਅਧੀਨ ਵਿਭਿੰਨ- ਵਿਭਿੰਨ ਪੱਥਰਾਂ ਦੀ ਪੂਜਾ ਕਰਦੇ ਹਨ ਉਹ ਵੀ ਪੂਜਾ ਕਰਦੇ ਕਰਦੇ ਥਕ ਗਏ। ਇਸ ਲਈ ਬਿਨਾਂ ਕਿਸੇ ਕਰਮ-ਕਾਂਡ ਦੇ ਉਸ ਨਿਰਗੁਣ ਤੇ ਅਕਾਲ ਸਰੂਪ ਪਰਮਾਤਮਾ ਦੀ ਭਗਤੀ ਕਰਨੀ ਚਾਹੀਦੀ ਹੈ ਨਾ ਕਿ ਦੁਨਿਆਵੀ ਅਵਤਾਰਾਂ ਦੀ ਜੋ ਖ਼ੁਦ ਕਾਲ ਦੀ ਸ਼ਕਤੀ ਦੇ ਅਧੀਨ ਹਨ ਅਤੇ ਪਰਮਾਤਮਾ ਤੋਂ ਹੀ ਸ਼ਕਤੀ ਗ੍ਰਹਿਣ ਕਰਦੇ ਹਨ।

### 3.5. 33 ਸਵੈੱਯੇ ਰਚਨਾ ਵਿੱਚ ਬ੍ਰਹਮ ਸ਼ਕਤੀ ਦੀ ਪੇਸ਼ਕਾਰੀ

ਗੁਰੂ ਗੋਬਿੰਦ ਸਿੰਘ ਜੀ ਦੀਆਂ ਬਾਣੀਆਂ ਦਾ ਮੁੱਖ ਧੁਰਾ ਅਕਾਲ ਪੁਰਖ ਦੀ ਸ਼ਕਤੀ ਤੇ ਉਸ ਦੇ ਗੁਣਾਂ ਦਾ ਗਾਇਨ ਕਰਨਾ ਹੈ। ਆਪ ਦੀ ਹਰੇਕ ਰਚਨਾ ਸਿੱਖੀ ਸਿਧਾਂਤਾ (ਨਾਮ ਜਪੋ, ਕਿਰਤ ਕਰਨਾ, ਵੰਡ ਛੱਕਣਾ) ਦੀ ਪੈਰਵੀ ਕਰਦੀ ਨਜ਼ਰ ਆਉਂਦੀ ਹੈ। ਉਹ ਸਿਧਾਂਤ ਜਿਨ੍ਹਾਂ ਨੂੰ ਲੈ ਕੇ ਗੁਰੂ ਨਾਨਕ ਦੇਵ ਜੀ ਨੇ ਪ੍ਰਚਾਰ ਆਰੰਭਿਆ ਸੀ, ਬਾਕੀ ਗੁਰੂ ਸਾਹਿਬਾਨ ਨੇ ਇਹਨਾਂ ਸਿਧਾਂਤਾਂ ਨੂੰ ਅੱਗੇ ਤੋਰਿਆ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਇਹਨਾਂ ਸਿਧਾਂਤਾਂ ਨੂੰ ਸਿਖਰ ਤੇ ਪਹੁੰਚਾਇਆ।[85] ਡਾ. ਤਾਰਨ ਸਿੰਘ ਦਾ ਵਿਚਾਰ ਹੈ ਕਿ ਗੁਰੂ ਨਾਨਕ ਜੋਤ ਨੇ ਸਿੱਖ ਲਹਿਰ ਦਾ 1499 ਈ. ਵਿੱਚ ਪੰਜਾਬ ਦੀ ਧਰਤੀ, ਸੁਲਤਾਨਪੁਰ ਤੋਂ ਆਰੰਭ ਕੀਤਾ, ਇਹ ਲਹਿਰ 1699

ਈ. ਵਿੱਚ ਸਿਖਰ ਤੇ ਪੁੱਜੀ ਜਦੋਂ ਨਾਨਕ ਜੋਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਮਾਜਿਕ ਅਤੇ ਮਾਨਸਿਕ ਰੂਪ ਵਿੱਚ ਡਿੱਗੀ ਹੋਈ ਭਾਰਤੀ ਜਨਤਾ ਨੂੰ ਖੰਡੇ ਦਾ ਪਹੁਲ ਛਕਾ ਕੇ ਅਸਲੀ ਮਾਨਵਤਾ ਦਾ ਰਾਹ ਦੱਸਿਆ।[86]

ਇਹਨਾਂ 33 ਸਵੈੱਯਾਂ ਰਚਨਾ ਦਾ ਵਿਸ਼ਾ-ਵਸਤੂ ਨਿਰੋਲ ਧਾਰਮਿਕ ਜਾਂ ਸੁਧਾਰਾਤਮਕ ਹੈ ਅਤੇ ਮਨੁੱਖ ਦੇ ਅਧਿਆਤਮਕ ਤੇ ਸਮਾਜਿਕ ਜੀਵਨ ਨਾਲ ਸੰਬੰਧ ਰੱਖਦਾ ਹੈ। ਗੁਰੂ ਸਾਹਿਬ ਹਰ ਸਵੈੱਯੇ ਵਿਚ ਉਸ ਬ੍ਰਹਮ ਸ਼ਕਤੀ (ਪਰਮਾਤਮਾ) ਦੀ ਉਪਮਾ, ਵਡਿਆਈ ਦੇ ਨਾਲ-ਨਾਲ ਸਮਾਜ ਵਿਚ ਫੈਲ ਚੁੱਕੀਆਂ ਬੁਰਾਈਆਂ ਅਤੇ ਸਮਾਜ ਦੀ ਢਹਿੰਦੀ ਕਲਾ ਦਾ ਵਰਣਨ ਵੀ ਕਰਦੇ ਹਨ। ਜਿਥੇ ਗੁਰੂ ਸਾਹਿਬ ਨੇ ਖਾਲਸੇ ਦੀ ਸਿਰਜਣਾ ਕਰਕੇ ਆਪਣੇ ਸਿੱਖਾਂ ਨੂੰ ਖਾਲਸਾਈ ਜੀਵਨ-ਜਾਂਚ, ਖਾਲਸਾਈ ਰਹਿਣੀ ਤੇ ਖਾਲਸਾਈ ਕਾਰ-ਵਿਹਾਰ ਲਈ ਵੀ ਪ੍ਰੇਰਿਆ।[87]

ਦਸਮ ਗ੍ਰੰਥ ਦੀ ਬਾਣੀ ਵਿਚ ਸਵੈੱਯੇ ਛੰਦ ਬਹੁਤ ਵਾਰ ਵਰਤਿਆ ਗਿਆ ਮਿਲਦਾ ਹੈ ਪ੍ਰੰਤੂ ਜਿਨ੍ਹਾਂ 33 ਸਵੈੱਯੇ ਰਚਨਾ ਬਾਰੇ ਇਸ ਅਧਿਆਇ ਵਿਚ ਵਿਚਾਰ ਕਰਨ ਜਾ ਰਹੇ ਹਾਂ, ਇਹ 33 ਸਵੈੱਯੇ ਦਸਮ ਗ੍ਰੰਥ ਵਿਚ ਇਸ ਸਿਰਲੇਖ ਹੇਠ ਦਰਜ ਹਨ:

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ॥

ਸ੍ਰੀ ਮੁਖਵਾਕ ਪਾਤਸ਼ਾਹੀ ੧੦॥ ਸਵੈਯੇ॥[88]

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ,

> *ਇਹ ਚਾਰ ਚਰਣ ਦਾ ਸਰਵਪ੍ਰਿਯ ਛੰਦ, ਭਿੰਨ-ਭਿੰਨ ਨਾਮਾ ਦਾ ਦੇਖੀਦਾ ਹੈ, ਜਿਸ ਦੇ ਦੋ ਮੁਖ ਭੇਦ ਹਨ, ਮਾਤ੍ਰਿਕ ਤੇ ਵਰਣਿਕ, ਮਾਤ੍ਰਿਕ ਸਵੈੱਯੇ ਦੇ ਚਾਰ ਚਰਣਾਂ ਦਾ ਪਾਦਾਂਤ ਅਨੁਪ੍ਰਾਸ ਮਿਲਣਾ ਚਾਹੀਏ ਤਦ ਉੱਤਮ ਹੈ, ਨਹੀਂ ਤਾਂ ਦੋ ਚਰਣਾਂ ਦਾ ਜ਼ਰੂਰ ਮਿਲਣਾ ਚਾਹੀਏ। ਵਰਣਿਕ ਸਵੈੱਯੇ ਦੇ ਚਾਰੇ ਚਰਣਾਂ ਦਾ ਅੰਤ ਅਨੁਪ੍ਰਾਸ ਹੋਣਾ ਕਵੀਆਂ ਨੇ ਵਿਧਾਨ ਕੀਤਾ ਹੈ।*[89]

ਸੁਰਿੰਦਰ ਸਿੰਘ ਕੋਹਲੀ ਨੇ ਸਵੱਯੇ ਛੰਦ ਦੀ ਪਰਿਭਾਸ਼ਾ ਇਸ ਤਰ੍ਹਾਂ ਕੀਤੀ ਹੈ:

> *ਇਸ ਦੇ ਦੋ ਰੂਪ ਹੁੰਦੇ ਹਨ: ਇਕ ਵਰਣਿਕ ਅਤੇ ਦੂਜਾ ਮਾਤਰਿਕ। ਵਰਣਿਕ ਸਵਈਏ ਦੀਆਂ ਚਾਰ ਤੁੱਕਾਂ ਹੁੰਦੀਆਂ ਹਨ ਅਤੇ ਹਰੇਕ ਤੁਕ ਵਿਚ 12+11=23 ਜਾਂ 12+12=24 ਵਰਣ ਹੁੰਦੇ ਹਨ। ਮਾਤਰਿਕ ਸਵਈਏ ਦੀਆਂ ਵੀ ਚਾਰ ਤੁਕਾਂ ਹੁੰਦੀਆਂ ਹਨ ਅਤੇ 24 ਮਾਤਰਾ ਹੁੰਦੀਆਂ ਹਨ। ਪਹਿਲਾਂ ਵਿਸ਼ਰਾਮ ਸੋਲਾਂ ਮਾਤਰਾ ਤੇ ਅਤੇ ਦੂਜਾ ਬਾਰਾਂ ਮਾਤਰਾ ਤੇ ਹੁੰਦਾ ਹੈ।*[9]

ਇਨ੍ਹਾਂ ਸਵੈੱਯੇਆਂ ਨੂੰ ਜੇ ਇਸ ਪਰਿਭਾਸ਼ਾ ਅਨੁਸਾਰ ਵਿਚਾਰਿਆ ਜਾਵੇ ਤਾਂ ਇਹ ਤੱਥ ਸਾਹਮਣੇ ਆਉਂਦਾ ਹੈ ਕਿ ਇਹ ਸਾਰੇ ਸਵੈੱਯੇ ਚਾਰ ਚਰਣਾਂ ਦੇ ਹਨ ਅਤੇ ਇਨ੍ਹਾਂ ਸਾਰਿਆਂ ਦਾ ਅੰਤ ਅਨੁਪ੍ਰਾਸ ਵੀ ਮਿਲਦਾ ਹੈ ਅਤੇ ਇਹ ਵਰਣਿਕ ਸਵੈੱਯੇ (ਮਾਤ੍ਰਿਕ) ਦੀ ਸ਼੍ਰੇਣੀ ਵਿਚ ਆਉਂਦੇ ਹਨ।

ਗੁਰੂ ਗੋਬਿੰਦ ਸਿੰਘ ਜੀ ਰਚਿਤ 33 ਸਵੈੱਯੇ ਦੀ ਰਚਨਾ ਇਕ ਸੁਤੰਤਰ ਰਚਨਾ ਹੈ। ਇਸ ਅਧਿਆਇ '33 ਸਵੈੱਯੇ ਰਚਨਾ ਵਿਚ ਬ੍ਰਹਮ (ਸ਼ਕਤੀ) ਦਾ ਸੰਕਲਪ' ਤੇ ਵਿਸ਼ੇ ਪੱਖ ਤੋਂ ਵਿਚਾਰ ਕਰਨ ਤੋਂ ਪਹਿਲਾਂ ਬ੍ਰਹਮ (ਸ਼ਕਤੀ) ਦੇ ਸੰਕਲਪ ਬਾਰੇ ਵਿਚਾਰ ਕਰਾਂਗੇ।

ਅਧਿਆਤਮਿਕ ਸਾਹਿਤ ਵਿਚ ਇਹ ਗਲ ਸਰਵ ਪ੍ਰਵਾਣਿਤ ਹੈ ਕਿ ਇਸ ਬ੍ਰਹਿਮੰਡ ਦੀ ਕੋਈ ਨਾ ਕੋਈ ਸੰਚਾਲਕ ਸ਼ਕਤੀ ਜ਼ਰੂਰ ਹੈ। ਇਸ ਵਿਸ਼ਵਾਸ਼ ਦੇ ਅੰਤਰਗਤ ਵੱਖ-ਵੱਖ ਦਾਰਸ਼ਨਿਕ ਮੱਤ ਉਸ ਸ਼ਕਤੀ ਨੂੰ ਭਿੰਨ-ਭਿੰਨ ਨਾਵਾਂ ਨਾਲ ਸੰਬੋਧਿਤ ਹੋਏ ਹਨ। ਉਹ ਸ਼ਕਤੀ ਭਾਵੇਂ ਅਦ੍ਰਿਸ਼ਟ ਹੈ ਪਰ ਉਸ ਦੀ ਸੱਤਾ ਜ਼ਰੂਰ ਅਨੁਭਵ ਕੀਤੀ ਗਈ ਹੈ। ਹਿੰਦੂ ਧਰਮ ਦੇ ਗ੍ਰੰਥਾਂ, ਇਸਲਾਮ ਦੇ ਸ੍ਰੋਤ, ਕੁਰਾਨ ਅਤੇ ਭਗਤ ਬਾਣੀ ਵਿਚ ਅੰਕਿਤ ਬ੍ਰਹਮਵਾਚਕ ਸੰਬੋਧਨੀ ਨਾਵਾਂ ਨੂੰ ਗੁਰਮਤਿ ਵਿਚ 'ਬ੍ਰਹਮ' ਲਈ ਵਰਤਿਆ ਗਿਆ ਹੈ ਜਿਵੇਂ ਕਿ ਅਕਾਲ ਪੁਰਖ, ਵਾਹਿਗੁਰੂ, ਰੱਬ,

ਖ਼ੁਦਾ, ਰਹੀਮ, ਕਰੀਮ, ਅੱਲਾਹ, ਪ੍ਰਭੂ ਰਾਮ, ਸ਼ਿਆਮ, ਨਰਾਇਣ, ਭਗਵੰਤ, ਵਿਸ਼ਨੂੰ, ਗੋਪਾਲ, ਭਗਵਾਨ, ਹਰੀ, ਮਾਧੋ, ਮਧੂ ਸੂਦਨ, ਮੁਰਾਰੀ, ਪਰਮਾਤਮਾ, ਪਰਮੇਸ਼ਰ, ਪਾਰਬ੍ਰਹਮ, ਈਸ਼ਵਰ, ਪਰਮਾਨੰਦ, ਕਰਤਾ, ਸਾਈਂ ਅਤੇ ਗੋਬਿੰਦ ਆਦਿ।[91] ਡਾ. ਉਜਾਗਰ ਸਿੰਘ ਅਨੁਸਾਰ,

> ਬ੍ਰਹਮ ਸ਼ਬਦ ਦੀ ਉਤਪਤੀ 'ਵ੍ਰਿਹ' ਧਾਤੂ ਤੋਂ ਹੋਈ ਹੈ, ਉਸ ਵਿਚ ਵੱਧਣਾ, ਕਿਰਿਆ ਦੇ ਸਾਰੇ ਅਰਥ ਆ ਜਾਂਦੇ ਹਨ।[92]

ਡਾ. ਕਾਨ੍ਹ ਸਿੰਘ ਨਾਭਾ ਨੇ ਇਸ ਸ਼ਬਦ ਨੂੰ ਬ੍ਰਿਹ ਧਾਤੂ ਤੋਂ ਨਿਕਲਿਆ ਮੰਨਿਆ ਹੈ ਜਿਸ ਦੇ ਅਰਥ ਵੱਧਣਾ ਤੇ ਸੰਗਿਆ ਰੂਪ ਵਿਚ ਇਸਦਾ ਅਰਥ ਵਧਿਆ ਹੋਇਆ ਕਰਤਾਰ ਪ੍ਰਮਾਤਮਾ ਕੀਤਾ ਹੈ।[93] ਡਾ. ਸ਼ਾਤੀ ਨਾਥ ਗੁਪਤਾ ਨੇ ਵੀ ਬ੍ਰਹਮ ਦੇ ਇਹੋ ਹੀ ਅਰਥ ਕੀਤੇ ਹਨ ਭਾਵ ਕਿ ਉਗਣਾ, ਵੱਧਣਾ ਅਤੇ ਵਿਕਾਸ ਕਰਨਾ।[94]

ਗੁਰੂ ਗੋਬਿੰਦ ਸਿੰਘ ਜੀ ਦੁਆਰਾ ਰਚਿਤ ਸਵੈੱਯੇ ਦੀ ਗਿਣਤੀ ਤੇਤੀ (33) ਹੈ। ਜਿਸ ਦੇ ਅੰਤਰਗਤ ਬ੍ਰਹਮ (ਅਕਾਲ ਪੁਰਖ) ਦੀ ਉਸਤਤਿ ਕਰਦਿਆਂ ਸਮਕਾਲੀਨ ਧਾਰਮਿਕ ਆਡੰਬਰ ਅਤੇ ਪਾਖੰਡਮਈ ਰੀਤੀ ਰਿਵਾਜਾਂ ਦਾ ਖੰਡਨ ਕਰਕੇ ਬ੍ਰਹਮ ਸ਼ਕਤੀ ਨੂੰ ਹੀ ਸਰਵਉਚ ਦੱਸਿਆ ਹੈ। ਇਹਨਾਂ 33 ਸਵੈੱਯੇ ਵਿਚ ਦੋ ਸਵੈੱਯੇ ਖਾਲਸਾ ਮਹਿਮਾ ਨਾਲ ਸੰਬੰਧਿਤ ਹਨ। ਸਵੈੱਯੇ ਰਚਨਾ ਦਾ ਆਰੰਭ ਪਰੰਪਰਾਗਤ ਮੰਗਲਾਚਰਨ ਤੋਂ ਹੁੰਦਾ ਹੈ :

> ੧ਓ ਸ੍ਰੀ ਵਾਹਿਗੁਰੂ ਜੀ ਕੀ ਫਤਹ॥
> ਸ੍ਰੀ ਮੁਖਵਾਕ ਪਾਤਸ਼ਾਹੀ॥੧੦॥[95]

ਗੁਰੂ ਗੋਬਿੰਦ ਸਿੰਘ ਜੀ ਸਵੈੱਯੇ ਦੇ ਸ਼ੁਰੂ ਵਿਚ ਹੀ ਇਹ ਫੁਰਮਾਉਂਦੇ ਹਨ ਕਿ ਜਗਤ ਵਿਚ ਇਕੋ ਜੋਤ ਬ੍ਰਹਮ (ਅਕਾਲ-ਪੁਰਖ) ਦੀ ਹੈ। ਆਪ ਸਮੁੱਚੇ ਖਾਲਸੇ ਨੂੰ ਇਕੋ ਜੋਤ ਬ੍ਰਹਮ ਜੋ ਕਿ ਅਕਾਲ ਪੁਰਖ ਹੈ ਨੂੰ ਛੱਡ ਕੇ ਕਿਸੇ ਹੋਰ ਨੂੰ ਮੰਨਣ ਦੇ ਖਿਲਾਂ ਹਨ। ਇਸ ਸਵੈੱਯੇ ਵਿਚ ਗੁਰੂ ਸਾਹਿਬਾਨ ਖਾਲਸੇ ਦੇ ਲੱਛਣਾਂ ਨੂੰ ਬਿਆਨ ਕਰਦਿਆਂ ਬ੍ਰਹਮ ਸ਼ਕਤੀ ਦੀ ਵਿਆਖਿਆ ਵੀ ਕਰਦੇ ਹਨ ਅਤੇ ਧਾਰਮਿਕ ਕਰਮ-ਕਾਂਡਾਂ ਨੂੰ ਕਰਨ ਤੋਂ ਵੀ ਵਰਜਦੇ ਹਨ:

ਜਾਗਤਿ ਜੋਤ ਜਪੈ ਨਿਸ ਬਾਸੁਰ ਏਕ ਬਿਨਾ ਮਨ ਨੈਕ ਨ ਆਨੈ॥

ਪੂਰਨ ਪ੍ਰੇਮ ਪ੍ਰਤੀਤ ਸਜੈ ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ॥

ਤੀਰਥ ਦਾਨ ਦਇਆ ਤਪ ਸੰਜਮ ਏਕ ਬਿਨਾ ਨਹ ਏਕ ਪਛਾਨੈ॥

ਪੂਰਨ ਜੋਤ ਜਗੈ ਘਟ ਮੈ ਤਬ ਖਾਲਸ ਤਾਹਿ ਨਖਾਲਸ ਜਾਨੈ॥[96]

ਅਗਲੇ ਸਵੈੱਯੇ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਬ੍ਰਹਮ ਸ਼ਕਤੀ ਦੇ ਗੁਣਾਂ ਦਾ ਬਿਆਨ ਕੀਤਾ ਹੈ :

ਸੱਤਿ ਸਦੈਵ ਸਰੂਪ ਸੱਤਬ੍ਰਤ ਆਦਿ ਅਨਾਦਿ ਅਗਾਧ ਅਜੈਹੈ॥

ਦਾਨ ਦਯਾ ਦਮ ਸੰਜਮ ਨੇਮ ਜਤੱਬ੍ਰਤ ਸੀਲ ਸੁਬ੍ਰਿਤ ਅਬੈਹੈ॥

ਆਦਿ ਅਨੀਲ ਅਨਾਦਿ ਅਨਾਹਦ ਆਪਿ ਅਦ੍ਵੈਖ ਅਭੇਵ ਅਭੈ ਹੈ॥[97]

ਗੁਰੂ ਗੋਬਿੰਦ ਸਿੰਘ ਦੀ ਇਸ ਰਚਨਾ ਵਿਚ ਬ੍ਰਹਮ ਸ਼ਕਤੀ (ਅਕਾਲ ਪੁਰਖ) ਦੇ ਗੁਣਾਂ ਵਰਣਨ ਕਰਦਿਆਂ ਕਹਿੰਦੇ ਹਨ ਕਿ ਬ੍ਰਹਮ ਦੇ (ਪਰਮਾਤਮਾ ਦੇ) ਗੁਣ ਬੇਅੰਤ ਹਨ ਅਤੇ ਉਹ ਉਨ੍ਹਾਂ ਗੁਣਾਂ ਦਾ ਮਾਲਕ ਹੈ ਜੋ ਕਿਰਤਮ ਹਸਤੀਆਂ ਅੰਦਰ ਹੋ ਹੀ ਨਹੀਂ ਸਕਦੇ। ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ 33 ਸਵੈੱਯੇ ਦੇ ਪਹਿਲੇ ਦਸ ਸਵੱਈਏ ਮੰਗਲ ਰੂਪ ਹਨ ਕਿਉਂਕਿ ਇਹਨਾਂ ਰਚਨਾਵਾਂ ਵਿਚ ਬ੍ਰਹਮ ਦੀ ਸ਼ਕਤੀ (ਪਰਮਾਤਮ ਸ਼ਕਤੀ) ਨੂੰ ਉਸ ਦੇ ਵੱਡ ਪਣ, ਉਸਦੇ ਅਥਾਹ ਤੇ ਅਗਾਥ (ਜਿਸਦੀ ਗਾਥਾ ਨਾ ਕਹੀ ਜਾ ਸਕੇ) ਹੋਣ ਦੇ ਪ੍ਰਮਾਣ ਦਿੱਤੇ ਗਏ ਹਨ ਜੋ ਮਨੁੱਖੀ ਪਹੁੰਚ, ਮਨੁੱਖੀ ਸਮਝ ਤੋਂ ਪਰੇ ਹੈ। ਉਸ ਦੇ ਨਿਰਗੁਣ ਸਰੂਪ ਦਾ ਉਲੇਖ ਕਰਦਿਆਂ ਉਸ ਨੂੰ ਸਰਗੁਣ ਸਰੂਪ ਵੀ ਮੰਨਿਆ ਹੈ ਜੋ ਸਭ ਜੀਵਾਂ ਦੇ ਹਿਰਦੇ ਵਿਚ ਨਿਵਾਸ ਕਰਦਾ ਹੈ:

ਆਦਿ ਅਦ੍ਵੈਖ ਅਭੇਖ ਮਹਾ ਪ੍ਰਭ ਸੱਤਿ ਸਰੂਪ ਸੁ ਜੋਤ ਪ੍ਰਕਾਸੀ॥

ਪੂਰ ਰਹਯੋ ਸਭ ਹੀ ਘਟ ਕੈ ਪਟ ਤੱਤ ਸਮਾਧਿ ਸੁਭਾਵ ਪ੍ਰਨਾਸੀ॥

ਆਦਿ ਜੁਗਾਦਿ ਜਗਾਦਿ ਤੁਹੀ ਪ੍ਰਭ ਫੈਲ ਰਹਯੋ ਸਭ ਅੰਤਰਿ ਬਾਸੀ॥

ਦੀਨ ਦਯਾਲ ਕ੍ਰਿਪਾਲ ਕ੍ਰਿਪਾ ਕਰ ਆਦਿ ਅਜੋਨਿ ਅਜੈ ਅਬਿਨਾਸੀ॥[98]

ਆਪ ਨੇ ਅਧਿਆਤਮਕ ਜੀਵਨ ਨੂੰ ਸੰਸਾਰ ਜੀਵਨ ਤੋਂ ਅਲੱਗ ਤੋਰ ਤੇ ਨਹੀਂ ਵਿਚਾਰਿਆ। ਗੁਰਮਤਿ ਦਾ ਉਦੇਸ਼ ਮਨੁੱਖਤਾ ਨੂੰ ਉਚੇ ਤੇ ਪਵਿੱਤਰ ਆਦਰਸ਼ ਪ੍ਰਦਾਨ ਕਰਨਾ

ਸੀ ਜੋ ਮਨੁੱਖਤਾ ਅੰਦਰੋਂ ਉਹ ਸਖ਼ਸੀਅਤ ਉਭਾਰ ਸਕਣ ਜਿਸ ਦੇ ਲੱਛਣ ਆਚਰਨ, ਸਦਾਚਾਰ, ਸਵੈਮਾਨ ਅਤੇ ਨਿਰਭੈਤਾ ਹੈ। ਬ੍ਰਹਮ ਸ਼ਕਤੀ ਦਾ ਆਦਿ ਵੀ ਹੈ, ਅਨਾਦਿ ਵੀ, ਅਛੇਦ ਵੀ ਅਤੇ ਅਭੇਦ ਵੀ। ਉਸਦੀ ਥਾਹ ਪਾ ਸਕਣਾ ਬਹੁਤ ਮੁਸ਼ਕਿਲ ਹੈ। ਬੇਦ-ਕਤੇਬ, ਰਿਸ਼ੀ-ਮੁਨੀ ਵੱਡੇ ਵੱਡੇ ਸੰਤ ਮਹਾਤਮਾ, ਸਿੱਧ, ਨਾਥ, ਜੋਗੀ-ਜਤੀ, ਜਪ-ਤਪ ਕਰਦੇ ਹਾਰ ਗਏ ਪਰ ਉਸ ਨੂੰ ਲਿਖਿਆ ਨਹੀਂ ਜਾ ਸਕਿਆਃ

ਆਦਿ ਅਭੇਖ ਅਛੇਦ ਸਦਾ ਪ੍ਰਭ ਬੇਦ ਕਤੇਬਨਿ ਭੇਦੁ ਨ ਪਾਯੋ।।
ਦੀਨ ਦਯਾਲ ਕ੍ਰਿਪਾਲ ਕ੍ਰਿਪਾਨਿਧਿ ਸੱਤਿ ਸਦੈਵ ਸਭੈ ਘਟਛਾਯੋ।।
ਸ਼ੇਸ਼ਸੁਰੇਸ਼ ਗਣੇਸ਼ ਮਹੇਸੁਰ ਗਾਹਿ ਫਿਰੈ ਸ੍ਰੁਤਿ ਥਾਹ ਨ ਆਯੋ।।
ਰੇ ਮਨ ਮੂੜ ਅਗੂੜ ਇਸੋ ਪ੍ਰਭ ਤੈ ਕਿਹ ਕਾਜਿ ਕਹੋ ਬਿਸਰਾਯੋ।।[੯੯]

ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਵੈੱਯੇ ਰਚਨਾ ਵਿਚ ਬ੍ਰਹਮ ਦੇ ਗੁਣਾਂ ਦਾ ਬਿਆਨ ਕਰਕੇ ਮਨੁੱਖ ਦੇ ਮਨ ਨੂੰ ਉਸ ਪ੍ਰਭੂ ਨਾਲ ਸਾਂਝ ਪਾਉਣ ਤੇ ਜ਼ੋਰ ਦਿੱਤਾ ਹੈ। ਗੁਰੂ ਸਾਹਿਬ ਨੇ ਫੋਕਟ ਧਰਮਾਂ ਤੇ ਕੂੜੇ ਰਸਮਾਂ ਰਿਵਾਜ਼ਾਂ ਦਾ ਖੰਡਨ ਕਰਨ ਵਿਚ ਪੂਰੀ ਖੁਲ੍ਹ ਲਈ ਹੈ। ਹਿੰਦੂ ਧਰਮ ਵਲੋਂ ਪੂਜੇ ਜਾਂਦੇ ਦੇਵੀ-ਦੇਵਤਿਆਂ ਨੂੰ ਉਸ ਅਕਾਲ ਪੁਰਖ ਦੇ ਤੁਲ ਨ ਹੋਣ ਦੇ ਪ੍ਰਮਾਣ ਮਿਥਿਹਾਸ ਵਿਚੋਂ ਦਿੱਤੇ ਹਨ, ਜਿਵੇਂ ਕਿਃ

ਜੌ ਕਹੌ ਰਾਮ ਅਜੋਨਿ ਅਜੈ ਅਤਿ ਕਾਹੇ ਕੌ ਕੌਸ਼ਲ ਕੁੱਖ ਜਯੋ ਜੂ।।
ਕਾਲਹੂੰ ਕਾਲ ਕਹੈ ਜਿਹਿ ਕੌ ਕਿਹਿ ਕਾਰਣ ਕਾਲ ਤੇ ਦੀਨ ਭਯੋ ਜੂ।।
ਸੱਤ ਸਰੂਪ ਬਿਬੈਰ ਕਹਾਇ ਸੁ ਕਯੋਂ ਪਥ ਕੌ ਰਥ ਹਾਂਕ ਧਯੋ ਜੂ।।
ਤਾਹੀ ਕੋ ਮਾਨਿ ਪ੍ਰਭੂ ਕਰਿ ਕੈ ਜਿਹ ਕੋ ਕੋਊ ਭੇਦੁ ਨ ਲੇ ਨ ਲਯੋ ਜੂ।।[1••]

ਅਰਥਾਤ ਗੁਰੂ ਗੋਬਿੰਦ ਸਿੰਘ ਜੀ ਨੇ ਸਪਸ਼ਟ ਕੀਤਾ ਹੈ ਕਿ ਗੁਰਮਤਿ ਜਨਮ-ਮਰਨ ਦੇ ਗੇੜ ਵਿਚ ਆਏ ਵਿਅਕਤੀ ਨੂੰ ਪ੍ਰੇਮਸ਼ਵਰ ਨਹੀਂ ਮੰਨਦੀ। ਰਾਮ ਚੰਦਰ ਤੇ ਸ੍ਰੀ ਕ੍ਰਿਸ਼ਨ ਹੋਰ ਜੋ ਮਰਜੀ ਹੋਣ, ਰੱਬ ਜਾਂ ਅਕਾਲ ਪੁਰਖ ਨਹੀਂ ਮੰਨੇ ਜਾ ਸਕਦੇ। ਸ੍ਰੀ ਰਾਮ ਅਤੇ ਕ੍ਰਿਸ਼ਨ ਆਮ ਮਨੁੱਖਾਂ ਦੀ ਤਰ੍ਹਾਂ ਕਾਲ ਤੋਂ ਪ੍ਰਭਾਵਤ ਹੁੰਦੇ ਰਹੇ। ਗੁਰੂ ਸਾਹਿਬਾਨ ਅਨੁਸਾਰ ਬ੍ਰਹਮ (ਸ਼ਕਤੀ)

(ਅਕਾਲ ਪੁਰਖ) ਦੁਨੀਆਵੀਂ ਮਨੁੱਖਾਂ ਤੋਂ ਬਹੁਤ ਉਪਰ ਹੈ, ਉਸ ਦੀ ਸ਼ਕਤੀ ਅਸੀਮ ਹੈ। ਰੱਬ ਦਾ ਅਵਤਾਰ ਮੰਨੇ ਜਾਣ ਵਾਲੇ ਸ੍ਰੀ ਕ੍ਰਿਸ਼ਨ ਸੰਬੰਧੀ ਦਲੀਲਾਂ ਦੇ ਕੇ ਸਮਝਾਉਂਦੇ ਹਨ ਕਿ ਕ੍ਰਿਸ਼ਨ ਪ੍ਰਮੇਸ਼ਰ ਨਹੀਂ ਹੈ। ਬ੍ਰਹਮ ਨੇ ਉਸ ਵਿਚ ਆਪਣੀ ਸ਼ਕਤੀ ਦੇ ਕੇ ਦੁਨੀਆਂ ਤੇ ਅਨਿਆ ਖਿਲਾਫ ਲੜਨ ਲਈ ਭੇਜਿਆ ਸੀ:

ਕਯੋਂ ਕਹੁ ਕ੍ਰਿਸ਼ਨ ਕ੍ਰਿਪਾਨਿਧ ਹੈ ਕਿਹ ਕਾਜ ਤੇ ਬੱਧਕ ਬਾਣ ਲਗਾਯੋ॥
ਅਉਰ ਕੁਲੀਨ ਉਧਾਰਤ ਜੋ ਕਿਹ ਤੇ ਅਪਨੋ ਕੁਲ ਨਾਸੁ ਕਰਾਯੋ॥
ਆਦਿ ਅਜੋਨਿ ਕਹਾਇ ਕਹੋ ਕਿਮ ਦੇਵਕਿ ਕੇ ਜਠਰੰਤਰ ਆਯੋ॥
ਤਾਤ ਨ ਮਾਤ ਕਹੈ ਜਿਹ ਕੋ ਤਿਹ ਕਯੋਂ ਬਸੁਦੇਵਹਿ ਬਾਪੁ ਕਹਾਯੋ॥[101]

ਬ੍ਰਹਮ ਸ਼ਕਤੀ ਦੇ ਪੈਦਾ ਕੀਤੇ ਕਰੋੜਾਂ ਇੰਦਰ ਦੇਵਤੇ ਹਨ ਤੇ ਕਈ ਕਰੋੜ ਛੋਟੇ ਇੰਦਰ ਜਾਂ ਉਪਇੰਦਰ ਉਸਨੇ ਬਣਾਏ ਅਤੇ ਫ਼ਨਾਹ ਕੀਤੇ ਹਨ। ਉਸ ਸ਼ਕਤੀ ਨੇ ਏਨੇ ਦੈਂਤ, ਦੇਵਤੇ, ਸੱਪ, ਸ਼ੇਸ਼ਨਾਗ, ਪੰਛੀ ਤੇ ਪਸ਼ੂ ਪੈਦਾ ਕੀਤੇ ਹਨ ਕਿ ਜੋ ਗਿਣਾਏ ਨਹੀਂ ਜਾ ਸਕਦੇ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਵੈੱਯੇ ਵਿਚ ਦੇਵੀ-ਦੇਵਤਿਆਂ ਤੋਂ ਬੇ-ਫਜ਼ੂਲ ਡਰਦੇ ਫਿਰਨ ਜਾਂ ਇਨ੍ਹਾਂ ਨੂੰ ਰੱਬ ਤੁਲ ਮੰਨ ਲੈਣ ਦੇ ਸਿਵਾਏ ਮੂਰਖਤਾ ਦੇ ਹੋਰ ਕੁਝ ਨਹੀਂ ਦੱਸਿਆ ਇਸ ਦੇ ਨਾਲ ਹੀ ਜੋਗ ਮੱਤ ਦੇ ਧਾਰਨੀਆਂ ਦੇ ਪਖੰਡਾਂ ਨੂੰ ਉਘਾੜਿਆ ਹੈ ਅਤੇ ਸਪੱਸ਼ਟ ਕੀਤਾ ਹੈ ਕਿ ਬ੍ਰਹਮ ਸ਼ਕਤੀ ਨੂੰ ਯੋਗ ਮਤ ਦੀਆਂ ਫੋਕਟ ਸਾਧਨਾਵਾਂ ਨਾਲ ਨਹੀਂ, ਬਲਕਿ ਸੱਚਾ ਪ੍ਰੇਮ ਕਰਨ ਨਾਲ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ। ਬ੍ਰਾਹਮਣ ਜਾਤ ਦੇ ਸਾਧ ਸੰਗ ਲੋਕਾਂ ਨੂੰ ਠੱਗਣ ਲਈ ਕਈ ਪਾਖੰਡ ਕਰਦੇ ਸਨ। ਕਈ ਤਰ੍ਹਾਂ ਦੇ ਆਡੰਬਰ ਰਚ ਕੇ ਭੋਲ਼ੀ-ਭਾਲ਼ੀ ਜਨਤਾ ਨੂੰ ਲੁੱਟੀ ਜਾ ਰਹੇ ਸਨ। ਗੁਰੂ ਸਾਹਿਬਾਨ ਨੇ ਇਹਨਾਂ ਧਾਰਮਿਕ ਅੰਧ-ਵਿਸ਼ਵਾਸਾਂ ਦਾ ਡੱਟ ਕੇ ਖੰਡਨ ਕੀਤਾ। ਆਪ ਕਿੰਨੇ ਵਿਅੰਗ-ਮਈ ਸ਼ਬਦਾਂ ਵਿਚ ਕਹਿ ਰਹੇ ਹਨ:

ਧਯਾਨ ਲਗਾਇ ਠਗਿਓ ਸਭ ਲੋਗਨ ਸੀਸ ਜਟਾ ਨਖ ਹਾਥ ਬਢਾਏ॥
ਲਾਇ ਬਿਭੂਤ ਫਿਰਯੋ ਮੁਖ ਊਪਰਿ ਦੇਵ ਅਦੇਵ ਸਭੈ ਡਹਕਾਏ॥
ਲੋਭ ਕੇ ਲਾਗੈ ਫਿਰਯੋ ਘਰ ਹੀ ਘਰ ਜੋਗ ਕੇ ਨਯਾਸ ਸਭੈ ਬਿਸਰਾਏ॥
ਲਾਜ ਗਈ ਕਛੁ ਕਾਜੁ ਸਰਯੋ ਨਹਿ ਪ੍ਰੇਮ ਬਿਨਾ ਪ੍ਰਭ ਪਾਨ ਨ ਆਏ॥[102]

ਇਕ ਹੋਰ ਸਵੈਯੇ ਵਿਚ ਇਸ ਤੋਂ ਵੀ ਸਖ਼ਤ ਸ਼ਬਦਾਂ ਵਿਚ ਕਹਿੰਦੇ ਹਨ:

ਕਾਹੇ ਕਉ ਡਿੰਭ ਕਰੈ ਮਨ ਮੂਰਖ ਡਿੰਭ ਕਰੈ ਅਪਨੀ ਪਤਿ ਖ੍ਵੈਹੈ।।
ਕਾਹੇ ਕਉ ਲੋਗ ਠਗੇ ਠਗ ਲੋਗਨਿ ਲੋਗ ਗਯੋ ਪਰਲੋਗ ਗਵੈਹੈ।।
ਦੀਨ ਦਯਾਲ ਕੀ ਠੌਰ ਜਹਾ ਤਿਹਿ ਠੌਰ ਬਿਖੈ ਤੁਹਿ ਠੌਰ ਨ ਐਹੈ।।
ਚੇਤ ਰੇ ਚੇਤ ਅਚੇਤ ਮਹਾਂ ਜੜ ਭੇਖ ਕੇ ਕੀਨੇ ਅਲੇਖ ਪੈਹੈ।।[103]

ਮੂਰਤੀ ਪੂਜਕਾਂ ਦੇ ਭੁਲੇਖੇ ਕੱਢਣ ਲਈ ਇਹ ਸਪਸ਼ਟ ਰੂਪ ਵਿਚ ਦੱਸਦੇ ਹਨ ਕਿ ਬੁੱਤ ਪੂਜਨ ਨਾਲ ਉਸ ਬ੍ਰਹਮ ਸ਼ਕਤੀ (ਅਕਾਲ ਪੁਰਖ) ਦੀ ਪ੍ਰਾਪਤੀ ਨਹੀਂ ਹੋ ਸਕਦੀ। ਉਸ ਦੀ ਪ੍ਰਾਪਤੀ (ਬ੍ਰਹਮ ਸ਼ਕਤੀ ਦੀ) ਇਹਨਾਂ ਬਾਹਰੀ ਕਰਮ-ਕਾਂਡਾਂ ਨਾਲ ਨਹੀਂ ਹੁੰਦੀ। ਬ੍ਰਹਮ ਸ਼ਕਤੀ ਦੀ ਪ੍ਰਾਪਤੀ ਪਰਮਾਤਮਾ ਦੇ ਨਾਮ ਸਿਮਰਨ ਨਾਲ ਜੁੜਦੀ ਹੈ। ਨਾਮ ਸਿਮਰਨ ਤੋਂ ਬਿਨਾਂ ਤਾਂ ਮਨੁੱਖ ਕਾਲ ਦੀ ਜਕੜ ਵਿਚ ਜਕੜਿਆ ਰਹਿੰਦਾ ਹੈ। ਕੋਈ ਵੀ ਦੇਵੀ-ਦੇਵਤਾ ਇਸ ਨੂੰ ਇਸ ਜਕੜਨ ਤੋਂ ਛੁਡਾ ਨਹੀਂ ਸਕਦਾ ਕਿਉਂਕਿ ਉਹ ਸਭ ਆਪ ਇਸ ਦੇ ਚੱਕਰ ਵਿਚ ਫਸੇ ਪਏ ਹਨ ਇਸ ਸੰਬੰਧ ਵਿਚ ਗੁਰੂ ਗੋਬਿੰਦ ਸਿੰਘ ਜੀ ਫੁਰਮਾਉਂਦੇ ਹਨ:

ਜਾਲ ਬਧੇ ਸਭ ਹੀ ਮ੍ਰਿਤ ਕੇ ਕੋਊ ਰਾਮ ਰਸੂਲ ਨ ਬਾਚਨ ਪਾਏ।।
ਦਾਨਵ ਦੇਵ ਫਨਿੰਦ ਧਰਾਧਰ ਭੂਤ ਭਵਿੱਖ ਉਪਾਇ ਮਿਟਾਏ।।
ਅੰਤ ਮਰੈ ਪਛੁਤਾਇ ਪ੍ਰਿਥੀ ਪਰ ਜੇ ਜਗ ਮੈ ਅਵਤਾਰ ਕਹਾਏ।।
ਰੇ ਮਨ ਲੈਲ ਇਕੇਲ ਹੀ ਕਾਲ ਕੇ ਲਾਗਤ ਕਾਹੇ ਨਾ ਪਾਇਨ ਧਾਏ।।
ਕਾਲ ਹੀ ਪਾਇ ਭਇਓ ਬ੍ਰਹਮਾ ਗਹਿ ਦੰਡ ਕਮੰਡਲ ਭੂਮ ਭ੍ਰਮਾਨਯੋ।।
ਕਾਲ ਹੀ ਪਾਇ ਸਦਾ ਸ਼ਿਵਜੂ ਸਭ ਦੇਸ ਬਿਦੇਸ ਭਇਆ ਹਮ ਜਾਨਯੋ।।
ਕਾਲ ਹੀ ਪਾਇ ਭਯੋ ਮਿਟ ਗਯੋ ਜਗ ਯਾਂਹੀ ਤੇ ਤਾਹਿ ਸਭੋ ਪਹਿਚਾਨਯੋ।।
ਬੇਦ ਕਤੇਬ ਕੇ ਭੇਦ ਸਭੈ ਤਜਿ ਕੇਵਲ ਕਾਲ ਕ੍ਰਿਪਾਨਿਧਿ ਮਾਨਯੋ।।[104]

ਅਰਥਾਤ ਅਕਾਲ ਰੂਪੀ ਪਰਮਾਤਮਾ ਨੂੰ ਪਾਉਣ ਲਈ ਮਨੁੱਖ ਕਈ ਤਰ੍ਹਾਂ ਦੇ ਯਤਨ ਕਰਦਾ ਹੈ। ਇਸ ਯਤਨ ਤਹਿਤ ਕਦੇ ਬੇਦ ਕਤੇਬ (ਧਾਰਮਿਕ ਗ੍ਰੰਥਾਂ) ਦਾ ਅਧਿਐਨ ਕਰਦਾ, ਕਦੇ ਮੰਦਰਾਂ

ਵਿਚ ਸਥਾਪਿਤ ਪੱਥਰਾਂ ਦੀਆਂ ਮੂਰਤੀਆਂ ਵਿਚੋਂ ਬ੍ਰਹਮ ਸ਼ਕਤੀ ਦੀ ਭਾਲ ਕਰਦਾ, ਕਦੇ ਯੋਗੀਆਂ ਦੇ ਆਸ਼ਰਮ ਵਿਚ ਗੋਰਖ ਨੂੰ ਧਿਆਉਂਦਾ, ਕਦੇ ਸੰਨਿਆਸੀਆਂ ਵਿਚ ਮੰਤ੍ਰ ਤੰਤ੍ਰ ਦੁਆਰਾ ਜਾਨਣ ਦੀ ਕੋਸ਼ਿਸ਼ ਕਰਦਾ, ਕਦੇ ਮੁਸਲਮਾਨ ਦੇ ਰੂਪ ਵਿਚ ਦੀਨ ਈਮਾਨ ਦੀ ਗਲ ਕਰਦਿਆਂ ਉਸ ਦੇ ਰੱਹਸ ਨੂੰ ਪਾਉਣਾ ਚਾਹੁੰਦਾ ਹੈ ਪ੍ਰੰਤੂ ਉਸਦੇ ਰੱਹਸ ਦੇ ਭੇਦ ਨੂੰ ਕੋਈ ਨਹੀਂ ਜਾਣ ਸਕਦਾ ਕਿਉਂਕਿ ਜਿਸ ਨੇ ਪਰਮਾਤਮਾ ਨੂੰ ਆਪਣੇ ਹਿਰਦੇ ਵਿਚ ਧਾਰਨ ਹੀ ਨਹੀਂ ਕੀਤਾ ਉਹ ਉਸ ਦੇ ਰਹੱਸ ਨੂੰ ਕਿਸ ਪ੍ਰਕਾਰ ਜਾਣ ਸਕਦਾ ਹੈ।

ਇੰਞ ਗੁਰੂ ਸਾਹਿਬ ਸਮਝਾਉਂਦੇ ਹਨ ਕਿ ਸੰਸਾਰ ਦੀ ਹਰ ਹਸਤੀ ਇਥੋਂ ਤਕ ਕਿ ਅਵਤਾਰ, ਪੈਗੰਬਰ ਅਖਵਾਣ ਵਾਲੇ ਲੋਕ ਵੀ ਅਖੀਰ ਮੌਤ ਨੂੰ ਕਬੂਲਦੇ ਹਨ, ਇਸ ਲਈ ਸਾਨੂੰ ਕੇਵਲ ਇਕੋ ਇਕ ਹਸਤੀ ਬ੍ਰਹਮ ਸ਼ਕਤੀ ਨੇ ਮੋਤ ਤੇ ਵੀ ਜਿਤ ਪਾਈ ਹੋਈ ਹੈ, ਨੂੰ ਹੀ ਮੰਨਣਾ ਚਾਹੀਦਾ ਹੈ।

ਗੁਰੂ ਸਾਹਿਬਾਨ ਨੇ ਇਸ ਸੰਸਾਰ ਦੀ ਨਾਸ਼ਮਾਨਤਾ ਤੋਂ ਮਨੁੱਖ ਨੂੰ ਅਗਾਹ ਕਰਵਾਇਆ ਹੈ। ਮਨੁੱਖ ਸੰਸਾਰ ਵਿਚ ਆ ਕੇ ਉਸ ਦੀਆਂ ਦਿੱਤੀਆਂ ਨਾਸ਼ਵਾਨ ਦਾਤਾਂ ਵਿਚ ਇਨਾਂ ਗਲਤਾਨ ਹੋ ਜਾਂਦਾ ਹੈ ਕਿ ਉਸ ਨੂੰ ਉਹ ਦਾਤਾਂ ਦੇਣ ਵਾਲਾ ਭੁੱਲ ਜਾਂਦਾ ਹੈ। ਪਰਿਵਾਰਕ ਬੰਧਨਾਂ ਵਿਚ ਫਸਿਆ ਮਨੁੱਖ ਉਸ ਬ੍ਰਹਮ ਸ਼ਕਤੀ ਵੱਲੋਂ ਬੇਮੁਖ ਹੋ ਜਾਂਦਾ ਹੈ, ਪੁੱਤਰਾਂ ਧੀਆਂ ਦਾ ਮੋਹ ਉਸ ਨੂੰ ਗਲਤ ਕੰਮ ਕਰਨ ਲਈ ਮਜ਼ਬੂਰ ਕਰ ਦਿੰਦਾ ਹੈ। ਗੁਰੂ ਸਾਹਿਬਾਨ ਨੇ ਇਨਾਂ ਦੋਹਾਂ ਦੀ ਨਿੰਦਾ ਕੀਤੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਨਾ ਤਾਂ ਮਨੁੱਖ ਦੁਨੀਆਂ ਦੇ ਧੰਦਿਆਂ ਵਿਚ ਇਨਾਂ ਫਸੇ ਕਿ ਉਸ ਨੂੰ ਬ੍ਰਹਮ ਸ਼ਕਤੀ ਵਿਸਰ ਜਾਵੇ ਤੇ ਨਾ ਹੀ ਇਤਨਾ ਉਪਰਾਮ ਹੋਵੇ ਕਿ ਸਭ ਕੁਝ ਵੰਡ ਵਡਾ ਦੇਵੇ। ਇਸ ਸੰਸਾਰ ਵਿਚ ਰਹਿੰਦਿਆਂ ਉਹ ਹਸੰਦਿਆਂ ਖੇਲੰਦਿਆਂ ਪੈਨਦਿਆਂ ਖਾਵੰਦਿਆਂ ਵਿਚੇ ਹੋਵੇ ਮੁਕਤ ਕਿਉਂਕਿ ਅੰਤ ਵੇਲੇ ਪਰਮਾਤਮਾ ਦੇ ਨਾਮ ਨੇ ਹੀ ਸਹਾਈ ਹੋਣਾ ਹੈ। ਉਸ ਸਮੇਂ ਕਿਸੇ ਵੀ ਸੰਸਾਰੀ ਜੀਵ ਨੇ ਨਾਲ ਨਹੀਂ ਚਲਣਾ। ਧੀਆਂ ਪੁੱਤਰ, ਮਿੱਤਰ ਸਭ ਉਦੋਂ ਤੱਕ ਹੀ ਨਾਲ ਹਨ ਜਦੋਂ ਤਕ ਸਾਹ ਚੱਲਦੇ ਹਨ। ਇਥੋਂ ਤਕ ਕਿ ਅਰਧਾਂਗਨੀ ਕਹੀ

ਜਾਣ ਵਾਲੀ ਔਰਤ ਤੇਰੀ ਘਰ ਵਾਲੀ ਨੇ ਵੀ ਤੇਰਾ ਸਾਥ ਨਹੀਂ ਦੇਣਾ। ਇਸ ਲਈ ਗੁਰੂ ਗੋਬਿੰਦ ਸਿੰਘ ਜੀ ਮਨੁੱਖ ਨੂੰ ਸੁਚੇਤ ਕਰ ਰਹੇ ਹਨ ਕਿ ਪੁੱਤਰ, ਧੀਆਂ ਅਤੇ ਮਿੱਤਰ ਅਖੀਰ ਵੇਲੇ ਤੇਰਾ ਸਾਥ ਛੱਡ ਦੇਣਗੇ। ਤੇਰੇ ਤਨ ਤਿਆਗਣ ਦੀ ਦੇਰ ਹੈ, ਤੈਨੂੰ ਜਲਦੀ ਘਰੋਂ ਕੱਢਣ ਦਾ ਉਪਰਾਲਾ ਕਰਨਗੇ। ਮਨੁੱਖ ਨੂੰ ਉਸ ਪਰਮਾਤਮਾ ਦੇ ਨਾਮ ਨਾਲ ਚਿੱਤ ਲਾਉਣਾ ਚਾਹੀਦਾ ਹੈ। ਉਹ ਨਾਮ ਜਿਹੜਾ ਅੰਤ ਸਮੇਂ ਸਹਾਈ ਹੋਵੇਗਾ:

ਫੋਕਟ ਕਰਮ ਦ੍ਰਿੜਾਤ ਕਹਾ ਇਨ ਲੋਗਨ ਕੋ ਕੋਈ ਕਾਮ ਨ ਐਹੈ॥
ਭਾਜਤ ਕਾ ਧਨ ਹੇਤ ਅਰੇ ਜਮ ਕਿੰਕਰ ਤੇ ਨਹ ਭਾਜਨ ਪੈਹੈ॥
ਪੁੱਤ੍ਰ ਕਲਿੱਤ੍ਰ ਨ ਮਿੱਤ੍ਰ ਸਭੈ ਊਹਾ ਸਿੱਖਸਖਾ ਕੋਊ ਸਾਖ ਨ ਦੈਹੈ॥
ਚੇਤ ਰੇ ਚੇਤ ਅਚੇਤ ਮਹਾਂਪਸੁ ਅੰਤ ਕੀ ਬਾਰ ਅਕੇਲੋਈ ਜੈਹੈ॥
ਤੋ ਤਨ ਤਯਾਗਤ ਹੀ ਸੁਨ ਰੇ ਜੜ ਪ੍ਰੇਤ ਬਖਾਨ ਤ੍ਰਿਆ ਭਜਿ ਜੈਹੈ॥
ਪੁੱਤ੍ਰ ਕਲੱਤ੍ਰ ਸੁ ਮਿਤ੍ਰ ਸਖਾ ਇਹ ਬੇਗ ਨਿਕਾਰਹੁ ਆਇਸੁ ਦੈਹੈ॥
ਭਉਨ ਭੰਡਾਰ ਧਰਾ ਗੜ ਜੇਤਕ ਛਾਡਤ ਪ੍ਰਾਨ ਬਿਗਾਨ ਕਹੈ ਹੈ॥
ਚੇਤ ਰੇ ਚੇਤ ਅਚੇਤ ਮਹਾਂਪਸੁ ਅੰਤ ਕੀ ਬਾਰ ਅਕੇਲੋਈ ਜੈ ਹੈ॥[105]

ਅਰਥਾਤ ਇਸ ਅੰਤਿਮ ਸਚਾਈ ਨੂੰ ਸਦਾ ਯਾਦ ਰੱਖਣ ਦੀ ਪ੍ਰੇਰਣਾ ਦਿਤੀ ਹੈ ਕਿ ਸੰਸਾਰ ਤੇ ਹਰ ਜੀਵ ਦਾ ਅੰਤ ਅਟੱਲ ਹੈ। ਮੌਤ ਅਟੱਲ ਹੈ ਤੇ ਇਸ ਸੰਸਾਰ ਦੇ ਮੋਹ-ਮਾਇਆ ਨੇ ਕਿਸੇ ਕੰਮ ਨਹੀਂ ਆਉਣਾ। ਇਸ ਲਈ ਤੂੰ ਉਸ ਪਰਮਾਤਮਾ ਦਾ ਨਾਮ ਚੇਤੇ ਰਖਣਾ ਜ਼ਰੂਰੀ ਹੈ।

ਉਪਰੋਕਤ ਅਧਿਐਨ ਤੋਂ ਸਪਸ਼ਟ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ 33 ਸਵੈੱਯੇ ਅਧਿਆਤਮਿਕ, ਸਮਾਜਿਕ ਅਤੇ ਸਭਿਆਚਾਰਕ ਪੱਖ ਤੋਂ ਬੜੀ ਮਹੱਤਵਪੂਰਨ ਰਚਨਾ ਹੈ ਅਤੇ ਇਸ ਵਿਚ ਦਰਜ ਗੁਰੂ ਸਾਹਿਬ ਦੇ ਉਪਦੇਸ਼ਾਂ ਰਾਹੀਂ ਆਮ ਲੋਕਾਂ ਨੂੰ ਅਗਿਆਨਤਾ, ਕਰਮ ਕਾਂਡ, ਫਜ਼ੂਲ ਦੀਆਂ ਰਹੁ-ਰੀਤਾਂ ਅਤੇ ਅਰਥਹੀਣ ਧਾਰਮਿਕ ਵਿਸ਼ਵਾਸਾਂ ਤੋਂ ਮੁਕਤ ਕਰਾਉਣ ਦਾ ਠੋਸ ਯਤਨ ਕੀਤਾ ਗਿਆ ਹੈ ਅਤੇ ਇਸਦੇ ਨਾਲ ਹੀ ਕਰਮ ਸ਼ਕਤੀ ਤੇ ਜ਼ੋਰ

ਦਿਤਾ ਹੈ। ਮਨੁੱਖ ਨੂੰ ਫਾਲਤੂ ਦੇ ਧਾਰਮਿਕ ਕਰਮ-ਕਾਂਡਾਂ ਨੂੰ ਛੱਡ ਕੇ ਉਸ ਨਿਰਗੁਣ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਨ ਦਾ ਉਪਦੇਸ਼ ਦਿੱਤਾ ਹੈ ਕਿਉਂਕਿ ਸੰਸਾਰ ਵਿਚ ਪਰਮਾਤਮਾ ਦਾ ਨਾਮ ਹੀ ਮਨੁੱਖ ਨੂੰ ਭੈ ਚੋਂ ਬਾਹਰ ਕੱਢਦਾ ਹੈ। ਮਧਕਾਲੀਨ ਪੰਜਾਬੀ ਸਾਹਿਤ ਵਿਚ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਰਚਿਤ 33 ਸਵੈੱਯੇ ਦਾ ਵਿੱਲਖਣ ਸਥਾਨ ਹੈ। ਇਸ ਵਿਚ ਬ੍ਰਹਮ (ਸ਼ਕਤੀ) ਨੂੰ ਸਰਵਉਚ ਅਵਸਥਾ ਵਿਚ ਪੇਸ਼ ਕੀਤਾ ਗਿਆ ਹੈ।

### 3.6. ਜ਼ਫ਼ਰਨਾਮਾ ਰਚਨਾ ਵਿੱਚ ਆਤਮਿਕ ਸ਼ਕਤੀ ਦਾ ਪਰਿਪੇਖ

ਜ਼ਫ਼ਰਨਾਮਾ (ਭਾਵ ਫ਼ਤਹਿ ਦੀ ਚਿੱਠੀ) ਸ਼ਿਅਰਾਂ ਦਾ ਵਿਜੈ ਪੱਤ੍ਰ ਹੈ। ਜਿਸ ਨੂੰ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਫ਼ਾਰਸੀ ਭਾਸ਼ਾ ਵਿਚ ਔਰੰਗਜ਼ੇਬ ਨੂੰ ਲਿਖਿਆ ਸੀ। ਇਹ ਪੱਤਰ ਨੇਕੀ ਤੇ ਬਦੀ ਦਾ ਪ੍ਰਤੀਕ ਹੈ। ਇਸ ਦੇ ਆਰੰਭ ਵਿਚ ਪਰਮਾਤਮਾ ਪ੍ਰਤੀ ਸ਼ਰਧਾ, ਅਟੱਲ ਵਿਸ਼ਵਾਸ਼ ਅਤੇ ਸਤਿਕਾਰ ਪ੍ਰਗਟ ਕਰਦਿਆਂ ਇਸ ਜਗਤ ਵਿਚ ਪਰਮਾਤਮਾ ਦੀ ਉਚੱਤਾ ਨੂੰ ਸਥਾਪਿਤ ਕੀਤਾ ਹੈ। ਔਰੰਗਜ਼ੇਬ ਜੋ ਆਪਣੇ ਆਪ ਵਿਚ ਇਕ ਘੁਮੰਡੀ, ਜ਼ਾਲਮ-ਬਾਦਸ਼ਾਹ ਹੈ ਨੂੰ ਉਸ ਦੀ ਥਾਂ ਦਿਖਾਉਣ ਅਤੇ ਤੁਛੱਤਾ ਦਾ ਅਹਿਸਾਸ ਕਰਾਉਣਾ ਹੈ। ਦੂਸਰੇ ਹਿੱਸੇ ਵਿਚ ਚਮਕੌਰ ਦੇ ਯੁੱਧ ਅਤੇ ਚਾਰੇ ਸਾਹਿਬਜ਼ਾਦਿਆਂ ਦੇ ਸ਼ਹੀਦ ਹੋਣ ਦੀ ਕਥਾ ਬਿਆਨ ਕਰਦਿਆਂ ਗੁਰੂ ਜੀ ਨੇ ਔਰੰਗਜ਼ੇਬ ਨੂੰ ਸਪਸ਼ਟ ਸ਼ਬਦਾਂ ਵਿਚ ਉਸ ਦੀ ਤੰਗ ਦਿਲੀ, ਫ਼ਿਰਕਾਪ੍ਰਸਤੀ (ਧਰਮ-ਅੰਧਤਾ), ਲੋਕਾਂ ਪ੍ਰਤੀ ਦੁਸ਼ਟ ਵਿਵਹਾਰ ਦੀ ਸੱਚ ਬਹੁਤ ਹੀ ਸਾਹਸਮਈ ਢੰਗ ਨਾਲ ਸੁਣਾਇਆ ਹੈ।[106]

ਜ਼ਫ਼ਰਨਾਮਾ ਸਮਾਸੀ ਸ਼ਬਦ ਹੈ, ਜੋ ਜ਼ਫ਼ਰ ਅਤੇ ਨਾਮਾ ਦੇ ਸੁਮੇਲ ਜ਼ਫ਼ਰ+ਨਾਮਾ ਤੋਂ ਬਣਿਆ ਹੈ। ਜ਼ਫ਼ਰ ਅਰਬੀ ਭਾਸ਼ਾ ਦਾ ਸ਼ਬਦ ਹੈ, ਜਿਸ ਦਾ ਅਰਥ ਹੈ ਫ਼ਤੇ, ਜਿੱਤ, ਵਿਜੈ, ਸਫਲਤਾ ਆਦਿ[107] ਅਤੇ ਨਾਮਾ ਫ਼ਾਰਸੀ ਭਾਸ਼ਾ ਦਾ ਸ਼ਬਦ ਹੈ, ਜਿਸ ਦਾ ਅਰਥ ਹੈ ਖ਼ਤ, ਚਿੱਠੀ, ਪੱਤਰ, ਲਿਖਤ, ਹੁਕਮ ਆਦਿ।[108] ਇਸ ਤਰ੍ਹਾਂ ਜ਼ਫ਼ਰਨਾਮਾ ਦਾ ਅਰਥ ਫ਼ਤਿਹ ਦਾ ਖ਼ਤ ਹੈ। ਜ਼ਫ਼ਰਨਾਮਾ ਨੂੰ ਧਰਮ ਨਾਲ ਜੋੜਿਆ ਜਾਂਦਾ ਹੈ, ਅਰਥਾਤ ਇਹ ਇਖਲਾਕੀ ਫ਼ਤਿਹ ਦਾ ਖ਼ਤ ਹੈ। ਜ਼ਫ਼ਰਨਾਮਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸੰਮਤ 1763 ਬਿਕਰਮੀ ( 1706 ਈ:)[109] ਨੂੰ

ਦੀਨੇ[110] ਤੋਂ ਭਾਈ ਦੇਸੂ ਦੇ ਘਰ ਤੋਂ ਲਿਖ ਕੇ ਭਾਈ ਦਯਾ ਸਿੰਘ ਤੇ ਭਾਈ ਧਰਮ ਸਿੰਘ ਆਦਿ ਸਿੰਘਾਂ ਦੇ ਹੱਥ ਔਰੰਗਜ਼ੇਬ (ਅਬੁਸ਼ਫਰ ਮਹਾਉੱਦੀਨ ਮੁਹੰਮਦ ਔਰੰਗਜ਼ੇਬ)[111] ਵਲ ਅਹਿਮਦਨਗਰ[112] ਭੇਜਿਆ ਸੀ। ਜ਼ਫ਼ਰਨਾਮਾ ਅਸਲ ਵਿੱਚ ਹਕੀਕੀ ਫ਼ਤਿਹਨਾਮਾ ਹੈ, ਜਿਸ ਨਾਲ ਜਿੱਤ-ਹਾਰ ਦੇ ਪ੍ਰਸੰਗ ਅਤੇ ਅਰਥਾਂ ਵਿਚ ਤਬਦੀਲੀ ਆ ਗਈ ਹੈ।

ਜ਼ਫ਼ਰਨਾਮੇ ਦੇ ਸ਼ਾਬਦਿਕ ਅਰਥ 'ਜਿੱਤ' ਦੀ ਨਿਸ਼ਾਨਦੇਹੀ ਕਰਨੀ ਹੈ। ਆਮ ਤੌਰ ਤੇ ਕਿਸੇ ਮਨੋਰਥ, ਉਦੇਸ਼ ਅਤੇ ਮਨਸੂਬੇ ਦੀ ਪ੍ਰਾਪਤੀ ਨੂੰ ਜਿੱਤ ਕਿਹਾ ਜਾਂਦਾ ਹੈ। ਇਕ ਜਿੱਤ ਅਜਿਹੀ ਵੀ ਹੈ ਜੋ ਆਪਣਾ ਸਭ ਕੁਝ ਵਾਰਨ ਤੋਂ ਬਾਅਦ ਪ੍ਰਾਪਤ ਹੋਏ। ਉਹ ਜਿੱਤ, ਜਿੱਤ ਦੀ ਪਰਿਭਾਸ਼ਾ ਹੀ ਬਦਲ ਦੇਵੇ। ਮਨੁੱਖਤਾ ਦੇ ਇਤਿਹਾਸ ਵਿਚ ਵੇਖੀਏ ਤਾਂ ਅਜਿਹੀ ਜਿੱਤ ਦੀ ਦਾਅਵੇ ਦਾਰੀ ਕੇਵਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਹੀ ਕਰਦੇ ਨਜ਼ਰ ਆਉਂਦੇ ਹਨ। ਜ਼ਫ਼ਰਨਾਮਾ ਅਜਿਹੀ ਜਿੱਤ ਦਾ ਹੀ ਪਵਿੱਤਰ ਦਸਤਾਵੇਜ਼ ਹੈ।[113] ਪ੍ਰੋ. ਪਿਆਰਾ ਸਿੰਘ ਪਦਮ ਨੇ ਆਪਣੀ ਪੁਸਤਕ 'ਜ਼ਫ਼ਰਨਾਮਾ' ਬਾਰੇ ਲਿਖਿਆ ਹੈ; ਜ਼ਫ਼ਰਨਾਮਾ ਚੜ੍ਹਦੀ ਕਲਾ ਦਾ ਸਿਖਰ ਹੈ। ਇਹ ਸ਼ੇਰ ਦੀ ਉਹ ਭਬਕ ਹੈ ਜੋ ਖ਼ੁਦਾ-ਪ੍ਰਸਤੀ ਖੁਦਦਾਰੀ ਤੇ ਇਮਾਨਦਾਰੀ ਦਾ ਸਬਕ ਦਿੰਦੀ ਹੈ।[114]

ਜ਼ਫ਼ਰਨਾਮਾ ਪਰਮਾਤਮਾ ਦੀ ਉਸਤਤਿ ਨਾਲ ਆਰੰਭ ਹੁੰਦਾ ਹੈ ਜਿਸਦੇ ਪਹਿਲੇ 12 ਸ਼ੇਅਰਾਂ ਵਿਚ ਪਰਮਸਤਿ (ਪਰਮਾਤਮਾ) ਦਾ ਸਰੂਪ ਬਿਆਨਿਆ ਗਿਆ ਹੈ। ਪਰਮਸਤਿ (ਪਰਮਾਤਮਾ) ਪਰਾ ਮਨੁੱਖੀ ਸ਼ਕਤੀ ਨੂੰ ਆਖਦੇ ਹਨ, ਜੋ ਅਦ੍ਰਿਸ਼ਟ ਹੈ। ਉਹ ਪਰਮਸਤਿ (ਪਰਮਾਤਮਾ) ਸਰਵਉੱਚ, ਕ੍ਰਿਪਾਲੂ, ਮੇਹਰਬਾਨ, ਮੁਕਤੀਦਾਤਾ, ਹੈ। ਸਭ ਨੂੰ ਰੋਜ਼ੀ ਦੇਣ ਵਾਲੇ ਸ਼ਹਿਨਸ਼ਾਂਹਾ ਦਾ ਸ਼ਾਹ ਹੈ।

ਗੋਬਿੰਦ ਸਿੰਘ ਜੀ ਨੇ ਜ਼ਫ਼ਰਨਾਮੇ ਰਾਹੀਂ ਔਰੰਗਜ਼ੇਬ ਨੂੰ ਸੰਬੋਧਿਤ ਕਰਦਿਆਂ ਸਮੁਚੇ ਸਮਾਜ ਨੂੰ ਸਮਝਾਇਆ ਕਿ ਪਰਮਾਤਮਾ ਹਮੇਸ਼ਾਂ ਕਾਯਮ (ਸਦੀਵੀ ਰਹਿਣ ਵਾਲਾ), ਕਰੀਮ (ਕ੍ਰਿਪਾ ਕਰਨ ਵਾਲਾ) ਰੂਪ ਰੰਗ ਤੋਂ ਨਿਆਰਾ, ਸਹਿਨ ਸ਼ਾਹਿ (ਰਾਜਿਆ ਦਾ ਰਾਜਾ) ਹੈ।[115] ਮੰਗਲਾਚਰਨ ਵਿਚ ਅਕਾਲ ਪੁਰਖ ਦੀਆਂ ਖੂਬੀਆਂ ਦਰਸਾ ਕੇ ਗੁਰੂ ਸਾਹਿਬ ਨੇ ਔਰੰਗਜ਼ੇਬ ਨੂੰ ਉਸ ਦੀ ਰਸਮੀ ਬਾਦਸ਼ਾਹੀ ਦਾ ਅਹਿਸਾਸ ਕਰਵਾਇਆ ਹੈ:

ਕਮਾਲੇ ਕਰਾਮਾਤ .ਕਾਇਮ .ਕਰੀਮ॥

ਰਜ਼ਾ ਬਖ਼ਸ਼ ਰਾਜ਼ਿਕ ਰਿਹਾਕੁਨ ਰਹੀਮ॥

ਅਮਾਂ ਬਖ਼ਸ਼ ਬਖ਼ਸ਼ਿੰਦ ਓ ਦਸਤਗੀਰ॥

ਖ਼ਤਾ ਬਖ਼ਸ਼ ਰੋਜ਼ੀ ਦਿਹੋ ਦਿਲਪਜ਼ੀਰ॥

ਸ਼ਹਿਨਸ਼ਾਹਿ ਖ਼ੂਬੀ ਦਿਹੋ ਰਹਨਮੂੰ॥

ਕਿ ਬੇਗੂੰਨ ਬੇਚੂੰਨ ਚੂੰ ਬੇਨਮੂੰ॥[116]

ਜ਼.ਫ਼ਰਨਾਮੇ ਦਾ ਹਰ ਸ਼ਬਦ ਚੜ੍ਹਦੀਕਲਾ ਦਾ ਸੂਚਕ ਹੈ। ਇਸ ਚੜ੍ਹਦੀਕਲਾ ਦਾ ਮੂਲ ਆਧਾਰ ਗੁਰੂ ਗੋਬਿੰਦ ਸਿੰਘ ਜੀ ਦਾ 'ਅਕਾਲ ਪੁਰਖ' ਉੱਤੇ ਅਟਲ ਭਰੋਸਾ ਹੈ, ਜਿਸ ਤੋਂ ਉਨ੍ਹਾਂ ਨੂੰ ਸਾਹਸ, ਦ੍ਰਿੜਤਾ ਅਤੇ ਇਰਾਦੇ ਦੀ ਮਜ਼ਬੂਤੀ ਦਾ ਬਲ ਮਿਲਦਾ ਹੈ। ਗੁਰੂ ਜੀ ਦੁਆਰਾ ਇਸ ਰਚਨਾ ਦੇ ਇਸ ਵਿਸ਼ੇਸ਼ ਸਿਰਲੇਖ ਨੂੰ ਚੁਣੇ ਜਾਣ ਤੋਂ ਇਹੀ ਸਪਸ਼ਟ ਹੋ ਜਾਂਦਾ ਹੈ ਕਿ ਉਨ੍ਹਾਂ ਦੇ ਮਨ ਵਿਚ ਨੇਕੀ ਦੀ ਜਿੱਤ ਦਾ ਕਿੱਡਾ ਵੱਡਾ ਤੇ ਅਟੱਲ ਵਿਸ਼ਵਾਸ਼ ਹੈ:

ਕਿ ਸਾਹਿਬ ਸ਼ਊਰ ਅਸਤ ਆਜਿਜ਼ ਨਿਵਾਜ਼॥

.ਗਰੀਬੁਲ ਪ੍ਰਸਤੋ .ਗਨੀਮੁਲ ਗੁਦਾਜ਼॥[117]

ਜਿਸ ਸਮੇਂ ਇਹ ਪੱਤਰ ਲਿਖਿਆ ਗਿਆ ਉਸ ਸਮੇਂ ਗੁਰੂ ਸਾਹਿਬ ਸ੍ਰੀ ਆਨੰਦਪੁਰ ਸਾਹਿਬ ਛੱਡ ਕੇ ਜਾ ਚੁੱਕੇ ਸਨ ਅਤੇ ਚਮਕੌਰ ਸਾਹਿਬ ਦੀ ਭਿਆਨਕ ਜੰਗ ਵੀ ਹੋ ਚੁੱਕੀ ਸੀ। ਇਹ ਪੱਤਰ ਲਿਖਣ ਤੱਕ ਗੁਰੂ ਗੋਬਿੰਦ ਸਿੰਘ ਜੀ ਦੇ ਚਾਰੇ ਸਾਹਿਬਜ਼ਾਦੇ ਵੀਰਤਾ ਨਾਲ ਸ਼ਹੀਦੀ ਪਾ ਚੁੱਕੇ ਸਨ। ਚਮਕੌਰ ਸਾਹਿਬ ਦੀ ਜੰਗ ਵਿਚ ਭੁੱਖਣ-ਭਾਣੇ ਸਿੱਖਾਂ ਵਿੱਚੋਂ ਬਹੁਤੇ ਸਿੱਖ ਸ਼ਹਾਦਤ ਦਾ ਜਾਮਾ ਪੀ ਚੁੱਕੇ ਸਨ। ਖਾਲਸਾ ਫੌਜਾਂ ਖਿੰਡ ਚੁੱਕੀਆਂ ਸਨ ਅਤੇ ਔਰੰਗਜ਼ੇਬ ਬਾਦਸ਼ਾਹ ਦੀਆਂ ਅਣਗਿਣਤ ਫੌਜਾਂ ਸਾਰੇ ਹਿੰਦੁਸਤਾਨ ਨੂੰ ਘੇਰ ਕੇ ਆਪਣੇ ਪ੍ਰਭਾਵ ਹੇਠ ਲੈ ਚੁੱਕੀਆਂ ਸਨ। ਅਜਿਹੀ ਸਥਿਤੀ ਵਿਚ ਗੁਰੂ ਜੀ ਵੱਲੋਂ ਔਰੰਗਜ਼ੇਬ ਬਾਦਸ਼ਾਹ ਨੂੰ ਸੱਚੀਆਂ-ਸੁੱਚੀਆਂ ਅਤੇ ਖਰੀਆਂ-ਖਰੀਆਂ ਗੱਲਾਂ ਨਾਲ ਭਰਿਆ ਵਿਜੇ ਪੱਤਰ ਲਿਖਿਆ ਜਾਣਾ ਆਪ ਜੀ ਦੀ ਚੜ੍ਹਦੀ ਕਲਾ ਦਾ ਉੱਤਮ ਪ੍ਰਮਾਣ ਹੈ।

ਜ਼ਫ਼ਰਨਾਮੇ ਦਾ ਸੰਬੰਧ ਕੇਵਲ ਗੁਰੂ ਗੋਬਿੰਦ ਸਿੰਘ ਜੀ ਦੀਆਂ ਜੰਗਾਂ ਤੱਕ ਨਹੀਂ ਇਹ ਤਾਂ ਸੰਸਾਰ ਦੀ ਹਰ ਉਸ ਜੰਗ ਦਾ 'ਜਿੱਤ ਪੱਤਰ' ਹੈ ਜਿਹੜੀ ਕਿਸੇ ਧਰਮੀ ਨੇ ਜ਼ੁਲਮ ਦੇ ਵਿਰੁੱਧ ਲੜੀ ਸੀ ਜਾ ਲੜੇਗਾ। ਇਹ ਹਰ ਉਸ ਹੁਕਮਰਾਨ ਲਈ ਇਕ ਨਸੀਹਤਨਾਮਾ ਹੈ ਜਿਸ ਦਾ ਮਕਸਦ ਨਜਾਇਜ਼ ਵਸੀਲਿਆਂ ਰਾਹੀਂ ਜੰਗਾਂ ਜਿੱਤਣ ਤਕ ਹੀ ਸੀਮਤ ਹੈ।[118] ਜਿੱਤ ਦਾ ਇਹ ਐਲਾਨ-ਨਾਮਾ ਧਰਮੀ ਅਤੇ ਅਧਰਮੀ ਪੁਰਖ ਦੀ ਨਿਸ਼ਾਨਦੇਹੀ ਵੀ ਕਰਦਾ ਹੈ। ਧਰਮੀ ਦੀ ਜੁਬਾਨ ਉਸ ਦੀ ਜਾਨ ਨਾਲੋਂ ਵੀ ਵਧੇਰੇ ਕੀਮਤੀ ਹੁੰਦੀ ਹੈ ਅਤੇ ਅਧਰਮੀ-ਧਾਰਮਿਕ ਗ੍ਰੰਥਾਂ ਦੀਆਂ ਸਹੁੰਆਂ ਨੂੰ ਤੋੜ ਕੇ ਵੀ ਯੁੱਧ ਜਿੱਤਣ ਦਾ ਯਤਨ ਕਰਦਾ ਹੈ।[119] ਉਸ ਦਾ ਮਰਿਆ ਜ਼ਮੀਰ, ਸੁੱਤੀ ਪਈ ਰੂਹ ਇਸ ਤੋਂ ਬਿਲਕੁੱਲ ਅਚੇਤ ਹੁੰਦੇ ਹਨ ਕਿ ਉਸ ਦੁਆਰਾ ਅਪਣਾਏ ਜਾ ਰਹੇ ਵਸੀਲੇ ਤਵਾਰੀਖ ਵਿਚ ਉਸ ਦੀ ਕੌਮ ਦੇ ਕਿਰਦਾਰ ਨੂੰ ਵੀ ਨੀਵਾਂ ਕਰ ਦੇਣਗੇ।[12•]

ਭਾਰਤੀ ਇਤਿਹਾਸ ਵਿਚ ਜਿਸ ਤਰ੍ਹਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕ੍ਰਾਂਤੀਕਾਰੀ ਵਿਚਾਰ ਲਿਆਂਦੇ ਤੇ ਭਾਰਤੀਆਂ ਨੂੰ ਟੁੰਬ ਕੇ ਜਗਾਇਆ, ਉਸ ਦੀ ਮਿਸਾਲ ਇਤਿਹਾਸ ਵਿਚ ਘੱਟ ਹੀ ਮਿਲਦੀ ਹੈ। ਆਪ ਨੂੰ ਜੀਵਨ ਭਰ ਮੁਗਲ ਸਾਮਰਾਜ ਦੇ ਜਬਰ ਵਿਰੁੱਧ ਘੋਲ ਕਰਨਾ ਪਿਆ, ਆਪ ਦੇ ਪਿਤਾ ਨੇ ਵੀ ਇਸੇ ਸੰਗ੍ਰਾਮ ਵਿਚ ਆਪਣਾ ਬਲੀਦਾਨ ਦਿੱਤਾ ਤੇ ਆਪ ਨੇ ਵੀ ਕਈ ਦਿਨ ਇਸ ਅਤਿਆਚਾਰ ਨਾਲ ਟੱਕਰ ਲੈ ਕੇ ਮੁਸੀਬਤਾਂ ਵਿਚ ਲੰਘਾਏ ਪਰਤੂੰ ਇਨ੍ਹਾਂ ਔਖਿਆਈਆਂ ਤੇ ਸੰਕਟਾਂ ਦੇ ਬਾਵਜੂਦ ਆਪ ਡੋਲੇ ਨਹੀਂ, ਘਬਰਾਏ ਨਹੀਂ, ਆਪਣੇ ਆਦਰਸ਼ਾਂ ਉੱਤੇ ਦ੍ਰਿੜ ਰਹੇ। ਆਪ ਦੀ ਇਸ ਅਡੋਲਤਾ ਤੇ ਦ੍ਰਿੜ੍ਹਤਾ ਦੀ ਇਕ ਸੁੰਦਰ ਤੇ ਸ਼ਕਤੀਵਾਨ ਨਿਸ਼ਾਨੀ ਇਹ ਜ਼ਫ਼ਰਨਾਮਾ ਹੈ, ਜੋ ਉਨ੍ਹਾਂ ਦੇ ਸੰਗ੍ਰਾਮ-ਪੂਰਣ ਜੀਵਨ ਦੇ ਉਭਾਰ ਨੂੰ ਬਹੁਤ ਚੰਗੀ ਤਰ੍ਹਾਂ ਪੇਸ਼ ਕਰਦਾ ਹੈ।[121]

ਬੇਇਨਸਾਫੀ ਦਾ ਮੁਕਾਬਲਾ ਕਰਨ ਲਈ ਲੋਕਾਂ ਅੰਦਰ ਜਿਸ ਸ਼ਕਤੀ-ਸੰਚਾਰ ਦੀ ਲੋੜ ਸੀ ਉਸ ਲਈ ਗੁਰੂ ਗੋਬਿੰਦ ਸਿੰਘ ਨੇ ਆਪਣੇ ਪੂਰਵ ਵਰਤੀ ਗੁਰੂਆਂ ਦੀ ਭਗਤੀ ਪੱਧਤੀ ਵਿਚ ਵੀਰ ਰੂਪਕਾਂ ਨੂੰ ਪ੍ਰਮੁੱਖਤਾ ਦਿੱਤੀ। ਸਮੁੱਚੇ ਭਗਤੀ ਕਾਵਿ ਵਿਚ ਪਰਮਾਤਮਾ ਦੇ ਸ੍ਰਿਸ਼ਟੀ ਕਰਤਾ ਅਤੇ ਪਾਲਨ ਕਰਤਾ ਰੂਪ ਦੀ ਪ੍ਰਧਾਨਤਾ ਹੈ ਪਰ ਉਸ ਦਾ ਇਕ ਰੂਪ ਹੋਰ ਵੀ ਹੈ, ਵਿਨਾਸ਼ਕ ਜਾਂ ਸੰਘਾਰਨ ਵਾਲਾ ਰੂਪ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਾਹਿਤ ਵਿਚ ਪਰਮੇਸ਼ਰ ਕਰਤਾ ਤੇ

ਭਗਤ ਗੁਣਾਂ ਦੇ ਨਾਲ-ਨਾਲ ਉਸ ਦੇ 'ਹਰਤਾ' ਰੂਪ ਦਾ ਬਹੁਤ ਪਿਆਰ ਨਾਲ ਚਿਤ੍ਰਣ ਕੀਤਾ ਹੈ। ਕਿੰਨੇ ਸਥਾਨਾਂ ਤੇ ਉਹ ਕਹਿੰਦੇ ਹਨ ਕਿ ਜਿਸ 'ਅਕਾਲਪੁਰਖ' ਨੇ ਵੱਡੇ ਵੱਡੇ ਦੇਵਤਿਆਂ, ਦੈਂਤਾਂ, ਸਮਰਾਟਾਂ ਨੂੰ ਪਲਾਂ ਵਿਚ ਮਧੋਲ ਕੇ ਰੱਖ ਦਿੱਤਾ। ਉਸ ਅੱਗੇ ਟਿਕ ਸਕਣ ਦੀ ਤਾਕਤ ਕਿਸ ਦੀ ਹੈ, ਸ਼ਾਇਦ ਇਹ ਕਹਿਕੇ ਉਨ੍ਹਾਂ ਨੇ ਆਪਣੇ ਯੁਗ ਦੀ ਉਸ ਤਾਕਤ ਦੇ ਨਸ਼ੇ ਵਿਚ ਚੂਰ ਮੁਗਲ ਸੱਤਾ ਵਲ ਇਸ਼ਾਰਾ ਕੀਤਾ ਸੀ ਜਿਸ ਦੀ ਅਪਾਰ ਸ਼ਕਤੀ ਦੇ ਸਾਹਮਣੇ ਉਸ ਕਾਲ ਪੁਰਖ ਦਾ ਭਰੋਸਾ ਲੈ ਕੇ ਉਹ ਖੜੇ ਹੋਏ ਸਨ-

ਯਾ ਕਲ ਮੈ ਸਭ ਕਾਲ ਕ੍ਰਿਪਾਨ ਕੇ॥
ਭਾਰੀ ਭੁਜਾਨ ਕੋ ਭਾਰੀ ਭਰੋਸੋ॥[122]

ਗੁਰੂ ਗੋਬਿੰਦ ਸਿੰਘ ਜੀ ਦੀ ਭਗਤੀ ਨੇ ਅਡੰਬਰਾਂ ਦਾ ਖੰਡਨ ਕਰਕੇ ਨਾ ਕੇਵਲ ਉਨ੍ਹਾਂ ਨੂੰ ਧਾਰਮਿਕ ਨੇਤਾ ਹੀ ਬਣਾਇਆ ਸਗੋਂ ਖਾਲਸਾ ਪੰਥ ਦਾ ਮੋਢੀ ਵੀ ਬਣਾ ਦਿੱਤਾ ਤੇ ਉਹਨਾਂ ਦੀ ਸ਼ਕਤੀ ਨੇ ਨਾ ਕੇਵਲ ਔਰੰਗਜ਼ੇਬ ਦੇ ਅਤਿਆਚਾਰਾਂ ਦਾ ਵਿਰੋਧ ਕਰਨ ਦਾ ਸਾਹਸ ਸੂਰਬੀਰਤਾ ਤੇ ਪ੍ਰੇਰਣਾ ਦਿੱਤੀ ਸਗੋਂ ਬੇਜਾਨ, ਸ਼ਕਤੀਹੀਨ, ਦੁਖੀ ਤੇ ਸੁੱਤੀ ਹੋਈ ਹਿੰਦੂ ਜਾਤੀ ਨੂੰ ਅਤਿਆਚਾਰ ਦੇ ਵਿਰੋਧ ਕਰਨ ਲਈ ਇਕ ਵਾਰ ਫਿਰ ਤਲਵਾਰ ਉਠਾਉਣ ਦਾ ਸਬਕ ਵੀ ਸਿਖਾਇਆ, ਆਪ ਨੇ ਮਜ਼ਲੂਮਾਂ ਨੂੰ ਸਤ ਤੋਂ ਸਿਪਾਹੀ ਬਣਾਇਆ। ਗੁਰੂ ਗੋਬਿੰਦ ਸਿੰਘ ਜੀ ਭਾਵੇਂ ਕਿੱਤੇ ਵਜੋਂ ਸਿਪਾਹੀ ਨਹੀਂ ਸਨ ਅਤੇ ਨਾ ਹੀ ਸਿਪਾਹੀ ਬਣਨ ਦੀ ਉਨ੍ਹਾਂ ਦੀ ਇੱਛਾ ਸੀ, ਪਰ ਉਨ੍ਹਾਂ ਨੂੰ ਹਾਲਾਤ ਦੇ ਅਨੁਸਾਰ ਕਈ ਲੜਾਈਆਂ ਲੜਨੀਆਂ ਪਈਆਂ ਅਤੇ ਜੀਉਂਦੇ ਰਹਿਣ ਲਈ ਇਹ ਜਿੱਤਣੀਆਂ ਵੀ ਜ਼ਰੂਰੀ ਸਨ।

ਗੁਰੂ ਗੋਬਿੰਦ ਸਿੰਘ ਜੀ ਇਕ ਨਿਪੁੰਨ ਸੰਤ, ਕੁਰਬਾਨੀ ਕਰਨ ਵਿਚ ਬੇ-ਮਿਸਾਲ, ਗੁੜ੍ਹੇ ਹੋਏ ਪ੍ਰਬੰਧਤ, ਅਦੁਤੀ ਜਰਨੈਲ, ਸੁਘੜ ਯੁੱਧ ਨੀਤੀਵਾਨ, ਅਣਥਕ ਸਮਝੌਤਾਕਾਰ ਅਤੇ ਉਚ ਕੋਟੀ ਦੇ ਬਹੁ-ਭਾਸ਼ੀ ਕਵੀ ਸਨ। ਕਵਿਤਾ ਉਨ੍ਹਾਂ ਵਾਸਤੇ ਕੇਵਲ ਮਨ-ਪ੍ਰਚਾਵੇ ਦਾ ਸਾਧਨ ਹੀ ਨਹੀਂ ਸੀ। ਕਵਿਤਾ ਨੂੰ ਉਨ੍ਹਾਂ ਨੇ ਢਹਿ-ਢੇਰੀ ਹੋ ਚੁੱਕੀ ਮਨੁੱਖਤਾ ਨੂੰ ਮੁੜ ਪੈਰਾਂ ਤੇ ਖੜਾ ਕਰਨ

ਲਈ ਸਫਲਤਾ ਨਾਲ ਵਰਤਿਆ ਅਤੇ ਧਰਮ, ਨੇਕੀ, ਨੈਤਿਕਤਾ ਤੇ ਇਨਸਾਫ ਦੀ ਢਾਲ ਵਜੋਂ ਵੀ। ਜ਼ਫ਼ਰਨਾਮੇ ਵਿਚਲੀ ਕਵਿਤਾ ਵੀ ਉਨ੍ਹਾਂ ਦੇ ਰੱਬੀ ਮਿਸ਼ਨ (ਬਚਿਤ੍ਰ ਨਾਟਕ ਵਿਚ ਦਰਜ) ਭਾਵ ਧਰਮ/ਨੇਕੀ ਦੀ ਰਾਖੀ ਤੇ ਜ਼ੁਲਮ ਦੇ ਵਿਨਾਸ਼ ਦੀ ਪੂਰਤੀ ਲਈ ਵਰਤੀ। ਚਿੱਠੀ ਤਾਂ ਵਾਰਤਕ ਵਿਚ ਵੀ ਲਿਖੀ ਜਾ ਸਕਦੀ ਸੀ, ਪਰ ਕਵਿਤਾ ਦਾ ਮਾਧਿਅਮ ਇਸ ਲਈ ਵਰਤਿਆ ਗਿਆ ਕਿ ਉਹ ਮੁਗਲ ਰਾਜ ਦੀਆਂ ਅਥਾਹ ਵਧੀਕੀਆਂ ਵਿਰੁੱਧ ਅਪਣੇ ਰੋਸ ਰੋਹ ਅਤੇ ਰੂਹਾਨੀਅਤ ਵਿਚ ਆਪਣੇ ਅਮੁਕ ਤੇ ਅਟੁੱਟ ਵਿਸ਼ਵਾਸ਼ ਨੂੰ ਵੱਧ ਤੋਂ ਵੱਧ ਪ੍ਰਭਾਵਸ਼ਾਲੀ ਬਣਾਉਣਾ ਚਾਹੁੰਦੇ ਸਨ। ਇਸ ਦੇ ਨਾਲ-ਨਾਲ, ਔਰੰਗਜ਼ੇਬ ਨੂੰ ਕਵਿਤਾ ਭੇਜਣੀ ਆਪਣੇ ਆਪ ਵਿਚ ਖੁੱਲੀ ਬਗਾਵਤ ਦੀ ਨਿਸ਼ਾਨੀ ਸੀ, ਕਿਉਂਕਿ ਉਹਦੇ ਰਾਜ ਵਿਚ ਚਿਤ੍ਰਕਾਰੀ, ਮੂਰਤੀ ਕਲਾ ਤੇ ਸਾਹਿਤਕਾਰ ਸ਼ਰ੍ਹਾ ਦੇ ਵਿਰੁੱਧ ਸੀ।[123]

ਗੁਰੂ ਗੋਬਿੰਦ ਸਿੰਘ ਜੀ ਔਰੰਗਜ਼ੇਬ ਦੀ ਤੰਗ ਨਜ਼ਰੀ, ਤਾਨਾਸ਼ਾਹੀ ਅਤੇ ਜ਼ਾਲਮ ਨੀਤੀ ਨੂੰ ਨਿੰਦਦੇ ਹੋਏ ਉਸ ਦੇ ਬਤੌਰ ਬਾਦਸ਼ਾਹ ਹੋਣ ਤੇ ਇਨਸਾਫ਼ ਨਾ ਕਰਨ ਤੇ ਤਾੜਨਾ ਕਰਦੇ ਹੋਏ ਕਹਿੰਦੇ ਹਨ ਕਿ ਉਸ ਨੂੰ ਮਾਸੂਮਾਂ ਦਾ ਖ਼ੂਨ ਨਹੀਂ ਵਹਾਉਣਾ ਚਾਹੀਦਾ ਸੀ ਕਿਉਂਕਿ ਉਸ ਨੂੰ ਆਪਣੇ ਕੁਕਰਮਾਂ ਦਾ ਹਿਸਾਬ ਵੀ ਪ੍ਰਮਾਤਮਾ ਅਗੇ ਦੇਣਾ ਪਏਗਾ। ਪਰਮਾਤਮਾ/ਖ਼ੁਦਾ ਸਭ ਤੋਂ ਵੱਡਾ ਹੈ। ਬਾਦਸ਼ਾਹ ਦੀ ਸ਼ਕਤੀ ਸੀਮਿਤ ਹੈ: ਉਚ ਸ਼ਕਤੀ ਤਾਂ ਪਰਮਾਤਮਾ ਦੇ ਹਥ ਵਿਚ ਹੈ।[124] ਗੁਰੂ ਸਾਹਿਬ ਅਕਾਲ ਪੁਰਖ ਨੂੰ ਪਾਤਸ਼ਾਹਾਂ ਦੇ ਪਾਤਸ਼ਾਹ ਤੇ ਸੱਚਾ ਪਾਤਸਾਹ ਦੱਸਦੇ ਹੋਏ ਜ਼ਫ਼ਰਨਾਮੇ ਵਿਚ ਕਹਿੰਦੇ ਹਨਬਾਦਸ਼ਾਹ ਨੂੰ ਵੀ ਇਸ ਸ਼ਕਤੀ ਦੇ ਅਧੀਨ ਹੀ ਵਿਚਰਨਾ ਪੈਂਦਾ ਹੈ:

ਤੁ ਗਾਫ਼ਲ ਮਸੌ ਮਰਦ ਯਜ਼ਦਾਂ ਹਿਰਾਸ॥
ਕਿ ਓ ਬੇਨਿਆਜ਼ ਅਸਤ ਓ ਬੇ ਸੁਪਾਸ॥
ਕਿ ਊ ਬੇ ਮੁਹਾਬਸਤੁ ਸ਼ਾਹਾਨਿ ਸ਼ਾਹ॥
ਜ਼ਿਮੀਨੋ ਜ਼ਮਾਂ ਸੱਚਏ ਪਾਤਿਸ਼ਾਹ॥[125]

ਅਕਾਲ ਪੁਰਖ ਨਿਰਭਉ ਹੈ, ਮਾਨ ਪ੍ਰਤਿਸ਼ਠਾ ਦੀ ਚਾਹ ਤੋਂ ਪਰੇ ਹੈ ਅਤੇ ਉਹ ਲੋਕ ਤੇ ਪਰਲੋਕ ਦਾ ਸਚਾ ਪਾਤਸ਼ਾਹ ਹੈ। ਗੁਰਮਤਿ ਵਿਚ ਅਕਾਲ ਮੂਰਤਿ ਦਾ ਸਰੂਪ ਕਾਲ ਦੀ ਸੀਮਾ ਤੋਂ ਪਰੇ ਹੈ। ਉਹ ਅਕਾਲ ਬੇਪ੍ਰਵਾਹ ਹੈ ਤੇ ਕਿਸੇ ਦੀ ਖੁਸ਼ਾਮਦ ਦਾ ਚਾਹਵਾਨ ਨਹੀਂ। ਉਹ ਸਾਰੀ ਧਰਤੀ ਤੇ ਅਕਾਸ਼ ਦਾ ਸੱਚਾ ਪਾਤਸ਼ਾਹ ਹੈ। ਪ੍ਰਮਾਤਮਾ ਡਰ ਤੋਂ ਰਹਿਤ ਹੈ ਅਤੇ ਸਰਬ ਸ਼ਕਤੀਮਾਨ ਹੈ। ਉਹ ਪਰਮਾਤਮਾ ਹੀ ਦੋਨਾਂ ਜਹਾਨਾਂ ਧਰਤੀ ਤੇ ਅਕਾਸ਼ ਦਾ ਮਾਲਕ ਹੈ ਕਿਉਂਕਿ ਉਹ ਸ਼ਕਤੀ ਦਾ ਸੋਮਾ ਹੈ। ਉਸਦੀ ਬਾਦਸ਼ਾਹੀ ਹਰ ਜਗ੍ਹਾ ਚਲਦੀ ਹੈ ਤੇ ਹਰ ਥਾਂ ਮੌਜੂਦ ਹੈ ਤੇ ਸਭ ਜੀਵਾਂ ਨੂੰ ਪੈਦਾ ਕਰਨ ਵਾਲਾ ਹੈ:

ਖ਼ੁਦਾਵੰਦਿ ਈਜ਼ਦ ਜ਼ਮੀਨੋ ਜ਼ਮਾਂ॥
ਕੁਨਿੰਦਸਤ ਹਰ ਕਸ ਮਕੀਨੋ ਮਕਾਂ॥[126]

ਸਾਰੇ ਜੀਵ ਜੰਤੂ, ਕੀੜੇ-ਮਕੌੜਿਆਂ ਤੋਂ ਲੈ ਕੇ ਸ਼ਕਤੀਸ਼ਾਲੀ ਹਾਥੀ ਤਕ ਸਭ ਉਸ ਪ੍ਰਮਾਤਮਾ ਦੇ ਪੈਦਾ ਕੀਤੇ ਹੋਏ ਹਨ। ਉਹ ਸਾਰੇ ਨਿਤਾਣਿਆਂ ਦੀ ਤਾਕਤ ਹੈ ਅਤੇ ਸਾਰੇ ਨਿਕੰਮੇ ਤੇ ਧੋਖੇਬਾਜ਼ ਲੋਕਾਂ ਨੂੰ ਨਾਸ਼ ਕਰਨ ਵਾਲਾ ਹੈ:

ਹਮਅਜ਼ ਪੀਰ ਮੋਰਹ ਹਮਅਜ਼ ਫੀਲ ਤਨ॥
ਕਿ ਆਜਜ਼ ਨਿਵਾਜ਼ਅਸਤੋ ਗਾਫਲ ਸ਼ਿਕੰਨ॥[128]

ਪ੍ਰਮਾਤਮਾ ਦਾ ਨਾਮ ਹੀ ਸਾਰਿਆ ਉਤੇ ਮੇਹਰ ਕਰਦਾ ਹੈ ਤੇ ਨੀਵੇਂ ਤੇ ਨਿਤਾਣੇ ਬੰਦਿਆ ਦੀ ਮਦਦ ਵੀ ਕਰਦਾ ਹੈ। ਪ੍ਰੇਮ ਪਿਆਰ ਨਾਲ ਕੀਤੀ ਭਗਤੀ ਰਾਹੀਂ ਮਨੁੱਖ ਪ੍ਰਮਾਤਮਾ ਕੋਲੋਂ ਸ਼ਕਤੀ ਪ੍ਰਾਪਤ ਕਰਦਾ ਹੈ। ਪ੍ਰਮਾਤਮਾ ਸਾਡੀਆਂ ਭੇਟਾਂ ਦਾ ਮੁਹਤਾਜ ਨਹੀਂ ਹੈ। ਬਲਕਿ ਉਹ ਸਾਨੂੰ ਸੌਗਾਤਾਂ ਵੰਡਦਾ ਹੈ:

ਕਿ ਊ ਰਾਚੁ ਇਸਮਅਸਤੁ ਆਜਜ਼ ਨਿਵਾਜ਼॥
ਕਿ ਊ ਬੇ ਸੁਪਾਸ ਅਸਤ ਊ ਬੇ ਨਿਯਾਜ਼॥[129]

ਜੋ ਇਨਸਾਨ ਪ੍ਰਮਾਤਮਾ ਦੀ ਭਗਤੀ ਕਰਦਾ ਹੈ ਉਹ ਉਸ ਦੀ ਮੇਹਰ ਦਾ ਪਾਤਰ ਬਣਦਾ ਹੈ ਉਸਦਾ ਦੁਸ਼ਮਣ ਕੁਝ ਵੀ ਵਿਗਾੜ ਨਹੀਂ ਸਕਦਾ ਕਿਉਂਕਿ ਉਸਨੂੰ ਪ੍ਰਮਾਤਮਾ ਕੋਲੋਂ ਸ਼ਕਤੀ ਮਿਲੀ ਹੁੰਦੀ ਹੈ ਅਤੇ ਇਸ ਸ਼ਕਤੀ ਨਾਲ ਪ੍ਰਮਾਤਮਾ ਉਸ ਦੇ ਸਾਰੇ ਕਸ਼ਟ ਆਪ ਦੂਰ ਕਰ ਦਿੰਦਾ ਹੈ ਕਿਉਂਕਿ ਪ੍ਰਮਾਤਮਾ ਦਾ ਕੰਮ ਹੀ ਬਖਸਿਸ਼ ਕਰਨਾ ਹੈ:

ਕਿ ਦੁਸ਼ਮਨ ਕੁਨਦ ਮਿਹਰਬਾਂ ਅਸਤੁ ਦੋਸਤ॥

ਕਿ ਬਖ਼ਸ਼ਿੰਦਗੀ ਕਾਰ ਬਖ਼ਸ਼ਿੰਦਹ ਓਸਤ॥[130]

ਜੋ ਇਨਸਾਨ ਰੱਬ ਦਾ ਸੱਚਾ ਭਗਤ ਹੈ ਅਤੇ ਸਦਾ ਨੇਕੀ ਤੇ ਸਚਾਈ ਦੇ ਮਾਰਗ ਉਤੇ ਚਲਦਾ ਹੈ ਤੇ ਨੇਕ ਨੀਅਤ ਵਾਲੀ ਕਮਾਈ ਕਰਕੇ ਗੁਜ਼ਾਰਾ ਕਰਦਾ ਹੈ, ਪ੍ਰਮਾਤਮਾ ਉਸ ਉੱਤੇ ਸਦਾ ਦਿਆਲ ਅਤੇ ਮਿਹਨਵਾਨ ਰਹਿੰਦਾ ਹੈ। ਉਹ ਦਿਆਲੂ ਪ੍ਰਭੂ-ਪ੍ਰਮਾਤਮਾ ਆਪਣੇ ਭਗਤਾਂ ਨੂੰ ਆਪ ਸ਼ਕਤੀ ਪ੍ਰਦਾਨ ਕਰਦਾ ਹੈ। ਭਾਵੇਂ ਉਹ ਨੇਕ ਕਰਮ ਕਰਨ ਵਾਲਾ ਵਿਅਕਤੀ ਕੋਈ ਵੀ ਹੋਵੇ:

ਹਰਾਂਕਸ ਕਿ ਓ ਰਾਸਤਬਾਜ਼ੀ ਕੁਨਦ॥

ਰਹੀਮੇ ਬਰੋ ਰਹਮਸਾਜ਼ੀ ਕੁਨਦ॥[131]

ਜੋ ਵਿਅਕਤੀ ਤਨੋ ਮਨੋ ਪ੍ਰਮਾਤਮਾ ਦੀ ਸੇਵਾ ਕਰਦਾ ਹੈ, ਪ੍ਰਮਾਤਮਾ ਉਸ ਨੂੰ ਸੁੱਖਾਂ ਦੀ ਦਾਤ ਬਖਸ਼ਦਾ ਹੈ। ਜੋ ਵਿਅਕਤੀ ਸੱਚੇ ਦਿਲੋਂ ਪ੍ਰਾਮਤਮਾ ਦੀ ਭਗਤੀ ਕਰਦਾ ਹੈ ਉਸ ਵਿਚ ਆਪਣੇ ਆਪ ਸ਼ਕਤੀ ਆ ਜਾਂਦੀ ਹੈ। ਇਹ ਸ਼ਕਤੀ ਇਕ ਅਜਿਹਾ ਅਨੁਭਵ ਹੈ ਜੋ ਦਿਖਾਈ ਬੇਸ਼ਕ ਨਾ ਦੇਵੇ ਪਰਤੂੰ ਵਿਅਕਤੀ ਨੂੰ ਇਮਾਨਦਾਰੀ ਤੇ ਨੇਕ ਕਰਮ ਕਰਨ ਲਈ ਪ੍ਰੇਰਦੀ ਹੈ। ਇਸ ਸ਼ਕਤੀ ਦੀ ਵਰਤੋਂ ਵਿਅਕਤੀ ਸਮਾਜ ਦੇ ਵਿਕਾਸ ਲਈ ਕਰਦਾ ਹੈ। ਸਮਾਜ ਵਿਚ ਹੋ ਰਹੇ ਅੱਤਿਆਚਾਰ ਤੇ ਅੰਨਿਆਂ ਨੂੰ ਰੋਕਣ ਲਈ ਇਹ ਸ਼ਕਤੀ ਵਿਅਕਤੀ ਦੀ ਮਦਦ ਕਰਦੀ ਹੈ। ਜਿਸ ਉੱਤੇ ਪ੍ਰਮਾਤਮਾ ਦੀ ਨਜ਼ਰ ਸਵੱਲੀ ਹੋਵੇ, ਉਸ ਦਾ ਦੁਸ਼ਮਣ ਕੁਝ ਵੀ ਨੁਕਸਾਨ ਨਹੀਂ ਕਰ ਸਕਦਾ:

ਚਿ ਦੁਸ਼ਮਨ ਬਹਾਂ ਹੀਲਹਸਾਜ਼ੀ ਕੁਨਦ॥

ਕਿ ਬਰ ਵੈ ਖ਼ੁਦਾ ਰਹਮਸਾਜ਼ੀ ਸ਼ਵਦ॥[132]

ਗੁਰੂ ਗੋਬਿੰਦ ਸਿੰਘ ਜੀ ਨੇ ਜ਼ਫ਼ਰਨਾਮੇ ਵਿਚ ਨਿੱਜ ਦਾ ਤਿਆਗ ਕਰਕੇ ਲੋਕਾਂ ਦੀ ਭਲਾਈ ਨੂੰ ਅਹਿਮ ਦੱਸਿਆ ਹੈ। ਇਹ ਤਾਂ ਹੀ ਹੋ ਸਕਦਾ ਹੈ ਜੇ ਵਿਅਕਤੀ ਨਿੱਜ ਤੋਂ ਉੱਪਰ ਉੱਠਿਆ ਹੋਵੇ। ਨਿੱਜ ਤੋਂ ਉਪਰ ਉਠਣ ਲਈ ਵਿਅਕਤੀ ਨੂੰ ਪ੍ਰਮਾਤਮਾ ਨਾਲ ਸਾਂਝ ਪਾਉਣੀ ਪੈਂਦੀ ਹੈ। ਉਸਦੀ ਬਖਸ਼ਿਸ਼ ਦਾ ਪਾਤਰ ਬਣਨਾ ਪੈਂਦਾ ਹੈ। ਇਹ ਸਭ ਕੁਝ ਉਸ ਅਕਾਲ ਪੁਰਖ ਪ੍ਰਮਾਤਮਾ ਦੀ ਭਜਨ ਬੰਦਗੀ ਕਰਨ ਨਾਲ ਹੀ ਸੰਭਵ ਹੁੰਦਾ ਹੈ। ਵਿਅਕਤੀ ਆਪਣੇ ਹੱਕ ਸੱਚ ਲਈ ਵੀ ਤਾਂ ਹੀ ਲੜ ਸਕਦਾ ਹੈ ਜੇ ਉਸਨੇ ਭਗਤੀ ਕੀਤੀ ਹੋਵੇਗੀ। ਭਗਤੀ ਹੀ ਅਜਿਹਾ ਮਾਰਗ ਹੈ ਜੋ ਵਿਅਕਤੀ ਵਿਚੋਂ ਹਉਮੈਂ ਦਾ ਨਾਸ਼ ਕਰਦੀ ਹੈ। ਜ਼ਫ਼ਰਨਾਮਾ ਵਿਚ ਗੁਰੂ ਸਾਹਿਬ ਨੇ ਐਸੇ ਇਨਸਾਨਾਂ ਤੇ ਇਤਬਾਰ ਕਰਨ ਤੋਂ ਵਰਜਿਆ ਹੈ ਜਿਨ੍ਹਾਂ ਲਈ ਸਿਰਂ ਨਿਜੀ ਸਵਾਰਥ ਹੀ ਸਰਵ ਸ੍ਰੇਸ਼ਠ ਹਨ:

ਕਿ ਈਂ ਮਰਦ ਰਾ ਜ਼ੱਰਹ ਇਅਤਬਾਰ ਨੇਸਤ॥
ਕਿ .ਕਸਮੇ ਕੁਰਾਨਸਤੁ ਯਜ਼ਦਾਂ ਯਕੇਸਤ॥[133]

ਐਸੇ ਮਰਦ 'ਤੇ ਸਾਨੂੰ ਵਿਸ਼ਵਾਸ਼ ਨਹੀਂ ਜੋ ਧਰਮ ਗ੍ਰੰਥ (ਕੁਰਾਨ) ਤੇ ਅਕਾਲ ਪੁਰਖ ਨੂੰ ਇਕਸਾਰ ਨਹੀਂ ਸਮਝਦਾ। ਵਿਸ਼ਵਾਸ਼ ਲਈ ਜ਼ਫ਼ਰਨਾਮੇ ਵਿਚ ਇਕਰਾਰ, ਇਤਬਾਰ ਆਦਿ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ। ਇਹ ਵਿਸ਼ਵਾਸ ਇਕ ਅਦ੍ਰਿਸ਼ਟ ਪ੍ਰਕਿਰਿਆ ਹੈ ਜੋ ਗੁਰੂ ਸਾਹਿਬ ਨੇ ਦਰਸਾਈ ਹੈ। ਵਿਸ਼ਵਾਸ ਦਾ ਸਬੰਧ ਆਤਮਾ ਨਾਲ ਹੈ। ਆਤਮਾ ਨੂੰ ਆਪਣੇ ਆਦਰਸ਼ ਪ੍ਰਤਿ ਪੂਰਨ ਤੌਰ 'ਤੇ ਸਮਰਪਣ ਕਰਨਾ ਹੀ ਜਗਿਆਸੂ ਦੀ ਅਸਲ ਪਹਿਚਾਣ ਹੈ। ਜਗਿਆਸੂ ਆਪਣੇ ਆਦਰਸ਼ ਨਮਿਤ ਆਤਮਾ ਦਾ ਦਾਨ ਕਰਦਾ ਹੈ। ਵਿਸ਼ਵਾਸ਼ ਆਤਮਿਕ ਤੋਰ ਤੇ ਦ੍ਰਿੜ੍ਹ ਹੋਣ ਦੀ ਅਵਸਥਾ ਤੋਂ ਪੈਦਾ ਹੁੰਦਾ ਹੈ। ਵਿਸ਼ਵਾਸ ਅਧੀਨ ਆਤਮਾ ਆਪਣੇ ਆਦਰਸ਼ ਵਿਚ ਆਪਣੇ ਆਪ ਨੂੰ ਮਿਟਾ ਲੈਂਦੀ ਹੈ। ਜਿਸ ਨਾਲ ਸਵੈ (ਆਪੇ) ਦੇ ਹੰਕਾਰ ਤੋਂ ਮੁਕਤੀ ਪ੍ਰਾਪਤ ਕਰਦੇ ਸਰਬਮਈ ਪਰਮਾਤਮਾ ਦਾ ਰੂਪ ਪਸਰਿਆ ਨਜ਼ਰ ਆਉਂਦਾ ਹੈ। ਇਸ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਔਰੰਗਜ਼ੇਬ ਦੇ ਅਹਿਲਕਾਰਾਂ ਦੁਆਰਾ ਕੁਰਾਨ ਦੀ ਕਸਮ ਖਾਣ ਤੇ ਇਤਬਾਰ ਕੀਤਾ। ਆਪਣੀ ਨਿਸ਼ਠਾ ਬਿਆਨ ਕਰਦੇ ਹੋਏ ਗੁਰੂ ਸਾਹਿਬ ਜ਼ਫ਼ਰਨਾਮੇ ਵਿਚ ਕਹਿੰਦੇ ਹਨ ਕਿ:

ਹਰ ਆਂਕਸ ਬਕਉਲੇ .ਕਰਾ ਆਯਦਸ਼॥

ਕਿ ਯਜ਼ਦਾਂ ਬਰੋ ਰਹਿਨੁਮਾ ਆਯਦਸ਼॥[134]

ਧਰਮ ਗ੍ਰੰਥ ਤੇ ਯਕੀਨ ਕਰਨਾ ਪ੍ਰਮਾਤਮਾ ਤੇ ਯਕੀਨ ਕਰਨਾ ਹੈ। ਇਹ ਨਿਸ਼ਠਾ ਹੀ ਪਰਮਾਤਮਾ ਦਾ ਸਰੂਪ ਹੈ, ਜੋ ਆਦ੍ਰਿਸ਼ ਹੈ। ਜਿਸ ਇਨਸਾਨ ਦਾ ਭਰੋਸਾ ਕੁਰਾਨ ਆਦਿ ਧਰਮ ਗ੍ਰੰਥ 'ਤੇ ਹੁੰਦਾ ਹੈ, ਉਸ ਦੀ ਰਹਿਨੁਮਾਈ ਪ੍ਰਮਾਤਮਾ ਆਪ ਕਰਦਾ ਹੈ। ਵਿਅਕਤੀ ਨੂੰ ਵਿਸ਼ਵਾਸ ਹੁੰਦਾ ਹੈ ਕਿ ਇਹਨਾਂ ਧਰਮ ਗ੍ਰੰਥਾਂ ਦਾ ਸਹਾਰਾ ਲੈ ਕੇ ਵਿਅਕਤੀ ਪ੍ਰਮਾਤਮਾ ਦੀ ਭਜਨ-ਬੰਦਗੀ ਤੇ ਭਗਤੀ ਕਰ ਸਕਦਾ ਹੈ। ਭਗਤੀ ਵਿਚ ਹੀ ਸ਼ਕਤੀ ਸਮਾਈ ਹੋਈ ਹੈ। ਸ਼ਕਤੀ ਭਗਤੀ ਦਾ ਹੀ ਪ੍ਰਤੀਫਲ ਹੈ ਅਤੇ ਵਿਅਕਤੀ ਸ਼ਕਤੀ ਦੀ ਨੇਕ ਕੰਮਾਂ ਵਿਚ ਵਰਤੋਂ ਕਰਦੇ ਆਪਣਾ ਜੀਵਨ ਸਫਲਾ ਕਰ ਸਕਦਾ ਹੈ।

ਜ਼ਫ਼ਰਨਾਮੇ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਅਕਾਲ ਪੁਰਖ ਪ੍ਰਮਾਤਮਾ ਦੀ ਸ਼ਕਤੀ ਨੂੰ ਪੇਸ਼ ਕੀਤਾ ਹੈ ਕਿ ਪ੍ਰਮਾਤਮਾ ਹੀ ਸਰਬ ਸ਼ਕਤੀਮਾਨ ਹੈ। ਜਿਸ ਵਿਅਕਤੀ ਉਤੇ ਉਸ ਪ੍ਰਭੂ ਦੀ ਮੇਹਰ ਹੋਵੇਗੀ, ਸੰਸਾਰ ਵਿਚ ਉਸਨੂੰ ਹਰ ਕੰਮ ਵਿਚ ਸਫਲਤਾ ਪ੍ਰਾਪਤ ਹੁੰਦੀ ਹੈ:

ਹਰਾਂ ਕਸ ਕਿ ਯਜ਼ਦਾਨ ਯਾਰੀ ਦਿਹਦ॥

ਬ ਕਾਰੇ ਜਹਾਂ ਕਾਮਗ਼ਾਰੀ ਦਿਹਦ॥[135]

ਫੇਰ ਭਾਵੇਂ ਸ਼ਤਰੂ ਦੁਸ਼ਮਨੀ ਕਰਨ ਲਈ ਹਜ਼ਾਰ ਆਦਮੀ ਵੀ ਚੜ੍ਹਾ ਕੇ ਲੈ ਆਵੇ ਤਾਂ ਉਹ ਇਕ ਵਾਲ ਜਿੰਨਾ ਵੀ ਦੁਖ ਨਹੀਂ ਲਿਆ ਸਕੇਗਾ। ਦੁਸ਼ਮਣ ਭਾਵੇਂ ਹਜ਼ਾਰ ਦੁਸ਼ਮਣੀਆਂ ਕਰਨ ਦਾ ਯਤਨ ਕਰੇ ਜਾਂ ਨੁਕਸਾਨ ਕਰਨਾ ਚਾਹੇ ਪਰ ਉਸ ਇਨਸਾਨ ਦਾ ਕੋਈ ਕੁਝ ਵੀ ਨਹੀਂ ਵਿਗਾੜ ਸਕਦਾ ਜਿਸਦਾ ਉਹ ਪ੍ਰਮਾਤਮਾ ਆਪ ਸਹਾਈ ਹੋਵੇ:

ਖ਼ਸਮ ਦੁਸ਼ਮਨੀ ਗਰ ਹਜ਼ਾਰ ਆਵੁਰਦ॥

ਨ ਯਕ ਮੂਇ ਊ ਰਾ ਅਜ਼ਾਰ ਆਵੁਰਦ॥[136]

ਪਰਮਾਤਮਾ ਦੀ ਨਜ਼ਰ ਜਿਸ ਉਪਰ ਹੋਵੇ ਦੁਸ਼ਮਣ ਉਸ ਦਾ ਕੁਝ ਨਹੀਂ ਵਿਗਾੜ ਸਕਦਾ ਮਾਰਨਾ ਤਾਂ ਬਹੁਤ ਦੂਰ ਦੀ ਗੱਲ ਉਸ ਨੂੰ ਵੈਰੀ ਪੋਹ ਵੀ ਨਹੀਂ ਸਕਦਾ। ਜ਼ਫ਼ਰਨਾਮਾ ਦਨੀ ਅਤੇ ਦੁਨੀਆਂ ਦੇ ਪਾਤਸ਼ਾਹ ਦੀ ਓਟ ਵਿਚਲੇ ਅੰਤਰ ਦੀ ਲਾਸਾਨੀ ਕ੍ਰਿਤੀ ਹੈ। ਜਿਥੇ ਦੁਨਿਆਵੀ ਬਾਦਸ਼ਾਹ ਦੀ ਟੇਕ ਧੰਨ-ਦੌਲਤ, ਮੁਲਕ ਅਤੇ ਮਾਲ ਉਪਰ ਹੁੰਦੀ ਹੈ। ਉਥੇ ਦੀਨ ਦਾ ਪਾਤਸ਼ਾਹ ਅਕਾਲ ਪੁਰਖ ਦੀ ਰਜ਼ਾ, ਓਟ ਅਤੇ ਭਰੋਸੇ ਉੱਪਰ ਆਸ਼ਰਿਤ ਹੁੰਦਾ ਹੈ। ਇਕ ਹੰਕਾਰ ਅਤੇ ਦੂਸਰਾ ਹੁਕਮ (ਰੱਬੀ) ਦੇ ਅਧੀਨ ਹੁੰਦਾ ਹੈ:

ਤੁਰਾ ਗਰ ਨਜ਼ਰ ਹਸਤ ਲਸ਼ਕਰ ਵ ਜ਼ਰ॥
ਕਿ ਮਾਰਾ ਨਿਗਹ ਅਸਤੁ ਯਜ਼ਦਾਂ ਸ਼ੁਕਰ॥[137]

ਓਸ ਅਕਾਲ ਪੁਰਖ ਦੀ ਓਟ ਲੈਣ ਨਾਲ ਸਾਡੀਆਂ ਸਾਰੀਆਂ ਗੁੰਝਲਾਂ ਖੁਲ ਜਾਂਦੀਆਂ ਹਨ। ਸਾਡੇ ਸਾਰੇ ਸ਼ੰਕੇ, ਪਰੇਸ਼ਾਨੀਆਂ ਖਤਮ ਹੋ ਜਾਂਦੀਆਂ ਹਨ। ਅਸਲ ਵਿਚ ਜਦੋਂ ਕੋਈ ਵਿਅਕਤੀ ਪ੍ਰਮਾਤਮਾ ਦੀ ਓਟ ਜਾਂ ਉਸਦਾ ਆਸਰਾ ਤੱਕਦਾ ਹੈ। ਉਸਦਾ ਨਾਮ ਜਪਦਾ ਹੈ। ਭਗਤੀ ਕਰਦਾ ਹੈ ਤਾਂ ਉਹ ਅਕਾਲ ਪੁਰਖ ਪਰਮਾਤਮਾ ਉਸ ਵਿਅਕਤੀ ਦੇ ਅੰਗ ਸੰਗ ਸਹਾਈ ਹੁੰਦਾ ਹੈ। ਉਸਦੀ ਹਰ ਔਕੜ ਸਮੇਂ ਮਦਦ ਕਰਦਾ ਹੈ। ਉਹ ਪਰਮਾਤਮਾ ਹਮੇਸ਼ਾਂ ਹੀ ਆਪਣੀਆਂ ਬਖਸ਼ਿਸ਼ਾਂ ਤੇ ਮੇਹਰਾਂ ਨਾਲ ਸਭ ਦੀਆਂ ਝੋਲੀਆਂ ਭਰਦਾ ਹੈ। ਉਹ ਆਪ ਹੀ ਸਾਨੂੰ ਆਪਣਾ ਹੁਕਮ ਮੰਨਣ ਦੀ ਸ਼ਕਤੀ ਵੀ ਪ੍ਰਦਾਨ ਕਰਦਾ ਹੈ (ਆਪਣਾ ਭਾਣਾ ਮੰਨਣ ਦੀ) ਸਾਡੀ ਪ੍ਰਤਿਪਾਲਨਾ ਕਰਦਾ ਹੈ ਤੇ ਸਹੀ ਰਸਤਾ ਵੀ ਦਿਖਾਉਂਦਾ ਹੈ:

ਖ਼ੁਦਾਵੰਦ ਬਖ਼ਸ਼ਿੰਦਏ ਦਿਲ ਕੁਸ਼ਾਇ॥
ਰਜ਼ਾ ਬਖ਼ਸ਼ ਰੋਜ਼ੀ ਦਿਹੋ ਰਹਿਨੁਮਾਇ॥[138]

ਆਪਣੀ ਗਲਤੀ ਦਾ ਅਹਿਸਾਸ ਹੋਣ ਤੇ ਸੱਚੇ ਦਿਲੋਂ ਪ੍ਰਮਾਤਮਾ ਕੋਲੋਂ ਆਪਣੀ ਗਲਤੀ ਦੀ ਮਾਫੀ ਮੰਗਣ ਤੇ ਪ੍ਰਮਾਤਮਾ ਆਪਣੇ ਭਗਤਾਂ ਨੂੰ ਮਾਫ਼ ਕਰ ਦਿੰਦਾ ਹੈ। ਔਰੰਗਜ਼ੇਬ ਨੇ ਗੁਰੂ ਜੀ ਨੂੰ ਝੂਠ ਬੋਲ ਕੇ ਉਨ੍ਹਾਂ ਨਾਲ ਧੋਖਾ ਕੀਤਾ ਸੀ, ਇਥੋਂ ਤੱਕ ਕਿ ਉਹ ਕੁਰਾਨ ਦੀ

ਝੂਠੀ ਸੋਹੰ ਖਾ ਕੇ ਵੀ ਮੁਕਰ ਗਿਆ। ਜ਼ਫ਼ਰਨਾਮੇ ਵਿਚ ਗੁਰੂ ਜੀ ਔਰੰਗਜ਼ੇਬ ਨੂੰ ਇਹੀ ਸਮਝਾਉਂਦੇ ਹਨ ਕਿ ਜੇ ਉਹ ਸੱਚੇ ਦਿਲੋਂ ਪ੍ਰਮਾਤਮਾ ਨਾਲ ਪਿਆਰ ਕਰਦਾ ਹੈ ਤਾਂ ਉਹ ਆਪਣੀ ਭੁਲ ਬਖਸ਼ਾ ਲਵੇ। ਉਹ ਪ੍ਰਮਾਤਮਾ ਕੋਲੋਂ ਮਾਫੀ ਮੰਗ ਲਵੇਂ ਕਿਉਂਕਿ ਪ੍ਰਮਾਤਮਾ ਤਾਂ ਭੁਲਾ ਬਖਸ਼ਾਉਣ ਵਾਲਾ ਹੈ। ਉਸ ਪ੍ਰਮਾਤਮਾ ਦੇ ਦਰ ਵਿਚੋਂ ਸਭ ਦੀਆਂ ਝੋਲੀਆਂ ਭਰਦੀਆਂ ਹਨ। ਕੋਈ ਵੀ ਖਾਲੀ ਨਹੀਂ ਜਾਂਦਾ।

ਗੁਰੂ ਸਾਹਿਬ ਪ੍ਰਮਾਤਮਾ ਦੀਆਂ ਦਾਤਾਂ ਦਾ ਦਾਨ ਮੰਗਦੇ ਹਨ, ਕਿ ਪ੍ਰਮਾਤਮਾ ਮੇਰੇ ਤੇ ਕਿਰਪਾ ਕਰਕੇ ਮੈਨੂੰ ਆਪਣੇ ਨਾਮ ਦੀ ਦਾਤ ਬਖਸ਼ੋਂ ਤਾਂ ਜੋ ਤੇਰੇ ਨਾਲ ਪਹਿਚਾਣ ਹੋ ਸਕੇ। ਮੈਨੂੰ ਆਪਣੇ ਨਾਮ ਦਾ ਪਿਆਲਾ ਬਖਸ਼ੋ ਜਿਸ ਤੋਂ ਮੈਨੂੰ ਸੋਝੀ ਪਵੇ ਕਿ ਸਭ ਅਕਲਾਂ ਦਾ ਮਾਲਕ ਪ੍ਰਭੂ ਸਾਰੇ ਸੰਸਾਰ ਵਿਚ ਪ੍ਰਗਟ ਹੈ। ਪ੍ਰਮਾਤਮਾ ਦੇ ਪ੍ਰੇਮ ਦਾ ਪਿਆਲਾ ਪੀਣ ਨਾਲ ਅਤੇ ਉਸਦੀ ਮੇਹਰ ਦੇ ਸਦਕਾ ਹੀ ਮਨ ਨੂੰ ਸ਼ਾਤੀ ਮਿਲਦੀ ਹੈ। ਪ੍ਰਮਾਤਮਾ ਹੀ ਜ਼ੁਲਮ ਦੀ ਜੰਗ ਵਿਚ ਮਨੁਖ ਦੀ ਸਹਾਇਤਾ ਕਰਦਾ ਹੈ। ਨੇਕੀ ਤੇ ਬਦੀ ਦੀ ਜੰਗ ਵਿਚ ਪ੍ਰਮਾਤਮਾ ਹਮੇਸ਼ਾਂ ਨੇਕੀ ਦੇ ਨਾਲ ਤੇ ਬਦੀ ਦੇ ਖਿਲਾਫ ਹੋ ਰਹੇ ਸੰਘਰਸ਼ ਵਿਚ ਮਦਦਗਾਰ ਹੁੰਦਾ ਹੈ। ਉਹ ਮਾਲਕ ਤਾਂ ਬੇਸ਼ੁਮਾਰ ਤੇ ਬੇਅੰਤ ਹੈ ਜੋ ਸਾਨੂੰ ਹਰ ਤਰ੍ਹਾਂ ਦੀਆਂ ਬਖਸ਼ਿਸ਼ਾਂ ਕਰਦਾ ਹੈ। ਉਸ ਪ੍ਰਮਾਤਮਾ ਨੇ ਹੀ ਆਪਣੇ ਭਗਤਾਂ ਦੇ ਪ੍ਰਭੂ ਦਾ ਨਾਮ ਸਿਮਰਨ, ਭਗਤੀ ਕਰਨ ਲਈ ਇਹ ਧਰਤੀ ਤੇ ਅਕਾਸ਼ ਬਣਾਏ ਹਨ। ਇਹ ਸਾਰਾ ਸੰਸਾਰ, ਲੋਕ ਤੇ ਪ੍ਰਲੋਕ ਦੋਨੋਂ ਹੀ, ਉਸ ਮਾਲਕ ਦੇ ਭਗਤਾਂ ਦੇ ਹੁਕਮ ਦੇ ਬੱਝੇ ਹੋਏ ਹਨ:

ਬ ਜਾਕਰ ਦਿਹੰਦ ਈਂ ਜ਼ਮੀਨੋ ਜ਼ਮਾਨ॥
ਮਲੂਕੋ ਮਲਾਯਕ ਹਮਹ ਆਂ ਜਹਾਨ॥[139]

ਉਹ ਮਾਲਕ ਹੀ ਧਰਤੀ ਤੇ ਅਕਾਸ਼ ਦੇ ਸਾਰੇ ਕੰਮਾਂ ਨੂੰ ਸਿਰੇ ਚਾੜ੍ਹਦਾ ਹੈ। ਲੋਕ ਤੇ ਪਰਲੋਕ ਵਿਚ ਪ੍ਰਮਾਤਮਾ ਹੀ ਮਦਦਗਾਰ ਹੁੰਦਾ ਹੈ। ਜੋ ਹਮੇਸ਼ਾਂ ਹਰ ਮੁਸੀਬਤ ਵਿਚ ਸਾਡੀ ਸਹਾਇਤਾ ਕਰਦਾ ਹੈ। ਸਿਰੰ  ਪ੍ਰਮਾਤਮਾ ਹੀ ਹੈ ਜੋ ਗਰੀਬਾਂ ਅਨਾਥਾਂ ਦੀ ਹਮੇਸ਼ਾਂ ਮਦਦ ਕਰਦਾ ਹੈ, ਵਿਗੜੇ ਕਾਰਜ ਸੁਆਰਦਾ ਹੈ:

ਸ਼ਹਿਨਸ਼ਾਹਿ ਬਖ਼ਸ਼ਿੰਦ ਏ ਬੇ ਨਿਆਜ਼॥

ਜ਼ਮੀਨੋ ਜ਼ਮਾਂ ਰਾ ਤੁਈਂ ਕਾਰਸਾਜ਼॥[14•]

ਗੁਰੂ ਗੋਬਿੰਦ ਸਿੰਘ ਦਾ ਜ਼ਫ਼ਰਨਾਮਾ ਅਡੋਲਤਾ ਅਤੇ ਦ੍ਰਿੜਤਾ ਦੀ ਸ਼ਕਤੀਸ਼ਾਲੀ ਮਿਸਾਲ ਹੈ, ਇਹ ਸ਼ਕਤੀ ਦਾ ਸੋਮਾ ਹੈ ਅਤੇ ਬਾਰੀਕ ਜੰਗੀ ਬ੍ਰਿਤਾਂਤ ਦੇ ਨਾਲ ਨਾਲ ਸਰਬ ਸ਼ਕਤੀਮਾਨ ਅਕਾਲ ਪ੍ਰਤੀ ਈਮਾਨਦਾਰ ਸਿਧਾਂਤ ਹੈ। ਜ਼ਫ਼ਰਨਾਮਾ ਜੋਸ਼ ਅਤੇ ਹੋਸ਼ ਦਾ ਵੀ ਸੁਮੇਲ ਹੈ ਜਿਵੇਂ ਮੁਗਲਾਂ ਦੇ ਅਕਹਿ ਜ਼ੁਲਮ ਅਤੇ ਬਚਨ-ਤੋੜ ਸਾਜਿਸ਼ਾਂ ਕਾਰਨ ਗੁਰੂ ਗੋਬਿੰਦ ਸਿੰਘ ਬਹੁਤ ਨਰਾਜ਼ ਸਨ ਪਰ ਉਹ ਦੂਰਦਰਸ਼ੀ ਹੁੰਦੇ ਹੋਏ ਸੋਚਦੇ ਸਨ ਕਿ ਹਰ ਜੰਗ ਸੁਲਾਹ ਵਿਚ ਖਤਮ ਹੁੰਦੀ ਹੈ।

ਸੋ ਉਪਰੋਕਤ ਬਾਣੀਆਂ ਦੇ ਸੰਦਰਭ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਵਿਚ ਸ਼ਕਤੀ ਦਾ ਸੰਕਲਪ ਸਪਸ਼ਟ ਤੌਰ ਤੇ ਦ੍ਰਿਸ਼ਟਮਾਨ ਹੁੰਦਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ *ਜਾਪੁ* ਰਚਨਾ ਵਿਚ ਪਰਮਾਤਮ ਸ਼ਕਤੀ ਦਾ ਸਵਰੂਪ, *ਬਚਿੱਤ੍ਰ ਨਾਟਕ* ਵਿਚ ਸ਼ਕਤੀ ਦੀ ਪੇਸ਼ਕਾਰੀ, *ਵਾਰ ਸ੍ਰੀ ਭਗਉਤੀ ਜੀ ਕੀ (ਚੰਡੀ ਦੀ ਵਾਰ)* ਵਿਚ ਬੀਰ ਸ਼ਕਤੀ, *ਰਾਮਕਲੀ ਪਾਤਸ਼ਾਹੀ ੧੦* ਵਿਚ ਕਰਮ ਸ਼ਕਤੀ, *ਸਵੈਯੇ* ਰਚਨਾ ਵਿਚ ਬ੍ਰਹਮ ਸ਼ਕਤੀ ਅਤੇ *ਜ਼ਫ਼ਰਨਾਮਾ* ਰਚਨਾ ਵਿਚ ਸ਼ਕਤੀ ਦਾ ਸੰਕਲਪ ਪ੍ਰਗਟ ਹੁੰਦਾ ਹੈ। ਗੁਰੂ ਗੋਬਿੰਦ ਸਿੰਘ ਜੀ ਅਨੁਸਾਰ ਵਿਅਕਤੀ ਭਗਤੀ ਕਰਕੇ ਹੀ ਹਰ ਪ੍ਰਕਾਰ ਦੀ ਗੁਰੂ ਗੋਬਿੰਦ ਸਿੰਘ ਦੀ ਸ਼ਕਤੀ ਪ੍ਰਾਪਤ ਕਰ ਸਕਦਾ ਹੈ।

## ਹਵਾਲੇ ਟਿੱਪਣੀਆਂ

1. ਸ਼ੇਰ ਸਿੰਘ ਗਿਆਨੀ, ਗੁਰਮਤਿ ਦਰਸ਼ਨ, ਪੰਨਾ 248
2. ਸ੍ਰੀ ਦਸਮ ਗ੍ਰੰਥ, ਪੰਨਾ 7
3. ਉਹੀ, ਪੰਨਾ 1387
4. ਉਹੀ, ਪੰਨਾ 1
5. ਗੁਰਮਤਿ ਪ੍ਰਕਾਸ਼, ਜਨਵਰੀ 2017, ਪੰਨਾ 153-154
6. ਪਿਆਰਾ ਸਿੰਘ ਪਦਮ, ਦਸਮ ਗ੍ਰੰਥ ਦਰਸ਼ਨ, ਪੰਨਾ 71
7. ਸ੍ਰੀ ਦਸਮ ਗ੍ਰੰਥ, ਪੰਨਾ 8
8. ਉਹੀ, ਪੰਨਾ 5
9. ਉਹੀ, ਪੰਨਾ 10
10. ਉਹੀ, ਪੰਨਾ 7
11. ਡਾ. ਅੰਮ੍ਰਿਤਪਾਲ ਕੌਰ, ਖੋਜ ਪਤ੍ਰਿਕਾ, ਪੰਨਾ 528
12. ਡਾ. ਅਰਮਜੀਤ ਸਿੰਘ ਕਾਂਗ ਅਤੇ ਡਾ. ਜਸਪਾਲ ਕੌਰ ਕਾਂਗ, ਮਧਕਾਲੀ ਪੰਜਾਬੀ ਸਾਹਿਤ ਵਿਵੇਕ, ਪੰਨਾ 80
13. ਸ੍ਰੀ ਦਸਮ ਗ੍ਰੰਥ, ਪੰਨਾ 5
14. ਡਾ. ਹਰਭਜਨ ਸਿੰਘ, ਜਾਪੁ ਸਾਹਿਬ ਵਿਚ ਪਰਮਾਤਮਾ ਦਾ ਸਰੂਪ, ਪ੍ਰੀਤਮ ਕੌਰ (ਸੰਪਾ.), ਗੁਰੂ ਗੋਬਿੰਦ ਸਿੰਘ ਪਾਉਂਟਾ ਸਾਹਿਬ ਸੰਬੰਧ ਠਤੇ ਸਾਹਿਤ ਸਿਰਜਣਾ, ਪੰਨਾ 185

15. ਸ੍ਰੀ ਦਸਮ ਗ੍ਰੰਥ, ਪੰਨਾ 1●

16. ਡਾ. ਪਰਮਵੀਰ ਸਿੰਘ, ਸਿੱਖ ਅਧਿਐਨ, ਪੰਨਾ 69–7●

17. ਸ੍ਰੀ ਦਸਮ ਗ੍ਰੰਥ, ਪੰਨਾ 9

18. ਉਹੀ, ਪੰਨਾ 4

19. ਉਹੀ, ਪੰਨਾ 5

20. ਉਹੀ, ਪੰਨਾ 5

21. ਡਾ. ਅੰਮ੍ਰਿਤਪਾਲ ਕੌਰ (ਡਾ.), ਦਸਮ ਗੁਰੂ ਬਾਣੀ ਸੰਸਾਰ, ਪੰਨਾ 5●

22. ਸ੍ਰੀ ਦਸਮ ਗ੍ਰੰਥ, ਪੰਨਾ 4

23. ਉਹੀ, ਪੰਨਾ 5

24. ਉਹੀ, ਪੰਨਾ 2

25. ਉਹੀ, ਪੰਨਾ 1●

26. ਉਹੀ, ਪੰਨਾ 3

27. ਉਹੀ, ਪੰਨਾ 1●

28. ਉਹੀ, ਪੰਨਾ 14

29. ਉਹੀ, ਪੰਨਾ 1●

30. ਉਹੀ, ਪੰਨਾ 5

31. ਡਾ. ਅ੍ਰਿੰਤਪਾਲ ਕੌਰ, ਦਸਮ ਗੁਰੂ ਬਾਣੀ ਸੰਚਾਰ, ਪੰਨਾ 57

32. ਸ੍ਰੀ ਦਸਮ ਗ੍ਰੰਥ, ਪੰਨਾ 39

33. ਉਹੀ, ਪੰਨਾ 39

34. ਡਾ. ਅ੍ਰਿਮਤਪਾਲ ਕੌਰ, ਦਸਮ ਗੁਰੂ ਬਾਣੀ ਸੰਚਾਰ, ਪੰਨਾ 58

35. ਸ੍ਰੀ ਦਸਮ ਗ੍ਰੰਥ, ਪੰਨਾ 57

36. ਉਹੀ, ਪੰਨਾ 44–45

37. ਉਹੀ, ਪੰਨਾ 54

38. ਉਹੀ, ਪੰਨਾ 55

39. ਉਹੀ, ਪੰਨਾ 57–58

40. ਡਾ. ਅ੍ਰਿਮਤਪਾਲ ਕੌਰ, ਦਸਮ ਗੁਰੂ ਬਾਣੀ ਸੰਚਾਰ, ਪੰਨਾ 58

41. ਸ੍ਰੀ ਦਸਮ ਗ੍ਰੰਥ, ਪੰਨਾ 56–57

42. ਉਹੀ, ਪੰਨਾ 57

43. ਉਹੀ, ਪੰਨਾ 57

44. ਡਾ. ਅ੍ਰਿਮਤਪਾਲ ਕੌਰ, ਦਸਮ ਗੁਰੂ ਬਾਣੀ ਸੰਚਾਰ, ਪੰਨਾ 59

45. ਸ੍ਰੀ ਦਸਮ ਗ੍ਰੰਥ, ਪੰਨਾ 73

46. ਉਹੀ, ਪੰਨਾ 62

47. ਉਹੀ, ਪੰਨਾ

48. ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਪੰਨਾ 1●91

49. ਗੰਡਾ ਸਿੰਘ (ਸੰਪਾ.), ਪੰਜਾਬ ਦੀਆਂ ਵਾਰਾਂ, ਪੰਨਾ ●6

50. ਪਿਆਰਾ ਸਿੰਘ ਪਦਮ, ਪੰਜਾਬੀ ਵਾਰਾਂ, ਪੰਨਾ 1●–11

51. ਰਤਨ ਸਿੰਘ ਜੱਗੀ, ਵਿਚਾਰਧਾਰਾ, ਪੰਨਾ 173

52. ਸ੍ਰੀ ਦਸਮ ਗ੍ਰੰਥ, ਪੰਨਾ 121

53. ਉਹੀ, ਪੰਨਾ 121

54. ਉਹੀ, ਪੰਨਾ 121–122

55. ਉਹੀ, ਪੰਨਾ 122

56. ਉਹੀ, ਪੰਨਾ 122

57. ਉਹੀ, ਪੰਨਾ 122

58. ਉਹੀ, ਪੰਨਾ 123

59. ਉਹੀ, ਪੰਨਾ 123

60. ਉਹੀ, ਪੰਨਾ 124

61. ਉਹੀ, ਪੰਨਾ 124

62. ਉਹੀ, ਪੰਨਾ 124

63. ਉਹੀ, ਪੰਨਾ 125

64. ਉਹੀ, ਪੰਨਾ 126

65. ਉਹੀ, ਪੰਨਾ 126

66. ਉਹੀ, ਪੰਨਾ 126

67. ਉਹੀ, ਪੰਨਾ 127

68. ਉਹੀ, ਪੰਨਾ 121

69. ਡਾ. ਜਗਜੀਤ ਸਿੰਘ, ਪੰਜਾਬੀ ਦੁਨੀਆਂ, ਜਨਵਰੀ 1956

70. ਪ੍ਰੋ. ਦਲੀਪ ਸਿੰਘ, ਚੜ੍ਹਦੀ ਕਲਾ ਦਾ ਪ੍ਰਤੀਕ, ਪੰਜਾਬੀ ਦੁਨੀਆਂ, ਫਰਵਰੀ 1967

71. ਰਣਜੀਤ ਸਿੰਘ, 'ਖੜਗ' ਬੀਰ ਕਾਵਿ ਅੰਕ, ਪੰਜਾਬੀ ਦੁਨੀਆਂ, ਪੰਨਾ 215

72. ਸ੍ਰੀ ਦਸਮ ਗ੍ਰੰਥ, ਪੰਨਾ 119

73. ਜੀ. ਐਲ ਸ਼ਰਮਾ, ਚੰਡੀ ਦੀ ਵਾਰ, ਪੰਨਾ 71

74. ਡਾ. ਜਸਪਾਲ ਕੌਰ ਕਾਂਗ, ਮਧਕਾਲੀ ਪੰਜਾਬੀ ਸਾਹਿਤ ਵਿਵੇਕ, ਪੰਨਾ 84

75. ਪਿਆਰਾ ਸਿੰਘ ਪਦਮ, ਦਸਮ ਗ੍ਰੰਥ ਦਰਸ਼ਨ, ਪੰਨਾ 147

76. ਸ੍ਰੀ ਦਸਮ ਗ੍ਰੰਥ, ਪੰਨਾ 7●9

77. ਉਹੀ, ਪੰਨਾ 7●9,71●

78. ਉਹੀ, ਪੰਨਾ 71●

79. ਉਹੀ, ਪੰਨਾ 71●

80. ਉਹੀ, ਪੰਨਾ 71●

81. ਉਹੀ, ਪੰਨਾ 71●

82. ਉਹੀ, ਪੰਨਾ 71●

83. ਉਹੀ, ਪੰਨਾ 711

84. ਉਹੀ, ਪੰਨਾ 711

85. ਮਦਨਜੀਤ ਕੌਰ, ਗੁਰੂ ਗੋਬਿੰਦ ਸਿੰਘ ਜੀ ਜੀਵਨ ਅਤੇ ਚਿੰਤਨ, ਪੰਨਾ 1●6

86. ਡਾ. ਤਾਰਨ ਸਿੰਘ, ਸਿੱਖੀ ਅਤੇ ਸਿਧਾਂਤ, ਪੰਨਾ 117

87. ਮਦਨਜੀਤ ਕੌਰ, ਗੁਰੂ ਗੋਬਿੰਦ ਸਿੰਘ ਜੀ ਜੀਵਨ ਅਤੇ ਚਿੰਤਨ, ਪੰਨਾ 1●7

88. ਸ੍ਰੀ ਦਸਮ ਗ੍ਰੰਥ, ਪੰਨਾ 712

89. ਕਾਨ੍ਹ ਸਿੰਘ ਨਾਭਾ (ਸੰਪਾ.) ਗੁਰ ਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 172

90. ਸੁਰਿੰਦਰ ਸਿੰਘ ਕੋਹਲੀ, ਪੰਜਾਬੀ ਸਾਹਿਤ ਕੋਸ਼ (ਭਾਗ ਪਹਿਲਾ), ਪੰਨਾ 396

91. ਡਾ. ਹਰਜੋਤ ਕੌਰ, ਗੁਰਮਤਿ ਦੇ ਪ੍ਰਮੁੱਖ ਸੰਕਲਪ, ਪੰਨਾ 14

92. ਉਜਾਗਰ ਸਿੰਘ, ਗੋਰਖਬਾਣੀ, ਪੰਨਾ 28

93. ਭਾਈ ਕਾਨ੍ਹ ਸਿੰਘ ਨਾਭਾ, ਗੁਰਸ਼ਬਦ ਰਤਨਾਕਰ ਮਹਾਨਕੋਸ਼, ਪੰਨਾ 671

94. ਸ਼ਾਤੀ ਨਾਥ ਗੁਪਤਾ, ਭਾਰਤੀ ਦਰਸ਼ਨ, ਪੰਨੇ 3●–31

95. ਸ੍ਰੀ ਦਸਮ ਗ੍ਰੰਥ, ਪੰਨਾ 1

96. ਉਹੀ, ਪੰਨਾ 712

97. ਉਹੀ, 712

98. ਉਹੀ, ਪੰਨਾ 712

99. ਉਹੀ, ਪੰਨਾ 712

100. ਉਹੀ, ਪੰਨਾ 713

101. ਉਹੀ, ਪੰਨਾ 713

102. ਉਹੀ, ਪੰਨਾ 714

103. ਉਹੀ, ਪੰਨਾ 714

104. ਉਹੀ, ਪੰਨਾ 715

105. ਉਹੀ, ਪੰਨਾ 716

106. ਨਾਨਕ ਪ੍ਰਕਾਸ਼ ਪ੍ਰੱਤਿਕਾ, ਸ੍ਰੀ ਗੁਰੂ ਗੋਬਿੰਦ ਸਿੰਘ ਵਿਸ਼ੇਸ਼ ਅੰਕ, ਡਾ. ਸਰਬਜਿੰਦਰ ਸਿੰਘ (ਸੰਪਾ.), ਦਸੰਬਰ 2●●7 ਅੰਕ ਦੂਜਾ ਪੰਨਾ 181

107. ਰਾਜਿੰਦਰ ਸਿੰਘ ਲਾਂਬਾ (ਸੰਪਾ.), ਫ਼ਾਰਸੀ ਪੰਜਾਬੀ ਕੋਸ਼, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1996, ਪੰਨਾ–476

108. ਉਹੀ, ਪੰਨਾ–681

109. ਕਾਨ੍ਹ ਸਿੰਘ ਨਾਭਾ, ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1981, ਪੰਨਾ–5●6

110. 1675 ਈ. ਦੇ ਲਗਪਗ ਸਿੱਧ ਗੋਤ ਦਾ ਦੀਨਾ ਜੱਟ ਪਿੰਡ ਬਾਜਾ ਰਿਆਸਤ ਪਟਿਆਲਾ ਤੋਂ ਉਠ ਕੇ ਕਾਂਗੜ ਵਾਲੇ ਪਾਸੇ ਨੂੰ ਆ ਕੇ ਪਿੰਡ ਦੀ ਮੋੜੀ ਗੱਡੀ ਤੇ ਪਿੰਡ ਆਬਾਦ ਕੀਤਾ, ਜਿਸ ਦੇ ਗੋਤ ਤੋਂ ਇਸ ਪਿੰਡ ਦਾ ਨਾਂ ਦੀਨਾ ਪਿਆ। ਲਾਲ ਸਿੰਘ, ਦੀਨਾ ਕਾਂਗੜ ਸਰਵੇ ਪੁਸਤਕ, ਭਾਸ਼ਾ ਵਿਭਾਗ, ਪੰਜਾਬ ਪਟਿਆਲਾ, ਪੰਨਾ–32

111. ਮਹਾਨ ਕੋਸ਼, ਪੰਨਾ 11●

112. Harban Singh (ed,-inp- chief), The Encyclopedia of Sikhism (Vol.4), Punjabi University, Patiala, 1998 (4th ed.), P-451.

113. ਸ. ਅਪਿੰਦਰ ਸਿੰਘ, 'ਜ਼ਫ਼ਰਨਾਮਾ', ਗੁਰਮਤਿ ਪ੍ਰਕਾਸ਼ ਮਾਸਿਕ ਪੱਤ੍ਰਿਕਾ, ਜਨਵਰੀ 2●17 ਅੰਕ 1●, ਪੰਨਾ-136

114. ਪ੍ਰੋ: ਪਿਆਰਾ ਸਿੰਘ ਪਦਮ, ਜ਼ਫ਼ਰਨਾਮਾ ਤੇ ਪੰਜ ਹੋਰ ਨਾਮੇ, 'ਦੋ ਸ਼ਬਦ', ਪੰਨਾ ●9

115. ਰਣਧੀਰ ਸਿੰਘ (ਸੰਪ.), ਸ਼ਬਦਾਰਥ ਦਸਮ ਗ੍ਰੰਥ, ਪੰਨਾ 1238

116. ਸ੍ਰੀ ਦਸਮ ਗ੍ਰੰਥ, ਪੰਨਾ 1389

117. ਉਹੀ, ਪੰਨਾ 1389

118. ਸ. ਅਪਿੰਦਰ ਸਿੰਘ, 'ਜ਼ਫ਼ਰਨਾਮਾ', ਗੁਰਮਤਿ ਪ੍ਰਕਾਸ਼ ਮਾਸਿਕ ਪੱਤ੍ਰਿਕਾ, ਜਨਵਰੀ 2●17 ਅੰਕ 1●, ਪੰਨਾ-137

119. ਮਰਾ ਇਅਤਬਾਰੇ ਬਰੀਂ ਕਸਮ ਨੇਸਤ॥

ਕਿ ਏਜ਼ਦ ਗਵਾਹਸਤੋਂ ਯਜ਼ਦਾਂ ਯਕੇਸਤ॥

ਨ ਕਤਰ! ਮਰਾ ਇਅਤਬਾਹਿਰ ਬਰੋਸਤ॥

ਕਿ ਬਖ਼ਸ਼ੀ ਵਾ-ਦੀਵਾਂ, ਹਮਾ ਕਿਜ਼ਬ ਗੋਸਤ॥

ਭਾਵ ਕਿ ਪਰਮੇਸ਼ਵਰ ਵਾਹਿਗੁਰੂ ਦੀ ਉਸਤਤੀ ਉਪਰੰਤ ਗੁਰੂ ਦਸ਼ਮੇਸ ਪਿਤਾ ਜੀ ਚਿੱਠੀ ਦਾ ਹੁਣ ਅਸਲ ਮਜ਼ਮੂਨ ਵਲ ਆ ਕੇ ਉਸ ਸਾਰੀ ਵਿਥਿਆ ਦਾ ਨਕਸ਼, ਖਿਚਦੇ ਲਿਖਦੇ ਹਨ ਕਿ ਐ ਸ਼ਹਿਨਸ਼ਾਹ ਵੇਖ! ਇਕੋ ਇਕ ਵਾਹਿਗੁਰੂ (ਅੱਲਾ) ਸਾਖੀ ਹੈ ਕਿ ਮੈਨੂੰ ਹੁਣ ਨਾ ਤੇਰੀਆਂ ਕਸਮਾਂ ਤੇ ਰਤਾ ਭਰ ਵੀ ਭਰੋਸਾ ਹੈ ਅਤੇ ਨਾ ਤੇਰੇ ਸੈਨਿਕ ਤੇ ਉਚ ਅਧਿਕਾਰੀਆਂ ਤੇ ਤੁਸੀਂ ਸਾਰੇ ਹੀ ਝੂਠ ਬੋਲਣ ਵਾਲੇ ਹੋ।

120. ਅੱਜ ਵੀ ਜਦੋਂ ਕੋਈ ਸਿੱਖ ਕਿਸੇ ਮੁਸਲਮਾਨ ਉਪਰ ਯਕੀਨ ਕਰਨ ਤੋਂ ਸੰਕੋਚ ਕਰਦਾ ਹੈ ਤਾਂ ਉਸ ਦਾ ਕਾਰਣ ਇਤਿਹਾਸ ਵਿਚ ਵਾਪਰੀ ਇਸ ਘਟਨਾ ਕਰਕੇ ਹੀ ਹੁੰਦਾ ਹੈ। "ਚਿ ਕਸਮੇ ਕੁਰਾਂ ਮਨ ਕੁਰਮ ਏਤਬਾਰ" ਤੁਸੀਂ ਸਾਰੇ ਹੀ ਝੂਠ ਬੋਲਣ ਵਾਲੇ ਹੋ।

121. ਲਾਲ ਸਿੰਘ (ਸੰਪਾ.), ਜ਼ਫ਼ਰਨਾਮਾ, ਪੰਨਾ 11

122. ਸ੍ਰੀ ਦਸਮ ਗ੍ਰੰਥ, ਪੰਨਾ 45

123. ਨਿਰੰਜਣ ਸਿੰਘ ਨੂਰ (ਅਨੁ.), ਗੁਰੂ ਗੋਬਿੰਦ ਸਿੰਘ ਜੀ ਰਚਿਤ ਜ਼ਫ਼ਰਨਾਮਾ, ਪੰਨਾ 8

124. ਅੰਮ੍ਰਿਤਪਾਲ ਕੌਰ (ਡਾ.), ਦਸਮ ਗੁਰੂ ਬਾਣੀ ਸੰਘ ਡੁਲ੍ਹਕੂ (ਅਨੁ.), ਜ਼ਫ਼ਰਨਾਮਾ ਰਚਨਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਪੰਨਾ 87-88

125. ਸ੍ਰੀ ਦਸਮ ਗ੍ਰੰਥ, ਪੰਨਾ 1392

126. ਉਹੀ, ਪੰਨਾ 1392

127. ਉਹੀ, ਪੰਨਾ 1392

128. ਉਹੀ, ਪੰਨਾ 1392

129. ਉਹੀ, ਪੰਨਾ 1392

130. ਉਹੀ, ਪੰਨਾ 1393

131. ਉਹੀ, ਪੰਨਾ 1393

132. ਉਹੀ, ਪੰਨਾ 1393

133. ਉਹੀ, ਪੰਨਾ 1391

134. ਉਹੀ, ਪੰਨਾ 1391

135. ਉਹੀ, ਪੰਨਾ 1394

136. ਉਹੀ, ਪੰਨਾ 1394

137. ਉਹੀ, ਪੰਨਾ 1393

138. ਉਹੀ, ਪੰਨਾ14●8

139. ਉਹੀ, ਪੰਨਾ 1414

140. ਉਹੀ, ਪੰਨਾ 1425

## ਅਧਿਆਇ ਚੌਥਾ

## 4. ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਵਿੱਚ ਸ਼ਕਤੀ ਦੇ ਨਵ-ਸਿਰਜਿਤ ਸ੍ਰੋਤ ਅਤੇ ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਵਿਚ ਸ਼ਕਤੀ ਦੇ ਸੰਕਲਪ ਦੀ ਸਮਕਾਲੀਨ ਪ੍ਰਾਸੰਗਿਕਤਾ

### 4.1. ਸ਼ਕਤੀ ਦੇ ਨਵ-ਸਿਰਜਿਤ ਸ੍ਰੋਤ

4.1.1. ਔਰਤ ਦੇ ਇਨਕਲਾਬੀ ਸਰੂਪ ਦੀ ਪੇਸ਼ਕਾਰੀ

4.1.2. ਸੰਤ ਸਿਪਾਹੀ ਦਾ ਸਰੂਪ

4.1.3. ਸ਼ਕਤੀ ਦਾ ਸੇਵਾ ਵਿਚ ਰੂਪਾਂਤਰਣ

4.1.4. ਸਰਬਸ਼ਕਤੀਮਾਨ ਰੱਬ ਦੀ ਸੰਕਲਪਨਾ

4.2. ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਵਿਚ ਸ਼ਕਤੀ ਦੇ ਸੰਕਲਪ ਦੀ ਸਮਕਾਲੀ ਪ੍ਰਾਸੰਗਿਕਤਾ

## ਅਧਿਆਇ ਚੌਥਾ

# ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਵਿੱਚ ਸ਼ਕਤੀ ਦੇ ਨਵ-ਸਿਰਜਿਤ ਸ੍ਰੋਤ ਅਤੇ ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਵਿਚ ਸ਼ਕਤੀ ਦੇ ਸੰਕਲਪ ਦੀ ਸਮਕਾਲੀ ਪ੍ਰਾਸੰਗਿਕਤਾ

ਖੋਜ ਪ੍ਰਬੰਧ ਦੇ ਇਸ ਚੌਥੇ ਅਧਿਆਇ ਵਿਚ ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਵਿੱਚ ਸ਼ਕਤੀ ਦੇ ਨਵ-ਸਿਰਜਿਤ ਸਰੋਤ-ਬਿੰਦੂਆਂ ਉੱਤੇ ਖੋਜ ਵਿਚਾਰ ਕੀਤੀ ਜਾਵੇਗੀ। ਪਿਛਲੇ ਅਧਿਆਇ ਵਿਚ ਗੁਰੂ ਗੋਬਿੰਦ ਸਿੰਘ ਜੀ ਦੀਆਂ ਚੋਣਵੀਆਂ ਰਚਨਾਵਾਂ ਜਾਪੁ ਸਾਹਿਬ, ਬਚਿੱਤ੍ਰ ਨਾਟਕ, ਵਾਰ ਸ੍ਰੀ ਭਗਉਤੀ ਜੀ ਕੀ (ਚੰਡੀ ਦੀ ਵਾਰ), ਰਾਮਕਲੀ ਪਾਤਸ਼ਾਹੀ ੧੦ ਸ਼ਬਦ ਹਜ਼ਾਰ), 33 ਸਵੈੱਯੇ ਅਤੇ ਜ਼ੰ ਰਨਾਮਾ ਆਦਿ ਦੇ ਸੰਦਰਭ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਸ਼ਕਤੀ ਦੇ ਸੰਕਲਪ ਅਤੇ ਇਸਦੇ ਵਿਭਿੰਨ ਸਰੂਪਾਂ ਨੂੰ ਪੇਸ਼ ਕਰਨ ਦਾ ਯਤਨ ਕੀਤਾ ਗਿਆ ਸੀ। ਇਸ ਤੱਥ ਵਿਚ ਕੋਈ ਦੋ ਰਾਵਾਂ ਨਹੀਂ ਹਨ ਕਿ ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਵਿਚ ਸ਼ਕਤੀ, ਦ੍ਰਿੜਤਾ ਤੇ ਨਿਡਰਤਾ ਦਾ ਵਰਣਨ ਪ੍ਰਚੰਡ ਰੂਪ ਵਿਚ ਹੋਇਆ ਹੈ। ਇਸ ਹੱਥਲੇ ਅਧਿਆਇ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਵਿੱਚੋਂ ਉਭਰੇ ਸ਼ਕਤੀ ਦੇ ਨਵ-ਸਿਰਜਿਤ ਸ੍ਰੋਤਾਂ ਅਤੇ ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਵਿਚ ਸ਼ਕਤੀ ਦੇ ਸੰਕਲਪ ਦੀ ਸਮਕਾਲੀ ਪ੍ਰਾਸੰਗਿਕਤਾ ਨੂੰ ਉਭਾਰਿਆ ਜਾਵੇਗਾ।

### 4.1.1. ਔਰਤ ਦੇ ਇਨਕਲਾਬੀ ਸਰੂਪ ਦੀ ਪੇਸ਼ਕਾਰੀ

ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਵਿਚ ਸ਼ਕਤੀ ਦੇ ਨਵ ਸਿਰਜਿਤ ਸ੍ਰੋਤਾਂ ਵਿਚੋਂ ਪਹਿਲਾ ਸ੍ਰੋਤ ਔਰਤ ਦੀ ਇਨਕਲਾਬੀ ਸਰੂਪ ਵਿਚ ਕੀਤੀ ਗਈ ਉਸਾਰੀ ਹੈ। ਭਾਰਤੀ ਸਮਾਜ ਵਿਚ ਔਰਤ ਨੂੰ ਕਦੇ ਵੀ ਅਜਿਹੇ ਇਨਕਲਾਬੀ ਰੂਪ ਵਿਚ ਪਹਿਲਾਂ ਚਿਤਰਿਆ ਸੀ ਨਹੀਂ ਗਿਆ। ਇਸ ਤੱਥ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਭਾਰਤੀ ਸਮਾਜ ਵਿਚ ਔਰਤ ਦੀ ਹੋਂਦ ਤੇ ਹਸਤੀ ਹਮੇਸ਼ਾ ਅਣਗੌਲੀ ਹੀ ਰਹੀ ਹੈ। ਪੂਰਵ ਗੁਰੂ ਨਾਨਕ ਦੇਵ ਕਾਲ ਦੀ ਧਾਰਮਿਕ

ਅਤੇ ਸਮਾਜਿਕ ਵਿਵਸਥਾ ਵਿਚ ਔਰਤ ਦੀ ਸਥਿਤੀ ਬਹੁਤ ਨਿਗੁਣੀ ਸੀ। ਪੁੱਤਰੀ ਦੀ ਥਾਂ ਪੁੱਤਰ ਨਾਲੋਂ ਨੀਵੇਂ ਦਰਜੇ ਦੀ ਸੀ। ਪ੍ਰਸਿੱਧ ਹਿੰਦੂ ਗ੍ਰੰਥ 'ਮਨੂ ਸਿਮ੍ਰਿਤੀ' ਵਿਚ ਇਹ ਦਰਜ ਹੈ ਕਿ ਵੈਦਿਕ ਯੁਗ ਦੇ ਪਰਿਵਾਰ ਪੁੱਤਰ ਪ੍ਰਾਪਤੀ ਤੇ ਜਿਆਦਾ ਖੁਸ਼ੀ ਮਨਾਉਂਦੇ ਸਨ। ਔਰਤ ਨੂੰ ਘਰ ਦੀ ਚਾਰਦੀਵਾਰੀ ਵਿਚ ਹੀ ਰਹਿਣ ਦੀ ਤਾਕੀਦ ਕੀਤੀ ਜਾਂਦੀ ਸੀ ਅਤੇ ਇਹ ਵੀ ਦਰਸਾਇਆ ਗਿਆ ਹੈ ਕਿ ਔਰਤਾਂ ਨੂੰ ਸਕੂਲੀ ਸਿਖਿਆ ਮੁਹੱਈਆ ਕਰਵਾਉਣ ਦੀ ਬਜਾਏ ਘਰੇਲੂ ਸਿਖਿਆ ਦੇਣ ਦੀ ਤਾਕੀਦ ਕੀਤੀ ਜਾਂਦੀ ਸੀ। 'ਮਨੂ ਸਿਮ੍ਰਿਤੀ' ਵਿਚ ਇਹ ਵੀ ਵਿਚਾਰ ਮਿਲਦਾ ਹੈ ਕਿ ਔਰਤ ਸਿਰੰ ਆਪਣੇ ਪਤੀ ਦੀ ਸੇਵਾ, ਉਸਦੇ ਸੁਖ ਅਤੇ ਮਨੋਰੰਜਨ ਲਈ ਸਾਧਨ ਮਾਤਰ ਹੈ। ਧਰਮ ਸ਼ਾਸਤਰਾਂ ਵਿਚ ਮਰਦਾਂ ਦੇ ਮੁਕਾਬਲੇ ਔਰਤ ਨੂੰ ਸ਼ੂਦਰਾਂ ਦੀ ਸ਼੍ਰੇਣੀ ਵਿੱਚ ਰੱਖ ਕੇ ਦੂਜਾ ਦਰਜਾ ਦਿੱਤਾ ਗਿਆ ਹੈ। ਪੁਰਸ਼ਾਂ ਨੂੰ ਪਾਪ ਵਲ ਅਗਰਸਰ ਕਰਨ ਵਾਲੀ ਨਾਰੀ ਨੂੰ ਨੀਵੀਂ ਧਿਰ ਦਾ ਮੰਨਿਆ ਗਿਆ ਹੈ ਅਤੇ ਪੁਰਸ਼ ਨੂੰ ਉਸ ਤੋਂ ਦੂਰ ਰਹਿਣ ਦੀ ਚੇਤਾਵਨੀ ਦਿੱਤੀ ਗਈ ਹੈ।[1]

ਮੁਸਲਮਾਨਾਂ ਦੇ ਭਾਰਤ ਵਿਚ ਆਉਣ ਨਾਲ ਔਰਤ ਦੀ ਸਥਿਤੀ ਵਿਚ ਹੋਰ ਵੀ ਵਿਗਾੜ ਆਇਆ। ਔਰਤਾਂ ਪਰਦੇ ਵਿਚ ਕੈਦ ਹੋ ਗਈਆਂ, ਇਸਦੇ ਨਾਲ ਹੀ ਕੁੜੀ ਮਾਰ, ਬਾਲ-ਵਿਆਹ, ਸਤੀ ਪ੍ਰਥਾ ਆਦਿ ਦੇ ਰਸਮ-ਰਿਵਾਜ ਪ੍ਰਚਲਿਤ ਹੋ ਗਏ। ਵਿਧਵਾ ਦੀ ਹਾਲਤ ਬਹੁਤ ਬੁਰੀ ਹੋ ਗਈ ਸੀ, ਉਸਨੂੰ ਸਖਤ ਅਨੁਸ਼ਾਸਨ ਵਿਚ ਰਹਿਣਾ ਪੈਂਦਾ ਸੀ, ਸੁਤੰਤਰਤਾ ਅਤੇ ਸਮਾਨਤਾ ਦੇ ਅਧਿਕਾਰ ਤਾਂ ਬਹੁਤ ਦੂਰ ਦੀ ਗਲ ਹੈ। ਔਰਤ ਨੂੰ ਦੁਬਾਰਾ ਵਿਆਹ ਦੀ ਆਗਿਆ ਨਹੀਂ ਸੀ, ਜਦ ਕਿ ਪੁਰਸ਼ ਬਹੁ-ਪਤਨੀਆਂ ਰੱਖ ਸਕਦੇ ਸਨ। ਔਰਤ ਦੀ ਜ਼ਿੰਦਗੀ ਦਾਸ ਤੋਂ ਵੀ ਭੈੜੀ ਸੀ। ਉਸਨੂੰ ਨਰਕ-ਦੁਆਰੀ ਅਤੇ ਪੈਰ ਦੀ ਜੁਤੀ ਦੇ ਸਮਾਨ ਸਮਝਿਆ ਜਾਂਦਾ ਸੀ। ਔਰਤ ਨੂੰ ਗੁਲਾਮ ਬਣਾ ਕੇ ਸਾਹਸਹੀਣ ਕਰ ਦਿੱਤਾ ਗਿਆ ਸੀ। ਉਸ ਕੋਲੋਂ ਧਰਮ, ਅਰਥ, ਕਾਮ ਅਤੇ ਮੋਖ ਦੇ ਅਧਿਕਾਰ ਖੋਹ ਲਏ ਗਏ। ਵੈਸ਼ਨਵ ਧਰਮ ਵਿਚ ਔਰਤ ਨੂੰ ਧਾਰਮਿਕ ਕਰਮ-ਕਾਂਡ ਕਰਨ ਦੇ ਹੱਕ ਨਹੀਂ ਸਨ। ਇਥੋਂ ਤਕ ਕਿ ਔਰਤ ਮੰਦਰਾਂ ਵਿਚ ਦਾਖਲ ਨਹੀਂ ਸੀ ਹੋ ਸਕਦੀ। ਸੰਸਾਰ ਵਿਚ ਸਭ ਤੋਂ ਵਿਕਸਿਤ ਧਰਮ 'ਈਸਾਈ ਧਰਮ' ਵਿਚ ਔਰਤ ਅਜੇ ਵੀ ਪਾਦਰੀ ਨਹੀਂ ਬਣ ਸਕਦੀ।

ਭਾਰਤੀ ਵਿਵਸਥਾ ਦੇ ਪੂਰਵ ਮੁਗਲ ਵਿਚ ਹਿੰਦੂ ਧਾਰਮਿਕ ਨਾਥ ਮਤ ਤੇ ਜੋਗ ਮਤ ਦੇ ਸਾਹਿਤ ਵਿਚ ਔਰਤ ਦੇ ਦਮਨ ਦੀ ਸਥਿਤੀ ਨੂੰ ਦੇਖਿਆ ਜਾ ਸਕਦਾ ਹੈ ਗੋਰਖ ਨਾਥ ਦਾ ਔਰਤ ਨੂੰ ਬਾਘਨਿ ਦੇ ਰੂਪ ਵਿਚ ਚਿਤਰਣ, ਸਮਾਜ ਵਿਚ ਉਸਦੀ ਨਿਗੁਣੀ ਤੇ ਬਦਤਰ ਸਥਿਤੀ ਦੇ ਰੂਪ ਨੂੰ ਦਰਸਾਉਂਦਾ ਹੈ, ਔਰਤ ਨੂੰ ਮਨੁਖ ਦੀ ਮੁਕਤੀ ਦੇ ਰਾਹ ਦਾ ਰੋੜਾ ਮੰਨਦੇ ਹੋਏ ਨਾਥ ਜੋਗੀ ਗ੍ਰਹਿਸਥ ਦਾ ਤਿਆਗ ਕਰਦੇ ਹਨ:

ਬਾਘਨਿ ਜਿੰਦ ਲੈ ਬਾਘਨਿ ਬਿੰਦ ਲੈ
ਬਾਘਨਿ ਹਮਰੀ ਕਾਇਆ।
ਇਸ ਬਾਘਨਿ ਤ੍ਰੈ ਲੋਈ ਖਾਧੀ
ਬਧਤਿ ਗੋਰਖ ਗਾਇਆ।[2]

ਗੁਰੂ ਨਾਨਕ ਦੇਵ ਜੀ ਨੇ ਸਭ ਤੋਂ ਵੱਧ ਟਿੱਪਣੀਆਂ ਇਨ੍ਹਾਂ ਸਿਧ ਜੋਗੀਆਂ ਅਤੇ ਨਾਥਾਂ ਬਾਰੇ ਹੀ ਕੀਤੀਆਂ ਹਨ। ਆਪਣੀਆਂ ਉਦਾਸੀਆਂ ਦੌਰਾਨ ਗੁਰੂ ਨਾਨਕ ਦੇਵ ਜੀ ਨੂੰ ਮਿਲਦੇ ਰਹੇ ਸਨ। ਉਨਾਂ ਦੀ ਬਾਣੀ ਸਿਧ ਗੋਸਟਿ ਨਾਥ ਜੋਗੀਆਂ ਨਾਲ ਹੋਏ ਸੁਆਲਾਂ ਜੁਆਬਾਂ ਦੀ ਪ੍ਰਤੀਨਿੱਧਤਾ ਕਰਦੀ ਹੈ। ਬਾਣੀ ਅਨੁਸਾਰ ਜੋਗੀ ਗ੍ਰਹਿਸਥ ਅਤੇ ਕਿਰਤ ਦੇ ਵਿਰੋਧੀ ਸਨ ਅਤੇ ਘਰ-ਬਾਰ ਤਿਆਗ ਕੇ ਪਰਾਈਆਂ ਔਰਤਾਂ ਪ੍ਰਤੀ ਮੰਦਭਾਵਨਾ ਰਖਦੇ ਸਨ:

ਇਸਤ੍ਰੀ ਤਜਿ ਕਰਿ ਕਾਮਿ ਵਿਆਪਿਆ ਚਿਤੁ ਲਾਇਆ ਪਰ ਨਾਰੀ॥[3]

ਨਾਥਾਂ ਜੋਗੀਆਂ ਵਿਚ ਗੋਰਖਨਾਥ, ਚੋਰੰਗੀ ਨਾਥ, ਬਾਲ ਨਾਥ, ਤੇ ਭਰਥਰੀ ਆਦਿ ਸਭ ਜੋਗੀਆਂ ਨੇ ਔਰਤ ਜਾਤੀ ਦਾ ਵਿਰੋਧ ਕੀਤਾ। ਉਨ੍ਹਾਂ ਅਨੁਸਾਰ ਔਰਤ ਭਾਵੇਂ ਸਿੱਧੀ ਸਾਦੀ ਹੋਵੇ ਜਾਂ ਮੁੰਡੀ ਹੋਈ, ਅਰਥਾਤ ਜੋਗ ਧਾਰੀ, ਜੋਗੀ ਦੇ ਪਾਸ ਬੈਠੀ ਸੋਭਾ ਨਹੀਂ ਦਿੰਦੀ:

ਪਾਸਿ ਬੈਠੀ ਸੋਭੇ ਨਹੀਂ, ਸਾਥਿ ਰਮਾਈ ਭੂੰਡਿ
ਗੋਰਖ ਕਰੈ ਇਸਤਰੀ, ਕਹ-ਸਲਹ ਕਰ ਮੂੰਡਿ।[4]

ਗੁਰੂ ਨਾਨਕ ਦੇਵ ਜੀ ਦੀ ਬਾਣੀ ਰਾਗ ਆਸਾ ਵਿਚ ਜੋਗੀ, ਜਤੀ, ਸੰਨਿਆਸੀ ਅਤੇ ਤਪਸਵੀ ਆਦਿ ਦੀ ਚਰਚਾ ਕਰਦਿਆਂ ਗ੍ਰਹਿਸਤੀਆਂ ਦੀ ਉੱਤਮਤਾ ਪ੍ਰਗਟਾਈ ਹੈ:

ਜੋਗੀ ਭੋਗੀ ਕਾਪੜੀ ਕਿਆ ਭਵਹਿ ਦਿਸੰਤਰ॥
ਗੁਰ ਕਾ ਸਬਦੁ ਨ ਚੀਨਹੀ ਤਤੁ ਸਾਰ ਨਿਰੰਤਰ॥
ਪੰਡਿਤ ਪਾਧੇ ਜੋਇਸੀ ਨਿਤ ਪੜ੍ਹਹਿ ਪੁਰਾਣਾ॥
ਅੰਤਰਿ ਵਸਤੁ ਨ ਜਾਣਨੀ ਘਟਿ ਬ੍ਰਹਮੁ ਲੁਕਾਣਾ॥
... ... ... ... ... ...
ਇਕਿ ਗਿਰਹੀ ਸੇਵਕ ਸਾਧਿਕਾ ਗੁਰਮਤੀ ਲਾਗੇ॥
ਨਾਮੁ ਦਾਨੁ ਇਸਨਾਨੁ ਦ੍ਰਿੜ ਹਰਿ ਭਗਤਿ ਸੁ ਜਾਗੇ॥[5]

ਗੁਰੂ ਸਾਹਿਬਾਨ ਦੀਆਂ ਸਿਖਿਆਵਾਂ ਅਤੇ ਰਚਨਾਵਾਂ ਰਾਹੀਂ ਔਰਤ ਪੁਰਸ਼ ਦੀ ਸਮਾਨਤਾ ਸੰਬੰਧੀ ਜਾਗਰੂਕਤਾ ਪ੍ਰਗਟ ਹੋਈ। ਗੁਰੂ ਨਾਨਕ ਦੇਵ ਜੀ ਨੇ ਸਮਾਜ ਵਿਚ ਔਰਤ ਦੀ ਤ੍ਰਿਸਕਾਰਤ ਹਾਲਤ ਨੂੰ ਦੇਖ ਕੇ ਉਸ ਸਮੇਂ ਦੀ ਸਮਾਜਕ ਤੇ ਧਾਰਮਿਕ ਵਿਵਸਥਾ ਸਾਹਮਣੇ ਤਰਕਸ਼ੀਲ ਦ੍ਰਿਸ਼ਟੀਕੋਣ ਨਾਲ ਪ੍ਰਸ਼ਨ ਉਠਾਇਆ ਕਿ ਜੇਕਰ ਔਰਤ ਦੇ ਰਾਹੀਂ ਸਮੁੱਚੇ ਜਗ ਦੀ ਸਿਰਜਣਾ ਹੈ ਤਾਂ ਫਿਰ ਔਰਤ ਨੂੰ ਮੰਦਾ ਕਿਉਂ ਕਿਹਾ ਜਾਂਦਾ ਹੈ। ਇਹ ਸਵਾਲ ਜਿਥੇ ਪੂਰੇ ਭਾਰਤੀ ਸਮਾਜ ਦੇ ਧਾਰਮਿਕ ਮੁਦੱਈਆਂ ਦੀ ਜਮੀਰ ਨੂੰ ਕੁਰੇਦਣ ਵਾਲਾ ਸੀ ਉਥੇ ਔਰਤ ਦੇ ਦੁੱਖ ਪ੍ਰਤੀ ਸਮਾਜ ਨੂੰ ਸੰਵੇਦਨਾ ਨਾਲ ਜੋੜਨ ਦਾ ਪ੍ਰਯਤਨ ਸੀ। ਗੁਰੂ ਨਾਨਕ ਦੇਵ ਜੀ ਨੇ ਆਸਾ ਦੀ ਵਾਰ ਵਿਚ ਇਸ ਤੱਥ ਦੀ ਤਰਜਮਾਨੀ ਇਸ ਪ੍ਰਕਾਰ ਕੀਤੀ ਹੈ:

ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ॥
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥
ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ॥
ਸੋ ਕਿਉਂ ਮੰਦਾ ਆਖੀਐ ਜਿਤੁ ਜੰਮਹਿ ਰਾਜਾਨੁ॥[6]

ਭਾਵ ਪ੍ਰਾਣੀ ਔਰਤ ਤੋਂ ਜਨਮ ਲੈਂਦਾ ਹੈ, ਔਰਤ ਦੇ ਪੇਟ ਵਿਚ ਪ੍ਰਾਣੀ ਦਾ ਸਰੀਰ ਬਣਦਾ ਹੈ, ਔਰਤ ਨਾਲ ਕੁੜਮਾਈ ਅਤੇ ਵਿਆਹ ਹੁੰਦਾ ਹੈ, ਔਰਤ ਦੁਆਰਾ ਹੀ ਹੋਰ ਲੋਕਾਂ ਨਾਲ ਸੰਬੰਧ ਬਣਦਾ ਹੈ, ਔਰਤ ਤੋਂ ਹੀ ਜਗਤ ਦੀ ਉੱਤਪਤੀ ਦਾ ਰਸਤਾ ਚਲਦਾ ਹੈ ਅਤੇ ਜੇ ਪਹਿਲੀ ਔਰਤ ਮਰ ਜਾਵੇ ਤਾਂ ਪੁਰਸ਼ ਹੋਰ ਔਰਤ ਦੀ ਭਾਲ ਕਰਦਾ ਹੈ। ਔਰਤ ਨਾਲ ਹੀ ਹੋਰਾਂ ਨਾਲ ਰਿਸ਼ਤੇਦਾਰੀ ਬਣਦੀ ਹੈ। ਔਰਤ ਰਾਜਿਆਂ ਦੀ ਵੀ ਜਨਮਦਮਤੀ ਹੈ। ਇਸ ਲਈ ਔਰਤ ਸਤਿਕਾਰਯੋਗ ਹੈ, ਮੰਦਾ ਕਹੇ ਜਾਣ ਵਾਲੀ ਨਹੀਂ।

ਕਈ ਧਾਰਮਿਕ ਅਤੇ ਸਮਾਜਿਕ ਰਸਮਾਂ ਵੀ ਔਰਤ ਦੇ ਪੱਧਰ ਨੂੰ ਨੀਵਾਂ ਕਰਦੀਆਂ ਹਨ, ਜਿਵੇਂ ਕਿ ਬੱਚਾ ਪੈਦਾ ਹੋਣ ਦੀ ਹਾਲਤ ਵਿਚ ਅਪਵਿੱਤ੍ਰਤਾ ਜਾਂ ਨਾਪਾਕੀ ਸੂਤਕ, ਅਜਿਹੀ ਅਪਵਿੱਤ੍ਰਤਾ ਬੱਚਾ ਜੰਮਣ ਵੇਲੇ ਹੁੰਦੀ ਹੈ। ਹਿੰਦੂ ਧਰਮ ਸ਼ਾਸਤਰਾਂ ਅਨੁਸਾਰ ਇਹ ਅਪਵਿੱਤ੍ਰਤਾ ਜਾਂ ਅਸ਼ੁੱਧੀ ਬ੍ਰਾਹਮਣ ਦੇ ਘਰ 11 ਦਿਨ, ਛੱਤ੍ਰੀ ਦੇ ਘਰ 13 ਦਿਨ, ਵੈਸ਼ ਦੇ ਘਰ 17 ਦਿਨ, ਸ਼ੁਦਰ ਦੇ ਘਰ 30 ਦਿਨ ਰਹਿੰਦੀ ਹੈ।[7] ਗੁਰੂ ਨਾਨਕ ਸਾਹਿਬ ਨੇ ਅਜਿਹੇ ਰਸਮ-ਰਿਵਾਜਾਂ ਤੇ ਵਹਿਮਾਂ ਭਰਮਾਂ ਨੂੰ ਜਿਹੜੇ ਔਰਤ ਨੂੰ ਅਸ਼ੁੱਧ ਕਹਿੰਦੇ ਹਨ ਦੀ ਸਖਤ ਸ਼ਬਦਾਂ ਵਿਚ ਨਿਖੇਧੀ ਕੀਤੀ। 'ਆਸਾ ਦੀ ਵਾਰ' ਵਿਚ ਆਪ ਨੇ ਸੂਤਕ ਦੀ ਰਸਮ ਦਾ ਵੀ ਖੰਡਨ ਕੀਤਾ ਹੈ ਜਿਸ ਦੇ ਅਧੀਨ ਔਰਤ ਨੂੰ ਅਪਵਿੱਤ੍ਰ ਦੱਸਿਆ ਜਾਦਾਂ ਸੀ:

ਜੇ ਕਰਿ ਸੂਤਕ ਮੰਨੀਐ ਸਭ ਤੈ ਸੂਤਕੁ ਹੋਇ॥
ਗੋਹੇ ਅਤੈ ਲਕੜੀ ਅੰਦਰਿ ਕੀੜਾ ਹੋਇ॥
ਜੇਤੇ ਦਾਣੇ ਅੰਨ ਕੇ ਜੀਆ ਬਾਝੁ ਨ ਕੋਇ॥
ਪਹਿਲਾ ਪਾਣੀ ਜੀਉ ਹੈ ਜਿਤ ਹਰਿਆ ਸਭੁ ਕੋਈ॥
ਸੂਤਕ ਕਿਉ ਕਰਿ ਰਖੀਐ ਸੂਤਕੁ ਪਵੈ ਰਸੋਇ॥
ਨਾਨਕ ਸੂਤਕੁ ਏਵ ਨ ਉਤਰੈ ਗਿਆਨੁ ਉਤਾਰੇ ਧੋਇ॥[8]

ਗੁਰੂ ਸਾਹਿਬ ਨੇ ਇਸ ਗਲ ਦਾ ਸਪੱਸ਼ਟੀਕਰਣ ਇਹ ਕਹਿ ਕੇ ਦਿਤਾ ਹੈ ਕਿ ਜੇ ਸੂਤਕ ਦਾ ਪ੍ਰਹੇਜ ਰਖਣਾ ਚਾਹੀਦਾ ਹੈ ਤਾਂ ਇਹ ਵੀ ਯਾਦ ਰਖਣਾ ਚਾਹੀਦਾ ਹੈ ਕਿ ਕੋਈ ਵੀ ਥਾਂ ਸੂਤਕ

(ਅਪਵਿੱਤ੍ਰਤਾ) ਤੋਂ ਰਹਿਤ ਨਹੀਂ ਹੈ, ਸੂਤਕ ਸਭ ਜਗ੍ਹਾ ਹੈ, ਗੋਹੇ ਅਤੇ ਲੱਕੜ ਵਿਚ ਕੀੜੇ ਹੁੰਦੇ ਹਨ, ਉਹ ਜੰਮਦੇ ਮਰਦੇ ਹਨ। ਅਨਾਜ ਦੇ ਜਿੰਨੇ ਵੀ ਦਾਣੇ ਹਨ, ਕੋਈ ਵੀ ਜੀਵ ਤੋਂ ਬਗੈਰ ਨਹੀਂ ਹਨ। ਪਾਣੀ ਆਪ ਵੀ ਜੀਵ ਹੈ ਕਿਉਂਕਿ ਇਸ ਦੁਆਰਾ ਸਭ ਕੁਝ ਸਰਸਬਜ (ਹਰਾ) ਰਹਿੰਦਾ ਹੈ। ਸੂਤਕ ਦਾ ਪ੍ਰਹੇਜ ਪੂਰੇ ਤੋਰ ਤੇ ਕਰਨਾ ਬੜਾ ਕਠਿਨ ਹੈ, ਕਿਉਂਕਿ ਸਾਡੇ ਰਸੋਈਘਰ ਵਿਚ ਹਰ ਸਮੇਂ ਸੂਤਕ ਪਿਆ ਰਹਿੰਦਾ ਹੈ। ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਸੂਤਕ ਦੇ ਅਸਲ ਅਰਥਾਂ ਨੂੰ ਨੈਤਿਕਤਾ ਦੇ ਮਹੱਤਵ ਰਾਹੀਂ ਪੇਸ਼ ਕੀਤਾ ਗਿਆ ਹੈ ਕਿ ਮਨ ਦਾ ਸੂਤਕ ਲੋਭ ਹੈ, ਜੀਭ ਦਾ ਸੂਤਕ ਝੂਠ ਬੋਲਣਾ ਹੈ, ਅੱਖਾਂ ਦਾ ਸੂਤਕ ਪਰਾਇਆ ਧੰਨ ਤੇ ਪਰਾਇਆ ਰੂਪ ਵੇਖਣਾ ਚੰਗਾ ਲਗਦਾ ਹੈ, ਕੰਨਾਂ ਦਾ ਸੂਤਕ ਚੁਗਲੀ ਸੁਣਨਾ ਹੈ, ਜੇ ਪ੍ਰਹੇਜ ਹੀ ਕਰਨਾ ਹੈ ਤਾਂ ਇਨ੍ਹਾਂ ਸੂਤਕਾਂ ਤੋਂ ਕੀਤਾ ਜਾਣਾ ਚਾਹੀਦਾ ਹੈ। ਸੂਤਕ ਭਰਮ ਤੋਂ ਇਲਾਵਾ ਹੋਰ ਕੁਝ ਨਹੀਂ ਹੈ ਕਿਉਂਕਿ ਜਨਮ ਮਰਨ ਤਾਂ ਪ੍ਰਮਾਤਮਾ ਦੇ ਹੁਕਮ ਹਨ। ਜੀਵ ਪ੍ਰਮਾਤਮਾ ਦੀ ਰਜਾ ਵਿਚ ਹੀ ਜੰਮਦੇ ਮਰਦੇ ਹਨ।

ਗੁਰੂ ਕਾਵਿ ਪਰੰਪਰਾ ਨੇ ਪਰਾਈ ਔਰਤ ਉਤੇ ਬੁਰੀ ਨਜ਼ਰ ਰੱਖਣ ਵਾਲੇ ਨੂੰ ਚੇਤਾਵਨੀ ਦਿੰਦੇ ਹੋਏ ਦਰਸਾਇਆ ਹੈ ਕਿ ਪਰਾਈ ਔਰਤ ਨੂੰ ਮਾਂ, ਭੈਣ ਅਤੇ ਧੀ ਦਾ ਦਰਜਾ ਦੇ ਕੇ ਉਸਦਾ ਸਤਿਕਾਰ ਹੋਣਾ ਚਾਹੀਦਾ ਹੈ:

ਦੇਖ ਪਰਾਈਆਂ ਚੰਗੀਆਂ, ਮਾਵਾਂ ਭੈਣਾਂ ਧੀਆਂ ਜਾਣੈ।।[9]
ਏਕਾ ਨਾਰੀ ਜਤੀ ਹੋਇ ਪਰ ਨਾਰੀ ਧੀ ਭੈਣ ਵਖਾਣੈ।।[10]

ਗੁਰਮਤਿ ਵਿਚ ਗ੍ਰਹਿਸਥ ਜੀਵਨ ਨੂੰ ਸਮਾਜ ਦੀ ਪ੍ਰਗਤੀ ਲਈ ਇਕ ਆਦਰਸ਼ਕ ਮਾਡਲ ਵਜੋਂ ਲਿਆ ਗਿਆ ਹੈ ਕਿਉਂਕਿ ਗ੍ਰਹਿਸਥ ਵਿਚ ਰਹਿ ਕੇ ਹੀ ਮਨੁੱਖ ਮੋਖ ਦੀ ਪ੍ਰਾਪਤੀ ਕਰ ਸਕਦਾ ਹੈ। ਭਾਈ ਗੁਰਦਾਸ ਨੇ ਔਰਤ ਨੂੰ 'ਅਰਧ ਸਰੀਰੀ ਮੋਖ ਦੁਆਰੀ'[11] ਕਹਿ ਕੇ ਉਸਦਾ ਮੱਹਤਵ ਦਰਸਾਇਆ ਹੈ। ਗੁਰੂ ਅਮਰਦਾਸ ਜੀ ਨੇ ਔਰਤਾਂ ਤੇ ਹੁੰਦੇ ਅਤਿਆਚਾਰਾਂ ਦੀ ਨਿਖੇਧੀ ਕਰਦਿਆਂ ਪਰਦੇ ਦੀ ਪ੍ਰਥਾ ਦਾ ਵਿਰੋਧ ਕੀਤਾ। ਆਪ ਦੀ ਬਾਣੀ ਵਿਚ ਸਤੀ ਪ੍ਰਥਾ ਦੇ ਵਿਰੁਧ ਆਵਾਜ਼ ਉਠਾਈ ਤਾਂ ਜੋ ਔਰਤ ਨੂੰ ਜਿਉਂਦੀ ਨੂੰ ਮਰਨੋ ਬਚਾਇਆ ਜਾ ਸਕੇ ਤੇ ਸਤੀ ਦਾ ਨਵਾਂ ਮਾਡਲ ਵੀ ਸਮਾਜ ਨੂੰ ਦਿੱਤਾ:

ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗ ਜਲੰਨਿ।।

ਨਾਨਕ ਸਤੀਆ ਜਾਣੀਅਨਿ ਜਿ ਬਿਰਹੇ ਚੋਟ ਮਰੰਨਿ।।[12]

ਹਿੰਦੂ ਜਾਤੀ ਵਿਚ ਖਾਸ ਕਰਕੇ ਰਾਜਪੂਤਾਂ ਵਿਚ ਲੜਕੀਆਂ ਮਾਰਨ ਦਾ ਰਿਵਾਜ਼ ਸੀ। ਕਈ ਲੋਕ ਲੜਕੀਆਂ ਨੂੰ ਵੇਚਦੇ ਵੀ ਸਨ। ਗੁਰੂ ਕਵੀਆਂ ਦੁਆਰਾ ਇਨ੍ਹਾਂ ਬੁਰਾਈਆਂ ਦਾ ਵਿਰੋਧ ਕੀਤਾ ਗਿਆ ਹੈ। ਭਾਈ ਚੋਪਾ ਸਿੰਘ ਦੇ ਰਹਿਤਨਾਮਿਆਂ ਵਿਚ ਵੀ ਇਹ ਚੇਤਾਵਨੀ ਦਿਤੀ ਗਈ ਹੈ ਕਿ ਗੁਰੂ ਦੇ ਸਿਖ ਲਈ ਕੰਨਿਆ ਨੂੰ ਮਾਰਨ, ਕੰਨਿਆ ਦਾ ਪੈਸਾ ਖਾਣਾ ਤੇ ਕੁੜੀ ਮਾਰਾਂ ਨਾਲ ਰਿਸ਼ਤਾ ਬਣਾਉਣ ਲਈ ਉਸ ਨੂੰ ਦੋਸ਼ੀ ਮੰਨਿਆ ਜਾਵੇਗਾ ਉਸ ਉਤੇ ਕ੍ਰੋਪੀ ਹੋਵੇਗੀ:

ਗੁਰੂ ਕਾ ਸਿੱਖ ਕੰਨਯਾ ਨਾ ਮਾਰੇ, ਕੁੜੀ ਮਾਰ ਨਾਲ ਨ ਵਰਤੇ

ਕੰਨਯਾ ਕਾ ਪੈਸਾ ਨਾ ਖਾਇ।

ਕੁੜੀ ਮਾਰਾਂ ਨਾਲ ਜਿਹੜਾ ਵੀ ਸਿਖ ਮੇਲ ਜੋਲ ਰਖੇਗਾ

ਮੈਂ ਉਸ ਨੂੰ ਦੋਖੀ ਮੰਨਾਂਗਾ ਤੇ ਉਸ ਤੇ ਮੇਰੀ ਕ੍ਰੋਪੀ ਹੋਵੇਗੀ।

ਜਿਹੜਾ ਸਿੱਖ ਕੁੜੀ ਮਾਰਾਂ ਨਾਲ ਰੋਟੀ ਬੇਟੀ ਦੀ ਸਾਂਝ ਕਰੇਗਾ,

ਉਹ ਦੀਨ ਦੁਨੀਆਂ ਤੋਂ ਧਕਿਆ ਜਾਏਗਾ।[13]

ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀਆਂ ਰਚਨਾਵਾਂ ਰਾਹੀਂ ਸਿੱਖ ਸੈਨਿਕਾਂ ਨੂੰ ਪਰ ਨਾਰੀ ਦੇ ਸੰਗ ਰਿਸ਼ਤਾ ਬਣਾਉਣ ਵਰਗੀਆਂ ਕੁਰਹਿਤਾਂ ਤੋਂ ਦੂਰ ਰਹਿਣ ਦਾ ਉਪਦੇਸ਼ ਦਿੱਤਾ ਗਿਆ ਹੈ। ਸਿੱਖ ਸੈਨਿਕ ਲਈ ਔਰਤ ਤਿਆਗਣਯੋਗ ਨਹੀਂ ਹੈ ਸਗੋਂ ਸਿੱਖ ਸੈਨਿਕਾਂ ਲਈ ਔਰਤ ਗ੍ਰਹਿਣ ਕਰਨ ਯੋਗ ਹੈ ਜੋ ਪ੍ਰੇਮ ਰਸ ਦੀ ਸਹੀ ਦਿਸ਼ਾ ਵਿਚ ਢਲ ਚੁੱਕੀ ਹੋਏ ਅਤੇ ਜੋ ਪਤੀ ਦੇ ਸੰਘਰਸ਼ ਵਿਚ ਰੁਕਾਵਟ ਪਾਉਣ ਦੀ ਥਾਂ ਉਸਦੀ ਮਦਦ ਕਰੇ। ਗੁਰੂ ਗੋਬਿੰਦ ਸਿੰਘ ਜੀ ਨੇ ਪਰ ਨਾਰੀ ਦੇ ਸੰਗ ਤੋਂ ਬਚਣ ਦੀ ਤਾਕੀਦ ਕੀਤੀ ਤਾਂ ਕਿ ਆਦਮੀ ਆਚਰਣਕ ਅਧੋਗਤੀ ਦਾ ਸ਼ਿਕਾਰ ਨਾ ਹੋਵੇ:

ਸੁਧਿ ਜਬ ਤੇ ਹਮ ਧਰੀ ਬਚਨ ਗੁਰ ਦਏ ਹਮਾਰੇ॥

ਪੂਤ ਇਹੈ ਪ੍ਰਨ ਤੋਹਿ, ਪ੍ਰਾਨ ਜਬ ਲਗ ਘਟ ਥਾਰੇ॥

ਨਿਜ ਨਾਰੀ ਕੇ ਸੰਗਿ ਨੇਹ ਤੁਮ ਨਿੱਤ ਬਢੈਯੁਹ॥

ਪਰ ਨਾਰੀ ਕੀ ਸੇਜ ਭੂਲ ਸੁਪਨੇ ਹੂੰ ਨ ਜੈਯਹੁ॥[14]

ਗੁਰੂ ਗੋਬਿੰਦ ਸਿੰਘ ਜੀ ਆਪਣੀਆਂ ਰਚਨਾਵਾਂ ਵਿਚ ਭਾਰਤੀ ਔਰਤਾਂ ਦੇ ਸਰਵਪੱਖੀ ਜੀਵਨ ਦੀ ਕਾਮਨਾ ਕਰਦੇ ਹਨ ਤੇ ਇਹ ਆਸ਼ਾ ਸਿਰਜਦੇ ਹਨ ਕਿ, ਭਾਰਤੀ ਗ੍ਰੰਥਾਂ, ਕਾਨੂੰਨਾਂ ਤੇ ਧਾਰਮਿਕ ਮਰਿਆਦਾ ਵਿਚ ਔਰਤ ਪੂਰੀ ਤਰ੍ਹਾਂ ਸੁਚੇਤ ਅਤੇ ਆਜਾਦ ਹੋਵੇ ਤੇ ਲੋੜ ਪੈਣ ਤੇ ਆਪਣੀ ਰਾਖੀ ਆਪ ਕਰ ਸਕੇ। ਗੁਰੂ ਗੋਬਿੰਦ ਸਿੰਘ ਜੀ ਨੇ ਔਰਤ ਜਾਤੀ ਵਿਚ ਅਜਿਹੀ ਜਾਗਰੂਕਤਾ ਲਿਆਉਣ ਲਈ ਚੰਡੀ ਦੀ ਵਾਰ ਦੀ ਰਚਨਾ ਕਰਕੇ ਔਰਤ ਦਾ ਇਨਕਲਾਬੀ ਰੂਪ ਸਿਰਜਿਆ ਤੇ ਉਸ ਦੇ ਅੰਦਰ ਬੀਰ ਰਸ ਦਾ ਸੰਚਾਰ ਕੀਤਾ ਤੇ ਉਸ ਨਾਲ ਜੁਲਮ ਕਰਨ ਵਾਲਿਆਂ ਨੂੰ ਉਨ੍ਹਾਂ ਦੀ ਬਣਦੀ ਸਜਾ ਦਿੱਤੀ ਜਾਣ ਦੀ ਤਾੜਨਾ ਕੀਤੀ। ਚੰਡੀ ਦੀ ਵਾਰ ਭਾਵੇਂ ਦੈਤਾਂ ਅਤੇ ਦੇਵਤਿਆਂ ਦੇ ਯੁੱਧ ਦਾ ਮਿਥਿਹਾਸਕ ਵਰਨਣ ਹੈ ਪਰ ਔਰਤ ਜਾਤ ਲਈ ਚੰਡੀ ਉਤਸ਼ਾਹ ਅਤੇ ਪ੍ਰੇਰਨਾ ਦੀ ਪ੍ਰਤੀਨਿਣਤਾ ਕਰਦੀ ਹੈ। ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਵਿਚ ਚੰਡੀ ਬਲਵਾਨ ਔਰਤ ਦੇ ਪ੍ਰਤੀਕ ਰੂਪ ਵਿਚ ਵਿਚਰਦੀ ਹੋਈ ਆਪਣੀ ਪ੍ਰਚੰਡ ਸ਼ਕਤੀ ਨਾਲ ਦੈਤਾਂ ਭਾਵ ਦੁਸ਼ਮਨਾ ਦਾ ਨਾਸ਼ ਕਰਦੀ ਹੈ। ਯੁੱਧ ਕਲਾ ਵਿਚ ਕਮਾਲ ਦੀ ਮੁਹਾਰਤ ਰਖਦਿਆਂ ਉਹ ਆਪਣਾ ਇਨਕਲਾਬੀ ਸਰੂਪ ਧਾਰਨ ਕਰਦੀ ਹੈ:

ਜੋਧੇ ਵਡੇ ਮੁਨਾਰੇ ਜਾਪਨ ਖੇਤ ਵਿਚਿ॥

ਦੇਵੀ ਆਪ ਸਵਾਰੇ ਪਬ ਜਵੇਹਣੇ॥

ਕਦੇ ਨਾ ਆਖਨ ਹਾਰੇ ਧਾਵਨ ਸਾਮ੍ਹਣੇ॥

ਦੁਰਗਾ ਸਭ ਸੰਘਾਰੈ ਰਾਕਸਿ ਖੜਗ ਲੈ॥[15]

ਗੁਰੂ ਗੋਬਿੰਦ ਸਿੰਘ ਜੀ ਨੇ ਨਾਇਕ ਦੁਰਗਾ ਨੂੰ ਔਰਤ ਦੇ ਰੂਪ ਵਿਚ ਸੰਸਾਰ ਸਾਹਮਣੇ ਪੇਸ਼ ਕਰਕੇ ਇਹ ਸੰਦੇਸ਼ ਦਿੱਤਾ ਹੈ ਕਿ ਔਰਤ ਵੱਡੇ-ਵੱਡੇ ਤਾਕਤਵਰ ਦੈਂਤਾ ਦਾ ਮੁਕਾਬਲਾ

ਕਰਕੇ ਜਿੱਤ ਪ੍ਰਾਪਤ ਕਰ ਸਕਦੀ ਹੈ। ਔਰਤ ਦੇ ਇਨਕਲਾਬੀ ਸਰੂਪ ਨੂੰ ਪ੍ਰਗਟਾਉਣ ਵਿਚ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਚਰਿਤਰੋ ਪਾਖਿਆਨ ਦੀਆਂ ਕਈ ਕਥਾਵਾਂ ਵਿਸ਼ੇਸ਼ ਤੋਰ ਤੇ ਉਲੇਖਯੋਗ ਹਨ। ਇਸ ਪ੍ਰਕਾਰ ਦੀਆਂ ਕੁੱਲ 24 ਕਥਾਵਾਂ ਹਨ ਜਿਵੇਂ ਕਿ 96ਵੇਂ ਚਰਿਤ੍ਰ ਵਿਚ ਮਰਗ ਜੋਹੜ ਦੇ ਬੈਰਮ ਖਾਂ ਪਠਾਣ ਦੀ ਬੇਗਮ ਗੋਹਰ ਵੈਰੀ ਨਾਲ ਜੂਝ ਕੇ ਉਸ ਨੂੰ ਪਰਾਜਿਤ ਕਰਦੀ ਹੈ:

ਅਰਬਰਾਇ ਆਪਨ ਤਬ ਧਾਯੋ।। ਆਨਿ ਬਾਲ ਸੋ ਜੂਝ ਮਚਾਯੋ।।
ਛਤੁਰ ਬਾਨ ਤਬ ਤ੍ਰਿਯਾ ਪ੍ਰਹਾਰੇ।। ਚਾਰੋ ਅਸਵ ਮਾਰ ਹੀ ਡਾਰੇ।।
ਪੁਨਿ ਰਥ ਕਾਟਿ ਸਾਰਥੀ ਮਾਰਯੋ।। ਅਰਬਰਾਇ ਕੋ ਬਾਨ ਪ੍ਰਹਾਰਯੋ।।[16]

ਚਰਿਤ੍ਰੋ ਪਾਖਿਆਨ ਦੇ ਚਰਿਤ੍ਰ ਅੰਕ 1●2 ਵਿਚ ਕੈਕਈ ਰਾਜਾ ਦਸ਼ਰਥ ਦਾ ਰਥ ਯੁੱਧ ਭੂਮੀ ਵਿਚ ਬੜੀ ਯੋਗਤਾ ਨਾਲ ਚਲਾਉਂਦੀ ਹੈ:

ਭਰਥ ਮਾਤ ਐਸੇ ਸੁਨ ਪਾਯੋ।। ਕਾਮ ਸੂਤਿ ਅਜਿ ਸੁਤ ਕੌ ਆਯੋ।।
ਆਪਨ ਭੇਖ ਸੁਭਟ ਕੋ ਧਰਿਯੋ।। ਜਾਇ ਸੂਤ ਪਨ ਨ੍ਰਿਪ ਕੋ ਕਰਿਯੋ।।
ਸਯੰਦਨ ਐਸੀ ਭਾਂਤ ਧਵਾਵੈ।। ਨ੍ਰਿਪ ਕੋ ਬਾਨ ਨ ਲਾਗਨ ਪਾਵੈ।।
ਜਾਯੋ ਚਾਹਤ ਅਜਿ ਸੁਤ ਜਹਾਂ।। ਲੈ ਅਬਲਾ ਪਹੁਚਾਵੈ ਤਹਾਂ।।
ਐਸੇ ਅਬਲਾ ਰਥਹਿ ਧਵਾਵੈ।। ਜਹ ਪਹੁਚੈ ਤਾਕੌ ਨ੍ਰਿਪ ਘਾਵੈ।।[17]

ਚਰਿਤ੍ਰ ਅੰਕ 122 ਵਿਚ ਕਹਿਲੂਰ ਦੇ ਰਾਜੇ ਦੀ ਯੁੱਧ ਵਿਚ ਮ੍ਰਿਤੂ ਹੋ ਜਾਣ ਤੋਂ ਬਾਅਦ ਕੁੰਕਮ ਦੇਵੀ ਅਤੇ ਘਨਸਰ ਦੇਵੀ ਵੈਰੀਆਂ ਨਾਲ ਯੁੱਧ ਕਰਦੀਆਂ ਹੋਈਆਂ ਵੀਰਗਤੀ ਪ੍ਰਾਪਤ ਕਰਦੀਆਂ ਹਨ:

ਸ਼ਤ੍ਰਨ ਸੌ ਬਾਲਾ ਲਰੀ ਪ੍ਰੀਤਿ ਪਿਯਾ ਕੀ ਮਾਨਿ।।
ਨਿਜੁ ਪਤਿ ਕੋ ਪਾਵਤ ਭਰੀ ਸੁਰ ਪੁਰ ਕਿਯੋ ਪਯਾਨ।।
ਪ੍ਰੀਤਿ ਪਿਯਾ ਕੀ ਜੇ ਲਰੀ ਧੰਨਿ ਧੰਨਿ ਤੇ ਨਾਰਿ।।
ਪੂਰਿ ਰਹਯੋ ਜਸੁ ਜਗਤ ਮੈ ਸੁਰ ਪੁਰ ਬਸੀ ਸੁਧਾਰਿ।।[18]

ਚਰਿਤ੍ਰ ਅੰਕ 128 ਵਿਚ ਮਾਰਵਾੜ ਦੇ ਰਾਜੇ ਉਗ੍ਰਦੱਤ ਦੀ ਪਤਨੀ ਮਾਨਵਤੀ ਮਰਦਾਵੇਂ ਭੇਸ ਵਿਚ ਵੈਰੀਆਂ ਨਾਲ ਲੜਦੀ ਹੋਈ ਪਤੀ ਨੂੰ ਹਾਰ ਅਤੇ ਮੌਤ ਤੋਂ ਬਚਾਉਂਦੀ ਹੈ:

ਚਾਬੁਕ ਮਾਰਿ ਤੁਰੰਗ ਧਸੀ ਰਨ ਕਾਢਿ ਕ੍ਰਿਪਾਨ ਬਡੇ ਭਟ ਘਾਏ॥

ਪਾਂਸਨ ਪਾਂਸਿ ਲਏ ਅਰਿ ਕੇਤਿਕ ਜੀਵਤ ਹੀ ਗਹਿ ਜੇਲ ਚਲਾਏ॥

-------------------------------------

ਧੰਨਿ ਰਾਨੀ ਤੈਂ ਜੀਤਿ ਰਨ ਹਮਕੋ ਲਯੋ ਉਬਾਰਿ॥[19]

ਚਰਿਤ੍ਰ ਅੰਕ 137 ਵਿਚ ਕੌਰਵਾਂ ਦੁਆਰਾ ਸੁਅੰਬਰ ਦੇ ਮੌਕੇ ਯੋਗੀ ਬਣੇ ਪਾਂਡਵਾਂ ਤੇ ਹਮਲਾ ਕਰਦੇ ਹਨ ਅਤੇ ਅਰਜਨ ਦੇ ਘਾਇਲ ਹੋਣ ਤੇ ਦ੍ਰੋਪਦੀ ਖੁਦ ਲੜਦੀ ਹੋਈ ਵੈਰੀਆਂ ਨੂੰ ਖਦੇੜ ਦਿੰਦੀ ਹੈ:

ਤਬੈ ਦ੍ਰੋਪਦੀ ਸਾਇਕ ਧਨੁਖ ਸੰਭਾਰ ਕੈ॥

ਹੋ ਬਹੁ ਬੀਰਨ ਕੌ ਦਿਯੋ ਛਿਨਿਕ ਮੋ ਮਾਰਿਕੈ॥[20]

ਚਰਿਤ੍ਰ ਅੰਕ 151 ਵਿਚ ਰਾਜੌਰੀ ਦੇ ਰਾਜੇ ਕੁਪਿਤ ਸਿੰਘ ਦੀ ਪਤਨੀ ਆਪਣੇ ਨਾਲ ਯੁੱਧ-ਭੂਮੀ ਵਿਚ ਜਾਂਦੀ ਹੈ। ਜਦੋਂ ਰਾਜਾ ਬੰਦੂਕ ਦੀ ਗੋਲੀ ਨਾਲ ਮਾਰਿਆ ਜਾਂਦਾ ਹੈ ਤਾਂ ਉਸ ਦੇ ਸਰੀਰ ਨੂੰ ਹਾਥੀ ਦੀ ਅੰਬਾਰੀ ਵਿਚ ਸਜਾ ਕੇ ਆਪ ਯੁੱਧ ਕਰਦੀ ਹੋਈ ਜਿੱਤ ਪ੍ਰਾਪਤ ਕਰਦੀ ਹੈ:

ਗਿਰਯੋ ਅੰਬਾਰੀ ਮੱਧਯ ਮੂਰਛਨਾ ਹੋਇ ਕਰਿ॥

ਹੋ ਤਬ ਤ੍ਰਿਯ ਲਿਯੋ ਉਚਾਇ ਨਾਥ ਦੁਹੂੰ ਭੁਜਨਿ ਭਰਿ॥

ਭਵਨ ਅੰਬਾਰੀ ਸੰਗ ਨ੍ਰਿਪਹਿ ਬਾਂਧਤ ਦਲ ਭਈ॥

ਨਿਜ ਕਰ ਕਰਹਿ ਉਚਾਇ ਇਸਾਰਤਿ ਦਲ ਦਈ॥

---------------------------

ਤਬ ਗਨੀ ਨਿਜੁ ਕਰਨ ਬੈਰਿਯਹਿ ਮਾਰਿਕੈ॥

ਨਿਜੁਸੁਤ ਦੀਨੋ ਰਾਜੁ ਸੁ ਘਰੀ ਬਿਚਾਰਕੈ॥[21]

ਚਰਿਤ੍ਰ ਅੰਕ 176 ਵਿਚ ਸੁਬੀਰਮਤੀ ਡਾਕੂਆਂ ਨਾਲ ਯੁੱਧ ਕਰਦੀ ਹੈ:

ਤਬ ਅਬਲਾ ਨਰ ਬਸਤ੍ਰ ਬਨਾਏ।।
ਕਟਿ ਸੋ ਕਸਿ ਕ੍ਰਿਪਾਨ ਤਿਯ ਲੀਨੀ।।
ਕਸਿਸ ਕਮਾਨ ਕਰੈਰੀ ਕੀਨੀ।।

--------------------

ਜੀਤਿ ਜੀਤਿ ਕਰਿ ਬਾਲ ਸੂਰਮਾ ਬਸਿ ਕਏ।।
ਸਭ ਸੂਰਨ ਕੇ ਸੀਸ ਸਕਲ ਬੁਕਚਾ ਦਏ।।
ਜਹ ਤੇ ਧਨੁ ਲੈ ਗਏ ਤਜੇ ਤਹ ਆਇ ਕੈ।।
ਹੋ ਤੁਮਲ ਜੁੱਧ ਕਰਿ ਨਾਰਿ ਚਰਿਤ੍ਰ ਦਿਖਾਇਕੈ।।[22]

ਇਸੇ ਤਰ੍ਹਾਂ ਚੰਡੀ ਦੀ ਵਾਰ ਤੇ ਚਰਿਤ੍ਰੋ ਪਾਖਿਆਨ ਦੀਆਂ ਕਥਾਵਾਂ ਰਾਹੀਂ ਔਰਤ ਦੀ ਬਲਵਾਨਤਾ ਤੇ ਉਸਦੀ ਚੇਤੰਨ ਸੂਝ ਦੀਆਂ ਸੂਖਮ ਭਾਵਾਂ ਨੂੰ ਕਈ ਤਰ੍ਹਾਂ ਦੇ ਕਾਵਿ ਬਿੰਬਾਂ ਵਿਚ ਸਿਰਜਿਆ ਹੈ ਕਿਉਂ ਜੋ ਗੁਰੂ ਗੋਬਿੰਦ ਸਿੰਘ ਜੀ ਨੇ ਉਸ ਸਮੇਂ ਸਮਾਜ ਵਿਚ ਔਰਤ ਨਿਰਬਲਤਾ ਅਤੇ ਡਰੂ ਭਾਵਨਾ ਦੀ ਮਨੋ ਸਥਿਤੀ ਵਿਚੋਂ ਗੁਜਰ ਰਹੀ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਦਸਮ ਗ੍ਰੰਥ ਦੀਆਂ ਬਹੁਤ ਸਾਰੀਆਂ ਬਾਣੀਆਂ ਵਿਚ ਔਰਤ ਦੇ ਇਨਕਲਾਬੀ ਰੂਪ ਦੇ ਨਾਲ ਉਸਦੀ ਸੁਦ੍ਰਿੜਤਾ ਸਿਆਣਪ ਤੇ ਤੀਖਣ ਬੁਧੀ ਨੂੰ ਵੀ ਚਿਤਰਿਆ ਹੈ।

ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਵਿਚ ਪੇਸ਼ ਨਾਰੀ ਦੇ ਚਰਿਤਰ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਔਰਤ ਵੀ ਹਰੇਕ ਤਰ੍ਹਾਂ ਨਾਲ ਯੁੱਧ ਕਲਾ ਵਿਚ ਪ੍ਰਬੀਨ ਹੋ ਸਕਦੀ ਹੈ ਅਤੇ ਸੰਸਾਰ ਵਿਚ ਪੂਰਨ ਆਜ਼ਾਦੀ, ਸਵੈਮਾਣ ਤੇ ਸਤਿਕਾਰ ਨਾਲ ਜੀਵਨ ਬਤੀਤ ਕਰਨ ਦੇ ਕਾਬਿਲ ਹੋਣੀ ਚਾਹੀਦੀ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਮਨੁੱਖੀ ਸਮਾਜ ਨੂੰ ਇਹ ਵੀ ਦਰਸਾਉਣ ਦੀ ਕੋਸ਼ਿਸ਼ ਕੀਤੀ ਕਿ ਔਰਤ ਕੇਵਲ ਸਰੀਰਕ ਸੁਖ ਦੇ ਸਾਧਨ ਵਜੋਂ ਨਹੀਂ ਹੈ ਬਲਕਿ ਇਹ ਸਮਾਜ ਨੂੰ ਅਧਿਆਤਮਕ ਅਤੇ ਨੈਤਿਕ ਉਚਾਈਆਂ ਵਲ ਲਿਜਾਣ ਵਾਲਾ ਸਮਾਜ ਦਾ ਮਹੱਤਵਪੂਰਨ ਹਿੱਸਾ ਹੈ। ਡਾ. ਜਸਪਾਲ ਸਿੰਘ ਦਾ ਵਿਚਾਰ ਹੈ–

> ਗੁਰੂ ਮਹਿਲਾਂ ਨੇ ਸਿੱਖੀ ਦਾ ਮਾਹੋਲ ਉਸਾਰਨ ਵਿੱਚ ਬੁਨਿਆਦ ਦਾ ਕੰਮ ਕੀਤਾ ਹੈ। ਇਤਿਹਾਸ ਸਾਖੀ ਹੈ ਕਿ ਜਿਥੇ ਗੁਰੂ ਸਾਹਿਬਾਨ ਆਪਣੇ ਸਾਰੇ ਸਮੇਂ ਸ਼ਕਤੀ ਤੇ ਸਾਧਨਾਂ ਰਾਹੀਂ ਲੋਕਾਂ ਨੂੰ ਰੂਹਾਨੀ ਅਗਵਾਈ ਦੇਣ ਵਿੱਚ ਰੁੱਝੇ ਰਹੇ ਹਨ, ਉਥੇ ਗੁਰੂ ਮਹਿਲ, ਗੁਰੂ ਸਾਹਿਬਾਨ ਦੇ ਦਰੋਂ ਨਿਰਦੇਸ਼ਿਤ ਉਦੇਸ਼ ਦੀ ਪ੍ਰਾਪਤੀ ਲਈ ਸੁਖਾਵਾਂ ਮਾਹੌਲ ਸਿਰਜਣ ਲਈ ਪੂਰੇ ਜੀਅ ਜਾਨ ਤੇ ਸਮਰੱਥਾ ਲਾ ਦਿੰਦੇ ਸਨ। ਗੁਰੂ ਦਰਬਾਰ ਦੇ ਰੱਖ ਰਖਾਉ ਦੇ ਨਿਤ ਦੇ ਕਾਰਜਾਂ ਦਾ ਨਿਰਬਾਹ ਗੁਰੂ ਮਹਿਲਾਂ ਦੇ ਜਿੰਮੇ ਸੀ ਅਤੇ ਅਸਲ ਵਿੱਚ ਉਨ੍ਹਾਂ ਦੇ ਪ੍ਰਬੰਧ ਹੇਠ ਗੁਰੂ ਘਰ ਦੀਆਂ ਪਰੰਪਰਾਵਾਂ ਦੀ ਪਰਿਪੱਕਤਾ ਨਿਸ਼ਚਿਤ ਹੋ ਰਹੀ ਸੀ।[23]

ਸਿੱਖ ਇਤਿਹਾਸ ਦੀਆਂ ਹੋਰ ਔਰਤਾਂ ਉੱਤੇ ਵੀ ਨਜ਼ਰ ਮਾਰੀਏ ਤਾਂ ਇਹ ਸਪੱਸ਼ਟ ਹੁੰਦਾ ਹੈ ਕਿ ਗੁਰੂ ਅੰਗਦ ਦੇਵ ਜੀ ਦੇ ਗੁਰੂ ਕਾਲ ਵਿੱਚ ਲੰਗਰ ਦੀ ਸੰਸਥਾ ਦੀ ਪਰਿਪੱਕਤਾ ਵਿੱਚ ਮਾਤਾ ਖੀਵੀ ਜੀ ਦਾ ਵਿਸ਼ੇਸ਼ ਯੋਗਦਾਨ ਰਿਹਾ ਹੈ। ਉਨ੍ਹਾਂ ਦੁਆਰਾ ਪਾਏ ਵਡਮੁੱਲੇ ਯੋਗਦਾਨ ਸਦਕਾ ਹੀ ਅਜੋਕੇ ਸਮੇਂ ਵਿੱਚ ਵੀ ਲੰਗਰ ਸੰਸਥਾ ਸਿੱਖ ਪਰੰਪਰਾ ਦਾ ਵਿਕਾਸ ਅਤੇ ਪ੍ਰਫੁੱਲਿਤ ਅੰਗ ਹੈ। ਇਸ ਪੱਖ ਤੋਂ ਗੁਰੂ ਅਰਜਨ ਦੇਵ ਜੀ ਦੀ ਸੁਪਤਨੀ ਮਾਤਾ ਗੰਗਾ ਜੀ ਦੀ ਵੀ ਬੜੀ ਮਹੱਤਵਪੂਰਨ ਭੂਮਿਕਾ ਰਹੀ ਹੈ। ਆਪ ਗੁਰੂ ਸਾਹਿਬ ਦੀ ਸ਼ਹਾਦਤ ਤਕ ਗੁਰੂ ਘਰ ਦੇ ਰੱਖ ਰਖਾਉ ਤੇ ਸੰਗਤਾਂ ਦੀ ਸੇਵਾ ਸੰਭਾਲ ਵਿੱਚ ਰੁੱਝੇ ਰਹੇ ਅਤੇ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਵਿੱਚ ਵੀ ਯੋਗਦਾਨ ਦਿੱਤਾ। ਉਨ੍ਹਾਂ ਦੀ ਸ਼ਹਾਦਤ ਉਪਰੰਤ ਵੀ ਮਾਤਾ ਗੰਗਾ ਜੀ ਗੁਰੂ ਹਰਿਗੋਬਿੰਦ ਸਾਹਿਬ ਦੀ ਗੁਰਿਆਈ ਦੀ ਸੰਭਾਲ ਜਿਹੇ ਸਾਰੇ ਕਾਰ-ਵਿਹਾਰ ਦੀ ਕ੍ਰਾਂਤੀਕਾਰੀ ਰੂਪ ਵਿਚ ਸਰਪ੍ਰਸਤੀ ਵੀ ਕੀਤੀ।

ਗੁਰੂ ਗੋਬਿੰਦ ਸਿੰਘ ਜੀ ਦੇ ਮਹਲ ਮਾਤਾ ਸਾਹਿਬ ਦੇਵਾਂ ਜੀ ਨੇ ਅੰਮ੍ਰਿਤ ਵਿੱਚ ਮਿਠਾਸ ਘੋਲ ਕੇ ਖਾਲਸੇ ਦੀ ਮਾਤਾ ਕਹਾ ਕੇ ਉਨ੍ਹਾਂ ਦਾ ਮਾਣ ਹਾਸਿਲ ਕੀਤਾ। ਗੁਰੂ ਬਿਲਾਸ ਪਾਤਸ਼ਾਹੀ ਦਸਵੀਂ ਕ੍ਰਿਤ ਕੋਇਰ ਸਿੰਘ ਵਿਚ ਜ਼ਿਕਰ ਆਉਂਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਜਦ ਅੰਮ੍ਰਿਤ ਤਿਆਰ ਕਰਦੇ ਪਏ ਸਨ ਤਾਂ ਉਨ੍ਹਾਂ ਦੇ ਚਿਹਰੇ ਦਾ ਜਲਾਲ ਝੱਲਿਆ ਨਹੀਂ ਸੀ ਜਾਂਦਾ। ਮਾਤਾ ਸਾਹਿਬ ਕੌਰ ਗੁਰੂ ਗੋਬਿੰਦ ਸਿੰਘ ਜੀ ਨਾਲ ਰੂਹਾਨੀ ਰਿਸ਼ਤੇ ਦੀ ਉੱਚਤਾ ਅਤੇ ਸੁੱਚਤਾ ਨਿਭਾਉਂਦਿਆਂ ਹੋਇਆ ਖਾਲਸੇ ਦੀ ਮਾਂ ਹੋਣ ਦੇ ਖਿਤਾਬ ਨਾਲ ਨਵਾਜੇ ਗਏ। ਗੁਰੂ ਗੋਬਿੰਦ ਸਿੰਘ ਜੀ ਦੀ ਮਾਤਾ ਗੁਜਰੀ ਗੁਰੂ ਤੇਗ ਬਹਾਦਰ ਜੀ ਅਤੇ ਪੋਤਿਆਂ ਦੀ ਸ਼ਹਾਦਤ ਨਾਲ ਇਸਤਰੀ ਜਾਤੀ ਦੇ ਗੌਰਵ ਦਾ ਸਿਖਰ ਹੋ ਨਿਬੜੀ ਹੈ ਅਤੇ ਉਨ੍ਹਾਂ ਆਪ ਵੀ ਸਿਖ ਇਤਿਹਾਸ ਵਿੱਚ ਪਹਿਲੀ ਇਸਤਰੀ ਸ਼ਹੀਦ ਹੋਣ ਦਾ ਰੁਤਬਾ ਪ੍ਰਾਪਤ ਕੀਤਾ। ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਉਪਰੰਤ ਮਾਤਾ ਸੁੰਦਰੀ ਜੀ ਨੇ ਲਗਭਗ 4● ਸਾਲ ਖਾਲਸਾ ਪੰਥ ਦੀ ਸਫਲ ਰਹਿਨੁਮਾਈ ਕਰਕੇ ਔਰਤ ਅਗਵਾਈ ਦੀ ਨਰੋਈ ਪਰੰਪਰਾ ਵਿੱਚ ਨਵਾਂ ਮੀਲ ਪੱਥਰ ਗੱਡਿਆ।

ਇਤਿਹਾਸ ਨੂੰ ਮੋੜਾ ਦੇਣ ਵਾਲੀ ਦਾ ਨਾਂ ਲੱਭੀਏ ਤਾਂ ਉਹ ਮਾਈ ਭਾਗੋ ਹੈ। ਜੇ ਮਾਈ ਭਾਗੋ ਬੇਦਾਵੀਏ ਸਿੰਘਾਂ ਨੂੰ ਵਾਪਸ ਲੈ ਕੇ ਕਮਾਂਡ ਕਰਦੀ ਹੋਈ ਖਿਦਰਾਣੇ ਦੀ ਢਾਬ ਤੇ ਜੰਗ ਨਾ ਕਰਦੀ ਤਾਂ ਸੰਭਵ ਹੈ ਖਾਲਸੇ ਦਾ ਇਤਿਹਾਸ ਅੱਜ ਨਾਲੋਂ ਵਖਰਾ ਹੁੰਦਾ। ਮਾਈ ਭਾਗੋ ਨੂੰ ਕਮਾਂਡ ਕਰਦੀ ਵੇਖ ਗੁਰੂ ਗੋਬਿੰਦ ਸਿੰਘ ਜੀ ਨੂੰ ਇੱਕ ਅਨੋਖੀ ਤਸੱਲੀ ਹੋਈ ਕਿ ਹੁਣ ਖਾਲਸਾ ਪੰਥ ਨੂੰ ਕੋਈ ਖਤਰਾ ਨਹੀਂ। ਜਿਸ ਕੌਮ ਵਿੱਚ ਔਰਤਾਂ ਰੱਖਿਆ ਕਰਨ ਦੇ ਕਾਬਲ ਹੋ ਜਾਣ ਉਹ ਕੌਮ ਕਦੇ ਮਰ ਨਹੀਂ ਸਕਦੀ।[24]

ਔਰਤ ਨੇ ਆਪਣੇ ਕਰਤਵ ਨਾਲ ਹਰ ਮੈਦਾਨ ਵਿੱਚ ਆਪਣੀ ਇਕ ਖਾਸ ਜਗ੍ਹਾ ਬਣਾਈ। ਕਦੇ ਉਹ ਪਿਛੇ ਬੈਠ ਰਾਹ ਦਿਖਾਂਦੀ ਹੈ ਨੂੰ ਕਦੀ ਅੱਗੇ ਲੱਗ ਅਗਵਾਈ ਕਰਦੀ ਹੈ। ਕਦੇ ਮੂਕ ਦਰਸ਼ਕ ਬਣ ਸਭ ਦੇਖੀ ਤਾਂ ਜਾਂਦੀ ਹੈ ਪਰ ਕਹਿੰਦੀ ਕੁਝ ਨਹੀਂ ਅਤੇ ਕਦੇ ਐਸੀ ਕਰੁਣਾਮਈ ਹੂਕ ਕੱਢਦੀ ਹੈ ਕਿ ਦੀਵਾਰਾਂ ਤੱਕ ਹਿੱਲ ਜਾਂਦੀਆਂ ਹਨ ਅਤੇ ਜਦ ਵੰਗਾਰ ਪਾਂਦੀ

ਹੈ ਤਾਂ ਕਾਇਰ ਵੀ ਖੰਡਾ ਹੱਥ ਫੜ ਮੈਦਾਨ ਵਿੱਚ ਕੁੱਦ ਪੈਂਦੇ ਹਨ। ਕਦੇ ਆਪ ਸਭ ਨੂੰ ਨਾਲ ਲੈ ਟੁਰਦੀ ਹੈ। ਉਸ ਵਿੱਚ ਇਕ ਅਦਭੁਤ ਇੱਛਾ ਸ਼ਕਤੀ (ਵਿਲ ਪਾਵਰ) ਹੁੰਦੀ ਹੈ। ਉਸਦੇ ਇਰਾਦੇ ਮਜ਼ਬੂਤ ਹੁੰਦੇ ਹਨ। ਇਤਿਹਾਸ ਦੀ ਕਿਸੇ ਵੀ ਸਦੀ ਵਿੱਚ ਝਾਤ ਮਾਰੀਏ ਔਰਤ ਨੇ ਨਿਵੇਕਲਾ ਸਥਾਨ ਪਾਇਆ ਹੈ। ਸਮਾਂ ਆਉਣ ਤੇ ਹਥਿਆਰ ਵੀ ਚੁੱਕੇ ਲਏ। ਆਦਿ ਕਾਲ ਵਿੱਚ ਝਾਤ ਮਾਰੀਏ ਤਾਂ ਉਸ ਹੱਥ ਭਾਲਾ ਉਠਾ ਲਿਆ ਜਦ ਦੈਂਤਾਂ ਅਤਿ ਚੁੱਕੀ ਫਿਰ ਚੰਡੀ ਬਣ ਗਈ ਜਦ ਕੋਈ ਰਕਤਬੀਜ ਬਣ ਮਜ਼ਲੂਮਾਂ ਦਾ ਖ਼ੂਨ ਪੀਣ ਲੱਗਾ।[25]

ਇੰਝ ਗੁਰੂ ਸਾਹਿਬਾਨਾਂ ਨੇ ਔਰਤ ਵਿਰੁੱਧ ਹੁੰਦੇ ਅਤਿਆਚਾਰਾਂ ਖਿਲਾਫ ਆਵਾਜ਼ ਉਠਾਉਣ ਦੀ ਪਹਿਲ ਕੀਤੀ ਤੇ ਉਹਨਾਂ ਦੀ ਨਰਕ ਭਰੀ ਜ਼ਿੰਦਗੀ ਵਿਚ ਸੁਧਾਰ ਲਿਆਉਣ ਦਾ ਸਫਲ ਯਤਨ ਕੀਤਾ। ਗੁਰੂ ਸਾਹਿਬ ਦੁਆਰਾ ਔਰਤਾਂ ਦੇ ਸਮਾਨ ਹੱਕਾਂ ਲਈ ਕੀਤੇ ਯਤਨਾਂ ਸਦਕਾ ਹੀ ਔਰਤਾਂ ਨੂੰ ਉੱਚ ਵਿੱਦਿਆਂ ਪ੍ਰਾਪਤੀ ਦੀ ਆਜ਼ਾਦੀ ਮਿਲੀ ਜਿਸ ਨਾਲ ਨਾਰੀ ਦੀ ਸਮਾਜਕ ਸਥਿਤੀ ਵਿਚ ਪਰਿਵਰਤਨ ਆਇਆ। ਸੰਵਿਧਾਨਿਕ ਤੌਰ ਤੇ ਔਰਤ ਨੂੰ ਮਰਦਾਂ ਦੇ ਸਮਾਨ ਹੱਕ ਪ੍ਰਾਪਤ ਹੋ ਗਏ। ਜਿਸ ਨਾਲ ਅਬਲਾ ਸਰੂਪ ਨਾਰੀ ਇਨਕਲਾਬੀ ਸਰੂਪ ਵਿੱਚ ਪਰਿਵਰਤਿਤ ਹੋ ਕੇ ਸਬਲਾ ਬਣ ਗਈ।

### 4.1.2. ਮਨੁੱਖ ਦਾ ਸੰਤ ਸਿਪਾਹੀ ਸਰੂਪ

ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਵਿਚ ਸ਼ਕਤੀ ਦੇ ਨਵ ਸਿਰਜਿਤ ਸ੍ਰੋਤ ਵਜੋਂ ਦੂਜਾ ਸਰੋਤ ਉਨ੍ਹਾਂ ਦੇ ਨਵ ਸਿਰਜਿਤ ਮਨੁੱਖ ਦਾ ਸੰਤ ਸਿਪਾਹੀ ਰੂਪ ਪ੍ਰਗਟ ਹੁੰਦਾ ਹੈ। ਆਦਰਸ਼ਕ ਮਨੁੱਖ ਦਾ ਸੰਕਲਪ ਸਿਰਜਦਿਆਂ ਗੁਰੂ ਗੋਬਿੰਦ ਸਿੰਘ ਜੀ ਨੇ ਮਨੁੱਖ ਦੇ ਗੌਰਵ ਦੀ ਬਹਾਲੀ ਤੇ ਉਸਦੇ ਸਨਮਾਨ ਨੂੰ ਇਸਦੀ ਕਸਵੱਟੀ ਬਣਾਇਆ। ਮਨੁੱਖ ਦੇ ਸਰਵਪੱਖੀ ਵਿਕਾਸ ਅਤੇ ਉਸ ਵਿਕਾਸ ਲਈ ਸਮਾਜਕ ਖੇਤਰ ਵਿਚ ਪੈਦਾ ਕਰਨ ਢੁੱਕਵੇਂ ਵਾਤਾਵਰਨ ਨੂੰ ਪੈਦਾ ਕਰਨਾ ਮੂਲ ਬਿੰਦੂ ਦੇ ਉਹ ਸਹਾਇਕ ਤੱਤ ਹਨ ਜਿਸ ਨਾਲ ਮਨੁੱਖਤਾ ਦੇ ਗੌਰਵ ਨੂੰ ਕਾਇਮ ਰਖ ਕੇ ਮਜਬੂਤ ਬਣਾਇਆ ਅਤੇ ਵਿਕਸਿਤ ਕੀਤਾ ਜਾ ਸਕਦਾ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ 1699 ਈ. ਦੀ ਵਿਸਾਖੀ ਦੇ ਦਿਨ ਭਾਰਤ ਦੇਸ਼ ਦੇ ਵੱਖ-ਵੱਖ ਭਾਗਾਂ ਵਿਚੋਂ ਆਏ ਵਿਅਕਤੀਆਂ ਨੂੰ ਆਨੰਦਪੁਰ ਸਾਹਿਬ ਵਿਚ ਇਕ ਨਵਾਂ ਰੂਪ ਦਿੱਤਾ। ਮਨੁੱਖ ਦਾ ਜੀਵਨ, ਆਦਰਸ਼ਕ ਬਣਾਉਣ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਜਿਥੇ ਸੰਤ ਸਰੂਪ ਦਾ ਹੱਕ ਹਰੇਕ ਇਨਸਾਨ ਨੂੰ ਦਿੱਤਾ ਉਥੇ ਸਿਪਾਹੀ ਸਰੂਪ ਤੇ ਵੀ ਕਿਸੇ ਇਕ ਵਰਗ ਦਾ ਹੱਕ ਨਹੀਂ ਰਹਿਣ ਦਿੱਤਾ। ਖੰਡੇ ਦੀ ਭੇਟ ਸੀਸ ਮੰਗ ਕੇ, ਖੰਡੇ ਦਾ ਅੰਮ੍ਰਿਤ ਹਰੇਕ ਜਾਤਿ ਦੇ ਪ੍ਰਾਣੀ ਨੂੰ ਦੇ ਕੇ ਖਾਲਸਾ ਪੈਦਾ ਕੀਤਾ ਅਤੇ ਹੁਕਮ ਕੀਤਾ ਕਿ:

ਖਾਲਸਾ ਮੇਰੋ ਰੂਪ ਹੈ ਖਾਸ।।
ਖਾਲਸੇ ਮਹਿ ਹਉ ਕਰਉ ਨਿਵਾਸ।।[26]

ਗੁਰੂ ਨਾਨਕ ਦੇਵ ਜੀ ਵਲੋਂ ਚਲਾਈ ਸਿਖ ਪਰੰਪਰਾ ਨੇ ਆਪਣੇ ਵਿਆਪਕ ਪ੍ਰਭਾਵ ਖੇਤਰ ਵਿਚ ਧਾਰਮਿਕ ਅਤੇ ਸਮਾਜਿਕ ਬਰਾਬਰੀ ਦੀਆਂ ਨਵੀਆਂ ਕਦਰਾਂ ਦੇ ਵਿਕਸਿਤ ਹੋਣ ਨਾਲ ਰਾਜਨੀਤਿਕ ਅਤੇ ਆਰਥਿਕ ਚੇਤਨਾ ਵੀ ਪੈਦਾ ਕੀਤੀ ਸੀ। ਅੰਮ੍ਰਿਤ ਛੱਕਣ ਤੋਂ ਬਾਅਦ ਇਹ ਸਾਰੇ ਵਿਅਕਤੀ ਜਾਤੀਗਤ ਭੇਦਭਾਵ ਅਤੇ ਨਸਲੀ ਭਿੰਨਤਾ ਤੋਂ ਉਪਰ ਉਠ ਗਏ ਸਨ ਭਾਵ ਆਮ ਮਨੁੱਖ ਤੋਂ ਵਿਸ਼ੇਸ਼ ਮਨੁੱਖ ਬਣ ਗਏ ਸਨ। ਇਸੇ ਤਰ੍ਹਾਂ ਗੁਰੂ ਗੋਬਿੰਦ ਨੇ ਆਪ ਇਹਨਾਂ ਸਿੰਘਾਂ ਤੋਂ ਅੰਮ੍ਰਿਤਪਾਨ ਕੀਤਾ ਅਤੇ ਗੋਬਿੰਦ ਰਾਏ ਤੋਂ ਗੋਬਿੰਦ ਸਿੰਘ ਬਣ ਗਏ। ਅੰਮ੍ਰਿਤ ਛੱਕਣ ਤੋਂ ਬਾਅਦ ਇਨ੍ਹਾਂ ਦੇ ਹਥਾਂ ਵਿਚ ਤਲਵਾਰ ਆ ਗਈ ਜਿਸ ਨਾਲ ਇਨ੍ਹਾਂ ਨੇ ਬਾਹਰੀ ਹਮਲਾਵਰਾਂ ਦੇ ਮੂੰਹ ਸਦਾ ਲਈ ਮੋੜ ਦਿੱਤੇ ਅਤੇ ਭਾਰਤੀਆਂ ਦੀ ਇੱਜ਼ਤ, ਧੰਨ-ਦੋਲਤ ਅਤੇ ਸਵੈਮਾਣ ਨੂੰ ਜਗਾਇਆ।

ਖਾਲਸਾ ਸਾਜਨਾ ਵਾਲੇ ਪੰਜ ਪਿਆਰਿਆਂ ਵਿਚੋਂ ਚਾਰ ਪਿਆਰੇ ਅਜਿਹੇ ਸਨ, ਜਿਹਨਾਂ ਦੀ ਸਮਾਜਿਕ ਵਿਵਸਥਾ ਸ਼ੁਦਰ ਭਾਵ ਨੀਚ ਜਾਤੀ (ਦਲਿਤ ਪਰਿਵਾਰਾਂ ਨਾਲ ਸੰਬੰਧ) ਵਾਲੀ ਸੀ। ਗੁਰੂ ਗੋਬਿੰਦ ਸਿੰਘ ਜੀ ਇਨ੍ਹਾਂ ਸ਼ੁਦਰਾਂ ਨੂੰ ਯੁੱਧ ਦੇ ਮੈਦਾਨ ਵਿਚ ਆਪਣੇ ਨਾਲ ਲੈ ਕੇ ਗਏ ਜਿਥੇ ਉਨ੍ਹਾਂ ਨੇ ਮਰਜੀਵੜਿਆਂ ਦੀ ਭੂਕਿਮਾ ਨਿਭਾਈ। ਗੁਰੂ ਗੋਬਿੰਦ ਸਿੰਘ ਜੀ ਨੇ ਅਨੇਕਾਂ ਯੁੱਧ ਇਨ੍ਹਾਂ ਮਰਜੀਵੜਿਆਂ ਦੀ ਮਦਦ ਨਾਲ ਜਿੱਤੇ ਹਨ। ਜਿਸ ਦਾ ਜਿਕਰ ਆਪ ਦੀਆਂ ਰਚਨਾਵਾਂ ਵਿਚ ਮਿਲਦਾ ਹੈ:

ਜੁਧ ਜਿਤੇ ਇਨਹੀ ਕੇ ਪ੍ਰਸਾਦਿ ਇਨਹੀ ਕੀ ਪ੍ਰਸਾਦਿ ਸੁ ਦਾਨ ਕਰੇ॥
ਅਘ ਅਉਘ ਟਰੇ ਇਨਹੀ ਕੇ ਪ੍ਰਸਾਦਿ ਇਨਹੀ ਕੀ ਕ੍ਰਿਪਾ ਫੁਨ ਧਾਮ ਭਰੇ॥
ਇਨਹੀ ਕੇ ਪ੍ਰਸਾਦਿ ਸੁਬਿਧਿਆ ਲਈ ਇਨਹੀ ਕੀ ਕ੍ਰਿਪਾ ਸਭ ਸਤ੍ਰ ਮਰੇ॥
ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈ ਨਹੀ ਮੋ ਸੇ ਗਰੀਬ ਕਰੋਰ ਪਰੇ॥[27]

ਖਾਲਸੇ ਦੀ ਸਾਜਨਾ ਰਾਹੀਂ ਗੁਰੂ ਗੋਬਿੰਦ ਸਿੰਘ ਨੇ ਸਿੱਖੀ ਦਾ ਮੂਲ ਤੱਤ (ਸਿਪਾਹੀ ਸਰੂਪ) ਆਪਣੇ ਸ਼ਿਸ਼ਾਂ ਵਿਚ ਭਰ ਦਿੱਤਾ ਜਿਸ ਨਾਲ ਹੇਠਲੀਆਂ ਜਾਤਾਂ ਦੇ ਭਾਵ ਦੱਬੇ ਕੁਚਲੇ ਲੋਕਾਂ ਨੂੰ ਵੀ ਆਪਣੇ ਗੁਣ ਪ੍ਰਗਟ ਕਰਨ ਦਾ ਮੌਕਾ ਮਿਲ ਗਿਆ ਨਤੀਜੇ ਵਜੋਂ ਸਮਾਜ ਵਿਚ ਉਹਨਾਂ ਦਾ ਰੁਤਬਾ ਉਚੀਆਂ ਜਾਤਾਂ ਦੇ ਬਰਾਬਰ ਹੋ ਗਿਆ। ਇਹ ਯੋਧੇ ਗੁਰੂ ਗੋਬਿੰਦ ਸਿੰਘ ਜੀ ਦੀ ਅਗਵਾਈ ਹੇਠ ਵੀਰ ਯੋਧੇ ਬਣ ਕੇ ਸਮਾਜ ਦੀ ਇੱਜ਼ਤ ਦੇ ਰਾਖੇ ਬਣੇ।

ਸਮਾਜ ਵਿਚ ਜਿਹੜੇ ਲੋਕ ਖਾਲਸਾ ਨਹੀਂ ਸਨ ਉਹਨਾਂ ਨੂੰ ਤਮਾਜ ਵਿਚ ਵਰਨ, ਧਰਮ, ਅਮੀਰੀ-ਗਰੀਬੀ ਦੇ ਆਧਾਰਾਂ ਤੇ ਮਨੁੱਖੀ ਭੇਦ-ਭਾਵ ਦਾ ਸਾਹਮਣਾ ਕਰਨਾ ਪੈਂਦਾ ਸੀ। ਇਸੇ ਭੇਦ-ਭਾਵ ਦੇ ਚੱਕਰ ਵਿਚ ਕੁਝ ਲੋਕ ਮੰਦਰਾਂ ਵਿਚ ਜਾਂਦੇ ਹਨ, ਕੁਝ ਮਸਜਿਦ ਵਿਚ ਪਰ ਉਹ ਅਕਾਲ ਪੁਰਖ ਇਕੋ ਹੈ ਜਿਸਦੀ ਭਗਤੀ ਕਰਨੀ ਹੁੰਦੀ ਹੈ। ਇਸੇ ਭੇਦ-ਭਾਵ ਕਾਰਨ ਮਨੁੱਖ ਦੇ ਰਹਿਣ-ਸਹਿਣ ਵਿਚ ਵਿਭਿੰਨਤਾ ਆਉਂਦੀ ਹੈ:

ਦੇਹਰਾ ਮਸੀਤ ਸੋਈ ਪੂਜਾ ਔ ਨਿਵਾਜ ਓਈਂ॥
ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਉ ਹੈ॥
ਦੇਵਤਾ ਅਦੇਵ ਜੱਛ ਗੰਧ੍ਰਬ ਤੁਰਕ ਹਿੰਦੂ॥
ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਗਟਾਉ ਹੈ॥
ਏਕੈ ਨੈਨ ਏਕੈ ਕਾਨ ਏਕੈ ਦੇਹ ਏਕੈ ਬਾਨ॥
ਖਾਕ ਬਾਦ ਆਤਸ ਔ ਆਬ ਕੋ ਰਲਾਉ ਹੈ॥
ਅਲਹ ਅਭੇਖ ਸੋਈ ਪੁਰਾਨ ਔ ਕੁਰਾਨ ਓਈ॥
ਏਕ ਹੀ ਸਰੂਪ ਸਭੈ ਏਕ ਹੀ ਬਨਾਉ ਹੈ॥[28]

ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਅਨੁਸਾਰ ਸਿਰ ਮੁਨਾ ਕੇ ਸੰਨਿਆਸੀ ਹੋਣ ਨਾਲ, ਬ੍ਰਹਮਚਾਰੀ ਬਣਨ ਨਾਲ, ਹਿੰਦੂ ਜਾਂ ਤੁਰਕ ਹੋਣ ਨਾਲ ਮਨੁੱਖੀ ਸਰੂਪ ਨਹੀਂ ਬਦਲਦਾ। ਸਾਰੀ ਮਨੁੱਖਤਾ ਵਿਚ ਇਕੋ ਜੋਤ ਨਿਵਾਸ ਕਰਦੀ ਹੈ। ਇਸਲਈ ਭੁਲ ਕੇ ਵੀ ਕਿਸੇ ਹੋਰ ਭੇਦ ਨੂੰ ਨਹੀਂ ਮੰਨਣਾ ਚਾਹੀਦਾ:

ਕੋਊ ਭਇਓ ਮੁੰਡੀਆ ਸੰਨਿਆਸੀ ਕੋਊ ਜੋਗੀ ਭਇਓ
ਕੋਊ ਬ੍ਰਹਮਾਚਾਰੀ ਕੋਊ ਜਤੀ ਅਨੁਮਾਨਬੋ।।
ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸਾਫੀ
ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ।।[29]

ਜੇ ਕੋਈ ਮਨੁੱਖ ਤਪ ਕਰਦਾ ਹੈ ਪਰ ਸ਼ਸਤਰਧਾਰੀ ਨਹੀਂ ਹੈ ਤਾਂ ਉਹ ਸੰਤ ਹੈ, ਜਿਸ ਦੇ ਸਰੂਪ ਤੋਂ ਕੋਈ ਦੁਸ਼ਮਣ ਜਾਂ ਦੁਸ਼ਟ ਡਰਦਾ ਨਹੀਂ। ਇਕ ਮਨੁੱਖ ਸਿਰਫ ਸਿਪਾਹੀ, ਸ਼ਸਤਰਧਾਰੀ ਅਤੇ ਲੜਾਕਾ ਹੈ ਤਾਂ ਉਸ ਵਿਚ ਦਇਆ ਪ੍ਰੇਮ ਅਤੇ ਉਪਕਾਰ ਦੀ ਭਾਵਨਾ ਨਹੀਂ ਹੋਵੇਗੀ ਤਾਂ ਲੋਕ ਉਸ ਕੋਲੋਂ ਡਰਨਗੇ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਿੰਘਾਂ ਨੂੰ ਆਤਮਿਕ ਗੁਣਾਂ ਕਰਕੇ ਸੰਤ ਅਤੇ ਬੀਰਤਾ ਦੇ ਗੁਣਾਂ ਕਰਕੇ ਸਿਪਾਹੀ ਬਣਾਇਆ।

ਗੁਰੂ ਗੋਬਿੰਦ ਸਿੰਘ ਜੀ ਨੇ ਮਨੁੱਖ ਵਿਚ ਸੰਤ ਅਤੇ ਸਿਪਾਹੀ ਦੋਵੇਂ ਗੁਣ ਰੱਖੇ ਹਨ। ਸਮਾਜ ਵਿਚ ਜੇ ਦੁਸ਼ਟ ਆਦਮੀ ਪਾਪ ਗਰਦੇ ਹਨ ਤਾਂ ਉਨ੍ਹਾਂ ਨੂੰ ਸਜਾ ਦੇਣਾ ਜ਼ਰੂਰੀ ਹੈ। ਇਕਲਾ ਸੰਤ ਸਰੂਪ ਸਮਾਜ ਨੂੰ ਦੁਸ਼ਟਾਂ ਤੋਂ ਬਚਾ ਸਕਦਾ, ਇਸਲਈ ਸਿਪਾਹੀ ਸਰੂਪ ਦਾ ਹੋਣਾ ਬਹੁਤ ਜ਼ਰੂਰੀ ਹੈ। ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਵਿਚ ਇਨ੍ਹਾਂ ਗੁਣਾਂ ਦੀ ਵਿਆਖਿਆ ਮਿਲਦੀ ਹੈ। ਆਪ ਧਰਮ ਗੁਰੂ ਹੋਣ ਦੇ ਨਾਲ-ਨਾਲ ਸੰਤ ਵੀ ਸਨ। ਇਸਦੇ ਨਾਲ ਹੀ ਸਮੇਂ ਦੀ ਜਾਲਮ ਹਕੂਮਤ ਦੇ ਵਿਰੁਧ ਕੀਤੇ ਸੰਘਰਸ਼ ਦੇ ਸਿਪਾਹੀ ਵੀ ਸਨ। ਅਜਿਹੇ ਹਾਲਾਤਾਂ ਵਿਚ ਦੁਸ਼ਮਣ ਨੂੰ ਹਰਾਉਣ ਦੀ ਪਰਵਿਰਤੀ ਸੁਭਾਵਿਕ ਹੈ। ਸੈਨਿਕ ਰੂਪ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਪਰਮਾਤਮਾ ਤੋਂ ਆਪਣੀ ਜਿੱਤ ਅਤੇ ਦੁਸ਼ਮਣ ਦੀ ਹਾਰ ਦੀ ਕਾਮਨਾ ਕੀਤੀ ਹੈ, ਜਿਸ ਦਾ ਜਿਕਰ ਆਪਨੇ ਆਪਣੀ ਰਚਨਾ ਚੋਪਈ ਵਿਚ ਇੰਝ ਕੀਤਾ ਹੈ:

ਹਮਰੀ ਕਰੋ ਹਾਥ ਦੇ ਰੱਛਾ॥ ਪੂਰਨ ਹੋਇ ਚਿੱਤ ਕੀ ਇੱਛਾ॥

ਹਮਰੇ ਦੁਸਟ ਸਭੈ ਤੁਮ ਘਾਹਵੁ॥ ਆਪ ਹਾਥ ਦੇ ਮੋਹਿ ਬਚਾਵਹੁ॥

ਹੂਜੋ ਸਦਾ ਹਮਾਰੇ ਪੱਛਾ॥ ਸ੍ਰੀ ਅਸਿਧੁਜ ਜੂ ਕਰਿਯਹੁ ਰੱਛਾ॥[30]

ਗੁਰੂ ਗੋਬਿੰਦ ਸਿੰਘ ਜੀ ਦਾ ਦੁਸ਼ਮਣ ਕਿਸੇ ਵਿਸ਼ੇਸ਼ ਜਾਤ, ਧਰਮ ਜਾਂ ਵਰਗ ਦਾ ਨਹੀਂ ਸੀ ਬਲਕਿ ਹਰ ਜਾਲਮ ਤੇ ਮਾਨਵਤਾ ਤੋਂ ਨਿਮਨ ਰੂਪ ਵਿਚ ਆਇਆ ਵਿਅਕਤੀ ਉਨ੍ਹਾਂ ਨੂੰ ਆਪਣਾ ਦੁਸ਼ਮਣ ਲਗਦਾ ਹੈ, ਜਿਹੜਾ ਆਪਣੇ ਨਿੱਜੀ ਸੁਆਰਥ ਲਈ ਮਨੁੱਖਤਾ ਦਾ ਸ਼ੋਸ਼ਣ ਅਤੇ ਉਨ੍ਹਾਂ ਤੇ ਅਤਿਆਚਾਰ ਕਰਦਾ ਹੈ। ਅਜਿਹੇ ਦੁਸ਼ਮਣਾਂ ਤੋਂ ਸਮਾਜ ਨੂੰ ਬਚਾਉਣ ਲਈ ਗੁਰੂ ਗੋਬਿੰਦ ਸਿੰਘ ਜੀ ਨੂੰ ਸ਼ਮਸ਼ੀਰ ਦੀ ਸ਼ਕਤੀ ਦੀ ਸਹਾਇਤਾ ਲੈਣੀ ਪਈ ਸੀ, ਜਿਸ ਨੂੰ ਉਨ੍ਹਾਂ ਜਾਇਜ ਮੰਨਿਆ ਤੇ ਇਸ ਗਲ ਦੀ ਵਕਾਲਤ ਕੀਤੀ ਕਿ:

ਚੁ ਕਾਰ ਅਜ਼ ਹਮਹ ਹੀਲਤੇ ਦਰ ਗੁਜਸ਼ਤ॥

ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ॥[31]

ਭਾਵ ਜਦੋਂ ਕਿਸੇ ਮਸਲੇ ਜਾਂ ਸੰਕਟ ਦਾ ਹਲ ਸ਼ਾਂਤੀ ਨਾਲ ਨਹੀਂ ਨਿਕਲਦਾ ਤਾਂ ਤਲਵਾਰ ਦਾ ਸਹਾਰਾ ਲੈਣਾ ਸਾਰੇ ਪੱਖਾਂ ਤੋਂ ਉਚਿਤ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਜੋ ਸੂਰਬੀਰਤਾ ਜਾਂ ਸਿਪਾਹੀ ਸਰੂਪ ਪੇਸ਼ ਕੀਤਾ ਹੈ, ਉਸਦਾ ਉਦੇਸ਼ ਅਨਿਆਂ, ਜਬਰ, ਧੱਕੇਸ਼ਾਹੀ, ਕਿਸੇ ਨੂੰ ਲੁੱਟਣਾ ਜਾਂ ਕਿਸੇ ਦੇਸ਼ ਨੂੰ ਗੁਲਾਮ ਰਖਣਾ ਨਹੀਂ, ਬਲਕਿ ਪਰਉਪਕਾਰ, ਦੀਨ ਰਖਿਆ ਤੇ ਹਰ ਤਰ੍ਹਾਂ ਦੀ ਸੁਤੰਤਰਤਾ ਲਈ ਲੜਨਾ ਹੈ। ਸਿਰੰ ਤਾਕਤ ਲਈ ਨਹੀਂ ਲੜਨਾ, ਨੇਕੀ ਲਈ ਬਦੀ ਦੇ ਵਿਰੁਧ ਲੜਨਾ ਹੈ। ਇਸਦਾ ਆਤਮਿਕ ਪਹਿਲੂ ਹੈ- ਮਨ ਨੂੰ ਜਿੱਤਣਾ, ਸਵੈ-ਕਾਬੂ ਅਤੇ ਸੰਜਮ ਵਿਚ ਰਹਿਣਾ। ਇਸਲਈ ਸ਼ਾਂਤਮਈ ਇਕ ਚੰਗਾ ਉਦੇਸ਼ ਹੈ, ਪਰ ਕਿਸੇ ਚੰਗੇ ਕੰਮ ਲਈ ਸ਼ਸਤਰ ਉਠਾਉਣਾ ਵੀ ਪੁੰਨ ਹੈ। ਤਲਵਾਰ ਉਠਾਉਣ ਦੇ ਕਾਰਨਾਂ ਦਾ ਵਿਸ਼ਲੇਸ਼ਣ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਰਚਨਾ ਬਚਿਤ੍ਰ ਨਾਟਕ ਵਿਚ ਕੀਤਾ ਹੈ:

ਹਮ ਇਹ ਕਾਜ ਜਗਤ ਮੋ ਆਏ॥ ਧਰਮ ਹੇਤ ਗੁਰਦੇਵ ਪਠਾਏ॥

ਜਹਾਂ ਤਹਾਂ ਤੁਮ ਧਰਮ ਬਿਥਾਰੋ॥ ਦੁਸ਼ਟ ਦੋਖੀਅਨਿ ਪਕਰਿ ਪਛਾਰੋ॥

ਯਾਹੀ ਕਾਜ ਧਰਾ ਹਮ ਜਨਮੰ॥ ਸਮਝ ਲੇਹੁ ਸਾਧੂ ਸਭ ਮਨਮੰ॥

ਧਰਮ ਚਲਾਵਨ ਸੰਤ ਉਬਾਰਨ॥ ਦੁਸ਼ਟ ਸਭਨ ਕੋ ਮੂਲ ਉਪਾਰਨ॥[32]

ਸਮਾਜ ਵਿਚ ਜੁਲਮ ਦਾ ਖਾਤਮਾ ਕਰਨ ਲਈ ਲੋਕਾਂ ਵਿਚ ਜਿਸ ਸ਼ਕਤੀ ਦੇ ਸੰਚਾਰ ਦੀ ਜਰੂਰਤ ਸੀ, ਉਸ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਭਗਤੀ ਪਰੰਪਰਾ ਵਿਚ ਬੀਰ ਰੂਪਕਾਂ ਨੂੰ ਪਹਿਲ ਦਿੱਤੀ। ਸਮੁੱਚੇ ਭਗਤੀ ਕਾਵਿ ਵਿਚ ਪਰਮਾਤਮਾ ਦੇ ਸ੍ਰਿਸ਼ਟੀ ਸਿਰਜਣਹਾਰ ਅਤੇ ਪਾਲਣਹਾਰ ਰੂਪ ਦੀ ਪ੍ਰਧਾਨਤਾ ਹੈ। ਗੁਰੂ ਸਾਹਿਬ ਦੀਆਂ ਰਚਨਾਵਾਂ ਵਿਚ ਪਰਮਾਤਮਾ ਦੇ ਸ਼ਕਤੀਵਰ ਰੂਪ ਦਾ ਬੜੇ ਸੁੰਦਰ ਢੰਗ ਨਾਲ ਵਰਣਨ ਕੀਤਾ ਹੈ। ਦਸਮ ਗ੍ਰੰਥ ਵਿਚ ਅਨੇਕਾਂ ਥਾਂਵਾਂ ਤੇ ਇਸ ਸੰਬੰਧੀ ਵਰਣਨ ਮਿਲਦਾ ਹੈ ਕਿ ਜਿਸ ਅਕਾਲਪੁਰਖ ਨੇ ਵੱਡੇ-ਵੱਡੇ ਦੇਵਤਿਆਂ, ਦੈਂਤਾਂ, ਸਮਰਾਟਾਂ ਨੂੰ ਪਲ ਵਿਚ ਖਤਮ ਕਰ ਦਿੱਤਾ, ਉਸ ਪਰਮਾਤਮਾ ਦੇ ਸਾਹਮਣੇ ਕੋਈ ਟਿਕ ਨਹੀਂ ਸਕਦਾ ਫਿਰ ਭਾਵੇਂ ਉਹ ਮੁਗਲ ਹਕੂਮਤ ਹੀ ਕਿਉਂ ਨਾ ਰਹੀ ਹੋਵੇ। ਗੁਰੂ ਗੋਬਿੰਦ ਸਿੰਘ ਜੀ ਮੁਗਲ ਹਕੂਮਤ ਦੇ ਖਿਲਾਫ ਉਸ ਅਕਾਲਪੁਰਖ ਦਾ ਭਰੋਸਾ ਲੈ ਕੇ ਖੜੇ ਹੋਏ:

ਯਾ ਕਲ ਮੈਂ ਸਭ ਕਾਲ ਕ੍ਰਿਪਾਨ ਕੇ

ਭਾਰੀ ਭੁਜਾਨ ਕੋ ਭਾਰੀ ਭਰੋਸੋ॥[33]

ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਅਤੇ ਉਨ੍ਹਾਂ ਦੇ ਕਾਰਜਾਂ ਤੋਂ ਸਪਸ਼ਟ ਹੁੰਦਾ ਹੈ ਕਿ ਆਪ ਸੰਤ ਵੀ ਅਤੇ ਸਿਪਾਹੀ ਵੀ ਸਨ। ਆਪ ਨੇ ਸਮਾਜ ਵਿਚ ਰਹਿੰਦੇ ਮਨੁੱਖ ਅੰਦਰ ਵੀ ਇਨ੍ਹਾਂ ਗੁਣਾਂ ਦਾ ਸੰਚਾਰ ਕੀਤਾ। ਗੁਰੂ ਗੋਬਿੰਦ ਸਿੰਘ ਦੁਆਰਾ ਰਚਿਤ ਦਸਮ ਗ੍ਰੰਥ ਵਿਚ ਸੰਤ ਮਾਨਸਿਕਤਾ ਦੇ ਨਾਂ ਤਾਂ ਹਨ ਹੀ, ਸਿਪਾਹੀ ਮਾਨਸਿਕਤਾ ਦੇ ਨਾਵਾਂ ਦੀ ਪ੍ਰਧਾਨਤਾ ਵੀ ਹੈ। ਆਪ ਦੀਆਂ ਨਜ਼ਰਾਂ ਵਿਚ ਸ਼ਸਤਰ ਅਤੇ ਸ਼ਾਸਤਧਾਰੀ ਵਿਚ ਕੋਈ ਫਰਕ ਨਹੀਂ:

ਨਮੋ ਖਗ ਖੰਡੰ ਕ੍ਰਿਪਾਣੰ ਕਟਾਰੰ॥

ਸਦਾ ਏਕ ਰੂਪੰ ਸਦਾ ਨਿਰਬਿਕਾਰੰ॥[34]

ਖੜਗ ਆਪ ਹੀ ਖੜਗਧਾਰੀ ਸਖਸ਼ੀਅਤ ਦਾ ਪ੍ਰਤੀਕ ਬਣ ਗਈ। ਬੀਰ ਕਾਰਜਾਂ ਦੇ ਪ੍ਰਸੰਗ ਵਿਚ ਸ਼ਸਤਰ ਪੂਜਾ ਸ਼ਸਤਰ ਪੂਜਾ ਇਸ ਦੇਸ਼ ਦੀ ਪ੍ਰਾਚੀਨ ਪਰੰਪਰਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਸਖਸ਼ੀਅਤ ਅਤੇ ਰਚਨਾਵਾਂ ਰਾਹੀਂ ਇਸ ਪਰੰਪਰਾ ਨੂੰ ਜੋਰ-ਸ਼ੋਰ ਨਾਲ ਚਲਾਇਆ। ਬਚਿਤ੍ਰ ਨਾਟਕ ਦਾ ਆਰੰਭ ਹੀ ਖੜਗ ਦੀ ਉਸਤਤਿ ਨਾਲ ਕਰਦੇ ਹਨਃ

ਨਮਸਕਾਰ ਸ੍ਰੀ ਖੜਗ ਕੋ ਕਰੋਂ ਸੁ ਹਿਤੁ ਚਿਤੁ ਲਾਇ॥
ਪੂਰਨ ਕਰੋਂ ਗਿਰੰਥ ਇਹ ਤੁਮ ਮੁਹਿ ਕਰਹੁ ਸਹਾਇ॥[35]

ਗੁਰੂ ਗੋਬਿੰਦ ਸਿੰਘ ਜੀ ਨੇ ਮਨੁੱਖ ਦੀ ਸੰਤ ਬਿਰਤੀ ਵਿਚ ਸਿਪਾਹੀ ਬਿਰਤੀ ਉਜਾਗਰ ਕਰਨ ਲਈ ਸਪਸ਼ਟ ਰੂਪ ਵਿਚ ਇਹ ਵਿਚਾਰ ਸਭ ਦੇ ਸਾਹਮਣੇ ਰਖਿਆ ਕਿ ਸੰਤਾਂ ਦੇ ਸੁਖ ਦਾ, ਦੁਸ਼ਟਾਂ ਦੇ ਨਾਸ਼ ਦਾ, ਸੰਸਾਰ ਦੀ ਸਥਿਤੀ ਦਾ, ਸ੍ਰਿਸ਼ਟੀ ਦੇ ਉਧਾਰ ਦਾ ਇਕੋ ਇਕ ਸਾਧਨ ਹੈ- ਤੇਗ, ਤੇਗ ਦੀ ਹੀ ਜੈ ਹੋਵੈਃ

ਖਗ ਖੰਡ ਬਿਹੰਡੰ ਖਲ ਦਲ ਖੰਡੰ ਅਤਿ ਰਣ ਮੰਡੰ ਬਰ ਬੰਡੰ॥
ਭੁਜ ਦੰਡ ਅਖੰਡੰ ਤੇਜ ਪ੍ਰਚੰਡੰ ਜੋਤਿ ਅਮੰਡੰ ਭਾਨ ਪ੍ਰਭੰ॥
ਸੁਖ ਸੰਤਾ ਕਰਣੰ ਦੁਰਮਤਿ ਦਰਣੰ ਕਿਲਬਿਖ ਹਰਣੰ ਅਸਿ ਸਰਣੰ॥
ਜੈ ਜੈ ਜਗ ਕਾਰਣ ਸ੍ਰਿਸਟ ਉਭਾਰਣ ਮਮ ਪ੍ਰਤਿਪਾਰਣ ਜੈ ਤੇਗੰ॥[36]

ਗੁਰੂ ਗੋਬਿੰਦ ਸਿੰਘ ਜੀ ਨੇ ਮਨੁੱਖ ਨੂੰ ਈਸ਼ਵਰ ਭਗਤੀ, ਨਾਮ ਸਿਮਰਨ, ਸਤਿਸੰਗ, ਸੇਵਾ ਅਤੇ ਅਰਦਾਸ ਰਾਹੀਂ ਮਨ ਉਤੇ ਕਾਬੂ ਪਾਉਣ ਅਤੇ ਸੰਜਮੀ ਜੀਵਨ ਜੀਉਣ ਦੀ ਜਾਚ ਦਸੀ ਹੈ ਜੋ ਕਿ ਸੰਤ ਸਿਪਾਹੀ ਸਰੂਪ ਲਈ ਜ਼ਰੂਰੀ ਹਨ। ਮਨ ਨੂੰ ਕਾਬ ਕਰਨਾ (ਵੱਸ ਵਿਚ ਕਰਨਾ) ਵੱਡੀ ਸੂਰਮਗਤੀ ਹੈ। ਇਹ ਆਤਮਿਕ ਪਹਿਲੂ ਹੈ ਪਰ ਇਸ ਦੇ ਨਾਲ ਸੰਸਾਰਕ ਦੁਸ਼ਮਣਾਂ ਉਤੇ ਵਿਜੈ ਪ੍ਰਾਪਤ ਕਰਨੀ ਵੀ ਜ਼ਰੂਰੀ ਹੈ। ਸਵੈ-ਨਿਯੰਤਰਣ ਅਤੇ ਆਤਮਿਕ ਗੁਣ ਪ੍ਰਾਪਤ ਕਰਕੇ ਸਿੱਖ ਬਣਦਾ ਹੈ। ਸ਼ਸਤਰਧਾਰੀ ਹੋ ਕੇ ਯੁੱਧ ਦੇ ਮੈਦਾਨ ਵਿਚ ਜੂਝ ਕੇ ਧਰਮ ਆਜਾਦੀ ਤੇ ਦੀਨ ਰਖਿਆ ਲਈ ਮਰ ਮਿਟਣ ਕਰਕੇ ਉਹ ਸੂਰਬੀਰ ਯੋਧਾ ਅਤੇ ਸਿਪਾਹੀ ਹੈ।

ਗੁਰੂ ਗੋਬਿੰਦ ਸਿੰਘ ਜੀ ਦਾ ਮਨਸ਼ਾ ਸਮਾਜ ਵਿਚ ਮਨੁੱਖ ਨੂੰ ਆਤਮਿਕ ਅਤੇ ਸੰਸਾਰਿਕ ਪਹਿਲੂਆਂ ਤੋਂ ਇਕੋ ਜਿਹਾ ਉਚਾ ਕਰਨਾ ਹੈ ਭਾਵ ਉਹਨਾਂ ਵਿਚ ਸੰਤ ਬਿਰਤੀ ਦੇ ਨਾਲ-ਨਾਲ ਸਿਪਾਹੀ ਬਿਰਤੀ ਦੇ ਗੁਣਾਂ ਦਾ ਸੰਚਾਰ ਕਰਨਾ ਹੈ ਤਾਂ ਜੋ ਉਹ ਗੁਰੂ ਗੋਬਿੰਦ ਸਿੰਘ ਜੀ ਦੇ ਸੰਤ ਸਿਪਾਹੀ ਬਣ ਕੇ ਸਮਾਜ ਵਿਚ ਅਣਖ ਅਤੇ ਇੱਜਤ ਮਾਣ ਨਾਲ ਆਪਣਾ ਜੀਵਨ ਬਸਰ ਕਰ ਸਕਣ।

ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਤੋਂ ਪ੍ਰਤੱਖ ਹੈ ਕਿ ਆਪ ਸੰਤ ਸਿਪਾਹੀ ਦੇ ਰੂਪ ਵਿਚ ਸਾਰੀ ਜਿੰਦਗੀ ਕਰਮਸ਼ੀਲ ਰਹੇ। ਸਮਕਾਲੀਨ ਰਾਜਨੀਤਕ, ਸਮਾਜਿਕ, ਧਾਰਮਿਕ ਅਤੇ ਨੈਤਿਕ ਜੀਵਨ ਵਿਚ ਵਿਆਪਕ ਜੁਲਮ ਦੇ ਖਿਲਾਫ ਲੜਨ, ਜੂਝ ਮਰਨ ਅਤੇ ਆਪਾ ਵਾਰ ਦੇਣ ਦੀ ਜੁਗਤ ਦੁਆਰਾ ਆਪਨੇ ਸਮੂਹ ਮਾਨਵ ਜਾਤੀ ਦੇ ਆਤਮ ਬਲ ਵਿਚ ਨਵੀਨ ਚੇਤਨਾ ਜਾਗਰਿਤ ਕੀਤੀ । ਜਿਸ ਕਾਰਜ ਹਿਤ ਆਪ ਅਕਾਲੁਰਖ ਦੇ ਹੁਕਮ ਅਨੁਸਾਰ ਪ੍ਰਯੋਜਨ ਹਿਤ ਆਏ, ਉਸਨੂੰ ਜੀਵਨ ਦੀ ਵਿਵਹਾਰਕਤਾ ਸਹਿਤ ਰੂਪਮਾਨ ਕਰਦਿਆਂ ਪ੍ਰਤੱਖ ਦਰਿਸ਼ਟਮਾਨ ਕਰ ਵਿਖਾਇਆ। ਸ਼ਸਤਰ ਦੁਆਰਾ ਆਪਨੇ ਜਿਥੇ ਮਨੁੱਖ ਅੰਦਰ ਸ਼ਕਤੀਸ਼ਾਲੀ, ਵੀਰ, ਸਾਹਸੀ ਅਤੇ ਆਤਮ ਰਖਿਅਕ ਹੋਣ ਦੀ ਭਾਵਨਾ ਨੂੰ ਪ੍ਰਬਲ ਕੀਤਾ ਉਥੇ ਬਾਣੀ ਦੇ ਸ਼ਬਦ ਰੂਪ ਨੂੰ ਅਭਿਵਿਅਕਤ ਕਰਦਿਆਂ ਮਨੁੱਖ ਦਾ ਮਾਨਸਿਕ ਅਤੇ ਬੌਧਿਕ ਵਿਕਾਸ ਕਰਦਿਆਂ ਗੁਰਮਤਿ ਵਿਚਾਰਧਾਰਾ ਨੂੰ ਆਪਣੀ ਸਿਰਜਨਾਤਮਕਤਾ ਸਹਿਤ ਰੂਪਮਾਨ ਕਰਕੇ ਪ੍ਰੱਤਖ ਕੀਤਾ।[37]

ਗੁਰੂ ਗੋਬਿੰਦ  ਸਿੰਘ ਨੇ ਸਮੂਹ ਜਾਤੀ ਦੇ ਅਵਚੇਤਨ ਵਿਚ ਸਦੀਆਂ ਤੋਂ ਚਲੀ ਆ ਰਹੀ ਜੇਹਨੀ ਗੁਲਾਮੀ, ਡਰ ਅਤੇ ਖੌਫ ਨੂੰ ਸਵੈ ਪ੍ਰਤੀ ਸੁਚੇਤ ਕਰਦਿਆਂ ਖਾਲਸੇ ਦੇ ਰੂਪ ਵਿਚ ਸਾਜਨਾ ਗ੍ਰਹਿਣ ਕੀਤੀ। ਨਵੀਨ ਅਧਿਆਤਮਕ ਚੇਤਨਾ ਅਤੇ ਚਿੰਤਨ ਪ੍ਰਦਾਨ ਕੀਤੇ ਮਨੁੱਖ ਨੂੰ ਨਵੀਨ ਅਰਥਾਂ ਵਿਚ ਰੁਪਾਂਤਰਿਤ ਕਰਦਿਆਂ ਉਸ ਵਿਚ ਆਤਮ ਬਲ ਅਤੇ ਸੰਘਰਸ਼ ਪ੍ਰਤੀ ਜਿਤ ਨੂੰ ਯਕੀਨੀ ਬਣਾਏ ਰਖਣ ਦਾ ਬਲ ਬਖਸ਼ਿਆ:

ਦੇਹ ਸ਼ਿਵਾ ਬਰੁ ਮੋਹਿ ਏਹੈ ਸ਼ੁਭ ਕਰਮਨ ਤੇ ਕਬਹੂੰ ਨ ਟਰੋਂ॥
ਨ ਡਰੋ ਅਰਿ ਸੋ ਜਬ ਜਾਇ ਲਰੋਂ ਨਿਸਚੈ ਕਰ ਅਪੁਨੀ ਜੀਤ ਕਰੋਂ॥
ਅਰੁ ਸਿੱਖ ਹੋ ਆਪਨੇ ਹੀ ਮਨ ਕੋ ਏਹ ਲਾਲਚ ਹਉ ਗੁਣ ਤਉ ਉਚਰੋ॥
ਜਬ ਆਵ ਕੀ ਅਉਧ ਨਿਦਾਨ ਬਨੈ ਅਤਿ ਹੀ ਰਣ ਮੇ ਤਬ ਜੂਝ ਮਰੋਂ॥[38]

ਖਾਲਸਾ ਪੰਥ ਦੀ ਸਾਜਨਾ ਸਮਾਜਿਕ, ਰਾਜਨੀਤਿਕ ਅਤੇ ਸਭਿਆਚਾਰਕ ਤਬਦੀਲੀ ਹੈ ਜਿਸ ਨੇ ਭਾਰਤੀ ਸਮਾਜ ਨੂੰ ਇਸ ਨਵੇਂ ਭਵਿੱਖ ਨਾਲ ਜੋੜ ਦਿੱਤਾ। ਖਾਲਸਾ ਪੰਥ ਉਸ ਸ਼ਕਤੀ ਦਾ ਪ੍ਰਤੀਕ ਹੈ ਜੋ ਮਨੁੱਖੀ ਹੋਂਦ ਨੂੰ ਨਵੀਨ ਅਰਥ ਦਿੰਦੇ ਹੋਏ ਉਸ ਦੇ ਚਰਿੱਤਰ ਨੂੰ ਸਵੱਛ ਅਤੇ ਅਮੀਰ ਬਣਾਉਂਦਾ ਹੈ।

### 4.1.3. ਸ਼ਕਤੀ ਦਾ ਸੇਵਾ ਵਿਚ ਰੁਪਾਂਤਰਨ

ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਵਿਚ ਸ਼ਕਤੀ ਦੇ ਨਵ ਸਿਰਜਿਤ ਸ੍ਰੋਤ ਬਿੰਦੂਆਂ ਵਿਚ ਤੀਜਾ ਸ੍ਰੋਤ ਬਿੰਦੂ ਸ਼ਕਤੀ ਦਾ ਸੇਵਾ ਵਿਚ ਰੁਪਾਂਤਰਨ ਹੈ। ਸੇਵਾ ਨੂੰ ਭਾਰਤੀ ਧਰਮ ਸਾਧਨਾ ਭਗਤੀ ਦੀ ਇਕ ਕਿਸਮ ਮੰਨਿਆ ਜਾਂਦਾ ਹੈ। ਸੇਵਾ ਇਕ ਨਿਰਸੁਆਰਥ ਭਾਵਨਾ ਹੈ ਜਿਸ ਦਾ ਮਨੁੱਖੀ ਕਲਿਆਣ ਲਈ ਵਿਸ਼ੇਸ਼ ਮਹੱਤਵ ਹੈ। ਵਿਸ਼ਵ ਦੇ ਸਾਰੇ ਵੇਦ-ਸ਼ਾਸਤਰ ਅਤੇ ਧਾਰਮਿਕ ਗ੍ਰੰਥਾਂ ਵਿਚ ਸੇਵਾ ਦੀ ਮਹੱਤਤਾ ਬਾਰੇ ਵਰਣਨ ਮਿਲਦਾ ਹੈ। ਭਗਤੀ ਮਾਰਗ ਵਿਚ ਵੀ ਇਸ ਦਾ ਵਿਸ਼ੇਸ਼ ਸਥਾਨ ਹੈ ਕਿਉਂਕਿ ਭਗਤਾਂ ਦਾ ਸੰਬੰਧ ਸ਼ਕਤੀ ਨਾਲ ਹੈ ਅਤੇ ਸ਼ਕਤੀ ਦਾ ਸੇਵਾ ਨਾਲ।

ਸੇਵਾ ਸੰਸਕ੍ਰਿਤ ਦੇ ਸ਼ਬਦ ਸੇਵੁ ਦਾ ਵਿਕਸਿਤ ਰੂਪ ਹੈ, ਸੇਵੁ ਦੇ ਅਰਥ ਹਨ: ਸੇਵਾ ਕਰਨਾ, ਚਾਕਰੀ ਕਰਨਾ, ਭਰੋਸਾ ਰੱਖਣਾ, ਪੂਜਾ ਕਰਨੀ।[39] ਸੰਗਿਆ ਰੂਪ 'ਸੇਵਾ' ਦਾ ਅਰਥ ਹਨ: ਖਿਦਮਤ (ਸੇਵਾ, ਟਹਿਲ) ਅਤੇ ਉਪਾਸਨਾ[40] ਭਾਵ ਇਨਸਾਨ ਦੀ ਮਿਹਨਤ ਬਹੁਤ ਘੱਟ ਹੈ ਉਸ ਦੀ ਮੰਗ ਬਹੁਤ ਜਿਆਦਾ ਹੈ ਪਰਮਾਤਮਾ ਦਾ ਨਾਮ ਜਪਣਾ ਵੀ ਇਕ ਕਿਸਮ ਦੀ ਸੇਵਾ ਹੈ। ਸੇਵਾ ਸ਼ਬਦ ਉਪਾਸਨਾ, ਪੂਜਾ ਦੇ ਅਰਥਾਂ ਵਿਚ ਵੀ ਵਰਤਿਆ ਜਾਂਦਾ ਹੈ ਇਸ ਸੰਦਰਭ

ਵਿਚ ਜਿਨ੍ਹਾਂ ਕੋਲ ਪਰਮਾਤਮਾ ਦੇ ਨਾਮ ਸਿਮਰਨ ਦੀ ਕਮਾਈ ਹੈ ਉਹਨਾਂ ਨੂੰ ਪਰਮਾਤਮਾ ਕੋਲੋਂ ਇਜਤ ਪ੍ਰਾਪਤ ਹੁੰਦੀ ਹੈ।

'ਸੇਵਾ' ਦੇ ਅਰਥ ਸੇਵਜ ਵੀ ਹਨ, ਭਾਵ ਸੇਵਾ ਕਰਨ ਯੋਗ, ਉਪਾਸਨਾ ਯੋਗ ਇਸ ਅਰਥ ਵਿਚ ਗੁਰੂ ਨਾਨਕ ਦੇਵ ਜੀ ਨੇ ਇਹ ਸ਼ਬਦ ਇੰਝ ਵਰਤਿਆ ਹੈ ਭਾਵ ਕਿ ਦੇਵਤੇ, ਮਨੁੱਖ, ਮੋਨਧਾਰੀ ਅਤੇ ਸੇਵਕ ਸਾਰੇ ਤੇਰਾ (ਪ੍ਰਮਾਤਮਾ) ਦਾ ਹੀ ਜ਼ਿਕਰ ਕਰਦੇ ਹਨ। ਪ੍ਰੋ. ਪ੍ਰੇਮ ਪ੍ਰਕਾਸ਼ ਸਿੰਘ ਅਨੁਸਾਰ, ਸੇਵਾ ਦਾ ਮਤਲਬ ਹੀ ਸੇਵਾ ਹੈ ਅਰਥਾਤ ਸਖਸ਼ੀ ਵਲਗਣਾ ਤੋਂ ਮੁਕਤ ਹੋ ਕੇ ਇਨਸਾਨੀ ਭਾਈਚਾਰੇ ਲਈ ਕਰਮ ਕਰਨਾ।[41] ਡਾ. ਰਤਨ ਸਿੰਘ ਜੱਗੀ ਦੇ ਸ਼ਬਦਾਂ ਵਿਚ, ਗੁਰੂ ਨਾਨਕ ਦੀ ਸਾਧਨਾ ਵਿਚ ਸੇਵਾ ਦਾ ਬਹੁਤ ਮਹੱਤਵ ਹੈ। ਇਹ ਬਹੁਤ ਉਚੀ ਸਾਧਨਾ ਹੈ। ਮਨੁੱਖ ਦੀ ਹਰ ਹਰਕਤ ਹਉਮੈ ਵਾਲੀ ਹੁੰਦੀ ਹੈ ਸੇਵਾ ਦੀ ਭਾਵਨਾ ਹਉਮੈ ਨੂੰ ਨਸ਼ਟ ਕਰਦੀ ਹੈ ਕਿਉਂਕਿ ਹਉਮੈ ਧੁੰਧ ਗੁਬਾਰ ਹੈ ਸੇਵਾ ਪ੍ਰਕਾਸ਼ ਹੈ।[42]

ਸੇਵਾ ਵਿਧੀ ਦੁਆਰਾ ਸਾਧਕ ਦੀ ਹਊਮੈ- ਨਿਵ੍ਰਤੀ ਹੁੰਦੀ ਹੈ ਅਤੇ ਮਨ ਅਰੋਗ ਹੁੰਦਾ ਹੈ। ਸਿੱਟੇ ਵਜੋਂ, ਸੱਚੇ ਹਿਰਦੇ ਤੋਂ ਮਨ ਪ੍ਰਭੂ-ਪ੍ਰੇਮ ਵਿਚ ਲੀਨ ਹੋ ਜਾਂਦਾ ਹੈ। ਪ੍ਰੇਮ ਵਿਹੂਣਾ ਮਨੁੱਖ ਮਨ ਤੋਂ ਹੋਰ ਅਤੇ ਮੁੱਖ ਤੋਂ ਹੋਰ ਹੁੰਦਾ ਹੈ, ਅਤੇ ਪਰਮਾਰਥ ਦੀ ਦ੍ਰਿਸ਼ਟੀ ਤੋਂ ਕਚੇ ਹੁੰਦੇ ਹਨ। ਜਿਨ੍ਹਾਂ ਨੇ ਸਚੇ ਦਿਲ ਤੋਂ ਪਰਮਾਤਮਾ ਨਾਲ ਪਿਆਰ ਪਾਇਆ ਹੈ, ਸੇਵਾ ਕੀਤੀ ਹੈ ਉਹ ਹੀ ਪਰਮਾਤਮਾ ਦੀ ਦਰਗਾਹ ਤੇ ਕਬੂਲ ਹੁੰਦੇ ਹਨ ਜਦਕਿ ਮੂੰਹ ਤੇ ਹੋਰ ਤੇ ਮੁਖ ਤੇ ਹੋਰ (ਦੋਹਰੀ ਦਿਖ) ਵਾਲੇ ਮਨੁੱਖ ਸੰਸਾਰ ਵਿਚ ਆਵਾਗਵਣ ਦੇ ਚੱਕਰ ਵਿਚ ਹੀ ਪਏ ਰਹਿੰਦੇ ਹਨ।[43]

ਸੇਵਾ ਕਰਨ ਵਾਲਾ ਮਨ ਸ਼ਕਤੀ ਨਾਲ ਬਣਦਾ ਹੈ। ਸ਼ਕਤੀ ਹਰ ਪ੍ਰਕਾਰ ਦੀ ਸੇਵਾ ਲਈ ਜ਼ਰੂਰੀ ਹੈ ਸ਼ਕਤੀ ਦੇ ਉਹ ਨਤੀਜੇ ਪ੍ਰਗਟ ਹੁੰਦੇ ਹਨ ਜੋ ਵਿਅਕਤੀ ਸਿਰਫ ਆਪਣੇ ਲਈ ਨਹੀਂ ਕਰਦਾ ਬਲਕਿ ਆਪਣੇ ਸਮਾਜ ਲਈ ਆਪਣੇ ਦੋਸਤਾਂ-ਮਿਤਰਾਂ ਦੀ ਸਮਾਜਿਕ, ਆਰਥਿਕ, ਨੈਤਿਕ ਤੇ ਰਾਜਸੀ ਸਥਿਤੀ ਸੁਧਾਰਨ ਲਈ ਕਰਦਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਕੇਵਲ ਨਿੱਜੀ ਲਾਭਾਂ ਦੀ ਪ੍ਰਾਪਤੀ ਕਰਨ ਵਾਲੇ ਸੂਰਮਿਆਂ ਬਾਰੇ ਲਿਖਿਆ ਹੈ:

ਜੀਤ ਫਿਰੈ ਸਭ ਦੇਸ ਦਿਸਾਨ ਕੋ ਬਾਜਤ ਢੋਲ ਮ੍ਰਿਦੰਗ ਨਗਾਰੇ।।

ਗੁੰਜਤ ਗੂੜ੍ਹ ਗਜਾਨ ਕੇ ਸੁੰਦਰ ਹੰਸਤ ਹੀ ਹਯ ਰਾਜ ਹਜਾਰੇ।।

ਭੂਤ ਭਵਿੱਖ ਭਵਾਨ ਕੇ ਭੂਪਤਿ ਕਉਨੁ ਗਨੈ ਨਹੀ ਜਾਤ ਬਿਚਾਰੇ।।

ਸ੍ਰੀ ਪਤਿ ਸ੍ਰੀ ਭਗਵਾਨ ਭਜੈ ਬਿਨੁ ਅੰਤ ਕਉ ਅੰਤ ਕੇ ਧਾਮ ਸਿਧਾਰੇ।।[44]

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸੱਚ, ਪ੍ਰੇਮ, ਚੰਗਿਆਈ, ਨੇਕੀ ਤੇ ਨਿਰਸੁਆਰਥਾ ਨਾਲ ਭਰਪੂਰ ਸਖਸ਼ੀਅਤ ਸਨ। ਆਪ ਇਨ੍ਹਾਂ ਖ਼ੂਬੀਆਂ ਦੀ ਵਰਤੋਂ ਲੋਕ ਸੇਵਾ ਲਈ ਕਰਦੇ ਸਨ ਅਤੇ ਇਸ ਸੰਬੰਧ ਵਿਚ ਹਰ ਪ੍ਰਕਾਰ ਦੀ ਕੁਰਬਾਨੀ ਕਰਨ ਲਈ ਸਦਾ ਤਿਆਰ ਰਹਿੰਦੇ ਸਨ। ਇਸ ਸੰਦਰਭ ਵਿਚ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਸੇਵਾ ਦੀ ਉਚਤਮ ਮਿਸਾਲ ਹੈ, ਤਿਲਕ-ਜੰਞੂ ਅਥਵਾ ਸਨਾਤਨ ਹਿੰਦੂ ਧਰਮ ਦੀ ਰਖਿਆ ਲਈ ਗੁਰੂ ਤੇਗ ਬਹਾਦਰ ਜੀ ਨੇ ਦਿਲੀ ਦੇ ਚਾਂਦਨੀ ਚੌਂਕ ਵਿਚ ਮੁਗਲ ਹਕੂਮਤ ਦੇ ਜ਼ੁਲਮ ਦੀ ਤਲਵਾਰ ਅਗੇ ਆਪਣਾ ਸੀਸ ਸਿਰਫ ਧਰਮ ਅਤੇ ਦੇਸ਼ ਦੀ ਨਿਸ਼ਕਾਮ ਸੇਵਾ ਲਈ ਵਾਰਿਆ ਸੀ।[45] ਜਿਸ ਸੰਬੰਧੀ ਪ੍ਰਮਾਣ ਆਪਦੀ ਦੀਆਂ ਰਚਨਾਵਾਂ ਵਿਚੋਂ ਮਿਲਦੇ ਹਨ:

ਤਿਲਕ ਜੰਞੂ ਰਾਖਾ ਪ੍ਰਭ ਤਾਕਾ।। ਕੀਨੋ ਬਡੋ ਕਲੂ ਮਹਿ ਸਾਕਾ।।

ਸਾਧਨਿ ਹੇਤਿ ਇਤੀ ਜਿਨਿ ਕਰੀ।। ਸੀਸੁ ਦੀਆਂ ਪਰੁ ਸੀ ਨ ਉਚਰੀ।।

ਧਰਮ ਹੇਤ ਸਾਕਾ ਜਿਨਿ ਕੀਆ।। ਸੀਸ ਦੀਆ ਪਰੁ ਸਿਰਰੁ ਨ ਦੀਆ।।[46]

ਪਰ ਅਜਿਹੀ ਸੇਵਾ ਲਈ ਮਾਨਸਿਕ ਸ਼ਕਤੀ ਦੀ ਜ਼ਰੂਰਤ ਹੈ ਜਿਹੜੀ ਕਿ ਵਿਅਕਤੀ ਭਗਤੀ ਕਰਕੇ ਪ੍ਰਾਪਤ ਕਰ ਸਕਦਾ ਹੈ। ਮਨ ਦੀ ਇਹੀ ਸ਼ਕਤੀ ਵਿਅਕਤੀ ਨੂੰ ਨਿਰੁਸਆਰਥ ਹੋ ਕੇ ਸੇਵਾ ਕਰਨ ਦਾ ਬਲ ਦਿੰਦੀ ਹੈ ਅਤੇ ਦੁਖ-ਤਕਲੀਫਾਂ, ਲਾਲਸਾ ਸਭ ਸਮਾਪਤ ਕਰਨ ਵਿਚ ਸਹਾਇਤਾ ਕਰਦੀ ਹੈ। ਜਦੋਂ ਲਾਲਸਾਂਵਾਂ ਅਤੇ ਤ੍ਰਿਸ਼ਨਾਵਾਂ ਦੀ ਨਿਵਰਤੀ ਹੋ ਜਾਂਦੀ ਹੈ ਤਾਂ ਵਿਅਕਤੀ ਦੀ ਹਉਮੈਂ ਖਤਮ ਹੋ ਜਾਂਦੀ ਹੈ। ਜਿਸ ਨਾਲ ਮਨ ਵਿਚ ਆਪਣੇ-ਆਪ ਹੀ ਭਗਤੀ ਭਾਵਨਾ ਦਾ ਵਿਕਾਸ ਹੋ ਜਾਂਦਾ ਹੈ ਵਿਅਕਤੀ ਸ਼ਕਤੀ ਪ੍ਰਾਪਤ ਕਰਦਾ ਹੈ। ਭਗਤੀ ਅਤੇ ਸ਼ਕਤੀ ਦੀ ਸੁਮੇਲਤਾ ਵਿਅਕਤੀ ਨੂੰ ਮਾਨਸਿਕ ਅਤੇ ਸਰੀਰਿਕ ਪੱਖੋਂ ਸ਼ਕਤੀਸ਼ਾਲੀ ਬਣਾਉਂਦੀ ਹੈ। ਇਹ

ਦੋਵੇਂ ਸ਼ਕਤੀਆਂ ਬਾਅਦ ਵਿਚ ਨਿਸ਼ਕਾਮ ਸੇਵਾ ਵਿਚ ਰੁਪਾਂਤਰਿਤ ਹੋ ਜਾਂਦੀਆਂ ਹਨ। ਨਤੀਜੇ ਵਜੋਂ ਮਨੁੱਖੀ ਮਨ ਪ੍ਰਭੂ ਭਗਤੀ ਵਿਚ ਸਮਰਪਿਤ ਹੋ ਜਾਂਦਾ ਹੈ। ਜਿਸ ਨਾਲ ਮਨੁੱਖੀ ਮਨ ਅੰਦਰ ਪ੍ਰੇਮ ਭਾਵਨਾ ਦੀ ਉਤਪਤੀ ਹੁੰਦੀ ਹੈ ਕਿਉਂਕਿ ਪ੍ਰੇਮ ਭਾਵਨਾ ਦੇ ਅਧੀਨ ਮਨ ਭਗਤੀ ਵਿਚ ਲੀਨ ਹੋ ਕੇ ਸ਼ਕਤੀਸ਼ਾਲੀ ਬਣਦਾ ਹੈ। ਪ੍ਰੇਮ ਦੀ ਆਕਰਸ਼ਣ ਸ਼ਕਤੀ ਨਾਲ ਮੋਹ ਮਾਇਆ ਤੋਂ ਛੁਟਕਾਰਾ ਮਿਲਦਾ ਹੈ।

ਸੇਵਾ ਦੀ ਭਾਵਨਾ ਉਹ ਜੀਵਨ ਜੁਗਤ ਹੈ ਜਿਹੜੀ ਮਨੁੱਖ ਨੂੰ ਸਮਾਜਿਕ, ਧਾਰਮਿਕ ਤੇ ਰੂਹਾਨੀ ਭਾਈਚਾਰੇ ਦੀ ਏਕਤਾ ਵਿਚ ਬਨੰਦੀ ਹੈ। ਮਨੁੱਖ ਅੰਦਰ ਉਦਮ ਲਿਆਉਂਦੀ ਹੈ ਜਿਸ ਨਾਲ ਉਸ ਦੀਆਂ ਰਚਨਾਤਮਕ ਸ਼ਕਤੀਆਂ ਦਾ ਵਿਕਾਸ ਹੁੰਦਾ ਹੈ। ਇਕ ਉਦਮ ਅਤੇ ਦੂਜੀ ਸੇਵਾ ਦੋਵੇਂ ਗੁਰਮਤਿ ਦੇ ਮੁੱਢਲੇ ਅਸੂਲ ਹਨ। ਮਨੁੱਖ ਆਪਣਿਆ ਤੇ ਦੂਜਿਆਂ ਦੀਆਂ ਜਿੰਨੀਆਂ ਜ਼ਿੰਮੇਵਾਰੀਆਂ ਚੁੱਕਦਾ ਤੇ ਪੂਰਿਆ ਕਰਨ ਲਈ ਯਤਨਸ਼ੀਲ ਹੁੰਦਾ ਹੈ, ਉਨਾ ਹੀ ਉਸ ਦਾ ਦ੍ਰਿਸ਼ਟੀਕੋਣ ਵਿਸ਼ਾਲ ਹੁੰਦਾ ਹੈ ਅਤੇ ਉਸ ਦੀਆਂ ਸ਼ਕਤੀਆਂ ਦਾ ਵੀ ਵਿਕਾਸ ਹੁੰਦਾ ਹੈ, ਉਹ ਇਨ੍ਹਾਂ ਸ਼ਕਤੀਆਂ ਦੀ ਵਰਤੋਂ ਮੁੜ ਸੇਵਾ ਵਿਚ ਵਰਤਦਾ ਹੈ ਤਾਂ ਉਹ ਆਤਮਿਕ ਪੱਖੋਂ ਬਲਵਾਨ ਹੁੰਦਾ ਹੈ ਕਿਉਂਕਿ ਸੇਵਾ ਇਕ ਸ਼ਕਤੀ ਹੈ ਜਿਹੜੀ ਕਿ ਮਨੁੱਖੀ ਵਿਅਕਤਿਤਵ ਵਿਚ ਇਨਕਲਾਬੀ ਪਰਿਵਰਤਨ ਲਿਅਉਂਦੀ ਹੈ।

ਭਰਤੀ ਇਤਿਹਾਸ ਅਜਿਹੇ ਸੇਵਾ ਭਾਵ ਪੁਰਸ਼ਾਂ ਨਾਲ ਭਰਿਆ ਪਿਆ ਹੈ ਜਿਹਨਾਂ ਨੇ ਪਹਿਲਾ ਭਗਤੀ ਕੀਤੀ ਅਤੇ ਭਗਤੀ ਦੇ ਪ੍ਰਤੀਫਲ ਵਜੋਂ ਮਿਲੀ ਸ਼ਕਤੀ ਨੂੰ ਲੋੜਵੰਦਾਂ ਲਈ ਵਰਤਿਆ। ਸੇਵਕ ਜਿਸ ਦੀ ਸੇਵਾ ਕਰਦਾ ਹੈ ਉਸ ਲਈ ਆਪਣਾ ਆਪ ਨਿਛਾਵਰ ਕਰਦਾ ਹੈ। ਸੇਵਾ ਦਾ ਸਭ ਤੋਂ ਉਤਮ ਦਰਜਾ ਹੈ ਸ਼ਹੀਦੀ ਜਾਂ ਬਲੀਦਾਨ। ਸੇਵਕ ਆਪਣੇ ਮਾਲਕ ਤੋਂ ਕੁਰਬਾਨ ਤੇ ਵਾਰਨੇ ਜਾਂਦਾ ਹੈ। ਕੁਰਬਾਨੀ ਦੇਣ ਵਾਲਾ ਕਿਸੇ ਉਚ ਆਦਰਸ਼ ਲਈ ਆਪਣਾ ਆਪ ਨਿਛਾਵਰ ਕਰਦਾ ਹੈ ਅਤੇ ਸਰਬਤ ਦੇ ਭਲੇ ਤੋਂ ਉੱਚਾ ਹੋਰ ਕਿਹੜਾ ਆਦਰਸ਼ ਹੋ ਸਕਦਾ ਹੈ। ਇਹ ਉਚੀ ਅਵਸਥਾ ਵਿਚ ਵਿਚਰਦੇ ਹੋਏ ਭਾਈ ਘੱਨਈਆ ਜੀ ਨੇ ਮੈਦਾਨਿ-ਜੰਗ ਵਿਚ

ਸਭ ਨੂੰ ਬਿਨਾਂ ਕਿਸੇ ਵਿਤਕਰੇ ਦੇ ਪਾਣੀ ਪਿਲਾਇਆ ਸੀ। ਉਨ੍ਹਾਂ ਦੀ ਨਜ਼ਰ ਵਿਚ ਨਾ ਕੋਈ ਦੋਸਤ ਸੀ ਨਾ ਕੋਈ ਦੁਸ਼ਮਣ। ਡਾ. ਜਸਪਾਲ ਕੌਰ ਕਾਂਗ ਅਨੁਸਾਰ, ਗੁਰੂ ਗੋਬਿੰਦ ਸਿੰਘ ਜੀ ਦੁਆਰਾ ਸਿਰਜੇ ਖਾਲਸੇ ਵਿਚ ਭਾਈ ਘਨੱਈਆ ਵਰਗੀ ਨਿਰਵੈਰ ਭਾਵਨਾ ਸੀ।[47]

ਸੇਵਾ ਸ਼ਬਦ ਦੇ ਵਿਭਿੰਨ ਰੂਪ[48] ਅਤੇ ਵਿਸਥਾਰ ਹੇਠ ਲਿਖੇ ਅਨੁਸਾਰ ਹਨ:

1. ਸ਼ਰਧਾ ਭਗਤੀ- ਗੁਰੂ, ਸੰਗਤ, ਸੰਤ ਪੁਰਸ਼ ਤੇ ਮਹਾਤਮਾਂਵਾਂ ਦੀ ਸੇਵਾ।
2. ਵਫਾਦਾਰੀ ਤੇ ਸਤਿਕਾਰ- ਮਾਤਾ, ਪਿਤਾ, ਉਸਤਾਦ ਤੇ ਬਜ਼ੁਰਗ, ਰਿਸ਼ਤੇਦਾਰ ਦੀ ਸੇਵਾ।
3. ਮੋਹ ਪਿਆਰ ਦੀ ਸੇਵਾ- ਇਸਤਰੀ, ਔਲਾਦ ਅਤੇ ਧਰਮ ਸਨੇਹੀ।
4. ਲਾਲਚ ਵਸ ਸੇਵਾ- ਮਾਲਕ, ਅੰ ਸਰ ਜਾਂ ਲਾਭ ਪਹੁੰਚਾਉਣ ਵਾਲੇ ਪੁਰਖਾਂ ਦੀ ਸੇਵਾ।
5. ਦਇਆ ਭਾਵਨਾ ਸੇਵਾ- ਦੁਖੀ ਮਨੁੱਖ ਜਾਂ ਜਾਨਵਰ ਦੇ ਦੁਖ ਦੇਖ ਕੇ ਰਹਿਮ ਕਰਦਿਆਂ ਉਹਨਾਂ ਦੀ ਸੇਵਾ।
6. ਦੂਜਿਆਂ ਦੇ ਭਲੇ ਹਿਤ ਸੇਵਾ- ਦੇਸ਼ ਅਤੇ ਕੌਮ ਦੀ ਸੇਵਾ।
7. ਨਿਸ਼ਕਾਮ ਸੇਵਾ- ਬਹੁਤ ਉਚੇ ਕਿਰਦਾਰ ਵਾਲੇ ਲੋਕ ਮਨੁੱਖ ਮਾਤਰ ਦੀ ਸੇਵਾ ਨਿਸ਼ਕਾਮ ਹੋ ਕੇ ਕਰਦੇ ਹਨ। ਇਸ ਸੇਵਾ ਨੂੰ ਵਾਹਿਗੁਰੂ ਦੀ ਸੇਵਾ ਵੀ ਕਿਹਾ ਜਾਂਦਾ ਹੈ।

### ਸੇਵਾ ਦੀਆਂ ਕਿਸਮਾਂ

ਸੇਵਾ ਸਾਧਨਾਂ ਮੁਖ ਰੂਪ ਵਿਚ ਚਾਰ ਸਾਧਨਾ ਰਾਹੀਂ ਸੰਪੰਨ ਹੁੰਦੀ ਹੈ ਇਹ ਸਾਧਨ ਹਨ ਤਨ ਕਰਕੇ, ਮਨ ਕਰਕੇ, ਧਨ ਕਰਕੇ ਜਾਂ ਫਿਰ ਸੁਰਤਿ ਕਰਕੇ।

**ਤਨ ਕਰਕੇ**- ਇਹ ਸੇਵਾ ਦੀ ਅਜਿਹੀ ਕਿਸਮ ਹੈ ਜਿਹੜੀ ਸਰੀਰਿਕ ਰੂਪ ਵਿਚ ਕੀਤੀ ਜਾਂਦੀ ਹੈ। ਸਰੀਰਿਕ ਰੂਪ ਵਿਚ ਸੇਵਾ ਕਰਨ ਲਈ ਸਰੀਰਿਕ ਸ਼ਕਤੀ ਦੀ ਜ਼ਰੂਰਤ ਹੁੰਦੀ ਹੈ। ਤਨ ਦੀ ਸੇਵਾ ਹੱਥਾਂ ਪੈਰਾ ਨਾਲ ਹੁੰਦੀ ਹੈ। ਇਸ ਵਿਚ ਹਰ ਅਰੋਗ ਸਰੀਰ ਜੁੱਟ ਸਕਦਾ ਹੈ। ਇਸ ਨਾਲ

ਸਰੀਰ ਪਵਿੱਤਰ ਹੁੰਦਾ ਹੈ। ਜਿਸ ਨੇ ਕਦੇ ਹੱਥੀਂ ਸੇਵਾ ਨਹੀਂ ਕੀਤੀ ਉਸ ਦੇ ਹੱਥ ਅਪਵਿੱਤਰ ਹਨ। ਇਸ ਲਈ ਸਰੀਰਿਕ ਰੂਪ ਵਿਚਲੀ ਸ਼ਕਤੀ ਤਨ ਦੀ ਸੇਵਾ ਰਾਹੀਂ ਸੇਵਾ ਵਿਚ ਰੁਪਾਂਤਰਿਤ ਹੁੰਦੀ ਹੈ।

**ਧਨ ਨਾਲ ਸੇਵਾ**– ਹਰ ਇਕ ਵਿਅਕਤੀ ਸਰੀਰਿਕ ਰੂਪ ਰਾਹੀਂ ਸੇਵਾ ਤਾਂ ਕਰ ਸਕਦਾ ਹੈ ਪਰ ਧੰਨ ਦੁਆਰਾ ਸੇਵਾ ਸਿਰੰ  ਉਹੀ ਵਿਅਕਤੀ ਕਰ ਸਕਦਾ ਹੈ ਜਿਸ ਕੋਲ ਆਰਥਿਕ ਸ਼ਕਤੀ ਦੀ ਬਹੁਤਾਤ ਹੋਵੇ। ਇਮਾਨਦਾਰੀ ਨਾਲ ਕੀਤੀ ਕਿਰਤ ਕਮਾਈ ਵਿਚੋਂ ਧਰਮ ਦੇ ਨਾਮ ਤੇ, ਗਰੀਬਾਂ ਲਈ, ਲੋੜਵੰਦਾ ਲਈ ਕੁਝ ਦੇਣਾ ਵੀ ਧਨ ਦੀ ਸੇਵਾ ਹੁੰਦੀ ਹੈ। ਅਜਿਹੀ ਸੰਸਥਾ ਲਈ ਸਹਾਇਤਾ ਦੇਣੀ, ਜੋ ਕਿ ਮਨੁੱਖ ਜਾਤੀ ਲਈ ਬਿਨਾਂ ਕਿਸੇ ਕੌਮੀ ਵਿਤਕਰੇ, ਜਾਤ-ਪਾਤ ਰੂਪ ਰੰਗ ਜਾ ਨਸਲ ਦੇ ਭੇਦ ਸਭ ਲਈ ਸਾਂਝੀ ਹੈ ਇਹ ਧੰਨ ਦੀ ਸੇਵਾ ਹੈ।[49] ਪ੍ਰਚੀਨ ਹਿੰਦੂ ਗ੍ਰੰਥਾਂ ਅਨੁਸਾਰ ਕੁਲ ਆਮਦਨ ਦਾ ਇਕੀਵਾਂ ਹਿੱਸਾ ਦੇਵਤਿਆ ਲਈ ਕੱਢਣਾ ਪਰ ਬ੍ਰਾਹਮਣ ਗ੍ਰਹਿਸਥੀ ਤੀਹਣਾ ਹਿੱਸਾ ਦੇਵੇ।[50] ਇੰਝ ਨੇਕ ਸਾਧਨਾਂ ਨਾਲ ਕੀਤੀ ਕਿਰਤ ਕਮਾਈ ਵਿਚੋਂ ਨੇਕ ਕੰਮਾਂ ਲਈ ਧਨ ਦੇਣਾ ਧਨ ਦੀ ਸੇਵਾ ਜਾਂ ਆਰਥਿਕ ਸੇਵਾ ਹੈ। ਜਿਹੜੀ ਕਿ ਆਰਥਿਕ ਸ਼ਕਤੀ ਰਾਹੀਂ ਹੀ ਸੰਪੰਨ ਹੋ ਸਕਦੀ ਹੈ।

**ਮਨ ਕਰਕੇ ਸੇਵਾ**– ਤਨ ਅਤੇ ਧਨ ਦੀ ਸੇਵਾ ਤਾਂ ਹੀ ਸਫਲ ਹੁੰਦੀ ਹੈ ਜੇਕਰ ਉਹ ਮਨ ਨਾਲ ਸ਼ਰਧਾ ਭਾਵਨਾ ਵਿਚ ਰਹਿ ਕੇ ਕੀਤੀ ਜਾਵੇ। ਅਕਾਲ ਪੁਰਖ ਦੀ ਸੰਪੂਰਨ ਸੇਵਾ ਦਾ ਫਲ ਤਾਂ ਹੀ ਮਿਲਦਾ ਹੈ ਜੇਕਰ ਇਕ ਮਨ ਹੋ ਕੇ ਅਡੋਲ ਸੇਵਾ ਕੀਤੀ ਜਾਵੇ। ਇਹ ਤਾਂ ਹੀ ਸੰਭਵ ਹੈ ਜੇਕਰ ਮਾਨਸਿਕ ਸ਼ਕਤੀ ਹੋਵੇਗੀ।

ਮਨ ਤਨ ਅੰਦਰ ਹੈ ਅਤੇ ਤਨ ਦਾ ਸੰਚਾਲਕ ਹੈ। ਤਨੰ  ਾਰਸੀ ਦਾ ਸ਼ਬਦ ਹੈ ਜਿਸਦੇ ਅਰਥ ਹਨ ਜਿਸਮ, ਦੇਹ ਜਾਂ ਸਰੀਰ। ਮਨ ਸੰਸਕ੍ਰਿਤ (ਮਨੁੱਖ) ਤੋਂ ਬਣਿਆ ਹੈ, ਜਿਸ ਦੇ ਅਰਥ ਹਨ ਦਿਲ ਜਾਂ ਅੰਤਰਕਰਣ। ਆਮ ਕਰਕੇ ਗੁਰਬਾਣੀ ਵਿਚ ਮਨ ਅੰਤਰਕਰਣ ਜਾਂ ਅੰਤਰ-ਕਰਨ ਦੇ ਭਾਗ ਮਨ ਅਤੇ ਚਿਤ ਦੇ ਅਰਥਾਂ ਵਿਚ ਆਇਆ ਹੈ।[51]

**ਸੁਰਤਿ ਦੁਆਰਾ ਸੇਵਾ**- ਸੁਰਤਿ ਦੁਆਰਾ ਸੇਵਾ ਦੀ ਅਵਸਥਾ ਸਭ ਤੋਂ ਉੱਤਮ ਅਵਸਥਾ ਹੈ। ਇਸ ਦਾ ਦਰਜਾ ਸਭ ਤਰ੍ਹਾਂ ਦੀ ਸੇਵਾ ਤੋਂ ਉੱਚਾ ਹੈ। ਇਹ ਭਗਤੀ ਦਾ ਹੀ ਦੂਜਾ ਰੂਪ ਹੈ। ਸੁਰਤਿ ਦਾ ਅਰਥ ਹੈ ਧਿਆਨ, ਧਿਆਨ ਦੁਆਰਾ ਪ੍ਰਮਾਤਮਾ ਦਾ ਨਾਮ ਸਿਮਰਨਾ ਸੇਵਾ ਅਖਵਾਉਂਦਾ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸਾਰੀ ਜ਼ਿੰਦਗੀ ਸੇਵਾ ਦੀ ਜ਼ਿੰਦਗੀ ਸੀ। ਉਹ ਆਪਣੇ ਆਪ ਨੂੰ ਪਰਮ ਪੁਰਖ ਦਾ ਦਾਸ ਕਹਿੰਦੇ ਹਨ, ਆਪਣੇ ਆਪ ਨੂੰ ਮਨੁੱਖਤਾ ਨਮਿੱਤ ਭੇਟ ਚੜ੍ਹਾ ਦੇਣ ਵਾਲਾ ਕਹਿੰਦੇ ਹਨ। ਆਪਣੇ ਆਪ ਨੂੰ ਮਾਨਵ ਸੇਵਾ ਦੁਆਰਾ ਸਜਿਆ ਕਹਿੰਦੇ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸੁਭਾਅ ਤੇ ਵਿਹਾਰ ਵਿਚ ਨਿਮ੍ਰਤਾ ਤੇ ਮਿਠਾਸ ਸੀ। ਨਿਮ੍ਰਤਾ ਦੀ ਸਭ ਤੋਂ ਸ੍ਰੇਸ਼ਟ ਉਦਾਹਰਣ ਉਹਨਾਂ ਦੇ ਖਾਲਸਾ-ਪੰਥ ਸਾਜਣ ਦਾ ਕੌਤਕ ਹੈ। ਪਹਿਲਾਂ ਆਪ ਨੇ ਨੀਵੀਂ ਜਾਤੀ ਵਾਲਿਆਂ ਨੂੰ ਅੰਮ੍ਰਿਤ ਛਕਾਇਆ, ਫਿਰ ਆਪ ਉਹਨਾਂ ਪਾਸੋਂ ਅੰਮ੍ਰਿਤ ਛਕਿਆ, ਨਿਮ੍ਰਤਾ ਦੀ ਉਦਾਹਰਨ ਦੁਨੀਆਂ ਦੇ ਕਿਸੇ ਇਤਿਹਾਸ ਵਿਚੋਂ ਨਹੀਂ ਲਭੀ ਜਾ ਸਕਦੀ। ਸੇਵਾ, ਨਿਮ੍ਰਤਾ ਅਤੇ ਮਿਠਾਸ ਇਮ ਭਗਤ ਦਾ ਮੁੱਢਲਾ ਗੁਣ ਹਨ।[52] ਇਨ੍ਹਾਂ ਗੁਣਾਂ ਸਦਕਾ ਹੀ ਸਾਧਕ ਭਗਤੀ ਕਰਦਾ ਹੈ ਜਿਸਦੇ ਨਤੀਜੇ ਵਜੋਂ ਉਸ ਨੂੰ ਸ਼ਕਤੀ ਪ੍ਰਾਪਤ ਹੁੰਦੀ ਹੈ, ਇਸ ਸ਼ਕਤੀ ਨੂੰ ਉਹ ਫਿਰ ਸੇਵਾ ਵਿਚ ਤਬਦੀਲ ਕਰਦਾ ਹੈ ਜਿਸ ਨਾਲ ਉਸਦੀ ਸ਼ਕਤੀ ਵਿਚ ਵਾਧਾ ਹੁੰਦਾ ਹੈ।

ਮਨੁੱਖ ਲਈ ਸੇਵਾ ਦਾ ਖੇਤਰ ਬਹੁਤ ਵਿਸ਼ਾਲ ਹੈ ਪ੍ਰੰਤੂ ਸ਼ਰਤ ਹੈ ਕਿ ਸੇਵਾ ਨਿਸ਼ਕਾਮ ਤੇ ਬਿਨਾਂ ਨਸਲ, ਜਾਤ ਜਾਂ ਮਤ ਦੇ ਵਿਤਕਰੇ ਦੇ ਕਮਾਈ ਜਾਣ। ਸੇਵਾ ਸੁਆਰਥ ਦਾ ਤਿਆਗ ਅਤੇ ਤਨ, ਮਨ ਜਾਂ ਧਨ ਨਾਲ ਕਿਸੇ ਵੀ ਲੋੜਵੰਦ ਦੀ ਕੀਤੀ ਸੇਵਾ, ਸੰ ਲ ਹੈ। ਇਕ ਆਦਰਸ਼ਕ ਸੇਵਕ ਦਾ ਮਾਡਲ ਸੰਸਾਰ ਵਿਚ ਲੋਭ, ਸੁਆਰਥ, ਤ੍ਰਿਸ਼ਨਾ ਦੇ ਕਾਰਨ ਵਾਪਰ ਰਹੀ ਲੁੱਟ-ਖਸੁੱਟ, ਠੱਗੀ-ਠੋਰੀ ਤੇ ਪਰਾਇਆ ਹੱਕ ਮਾਰਨ ਦੀਆਂ ਰੁਚੀਆਂ ਨੂੰ ਠਲ੍ਹ ਪਾਉਣ ਦੇ ਸਮਰਥ ਹੈ। ਅਜਿਹੇ ਕੁ-ਕਰਮਾਂ ਤੋਂ ਰਹਿਤ ਮਨੁੱਖ ਵਿਚ ਆਤਮਿਕ, ਸਮਾਜਿਕ ਤੇ ਮਾਨਸਿਕ ਸਰੀਰਿਕ ਅਤੇ ਆਰਥਿਕ ਸ਼ਕਤੀਆਂ ਦਾ ਵਿਕਾਸ ਹੁੰਦਾ ਹੈ ਜਿਨ੍ਹਾਂ ਦੀ ਵਰਤੋਂ ਵਿਅਕਤੀ ਸੇਵਾ ਲਈ ਕਰਦਾ ਹੈ। ਜਿਸ ਨਾਲ ਸ਼ਕਤੀ ਸੇਵਾ ਵਿਚ ਰੁਪਾਂਤਰਿਤ ਹੁੰਦੀ ਹੈ।

### 4.1.4.ਰੱਬ ਦੀ ਸੰਕਲਪਨਾ

ਗੁਰੂ ਗੋਬਿੰਦ ਸਿੰਘ ਜੀ ਨੇ ਰੱਬ ਨੂੰ ਅਕਾਲ ਪੁਰਖ ਕਿਹਾ ਹੈ ਭਾਵ ਰੱਬ ਸ਼ਕਤੀ ਦਾ ਉਹ ਸੋਮਾ ਹੈ ਜੋ ਕਾਲ ਤੋਂ ਰਹਿਤ ਹੈ ਕਾਲ ਭਾਵ ਜਿਸਨੂੰ ਮੌਤ ਨਹੀਂ ਆਉਂਦੀ, ਜੋ ਪੂਰਨ ਹੈ ਅਪੂਰਨ ਨਹੀਂ ਅਤੇ ਰੱਬ ਤੋਂ ਹੀ ਸਭ ਨੂੰ ਸ਼ਕਤੀ ਮਿਲਦੀ ਹੈ। ਗੁਰੂ ਸਾਹਿਬ ਨੇ ਰੱਬ ਦੀ ਸੰਕਲਪਨਾ ਪਰਮ ਸ਼ਕਤੀ ਵਜੋਂ ਕੀਤੀ ਹੈ। ਉਹ ਸ਼ਕਤੀ ਜੋ ਸਭ ਤੋਂ ਸਰਬੋਤਮ ਹੈ। ਰੱਬ, ਪਰਮਾਤਮਾ/ਅਕਾਲਪੁਰਖ ਸਾਰੇ ਹੀ ਧਰਮਾਂ ਦਾ ਪ੍ਰਧਾਨ ਤੇ ਮੁੱਖ ਸਿਧਾਂਤ ਹੈ। ਦਰਸ਼ਨ ਸ਼ਾਸਤਰ ਵਿਚ ਧਰਮ ਦਾ ਸਿਖਰ ਰੱਬ ਹੈ। ਰੱਬ ਦੀ ਸੰਕਲਪਨਾ ਵਿਸ਼ੇ ਤੇ ਵਿਚਾਰ ਕਰਨ ਤੋਂ ਪਹਿਲਾਂ ਰੱਬ ਦੀ ਹੋਂਦ ਨੂੰ ਸਿੱਧ ਕਰਨਾ ਮੁੱਢਲੀ ਜਰੂਰਤ ਹੈ। ਰੱਬ ਅਥਵਾ ਅਕਾਲਪੁਰਖ ਅਸਲ ਅਰਥਾਂ ਵਿਚ ਸਤਿ ਅਥਵਾ ਕਾਇਮ ਰਹਿਣ ਵਾਲੀ ਉਹ ਉਚ ਹਸਤੀ ਹੈ ਜਿਹੜੀ ਪ੍ਰਤੱਖ ਹੈ, ਜਾਹਿਰਾ ਜ਼ਹੂਰ ਹੈ। ਜਿਸ ਦੀ ਹੋਂਦ ਲਈ ਪ੍ਰਮਾਣਾਂ, ਸਬੂਤਾਂ ਅਤੇ ਦਲੀਲਾਂ ਦੀ ਲੋੜ ਨਹੀਂ ਉਸਦੀ ਹੋਂਦ ਸਦੀਵੀਂ ਸਥਿਰ ਤੇ ਵਿਆਪਕ ਹੈ ਜਿਸ ਬਾਰੇ ਗੁਰੂ ਗੋਬਿੰਦ ਸਿੰਘ ਜੀ ਨੇ *ਜਾਪ* ਸਾਹਿਬ ਵਿੱਚ ਲਿਖਿਆ ਹੈ:

> ਹਮੇਸੁਲ ਸਲਾਮੈ ਸਲੀਖਤ ਮੁਦਾਮੈ।।[53]

ਅਰਥਾਤ ਰੱਬ ਦੀ ਹੋਂਦ ਸਦਾ ਥਿਰ ਰਹਿਣ ਵਾਲੀ, ਸਲਾਮਤ ਅਤੇ ਹਮੇਸ਼ਾਂ ਕਾਇਮ ਰਹਿਣ ਵਾਲੀ ਹੈ ਜੋ ਕਦੇ ਨਹੀਂ ਬਦਲਦੀ। ਰੱਬ ਦੀ ਸੱਚੀ ਹਸਤੀ ਨੂੰ ਦਲੀਲਾਂ ਜਾਂ ਤਰਕਾਂ ਨਾਲ ਪੇਸ਼ ਕਰਨ ਦੀ ਥਾਂ ਮਹਿਸੂਸ ਕੀਤਾ ਜਾਂਦਾ ਹੈ, ਜੋ ਜਨਮ ਮਰਨ ਦੇ ਕਾਲ ਚੱਕਰ ਤੋਂ ਰਹਿਤ ਹੈ:

> ਅਜਨਮ ਹੈਂ।। ਅਬਰਨ ਹੈਂ।।[54]

ਰੱਬ ਦੀ ਹੋਂਦ ਸਾਡੀਆਂ ਗਿਆਨ ਇੰਦਰੀਆਂ ਨੂੰ ਮਹਿਸੂਸ ਨਹੀਂ ਹੁੰਦੀ ਪਰ ਉਹ ਸਰਬ ਗੁਣਾਂ ਦਾ ਖਜਾਨਾ ਹੋਣ ਦੇ ਬਾਵਜੂਦ ਮੋਹ, ਅਹੰਕਾਰ, ਅਗਿਆਨਤਾ, ਕਾਮ ਕ੍ਰੋਧ, ਦੁਖ-ਸੁੱਖ ਤੋਂ ਨਿਰਲੇਪ ਅਤੇ ਪਵਿੱਤਰ ਹੈ। ਰੱਬ ਜਿਥੇ ਆਪਣੇ ਨਿਰਗੁਣ ਸਰੂਪ ਵਿੱਚ ਮਾਇਆ ਦੇ ਭੇਦਾਂ ਤੋਂ ਨਿਰਲੇਪ ਹੈ,ਉਥੇ ਆਪਣੇ ਸਰਗੁਣ ਸਰੂਪ ਵਿੱਚ ਸ੍ਰਿਸ਼ਟੀ ਰਚਨਾ ਕਰ ਕੇ ਸੰਸਾਰ ਵਿੱਚ ਨਿਰਲੇਪ ਰਹਿੰਦਾ ਹੈ।

ਦੇਸ ਅਉਰ ਨ ਭੇਸ ਜਾਕਰਿ ਰੂਪ ਰੇਖ ਨ ਰਾਗ॥

ਜੱਤ੍ਰ ਤੱਤ੍ਰ ਦਿਸਾ ਵਿਸਾ ਹੁਇ ਫੈਲਿਓ ਅਨੁਰਾਗ॥[55]

ਅਰਥਾਤ ਜਿਸਦਾ ਦੇਸ, ਭੇਸ, ਰੂਪ, ਰੇਖ ਅਤੇ ਰਾਗ(ਮੋਹ) ਨਹੀਂ ਪਰ ਫਿਰ ਵੀ ਚਾਰੇ ਪਾਸੇ ਪ੍ਰੇਮ ਰੂਪ ਹੋ ਕੇ ਪਸਰਿਆ ਹੋਇਆ ਹੈ। ਨਿਰਗੁਣ ਸਰੂਪ ਵਿੱਚ ਰੱਬ ਆਪਣੇ ਆਪ ਵਿੱਚ ਸੁਭਾਇਮਾਨ ਸੀ। ਉਸ ਸਮੇਂ ਲੋਕਾਈ ਦੀ ਅਣਹੋਂਦ ਕਾਰਨ ਕੋਈ ਸੰਗੀ-ਸਾਥੀ ਨਹੀਂ ਸੀ। ਸ੍ਰਿਸ਼ਟੀ ਦੀ ਉਤਪਤੀ ਨਹੀਂ ਸੀ ਹੋਈ, ਜਿਸ ਕਰਕੇ ਸੰਸਾਰ ਵਿੱਚ ਲੋਕਾਂ ਦੀ ਕੋਈ ਵਰਗ ਵੰਡ ਨਹੀਂ ਸੀ। ਰੱਬ ਨੂੰ ਵੇਖਣ ਵਾਲੀਆਂ ਗਿਆਨ ਇੰਦਰੀਆਂ ਨਹੀਂ ਸਨ। ਰੱਬ ਜੋ ਸਭ ਵਿੱਚ ਵਿਆਪਕ ਹੈ ਪਰ ਇਹ ਖੁਦ ਆਪਣੇ ਹੀ ਬਸ ਵਿੱਚ ਅਤੇ ਆਪ ਹੀ ਬੋਲਣਹਾਰਾ ਸੀਃ

ਕਿ ਸਰਬੰ ਕਲੀਮੈ॥ ਕਿ ਪਰਮੰ ਫਹੀਮੈ॥

ਕਿ ਆਕਲ ਅਲਾਮੈ॥ ਕਿ ਸਾਹਿਬ ਕਲਾਮੈ॥

ਕਿ ਹੁਸਨੁਲ ਵਜੂ ਹੈਂ॥ ਤਮਾਮੁਲ ਰਜੂ ਹੈਂ॥[56]

ਗੁਰੂ ਗੋਬਿੰਦ ਸਿੰਘ ਜੀ ਰੱਬ/ਪਰਮਾਤਮਾ ਦੇ ਨਿਰਾਕਾਰ ਸਰੂਪ(ਨਿਰਗੁਣ) ਨੂੰ ਵਰਣਿਤ ਕਰਦੇ ਹੋਏ ਅਦ੍ਰਿਸ਼, ਅਨਾਦਿ, ਨਿਰਵਿਕਾਰ ਸਰੂਪ ਵਿੱਚ ਪੇਸ਼ ਕਰਦੇ ਹਨਃ

ਚੱਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ॥

ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤਿ ਕਿਹ॥

ਅਚਲ ਮੂਰਤਿ ਅਨੁਭਵ ਪ੍ਰਕਾਸ਼ ਅਮਿਤੋਜ ਕਹਿੱਜੈ॥

ਕੋਟਿ ਇੰਦ੍ਰ ਇੰਦ੍ਰਾਣਿ ਸਾਹਿ ਸਾਹਾਣਿ ਗਣਿੱਜੈ॥

ਤ੍ਰਿਭਵਣ ਮਹੀਪ ਸੁਰ ਨਰ ਅਸੁਰ ਨੇਤਿ ਨੇਤਿ ਬਨ ਤ੍ਰਿਣ ਕਹਤ॥

ਤਵ ਸਰਬ ਨਾਮ ਕੱਥੈ ਕਵਨ ਕਰਮ ਨਾਮ ਬਰਨਤ ਸੁਮਤਿ॥[57]

ਅਰਥਾਤ ਰੱਬ ਚਕ੍ਰ-ਚਿਹਨਾਂ, ਵਰਣਾਂ, ਜਾਤਾਂ-ਪਾਤਾਂ, ਰੂਪਾਂ, ਰੇਖਾਂ, ਭੇਖਾਂ ਤੋਂ ਅਲੋਪ ਅਚੱਲ ਮੂਰਤ ਹੈ। ਰੱਬ ਦੀ ਹੋਂਦ ਅਤੇ ਸਰਬਵਿਆਪਕਾ ਦਾ ਆਧਾਰ ਗੁਰਮਤਿ ਵਿਚਾਰਧਾਰਾਈ ਸੰਕਲਪ ਦੇ ਦੈਵੀ ਸੱਤਾ ਤੇ ਆਧਾਰਤ ਹੈਃ

ਪ੍ਰਣਵੋ ਆਦਿ ਏਕੰਕਾਰਾ

ਜਲ ਥਲ ਮਹੀਅਲ ਕੀਓ ਪਸਾਰਾ।।

ਆਦਿ ਪੁਰੁਖ ਅਬਿਗਤ ਅਬਨਾਸ਼ੀ।।

ਲੋਕ ਚਤ੍ਰ ਦਸ ਜੋਤਿ ਪ੍ਰਕਾਸ਼ੀ।।[58]

ਓਅੰ ਆਦਿ ਰੂਪੈ।। ਅਨਾਦਿ ਸਰੂਪੈ

ਅਨੰਗੀ ਅਨਾਮੇ।। ਤਿਭੰਗੀ ਤ੍ਰਿਕਾਮੇ।।[59]

ਸੰਸਾਰ ਦੀ ਉਤਪਤੀ ਲਈ ਮੰਨੇ ਜਾਂਦੇ ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ ਤਿੰਨੋਂ ਦੇਵਤੇ ਇਕ ਰੱਬ (ਅਕਾਲਪੁਰਖ/ਪਰਮਾਤਮਾ) ਦੇ ਨਿਰਦੇਸ਼ ਅਧੀਨ ਹੀ ਆਪਣੇ ਆਪਣੇ ਕਾਰਜ ਕਰਦੇ ਹਨ। ਭਾਵ ਸਮਾਂ ਆਉਣ ਤੇ ਹੀ ਬ੍ਰਹਮਾ ਨੇ ਸ਼ਰੀਰ ਧਾਰਨ ਕੀਤਾ, ਸ਼ਿਵ ਜੀ ਨੇ ਅਵਤਾਰ ਧਾਰਿਆ, ਕਾਲ ਦੀ ਪ੍ਰਾਪਤੀ ਤੇ ਹੀ ਵਿਸ਼ਨੂੰ ਦਾ ਪ੍ਰਕਾਸ਼ ਹੋਇਆ। ਇਹਨਾਂ ਵੱਖ-ਵੱਖ ਦੇਵਤਿਆਂ ਨੂੰ ਵੱਖ-ਵੱਖ ਕੰਮ ਸੌਂਪ ਕੇ ਉਨ੍ਹਾਂ ਸਾਰਿਆਂ ਨੂੰ ਇਕ ਰੱਬੀ ਹੁਕਮ ਦੇ ਅਧੀਨ ਦੱਸਿਆ ਹੈ ਕਿਉਂਕਿ ਰੱਬ ਨੇ ਆਪ ਸੰਸਾਰ ਨੂੰ ਸਾਜਿਆ ਹੈ ਅਤੇ ਆਪ ਵੀ ਇਸ ਸੰਸਾਰ ਵਿਚ ਬਿਰਾਜਮਾਨ ਹੈ। ਗੁਰੂ ਗੋਬਿੰਦ ਸਿੰਘ ਜੀ ਦਸਮ ਗ੍ਰੰਥ ਵਿਚ ਫੁਰਮਾਉਂਦੇ ਹਨ:

ਕਾਲ ਪਾਇ ਬ੍ਰਹਮਾ ਬਪੁ ਧਰਾ।।

ਕਾਲ ਪਾਇ ਸ਼ਿਵਜੂ ਅਵਤਾਰ।।

ਕਾਲ ਪਾਇ ਕਰਿ ਬਿਸ਼ਨ ਪ੍ਰਕਾਸ਼ਾ।।

ਸਕਲ ਕਾਲ ਕਾ ਕੀਯਾ ਤਮਾਸ਼ਾ।।[60]

ਭਾਵ ਸਮਾਂ ਆਉਣ ਤੇ ਹੀ ਬ੍ਰਹਮਾ ਨੇ ਸ਼ਰੀਰ ਧਾਰਨ ਕੀਤਾ, ਸ਼ਿਵ ਜੀ ਨੇ ਅਵਤਾਰ ਧਾਰਿਆ, ਕਾਲ ਦੀ ਪ੍ਰਾਪਤੀ ਤੇ ਹੀ ਵਿਸ਼ਨੂੰ ਦਾ ਪ੍ਰਕਾਸ਼ ਹੋਇਆ। ਇਹਨਾਂ ਵੱਖ-ਵੱਖ ਦੇਵਤਿਆਂ ਨੂੰ ਵੱਖ-ਵੱਖ ਕੰਮ ਸੌਂਪ ਕੇ ਉਨ੍ਹਾਂ ਸਾਰਿਆਂ ਨੂੰ ਇਕ ਰੱਬੀ ਹੁਕਮ ਦੇ ਅਧੀਨ ਦੱਸਿਆ ਹੈ ਕਿਉਂਕਿ ਰੱਬ ਨੇ ਆਪ ਸੰਸਾਰ ਨੂੰ ਸਾਜਿਆ ਹੈ ਅਤੇ ਆਪ ਵੀ ਇਸ ਸੰਸਾਰ ਵਿਚ ਬਿਰਾਜਮਾਨ ਹੈ। ਇਹ ਤਿੰਨ ਪ੍ਰਮੁੱਖ ਸ਼ਕਤੀਆ ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ ਰੱਬ ਨਾਲ ਇਕ ਰੂਪ ਹੁੰਦੇ ਹਨ ਪੰਰਤੂ ਸਿਰਜਨਾ ਅਤੇ ਸਿਰਜਕ ਹੋਣ ਦੇ ਬਾਵਜੂਦ ਵੀ ਏਹ ਰੱਬ ਦਾ ਭੇਦ ਨਹੀਂ ਪਾ ਸਕੇ।

ਕਈ ਕੋਟ ਇੰਦ੍ਰ ਜਿਹ ਪਾਨਹਾਰ।।

ਕਈ ਕੋਟ ਰੁਦ੍ਰ ਜੁਗੀਆ ਦੁਆਰ।।

ਕਈ ਬੇਦ ਬਯਾਸ ਬ੍ਰਹਮਾ ਅਨੰਤ।।[61]

ਰੱਬ ੳ/ਅੰ ਰੂਪ ਹੈ ਉਸਦਾ ਆਪਣਾ ਕੋਈ ਆਦਿ ਨਹੀਂ ਕੋਈ ਮੂਲ ਨਹੀਂ। ਇਸ ਲਈ ਉਹ ਦੇਹ ਰਹਿਤ ਹੈ ਉਹ ਤਿੰਨੋ ਸ਼ਕਤੀਆਂ ਬ੍ਰਹਮਾ ਵਿਸ਼ਨੂੰ ਸਿਵ ਨੂੰ ਖਤਮ ਕਰਨ ਵਾਲ ਵੀ ਹੈ ਅਤੇ ਮਾਣ ਦੇਣ ਵਾਲਾ ਵੀ ਆਪ ਹੈ। ਰੱਬ ਦਾ ਜੋ ਸਰੂਪ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀਆਂ ਰਚਨਾਵਾਂ ਵਿੱਚ ਪੇਸ਼ ਕੀਤਾ ਹੈ ਇਹ ਭਾਰਤ ਦੇ ਧਾਰਮਿਕ ਚਿੰਤਕਾਂ ਨਾਲੋਂ ਕਾਫੀ ਅਲੱਗ ਹੈ। ਆਦਿ ਕਾਲ ਵਿੱਚ ਸਰਗੁਣ ਸਰੂਪ ਵਾਲੇ ਕਈ ਦੇਵੀ-ਦੇਵਤਿਆਂ ਦੀ ਪੂਜਾ ਕੀਤੀ ਜਾਂਦੀ ਸੀ ਅਤੇ ਉਨ੍ਹਾਂ ਨੂੰ ਸ੍ਰਿਸ਼ਟੀ ਦਾ ਸਿਰਜਕ ਮੰਨਿਆਂ ਜਾਂਦਾ ਸੀ ਜਦ ਕਿ ਗੁਰੂ ਗੋਬਿੰਦ ਸਿੰਘ ਜੀ ਆਪਣੀਆਂ ਰਚਨਾਵਾਂ ਵਿੱਚ ਸਪਸ਼ਟ ਕਰਦੇ ਹਨ ਕਿ ਸਮੁੱਚੀ ਸ੍ਰਿਸ਼ਟੀ ਉਸ ਰੱਬ ਦੀ ਖੇਡ ਹੈ ਜਿਸਦੀ ਰਚਨਾ ਪ੍ਰਕਿਰਿਆ ਇਕ ਤੋਂ ਅਨੇਕ ਹੋਣ ਦੀ ਹੈ। ਇਸ ਅਨੇਕਤਾ ਵਿੱਚ ਮੂਲ ਤੱਤ ਇਕੋਂ ਹੈ ਰੱਬ। ਅਨੇਕਤਾ ਦਾ ਅਹਿਸਾਸ ਕਰਾ ਕੇ ਫਿਰ ਇਕ ਮੂਲ ਤੱਤ ਵਿੱਚ ਲੀਨ ਹੋ ਜਾਂਦੀਆਂ ਹਨ

ਏਕ ਮੂਰਤਿ ਅਨੇਕ ਦਰਸ਼ਨ ਕੀਨ ਰੂਪ ਅਨੇਕ।।

ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰ ਏਕ।।[62]

ਰੱਬ ਸਾਰੀ ਸ਼੍ਰਿਸਟੀ ਵਿੱਚ ਰਮਿਆ ਹੋਇਆ ਹੈ। ਉਹ ਇਕ ਹੈ, ਜੋ ਸਾਰੇ ਦਿਸਦੇ-ਅਣਦਿਸਦੇ ਬ੍ਰਹਿਮੰਡ ਦੇ ਕਣ-ਕਣ ਅਤੇ ਸਭ ਜੀਵਾਂ ਵਿੱਚ ਵਰਤ ਰਿਹਾ ਹੈ। ਇਸ ਤਰ੍ਹਾਂ ਇਕ ਹੋਣ ਦੇ ਬਾਵਜੂਦ ਵੀ ਉਸਦੀ ਅਨੇਕਤਾ ਦਾ ਪਸਾਰਾ ਸਹਿਜੇ ਪ੍ਰਗਟ ਹੋ ਜਾਂਦਾ ਹੈ। ਇਨ੍ਹਾਂ ਤੱਥਾਂ ਤੋਂ ਰੱਬ ਦੀ ਸਰਬ ਵਿਆਪਕਤਾ ਦੀ ਸਪੱਸ਼ਟ ਹੋ ਜਾਂਦੀ ਹੈ

ਜੱਤ੍ਰ ਤੱਤ੍ਰ ਦਿਸਾ ਵਿਸਾ ਹੁਇ ਫੈਲਿਓ ਅਨੁਰਾਗ।।[63]

ਜਲ ਥਲ ਅਮੰਡ।। ਦਿਸ ਵਿਸ ਅਭੰਡ।।

ਜਲ ਥਲ ਮਹੰਤ।। ਦਿਸ ਵਿਸ ਬਿਅੰਤ।।[64]

ਸਰਬ ਵਿਆਪੀ ਰੱਬ ਜਗਤ ਵਿੱਚ ਲੋਕਾਈ ਦਾ ਸਿਰਜਣਹਾਰ ਹੈ। ਉਹ ਜੀਵਾਂ ਨੂੰ ਪੈਦਾ ਕਰਦੇ ਸਾਂਭ-ਸੰਭਾਲ ਕਰਦਾ ਹੈ ਅਤੇ ਉਨ੍ਹਾਂ ਨੂੰ ਖਤਮ ਕਰਨ ਵਾਲਾ ਵੀ ਆਪ ਹੈ। ਪੁਰਾਤਨ ਧਾਰਮਿਕ ਇਤਿਹਾਸ ਦੇ ਵਿਚਾਰਾਂ ਮੁਤਾਬਿਕ ਬ੍ਰਹਮਾ ਸ੍ਰਿਸ਼ਟੀ ਸਾਜਨ ਵਾਲਾ ਸ਼ਿਵ, ਸ੍ਰਿਸ਼ਟੀ ਦਾ ਨਾਸ਼ ਕਰਨ ਵਾਲਾ ਅਤੇ ਵਿਸ਼ਨੂੰ ਨੂੰ ਰਖਿਆ ਕਰਨ ਵਾਲਾ ਦਰਸਾਇਆ ਗਿਆ ਹੈ। ਗੁਰੂ ਸਾਹਿਬ ਦੀਆਂ ਰਚਨਾਵਾਂ ਅਨੁਸਾਰ ਉਪਰੋਕਤ ਗੁਣਾਂ ਦੀ ਸਾਰੀ ਖੇਡ ਕਰਤੇ (ਰੱਬ) ਦੇ ਹੱਥ ਵਿੱਚ ਹੈ ਕਿਉਂਕਿ ਜਗਤ ਦੀ ਸਿਰਮੌਰ ਹਸਤੀ ਕੇਵਲ ਰੱਬ ਹੈ। ਸਾਰੀ ਸ੍ਰਿਸ਼ਟੀ ਦਾ ਵਰਤਾਰਾ ਉਸਦੀ ਦੇਖ-ਰੇਖ ਹੇਠ ਵਰਤ ਰਿਹਾ। ਉਹ ਆਪ ਜਗਤ ਨੂੰ ਸਾਜ ਕੇ ਆਪ ਹੀ ਇਸਦਾ ਵਿਨਾਸ਼ ਕਰਨ ਵਾਲਾ ਹੈ। ਸ੍ਰਿਸ਼ਟੀ ਦੇ ਸਭ ਜੀਵ ਉਸਦੇ ਆਦੇਸ਼ਾਂ ਅਨੁਸਾਰ ਰਹਿ ਰਹੇ ਹਨ। ਰੱਬ ਖੁਦ ਜੀਵਾਂ ਨੂੰ ਪੈਦਾ ਕਰਕੇ ਆਪ ਹੀ ਮਾਰਨ ਵਾਲਾ ਹੈ। ਸੰਸਾਰ ਭਰ ਕੇ ਜੀਵ ਉਸਦੀ ਰਜਾ ਅਨੁਸਾਰ ਆਪਣੇ ਸੰਸਾਰੀ ਕਾਰਜ ਨਿਭਾ ਰਹੇ ਹਨ। ਰੱਬ ਆਪ ਸਭ ਦੇ ਕੀਤੇ ਚੰਗੇ-ਮੰਦੇ ਕਰਮਾਂ ਦਾ ਲੇਖਾ ਜੋਖਾ ਵਾਲਾ ਹੈ।

ਉਪਰੋਕਤ ਵਿਚਾਰਾਂ ਦੇ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਰੱਬ ਸਰਵ ਪ੍ਰਮਾਣਿਕ ਹੈ। ਰੱਬ ਨੇ ਆਪ ਹੀ ਸਾਰੀ ਕੁਦਰਤ ਨੂੰ ਉਨ੍ਹਾਂ ਦੇ ਕੰਮਾਂ ਤੇ ਲਗਾਇਆ ਹੈ ਅਤੇ ਆਪ ਵਿਚ ਬਹਿ ਕੇ ਉਨ੍ਹਾਂ ਦੇ ਕੰਮਾਂ ਦੀ ਨਿਗਰਾਨੀ ਰਖਦਾ ਹੈ। ਰੱਬ ਨੇ ਆਪਣੇ ਨਿਰਗੁਣ ਸਰੂਪ ਤੋਂ ਸਰਗੁਣ ਵਿੱਚ ਪ੍ਰਗਟ ਹੋ ਕੇ ਸ੍ਰਿਸ਼ਟੀ ਦੀ ਰਚਨਾ ਕਰ ਕੇ ਜੀਵ-ਜੰਤੂਆਂ ਦੀ ਪੈਦਾਇਸ਼ ਕੀਤੀ ਹੈ। ਉਸਨੇ ਸਾਰੇ ਸ੍ਰਿਸ਼ਟੀ ਅਤੇ ਜੀਵਾਂ ਨੂੰ ਆਪਣੇ ਹੁਕਮ ਵਿੱਚ ਬੰਨ੍ਹ ਕੇ ਰੱਖਿਆ ਹੈ। ਉਸਨੇ ਹੁਕਮ ਨੂੰ ਕੋਈ ਵੀ ਜੀਵ ਨਹੀਂ ਮੋੜ ਸਕਦਾ ਕਿਉਂਕਿ ਉਹ ਜਗਤ ਦੀ ਸਿਰਮੌਰ ਹਸਤੀ ਹੈ ਅਤੇ ਉਸਦੇ ਬਰਾਬਰ ਕੋਈ ਹੋਰ ਨਹੀਂ ਹੈ। ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਵਿੱਚ ਉਸ ਦੇ ਪੈਦਾ ਕਰਨ, ਰਿਜਕ ਦੇਣ, ਪਾਲਣ ਕਰਨਾ, ਸਦਾ ਸਥਿਰ ਰਹਿਣ ਅਤੇ ਪ੍ਰੇਮ ਕਰਨ ਵਾਲੇ ਗੁਣਾਂ ਆਧਾਰਿਤ ਉਸਨੂੰ ਵੱਖ-ਵੱਖ ਨਾਵਾਂ ਨਾਲ ਸੰਬੋਧਨ ਕੀਤਾ ਗਿਆ ਹੈ। ਜਿਥੇ ਉਸ ਰੱਬ ਨੇ ਜਿਥੇ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ ਉਥੇ, ਉਹ ਕਰਤਾ ਪੁਰਖ ਬਣ ਕੇ ਸ੍ਰਿਸ਼ਟੀ ਦੇ ਕਣ-ਕਣ ਵਿਚ ਗੁਪਤ ਅਤੇ ਪ੍ਰਗਟ ਰੂਪ ਵਿੱਚ ਨਿਵਾਸ ਕਰ ਰਿਹਾ ਹੈ। ਮਨੁੱਖ ਰੱਬ ਨਾਲ ਇਕ ਸੁਰ ਹੋਣ

ਤੇ ਹੀ ਜੀਵਨ ਦੀ ਅਸਲੀ ਮੰਜ਼ਿਲ ਨੂੰ ਸਰ ਕਰ ਸਕਦਾ ਹੈ। ਕਾਦਰ ਦੀ ਕੁਦਰਤ ਰੱਬ ਦਾ ਘਰ ਹੈ ਜਿਸ ਦਾ ਪਸਾਰਾ ਹਰ ਪਾਸੇ ਖਿਲਰਿਆ ਪਿਆ ਹੈ ਤੇ ਰੱਬ ਇਸ ਪਸਾਰੇ ਵਿਚ ਆਪ ਬੈਠਾ ਹੈ ਕਿ ਰੱਲ ਧਰਤੀ ਦੇ ਜਰੇ-ਜਰੇ ਵਿਚ ਸਮਾਇਆ ਹੋਇਆ ਹੈ।

## 4.2. ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਵਿਚ ਸ਼ਕਤੀ ਦੇ ਪ੍ਰਵਚਨ ਦੀ ਸਮਕਾਲੀਨ ਪ੍ਰਾਸੰਗਿਕਤਾ

ਵਿਰਸੇ ਦਾ ਵਰਤਮਾਨ ਵਿਚ ਪੁਨਰ-ਚਿਤਰਨ ਤੇ ਪੁਨਰ-ਸਿਰਜਨ ਕਰਨਾ ਹਰ ਪੀੜ੍ਹੀ ਦੀ ਹੋਂਦ-ਮੁੱਖੀ ਸਮੱਸਿਆ ਹੁੰਦੀ ਹੈ। ਹਰ ਦੌਰ ਦੇ ਮਨੁੱਖ ਜਾਂ ਮਨੁੱਖੀ ਭਾਈਚਾਰੇ ਨੂੰ ਆਪਣੇ ਅਤੀਤ ਕਾਲੀ ਵਿਰਸੇ ਨਾਲ ਕਿਵੇਂ ਨਾ ਕਿਵੇਂ ਨਜਿਠਣਾ ਪੈਂਦਾ ਹੈ, ਕਿਉਂ ਜੋ ਇਸੇ ਵਿਚ ਹੀ ਉਸ ਦੀ ਸਵੈ-ਪਛਾਣ ਦੇ ਮੂਲ ਆਧਾਰ ਲੁਕੇ ਹੁੰਦੇ ਹਨ। ਬੀਤੇ ਹੋਏ ਨੂੰ ਬੀਤ ਚੁਕਿਆ ਜਾਣ ਕੇ ਅਣਗੌਲਿਆ ਕਰ ਦੇਣਾ ਅਸਲ ਵਿਚ ਆਪਣੀ ਪਛਾਣ ਤੋਂ ਮੁਨਕਰ ਹੋਣ ਦੇ ਬਰਾਬਰ ਹੁੰਦਾ ਹੈ ਪਰ ਇਸ ਦਾ ਅਰਥ ਵਰਤਮਾਨ ਦੀ ਹਕੀਕਤ ਤੋਂ ਮੂੰਹ ਮੋੜ ਕੇ ਅਤੀਤ ਦੀ ਸਿਮਰਤੀ ਵਿਚ ਮਨੋਵਾਸ ਕਰਨਾ ਨਹੀਂ ਬਲਕਿ ਵਰਤਮਾਨ ਦੇ ਧਰਾਤਲ ਉੱਤੇ ਖਲੋ ਕੇ, ਵਿਵੇਕਪੂਰਣ ਭਵਿੱਖਾਰਥੀ ਸੰ ਰ ਲਈ ਅਤੀਤਕਾਲੀ ਵਿਰਸੇ ਨਾਲ ਸੰਵਾਦ ਰਚਾਉਣਾ ਹੈ। ਅਸਲ ਵਿਚ, ਵਿਰਸੇ ਦੀ ਯੁੱਗ ਅਨੁਕੂਲ ਨਵੀਂ ਵਿਆਖਿਆ ਕਰਕੇ ਹੀ ਕੋਈ ਸਮਾਜ-ਸਭਿਆਚਾਰ ਜਾਂ ਮਨੁੱਖੀ ਭਾਈਚਾਰਾ ਆਪਣੇ ਹਕੀਕੀ ਗੌਰਵ ਨੂੰ ਸਥਾਪਿਤ ਕਰ ਸਕਦਾ ਹੈ। ਇਹ ਗੱਲ ਮਨੁੱਖ ਦੀਆਂ ਸਮੂਹ ਸਾਹਿਤਕ ਅਤੇ ਸਭਿਆਚਾਰਕ ਸਿਰਜਣਾਵਾਂ ਉਪਰ ਲਾਗੂ ਹੁੰਦੀ ਹੈ। ਗਲੋਬਲ ਚੇਤਨਾ ਅਤੇ ਗਲੋਬਲਾਈਜ਼ੇਸ਼ਨ ਦੇ ਅਜੋਕੇ ਸੰਦਰਭ ਵਿਚ ਤਾਂ ਇਹ ਗੱਲ ਹੋਰ ਵੀ ਮਹੱਤਵਪੂਰਨ ਹੈ ਕਿ ਅਤੀਤਕਾਲੀ ਵਿਰਸੇ ਨੂੰ ਵਿਸ਼ਵ-ਵਿਆਪੀ ਪਰਿਪੇਖ ਵਿਚ ਰੱਖ ਕੇ ਵਾਚੀਏ ਅਤੇ ਨਵੇਂ ਸਿਰਿਉਂ ਇਸ ਦੀ ਸਾਰਥਕਤਾ ਅਤੇ ਪ੍ਰਾਸੰਗਿਕਤਾ ਨਿਰਧਾਰਿਤ ਕਰੀਏ।[65]

ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਮੱਧਕਾਲੀਨ ਭਾਰਤ ਦੀ ਮੁੱਲਵਾਨ ਸਮਾਜਿਕ ਸਭਿਆਚਾਰਕ ਅਤੇ ਸਾਹਿਤਕ ਟੈਕਸਟ ਹਨ ਜਿਹੜੀਆਂ ਕਿ ਪਰਮਾਤਮ ਸ਼ਕਤੀ ਦਾ ਸੰਕਲਪ ਉਸਾਰਦੀਆਂ ਹਨ। ਜਿਥੇ ਇਹ ਸ਼ਕਤੀ ਦਾ ਸੰਕਲਪ ਮਨੁੱਖੀ ਜੀਵਨ ਦੀ ਨੈਤਿਕ ਅਤੇ

ਅਧਿਆਤਮਕ ਅਗਵਾਈ ਦਾ ਪ੍ਰੇਰਣਾ-ਸਰੋਤ ਬਣਦਾ ਹੈ ਉਥੇ ਇਹ ਸਭਿਆਚਾਰਕ ਕਦਰਾਂ-ਕੀਮਤਾਂ ਨੂੰ ਪ੍ਰਭਾਵਿਤ ਕਰਨ ਵਾਲੇ ਸੰਤ ਸਿਪਾਹੀ ਪ੍ਰਵਚਨ ਦਾ ਨਿਰਮਾਣ ਵੀ ਕਰਦਾ ਹੈ। ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਦਾ ਇਹ ਕ੍ਰਾਂਤੀਕਾਰੀ ਪ੍ਰਵਚਨ ਮੱਧਕਾਲੀ ਭਾਰਤੀ ਸਮਾਜ ਸਭਿਆਚਾਰ ਦੇ ਇਤਿਹਾਸਕ ਯਥਾਰਥ ਨਾਲ ਸੰਵਾਦ ਰਚਾਉਂਦਾ ਹੈ।

ਬੇਸ਼ਕ ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਦੀ ਸਿਰਜਣਾ ਮੱਧਕਾਲ ਵਿਚ ਹੋਈ ਹੈ ਪਰ ਇਨਾਂ ਵਿਚ ਪੇਸ਼ ਹੋਏ ਸ਼ਕਤੀ ਦੇ ਸੰਕਲਪ ਅਤੇ ਸ਼ਕਤੀ ਦੇ ਰੂਪਾਂ ਤੇ ਪਾਸਾਰ ਅਧੀਨ ਅਜਿਹੀਆਂ ਅਨੇਕਾਂ ਅੰਤਰ-ਦ੍ਰਿਸ਼ਟੀਆਂ ਸਾਹਮਣੇ ਆਈਆਂ ਹਨ ਜੋ ਕਿ ਅਜੋਕੇ ਭਾਰਤੀ ਸਮਾਜ ਸਭਿਆਚਾਰ ਲਈ ਹੀ ਨਹੀਂ ਸਗੋਂ ਸਮੁੱਚੀ ਮਨੁੱਖ ਜਾਤੀ ਲਈ ਅਤਿਅੰਤ ਸਾਰਥਕ ਅਤੇ ਪ੍ਰਾਸੰਗਿਕ ਸਾਬਤ ਹੋਈਆਂ ਹਨ। ਇਸ ਮੰਤਵ ਲਈ ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਵਿਚ ਸ਼ਕਤੀ ਦੇ ਪ੍ਰਵਚਨ ਤੇ ਪਾਸਾਰ ਨੂੰ ਰੂਹਾਨੀਅਤ ਦੇ ਪਰਮਾਰਥਕ ਸੰਦਰਭ ਵਿਚ ਰਖ ਕੇ ਸਮਝਣ ਤੋਂ ਇਲਾਵਾ ਇਨ੍ਹਾਂ ਦੀ ਸ਼ਾਸਤਰ ਸ਼ਕਤੀ, ਸ਼ਸਤਰ ਸ਼ਕਤੀ ਅਤੇ ਆਤਮਿਕ ਸ਼ਕਤੀ ਦੇ ਸੰਦਰਭ ਵਿਚ ਰਖ ਕੇ ਸਮਝਣ ਦੀ ਲੋੜ ਹੈ।

ਸਮਕਾਲੀ ਸਥਿਤੀ ਇਹ ਹੈ ਕਿ ਵਿਗਿਆਨ ਅਤੇ ਤਕਨਾਲੋਜੀ ਦੇ ਨਿਰੰਤਰ ਵਿਕਾਸ ਕਾਰਨ ਕ੍ਰਾਂਤੀਕਾਰੀ ਪਰਿਵਰਤਨ ਆ ਰਹੇ ਹਨ। ਇਹਨਾਂ ਪਰਿਵਰਤਨਾਂ ਨੇ ਵਿਦਿਅਕ ਖੇਤਰ ਵਿਚ ਅਜਿਹੀ ਵਿਸਫੋਟਕ ਸਥਿਤੀ ਪੈਦਾ ਕਰ ਦਿੱਤੀ ਹੈ ਜਿਸ ਨੇ ਵਿਸ਼ਵ ਨੂੰ ਆਪਣੇ ਕਲਾਵੇ ਵਿਚ ਲੈ ਲਿਆ ਹੈ। ਇਸ ਵਿਸਫੋਟ ਨਾਲ ਜਿਥੇ ਵਿਸ਼ਵ ਵਿਆਪੀ ਚੇਤਨਾ ਦਾ ਜਨਮ ਹੁੰਦਾ ਹੈ, ਉਥੇ ਇਸ ਨੇ ਬਹੁ-ਰਾਸ਼ਟਰੀ ਸਰਮਾਏ ਲਈ ਸੋਸ਼ਣ ਦਾ ਰਾਹ ਪੱਧਰਾ ਕਰ ਦਿੱਤਾ ਹੈ। ਇਸ ਨੂੰ ਗਲੋਬਲਾਈਜ਼ੇਸ਼ਨ ਜਾਂ ਵਿਸ਼ਵੀਕਰਣ ਦੀ ਪ੍ਰਕਿਰਿਆ ਵੀ ਆਖਿਆ ਜਾਂਦਾ ਹੈ।

ਉਪਰੋਕਤ ਸੰਦਰਭ (ਗਲੋਬਲਾਈਜ਼ੇਸ਼ਨ ਜਾਂ ਵਿਸ਼ਵੀਕਰਣ) ਵਿਚ ਜਦੋਂ ਅਸੀਂ ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਵਿਚ ਸ਼ਕਤੀ ਦਾ ਅਧਿਐਨ ਅਤੇ ਵਿਸ਼ਲੇਸ਼ਣ ਕਰਦੇ ਹਾਂ ਤਾਂ ਇਹ ਗੱਲ ਸਹਿਜੇ ਹੀ ਸਪਸ਼ਟ ਹੋ ਜਾਂਦੀ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਮੇਂ ਦੇ

ਸਮਾਜ ਸਭਿਆਚਾਰ ਦੀ ਹਕੀਕਤ ਨੂੰ ਸਾਹਮਣੇ ਰੱਖ ਕੇ ਹੀ ਸ਼ਕਤੀ ਦੇ ਸੰਕਲਪ ਦੀ ਸਿਰਜਣਾ ਕੀਤੀ ਹੈ। ਇਹ ਸ਼ਕਤੀ ਦਾ ਸੰਕਲਪ ਕ੍ਰਾਂਤੀਕਾਰੀ ਪ੍ਰਵਚਨ ਦੇ ਰੂਪ ਵਿਚ ਉਜਾਗਰ ਹੁੰਦਾ ਹੈ ਅਤੇ ਵੇਲੇ ਦੇ ਰਾਜਨੀਤਕ, ਆਰਥਿਕ ਅਤੇ ਸਮਾਜਿਕ ਵਿਵਸਥਾ ਹਥੋਂ ਪੀੜਤ ਲੋਕਾਈ ਨੂੰ ਮਾਨਵੀ ਗੌਰਵ ਅਤੇ ਸਵੈ-ਮਾਣ ਦੇ ਸਦੀਵੀ ਪ੍ਰੇਰਣਾ ਸਰੋਤਾਂ ਨਾਲ ਜੁੜਨ ਦੀ ਚੇਤਨਾ ਜਗਾਉਂਦਾ ਹੈ। ਇਹ ਆਤਮਕ ਸੰਕਲਪ ਮੁਗਲ ਸਾਮੰਤਵਾਦ ਦੀ ਕੱਟੜ, ਮਜ਼੍ਹਬੀ ਨੀਤੀ, ਫਿਰਕੂ ਨਫਰਤ, ਹਕੂਮਤੀ ਤੱਸ਼ਦਦ, ਆਰਥਿਕ ਸ਼ੋਸਣ ਅਤੇ ਦਮਨ ਦੇ ਖਿਲਾਫ਼ ਹੀ ਆਵਾਜ਼ ਬੁਲੰਦ ਨਹੀਂ ਕਰਦਾ ਸਗੋਂ ਤੱਤਕਾਲੀਨ ਭਾਰਤੀ ਸਮਾਜ- ਸਭਿਆਚਾਰ ਵਿਚ ਪ੍ਰਚਲਿਤ ਬ੍ਰਾਹਮਣਵਾਦੀ ਕਰਮਕਾਂਡਾਂ ਨੂੰ ਵੀ ਉਘਾੜਦਾ ਹੈ। ਇਸ ਤਰ੍ਹਾਂ ਧਾਰਮਿਕ ਵਿਤਕਰੇ, ਆਰਥਿਕ ਅਤੇ ਸਮਾਜਿਕ ਅਨਿਆਂ ਦਾ ਪੱਖ ਪੂਰਨ ਵਾਲਾ ਸ਼ਕਤੀ ਦਾ ਪ੍ਰਵਚਨ ਹਕੀਕੀ ਅਰਥਾਂ ਵਿਚ ਸੰਤ ਸਿਪਾਹੀ ਦਾ ਪ੍ਰਵਚਨ ਬਣ ਕੇ ਉਜਾਗਰ ਹੁੰਦਾ ਹੈ।

ਇਸ ਤੋਂ ਇਲਾਵਾ ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਅਜਿਹੇ ਖਾਲਸ (ਆਦਰਸ਼ਕ) ਮਨੁੱਖ ਦੀ ਸਿਰਜਣਾ ਕਰਦੀਆਂ ਹਨ ਜੋ 'ਨਿਜ' ਕੇਂਦ੍ਰਿਤ ਦੀ ਵਲਗਣ ਵਿਚੋਂ ਨਿਕਲ ਕੇ 'ਪਰ' ਵਲ ਰੁਚਿਤ ਹੁੰਦਾ ਹੈ। ਇਹ ਮਨੁੱਖੀ ਸਮਾਜ ਸਭਿਆਚਾਰ ਵਿਚ ਪ੍ਰਚਲਿਤ ਹਰ ਕਿਸਮ ਦੇ ਸ਼ੋਸ਼ਣ ਅਤੇ ਦਮਨ ਦੇ ਖਿਲਾਫ਼ ਆਵਾਜ਼ ਬੁਲੰਦ ਕਰਦਾ ਹੈ ਅਤੇ ਦੱਬੇ ਕੁਚਲੇ ਲੋਕਾਂ ਦਾ ਪੱਖ ਪੂਰਦਿਆਂ ਉਨ੍ਹਾਂ ਨੂੰ ਸੰਤ-ਸਿਪਾਹੀ ਸਰੂਪ ਵਿੱਚ ਪਰੀਵਰਤਿਤ ਕਰਦਾ ਹੈ। ਇਸੇ ਵਿੱਚ ਸਕਤੀ ਦੀ ਸਮਕਾਲੀਨ ਸਾਰਥਕਤਾ ਅਤੇ ਪ੍ਰਾਸੰਗਿਕਤਾ ਦਾ ਪ੍ਰਵਚਨ ਲੁਕਿਆ ਹੈ।

ਸਮਕਾਲੀਨ ਪ੍ਰਾਸੰਗਿਕਤਾ ਦੇ ਅਧੀਨ ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਵਿੱਚ ਔਰਤ ਦੇ ਇਨਕਲਾਬੀ ਸਰੂਪ ਦੀ ਗੱਲ ਕੀਤੀ ਜਾ ਸਕਦੀ ਹੈ। ਭਾਰਤੀ ਪ੍ਰਸੰਗ ਵਿੱਚ ਔਰਤ ਦਾ ਇਨਕਲਾਬੀ ਸਰੂਪ ਭਾਵੇਂ ਅਜੋਕੇ ਸਮੇਂ ਹੀ ਹੋਂਦ ਵਿੱਚ ਆਇਆ ਹੈ ਪਰ ਇਸ ਦੀ ਨਿਸ਼ਾਨਦੇਹੀ ਮੁੱਖ ਤੌਰ ਤੇ ਪੁਰਾਤਨ ਕਾਲ ਤੋਂ ਪ੍ਰਚਲਿਤ ਬ੍ਰਾਹਮਣਵਾਦੀ ਜਾਤੀ-ਪ੍ਰਥਾ, ਕੰਨਿਆ ਕਤਲ, ਪਰਦਾ ਪ੍ਰਥਾ ਦੇ ਹਵਾਲੇ ਨਾਲ ਕੀਤੀ ਜਾਂਦੀ ਹੈ। ਇਨ੍ਹਾਂ ਪ੍ਰਥਾਵਾਂ ਦੇ

ਅੰਤਰਗਤ ਮਨੁੱਖੀ ਸਮਾਜ ਵਿੱਚ ਔਰਤ ਦੀ ਸਮਾਜਿਕ ਸਥਿਤੀ ਪੈਰ ਦੀ ਜੁੱਤੀ ਦੇ ਸਮਾਨ ਸੀ। ਔਰਤ ਨੂੰ ਜਨਮ ਤੋਂ ਲੈ ਕੇ ਮਰਨ ਤਕ ਕਈ ਤਰ੍ਹਾਂ ਦੇ ਭੇਦ-ਭਾਵ ਦਾ ਸ਼ਿਕਾਰ ਹੋਣਾ ਪਿਆ। ਔਰਤ ਦਾ ਇਹ ਸਰੂਪ ਅੱਜ ਸਿਰੰ  ਭਾਰਤੀ ਸਮਾਜ ਤਕ ਸੀਮਿਤ ਨਹੀਂ ਸਗੋਂ ਇਹ ਸਰੂਪ ਵਿਸ਼ਵ ਵਿਆਪੀ ਅਰਥ ਗ੍ਰਹਿਣ ਕਰ ਗਿਆ। ਜਦੋਂ ਸੰਸਾਰ ਦੇ ਸਮਕਾਲੀ ਦ੍ਰਿਸ਼ ਉਤੇ ਨਜ਼ਰ ਮਾਰਦੇ ਹਾਂ ਤਾਂ ਔਰਤ ਦੇ ਇਨਕਲਾਬੀ ਸਰੂਪ ਦੇ ਅਨੇਕਾਂ ਪ੍ਰਮਾਣ ਮਿਲ ਜਾਂਦੇ ਹਨ। ਸਮੂਹ ਮਨੁੱਖੀ ਭਾਈਚਾਰੇ ਅੱਜ ਵਿਕਸਿਤ ਸਰਮਾਏਦਾਰੀ ਤੋਂ ਪ੍ਰਭਾਵਿਤ ਹਨ। ਇਸ ਨਵ-ਵਿਕਸਿਤ ਵਿਸ਼ਵ-ਵਿਵਸਥਾ ਨੇ ਸ਼ੋਸ਼ਣ, ਵਿਤਕਰੇ ਅਤੇ ਅਨਿਆਂ ਦੇ ਅਨੇਕਾਂ ਨਵੇਂ ਢੰਗ ਤਰੀਕੇ ਈਜਾਦ ਕਰ ਲਏ ਹਨ। ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਵਿੱਚ ਸ਼ਕਤੀ ਦਾ ਬਹੁ ਅਰਥੀ ਸੰਕਲਪ ਵੀ ਕੁਝ ਇਸੇ ਤਰ੍ਹਾਂ ਦੀਆਂ ਸਥਿਤੀਆਂ ਦੇ ਰੂ-ਬ-ਰੂ ਹੋ ਕੇ ਆਪਣੇ ਬੋਲ ਉਚਾਰਦਾ ਹੈ।

ਕੰਨਿਆ ਕਤਲ ਤੋਂ ਇਲਾਵਾ ਇਕ ਹੋਰ ਖਤਰਨਾਕ ਰੁਝਾਨ ਸਮਾਜ ਵਿਚ ਵੇਖਣ ਨੂੰ ਮਿਲਦਾ ਹੈ। ਇਹ ਰੁਝਾਨ ਸਮਾਜ ਦੀ ਤਬਾਹੀ ਦਾ ਕਾਰਨ ਬਣਦਾ ਜਾ ਰਿਹਾ ਹੈ, ਕਿਉਂਕਿ ਇਸ ਨੂੰ ਅਜੇ ਤਕ ਰੋਕਿਆ ਨਹੀਂ ਜਾ ਸਕਿਆ। ਇਸ ਖਤਰਨਾਕ ਰੁਝਾਨ ਨੂੰ ਏਡਜ਼ ਕਿਹਾ ਜਾਂਦਾ ਹੈ। ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਦੀਆਂ ਸਿਖਿਆਵਾਂ ਸਮਾਜ ਵਿਚ ਅਜਿਹੀ ਸਥਿਤੀ ਪੈਦਾ ਹੋਣ ਤੋਂ ਰੋਕਣ ਲਈ ਮਨੁੱਖ ਨੂੰ ਪ੍ਰੇਰਿਤ ਕਰਦੀਆਂ ਹਨ। ਏਡਜ਼ ਫੈਲਣ ਦਾ ਮੁੱਖ ਕਾਰਨ ਪੁਰਸ਼ ਇਸਤਰੀ ਨਾਲ ਸੰਬੰਧ ਪੈਦਾ ਹੋਣਾ ਮੰਨਿਆ ਗਿਆ ਹੈ ਜੋ ਕਿ ਅਗੇ ਜਾ ਕੇ ਉਸ ਵਿਅਕਤੀ ਦੇ ਆਪਣੇ ਪਰਿਵਾਰ ਨੂੰ ਵੀ ਬਰਬਾਦ ਕਰ ਦਿੰਦੀ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀਆਂ ਰਚਨਾਵਾਂ ਵਿਚ ਸਪਸ਼ਟ ਤੌਰ ਤੇ ਆਪਣੇ ਸੈਨਿਕਾਂ ਨੂੰ ਪਰ ਨਾਰੀ ਦੇ ਸੰਗ ਰਿਸ਼ਤਾ ਬਣਾਉਣ ਵਰਗੀਆਂ ਕੁਰਹਿਤਾਂ ਤੋਂ ਦੂਰ ਰਹਿਣ ਦਾ ਉਪਦੇਸ਼ ਦਿਤਾ ਗਿਆ ਹੈ:

ਨਿਜ ਨਾਰੀ ਕੇ ਸਾਥ ਨੇਹੁ ਤੁਮ ਨਿੱਤ ਬਢੈਯਹੁ॥
ਪਰ ਨਾਰੀ ਕੀ ਸੇਜ ਭੂਲਿ ਸੁਪਨੇ ਹੂੰ ਨ ਜੈਯਹੁ॥[66]

ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਵਿੱਚ ਭਾਰਤੀ ਔਰਤਾਂ ਦੇ ਸਰਵਪੱਖੀ ਵਿਕਾਸ ਦੀ ਕਾਮਨਾ ਕੀਤੀ ਗਈ ਹੈ ਅਤੇ ਉਸ ਬਾਰੇ ਇਹ ਆਸ਼ਾ ਸਿਰਜੀ ਗਈ ਹੈ ਕਿ ਭਾਰਤੀ ਗ੍ਰੰਥਾਂ, ਕਾਨੂੰਨਾਂ ਅਤੇ ਧਾਰਮਿਕ ਮਰਿਆਦਾ ਵਿੱਚ ਔਰਤ ਪੂਰੀ ਤਰ੍ਹਾਂ ਸੁਚੇਤ ਅਤੇ ਆਜ਼ਾਦ ਹੋਵੇ ਤੇ ਲੋੜ ਪੈਣ ਤੇ ਆਪਣੀ ਰਾਖੀ ਆਪ ਕਰ ਸਕੇ। ਪ੍ਰਮਾਣ ਵਜੋਂ ਗੁਰੂ ਗੋਬਿੰਦ ਸਿੰਘ ਜੀ ਨੇ ਔਰਤ ਜਾਤੀ ਵਿੱਚ ਅਜਿਹੀ ਜਾਗਰੂਕਤਾ ਲਿਆਉਣ ਲਈ ਚੰਡੀ ਦੀ ਵਾਰ ਦੀ ਰਚਨਾ ਕਰਕੇ ਔਰਤ ਦਾ ਇਨਕਲਾਬੀ ਸਰੂਪ ਸਿਰਜਿਆ ਤੇ ਉਸ ਅੰਦਰ ਬੀਰ ਰਸ ਦਾ ਸੰਚਾਰ ਕੀਤਾ। ਚੰਡੀ ਦੀ ਵਾਰ ਭਾਵੇਂ ਮਿਥਿਹਾਸਕ ਕਥਾ ਵਰਣਨ ਹੈ ਪਰ ਔਰਤ ਜਾਤ ਲਈ ਚੰਡੀ ਉਤਸ਼ਾਹ ਅਤੇ ਪ੍ਰੇਰਨਾ ਦੀ ਪ੍ਰਤੀਨਿਧਤਾ ਕਰਦੀ ਹੈ। ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਵਿੱਚ ਚੰਡੀ ਬਲਵਾਨ ਔਰਤ ਦੇ ਪ੍ਰਤੀਕ ਰੂਪ ਵਿੱਚ ਵਿਚਰਦੀ ਹੋਈ ਆਪਣੀ ਪ੍ਰਚੰਡ ਸ਼ਕਤੀ ਨਾਲ ਦੈਂਤਾਂ ਭਾਵ ਦੁਸ਼ਮਨਾਂ ਦਾ ਨਾਸ਼ ਕਰਦੀ ਹੈ। ਮਿਸਾਲ ਵਜੋਂ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਵਾਰ ਸ੍ਰੀ ਭਗਉਤੀ ਜੀ ਕੀ (ਚੰਡੀ ਦੀ ਵਾਰ) ਦੀਆਂ ਇਹ ਪੰਗਤੀਆਂ ਦੇਖੀਆਂ ਜਾ ਸਕਦੀਆਂ ਹਨ:

ਜੋਧੇ ਵਡੇ ਮੁਨਾਰੇ ਜਾਪਾਨ ਖੇਤ ਵਿਚਿ।।
ਦੇਵੀ ਆਪ ਸਵਾਰੇ ਪੱਬ ਜਵੇਹਣੇ।।
ਕਦੇ ਨ ਆਖਣ ਹਾਰੇ ਧਾਵਨ ਸਾਮ੍ਹਣੇ।।
ਦੁਰਗਾ ਸਭ ਸੰਘਾਰੇ ਰਾਕਸ਼ਿ ਖੜਰਾ ਲੈ।।[67]

ਇਸੇ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਚਰਿਤਰੋ ਪਾਖਿਆਨ ਵਿੱਚ ਵੀ ਔਰਤ ਨੂੰ ਜੰਗਾਂ ਯੁੱਧਾਂ ਵਿੱਚ ਲੜਦਿਆਂ ਦਿਖਾਇਆ ਗਿਆ ਹੈ। ਇੰਝ ਗੁਰੂ ਸਾਹਿਬ ਨੇ ਔਰਤ ਦੇ ਇਨਕਲਾਬੀ ਸਰੂਪ ਵਿੱਚ ਬੀਰ ਸ਼ਕਤੀ ਦੀ ਪੇਸ਼ਕਾਰੀ ਕੀਤੀ ਹੈ।

ਗੁਰੂ ਗੋਬਿੰਦ ਸਿੰਘ ਜੀ ਖੁਦ ਸੰਤ-ਸਿਪਾਹੀ ਸਨ, ਇਸ ਲਈ ਆਪ ਸ਼ੋਸ਼ਿਤ ਵਰਗ ਦੇ ਸੰਤ-ਸਿਪਾਹੀ ਸਰੂਪ ਦਾ ਪੱਖ ਪੂਰਦੇ ਦਿਖਾਈ ਦਿੰਦੇ ਹਨ ਕਿਉਂਕਿ ਇੱਕਲਿਆਂ ਸੰਤ ਸਰੂਪ ਵਿੱਚ ਮਨੁੱਖ ਹੱਕ ਲਈ ਨਹੀਂ ਲੜ ਸਕਦਾ। ਸਮੇਂ ਦੀ ਜ਼ਰੂਰਤ ਨੂੰ ਦੇਖਦਿਆਂ ਗੁਰੂ ਸਾਹਿਬ ਨੇ ਸੰਤ ਸਰੂਪ ਵਿੱਚ ਸ਼ਕਤੀ ਦਾ ਸੰਚਾਰ ਕੀਤਾ ਭਾਵ ਸ਼ਕਤੀ ਨੂੰ ਭਗਤੀ ਨਾਲ ਜੋੜ ਦਿੱਤਾ। ਇਥੋਂ

ਤੱਕ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਸ਼ਮਸ਼ੀਰ ਦੀ ਸ਼ਕਤੀ ਨੂੰ ਵੀ ਜ਼ਾਇਜ ਠਹਿਰਾਇਆ। ਇਸ ਦਾ ਪ੍ਰਮਾਣ ਆਪ ਦੀਆਂ ਨਿਮਨ ਲਿਖਤ ਪੰਗਤੀਆਂ ਤੋਂ ਭਲੀ ਭਾਂਤ ਹੋ ਜਾਂਦਾ ਹੈ:

ਚੁ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ॥
ਹਲਾਲ ਅਸਤੁ ਬੁਰਦਨ ਬ ਸ਼ਮਸ਼ੀਰ ਦਸਤ॥[68]

ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਵਿੱਚ ਪੇਸ਼ ਸ਼ਕਤੀ ਦਾ ਸੰਕਲਪ ਸੋਸ਼ਿਤ ਵਰਗ ਦੀ ਮਿਥ ਨੂੰ ਅਧਿਆਤਮਿਕ ਧਰਾਤਲ ਤੇ ਰੱਦ ਕਰਦਾ ਹੈ। ਇਹ ਪਾਰਗਾਮੀ ਹਸਤੀ (ਬ੍ਰਹਮ) ਦੇ ਸਾਹਮਣੇ ਮਨੁੱਖ ਦੀ ਬਰਾਬਰੀ ਦਾ ਸੰਕਲਪ ਸਥਾਪਿਤ ਕਰਦੀ ਹੈ ਜਿਸ ਵਿੱਚ ਜ਼ਰੂਰਤ ਅਨੁਸਾਰ ਸਿਪਾਹੀ ਬਿਰਤੀਆਂ ਦਾ ਹੋਣਾ ਲਾਜ਼ਮੀ ਹੈ। ਇਸ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਦੀ ਸਥਾਪਨਾ ਕੀਤੀ, ਜੋ ਕਿ ਸਮੇਂ ਦੀ ਮੰਗ ਸੀ। ਮੁਗਲ ਅਤਿਆਚਾਰਾਂ ਦੇ ਖਿਲਾਂ  ਲੜਨ ਲਈ ਮੁਰਦ ਕੌਮ ਵਿੱਚ ਜਾਨ ਪਾਈ ਤਾਂ ਜੋ ਉਹ ਮੁਗਲ ਹਕੂਮਤ ਦਾ ਮੁਕਾਬਲਾ ਕਰ ਸਕਣ।

ਇੰਝ ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਵਿਚੋਂ ਅਨੇਕਾਂ ਮਿਸਾਲਾਂ ਦਿੱਤੀਆਂ ਜਾ ਸਕਦੀਆਂ ਹਨ ਜਿਹੜੀਆਂ ਮਨੁੱਖ ਦੇ ਸੰਤ ਸਿਪਾਹੀ ਸਰੂਪ ਦੀ ਵਕਾਲਤ ਕਰਦੀਆਂ ਹਨ। ਅਸਲ ਵਿੱਚ ਭਗਤੀ ਲਹਿਰ ਨੇ ਮੱਧਕਾਲੀਨ ਭਾਰਤ ਵਿੱਚ ਜਿਸ ਸਭਿਆਚਾਰਕ ਨਵ–ਜਾਗ੍ਰਿਤੀ ਦੀ ਲਹਿਰ ਨੂੰ ਸੰਗਠਿਤ ਕਰਨ ਦਾ ਉਪਰਾਲਾ ਕੀਤਾ ਸੀ। ਮਨੁੱਖ ਦਾ ਸੰਤ ਸਿਪਾਹੀ ਸਰੂਪ ਉਸੇ ਦਾ ਵਿਕਸਿਤ ਰੂਪ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਜਿਸ ਕਿਸਮ ਦੇ ਆਦਰਸ਼ਕ ਮਨੁੱਖ ਅਤੇ ਸਮਾਜ ਦੀ ਸਿਰਜਣਾ ਕਰਨ ਦਾ ਰੂਹਾਨੀ ਪ੍ਰਾਜੈਕਟ ਸਾਮ੍ਹਣੇ ਲਿਆਂਦਾ ਸੀ ਉਸ ਦੀ ਬੁਨਿਆਦ 'ਖਾਲਸੇ' ਦੇ ਸੰਕਲਪ ਉਪਰ ਹੀ ਰੱਖੀ ਗਈ ਸੀ। ਇਸ ਸੰਬੰਧੀ ਸਰਬਲੋਹ ਗ੍ਰੰਥ ਵਿੱਚ ਪ੍ਰਮਾਣ ਮਿਲਦੇ ਹਨ:

ਖਾਲਸਾ ਮੇਰੋ ਰੂਪ ਹੈ ਖਾਸ॥
ਖਾਲਸੇ ਮਹਿ ਹਉ ਕਰਉ ਨਿਵਾਸ॥[69]

ਗੁਰੂ ਗੋਬਿੰਦ ਸਿੰਘ ਜੀ ਨੇ ਮਨੁੱਖ ਦਾ ਜੀਵਨ ਖਾਲਸ ਭਾਵ ਸ਼ੁਧਾ ਤੇ ਉਚੇਰਾ ਬਣਾਉਣ ਲਈ ਜਿਥੇ ਸੰਤ ਸਰੂਪ ਦਾ ਹੱਕ ਹਰੇਕ ਇਨਸਾਨ ਨੂੰ ਦਿੱਤਾ, ਉਥੇ ਸਿਪਾਹੀ ਸਰੂਪ ਤੇ ਵੀ ਕਿਸੇ ਇਕ ਵਰਗ ਦਾ ਹੱਕ ਨਹੀਂ ਰਹਿਣ ਦਿੱਤਾ। ਖੰਡੇ ਦੀ ਭੇਟ ਸੀਸ ਮੰਗ ਕੇ, ਖੰਡੇ ਦਾ ਅੰਮ੍ਰਿਤ ਹਰੇਕ ਜਾਤਿ ਦੇ ਪ੍ਰਾਣੀ ਨੂੰ ਦੇ ਕੇ ਖਾਲਸਾ ਸਿਰਜਿਆ ਅਤੇ ਇਸ ਖਾਲਸੇ ਵਿੱਚ ਸ਼ਕਤੀ ਦਾ ਸੰਚਾਰ ਕੀਤਾ। ਡਾ. ਜਸਪਾਲ ਕੌਰ ਕਾਂਗ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਜੋ ਕੁਝ ਸਿਰਜ ਰਹੇ ਸਨ, ਉਹ ਬੜੇ ਸੁਚੇਤ ਪੱਧਰ ਉਪਰ ਸੀ। ਉਨ੍ਹਾਂ ਨੂੰ ਹਿਸ ਸਥਿਤੀ ਦੀ ਸੋਝੀ ਸੀ ਕਿ ਜਿਨ੍ਹਾਂ ਨੂੰ ਉਹ ਸੰਬੋਧਤਿ ਸਨ, ਉਹ ਵਿਭਿੰਨ ਭ੍ਰਾਂਤੀਆਂ ਅਤੇ ਹੀਣ ਭਾਵਨਾ ਨਾਲ ਤਿੜਕੇ ਪਏ ਸਨ। ਹਰ ਤਰ੍ਹਾਂ ਦੀ ਗੁਲਾਮੀ ਉਨ੍ਹਾਂ ਦੀ ਮਾਨਸਿਕਤਾ ਨੂੰ ਹੀਣ ਕਰ ਚੁਕੀ ਸੀ। ਅਜਿਹੇ ਸਮੂਹ ਵਿਚੋਂ ਇਕ ਨਵੇਂ ਮਨੁੱਖ ਦੀ ਕਲਪਨਾ ਕਰਨੀ ਅਤੇ ਇਸ ਕਲਪਨਾ ਨੂੰ ਇਤਿਹਾਸ ਵਿਚ ਸਾਕਾਰ ਕਰ ਦੇਣਾ ਇਕ ਅਲੌਕਾਰ ਕ੍ਰਿਸ਼ਮਾ ਸੀ। ਇਸ ਕ੍ਰਿਸ਼ਮੇ ਵਿਚ ਹੀ ਗੋਬਿੰਦ ਬਾਣੀ ਦਾ ਸੱਚ ਟਿਕਿਆ ਪਿਆ ਹੈ। ਇਸੇ ਸੱਚ ਵਿਚੋਂ ਹੀ ਖਾਲਸੇ ਨੇ ਜਨਮ ਲੈ ਕੇ ਇਤਿਹਾਸ ਵਿਚ ਨਿਰਾਲੀ ਭੂਮਿਕਾ ਨਿਭਾਈ ਹੈ। ਖਾਲਸੇ ਦੇ ਸੰਕਲਪ ਵਿਚੋਂ ਹੀ ਗੋਬਿੰਦ ਬਾਣੀ ਨੇ ਆਪਣਾ ਜਲੌ ਪ੍ਰਗਟਾਇਆ ਹੈ। ਕਾਲ ਦੇ ਭੈਅ ਤੋਂ ਖਾਲਸਾ ਮੁਕਤ ਹੋ ਕੇ ਅਕਾਲ ਸ਼ਕਤੀ ਵਿਚ ਲੀਨ ਹੋ ਜਾਂਦਾ ਹੈ ਅਤੇ ਇਸੇ ਤਰ੍ਹਾਂ ਸ਼ਾਸਤਰ ਨੂੰ ਸ਼ਸਤਰ ਦੀ ਦਿਸ਼ਾ ਦੇ ਕੇ ਥਿੜਕੀ ਹੋਂਦ ਨੂੰ ਬਲਵਾਨ ਬਣਾਇਆ ਹੈ। ਕਾਲ ਦੇ ਡਰ ਤੋਂ ਮੁਕਤ ਵਿਅਕਤੀ ਦੇ ਹਥ ਵਿਚ ਜਦੋਂ ਸ਼ਸਤਰ ਚੁੱਕਦਾ ਹੈ ਤਾਂ ਨਵੀਆਂ ਹੋਣੀਆਂ ਸਾਕਾਰ ਹੁੰਦੀਆਂ ਹਨ। ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਦਾ ਸੱਚ ਹੈ ਕਿ ਇਸ ਨੇ ਕਾਲ ਦੇ ਡਰਾਂ ਵਿਚ ਵਿਚਰ ਰਹੇ ਮਨੁੱਖ ਨੂੰ ਸ਼ਸਤਰ ਦਾ ਗਿਆਨ ਦੇ ਕੇ ਸ਼ਸਤਰਧਾਰੀ ਬਣਾ ਦਿੱਤਾ ਹੈ। ਇਹ ਸ਼ਸਤਰਧਾਰੀ ਮਨੁੱਖ ਨਾ ਕਿਸੇ ਦੀ ਈਨ ਪ੍ਰਵਾਨ ਕਰਦਾ ਹੈ ਅਤੇ ਨਾ ਹੀ ਈਨ ਮੰਨਵਾਉਂਦਾ ਹੈ। ਗੁਰੂ ਗੋਬਿੰਦ ਸਿੰਘ ਜੀ ਦੁਆਰਾ ਸਿਰਜਿਆ ਇਹ ਉਹ ਮਨੁੱਖ ਹੈ ਜਿਸ ਦੇ ਹਰ ਕਰਮ ਨੂੰ ਗਿਆਨ ਦਿਸ਼ਾ ਦੇ ਰਿਹਾ ਹੈ ਅਤੇ ਇਸ ਦਾ ਕਰਮ ਸ਼ੁਭ ਅਮਲ ਵਾਲਾ ਹੈ।[7] ਨਿਰਸੰਦੇਹ ਗੁਰੂ ਗੋਬਿੰਦ ਸਿੰਘ ਜੀ ਦੀ ਖਾਲਸਾ ਪੰਥ ਦੀ ਸਿਰਜਣਾ ਇਕ ਇਤਿਹਾਸਕ ਕਰਮ ਸੀ ਅਤੇ ਇਸ ਕਰਮ ਦੀ ਪ੍ਰੇਰਨਾ ਦੈਵੀ ਚਰਿਤਰ ਵਾਲੀ ਸੀ। ਇਸ ਪੰਥ ਵਿਚੋਂ ਇਕ ਅਜਿਹਾ ਆਦਰਸ਼ਕ

ਮਾਨਵ ਉਭਰਿਆ ਹੈ ਜਿਸ ਨੇ ਆਪਣੀ ਪਰੰਪਰਾ ਨੂੰ ਨਵਾਂ ਪ੍ਰਵਚਨ ਦਿੱਤਾ ਹੈ। ਅੱਜ ਮਨੁੱਖ ਇੱਕੀਵੀਂ ਸਦੀ ਵਿਚ ਪ੍ਰਵੇਸ਼ ਕਰ ਰਿਹਾ ਹੈ, ਉਸ ਨੂੰ ਜਦੋਂ ਇਸ ਪੰਥ ਵਿਚੋਂ ਜੀਵਨ ਜੋਤ ਮਿਲਦੀ ਹੈ, ਉਹ ਇਸ ਗੱਲ ਦੀ ਸੂਚਕ ਹੈ ਕਿ ਇਹ ਪੰਥ ਮਾਨਵੀ ਮੁਕਤੀ ਦਾ ਝਰੋਖਾ ਹੈ। ਇਹ ਉਹਨਾਂ ਮਨੁੱਖਾ ਦਾ ਪੰਥ ਹੈ, ਜੋ ਕਿ ਕਰਮ ਧਰਮ ਵਿਚ ਇਕਾਗਰ ਹੋ ਕੇ ਸੱਚ ਸੁੱਚ ਵਿਚ ਲੀਨ ਹਨ। ਇਨ੍ਹਾਂ ਨੂੰ ਕੋਈ ਭੈਅ ਨਹੀਂ, ਕੋਈ ਭਰਮ ਨਹੀਂ, ਕੋਈ ਸਥਾਪਤੀ ਦਾ ਬੰਧਨ ਨਹੀਂ ਅਤੇ ਨਾ ਹੀ ਭਵਿੱਖ ਦਾ ਕੋਈ ਸੰਸਾ ਹੈ। ਇਹ ਪੰਥ ਉਨ੍ਹਾਂ ਮੁਕਤ ਵਿਅਕਤੀਆਂ ਦਾ ਹੈ ਜੋ ਧਰਤੀ ਉਪਰ ਵਡੇਰੀ ਭੂਮਿਕਾ ਨਿਭਾਉਣ ਲਈ ਵਚਨਬੱਧ ਹਨ। ਇਹੀ ਇਸ ਖਾਲਸਾ ਪੰਥ ਦੀ ਸ਼ਕਤੀ ਹੈ।[7]

ਗੁਰੂ ਗੋਬਿੰਦ ਸਿੰਘ ਜੀ ਨੇ ਇਸ ਸ਼ਕਤੀ ਨੂੰ ਸੇਵਾ ਵਿੱਚ ਰੂਪਾਂਤਰਿਤ ਕਰਕੇ ਇਸ ਦੀ ਸਾਰਥਕਤਾ ਅਤੇ ਪ੍ਰਾਸੰਗਿਕਤਾ ਦਾ ਅਹਿਸਾਸ ਕਰਵਾਇਆ। ਸਮਕਾਲੀ ਸਮਾਜ-ਸਭਿਆਚਾਰ ਵਿਚ ਸ਼ਕਤੀ ਸੇਵਾ ਦੇ ਰੁਪਾਂਤਰਿਤ ਰੂਪ ਵਿੱਚ ਪ੍ਰਚਲਿਤ ਹੈ। ਮਿਸਾਲ ਵਜੋਂ ਮਦਰ ਟੈਰੇਸਾ, ਭਗਤ ਪੂਰਨ ਸਿੰਘ, ਭਾਈ ਘਨੱਈਆ ਜੀ ਦਾ ਹਵਾਲਾ ਦਿੱਤਾ ਜਾ ਸਕਦਾ ਹੈ। ਇਹਨਾਂ ਦੀ ਸੇਵਾ ਵਿਚ ਸ਼ਕਤੀ ਉਪਕਰਣ ਬਣ ਕੇ ਸਾਹਮਣੇ ਆਉਂਦੀ ਹੈ। ਮਨੁੱਖ, ਮਨੁੱਖ ਵਿਚਕਾਰ ਮਨਸੂਈ ਵੰਡੀਆਂ ਨੂੰ ਘਟਾ ਕੇ ਵਿਭਿੰਨ ਭਾਈਚਾਰਿਆਂ ਨੂੰ ਵਿਤਕਰੇ ਤੋਂ ਬਚਾਉਂਦੀ ਹੈ ਅਤੇ ਇੱਕ ਰੱਬ ਦੀ ਸਰਵ ਵਿਆਪਕ ਸੰਕਲਪਨਾ ਨੂੰ ਦ੍ਰਿੜ ਕਰਵਾਉਂਦੀ ਹੈ। ਸ਼ਕਤੀ ਦਾ ਪ੍ਰਵਚਨ ਸ਼ੋਸ਼ਣ ਅਤੇ ਦਮਨ ਦੇ ਮੁਕਾਬਲੇ ਲਈ ਰੂਹਾਨੀ ਜਾਗ੍ਰਿਤੀ ਅਤੇ ਨੈਤਿਕ ਚੇਤਨਾ ਦਾ ਮਾਰਗ ਸੁਝਾਉਂਦਾ ਹੈ ਅਤੇ ਸਮੂਹ ਮਾਨਵ ਜਾਤੀ ਅੰਦਰ ਨਿਵਾਸ ਕਰ ਰਹੀ ਇਕ ਜੋਤਿ ਦੇ ਪ੍ਰਕਾਸ਼ ਉਪਰ ਬਲ ਦਿੰਦਾ ਹੈ। ਇਸ ਸੰਬੰਧੀ ਗੁਰੂ ਗੋਬਿੰਦ ਸਿੰਘ ਦੀਆਂ ਨਿਮਨ ਲਿਖਤ ਪੰਗਤੀਆਂ ਨੂੰ ਪ੍ਰਮਾਣ ਵਜੋਂ ਦੇਖਿਆ ਸਕਦਾ ਹੈ:

ਕੋਊ ਭਇਓ ਮੁੰਡੀਆ ਸੰਨਿਆਸੀ ਕੋਊ ਜੋਗੀ ਭਇਓ
ਕੋਊ ਬ੍ਰਹਮਚਾਰੀ ਕੋਊ ਜਤੀ ਅਨਮਾਨਬੋ॥
ਹਿੰਦੂ ਤੁਰਕ ਕੋਊ ਰਾਫਜ਼ੀ ਇਮਾਮਸਾਫੀ॥
ਮਾਨਸਕੀ ਜਾਤ ਸਭੈ ਏਕੈ ਪਹਿਚਾਨਬੋ॥[71]

ਸ਼ਕਤੀ ਦੀ ਗਲੋਬਲ ਪ੍ਰਾਸੰਗਿਕਤਾ ਇਸ ਪੱਖੋਂ ਵੀ ਹੈ ਕਿ ਇਸ ਦੇ ਚਿੰਤਨ ਵਿੱਚ ਉੱਤਰ ਆਧੁਨਿਕ ਸੋਚ ਦੇ ਬੁਨਿਆਦੀ ਲੱਛਣ ਦ੍ਰਿਸ਼ਟੀਗੋਚਰ ਹੁੰਦੇ ਹਨ। ਮਿਸਾਲ ਵਜੋਂ ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਵਿਚ ਕਿਸੇ ਧਰਮ ਜਾਂ ਿ ਰਕੇ ਦੀ ਨਿਖੇਧੀ ਨਹੀਂ ਕੀਤੀ ਗਈ ਬਲਕਿ ਹਰ ਧਾਰਮਿਕ ਜੀਵਨ-ਜਾਚ ਦਾ ਆਦਰ ਕਰਦਿਆਂ ਉਸ ਨਾਲ ਬਰਾਬਰੀ ਦੇ ਧਰਾਤਲ ਉਤੇ ਸੰਵਾਦ ਰਚਾਉਣ ਦੀ ਚੇਸ਼ਟਾ ਕੀਤੀ ਗਈ ਹੈ:

ਏਕੈ ਨੈਨ ਏਕੈ ਕਾਨ ਏਕੈ ਦੇਹ ਏਕੈ ਬਾਨ।।
ਖਾਕ ਬਾਦ ਆਤਮ ਔ ਆਬ ਕੋ ਰਲਾਉ ਹੈ।।
ਅਲਹ ਅਭੇਖ ਸੋਈ ਪੁਰਾਨ ਔ ਕੁਰਾਨ ਓਈ।।
ਏਕ ਹੀ ਸਰੂਪ ਸਭੈ ਏਕ ਹੀ ਬਨਾਉ ਹੈ।।[72]

ਅਰਥਾਤ ਜਦੋਂ ਜਗਤ ਵਿਚਲੇ ਸਭ ਪ੍ਰਾਣੀਆਂ ਦੇ ਇਕੋ ਜਿਹੀਆਂ ਅੱਖਾਂ, ਇਕੋ ਜਿਹੇ ਕੰਨ, ਇਕੋ ਜਿਹੇ ਸ਼ਰੀਰ ਅਤੇ ਇਕੋ ਜਿਹੀਆਂ ਆਦਤਾਂ ਹਨ ਤਾਂ ਫਿਰ ਉਹ ਅਲਗ-ਅਲਗ ਕਿਵੇਂ ਹੋਏ। ਮੁਸਲਮਾਨਾਂ ਦਾ ਅਲਾਹ ਅਤੇ ਹਿੰਦੂਆਂ ਦਾ ਅਭੇਖ ਦੋਵੇਂ ਇਕੋ ਹਨ। ਹਿੰਦੂਆਂ ਦੇ ਪੁਰਾਨ ਅਤੇ ਮੁਸਲਮਾਨਾਂ ਦੇ ਪਵਿੱਤਰ ਕੁਰਾਨ ਦੋਵੇਂ ਇਕੋ ਸਚਾਈ ਦੀ ਗੱਲ ਕਰਦੇ ਹਨ। ਇਹ ਸਾਰੇ ਇਕੋ ਸਰੂਪ ਵਾਲੇ ਪਰਮਾਤਮਾ ਦੀ ਗੱਲ ਕਰਦੇ ਹਨ। ਜਦ ਸਚਾਈ ਇਕ ਹੈ ਫਿਰ ਜਗਤ ਵਿਚ ਵੰਡੀਆਂ ਤਾਂ ਆਮ ਮਨੁੱਖ ਦੀ ਘਾੜਤ ਹਨ। ਅਜ ਜੇ ਗੁਰੂ ਗੋਬਿੰਦ ਸਿੰਘ ਜੀ ਆਪਣੀਆਂ ਰਚਨਾਵਾਂ ਤੇ ਅਮਲ ਕਰੀਏ ਤਾਂ ਸਮਾਜ ਵਿਚ ਮਨੁੱਖੀ ਭੇਦ-ਭਾਵ ਦਾ ਪਾੜਾ ਘਟ ਸਕਦਾ ਹੈ। ਜੇਕਰ ਉਸ ਸਿਧਾਂਤ ਤੇ ਚਲਿਆ ਜਾਵੇ ਤਾਂ ਯਕੀਨਨ ਅਜ ਦੁਨੀਆਂ ਭਰ ਵਿਚ ਸਾਰੇ ਝਗੜੇ-ਝੇੜਿਆਂ ਨੂੰ ਖਤਮ ਕੀਤਾ ਜਾ ਸਕਦਾ ਹੈ।

ਗੁਰੂ ਗੋਬਿੰਦ ਸਿੰਘ ਜੀ ਦੀ ਵਿਸ਼ਵ ਦ੍ਰਿਸ਼ਟੀ ਉਤਰ-ਆਧੁਨਿਕ ਸੋਚ ਦੀ ਬਿਹਤਰੀਨ ਮਿਸਾਲ ਮੰਨੀ ਜਾ ਸਕਦੀ ਹੈ। ਗੁਰੂ ਗੋਬਿੰਦ ਸਿੰਘ ਜੀ ਮਨੁੱਖੀ ਏਕਤਾ ਅਤੇ ਭਾਈਚਾਰੇ ਦੀ ਭਾਵਨਾ ਸਪਸ਼ਟ ਕਰਦੇ ਹਨ। ਇਸ ਮੰਤਵ ਲਈ ਗੁਰੂ ਗੋਬਿੰਦ ਸਿੰਘ ਜੀ ਦੀਆਂ ਕੁਝ ਪੰਗਤੀਆਂ:

ਦੇਹੁਰਾ ਮਸੀਤ ਸੋਈ ਪੂਜਾ ਔ ਨਿਵਾਜ ਓਈ
ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਉ ਹੈ॥
ਦੇਵਤਾ ਅਦੇਵ ਜੱਛ ਗੰਧ੍ਰਬ ਤੁਰਕ ਹਿੰਦੂ
ਨਿਯਾਰੇ ਨਿਯਾਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈ॥
ਏਕੈ ਨੈਨ ਏਕੈ ਕਾਨ ਏਕੈ ਦੇਹ ਏਕੈ ਬਾਨ
ਖਾਕ ਬਾਦ ਆਤਸ਼ ਔ ਆਬ ਕੋ ਰਲਾਉ ਹੈ॥
ਅਲਹ ਅਭੇਖ ਸੋਈ ਪੁਰਾਨ ਔ ਕੁਰਾਨ ਓਈ
ਏਕ ਹੀ ਸਰੂਪ ਸਭੈ ਏਕ ਹੀ ਬਨਾਉ ਹੈ॥[73]

ਸਪਸ਼ਟ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੀ ਇਹ ਦ੍ਰਿਸ਼ਟੀ ਭਿੰਨਤਾਵਾਂ ਅਤੇ ਵਿਲੱਖਣਤਾਵਾਂ ਦਾ ਆਦਰ ਕਰਨ ਵਾਲੀ ਅਤੇ ਉਤਰ-ਆਧੁਨਿਕ ਸੋਚ ਦੀ ਪ੍ਰਤੀਨਿਧਤਾ ਕਰਦੀ ਹੈ। ਸ਼ਕਤੀ ਜਿਥੇ ਸ਼ਾਸਤਰਾਂ ਵਿਚ ਵਿਦਮਾਨ ਹੈ, ਉਥੇ ਸ਼ਸਤਰਾਂ ਵਿਚ ਵੀ ਮੌਜੂਦ ਹੈ ਅਤੇ ਸ਼ਕਤੀ ਮਨੁੱਖ ਦੇ ਵਿਹਾਰਿਕ ਰੂਪ ਵਿਚ ਵੀ ਵਿਦਮਾਨ ਹੈ:

ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ॥[74]

ਗੁਰੂ ਗੋਬਿੰਦ ਸਿੰਘ ਜੀ ਜਿਥੇ ਚਿੰਤਨ ਅਤੇ ਚੇਤਨਾ ਵਿਚ ਨਵੇਂ ਪ੍ਰਤਿਮਾਨ ਸਿਰਜ ਰਹੇ ਸਨ, ਉਥੇ ਆਪ ਆਪਣੀ ਪੂਰਬਲੀ ਪਰੰਪਰਾ ਨੂੰ ਵੀ ਨਵਾਂ ਪ੍ਰਵਚਨ ਦੇ ਰਹੇ ਸਨ। ਇਹ ਨਵੇਂ ਪ੍ਰਤੀਮਾਨ ਅਤੇ ਪ੍ਰਵਚਨ ਏਨੇ ਵਿਹਾਰਕ ਅਤੇ ਭਵਿੱਖਮੁਖੀ ਸਨ ਕਿ ਇਨ੍ਹਾਂ ਦੀ ਪ੍ਰਾਸੰਗਿਕਤਾ ਵਰਤਮਾਨ ਵਿਚ ਵੀ ਬੜੀ ਮੁੱਲਵਾਨ ਹੈ। ਭਾਰਤੀ ਇਤਿਹਾਸ, ਚਿੰਤਨ ਅਤੇ ਚੇਤਨਾ ਵਿਚ ਗੁਰੂ ਗੋਬਿੰਦ ਸਿੰਘ ਦੀ ਸ਼ਮੂਲੀਅਤ ਨਾਲ ਜਿਹੜਾ ਨਵਾਂ ਅਧਿਆਇ ਸ਼ੁਰੂ ਹੋਇਆ ਸੀ, ਉਸ ਨੇ ਸਮੁੱਚੇ ਹਿੰਦੁਸਤਾਨ ਦੀ ਹੋਣੀ ਨੂੰ ਨਵੇਂ ਕਾਲ ਨਾਲ ਜੋੜ ਦਿੱਤਾ ਸੀ। ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾਤਮਕ ਸ਼ਕਤੀ ਦਾ ਰਹੱਸ ਇਹ ਸੀ ਕਿ ਉਨ੍ਹਾਂ ਨੇ ਸਾਰੇ ਸੰਕਲਪਾਂ ਨੂੰ ਵਿਹਾਰਕ ਝਰੋਖੇ ਚੋਂ ਚਿਤਵਿਆ ਅਤੇ ਇਤਿਹਾਸ ਦੀ ਗਤੀ ਵਿਚ ਢਾਲ ਦਿੱਤਾ। ਇਹੀ ਕਾਰਨ ਹੈ ਕਿ ਇਤਿਹਾਸ ਦਾ ਕਾਲ ਖੰਡ ਭਾਰਤੀਆਂ ਦੇ ਗੌਰਵ ਅਤੇ ਸ੍ਵੈ-ਮਾਣ ਦਾ ਪ੍ਰਤੀਕ ਮੰਨਿਆ ਗਿਆ ਹੈ।[75]

ਅਜੋਕੀਆਂ ਵਿਸ਼ਵ ਸੱਮਸਿਆਵਾਂ ਦੇ ਹਲ ਲਈ ਅਤੇ ਮਨੁੱਖਤਾ ਦੇ ਸਰਬਪੱਖੀ ਵਿਕਾਸ ਦਾ ਕੋਈ ਨਵਾਂ ਮਾਡਲ ਲੱਭਣ ਦੀ ਲੋੜ ਹੈ ਅਤੇ ਇਹ ਮਾਡਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਵਿਚੋਂ ਲਭਿਆ ਜਾ ਸਕਦਾ ਹੈ, ਜਿਸ ਤਰ੍ਹਾਂ ਦੇ ਅੱਜ ਸੰਸਾਰਿਕ ਪੱਧਰ ਦੇ ਹਾਲਾਤ ਬਣੇ ਹੋਏ ਹਨ, ਬਿਲਕੁਲ ਉਸੇ ਤਰ੍ਹਾਂ ਦੇ ਹੀ ਪੰਦਰਵੀਂ ਸਦੀ ਵਿਚ ਭਾਰਤ ਦੇ ਰਾਜਨੀਤਕ, ਸਮਾਜਿਕ, ਧਾਰਮਿਕ ਅਤੇ ਆਰਥਿਕ ਹਾਲਾਤ ਸਨ। ਗੁਰੂ ਗੋਬਿੰਦ ਸਿੰਘ ਜੀ ਨੇ ਉਸ ਵੇਲੇ ਨੂੰ ਇਕ ਸਾਂਝਾ ਅਤੇ ਬਰਾਬਰਤਾ ਵਾਲਾ ਮਨੁੱਖੀ ਜੀਵਨ ਜਾਚ ਦਾ ਸਿਧਾਂਤ ਦਿੱਤਾ ਹੈ।

ਸਮੁਚੇ ਤੌਰ ਤੇ ਆਖਿਆ ਜਾ ਸਕਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਵਿਚਲਾ ਸ਼ਕਤੀ ਦਾ ਸੰਕਲਪ ਸਾਡੇ ਸਾਹਿਤ ਸਭਿਆਚਾਰ ਦੀ ਅਜਿਹੀ ਵਡਮੁਲੀ ਵਿਰਾਸਤ ਹੈ ਜਿਸ ਨੇ ਮੱਧਕਾਲੀਨ ਪੰਜਾਬੀ ਸਾਹਿਤ ਚਿੰਤਨ ਅਤੇ ਭਾਰਤੀ ਸਮਾਜ ਸਭਿਆਚਾਰ ਨੂੰ ਨਰੋਈਆਂ ਲੀਹਾਂ ਉਤੇ ਉਸਾਰਨ ਲਈ ਕ੍ਰਾਂਤੀਕਾਰੀ ਅਤੇ ਮਾਨਵ-ਹਿਤਕਾਰੀ ਵਿਸ਼ਵ-ਦ੍ਰਿਸ਼ਟੀ ਪ੍ਰਦਾਨ ਕੀਤੀ। ਸ਼ਕਤੀ ਦਾ ਇਹ ਸੰਕਲਪ ਅੰਤਰ-ਸਭਿਆਚਾਰਕ ਅਤੇ ਅੰਤਰ ਧਾਰਮਿਕ ਸੰਵਾਦ ਦਾ ਅਜਿਹਾ ਢੁੱਕਵਾਂ ਮਾਡਲ ਪੇਸ਼ ਕਰਦਾ ਹੈ ਜੋ ਵਿਸ਼ਵ-ਵਿਆਪੀ ਪੱਧਰ ਉਤੇ ਵੀ ਸਾਰਥਕ ਅਤੇ ਪ੍ਰਾਸੰਗਿਕ ਹੈ।

## ਹਵਾਲੇ ਤੇ ਟਿੱਪਣੀਆਂ


1. ਮਨੁ ਸਿਮ੍ਰਿਤੀ, 11-36, 5-155
2. ਉਜਾਗਰ ਸਿੰਘ ਸਹਿਗਲ, ਗੋਰਖਬਾਣੀ, ਪੰਨਾ 149
3. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1013
4. ਉਜਾਗਰ ਸਿੰਘ ਸਹਿਗਲ, ਗੋਰਖਬਾਣੀ
5. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 419
6. ਉਹੀ, ਪੰਨਾ 473
7. ਸੰਤਾ ਸਿੰਘ ਤਤਲੇ, ਗੁਰਬਾਣੀ ਤੱਤ ਸਾਗਰ, ਭਾਗ 2, ਪੰਨਾ 171
8. ਉਹੀ, ਪੰਨਾ 472
9. ਭਾਈ ਗੁਰਦਾਸ, ਵਾਰ 29, ਪਉੜੀ 11
10. ਉਹੀ, ਵਾਰ 6, ਪਉੜੀ 8
11. ਉਹੀ, ਵਾਰ 5, ਪਉੜੀ 16
12. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 787
13. ਭਾਈ ਚੌਪਾ ਸਿੰਘ, ਕ੍ਰਿਤ ਰਹਿਤਨਾਮਾ, ਗੁਰਮਤ ਸੁਧਾਕਰ, ਪੰਨਾ 495
14. ਸ੍ਰੀ ਦਸਮ ਗ੍ਰੰਥ, ਪੰਨਾ 833
15. ਉਹੀ, ਪੰਨਾ 121
16. ਉਹੀ, ਪੰਨਾ 836

17. ਉਹੀ, ਪੰਨਾ 947, 948

18. ਉਹੀ, ਪੰਨਾ 989

19. ਉਹੀ, ਪੰਨਾ 998, 999

20. ਉਹੀ, ਪੰਨਾ1●16

21. ਉਹੀ, ਪੰਨਾ 1●36

22. ਉਹੀ, ਪੰਨਾ 1●69, 1●7●

23. ਜਸਪਾਲ ਸਿੰਘ, ਵਾਰਤਕ ਵਿਵੇਕ ਪੰਨਾ ●5

24. ਸਿਮਰਨ ਕੌਰ, ਪ੍ਰਸਿੱਧ ਸਿੱਖ ਬੀਬੀਆਂ, ਪੰਨਾ 33

25. ਉਹੀ, ਪੰਨਾ 139.

26. ਸਰਬਲੋਹ ਗ੍ਰੰਥ

27. ਸ੍ਰੀ ਦਸਮ ਗ੍ਰੰਥ, ਪੰਨਾ 717

28. ਉਹੀ, ਪੰਨਾ 19

29. ਉਹੀ, ਪੰਨਾ 19

30. ਉਹੀ, ਪੰਨਾ 1386

31. ਉਹੀ, ਪੰਨਾ 139●

32. ਉਹੀ, ਪੰਨਾ 57−58

33. ਉਹੀ, ਪੰਨਾ 45

34. ਉਹੀ, ਪੰਨਾ 45

35. ਉਹੀ, ਪੰਨਾ 39

36. ਉਹੀ, ਪੰਨਾ 39

37. ਡਾ. ਅੰਮ੍ਰਿਤਪਾਲ ਕੌਰ, ਦਸਮ ਗੁਰੂ ਬਰਣੀ ਸੰਚਾਰ, ਪੰਨਾ 36

38. ਸ੍ਰੀ ਦਸਮ ਗ੍ਰੰਥ, ਪੰਨਾ 99

39. ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਪੰਨਾ 171

40. ਉਹੀ, ਪੰਨਾ 171

41. ਡਾ. ਪ੍ਰੇਮ ਪ੍ਰਕਾਸ਼ ਸਿੰਘ (ਡਾ.), ਗੁਰੂ ਨਾਨਕ ਤੇ ਨਿਰਗੁਣ ਧਾਰਾ, ਪੰਨਾ 255

42. ਡਾ. ਰਤਨ ਸਿੰਘ ਜੱਗੀ (ਡਾ.), ਗੁਰੂ ਨਾਨਕ ਦੀ ਵਿਚਾਰਧਾਰਾ, ਪੰਨਾ 439

43. ਦਿਲਹੁ ਮੁਹਬਤਿ ਜਿਨਿ ਸੇਈ ਸਚਿਆ॥ ਜਿਨ ਮਨਿ ਹੋਰ ਮੁਖਿ ਹੋਰ ਸੇ ਕਾਂਢੇ ਕਚਿਆ॥

44. ਸ੍ਰੀ ਦਸਮ ਗ੍ਰੰਥ, ਪੰਨਾ 1314

45. ਬਲਕਾਰ ਸਿੰਘ (ਸੰਪਾ.) ਸੇਵਾ ਦਾ ਸਿੱਖ ਸੰਕਲਪ, ਪੰਨਾ 78

46. ਸ੍ਰੀ ਦਸਮ ਗ੍ਰੰਥ, ਪੰਨਾ 54

47. ਡਾ. ਜਸਪਾਲ ਕੌਰ ਕਾਂਗ, ਮਧਕਾਲੀ ਪੰਜਾਬੀ ਸਾਹਿਤ ਵਿਵੇਕ, ਪੰਨਾ 86

48. ਦਿਲਜੀਤ ਸਿੰਘ ਬੇਦੀ (ਸੰਪਾ.), ਦਸਮ ਪਾਤਸ਼ਾਹ ਦਾ ਵਿਸ਼ਵ ਦ੍ਰਿਸ਼ਟੀਕੌਣ, ਪੰਨਾ 1●3

49. ਡਾ. ਸ਼ੇਰ ਸਿੰਘ, ਗੁਰਮਤਿ ਫ਼ਿਲਾਸਫ਼ੀ, ਪੰਨਾ 258

50. ਬਲਕਾਰ ਸਿੰਘ, ਸੇਵਾ ਦਾ ਸਿੱਖ ਸੰਕਲਪ, ਪੰਨਾ 25

51. ਮਹਾਨ ਕੋਸ਼, ਪੰਨਾ 462

52. ਬਲਕਾਰ ਸਿੰਘ (ਸੰਪਾ.) ਸੇਵਾ ਦਾ ਸਿੱਖ ਸੰਕਲਪ, ਪੰਨਾ 27

53. ਸ੍ਰੀ ਦਸਮ ਗ੍ਰੰਥ, ਪੰਨਾ 7

54. ਉਹੀ, ਪੰਨਾ 2

55. ਉਹੀ, ਪੰਨਾ 5

56. ਉਹੀ, ਪੰਨਾ 7

57. ਉਹੀ, ਪੰਨਾ 1

58. ਉਹੀ, ਪੰਨਾ 11

59. ਉਹੀ, ਪੰਨਾ 7

60. ਉਹੀ, ਪੰਨਾ 1386-1387

61. ਉਹੀ, ਪੰਨਾ 34

62. ਉਹੀ, ਪੰਨਾ 5

63. ਉਹੀ, ਪੰਨਾ 5

64. ਉਹੀ, ਪੰਨਾ 9

65. ਡਾ. ਜਗਬੀਰ ਸਿੰਘ, ਗੁਰਮਤਿ ਕਾਵਿ ਸਿਧਾਂਤ ਤੇ ਵਿਹਾਰ, ਪੰਨਾ 66

66. ਸ੍ਰੀ ਦਸਮ ਗ੍ਰੰਥ, ਪੰਨਾ 842

67. ਉਹੀ, ਪੰਨਾ 121

68. ਉਹੀ, ਪੰਨਾ 139●

69. ਸਰਬਲੋਹ ਗ੍ਰੰਥ

70. ਡਾ. ਜਸਪਾਲ ਕੌਰ ਕਾਂਗ, ਮਧਕਾਲੀ ਪੰਜਾਬੀ ਸਾਹਿਤ ਵਿਵੇਕ, ਪੰਨਾ 8●

71. ਉਹੀ, ਪੰਨਾ 87

72. ਸ੍ਰੀ ਦਸਮ ਗ੍ਰੰਥ, ਪੰਨਾ 19

73. ਉਹੀ, ਪੰਨਾ 19

74. ਉਹੀ, ਪੰਨਾ 19

75. ਡਾ. ਜਸਪਾਲ ਕੌਰ ਕਾਂਗ, ਮਧਕਾਲੀ ਪੰਜਾਬੀ ਸਾਹਿਤ ਵਿਵੇਕ, ਪੰਨਾ 8●

## ਅਧਿਆਇ ਪੰਜਵਾਂ

# 5. ਗੁਰੂ ਗੋਬਿੰਦ ਸਿੰਘ ਦੀਆਂ ਰਚਨਾਵਾਂ ਵਿਚ ਸ਼ਕਤੀ ਦਾ ਸਾਹਿਤਕ ਪਰਿਪੇਖ (ਅਭਿਵਿਅਕਤੀ ਦਾ ਸਰੂਪ)

5.1. ਭਾਸ਼ਾ ਅਤੇ ਸ਼ਬਦਾਵਲੀ

5.2. ਅਲੰਕਾਰ ਯੋਜਨਾ

5.3. ਬਿੰਬ ਵਿਧਾਨ

5.4. ਛੰਦ ਪ੍ਰਬੰਧ

5.5. ਰਾਗ ਪ੍ਰਬੰਧ

5.6. ਰਸ ਵਿਧਾਨ

5.7. ਪ੍ਰਤੀਕ ਯੋਜਨਾ

5.8. ਬਿਰਤਾਂਤ ਸਿਰਜਣਾ

5.9. ਪਾਤਰ ਚਿਤਰਨ

5.1●. ਸੰਵਾਦ ਜੁਗਤ

5.11. ਸ਼ਸਤਰ ਯੋਜਨਾ

5.12. ਕਾਵਿ ਸ਼ੈਲੀ

# ਅਧਿਆਇ ਪੰਜਵਾਂ

## ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਵਿੱਚ ਸ਼ਕਤੀ ਦੇ ਸੰਕਲਪ ਦੀ ਅਭਿਵਿਅਕਤੀ ਨਾਲ ਜੁੜੀਆਂ ਕਲਾਤਮਕ ਜੁਗਤਾਂ ਦਾ ਅਧਿਐਨ

ਪਿਛਲੇ ਅਧਿਆਇ ਵਿਚ ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਵਿਚ ਸ਼ਕਤੀ ਦੇ ਨਵ ਸਿਰਜਿਤ ਸ੍ਰੋਤ ਬਿੰਦੂਆਂ ਅਧੀਨ ਔਰਤ ਦੇ ਇਨਕਲਾਬੀ ਸਰੂਪ ਦੀ ਪੇਸ਼ਕਾਰੀ, ਮਨੁੱਖ ਦਾ ਸੰਤ ਸਿਪਾਹੀ ਸਰੂਪ, ਸਰਵ ਵਿਆਪਕ ਰਬ ਦੀ ਸੰਕਲਪਨਾ, ਸ਼ਕਤੀ ਦਾ ਸੇਵਾ ਵਿਚ ਰੁਪਾਂਤਰਣ ਅਤੇ ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਵਿਚ ਸ਼ਕਤੀ ਦਾ ਸੰਕਲਪ ਅਤੇ ਇਸਦੀ ਸਮਕਾਲੀਨ ਪ੍ਰਾਸੰਗਿਕਤਾ ਵਿਸ਼ਿਆਂ ਨੂੰ ਪੇਸ਼ ਕਰਨ ਦਾ ਯਤਨ ਕੀਤਾ ਗਿਆ ਸੀ। ਹਥਲੇ ਅਧਿਆਇ ਵਿਚ ਸ਼ਕਤੀ ਦੇ ਇਸ ਪ੍ਰਚੰਡ ਰੂਪ ਦੇ ਸਾਹਿਤਕ ਪਰਿਪੇਖ (ਅਭਿਵਿਅਕਤੀ) ਦੇ ਸਰੂਪ ਨੂੰ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ।

ਗੁਰੂ ਨਾਨਕ, ਗੁਰੂ ਅਰਜਨ ਅਤੇ ਪਿਤਾ ਗੁਰੂ ਤੇਗ ਬਹਾਦਰ ਜੀ ਪਾਸੋਂ ਗੁਰੂ ਗੋਬਿੰਦ ਸਿੰਘ ਜੀ ਨੇ ਅਧਿਆਤਮਿਕ ਚੇਤਨਾ ਅਤੇ ਬਾਣੀ ਵਿਰਸੇ ਵਿਚੋਂ ਪ੍ਰਾਪਤ ਕੀਤੀ। ਵਿਹਾਰਕ ਕਰਮਯੋਗ ਅਤੇ ਸਾਹਿਤ ਦੇ ਅਧਿਅਨ-ਮਨਨ ਦੀ ਪ੍ਰਵਿਰਤੀ ਆਪ ਜੀ ਦੇ ਮਹਾਨ ਵਿਅਕਤੀਤਵ ਦਾ ਅਭਿੰਨ ਅੰਗ ਸਨ। ਗੁਰੂ ਗੋਬਿੰਦ ਸਿੰਘ ਜੀ ਨੇ ਸਮਾਜ ਵਿਚ ਉਚੇਰੀ ਸਭਿਆਚਾਰਕ ਚੇਤਨਾ ਜਗਾਉਣ ਦੀ ਇੱਛਾ ਨਾਲ ਮਹਾਨ ਸਾਹਿਤਕ ਰਚਨਾਵਾਂ ਦੀ ਰਚਨਾ ਕੀਤੀ ਅਤੇ ਅਨੇਕਾਂ ਕਵੀਆਂ ਨੂੰ ਆਪਣੇ ਦਰਬਾਰ ਵਿਚ ਆਮੰਤਰਿਤ ਕਰਕੇ ਸੰਸਕ੍ਰਿਤ ਦੇ ਪ੍ਰਾਚੀਨ ਗ੍ਰੰਥਾਂ ਦਾ ਅਨੁਵਾਦ ਵੀ ਕਰਵਾਇਆ। ਆਪਦੀਆਂ ਰਚਨਾਵਾਂ ਸ੍ਰੀ ਦਸਮ ਗ੍ਰੰਥ ਵਿਚ ਦਰਜ ਹਨ। ‘ਦਸਮ ਗ੍ਰੰਥ’ ਉਤਰ ਮੱਧ-ਕਾਲ ਦੀ ਮਹੱਤਵਪੂਰਨ ਕਾਵਿ ਕ੍ਰਿਤ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਬਾਅਦ ‘ਦਸਮ ਗ੍ਰੰਥ’ ਹੀ ਭਾਸ਼ਾ ਅਤੇ ਵਿਸ਼ੇ ਪੱਖ ਤੋਂ ਉੱਤਰ ਭਾਰਤ ਦਾ ਪ੍ਰਤੀਨਿਧ, ਇਤਿਹਾਸਕ, ਸਭਿਆਚਾਰਕ ਅਤੇ ਸਾਹਿਤਿਕ ਗਿਆਨ ਗ੍ਰੰਥ ਹੈ ਜਿਸ ਦੀਆਂ ਰਚਨਾਵਾਂ ਕਈ ਭਾਸ਼ਾਵਾਂ ਵਿਚ ਰਚੀਆਂ ਗਈਆਂ ਹਨ। ਇਹ ਰਚਨਾਵਾਂ ਕਲਾਤਮਕ ਵਿਸ਼ੇਸ਼ਤਾਵਾਂ ਨਾਲ

ਭਰਪੂਰ ਹਨ, ਜਿਹਨਾਂ ਤੱਕ ਪਹੁੰਚਣਾ ਇਸ ਅਧਿਆਇ ਦਾ ਮਨੋਰਥ ਹੈ। ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਦੀਆਂ ਕਲਾਤਮਕ ਜੁਗਤਾਂ ਦੇ ਕੁਝ ਕੁ ਵਿਸ਼ੇਸ਼ ਪਹਿਲੂਆਂ ਦਾ ਵਰਣਨ ਇਸ ਪ੍ਰਕਾਰ ਹੈਃ

### 5.1. ਭਾਸ਼ਾ ਅਤੇ ਸ਼ਬਦਾਵਲੀਃ

ਭਾਸ਼ਾ ਦੀ ਦ੍ਰਿਸ਼ਟੀ ਤੋਂ ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਦਾ ਵਿਸ਼ੇਸ਼ ਮਹੱਤਵ ਹੈ। ਗੁਰੂ ਗੋਬਿੰਦ ਸਿੰਘ ਜੀ ਆਪਣੇ ਸਮੇਂ ਦੀਆਂ ਤਿੰਨ ਭਾਸ਼ਾਵਾਂ ਦਾ ਗਿਆਨ ਰਖਦੇ ਸਨ। ਆਪ ਫ਼ਾਰਸੀ ਦੇ ਵਿਦਵਾਨ ਸਨ ਜੋ ਕਿ ਉਸ ਸਮੇਂ ਦੀ ਰਾਜ ਭਾਸ਼ਾ ਸੀ। ਪੰਜਾਬੀ ਆਪ ਦੀ ਮਾਂ-ਬੋਲੀ ਸੀ। ਗੁਰੂ ਗੋਬਿੰਦ ਸਿੰਘ ਜੀ ਦਾ ਜ਼ਿਆਦਾਤਰ ਸੰਪਰਕ ਪੰਜਾਬੀ ਨਾਲ ਹੀ ਰਿਹਾ ਪ੍ਰੰਤੂ ਆਪਦਾ ਸਬੰਧ ਅਫਗਾਨਿਸਤਾਨ ਤੋਂ ਲੈ ਕੇ ਮਹਾਰਾਸ਼ਟਰ ਤੱਕ ਅਤੇ ਸਿੰਧ ਤੋਂ ਲੈ ਕੇ ਆਸਾਮ ਤਕ ਫੈਲਿਆ ਹੋਇਆ ਸੀ। ਇਸ ਲਈ ਆਪ ਦੀਆਂ ਰਚਨਾਵਾਂ ਵਿਚ ਬ੍ਰਜੀ ਦਾ ਰੰਗ ਵੀ ਵਿਸ਼ੇਸ਼ ਰੂਪ ਵਿਚ ਦੇਖਿਆ ਜਾ ਸਕਦਾ ਹੈ। ਬ੍ਰਜੀ ਭਾਸ਼ਾ ਉਸ ਸਮੇਂ ਤਕ ਭਾਰਤ ਦੇ ਜ਼ਿਆਦਾਤਰ ਹਿੱਸੇ ਦੀ ਕਾਵਿ-ਭਾਸ਼ਾ ਬਣੀ ਹੋਈ ਸੀ। ਡਾ. ਸੁਰਿੰਦਰ ਸਿੰਘ ਕੋਹਲੀ ਵੀ ਇਸ ਸੰਬੰਧ ਵਿਚ ਕਹਿੰਦੇ ਹਨ ਕਿ, ਗੋਬਿੰਦ ਸਿੰਘ ਜੀ ਦਾ ਬ੍ਰਜ ਭਾਸ਼ਾ ਉਤੇ ਅਧਿਕਾਰ ਦੇਖ ਕੇ ਇਹ ਪ੍ਰਤੀਤ ਹੁੰਦਾ ਹੈ ਕਿ ਉਨ੍ਹਾਂ ਨੇ ਇਸ ਭਾਸ਼ਾ ਦਾ ਬਹੁਤ ਸਾਰਾ ਸਾਹਿਤ ਜੀਵਨ ਦੇ ਮੁੱਢਲੇ ਵਰ੍ਹਿਆਂ ਵਿਚ ਪੜ੍ਹ ਲਿਆ ਸੀ। ਉਨ੍ਹਾਂ ਦੇ ਦਰਬਾਰ ਵਿਚ ਬਵੰਜਾ ਕਵੀ ਸੁਸਜਿਤ ਸਨ ਅਤੇ ਉਹ ਜ਼ਿਆਦਾਤਰ ਬ੍ਰਜ ਭਾਸ਼ਾ ਵਿਚ ਆਪਣੀ ਲਿਖਤ ਰਚਨਾ ਕਰ ਰਹੇ ਸਨ, ਉਸ ਸਮੇਂ ਆਪ ਬ੍ਰਜ ਭਾਸ਼ਾ ਦੇ ਨਾਲ-ਨਾਲ ਸੰਸਕ੍ਰਿਤ, ਅਰਬੀ ਅਤੇਂ ਾਰਸੀ ਵਿਚ ਰਚਨਾ ਕਰ ਦਿੰਦੇ ਸਨ। ਅਰਬੀਂ ਾਰਸੀ ਦੇ ਸ਼ਬਦ ਅਤੇ ਪਦ ਉਨ੍ਹਾਂ ਦੀਆਂ ਹੋਰ ਰਚਨਾਵਾਂ ਵਿਚ ਵੀ ਉਪਲੱਬਧ ਹਨ। ਇਸ ਸੰਬੰਧ ਵਿਚ ਜਾਪੁ ਦਾ ਨਾਂ ਲਿਆ ਜਾ ਸਕਦਾ ਹੈ। 'ਜਾਪੁ' ਵਿਚਲੇ ਭਾਸ਼ਾ ਦੇ ਪ੍ਰਯੋਗ ਤੋਂ ਇਹ ਸਪਸ਼ਟ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਨੇ ਸਭ ਤੋਂ ਪਹਿਲਾਂ ਭਾਸ਼ਾ ਦੀ ਸੰਕੀਰਣਤਾ ਦਾ ਤਿਆਗ ਕੀਤਾ ਹੈ। ਸੰਸਕ੍ਰਿਤ ਹਿੰਦੂਆਂ ਦੀ ਪਵਿੱਤਰ ਭਾਸ਼ਾ ਸਮਝੀ ਜਾਂਦੀ ਹੈ ਜਿਸ ਵਿਚ ਵੇਦ, ਉਪਨਿਸ਼ਦ ਤੇ ਪੁਰਾਣ ਆਦਿ ਲਿਖੇ ਗਏ ਹਨ। ਅਰਬੀ,ਂ ਾਰਸੀ ਮੁਸਲਮਾਨਾਂ ਦੀ ਜ਼ੁਬਾਨ ਮੰਨੀ ਜਾਂਦੀ ਹੈ ਜਿਸ

ਵਿਚ ਕੁਰਾਨ ਸ਼ਰੀਫ਼ ਲਿਖਿਆ ਗਿਆ ਹੈ ਪਰ ਗੁਰੂ ਗੋਬਿੰਦ ਸਿੰਘ ਜੀ ਨੇ ਇਨ੍ਹਾਂ ਸਭ ਬੰਧਨਾਂ ਨੂੰ ਛੱਡ ਕੇ ਆਪਣੀ ਇਸ ਸਿਰਮੌਰ ਰਚਨਾ ਵਿਚ ਨਾ ਕੇਵਲ ਸੰਸਕ੍ਰਿਤ ਦੀ ਸ਼ਬਦਾਵਲੀ ਦੀ ਵਰਤੋਂ ਕੀਤੀ ਹੈ ਸਗੋਂ ਅਰਬੀ ਫ਼ਾਰਸੀ ਸ਼ਬਦਾਂ ਦਾ ਪ੍ਰਯੋਗ ਵੀ ਬੜੀ ਉਦਾਰਤਾ ਨਾਲ ਕੀਤਾ ਹੈ।"[1] ਗੁਰੂ ਗੋਬਿੰਦ ਸਿੰਘ ਜੀ ਦੁਆਰਾ ਪਰਮਾਤਮ ਸ਼ਕਤੀ ਦੇ ਸੰਕਲਪ ਨੂੰ ਸਪੱਸ਼ਟ ਕਰਨ ਲਈ ਵਰਤੇ ਵੱਖ-ਵੱਖ ਬੋਲੀਆਂ ਦੇ ਸ਼ਬਦ, ਉਨ੍ਹਾਂ ਦੇ ਹੱਥਾਂ ਵਿਚ ਆ ਕੇ ਹਥਿਆਰ ਬਣ ਗਏ ਹਨ।

'ਜਾਪੁ' ਦੀ ਭਾਸ਼ਾਈ ਅਤੇ ਪਾਠਤਮਕ ਵਿਸ਼ੇਸ਼ਤਾ ਅਤੇ ਵਿਲੱਖਣਤਾ ਹੈ ਕਿ ਇਸ ਵਿਚ ਨਾ ਸਿਰੰ ਸੰਸਕ੍ਰਿਤ ਦੀ ਸ਼ਬਦਾਵਲੀ ਦੀ ਵਰਤੋਂ ਕੀਤੀ ਗਈ ਹੈ ਬਲਕਿ ਅਰਬੀ ਅਤੇਂ ਾਰਸੀ ਸ਼ਬਦਾਂ ਦਾ ਪ੍ਰਯੋਗ ਵੀ ਬੜੀ ਉਦਾਰਤਾ ਨਾਲ ਕੀਤਾ ਗਿਆ ਹੈ। ਭਾਸ਼ਾ ਦੇ ਪ੍ਰਯੋਗ ਵਿਚ ਜੋ ਕਮਾਲ ਗੁਰੂ ਗੋਬਿੰਦ ਸਿੰਘ ਜੀ ਨੇ ਅਰਬੀ ਪਰਸਰਗ (ਉਲ) ਜਾਂ (ਅਲ) ਦੀ ਵਰਤੋਂ ਨਾਲ ਕੀਤਾ ਹੈ ਉਹ ਆਪਣੀ ਮਿਸਾਲ ਆਪ ਹੈ। ਆਪ ਨੇ ਇਸ ਦੀ ਵਰਤੋਂ ਕੇਵਲੰ ਾਰਸੀ ਸ਼ਬਦਾਂ ਦੇ ਸਮਾਸ ਬਣਾਉਣ ਲਈ ਹੀ ਨਹੀਂ ਕੀਤੀ ਸਗੋਂ ਅਨੇਕਾਂ ਸੰਸਕ੍ਰਿਤ ਸ਼ਬਦਾਂ ਨਾਲ ਵੀ ਕੀਤੀ ਹੈ, ਜਿਵੇਂ ਅਨੇਕੁਲ, ਸਦੈਵੁਲ, ਪ੍ਰਿਥੀਉਲ, ਸਮਸਤੁਲ ਅਤੇ ਸਰਬੁਲ ਆਦਿ ਸ਼ਬਦ। ਅਰਬੀਂ ਾਰਸੀ ਸਮਾਸ ਬਣਾਉਣ ਲਈ ਉਲ ਪਰਸਰਗ ਦੀ ਵਰਤੋਂ-ਗੇਬੁਲ-ਗੇਬ, ਅਫਵੁਲ-ਗੁਨਾਹ, ਤਮਾਮੁਲ-ਰਜੁ, ਹਿਰਾਸੁਲ-ਫਿਕੰਨ, ਜਿਮੀਨੁਲ -ਜਮਾ, ਅਮੀਕੁਲ-ਇਮਾ ਆਦਿ ਸ਼ਬਦ।[2]

ਮੁੱਖ ਤੋਰ ਤੇ ਜਾਪੁ ਦੀ ਭਾਸ਼ਾ ਬ੍ਰਿਜ ਭਾਸ਼ਾ ਹੈ ਪਰ ਜੇ ਧਿਆਨ ਨਾਲ ਦੇਖਿਆ ਜਾਵੇ ਤਾਂ ਜਾਪੁ ਵਿਚ ਸੰਸਕ੍ਰਿਤ ਤੇ ਪ੍ਰਾਕ੍ਰਿਤ ਦੇ ਤਤਸਮ ਤੇ ਤਦਭਵ ਸ਼ਬਦਾਂ ਦੀ ਵਰਤੋਂ ਵੀ ਕੀਤੀ ਗਈ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਭਾਸ਼ਾਈ ਨਿਪੁੰਨਤਾ ਦਾ ਸਬੂਤ ਦਿੰਦਿਆ ਆਰਬੀ ਫ਼ਾਰਸੀ ਸ਼ਬਦਾਂ ਨੂੰ ਨਾਂਹਵਾਚਕ ਬਣਾਉਣ ਲਈ 'ਨ' ਅਗੇਤਰਾਂ ਤੇ ਪਿਛੇਤਰਾਂ ਦੀ ਵੀ ਵਰਤੋਂ ਕੀਤੀ ਹੈ ਜਿਵੇਂ ਕਿ: ਅਗੇਤਰ 'ਅ' ਦੀ ਵਰਤੋਂ – ਅਕਾਲੇ, ਅਰੂਪੇ, ਅਭੇਖੇ, ਅਲੇਖੇ, ਅਕਾਏ, ਅਜਾਏ, ਅਗੰਜੇ, ਅਭੰਜੇ, ਅਨਾਮੇ, ਅਠਾਮੇ ਆਦਿ। ਪਿਛੇਤਰ 'ਹੀਨ' ਦੀ ਵਰਤੋਂ-ਕਾਲਹੀਨ, ਅੰਗਹੀਨ, ਆਦਿ।

ਜਾਪੁ ਦੇ ਸੂਖਮ ਵਿਸ਼ੇ ਨੂੰ ਸਥੂਲ ਰੂਪ ਦੇਣ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਅਨੇਕਾਂ ਪ੍ਰਤੀਕਾਤਮਕ ਸ਼ਬਦ ਵਰਤੇ ਹਨ ਜਿਵੇਂ: ਲੋਕ-ਮਾਤਾ, ਨਾਰਾਇਣੇ, ਸੱਚਦਾਨੰਦ, ਏਕ ਪੁਰਖ, ਗੁਬਿੰਦੇ, ਮੁਕੰਦੇ, ਇੰਦ੍ਰੈ, ਰਾਜਸੀ ਸ਼ਬਦਾਵਲੀ- ਮਹੀਪ, ਸਾਹੁ, ਸਾਹਾਣਿ, ਭੂਪ, ਭੂਪੇ, ਸ਼ਾਹ ਸ਼ਾਹੇ, ਰਾਜਾਨ ਰਾਜ, ਸ਼ਾਹਾਨਸ਼ਾਹ, ਰਾਜੰ, ਰਾਜੇਸ਼ਵਰ। ਜਾਪੁ ਵਿਚ ਅਨੇਕਾਂ ਸ਼ਬਦ ਅਜਿਹੇ ਵਰਤੇ ਹਨ ਜੋ ਪਰਿਵਾਰਕ ਸੰਬੰਧਾਂ ਦੇ ਲਖਾਇਕ ਹਨ ਜਿਵੇਂ: ਮਾਤਾ, ਪੋਤ੍ਰੈ, ਪੁੱਤ੍ਰੈ, ਤਾਤੇ, ਮਾਤੇ, ਨ੍ਰਿਸਾਕੰ, ਸਰੀਰ।[3]

**ਬਚਿੱਤ੍ਰ ਨਾਟਕ**: ਬਚਿਤ੍ਰ ਨਾਟਕ ਸਿਰਲੇਖ ਅਧੀਨ ਵਾਲੀ ਗੁਰੂ ਗੋਬਿੰਦ ਸਿੰਘ ਜੀ ਦੀ ਇਸ ਲਿਖਤ ਵਿਚ ਕਈ ਰਚਨਾਵਾਂ ਸ਼ਾਮਿਲ ਹਨ, ਜਿਵੇਂ- ਅਪਨੀ ਕਥਾ, ਚੰਡੀ ਚਰਿਤ੍ਰ 1, ਚੰਡੀ ਚਰਿਤ੍ਰ 2, ਚੌਬੀਸ ਅਵਤਾਰ, ਉਪ ਅਵਤਾਰ ਪਰ ਆਮ ਤੋਰ ਤੇ ਅਪਨੀ ਕਥਾ ਵਾਲੇ ਹਿੱਸੇ ਨੂੰ ਹੀ ਬਚਿੱਤ੍ਰ ਨਾਟਕ ਕਿਹਾ ਜਾਂਦਾ ਹੈ, ਜਿਸ ਦੇ ਕੁਲ 14 ਅਧਿਆਇ ਹਨ। ਬਚਿਤ੍ਰ ਨਾਟਕ ਦਸਮ ਗ੍ਰੰਥ ਦੀ ਇਕ ਮੁੱਖ ਰਚਨਾ ਹੈ। ਆਪਨੇ ਬ੍ਰਜ ਭਾਸ਼ਾ ਦਾ ਗਿਆਨ ਬ੍ਰਜ ਭਾਸ਼ਾ ਵਿਚ ਰਚੇ ਸਾਹਿਤ ਨੂੰ ਪੜ੍ਹ ਕੇ ਪ੍ਰਾਪਤ ਕੀਤਾ ਹੈ। ਕ੍ਰਿਸ਼ਨਾਅਵਤਾਰ ਵਿਚ ਗੁਰੂ ਗੋਬਿੰਦ ਸਿੰਘ ਜੀ ਲਿਖਦੇ ਹਨ:

ਦਸਮ ਕਥਾ ਭਗਾਉਤ ਕੀ ਭਾਖਾ ਕਰੀ ਬਨਾਇ।।[4]

ਬ੍ਰਜ ਭਾਸ਼ਾ ਦੇ ਨਾਲ ਨਾਲ ਗੁਰੂ ਗੋਬਿੰਦ ਸਿੰਘ ਜੀ ਦੀ ਾਰਸੀ ਵਿਚ ਵੀ ਰਚਨਾ ਉਪਲਬਧ ਹੈ। ਉਨ੍ਹਾਂ ਦੀ ਰਚਨਾ ਜ਼ਫ਼ਰਨਾਮਾ ਨਿਰੋਲ ਫ਼ਾਰਸੀ ਰਚਨਾ ਹੈ। ਆਪ ਦੁਆਰਾ ਰਚਿਤ ਰਾਮਕਲੀ ਪਾਤਸ਼ਾਹੀ ੧੦ (ਸ਼ਬਦ ਹਜ਼ਾਰੇ) ਵੀ ਸ਼ੁਧ ਪੰਜਾਬੀ ਵਿਚ ਹਨ। ਇਸ ਤੋਂ ਇਲਾਵਾ ਪੰਜਾਬੀ ਭਾਸ਼ਾ ਵਿਚ ਆਪ ਦੀ ਰਚਨਾ 'ਚੰਡੀ ਦੀ ਵਾਰ' ਮਿਲਦੀ ਹੈ ਜਿਸ ਵਿਚ ਉਨ੍ਹਾਂ ਨੇ ਬੀਰ-ਰਸ ਦਾ ਬਹੁਤ ਸੁੰਦਰ ਚਿਤਰਣ ਕੀਤਾ ਹੈ। ਇਹ ਰਚਨਾ ਗੁਰੂ ਗੋਬਿੰਦ ਸਿੰਘ ਜੀ ਦੀ ਪੰਜਾਬੀ ਸਾਹਿਤ ਦੀ ਪਹਿਲੀ ਪ੍ਰਮਾਣਿਕ ਬੀਰ ਰਸੀ ਵਾਰ ਹੈ ਜਿਸ ਵਿਚ ਵਾਰ ਕਾਵਿ ਦੇ ਸਭ ਲੱਛਣ ਮੌਜੂਦ ਹਨ। ਜੀਤ ਸਿੰਘ ਸੀਤਲ ਅਨੁਸਾਰ, ਸਾਧਾਰਣ ਹੁੰਦੇ ਹੋਇਆਂ ਵੀ 'ਵਾਰ' ਦੀ ਸ਼ਬਦਾਵਲੀ ਵਾਯੂ-ਮੰਡਲ ਵਿਚ ਛਣਕਾਰ ਪੈਦਾ ਕਰਨ ਵਾਲੀ ਹੁੰਦੀ ਹੈ। ਤਲਖੀ ਵਾਲੇ

ਬੀਰ-ਰਸੀ ਅੱਖਰਾਂ (ਖ, ਗ, ਘ, ਝ, ਢ, ਣ, ਧ, ਭ, ੜ) ਦੀ ਵਰਤੋਂ ਵਾਰ ਵਿਚ ਵਧੇਰੇ ਕੀਤੀ ਜਾਂਦੀ ਹੈ। ਮੁਹਾਵਰਿਆਂ, ਅਖੌਤਾਂ ਅਤੇ ਨਵੇਂ-ਨਵੇਂ ਸ਼ਬਦਾਂ ਦੀ ਢੁੱਕਵੀਂ ਤੇ ਫੱਬਵੀਂ ਵਰਤੋਂ ਹੋਣ ਤੋਂ ਛੁੱਟ, ਸ਼ਬਦਾਂ ਤੋਂ ਖੰਡੇ ਖੜਕਣ ਦੀਆਂ ਜਾਂ ਘੋੜਿਆਂ ਦੀਆਂ ਟਾਪਾਂ ਦੀਆਂ ਆਵਾਜ਼ਾਂ ਆਉਂਦੀਆਂ ਹਨ, ਜੋਸ਼ੀਲੀ ਅਤੇ ਤਲਖ ਸ਼ਬਦਾਵਲੀ ਵਲਵਲਿਆਂ ਨੂੰ ਉਭਾਰਦੀ ਹੈ। ਵਾਰ ਪੜ੍ਹ, ਸੁਣ ਕੇ ਹੱਥ ਹਥਿਆਰਾਂ ਉਤੇ ਆਪ ਮੁਹਾਰੇ ਚਲੇ ਜਾਂਦੇ ਹਨ।[5] ਹੋਰ ਵੀ ਜਿਥੇ ਕਿਤੇ ਉਨ੍ਹਾਂ ਨੇ ਆਪਣੀਆਂ ਰਚਨਾਵਾਂ ਵਿਚ ਬ੍ਰਜ ਭਾਸ਼ਾਈ ਬੀਰ ਰਸੀ ਕਾਵਿ ਵਿਚ ਸਿਰਖੰਡੀ ਛੰਦ ਦੀ ਵਰਤੋਂ ਕੀਤੀ ਹੈ, ਉਥੇ ਉਨ੍ਹਾਂ ਦੇ ਪੰਜਾਬੀ ਸ਼ਬਦਾਵਲੀ ਉੱਤੇ ਅਧਿਕਾਰ ਦਾ ਪਤਾ ਲਗਦਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਸ਼ਬਦ ਭੰਡਾਰ ਦੀ ਪੂਰਤੀ ਲਈ ਬੜੀ ਉਦਾਰਤਾ ਤੋਂ ਕੰਮ ਲਿਆ ਹੈ ਅਤੇ ਆਪਣੀ ਭਾਸ਼ਾ ਨੂੰ ਸੰਪੂਰਨ ਕਰਨ ਲਈ ਪੂਰਵਵਰਤੀ ਅਤੇ ਸਮਕਾਲੀ ਭਾਸ਼ਾਵਾਂ ਦੇ ਸ਼ਬਦਾਂ ਨੂੰ ਅਪਣਾਇਆ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀਆਂ ਰਚਨਾਵਾਂ ਵਿਚ ਇਕ ਸ਼ਬਦ ਲਈ ਅਨੇਕਾਂ ਸ਼ਬਦਾਂ ਦੀ ਵਰਤੋਂ ਕੀਤੀ ਹੈ। ਜਿਵੇਂ ਅਕਾਲਪੁਰਖ ਲਈ ਗੁਰੂ ਸਾਹਿਬ ਨੇ ਅਨੇਕਾਂ ਨਾਵਾਂ ਦੀ ਰਚਨਾ ਕੀਤੀ। ਜ਼ਰੂਰਤ ਅਨੁਸਾਰ ਨਵੇਂ ਸ਼ਬਦਾਂ ਦੀ ਰਚਨਾ ਵੀ ਕੀਤੀ। ਉਦਾਹਰਣ ਲਈ ਅਸਿ (ਤਲਵਾਰ) ਤੋਂ ਉਨ੍ਹਾਂ ਨੇ ਪਰਮਾਤਮਾ ਲਈ ਕਈ ਨਵੇਂ ਸ਼ਬਦ ਬਣਾਏ ਜਿਵੇਂ ਕਿ- ਅਸਿਪਾਨ, ਅਸਿਧਾਰੀ, ਅਸਿਧੁਜ, ਅਸਿਕੇਤੁ। ਵਾਰ ਵਿਚ ਭਾਸ਼ਾ ਦੀ ਅਮੀਰੀ ਦਾ ਪਤਾ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਇਕ ਵਸਤ ਜਾਂ ਭਾਵ ਲਈ ਵਿਭਿੰਨ ਸ਼ਬਦਾਂ ਦੀ ਵਰਤੋਂ ਤੋਂ ਲਗਦਾ ਹੈ ਜਿਵੇਂ ਤਲਵਾਰ ਲਈ ਤੇਗ, ਤਰਵਾਰ, ਕੇਜਮ, ਕ੍ਰਿਪਾਨ, ਖੜਗ, ਖੰਡਾ ਅਤੇ ਨਗਾਰੇ ਲਈ ਦਮਾਮਾ, ਧਉਂਸਾ, ਢੋਲ, ਖਰਚਾਮੀ, ਖਰਵਾਰ ਅਤੇ ਜਮਧਾਣੀ ਆਦਿ ਸ਼ਬਦਾਂ ਦੀ ਵਰਤੋਂ ਕੀਤੀ ਹੈ।

ਆਪਦੀਆਂ ਰਚਨਾਵਾਂ ਵਿਚ ਵਿਦੇਸ਼ੀ ਸ਼ਬਦ ਵੀ ਕਈ ਮਿਲਦੇ ਹਨ ਜਿਹੜੇਂ ਾਰਸੀ ਰਾਹੀਂ ਆਏ ਹਨ ਜਿਵੇਂ: ਗੁਬਾਰ, ਸਲਾਮ, ਕਦੀਮ, ਮਾਲੂਮ, ਗਾਇਲ, ਕਾਇਰ, ਜ਼ਫ਼ਾ, ਹੀਲਾ, ਮਾਇਲ, ਚਮਨ, ਜ਼ਾਮਲ, ਕਮਾਲ, ਆਲਮ, ਕਾਮਲ, ਸੂਰਤ ਆਦਿ ਸ਼ਬਦ।

ਡਾ. ਰਤਨ ਸਿੰਘ ਜੱਗੀ ਆਪਣੇ ਸ਼ੋਧ ਪ੍ਰਬੰਧ 'ਦਸਮ ਗ੍ਰੰਥ ਕੀ ਪੌਰਾਣਿਕ ਪ੍ਰਸ਼ਠਭੂਮੀ' ਵਿਚ ਗੋਬਿੰਦ ਸਿੰਘ ਜੀ ਦੀ ਭਾਸ਼ਾ-ਸ਼ੈਲੀ ਬਾਰੇ ਕਹਿੰਦੇ ਹਨ ਕਿ "ਆਲੋਚਸ ਕ੍ਰਿਤੀਓ ਦੀ ਭਾਸ਼ਾ ਬ੍ਰਜ ਹੈ। ਵਸਦਤੁਤਃ ਸ਼ੈਲੀ ਦੀ ਸੁੰਦਰਤਾ ਔਰ ਮਹਤਤਾ ਉਸ ਕੀ ਭਾਸ਼ਾ ਕੀ ਸਮਰਿਧੀ ਪਰ ਅਵਲੰਬਿਤ ਹੈ, ਜਿਸ ਕਾਵਿ ਕਾ ਸ਼ਬਦ-ਕੋਸ਼ ਜਿਤਨਾ ਅਧਿਕ ਵਿਸ਼ਾਲ ਹੋਗਾ, ਉਸਕੀ ਭਾਸ਼ਾ ਉਤਨੀ ਹੀ ਸ਼ਕਤੀਸ਼ਾਲੀ ਔਰ ਸਮਰਿੱਧ ਹੋਗੀ, ਸ੍ਰੇਸ਼ਟ ਕਵੀ ਕਿਸੀ ਭਾਸ਼ਾ ਵਿਸ਼ੇਸ਼ ਕੀ ਸ਼ਬਦਾਵਲੀ ਕੀ ਪਰਿਧੀ ਮੇਂ ਆਬੱਧ ਨਹੀਂ ਰਹਿਤੇ। ਉਨਕਾ ਮੁੱਖ ਕਾਰਯ ਅਪਨੇ ਭਾਵੋਂ ਕੀ ਅਭਿਵਿਅੰਜਨਾ ਹੈ ਔਰ ਇਸ ਕੇ ਲੀਏ ਵਹ ਭਾਵਾਨੁਕੂਲ ਸ਼ਬਦੋਂ ਕਾ ਪ੍ਰਯੋਗ ਕਰਤੇ ਹੈ, ਕਭੀ ਵਹ ਦੇਸ਼ੀ ਸ਼ਬਦੋਂ ਕੋ ਅਪਨਾਤੇ ਹੈ, ਤੋਂ ਕਭੀ ਵਿਦੇਸ਼ੀ ਸ਼ਬਦੋਂ ਕਾ ਸਵਾਗਤ ਕਰਤੇ ਹੈਂ। ਕਭੀ ਵਹ ਪ੍ਰਾਚੀਨ ਮ੍ਰਤ ਸ਼ਬਦੋਂ ਕੋ ਜੀਵਨ ਪ੍ਰਦਾਨ ਕਰਤੇ ਹੈ, ਤੋਂ ਕਭੀ ਨਵੀਨ ਸ਼ਬਦੋਂ ਕੋ ਗੜ੍ਹਤੇ ਹੈ। ਹਮਾਰੇ ਕਵੀਓਂ ਨੇ ਭੀ ਦੇਸ਼ੀ ਵਿਦੇਸ਼ੀ, ਸਾਹਿਤਯਕ- ਅਸਾਹਿਤਯਕ, ਤੱਤਸਮ ਤੱਦਭਵ ਆਦਿ ਸ਼ਬਦੋਂ ਕਾ ਉਦਾਰਤਾ-ਪੂਰਵਕ ਪ੍ਰਯੋਗ ਕਰ ਕੇ ਅਪਨੀ ਭਾਸ਼ਾ ਕੀ ਵਿਅੰਜਨਾ ਔਰ ਅਰਥ-ਵੈਭਵ ਕੋ ਬੜ੍ਹਾਇਆ ਹੈ। ਸ਼ਬਦੋਂ ਕੋ ਇੱਛਾਨੁਸਾਰ ਕਹੀਂ ਕਹੀਂ ਸੰਯੁਕਤ ਔਰ ਅਸੰਯੁਕਤ ਬਨਾਇਆ ਹੈ, ਮੋੜਾ-ਤੋੜਾ ਭੀ ਹੈ। ਸੰਕਸ਼ੇਪ ਮੇਂ ਇਕ ਕ੍ਰਿਤੀਓਂ ਮੇਂ ਸੰਸਕ੍ਰਿਤ, ਅਪਭ੍ਰੰਸ਼, ਰਾਜਸਥਾਨੀ, ਪੰਜਾਬੀ, ਅਵਧੀ, ਫਾਰਸੀ, ਅਰਬੀ ਆਦਿ ਕਈ ਭਾਸ਼ਾਓਂ ਕਾ ਮਿਲਾਜੁਲਾ ਰੂਪ ਮਿਲਤਾ ਹੈ, ਕਿੰਤੂ ਬ੍ਰਜ-ਭਾਸ਼ਾ ਕੀ ਸਰਵਤਰ ਪ੍ਰਧਾਨਤਾ ਹੈ ਔਰ ਅਨਯ ਭਾਸ਼ਓਂ ਕਾ ਸਮਾਵੇਸ਼ ਭੀ ਬ੍ਰਜ ਭਾਸ਼ਾ ਕੀ ਪ੍ਰਕ੍ਰਿਤਯਨੁਕੂਲ ਹੂਆ ਹੈ।"[6]

ਗੁਰੂ ਗੋਬਿੰਦ ਸਿੰਘ ਜੀ ਪੰਜਾਬੀ ਅਤੇ ਬ੍ਰਜੀ ਭਾਸ਼ਾ ਤੋਂ ਇਲਾਵਾਂ ਾਰਸੀ, ਸੰਸਕ੍ਰਿਤ ਅਤੇ ਉੱਤਰੀ ਭਾਰਤ ਦੀਆਂ ਕਈ ਹੋਰ ਬੋਲੀਆਂ ਵਿਚ ਵੀ ਯੋਗਤਾ ਰਖਦੇ ਸਨ। ਆਪ ਦੀਆਂ ਰਚਨਾਵਾਂ ਵਿਚਲੀ ਭਾਸ਼ਾ ਦਾ ਵਿਸ਼ੇਸ਼ ਮਹੱਤਵ ਹੈ ਕਿਉਂਕਿ ਆਪ ਨੇ ਕਈ ਥਾਵਾਂ ਤੇ ਇਕੋ ਤੁਕ ਵਿਚ ਵਿਭਿੰਨ ਭਾਸ਼ਾਵਾਂ ਦੇ ਸ਼ਬਦਾਂ ਨੂੰ ਜੋੜ ਕੇ ਭਾਸ਼ਾ ਵਿਚ ਅਨੁੱਠਾ ਰਸ ਭਰਿਆਃ

ਤਦ ਖਿੰਗ ਨਸੁੰਭ ਨਚਾਇਆ ਡਾਲ ਉਪਰਿ ਬਰਗਸਤਾਣ ਕੱਉ।।[7]

ਘੁੰਮਰਆਰਿ ਸਿਆਲੀ ਬਣੀਆਂ ਕੇ ਜਮਾਂ।।[8]

## 5.2. **ਅੰਲਕਾਰ ਯੋਜਨਾ**:

ਕਾਵਿ ਨੂੰ ਸ਼ਿੰਗਾਰ ਤੇ ਸੁਹਜ ਪ੍ਰਦਾਨ ਕਰਨ ਵਿਚ ਅੰਲਕਾਰ ਦਾ ਬਹੁਤ ਮਹੱਤਵਪੂਰਨ ਸਥਾਨ ਹੈ। ਕਾਵਿ ਸ਼ਾਸਤਰੀ ਅੰਲਕਾਰ ਨੂੰ ਕਾਵਿ ਦੀ ਆਤਮਾ ਮੰਨਦੇ ਹਨ। ਅੰਲਕਾਰ ਨਾਲ ਕਾਵਿ ਵਿਚ ਵਿੱਲਖਣ ਸੁੰਦਰਤਾ ਪੈਦਾ ਹੁੰਦੀ ਹੈ। ਅੰਲਕਾਰ ਦੀ ਵਰਤੋਂ ਭਾਵੇਂ ਕਿਸੇ ਵੀ ਦਿਸ਼ਾ ਵਿਚ ਹੋਵੇ, ਪਰ ਉਸ ਦਾ ਉਦੇਸ਼ ਦੂਸਰਿਆਂ ਦੇ ਸਾਹਮਣੇ ਆਪਣੀ ਖਿੱਚ ਪੈਦਾ ਕਰਨਾ ਅਤੇ ਦੂਸਰਿਆਂ ਦੀ ਖ਼ੁਸ਼ੀ ਨੂੰ ਵਧਾਉਣਾ ਹੈ।

ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਵਿਚ ਸ਼ਬਦਾਲੰਕਾਰ ਅਤੇ ਅਰਥਾਲੰਕਾਰ ਦੋਵੇਂ ਹੀ ਨਗਾਂ ਵਾਂਗ ਜੜੇ ਹੋਏ ਹਨ। ਸ਼ਬਦ ਅਲੰਕਾਰਾਂ ਵਿਚ ਸ਼ਬਦ ਦੇ ਪ੍ਰਯੋਗ ਦੁਆਰਾ ਪ੍ਰਯੁਕਤ ਸ਼ਬਦਾਂ ਦੇ ਸਮਾਂਨਤਰ ਸ਼ਬਦ ਰਖਕੇ ਚਮਤਕਾਰ ਉਤਪੰਨ ਕੀਤਾ ਜਾਂਦਾ ਹੈ, ਸ਼ਬਦਾਂ ਦੀ ਵਿਸ਼ੇਸ਼ ਚੌਣ ਵਿਧੀ ਅਤੇ ਯੋਜਨਾ ਦੁਆਰਾ ਕਾਵਿ ਦੇ ਅੰਤਰਗਤ ਲੈਯ ਤੇ ਸੰਗੀਤਾਤਮਕਤਾ ਉਤਪੰਨ ਕੀਤੀ ਜਾਂਦੀ ਹੈ। ਸ਼ਬਦ ਅਲੰਕਾਰ ਵਿਚੋਂ ਅਨੁਪ੍ਰਾਸ ਅਲੰਕਾਰ ਪ੍ਰਸਿੱਧ ਅਤੇ ਮਹੱਤਵਪੂਰਨ ਅਲੰਕਾਰ ਹੈ ਜਿਸ ਵਿਚ ਵਰਣਾਂ ਅਰਥਾਤ ਵਿਅੰਜਨਾਂ ਦੀ ਸਮਾਨਤਾ ਹੁੰਦੀ ਹੈ। ਅਖਰਾਂ ਦੇ ਇਕ ਦੂਜੇ ਦੇ ਨਿਕਟ ਹੋਣਾ ਬਾਰ-ਬਾਰ ਵਰਤੇ ਜਾਣ ਨਾਲ ਕਾਵਿ ਵਿਚ ਸੰਗੀਤਾਤਮਕ ਲੈਯ ਉਤਪੰਨ ਹੁੰਦੀ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀਆਂ ਰਚਨਾਵਾਂ ਵਿਚ ਅਨੁਪ੍ਰਾਸ ਅਲੰਕਾਰ ਬਹੁਤ ਥਾਵਾਂ ਤੇ ਵਰਤਿਆ ਹੈ[9]:

**ਅਨੁਪ੍ਰਾਸ ਅੰਲਕਾਰ**

ਕਦੇ ਨ ਨੱਠੇ ਜੁੱਧ ਤੇ ਜੋਧੇ ਜੁੱਝਾਰੇ।।[10]

ਵਾਰ ਸ੍ਰੀ ਭਗਉਤੀ ਜੀ ਕੀ

ਜੁੱਟੇ ਸਉਹੇ ਜੁੱਧ ਨੋ ਇਕ ਜਾਤ ਨ ਜਾਣਨ ਭੱਜੇ।।[11]

ਵਾਰ ਸ੍ਰੀ ਭਗਉਤੀ ਜੀ ਕੀ

ਖਗ ਖੰਡ ਬਿਹੰਡੰ ਖਲ ਦਲ ਖੰਡੰ ਅਤਿ ਰਣ ਮੰਡੰ ਬਰਬੰਡੰ।।[12]

(ਬਚਿਤ੍ਰ ਨਾਟਕ)

ਛੀਰ ਕੈ ਸੀ ਛੀਰਾਵਧ ਛਾਛ ਕੈ ਸੀ ਛਤ੍ਰਾਨੇਰ॥

ਛਪਾਕਰ ਕੈਸੀ ਛਬ ਕਲਿੰਦ੍ਰੀ ਕੇ ਕੂਲਕੇ॥[13]

(ਤ੍ਵ ਪ੍ਰਸਾਦਿ ਸਵੈਯੇ)

ਕਮਾਲੇ ਕਰਾਮਾਤ .ਕਾਇਮ .ਕਰੀਮ॥

ਰਜ਼ਾ ਬਖਸ਼ ਰਾਜ਼ਿਕ ਰਿਹਾਕੁਨ ਰਹੀਮ॥[14]

(ਜ਼.ਫਰਨਾਮਾ)

**ਉਪਮਾ ਅੰਲਕਾਰ**: ਜਿਥੇ ਕਿਸੇ ਵਸਤੂ ਦੇ ਰੂਪ, ਗੁਣ, ਕ੍ਰਿਆ ਆਦਿ ਨਾਲ ਸੰਬੰਧਿਤ ਵਿਸ਼ੇਸ਼ਤਾ ਨੂੰ ਪ੍ਰਗਟ ਕਰਨ ਲਈ ਕਿਸੇ ਜ਼ਿਆਦਾ ਚੰਗੀ ਵਸਤੂ ਨਾਲ ਸਮਾਨਤਾ ਦੱਸੀ ਜਾਏ, ਉਥੇ ਉਪਮਾ ਅਲੰਕਾਰ ਹੁੰਦਾ ਹੈ। ਸਮਾਨਤਾ ਦਰਸਾਉਣ ਲਈ ਵਾਂਗ, ਸਮਾਨ ਅਤੇ ਵਰਗਾ ਸ਼ਬਦਾਂ ਦੀ ਵਰਤੋਂ ਕੀਤੀ ਜਾਂਦੀ ਹੈ ਜਿਵੇਂ:

ਪੇਖਿ ਦਸੋਦਿਸ ਤੇ ਬਹੁ ਦਾਨਵ ਚੰਡ ਪ੍ਰਚੰਡ ਤਚੀ ਅਖੀਆਂ॥

ਤਬ ਲੈਕੇ ਕ੍ਰਿਪਾਨ ਜੁ ਕਾਟ ਦਏ ਅਰ ਫੂਲ ਗੁਲਾਬ ਕੀ ਜਿਉ ਪਖੀਆਂ॥

ਸ੍ਰਉਨ ਕੀ ਛੀਟ ਪਰੀ ਤਨ ਚੰਡ ਕੇ ਸੋ ਉਪਮਾ ਕਵਿ ਨੇ ਲਖੀਆਂ॥

ਜਨੁ ਕੰਚਨ ਮੰਦਰ ਮੈ ਜਰੀਆ ਜਰਿ ਲਾਲ ਮਨੀ ਜੁ ਬਨਾ ਰਖੀਆਂ॥[15]

(ਚੰਡੀ ਚਰਿਤ੍ਰ)

ਸ਼ੀਹਾਂ ਵਾਂਗੂ ਗੱਜਣ ਸਭੇ ਸੂਰਮੈ॥[16]

ਵਾਰ ਸ੍ਰੀ ਭਗਉਤੀ ਜੀ ਕੀ

ਬੱਦਲ ਜਿਉ ਮਹਿਖਾਸੁਰ ਰਣ ਵਿਚਿ ਗੱਜਿਆ॥[17]

ਵਾਰ ਸ੍ਰੀ ਭਗਉਤੀ ਜੀ ਕੀ

**ਰੂਪਕ ਅਲੰਕਾਰ**: ਜਿਥੇ ਰੂਪ, ਗੁਣ, ਆਕ੍ਰਿਤੀ-ਪ੍ਰਕ੍ਰਿਤੀ ਅਤੇ ਪੋਸ਼ਾਕ ਆਦਿ ਦੇ ਕਾਰਣ ਉਪਮੇਯ ਵਿਚ ਉਪਮਾਨ ਦਾ ਆਰੋਪ ਕਰਕੇ ਅਭੇਦ ਦਿਖਾਇਆ ਜਾਏ, ਉਥੇ ਰੂਪਕ ਅਲੰਕਾਰ ਹੁੰਦਾ ਹੈ[18]:

ਹੂਰਾਂ ਸ੍ਰਣਵਤਬੀਜ ਨੂੰ ਘਤਿ ਘੇਰਿ ਖਲੋਈਆਂ।।[19]

ਗਿਰੇ ਪਰੱਬਤ ਭਾਰੇ ਮਾਰੇ ਬਿੱਜੁ ਦੇ।।[20]

ਦੇਵੀ ਦਸਤ ਨਚਾਈ ਸੀਹਣਿ ਸਾਰ ਦੀ।।[21]

**ਅਤਿਕਥਨੀ ਅੰਲਕਾਰ:** ਅਤਿਕਥਨੀ ਅਲੰਕਾਰ ਰਾਹੀਂ ਵਿਚਾਰਾਂ ਨੂੰ ਵਧਾ ਚੜ੍ਹਾ ਕੇ ਪੇਸ਼ ਕੀਤਾ ਜਾਂਦਾ ਹੈ ਭਾਵ ਕਿਸੇ ਵਿਅਕਤੀ ਵਸਤੂ ਦੀ ਪ੍ਰਸ਼ੰਸਾ ਵਾਸਤਵਿਕਤਾ ਨਾਲੋਂ ਜ਼ਿਆਦਾ ਦ੍ਰਿਸ਼ਟਮਾਨ ਹੁੰਦੀ ਵੇਖੀ ਜਾਂਦੀ ਹੈ:

ਚੰਡੀ ਰਾਕਸ਼ਿ ਖਾਣੀ ਵਾਹੀ ਦੈਤ ਨੂ।।

ਕੋਪਰਚੂਰ ਚਵਾਣੀ ਲੱਥੀ ਕਰਗ ਲੈ।।

ਪਾਖਰ ਤੁਰਾ ਪਲਾਣੀ ਰੜਕੀ ਧੌਲ ਜਾਇ।।

ਲੈਦੀ ਅਘਾ ਸਿਧਾਣੀ ਸਿੰਗਾਂ ਧਉਲਦਿਆਂ।।

ਕੂਰਮ ਸਿਰ ਲਹਿਲਾਣੀ ਦੁਸ਼ਮਨ ਮਾਰਕੈ।।[22]

ਵਾਰ ਸ੍ਰੀ ਭਗਉਤੀ ਜੀ ਕੀ

ਥਰਿ ਥਰਿ ਪ੍ਰਿਥਮੀ ਚਾਲੀ ਦਲਾਂ ਚੜ੍ਹੰਦਿਆਂ।।

ਨਾਉ ਜਿਵੇ ਹੈ ਹਾਲੀ ਸਹੁਦਰੀਆਉ ਵਿਚਿ।।[23]

**ਉਲੇਖ ਅਲੰਕਾਰ:** ਜਦੋਂ ਇਕ ਵਸਤੂ ਦਾ ਵਰਣਨ ਵਿਭਿੰਨ ਤਰ੍ਹਾਂ ਨਾਲ ਹੋਵੇ ਤਾਂ ਉਥੇ ਉਲੇਖ ਅਲੰਕਾਰ ਹੁੰਦਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਸ਼ਕਤੀ ਦੇ ਪੁੰਜ ਪਰਮਾਤਮਾ ਨੂੰ ਬਹੁਤ ਸਾਰੇ ਉਲੇਖ ਅਲੰਕਾਰਾਂ ਰਾਹੀਂ ਪੇਸ਼ ਕੀਤਾ ਹੈ:

ਕਰੁਣਾਲਯ ਹੈਂ।। ਅਰਿ ਘਾਲਯ ਹੈਂ।।

ਖਲ ਖੰਡਨ ਹੈਂ।। ਮਹਿ ਮੰਡਨ ਹੈਂ।।[24]

(ਜਾਪੁ)

## 5.3. ਬਿੰਬ ਵਿਧਾਨ

ਭਾਵਾਂ ਦੇ ਪ੍ਰਗਟਾ ਦਾ ਸਾਧਨ ਬਿੰਬ ਹੁੰਦੇ ਹਨ। ਬਿੰਬ ਦਾ ਅਰਥ ਕਿਸੇ ਮੂਲ ਵਸਤੂ ਦੀ ਪ੍ਰਾਕ੍ਰਿਤ, ਪਰਛਾਵਾਂ ਹੁੰਦਾ ਹੈ। ਬਿੰਬ ਸਾਡੀਆਂ ਭਾਵਨਾਵਾਂ ਦਾ ਮੂਰਤੀਕਰਣ ਹੁੰਦਾ ਹੈ ਜਿਸ ਵਿਚ ਆਵੇਗਾ, ਸੰਵੇਦਨਾ ਅਤੇ ਭਾਵਨਾ ਦਾ ਹੋਣਾ ਜ਼ਰੂਰੀ ਹੈ। ਬਿੰਬ ਨੂੰ ਕਾਵਿ ਦਾ ਗੁਣ ਮੰਨਿਆ ਜਾਂਦਾ ਹੈ। ਇਹ ਕਾਵਿ ਦਾ ਇਕ ਅਜਿਹਾ ਸਾਧਨ ਹੈ ਜਿਸ ਰਾਹੀਂ ਕਵੀ ਵਿਸ਼ੇ ਨੂੰ ਕਲਾਤਮਕ ਢੰਗ ਨਾਲ ਨਿਖਾਰਦਾ ਹੈ। "ਬਿੰਬ ਕਵੀ ਭਾਵਾਂ, ਅਨੁਭਵਾਂ ਜਾਂ ਵਿਚਾਰਾਂ ਦੇ ਪ੍ਰਗਟਾਵੇ ਦਾ ਮਾਧਿਅਮ ਹੀ ਨਹੀਂ ਹੁੰਦਾ ਸਗੋਂ ਕਾਵਿ ਕਲਾ ਦੇ ਪੱਖੋਂ ਵੀ ਬਿੰਬ ਦਾ ਆਪਣਾ ਮਹੱਤਵ ਹੁੰਦਾ ਹੈ। ਬਿੰਬ ਕਾਵਿ ਰਚਨਾ ਦਾ ਅਜਿਹਾ ਬੁਨਿਆਦੀ ਅੰਗ ਹੈ ਜੋ ਭਾਵ ਜਾਂ ਵਿਚਾਰ ਦਾ ਇੰਦ੍ਰਿਆਵੀ ਅਨੁਭਵ ਕਰਾਉਂਦਾ ਹੈ ਅਮੂਰਤ ਭਾਵਾਂ ਨੂੰ ਸਮੂਰਤ ਕਰਦਾ ਹੈ। ਬਿੰਬ ਭਾਵ ਤੋਂ ਪੈਦਾ ਹੁੰਦਾ ਹੈ ਤੇ ਭਾਵਾਂ ਨੂੰ ਬਿੰਬਾਂ ਰਾਹੀਂ ਹੀ ਮਾਨਣਯੋਗ ਬਣਾਇਆ ਜਾ ਸਕਦਾ ਹੈ।"[25] ਗੁਰੂ ਗੋਬਿੰਦ ਸਿੰਘ ਜੀ ਦਾ ਬਿੰਬ ਵਿਧਾਨ ਵੀ ਉਨ੍ਹਾਂ ਦੀ ਅਨੇਕ ਪੱਖੀ ਸ਼ਖਸੀਅਤ ਵਾਂਗ ਵਿਸ਼ੇਸ਼ ਪ੍ਰਕਾਰ ਦਾ ਹੈ ਬੀਰ ਰਸ ਨਾਲ ਓਤਪੋਤ ਇਸ ਰਚਨਾ ਦਾ ਬਿੰਬ ਵਿਧਾਨ ਜੰਗੀ ਮਾਹੌਲ ਨੂੰ ਹੀ ਆਪਣਾ ਆਖਰੀ ਅਤੇ ਜ਼ਰੂਰੀ ਲਖਸ਼ ਮੰਨ ਕੇ ਨਹੀਂ ਚਲਦਾ ਬਲਕਿ ਇਸ ਦੇ ਨਾਲ-ਨਾਲ ਦੇਵਤਿਆਂ ਅਤੇ ਦਾਨਵਾਂ ਨਾਲ ਸੰਬੰਧਿਤ ਹੋਰ ਵੀ ਅਨੇਕ ਪ੍ਰਕਾਰ ਦੇ ਬਿੰਬ ਇਹਨਾਂ ਦੀਆਂ ਰਚਨਾਵਾਂ ਦਾ ਅੰਗ ਹੈ। ਆਪ ਦੀਆਂ ਰਚਨਾਵਾਂ ਵਿਚ ਮੁੱਖ ਤੌਰ ਸਵਾਦ ਬਿੰਬ, ਸਪਰਸ਼ ਬਿੰਬ, ਨਿਰਗੁਣ ਸਰੂਪ ਨਾਲ ਸੰਬੰਧਿਤ ਬਿੰਬ, ਸਰਗੁਣ ਸਰੂਪ ਨਾਲ ਸੰਬੰਧਿਤ ਬਿੰਬ, ਪ੍ਰਕ੍ਰਿਤਕ ਬਿੰਬ, ਅਮੂਰਤ ਬਿੰਬ, ਰਾਜਸੀ ਖੇਤਰ ਨਾਲ ਸੰਬੰਧਿਤ ਬਿੰਬ, ਧਾਰਮਿਕ ਜੀਵਨ ਨਾਲ ਸੰਬੰਧਿਤ ਬਿੰਬ, ਮੁਸਲਿਮ ਧਰਮ ਨਾਲ ਸੰਬੰਧਿਤ ਬਿੰਬ, ਜੋਗਮਤ ਨਾਲ ਸੰਬੰਧਿਤ ਬਿੰਬ, ਮਿਥਿਹਾਸਿਕ ਬਿੰਬ, ਵਾਤਾਵਰਣ ਨਾਲ ਸੰਬੰਧਿਤ ਬਿੰਬ ਅਤੇ ਜਨ ਜੀਵਨ ਨਾਲ ਸੰਬੰਧਿਤ ਬਿੰਬਾਂ ਨੂੰ ਆਪਣੀਆਂ ਰਚਨਾਵਾਂ ਵਿਚ ਬਾਖੂਬੀ ਪੇਸ਼ ਕੀਤਾ ਗਿਆ ਹੈ। ਉਦਾਹਰਣ ਲਈ:

## ਦ੍ਰਿਸ਼ ਬਿੰਬ

ਝੂਲਨ ਨੇਜੇ ਬੈਰਕਾ ਨੀਸਾਣ ਲਸਨਿ ਲਸਾਵਲੇ।।[26]

ਦੇਖਨ ਬੈਠ ਅਟਾਰੀ ਨਾਰੀ ਰਾਕਸਾ।।[27]

ਦ੍ਰਿਸ਼ ਬਿੰਬ ਦਾ ਸੰਬੰਧ ਜਿਨ੍ਹਾਂ ਗਿਆਨ ਇੰਦਰੀਆਂ ਨਾਲ ਹੁੰਦਾ ਹੈ ਉਨ੍ਹਾਂ ਵਿਚੋਂ ਅੱਖਾਂ ਦਾ ਆਪਣਾ ਮਹੱਤਵ ਹੁੰਦਾ। ਦ੍ਰਿਸ਼ ਬਿੰਬ ਇਕ ਅਜਿਹਾ ਸ਼ਬਦ ਚਿਤਰ ਹੈ ਜੋ ਅੱਖਾਂ ਸਾਹਵੇਂ ਅਦ੍ਰਿਸ਼ਟ ਨੂੰ ਦ੍ਰਿਸ਼ਟੀਗੋਚਰ ਕਰਦਾ ਹੈ।

## ਮਿਥਿਹਾਸਿਕ ਬਿੰਬ

ਗੁਰੂ ਗੋਬਿੰਦ ਸਿੰਘ ਜੀ ਨੇ ਧਰਮ ਯੁੱਧ ਸੰਬੰਧੀ ਆਪਣੇ ਅੰਦੋਲਨ ਨੂੰ ਵਿਕਸਿਤ ਕਰਨ ਵਿਚ ਪੌਰਾਣਿਕ ਜਾਂ ਮਿਥਿਕ ਕਥਾਵਾਂ ਨੂੰ ਵਿਸ਼ੇਸ਼ ਤੌਰ 'ਤੇ ਆਧਾਰ ਬਣਾਇਆ ਹੈ। 'ਦਸਮ ਕਥਾ ਭਗਉਤ ਕੀ ਭਾਖਾ ਕਰੀ ਬਨਾਇ।। ਅਵਰ ਬਾਸਨਾ ਨਾਹਿ ਪ੍ਰਭੁ ਧਰਮ ਜੁੱਧ ਕੇ ਚਾਇ।। (ਚੰਡੀ ਦੀ ਵਾਰ) ਆਪਣੇ ਆਪ ਵਿਚ ਮਾਰਕੰਡੇਯ ਪੁਰਾਣਾ ਦੇ ਸੁਪ੍ਰਸਿੱਧ ਦੁਰਗਾ ਪ੍ਰਸੰਗ ਤੇ ਆਧਾਰਿਤ ਹੈ। ਇਸ ਤੋਂ ਇਲਾਵਾ ਕਿਤੇ ਕਿਤੇ ਪੌਰਾਣਿਕ ਸੰਦਰਭਾਂ ਦੀ ਵੀ ਵਰਤੋਂ ਕੀਤੀ ਗਈ ਹੈ।[28] ਉਦਾਹਰਣ ਲਈ

ਉੱਮਲ ਲੱਥੇ ਜੋਧੇ ਮਾਰੂ ਬੱਜਿਆ।।

ਬੱਦਲ ਜਿਉ ਮਹਿਖਾਸੁਰ ਰਣ ਵਿਚਿ ਗੱਜਿਆ।।

ਇੰਦਰ ਜੇਹਾ ਜੋਧਾ ਮੈਥਉ ਭੱਜਿਆ।।

ਕਉਣੁ ਵਿਚਾਰੀ ਦੁਰਗਾ ਜਿਨ ਰਣੁ ਸੱਜਿਆ।।[29]

ਭੱਨੈ ਦੈਤ ਪੁਕਾਰੇ ਰਾਜੇ ਸੁੰਭ ਥੈ।।

ਲੋਚਨ ਧੂਮ ਸੰਘਾਰੇ ਸਣੈ ਸਿਪਾਹੀਆਂ।।[30]

ਚੰਡ ਅਰ ਮੁੰਡ ਪਠਾਏ ਬਹੁਤਾ ਕਟਕੁ ਦੈ।।

ਜਾਪੇ ਛੱਪਰ ਛਾਏ ਬਣੀਆ ਕੇ ਜਮਾ।।[31]

ਹੂਰਾਂ ਸ੍ਰਣਵਤਬੀਜ ਨੂੰ ਘਤਿ ਘੇਰਿ ਖਲੋਈਆਂ।।
ਲਾੜਾ ਦੇਖਨ ਲਾੜੀਆਂ ਚਉਗਿਰਦੈ ਹੋਈਆਂ।।[32]
ਨਿਕਲੀ ਮੱਥਾ ਫੋੜਿਕੈ ਜਣ ਫਤੇ ਨੀਸ਼ਾਣ ਬਜਾਇਕੈ।।
ਜਾਗ ਸੁ ਜੰਮੀ ਜੁੱਧ ਨੂੰ ਜਰਵਾਣਾ ਜਣ ਮਰੜਾਇਕੈ।।[33]
ਸੁੰਭ ਨਿਸੁੰਭ ਅਲਾਇਆ ਵਡਜੋਧੀ ਸੰਘਰਵਾਏ।।[34]
ਤੈਥੋਂ ਹੀ ਬਲੁ ਕ੍ਰਿਸ਼ਨ ਲੈ ਕੰਸ ਕੇਸੀ ਪਕੜਿ ਗਿਰਾਇਆ।।[35]

## ਨਾਦ ਬਿੰਬ

ਜਿਸ ਬਿੰਬ ਦਾ ਬੋਧ ਸ਼੍ਰਵਣ ਇੰਦਰੀ ਰਾਹੀਂ ਹੁੰਦਾ ਹੈ ਉਸ ਨੂੰ ਨਾਦ ਬਿੰਬ ਕਿਹਾ ਜਾਂਦਾ ਹੈ। ਸੰਗੀਤ ਕਲਾ ਦੀਆਂ ਧੁਨੀਆਂ ਨਾਲ ਅਜਿਹੇ ਬਿੰਬ ਸਿਰਜੇ ਜਾਂਦੇ ਹਨ। ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਵਿਚ ਅਨੇਕਾਂ ਬਿੰਬ ਹਨ, ਜਿਹਨਾਂ ਦਾ ਸੰਬੰਧ ਸੰਗੀਤ ਕਲਾ ਨਾਲ ਹੈ, ਜਿਵੇਂ ਕਿਃ

ਦੁਰਗਾ ਬੈਣ ਸੁਣੰਦੀ ਹਸੀ ਹੜ ਹੜਾਇ।।[36]
ਸੰਜਾਂ ਤੇ ਠਣਿਕਾਰੇ ਤੇਗੀ ਉਭਰੇ।।[37]
ਕਹੂੰ ਕੰ ਡਾਕ ਡਉਰੂ ਕਹੂੰ ਕੰ ਬਿਤਾਲੰ।।
ਚਵੀ ਚਾਵਡੀਅੰ ਕਿਲੰਕਾਰ ਕੰਕੰ।।[38]

## ਪ੍ਰਾਕਿਰਤੀ ਨਾਲ ਸੰਬੰਧਿਤ ਬਿੰਬਃ

ਅਧਿਅਨ ਅਧੀਨ ਰਚਨਾ ਵਿਚ ਅਕਾਲ ਪੁਰਖ ਦੀ ਸਰਬਸ਼ਕਤੀਮਾਨਤਾ, ਵਿਸ਼ਾਲਤਾ, ਬੇਅੰਤਤਾ ਤੇ ਸਰਬ ਵਿਆਪਕਤਾ ਨੂੰ ਦਰਸਾਉਣ ਲਈ ਪ੍ਰਕਿਰਤੀ ਵਿਚੋਂ ਲਏ ਗਏ ਬਿੰਬ ਕਾਫੀ ਮਾਤਰਾ ਹਨ ਜਿਵੇਂ ਕਿ ਜਲ, ਬਨਸਪਤੀ, ਜੀਵ- ਜੰਤੂ ਆਦਿ। ਉਦਾਹਰਣਾਂ ਵਜੋਂਃ

ਨਮੋ ਚੰਦ੍ਰ ਚੰਦ੍ਰੇ ਨਮੋ ਭਾਨ ਭਾਨੇ॥[39]

ਜਲੇਯ ਹੈਂ। ਥਲੇਯ ਹੈਂ॥[40]

ਨਮੋ ਸੂਰਜ ਸੂਰਜੇ ਨਮੋ ਚੰਦ੍ਰ ਚੰਦ੍ਰੇ॥[41]

ਫੁੱਲ ਖਿੜੇ ਜਣ ਬਾਗੀ ਬਾਣੇ ਜੋਧਿਆ॥[42]

ਗੱਜੇ ਦੁਰਗਾ ਘੇਰਿ ਕੈ ਜਣੁ ਘਣੀਅਰ ਕਾਲੇ॥[43]

ਚੁਣਿ ਚੁਣਿ ਜੋਧੇ ਮਾਰੇ ਅੰਦਰ ਖੇਤ ਦੈ॥[44]

**ਪਰਮਾਤਮਾ ਦੇ ਨਿਰਗੁਣ ਸਰੂਪ ਨਾਲ ਸੰਬੰਧਿਤ ਬਿੰਬ**

ਗੁਰੂ ਗੋਬਿੰਦ ਸਿੰਘ ਜੀ ਨੇ ਗੁਰਮਤਿ ਵਿਚਾਰਧਾਰਾ ਅਨੁਸਾਰ ਪਰਮਾਤਮਾ ਦੀ ਸ਼ਕਤੀ ਸੰਬੰਧੀ ਬਿਆਨ ਕਰਦਿਆਂ ਪਰਮਾਤਮਾ ਦੇ ਸਰਗੁਣ ਸਰੂਪ ਨੂੰ ਆਪਣੀਆਂ ਰਚਨਾਵਾਂ ਵਿਚ ਪੇਸ਼ ਕੀਤਾ ਹੈ:

ਅਨੀਲ ਹੈਂ॥ ਅਨਾਦਿ ਹੈਂ॥ ਅਜੇਯ ਹੈਂ॥ ਅਜਾਦਿ ਹੈਂ॥[45]

ਅਗੰਮ ਹੈ॥ ਅਜੰਮ ਹੈ॥ ਅਭੂਤ ਹੈਂ॥ ਅਛੂਤ ਹੈਂ॥[46]

ਆਦਿ ਰੂਪ ਅਨਾਦਿ ਮੂਰਤਿ ਅਜੋਨਿ ਪੁਰਖ ਅਪਾਰ॥[47]

ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਵਿਚ ਸ਼ਕਤੀ ਦੇ ਸੰਕਲਪ ਦੀ ਅਭਿਵਿਅਕਤੀ ਨਾਲ ਜੁੜੀਆਂ ਕਲਾਤਮਕ ਜੁਗਤਾਂ ਦੇ ਅਧਿਐਨ ਤੋਂ ਵਿਭਿੰਨ ਕਾਵਿ ਤੱਤਾਂ ਦੀ ਸੰਯੁਕਤ ਤੇ ਸਮਿਲਿਤ ਕਾਰਜ ਪ੍ਰਕਿਰਿਆ ਦਾ ਪ੍ਰਗਟਾਵਾ ਆਪਦੀਆਂ ਰਚਨਾਵਾਂ ਵਿਚ ਹੁੰਦਾ ਹੈ। ਪਿਆਰਾ ਸਿੰਘ ਪਦਮ ਲਿਖਦੇ ਹਨ, ਪ੍ਰਾਚੀਨ ਸਾਹਿਤਕਾਰ ਕਾਵਿ ਦੇ ਮਾਧੁਰਯ, ਓਜ ਤੇ ਪ੍ਰਸਾਦ ਤਿੰਨ ਗੁਣ ਮੰਨਦੇ ਹਨ। ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਜਿਥੇ ਪ੍ਰੇਮ-ਕਥਾ ਦਾ ਨਿਰੂਪਣ ਕਰਦੀ ਹੈ, ਉਥੇ ਮਾਧੁਰਯ ਗੁਣ ਦਾ ਸ਼ਾਂਤ ਝਰਨਾ ਵਹਿੰਦਾ ਹੈ ਤੇ ਜਿਥੇ ਉਨ੍ਹਾਂ ਕੇਵਲ ਕਥਾ ਪ੍ਰਸੰਗ ਦੀ ਗਲ ਤੋਰੀ ਹੈ, ਉਥੇ ਪ੍ਰਸਾਦ ਗੁਣ ਇਤਨਾ ਨਿਖਰਵਾਂ ਨਜ਼ਰੀ ਪੈਂਦਾ ਹੈ ਕਿ ਕਿਤੇ ਕੋਈ ਰੁਕਾਵਟ ਨਹੀਂ ਪੈਂਦੀ ਲਗਦੀ। ਦਸਮ ਗ੍ਰੰਥ ਦੀ ਕਾਵਿ-ਧਾਰਾ ਦਾ ਪ੍ਰਮੁੱਖ ਗੁਣ ਓਜ ਹੈ, ਇਸ ਕਰਕੇ ਜਿਥੇ ਕਿਤੇ ਲੜਾਈ ਦੀ ਗਲ ਆਉਂਦੀ ਹੈ ਤਾਂ ਉਥੇ ਗੁਰੂ ਸਾਹਿਬ ਉਸਨੂੰ ਚਮਕਾ ਕੇ ਪੇਸ਼ ਕਰਦੇ ਹਨ

ਤਾਂ ਕਿ ਉਹਨਾਂ ਦੇ ਪਾਠਕ ਸਮਕਾਲੀ ਅਵਸਥਾ ਨਾਲ ਟੱਕਰ ਲੈਣ ਲਈ ਸਾਵਧਾਨ ਹੋ ਸਕਣ ਤੇ ਇਸ ਮੌਕੇ ਨੂੰ ਉਨ੍ਹਾਂ ਕਿਤੇ ਹੱਥੋਂ ਜਾਣ ਨਹੀਂ ਦਿਤਾ। ਭਿਆਨਕ ਤੇ ਰੋਦਰ ਰਸ ਵੀ ਮਿਲ ਜਾਵੇਗਾ ਪਰ ਵੀਰ-ਰਸ ਦਾ ਰੰਗ ਵਧੇਰੇ ਹੈ। ਸ਼ਕਤੀ ਤੇ ਸ਼ਸਤਰਾ ਦਰਸ਼ਨ ਦਾ ਵੀ ਭਾਵ ਇਹੋ ਹੈ ਕਿ ਜ਼ਿੰਦਗੀ ਉਤਸ਼ਾਹ ਨਾਲ ਜੂਝਣ ਯੋਗ ਹੋਵੇ, ਉਹ ਕਿਤੇ ਹਾਰ ਨਾ ਖਾਵੇ। ਸੋ ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਕੀ ਕਾਵਿ ਧਾਰਾ ਅੰਲਕਾਰ, ਵਿਧਾਨ, ਛੰਦ ਬੰਧਾਨ ਤੇ ਭਾਸ਼ਾ ਦਾ ਸਾਮਾਨ ਸਭ ਕੁਝ ਅਜਿਹਾ ਹੀ ਹੈ ਜੋ ਜ਼ਿੰਦਗੀ ਨੂੰ ਸ਼ਕਤੀ ਬਖਸ਼ਦਾ ਹੈ ਤੇ ਤਿਆਰ ਬਰ ਤਿਆਰ ਕਰਦਾ ਹੈ।[48]

## 5.4. ਛੰਦ ਪ੍ਰਬੰਧ

ਛੰਦਾਂ ਦਾ ਸੰਬੰਧ ਉਨ੍ਹਾਂ ਕਲਾ ਜੁਗਤਾਂ ਨਾਲ ਹੈ ਜਿਨ੍ਹਾਂ ਭਾਵਾਂ ਨੂੰ ਕਾਵਿ ਵਿਚ ਪ੍ਰਗਟ ਕੀਤਾ ਜਾਂਦਾ ਹੈ ਕਿਉਂਕਿ ਕਾਵਿ ਵਿਚ ਛੰਦ ਦੇ ਸੰਯੋਗ ਨਾਲ ਇਕ ਲੈ ਜਾਂ ਤਾਲ ਪੈਦਾ ਹੁੰਦਾ ਹੈ, ਇਸ ਕਰਕੇ ਉਸ ਵਿਚ ਸੰਗੀਤ ਦਾ ਸੰਚਾਰ ਹੁੰਦਾ ਹੈ। ਅਸਲ ਵਿਚ ਕਵਿਤਾ ਰੂਪ ਕਮਲ ਫੁਲ ਛੰਦ ਦੇ ਉਤਮ ਵਿਧਾਨ ਨਾਲ ਖੇੜੇ ਦੀ ਅਵਸਥਾ ਵਿਚ ਆਉਂਦਾ ਹੈ। ਛੰਦ-ਵਿਧਾਨ ਵਿਚ ਸੁਰਾਂ ਦਾ ਬਹੁਤ ਮਹੱਤਵ ਹੈ। ਹਲਕੀ ਸੁਰ ਨਾਲ ਸੰਬੰਧਿਤ ਵਿਅੰਜਨਾਂ ਨੂੰ ਹ੍ਰਸਵ ਵਿਅੰਜਨ ਕਹਿੰਦੇ ਹਨ ਅਤੇ ਦੀਰਘ ਸੁਰਾਂ ਨਾਲ ਜੁੜੇ ਵਿਅੰਜਨਾਂ ਨੂੰ ਦੀਰਘ ਵਿਅੰਜਨ ਕਿਹਾ ਜਾਂਦਾ ਹੈ। ਇਨ੍ਹਾਂ ਸੁਰਾਂ ਜਾਂ ਇਨ੍ਹਾਂ ਨਾਲ ਜੁੜੇ ਵਿਅੰਜਨਾਂ ਦੇ ਉਚਾਰਣ ਵਿਚ ਜੋ ਸਮਾਂ ਲਗਦਾ ਹੈ, ਉਸਨੂੰ ਮਾਤ੍ਰਾ ਕਿਹਾ ਜਾਂਦਾ ਹੈ। ਇਨ੍ਹਾਂ ਦੇ ਆਧਾਰ 'ਤੇ ਹੀ ਛੰਦ ਪ੍ਰਣਾਲੀਆਂ ਪ੍ਰਚਲਿਤ ਹੋਈਆਂ ਹਨ। ਮੁੱਖ ਤੌਰ ਤੇ ਇਹ ਛੰਦ ਪ੍ਰਣਾਲੀ ਵਰਣਿਕ ਹੈ ਜਿਸ ਦੀ ਗਿਣਤੀ ਕੇਵਲ ਵਹਣਾ ਜਾਂ ਵਿਅੰਜਨਾਂ ਦੇ ਆਧਾਰ 'ਤੇ ਕੀਤੀ ਜਾਂਦੀ ਹੈ ਅਤੇ ਦੂਜੀ ਮਾਤ੍ਰਿਕ ਹੈ ਜਿਸ ਦਾ ਆਧਾਰ ਮਾਤ੍ਰਾਵਾਂ ਦੀ ਗਿਣਤੀ ਹੁੰਦੀ ਹੈ। ਲੌਕਿਕ ਕਾਵਿ ਪਰੰਪਰਾਵਾਂ ਵਿਚ ਮਾਤ੍ਰਿਕ ਛੰਦ ਅਧਿਕ ਵਰਤੇ ਜਾਂਦੇ ਹਨ। ਪੰਜਾਬੀ ਕਾਵਿ ਵਿਚ ਵੀ ਮਾਤ੍ਰਿਕ ਛੰਦ ਨੂੰ ਪ੍ਰਧਾਨਤਾ ਮਿਲੀ ਹੈ ਕਿਉਂਕਿ ਇਹ ਕਾਵਿ ਲੋਕ-ਜੀਵਨ ਦੇ ਜ਼ਿਆਦਾ ਨਿਕਟ ਵਿਚਰਿਆ ਹੈ।[49]

ਜਿੰਨੇ ਛੰਦਾਂ ਵਿਚ ਦਸਮ ਗ੍ਰੰਥ ਦੀ ਕਵਿਤਾ ਦੀ ਰਚਨਾ ਹੋਈ ਹੈ, ਸ਼ਾਇਦ ਹੀ ਕਿਸੇ ਹੋਰ ਗ੍ਰੰਥ ਵਿਚ ਹੋਈ ਹੋਵੇ। ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਵਿਚ ਤਿੰਨੇ ਪ੍ਰਕਾਰ ਦੇ ਛੰਦਾਂ ਦੀਆਂ ਵੰਨਗੀਆਂ ਮਿਲ ਜਾਂਦੀਆਂ ਹਨਃ ਵਰਣਿਕ ਛੰਦ, ਮਾਤ੍ਰਿਕ ਛੰਦ ਅਤੇ ਗਣ ਛੰਦ। ਇੱਕਲੇ ਜਾਪੁ ਵਿਚ ਦੱਸ ਛੰਦਃ ਛਪੈ, ਭੁਜੰਗ, ਪ੍ਰਯਾਤ, ਚਾਰੀ, ਚਰਪਟ, ਰੁਆਲ, ਮਧੁਭਾਰ, ਭਗਤੀ ਰਸਾਵਲ, ਹਰਿਬੋਲਮਨਾਂ ਅਤੇ ਏਕ ਅਛਰੀ ਵਿਦਮਾਨ ਹਨ। ਇਨਾਂ ਵਿਚੋਂ ਛਪੈ-ਛੰਦ ਮਧੁਭਾਰ ਮਾਤ੍ਰਿਕ ਛੰਦ ਹਨ ਅਤੇ ਬਾਕੀ ਦੇ ਵਰਣਿਕ ਛੰਦ। ਆਮ ਤੌਰ ਤੇ ਪ੍ਰਸੰਗਾਂ ਲਈ ਦੋਹਰਾ ਅਤੇ ਚੌਪਈ ਦੀ ਵਰਤੋਂ ਹੋਈ ਹੈ। ਜੰਗਾਂ ਜੁੱਧਾਂ ਦੇ ਵਰਣਨ ਵਿਚ ਭੁਜੰਗ ਪ੍ਰਯਾਤ, ਨਾਲ, ਸਿਰਖੰਡੀ ਆਦਿ ਵਰਤੇ ਹਨ। ਛਪੈ ਛੰਦ ਦੀਆਂ ਕੁਲ 123 ਮਾਤਰਾਂ ਹੁੰਦੀਆਂ ਹਨ। ਗੁਰੂ 29 ਅਤੇ ਲਘੂ 94 ਉਪਰਃ

> ਚੱਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ॥
> ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤਿ ਕਿਹ॥
> ਅਚਲ ਮੂਰਤਿ ਅਨੁਭਵ ਪ੍ਰਕਾਸ਼ ਅਮਿਤੋਜ ਕਹਿੱਜੈ॥
> ਕੋਟਿ ਇੰਦ੍ਰ ਇੰਦ੍ਰਾਣਿ ਸਾਹਿ ਸਾਹਾਣਿ ਗਣਿੱਜੈ॥
> ਤ੍ਰਿਭਵਣ ਮਹੀਪ ਸੁਰ ਨਰ ਅਸੁਰ ਨੇਤਿ ਨੇਤਿ ਬਨ ਤ੍ਰਿਣ ਕਹਤ॥
> ਤਵ ਸਰਬ ਨਾਮ ਕੱਥੈ ਕਵਨ ਕਰਮ ਨਾਮ ਬਰਨਤ ਸੁਮਤਿ॥[5•]

ਛੰਦ ਪ੍ਰਯੋਗ ਦੀ ਪਰਖ ਪੜਚੋੜ ਤਦ ਹੀ ਠੀਕ ਦਿਸ਼ਾ ਵਿਚ ਹੋ ਸਕਦੀ ਹੈ ਜੇ ਉਸ ਦਾ ਪਾਠ ਸ਼ੁਧ ਹੋਏ ਕਿਉਂਕਿ ਅਸ਼ੁੱਧ ਪਾਠ ਵਿਚ ਮਾਤਰਾਵਾਂ ਦੀ ਸਹੀ ਗਿਣਤੀ ਸੰਭਵ ਨਹੀਂ ਹੋ ਸਕਦੀ। 'ਚੰਡੀ ਦੀ ਵਾਰ' ਦਾ ਪਾਠ ਸੁਤੰਤਰ ਜਾਂ 'ਦਸਮ ਗ੍ਰੰਥ' ਵਿਚ ਸੰਕਲਿਤ ਰੂਪ ਵਿਚ ਮਿਲਦਾ ਹੈ। 'ਚੰਡੀ ਦੀ ਵਾਰ' ਵਿਚ ਕੁਲ 54 ਨਿਸ਼ਾਨੀ ਛੰਦ ਅਤੇ 3● ਸਿਰਖੰਡੀ ਛੰਦ ਵਿਚ ਹਨ। ਦੋ ਪਉੜੀਆਂ (27 ਅਤੇ 37) ਬੇਮੁਹਾਰੀਆਂ ਹਨ ਕਿਉਂਕਿ ਉਹ ਨਿਸ਼ਾਨੀ ਜਾਂ ਸਿਰਖੰਡੀ ਕਿਸੇ ਦੇ ਵੀ ਪੈਟਰਨ ਨੂੰ ਨਹੀਂ ਅਪਣਾਉਂਦੀਆਂ। ਇਨ੍ਹਾਂ ਵਿਚ ਚਾਰ ਚਾਰ ਤੁਕਾਂ ਹਨ। ਬਾਕੀ ਪਉੜੀਆਂ ਦੀ ਤੁਕ -ਗਿਣਤੀ ਵੀ ਵੱਖੋ-ਵੱਖਰੀ ਹੈ, ਜਿਵੇਂ 4 ਤੋਂ ਲੈ ਕੇ 12 ਤੁੱਕਾਂ ਵਾਲੀਆਂ

ਪਉੜੀਆਂ ਮਿਲਦੀਆਂ ਹਨ। ਕਈ ਪਉੜੀਆਂ ਦੀ ਅੰਤਿਮ ਤੁਕ ਆਕਾਰ ਵਜੋਂ ਬਾਕੀਆਂ ਨਾਲੋਂ ਛੋਟੀ ਹੈ। ਸਭ ਤੋਂ ਅਧਿਕ ਗਿਣਤੀ ਚਾਰ ਤੁਕਾਂ ਵਾਲੀਆਂ ਪਉੜੀਆਂ ਦੀ ਹੈ। ਇਥੇ ਤੁਕਾਂ ਦੀ ਗਿਣਤੀ ਕਿਸੇ ਖਾਸ ਪੈਟਰਨ 'ਤੇ ਨਹੀਂ ਹੋਈ। ਕਵੀ ਜਿਸ ਕਿਸੇ ਪਉੜੀ ਵਿਚ ਪ੍ਰਸੰਗ ਸ਼ੁਰੂ ਕਰਦਾ ਹੈ, ਉਸ ਪਉੜੀ ਦੀਆਂ ਤੁੱਕਾਂ ਤਦ ਤਕ ਚਲਦੀਆਂ ਰਹਿੰਦੀਆਂ ਹਨ, ਜਦ ਤਕ ਕਵੀ-ਕਥਨ ਖ਼ਤਮ ਹੋਣ 'ਤੇ ਨਾ ਆ ਜਾਵੇ। ਇਸ ਕਰਕੇ ਇਸ ਵਾਰ ਦੀਆਂ ਪਉੜੀਆਂ ਵਿਚ ਤੁਕਾਂ ਦੀ ਸਮਾਨਤਾ ਜਾਂ ਨਿਸਚਿਤਤਾ ਨਹੀਂ ਹੈ। ਮਾਤ੍ਰਾਵਾਂ ਦੇ ਆਧਾਰ 'ਤੇ ਵੀ ਇਨ੍ਹਾਂ ਦੇ ਕਈ ਭੇਦ ਕੀਤੇ ਜਾ ਸਕਦੇ ਹਨ।[51]

ਹੇਠ ਲਿਖੇ ਕਾਵਿ ਬੰਦ ਦੇ ਸਿਰਖਡੀ ਛੰਦ ਦੇ ਅੱਠ ਚਰਨ, ਪ੍ਰਤਿ ਚਰਣ 21 ਮਾਤ੍ਰਾਵਾਂ, ਪਹਿਲਾ ਬਿਸ੍ਰਾਮ 12 'ਤੇ ਅਤੇ ਦੂਜਾ 9 'ਤੇ ਅੰਤ ਲਘੂ ਗੁਰੂ, ਮੱਧ ਅਨੁਪ੍ਰਾਸ ਦਾ ਮੇਲ, ਜਿਵੇਂ-

| | | | | | |
|---|---|---|---|---|---|
| I I I I | IS | ISS | IS | ISIS | = 21 ਅੰਤ ਗੁਰੂ |
| ਅਗਣਤ | ਘੁਰੇ | ਨਗਾਰੇ | ਦਲਾਂ | ਭਿੜੰਦਿਆਂ।। | |
| ਪਾਏ | ਮਹਖਲ | ਭਾਰੇ, | ਦੇਵਾਂ | ਦਾਨਵਾਂ।।[52] | |
| SS | I I I I | SS | SS | S I S | = 21 ਅੰਤ ਗੁਰੂ |
| ਚੋਟ | ਪਈ | ਖਰਚਾਮੀ | ਦਲਾਂ | ਮੁਕਾਬਲਾ।।[53] | 12, 9 = 21 |
| S I | I S | I I I S | I S | I S I S | |

'ਚੰਡੀ ਦੀ ਵਾਰ' ਦੀ ਛੰਦ ਯੋਜਨਾ ਯੁੱਧ ਦੇ ਬਿਰਤਾਂਤ ਅਨੁਰੂਪ ਚਲੀ ਹੈ। ਪਾਠ ਦੇ ਪ੍ਰਮਾਣੀਕਰਨ ਤੋਂ ਬਿਨਾਂ ਮਾਤਰਾਵਾਂ ਦੀ ਗਿਣਤੀ ਸਹੀ ਨਹੀਂ ਹੋ ਸਕਦੀ ਪਰ ਫਿਰ ਵੀ ਅਹਿਸਾਸ ਹੁੰਦਾ ਹੈ ਕਿ ਕਵੀ ਨੇ ਸੁੰਦਰ ਛੰਦ- ਯੋਜਨਾ ਦੁਆਰਾ ਯੁੱਧ ਦਾ ਬੜਾ ਢੁੱਕਵਾਂ, ਉਤਸ਼ਾਹਵਰਧਕ ਅਤੇ ਜੀਵਨ ਦੇ ਅਨੁਰੂਪ ਵਰਣਨ ਕੀਤਾ ਹੈ।

ਬਚਿਤ੍ਰ ਨਾਟਕ ਵਿਚ ਪ੍ਰਯੁਕਤ ਛੰਦਾਂ ਦੀ ਗਿਣਤੀ ਚਾਰ ਸੋ ਇਕਤਰ (471) ਦੇ ਲਗਭਗ ਹੈ। ਇਸਦਾ ਆਰੰਭ ਤ੍ਰਿਭੰਗੀ ਛੰਦ ਤੋਂ ਕੀਤਾ ਗਿਆ ਹੈ। ਇਸ ਛੰਦ ਦੇ ਚਾਰ ਚਰਣ,

ਪ੍ਰਤਿ ਚਰਣ 32 ਮਾਤਰਾਂ, ਪਹਿਲਾ ਵਿਸਰਾਮ 1● ਮਾਤਰਾ ਉਪਰ, ਦੂਜਾ ਅਤੇ ਤੀਜਾ 8-8 ਤੇ, ਚੌਥਾ 6 ਉਪਰ ਹੁੰਦਾ ਹੈ ਅੰਤ ਗੁਰੂ ਹਰੇਕ ਚਰਣ ਵਿਚ ਅਨੁਪ੍ਰਾਸ ਹੋਣਾ ਜ਼ਰੂਰੀ ਹੈ। ਜੇ ਤੁਕਾਂਤ ਵਿਚ ਚੌਥਾ ਅਨੁਪ੍ਰਾਸ ਵੀ ਹੋਵੇ ਤਾਂ ਹੋਰ ਵੀ ਸੁੰਦਰਤਾ ਆ ਜਾਂਦੀ ਹੈ।[54]

ਖਗ ਖੰਡ ਬਿਹੰਡੰ ਖਲ ਦਲ ਖੰਡੰ ਅਤਿ ਰਣ ਮੰਡੰ ਬਰਬੰਡੰ।।
ਭੁਜ ਦੰਡ ਅਖੰਡੰ ਤੇਜ ਪ੍ਰਚੰਡੰ ਜੋਤਿ ਅਮੰਡੰ ਭਾਨ ਪ੍ਰਭੰ।।
ਸੁਖ ਸੰਤਾ ਕਰਣੰ ਦੁਰਮਤਿ ਦਰਣੰ ਕਿਲਬਿਖ ਹਰਣੰ ਅਸ ਸਰਣੰ।।
ਜੈ ਜੈ ਜਗ ਕਾਰਣ ਸਿਸ਼੍ਟ ਉਬਾਰਣ ਮਮ ਪ੍ਰਤਿਪਾਰਣ ਜੈ ਤੇਗੰ।।[55]

ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਵਿਚ ਸਭ ਤੋਂ ਜਿਆਦਾ ਚੋਪਈ ਦੀ ਵਰਤੋਂ ਜੋ ਇਕ ਸੋ ਬਾਹਠ (162) ਵਾਰ ਹੋਈ ਹੈ:

ਕਈ ਕੋਟਿ ਮਿਲਿ ਪੜ੍ਹਤ ਕੁਰਾਨਾ।। ਬਾਚਤ ਕਿਤੇ ਪੁਰਾਨ ਅਜਾਨਾ।।
ਅੰਤਿ ਕਾਲਿ ਕੋਈ ਕਾਮ ਨ ਆਵਾ।। ਦਾਵ ਕਾਲ ਕਾਹੂ ਨ ਬਚਾਵਾ।।[56]

ਇਸ ਤੋਂ ਇਲਾਵਾ ਗੁਰੂ ਗੋਬਿੰਦ ਸਿੰਘ ਜੀ ਦਾ ਔਰੰਗਜ਼ੇਬ ਨੂੰ ਲਿਖਿਆ ਜ਼ਫ਼ਰਨਾਮਾ ਰਚਨਾ ਦੇ ਇਕ ਸੋ ਤੇਰਾਂ (113) ਛੰਦ ਹਨ ਜੋ ਕਿ ਸ਼ੇਅਰ ਰੂਪ ਵਿਚ ਹਨ। ਪਹਿਲੇ ਬਾਰਾਂ ਛੰਦ ਪਰਮਾਤਮਾ ਦੀ ਉਸਤਿਤ ਵਿਚ ਮੰਗਲਾਚਰਣ ਰੂਪ ਵਿਚ ਹਨ:

ਕਮਾਲੇ ਕਰਾਮਾਤ .ਕਾਇਮ .ਕਰੀਮ।।
ਰਜ਼ਾ ਬਖਸ਼ ਰਾਜ਼ਿਕ ਰਿਹਾਕੁਨ ਰਹੀਮ।।
ਅਮਾਂ .ਬਖਸ਼ ਬਖਸ਼ਿੰਦ ਓ ਦਸਤਗੀਰ।।
.ਖਤਾ ਬਖਸ਼ ਰੋਜ਼ੀ ਦਿਹੋ ਦਿਲ ਪਜ਼ੀਰ।।[57]

## 5.5. ਰਾਗ ਪ੍ਰਬੰਧ

ਭਾਵੇਂ ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਰਾਗਾਂ ਵਿਚ ਨਹੀਂ ਹਨ, ਪਰ ਫਿਰ ਵੀ ਕਿਤੇ ਕਿਤੇ ਰਾਗਾਂ ਦਾ ਪ੍ਰਗਟਾਵਾ ਜ਼ਰੂਰ ਹੋਇਆ ਹੈ। ਇਨ੍ਹਾਂ ਵਿਚੋਂ ਮੁਖ ਤੌਰ ਤੇ ਰਾਗ ਅਡਾਣ,

ਸੂਹੀ, ਸਾਰੰਗ, ਕਲਿਆਣ, ਕਾਂ ੀ, ਕੇਦਾਰਾ, (ਖਿਆਲ) ਗਉੜੀ, ਤਿਲੰਗ, ਦੇਵਗੰਧਾਰੀ, ਧਨਾਸਰੀ, ਪਰਜ, ਬਿਲਾਵਲ, ਬਸੰਤ, ਭੈਰਉ, ਮਾਰੂ ਅਤੇ ਰਾਮਕਲੀ ਹਨ। ਆਪ ਦੁਆਰਾ ਰਚਿਤ ਰਾਮਕਲੀ ਪਾਤਸ਼ਾਹੀ ੧੦ (ਸ਼ਬਦ ਹਜ਼ਾਰੇ) ਬਾਣੀ ਰਾਗਾਂ ਵਿਚ ਰਚੀ ਰਚਨਾ ਹੈ।

### 5.6. ਰਸ ਵਿਧਾਨ

ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਬਹੁਤ ਸਾਰੇ ਕਾਵਿ ਰੂਪਾਂ ਵਿਚ ਹਨ। ਇਸ ਲਈ ਇਹਨਾਂ ਰਚਨਾਵਾਂ ਵਿਚ ਰਸ ਇਕ ਕਾਵਿਕ ਉਪਕਰਣ ਵਜੋਂ ਵਿਦਮਾਨ ਹੈ। ਆਪਦੀਆਂ ਰਚਨਾਵਾਂ ਵਿਚ ਰਸ ਵਿਉਤਪਤੀ ਦਾ ਬਹੁਪਸਾਰਾ ਹੈ ਜੋ ਆਪਣੇ ਕਲਾਤਮਕ ਸੋਂਦਰਯ ਸਹਿਤ ਰੂਪਮਾਨ ਹੋ ਰਿਹਾ ਹੈ ਪ੍ਰੰਤੂ ਬਾਣੀ ਦੇ ਸੰਦਰਭ ਵਿਚ ਵਿਭਿੰਨ ਰਸਾਂ ਦਾ ਪ੍ਰਯੋਗ ਮਾਨਵੀ ਜੀਵਨ ਦੇ ਰਸਾਤਮਕ ਚਿਤਰਣ ਦੁਆਰਾ ਅਕਾਲ ਪੁਰਖ ਦੀ ਆਨੰਦਮਈ ਅਵਸਥਾ ਦਾ ਬੋਧ ਕਰਾਉਣ ਪ੍ਰਤੀ ਕਾਰਜਸ਼ੀਲ ਹੈ।[58]

ਰਸ ਦੇ ਸੰਦਰਭ ਵਿਚ ਆਪ ਮੁਹਾਰੇ ਹੀ ਸਥਾਈ ਭਾਵ, ਵਿਭਾਵ, ਅਨੁਭਵ ਅਤੇ ਸੰਚਾਰੀ ਭਾਵ ਰਸ ਨਿਸ਼ਪਤੀ ਦਾ ਆਧਾਰ ਬਣਦੇ ਹਨ। ਰਸ ਨਿਸ਼ਪਤੀ ਵਿਚ ਨਾਇਕ ਦਾ ਆਪਣਾ ਕੋਈ ਅਲੰਬਨ ਅਨਿਵਾਰਯ ਹੈ। ਬਾਣੀ ਦਾ ਮੂਲ ਆਲੰਬਨ ਅਕਾਲ ਪੁਰਖ ਹੈ। ਅਕਾਲ ਪੁਰਖ ਜੋ ਨਿਰਾਕਾਰ, ਨਿਰਗੁਣ ਸਰੂਪ ਹੈ। ਇਸ ਲਈ ਇਥੇ ਰਸ ਨਿਸ਼ਪਤੀ ਦਾ ਪ੍ਰਯੋਜਨ ਕਿਸੇ ਸਥਾਈ ਭਾਵ ਦੀ ਅਭਿਵਿਅਕਤੀ ਨਹੀਂ ਸਗੋਂ ਵਿਭਿੰਨ ਵਿਭਾਵਾਂ ਸਹਿਤ ਸਧਾਰਨ ਬੁਧ ਪ੍ਰਤਿ ਅਕਾਲ ਪੁਰਖ ਦੇ ਰਹਸਮਈ ਵਰਤਾਰੇ ਦਾ ਭਾਵ ਪ੍ਰਕਾਸ਼ਨ ਹੈ। ਵਿਭਿੰਨ ਰਸਾਂ ਦੇ ਪਰਿਪੇਖ ਵਿਚ ਰਸਾਨਭੂਤੀ ਦੇ ਅੰਤਰਗਤ ਬੀਰ ਰਸ, ਹਾਸ ਰਸ, ਅਦਭੁਤ ਰਸ, ਸ਼ਿੰਗਾਰ ਰਸ, ਵੀਭਤਸ ਰਸ ਅਤੇ ਸ਼ਾਂਤ ਰਸ ਆਦਿ ਵਿਭਿੰਨ ਪ੍ਰਕਾਰੀ ਰਸ ਰੂਪਮਾਨ ਹੁੰਦੇ ਹਨ।[59] ਗੋਬਿੰਦ ਸਿੰਘ ਜੀ ਦੀ ਬਾਣੀ ਵਿਚ ਬੀਰ ਰਸ ਵਧੇਰੇ ਪ੍ਰਬਲ ਹੈ। ਜਿਵੇਂ- ਚੰਡੀ ਦੀ ਵਾਰ ਵਿਚ ਥਾਂ-ਥਾਂ ਤੇ ਬੀਰ ਰਸ ਵਿਦਮਾਨ ਹੈ। ਰਵਾਨਗੀ ਵੀ ਕਮਾਲ ਦੀ ਹੈਃ-

**ਬੀਰ ਰਸ:**

ਦੁਹਾਂ ਕੰਧਾਰਾਂ ਮੁਹਿ ਜੁੜੇ ਢੋਲ ਸੰਖ ਨਗਾਰੇ ਬੱਜੇ॥
ਰਾਕਸ਼ਿ ਆਏ ਰੋਹਲੇ ਤਰਵਾਰੀ ਬਖਤਰ ਸੱਜੇ॥[60]
ਜੁੱਟੇ ਸਉਹੇ ਜੁੱਧ ਨੂੰ ਇਕ ਜਾਤ ਨ ਜਾਣਨ ਭੱਜੇ॥
ਖੇਤ ਅੰਦਰਿ ਜੋਧੇ ਗੱਜੇ॥[61]

**ਸ਼ਾਂਤ ਰਸ**

ਪ੍ਰਿਥਮ ਭਗਉਤੀ ਸਿਮਰਕੈ ਗੁਰ ਨਾਨਕ ਲਈਂ ਧਿਆਇ॥...
ਤੇਗ ਬਹਾਦਰ ਸਿਮਰੀਐ ਘਰ ਨਉਨਿਧਿ ਆਵੈ ਧਾਇ॥
ਸਭ ਥਾਈਂ ਹੋਇ ਸਹਾਇ॥[62]

ਵਾਰ ਸ੍ਰੀ ਭਗਉਤੀ ਜੀ ਕੀ

ਰਾਮਕਲੀ ਪਾਤਿਸ਼ਾਹੀ ੧੦॥ ਰੇ ਮਨ ਐਸੋ ਕਰਿ ਸੰਨਿਆਸਾ॥

ਬਨ ਸੇ ਸਦਨ ਸਭੈ ਕਰਿ ਸਮਝਹੁ ਮਨ ਹੀ ਮਾਹਿ ਉਦਾਸਾ॥[63]

(ਰਾਮਕਲੀ ਪਾਤਸ਼ਾਹੀ ੧੦ ਸ਼ਬਦ ਹਜ਼ਾਰੇ)

ਪ੍ਰਾਨੀ ਪਰਮ ਪੁਰਖ ਪਗ ਲਾਗੋ॥
ਸੋਵਤ ਕਹਾ ਮੋਹ ਨਿੰਦ੍ਰਾ ਮੈ ਕਬਹੂੰ ਸੁਚਿਤ ਹ੍ਵੈ ਜਾਗੋ॥
ਔਰਨ ਕਹ ਉਪਦੇਸ਼ਤ ਹੈ ਪਸੁ ਤੋਹਿ ਪ੍ਰਬੋਧ ਨ ਲਾਗੋ॥
ਸਿੰਚਤ ਕਰਾ ਪਰੇ ਬਿਖਿਯਨ ਕਹ ਕਬਹੁ ਬਿਖੈ ਰਸ ਤਯਾਗੋ॥[64]

**ਰੌਦਰ ਰਸ:**

ਲਗੈ ਧੀਰ ਧੱਕੈ॥ ਕ੍ਰਿਪਾਣੰ ਝਨੱਕੈ॥
ਕੱੜਕੈ ਕਮਾਣੰ॥ ਝਣੰਕੈ ਕ੍ਰਿਪਾਣੰ॥
ਕੱੜਕਾਰ ਛੁੱਟੈ॥ ਝਣੰਕਾਰ ਉੱਠੈ॥[65]

**ਵੀਭਤਸ ਰਸ:**

ਪੇਟ ਮਲੰਦੇ ਲਾਈ ਮਹਖੇ ਦੈਤ ਨੂੰ॥
ਗੁਰਦੇ ਆਂਦਾਂ ਖਾਈ ਨਾਲੇ ਰੁੱਕੜੇ॥[66]

ਉਪਰੋਕਤ ਰਸ ਪ੍ਰਯੋਗ ਤੋਂ ਇਲਾਵਾ ਅਨੇਕਾਂ ਹੋਰ ਵੀ ਕਈ ਰਸ ਭਾਵ ਅਨੁਭੂਤੀ ਵਿਚ ਕਾਰਜਸ਼ੀਲ ਰਹਿੰਦੇ ਹਨ। ਗੁਰੂ ਗੋਬਿੰਦ ਸਿੰਘ ਜੀ ਕਾਵਿ ਅਭਿਵਿਅਕਤੀ ਦੀ ਪੱਧਰ ਤੇ ਅਤਿਕਥਨੀ, ਵਾਕ ਚਤੁਰਾਈ, ਅਲੰਕਾਰਕ ਸ਼ੈਲੀ ਆਦਿ ਦਾ ਪ੍ਰਯੋਗ ਕਰਕੇ ਅਤਿ ਸੂਖਸ਼ਮ ਢੰਗ ਨਾਲ ਕਾਵਿ ਦੀ ਕਾਰਜ ਪ੍ਰਕਿਰਿਆ ਨੂੰ ਸੁਖੈਨ ਬਣਾ ਰਹੇ ਹਨ। ਗੁਰੂ ਗੋਬਿੰਦ ਸਿੰਘ ਜੀ ਦੁਆਰਾ ਪ੍ਰਯੋਗ ਕੀਤੇ ਰਸ ਸ਼ਾਂਤ ਰਸ ਗਿਆਨ, ਵੈਰਾਗ ਅਤੇ ਭਗਤੀ ਦਾ ਸੁਮੇਲ ਸਾਧਕ ਨੂੰ ਈਸ਼ਵਰੀ ਭਗਤੀ ਵਿਚ ਲੀਨ ਰਹਿਣ ਲਈ ਪ੍ਰੇਰਦੇ ਹਨ।

## 5.7. ਪ੍ਰਤੀਕ ਯੋਜਨਾ

ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਵਿਚ ਅਧਿਆਤਮਿਕ ਸਤਿ ਦੇ ਪ੍ਰਗਟਾ ਅਧੀਨ ਪ੍ਰਤੀਕ ਯੋਜਨਾ ਇਕ ਸਸ਼ਕਤ ਮਾਧਿਅਮ ਵਜੋਂ ਕਾਰਜਸ਼ੀਲ ਹੈ। ਪ੍ਰਤੀਕ ਕਿਸੇ ਅਦ੍ਰਿਸ਼ਟ ਸੱਤਾ ਦਾ ਵਿਅਕਤ ਰੂਪ ਹੈ। ਪ੍ਰਤੀਕ ਦਾ ਵਿਕਾਸ ਸਧਾਰਨ ਤੋਂ ਵਿਸ਼ੇਸ਼ ਵਲ ਹੁੰਦਾ ਹੈ। ਭੌਤਿਕ ਜਗਤ ਦੀ ਵਾਸਤਵਿਕਤਾ ਅਤੇ ਪਰਿਭੌਤਿਕ ਜਗਤ ਦੇ ਰਹਸ ਦੇ ਗਿਆਨ ਨੂੰ ਅਰਥਪੂਰਵਕ ਪੇਸ਼ ਕਰਨ ਲਈ ਪ੍ਰਤੀਕ ਯੋਜਨਾ ਦੀ ਵਰਤੋਂ ਜ਼ਰੂਰੀ ਹੈ ਕਿਉਂਕਿ ਅਦ੍ਰਿਸ਼ਟ ਰਹਸਮਈ ਸਤਿ ਦਾ ਗਿਆਨ ਭਾਸ਼ਾ ਦੇ ਪ੍ਰਗਟਾ ਨਾਲ ਸੰਭੰਵ ਨਹੀਂ ਹੈ। ਇਸ ਲਈ ਇਥੇ ਪ੍ਰਤੀਕ ਯੋਜਨਾ ਸਹਾਇਕ ਹੁੰਦੀ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀਆਂ ਰਚਨਾਵਾਂ ਵਿਚ ਪਰੰਪਰਾ ਤੋਂ ਚਲੇ ਆ ਰਹੇ ਪ੍ਰਤੀਕਾਂ ਦੇ ਨਵੇਂ ਅਰਥ ਸਿਰਜਕੇ ਮੌਲਿਕ ਅਭਿਵਿਅਕਤੀ ਦੁਆਰਾ ਇਹਨਾਂ ਪ੍ਰਤੀਕਾਂ ਨੂੰ ਵਖਰਤਾ ਅਤੇ ਵਿਸ਼ਿਸ਼ਟਤਾ ਪ੍ਰਦਾਨ ਕੀਤੀ ਹੈ।[67] ਪਰਮ ਸਤਿ ਜੋ ਨਿਰਾਕਾਰ, ਅਦ੍ਰਿਸ਼ਟ ਅਮੂਰਤ ਹੈ ਨੂੰ ਦ੍ਰਿਸ਼ਟ ਕਰਨ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਚੰਡੀ ਦੀ ਵਾਰ ਵਿਚ ਸਭ ਤੋਂ ਪਹਿਲਾਂ ਖੰਡਾ ਸ਼ਬਦ ਨੂੰ ਨਵੇਂ ਪ੍ਰਤੀਕ ਵਜੋਂ ਵਰਤਿਆ:

ਖੰਡਾ ਪ੍ਰਿਥਮੈ ਸਾਜਿਕੈ ਜਿਨ ਸਭ ਸੈਸਾਰੁ ਉਪਾਇਆ॥

ਬ੍ਰਹਮਾ ਬਿਸ਼ਨ ਮਹੇਸ਼ ਸਾਜਿ ਕੁਦਰਤਿ ਦਾ ਖੇਲੁ ਰਚਾਇ ਬਣਾਇਆ॥[68]

ਖੰਡਾ ਸਥੂਲ ਹੈ ਜੋ ਸ਼ਸਤਰ ਰੂਪ ਹੈ ਅਤੇ ਇਕ ਧਾਰਮਿਕ ਚਿੰਨ ਵਜੋਂ ਵੀ ਪ੍ਰਵਾਣਿਤ ਹੈ ਪ੍ਰੰਤੂ ਖੰਡਾ ਮਹਾਸ਼ਕਤੀ ਦਾ ਉਹ ਸਰੂਪ ਸੁਭਾਇਮਾਨ ਹੋ ਰਿਹਾ ਹੈ ਜਿਸਨੇ ਸਾਰਾ ਸੰਸਾਰ ਉਤਪੰਨ ਕੀਤਾ। ਉਸਨੇ ਪਹਿਲਾਂ ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ ਨੂੰ ਬਣਾਇਆ ਅਤੇ ਫਿਰ ਕੁਦਰਤਿ ਦਾ ਖੇਲ ਸੰਪੂਰਨ ਕੀਤਾ। ਖੰਡਾ ਸ਼ਸਤਰ ਦੀ ਸਥੂਲ ਰੂਪ ਵਿਚ ਸੰਕਲਪਕ ਪੇਸ਼ਕਾਰੀ ਅਤੇ ਪਰਾਸ਼ਕਤੀ ਦੇ ਰੂਪ ਵਿਚ ਸਿਰਜਨਾ ਗੁਰੂ ਗੋਬਿੰਦ ਸਿੰਘ ਜੀ ਦੀ ਵਿਲੱਖਣ ਕਾਵਿ ਅਭਿਵਿਅਕਤੀ ਦਾ ਪ੍ਰਤੱਖ ਪ੍ਰਮਾਣ ਹੈ। ਪ੍ਰਮਾਤਮਾ ਦੇ ਸਰੂਪ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਵਿਭਿੰਨ ਪ੍ਰਤੀਕਾਂ ਦੁਆਰਾ ਸਮੂਰਤ ਕੀਤਾ ਗਿਆ ਹੈ। ਇਹ ਪ੍ਰਤੀਕ ਰਾਜਨੀਤਿਕ, ਸਦਾਚਾਰਕ ਅਤੇ ਧਾਰਮਿਕ ਜਨਜੀਵਨ ਵਿਚੋਂ ਲਏ ਗਏ ਹਨ। ਸਮਾਜਕ ਵਰਤੋਂ ਵਿਵਹਾਰ ਵਿਚੋਂ ਲਏ ਗਏ ਪ੍ਰਤੀਕ ਆਪਣੇ ਸੰਕੀਰਣ ਅਰਥਾਂ ਨੂੰ ਪਾਰ ਕਰਕੇ ਪਰਮ ਸਤਿ ਦੇ ਅਦਵੈਤਮਈ ਅਰਥਾਂ ਦੇ ਧਾਰਨੀ ਹੁੰਦੇ ਹਨ। ਰਾਜਨੀਤਕ ਪੱਖ ਤੋਂ ਸਾਰੀ ਸ਼ਕਤੀ ਦਾ ਸੋਮਾ ਰਾਜਾ ਹੈ, ਇਹ ਰਾਜਾ ਰਾਜਨੀਤਿਕ, ਸਦਾਚਾਰਕ ਨਿਆਂਇਕ ਧਾਰਮਿਕ ਪੱਖਾਂ ਤੇ ਹਾਵੀ ਹੁੰਦਾ ਹੈ। ਸਧਾਰਨ ਮਨੁੱਖ ਲਈ ਰਾਜਾ ਸਰਬ ਸ਼ਕਤੀਮਾਨ ਦਾ ਪ੍ਰਤੀਕ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਇਸੇ ਨੂੰ ਪ੍ਰਤੀਕ ਰੂਪ ਵਿਚ ਵਰਤ ਕੇ ਸਰਬ ਲੋਕਾਈ ਨੂੰ ਚੇਤਨਾ ਪ੍ਰਦਾਨ ਕਰਵਾਈ ਹੈ। ਜ਼ੁਲਮ ਜ਼ਬਰ ਅਤੇ ਤਾਨਾਸ਼ਾਹੀ ਦੇ ਪ੍ਰਤੀਕ ਮੁਗਲ ਸਾਸ਼ਕ ਔਰੰਗਜ਼ੇਬ ਨੂੰ ਜ਼ਫ਼ਰਨਾਮਾ ਦੇ ਅੰਤਰਗਤ ਉਸ ਦੀ ਅਸਲੀਅਤ ਨੂੰ ਲੋਕਾਂ ਸਾਹਮਣੇ ਬੇਨਕਾਬ ਕਰਦੇ ਹੋਏ ਪਰਮਸਤਿ ਲਈ ਸ਼ਹਿਨਸ਼ਾਹਾਂ ਦਾ ਸ਼ਹਿਨਸ਼ਾਹ ਨੂੰ ਪ੍ਰਤੀਕ ਰੂਪ ਵਿਚ ਵਰਤਿਆ ਹੈ:[59]

ਤੁ ਗਾਫਲ ਮਸੌ ਮਰਦ ਯਜ਼ਦਾਂ ਹਿਰਾਸ॥

ਕਿ ਓ ਬੇਨਿਆਜ਼ ਅਸਤੁ ਓ ਬੇ ਸੁਪਾਸ॥

ਕਿ ਊ ਬੇ ਮੁਹਾਬਸਤੁ ਸ਼ਾਹਾਨਿ ਸ਼ਾਹ॥

ਜ਼ਿਮੀਨੋ ਜ਼ਮਾਂ ਸੱਚਏ ਪਾਤਿਸ਼ਾਹ॥[60]

ਕਿ ਪਾਕ ਬਿਐਬ ਹੈਂ॥ ਕਿ ਗ਼ੈਬੁਲ ਗ਼ੈਬ ਹੈਂ॥

ਕਿ ਅਫ਼ਵੁਲ ਗੁਨਾਹ ਹੈਂ॥ ਕਿ ਸ਼ਾਹਾਨ ਸ਼ਾਹ ਹੈਂ॥

ਕਿ ਕਾਰਨ ਕੁਨਿੰਦ ਹੈਂ॥ ਕਿ ਰੋਜ਼ੀ ਦਹਿੰਦ ਹੈਂ॥[61]

ਅਧਿਆਤਮਿਕ ਪਖੋਂ ਗੁਰੂ ਗੋਬਿੰਦ ਸਿੰਘ ਜੀ ਨੇ ਪਰਮਾਤਮਾ ਦੇ ਸਤਿ ਸਰੂਪ ਨੂੰ ਮਹਾਕਾਲ ਦੇ ਪ੍ਰਤੀਕ ਰੂਪ ਵਿਚ ਵਰਣਿਤ ਕੀਤਾ ਹੈ। ਕਾਲ ਜੋ ਯਮਰਾਜ ਹੈ ਨੇ ਸਿਰਜਕ ਦਾ ਸੰਘਾਰ ਕਰਨਾ ਹੈ। ਅਜਿਹੇ ਨਾਂਹਵਾਚੀ ਸੰਕਲਪਾਤਮਕ ਸ਼ਬਦਾਂ ਨੂੰ ਪਰਮ ਸਤਿ ਦੇ ਬੋਧਿਕ ਪ੍ਰਤੀਕ ਵਜੋਂ ਪ੍ਰਯੋਗ ਕਰਕੇ ਕਾਵਿ ਕਲਾਤਮਿਕਤਾ ਦੀ ਮੌਲਿਕਤਾ ਤੇ ਵਖਰਤਾ ਦਾ ਪ੍ਰਮਾਣ ਹੈ:

ਕਾਲ ਹੀ ਪਾਇ ਭਯੋ ਭਗਵਾਨ ਸੁ ਜਾਗਤ ਯਾ ਜਗ ਜਾਕੀ ਕਲਾ ਹੈ॥

ਕਾਲ ਹੀ ਪਾਇ ਭਯੋ ਬ੍ਰਹਮਾ ਸ਼ਿਵ ਕਾਲ ਹੀ ਪਾਇ ਭਯੋ ਜੁਗੀਆ ਹੈ॥

ਕਾਲ ਹੀ ਪਾਇ ਸੁਰਾਸੁਰ ਗੰਧ੍ਰਬ ਜੱਛ ਭੁਜੰਗ ਦਿਸਾ ਬਿਦਿਸਾ ਹੈ॥

ਔਰ ਸਕਾਲ ਸਭੈ ਬਸਿ ਕਾਲ ਕੇ ਏਕ ਹੀ ਕਾਲ ਅਕਾਲ ਸਦਾ ਹੈ॥[62]

ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀਆਂ ਰਚਨਾਵਾਂ ਵਿਚ ਗੁਰੂ, ਪ੍ਰਕਿਰਤੀ, ਮਨੁੱਖ ਅਤੇ ਆਤਮਾ ਨਾਲ ਸੰਬੰਧਿਤ ਮਨੁੱਖੀ ਸਮਾਜਿਕ, ਧਾਰਮਿਕ ਅਤੇ ਵਿਵਹਾਰਿਕ ਜੀਵਨ ਵਿਚੋਂ ਅਨੇਕ ਪ੍ਰਤੀਕਾਂ ਦੀ ਵਰਤੋਂ ਕੀਤੀ ਹੈ:

ਰੇ ਮਨ ਐਸੋ ਕਰ ਸੰਨਿਆਸਾ॥

ਬਨ ਸੇ ਸਦਨ ਸਭੈ ਕਰਿ ਸਮਝਹੁ ਮਨ ਹੀ ਮਾਹਿ ਉਦਾਸਾ॥

ਜਤ ਕੀ ਜਟਾ ਜੋਗ ਕੋ ਮੱਜਨੁ ਨੇਮ ਕੇ ਨਖਨ ਬਢਾਓ॥

ਗਯਾਨ ਗੁਰੂ ਆਤਮ ਉਪਦੇਸ਼ਹੁ ਨਾਮ ਬਿਭੂਤ ਲਗਾਓ॥[63]

ਗੁਰੂ ਗੋਬਿੰਦ ਸਿੰਘ ਜੀ ਦੁਆਰਾ ਵਰਤੇ ਇਹ ਪ੍ਰਤੀਕ ਬਾਣੀ ਦੀ ਜਨ ਸਧਾਰਨ ਨਾਲ ਅਟੁਟ ਸਾਂਝ ਪਾਉਂਦੇ, ਅਰਥ ਨੂੰ ਸਮੂਰਤ ਕਰਨ ਵਿਚ ਸਹਾਈ ਹੁੰਦੇ ਹਨ।

## 5.8. ਬਿਰਤਾਂਤ ਸਿਰਜਣਾ

ਬਿਰਤਾਂਤ ਆਪਸ ਵਿਚ ਜੁੜੀਆਂ ਘਟਨਾਵਾਂ ਨੂੰ ਪਾਠਕ ਜਾਂ ਸਰੋਤੇ ਸਾਹਮਣੇ ਲਿਖਤੀ ਜਾਂ ਮੌਖਿਕ ਰੂਪ ਵਿਚ ਪੇਸ਼ ਕਰਨਾ ਹੈ। ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਵਿਚ ਬਿਰਤਾਂਤ ਦੀ ਵਿਲੱਖਣਤਾ ਹੈ। ਆਪ ਨੇ ਜਾਪੁ ਰਚਨਾ ਵਿਚ ਅਕਾਲਪੁਰਖ ਦੀ ਬੰਦਨਾ ਉਸਤਤਿ ਅਤੇ ਜਸ ਗਾਇਨ ਨੂੰ ਭਾਵਪੂਰਤ ਅਭਿਵਿਅਕਤੀ ਸਹਿਤ ਰੂਪਮਾਨ ਕੀਤਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਅਨੇਕਾਂ ਵਿਧੀਆਂ ਨਾਲ ਆਪਣੇ ਇਸ਼ਟ ਦਾ ਜਾਪ ਕੀਤਾ ਹੈ। ਜਾਪੁ ਦੀ ਕਥਾ ਵਸਤੂ ਨੂੰ ਪੇਸ਼ ਕਰਦਿਆਂ ਗੁਰੂ ਗੋਬਿੰਦ ਸਿੰਘ ਜੀ ਨੇ ਸਮੁੱਚੇ ਪਾਠ ਵਿਚ ਅਕਾਲਪੁਰਖ ਦਾ ਸਰੂਪ ਉਘਾੜਿਆ ਹੈ ਜੋ ਸਿਰਜਣਹਾਰ ਵੀ ਹੈ ਤੇ ਮਾਰਨਵਾਲਾ ਵੀ ਹੈ। ਪਰਮਾਤਮਾ ਦੀ ਨਿਰਗੁਣ ਰੂਪ ਵਿਚ ਹੋਂਦ ਦਾ ਅਹਿਸਾਸ ਕਰਵਾਇਆ ਹੈ।

ਬਚਿਤ੍ਰ ਨਾਟਕ ਦੇ ਬਿਰਤਾਂਤ ਨੂੰ ਪੇਸ਼ ਕਰਦਿਆਂ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਵਿਚ ਆਪਣੀ ਆਤਮ ਕਥਾ ਅਤੇ ਚਉਬੀਸ ਅਵਤਾਰਾਂ ਦਾ ਵਰਣਨ ਕੀਤਾ ਹੈ। ਇਸ ਰਚਨਾ ਦੇ ਬਿਰਤਾਂਤ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਚੌਦਾਂ ਅਧਿਆਇਆਂ ਵਿਚ ਵੰਡਿਆਂ ਹੈ ਜਿਹੜੇ ਕਿ ਮੂਲ ਰੂਪ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਪ੍ਰਸੰਗ ਦੇ ਵੇਰਵਿਆਂ ਨਾਲ ਸੰਬੰਧਿਤ ਹਨ। ਇਸ ਸੰਬੰਧ ਵਿਚ ਡਾ. ਅੰਮ੍ਰਿਤਪਾਲ ਕੌਰ ਦਾ ਵਿਚਾਰ ਹੈ ਕਿ, ਬਚਿਤ੍ਰ ਨਾਟਕ ਦੇ ਬਿਰਤਾਂਤ ਦੇ ਅੰਤਰਗਤ ਪਹਿਲੇ ਦੋ ਅਧਿਆਇ ਪੂਰਨ ਰੂਪ ਵਿਚ ਅਕਾਲਪੁਰਖ ਦੀ ਉਸਤਤਿ ਅਤੇ ਭਗਤੀ ਭਾਵ ਨੂੰ ਸਮਰਪਿਤ ਹਨ। ਤੀਜੇ ਅਧਿਆਇ ਤੋਂ ਸਤਵੇਂ ਅਧਿਆਇ ਤਕ ਗੁਰੂ ਗੋਬਿੰਦ ਸਿੰਘ ਜੀ ਦੇ ਆਪਣੇ ਪੂਰਵ ਜਨਮ ਦਾ ਵੇਰਵਾ, ਆਉਣ ਦਾ ਪ੍ਰਯੋਜਨ, ਵੰਸ਼ ਵੇਰਵਾ ਅਤ। ਆਪਣੇ ਜਨਮ ਤੋਂ ਲੈ ਕੇ ਯੁੱਧਾਂ ਦੇ ਸ਼ੁਰੂ ਹੋਣ ਤੋਂ ਪਹਿਲੇ ਦੇ ਸਮੇਂ ਨੂੰ ਵਰਣਿਤ ਕੀਤਾ ਗਿਆ ਹੈ। ਅਗਲੇ ਅਨਿਆਇਆਂ ਵਿਚ ਭੰਗਾਣੀ, ਨਦੌਣ ਅਤੇ ਹੁਸੈਨੀ ਦੇ ਯੁੱਧ ਦਾ ਵਰਣਨ ਕੀਤਾ ਹੈ।[64] ਬਚਿਤ੍ਰ ਨਾਟਕ ਦੇ ਵਿਚ ਅਕਾਲ ਪੁਰਖ ਪ੍ਰਮੁਖ ਸ਼ਕਤੀ ਸ੍ਰੋਤ ਹੈ। ਰਚਨਾ ਵਿਚ ਅਭਿਵਿਅਕਤ ਅਧਿਆਤਮਿਕ ਸਤਿ ਦੀ ਅਨੁਭੂਤੀ ਹਿਤ ਗੁਰੂ ਗੋਬਿੰਦ ਸਿੰਘ ਜੀ ਨੇ ਜਗਤ ਦੀਆਂ ਸਮੂਹ ਹੋਂਦਾਂ ਨੂੰ ਜੁਗਤ ਵਜੋਂ ਵਰਤਦਿਆਂ ਅਕਾਲ ਪੁਰਖ ਦੇ ਅਨੁਭਵ ਬੋਧ ਹਿਤ ਕਾਰਜਸ਼ੀਲ ਕੀਤਾ ਹੈ।[65]

ਵਾਰ ਸ੍ਰੀ ਭਗਉਤੀ ਜੀ ਕੀ ਰਚਨਾ ਦਾ ਕਥਾ ਬਿਰਤਾਂਤ ਤ੍ਰੇਤੇ ਯੁਗ ਤੋਂ ਸ਼ੁਰੂ ਹੁੰਦਾ ਹੈ ਜਿਥੇ ਦੇਵਤੇ ਸਾਧੂ ਸੁਭਾਅ ਦੇ ਹੋ ਜਾਂਦੇ ਹਨ ਜਿਸ ਦੇ ਫਲਸਰੂਪ ਕਲ ਤੇ ਨਾਰਦ ਹਰੇਕ ਥਾਂ ਨਚਣ ਲਗ ਜਾਂਦੇ ਜਨ। ਦੇਵਤਿਆਂ ਦਾ ਅਭਿਮਾਨ ਉਤਾਰਨ ਹਿਤ ਮਹਿਖਾਸੁਰ ਅਤੇ ਸੁੰਭ ਦੈਂਤਾਂ ਦੀ ਸਿਰਜਨਾ ਕੀਤੀ ਗਈ। ਇਹਨਾਂ ਦੈਂਤਾਂ ਨੇ ਦੇਵਤਿਆਂ ਨੂੰ ਹਰਾ ਕੇ ਇੰਦਰ ਨੂੰ ਭਜਾ ਦਿੱਤਾ ਅਤੇ ਤਿੰਨ ਲੋਕਾਂ ਵਿਚ ਆਪਣਾ ਰਾਜ ਸਥਾਪਿਤ ਕਰ ਲਿਆ। ਇੰਦਰ ਅਤੇ ਦੇਵਤੇ ਆਪਣਾ ਅਭਿਮਾਨ ਛੱਡ ਕੇ ਦੁਰਗਾ ਕੋਲ ਮਦਦ ਲਈ ਆਉਂਦੇ ਹਨ। ਦੁਰਗਾ ਇੰਦਰ ਨੂੰ ਅਰਮਾਵਤੀ ਦਾ ਰਾਜ ਦਿਵਾਉਣ ਲਈ ਸ਼ੇਰ ਦੀ ਸਵਾਰੀ ਕਰਕੇ ਦੈਂਤਾਂ ਦਾ ਸੰਹਾਰ ਕਰਨ ਲਈ ਲੜਾਈ ਦੇ ਮੈਦਾਨ ਵਿਚ ਆਉਂਦੀ ਹੈ। ਇਹ ਲੜਾਈ ਦੋ ਵਾਰ ਹੁੰਦੀ ਹੈ। ਪਹਿਲੀ ਲੜਾਈ ਵਿਚ ਦੁਰਗਾ ਮਹਿਖਾਸੁਰ ਨਾਲ ਭਿੜਦੀ ਹੈ ਅਤੇ ਉਸਨੂੰ ਮੌਤ ਦੇ ਘਾਟ ਉਤਾਰਦੀ ਹੈ। ਕਥਾ ਬਿਰਤਾਂਤ ਅਨੁਸਾਰ ਦੈਂਤ ਬੜੇ ਰੋਹ ਵਾਲੇ ਹਨ, ਉਨ੍ਹਾਂ ਦੀਆਂ ਤੇਗਾਂ ਬਰਛੀਆਂ ਦੀ ਲਿਸ਼ਕ ਸੂਰਜ ਨੂੰ ਵੀ ਮਾਤ ਪਾਉਂਦੀ ਹੈ। ਜੰਗ ਮੁਸਾਫੇ ਦੇ ਵਜਣ ਨਾਲ ਦੋਵੇਂ ਧਿਰਾਂ ਵਿਚ ਘਮਸਾਣ ਯੁੱਧ ਸ਼ੁਰੂ ਹੋ ਜਾਂਦਾ ਹੈ।[66]

ਵਾਰ ਦੇ ਕਥਾ ਬਿਰਤਾਂਤ ਵਿਚ ਦੇਵੀ ਅਤੇ ਦੈਂਤਾਂ ਦੀ ਆਪਸੀ ਸੰਬੰਧ ਵਿਚ ਯੁੱਧ ਵਰਣਨ ਨੂੰ ਬਹੁਤ ਮਹੱਤਾ ਦਿੱਤੀ ਗਈ ਹੈ। ਗੁਰੂ ਗੋਬਿੰਦ ਸਿੰਘ ਜੀ ਦਾ ਦੁਰਗਾ ਲਈ ਚੰਡੀ, ਦੁਰਗਸ਼ਾਹ, ਭਗਉਤੀ ਆਦਿ ਨਾਵਾਂ ਦਾ ਪ੍ਰਯੋਗ ਸਪਸ਼ਟ ਕਰਦਾ ਹੈ ਕਿ ਚੰਡੀ ਸ਼ਕਤੀ ਦਾ ਪ੍ਰਤੀਕ ਹੈ ਜਿਸ ਨੇ ਹਰੇਕ ਤਰ੍ਹਾਂ ਨਾਲ ਦੁਸ਼ਟਾਂ ਦਾ ਦਮਨ ਕਰਕੇ ਵਿਰੋਧੀ ਉਤੇ ਜਿਤ ਨੂੰ ਸਫਲ ਬਣਾਉਣਾ ਹੈ।

ਸ਼ਬਦ ਹਜਾਰਿਆਂ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਰਾਗ ਦੀ ਪ੍ਰਕਿਰਤੀ ਅਨੁਸਾਰ ਸਤਿ ਦੇ ਸੰਦੇਸ਼ ਨੂੰ ਸਮੂਰਤ ਕੀਤਾ ਹੈ। ਇਸ ਕਥਾ ਬਿਰਤਾਂਤ ਵਿਚ ਪਰਮਾਤਮਾ ਦੇ ਸੂਖਮ ਸਰੂਪ ਨੂੰ ਅਭਿਵਿਅਕਤ ਕੀਤਾ ਗਿਆ ਹੈ ਅਤੇ ਪਰਮਾਤਮਾ ਦੀ ਪ੍ਰਾਪਤੀ ਦੇ ਮਾਰਗ ਨੂੰ ਮਨੁੱਖੀ ਵਰਤੋਂ ਵਿਹਾਰ ਵਿਚ ਆਏ ਚਿੰਨਾਂ ਪ੍ਰਤੀਕਾਂ ਦੀ ਜੁਗਤ ਵਿਧੀ ਦੁਆਰਾ ਰੂਪਮਾਨ ਕੀਤਾ ਹੈ।

33 ਸਵੈੱਯੇ ਰਚਨਾ ਦੇ ਕਥਾ ਬਿਰਤਾਂਤ ਵਿਚ ਵੀ ਗੁਰੂ ਗੋਬਿੰਦ ਸਿੰਘ ਜੀ ਨੇ ਅਕਾਲਪੁਰਖ ਦੀ ਉਸਤਤਿ ਕਰਦਿਆਂ ਸਮਕਾਲੀਨ ਧਾਰਮਿਕ ਅਡੰਬਰ ਅਤੇ ਪਾਖੰਡਮਈ ਰੀਤੀ ਰਿਵਾਜਾਂ ਦਾ ਖੰਡਨ ਕੀਤਾ ਹੈ।

ਗੁਰੂ ਗੋਬਿੰਦ ਸਿੰਘ ਜੀ ਦੁਆਰਾ ਰਚਿਤ ਜ਼ਫ਼ਰਨਾਮਾ ਰਚਨਾ ਦਾ ਬਿਰਤਾਂਤ 115 ਸ਼ਿਅਰਾਂ ਵਿਚ ਰਚਿਆ ਵਿਜੈ ਪੱਤਰ ਹੈ ਜੋ ਆਪਨੇ ਮੁਗਲ ਬਾਦਸ਼ਾਹ ਔਰੰਗਜ਼ੇਬ ਨੂੰ ਲਿਖਿਆ। ਫਾਰਸੀ ਵਿਚ ਲਿਖਿਆ ਇਹ ਪੱਤਰ ਮੱਕਾਰੀ ਅਤੇ ਨੇਕੀ ਦੀ ਜਿੱਤ ਦਾ ਪ੍ਰਤੀਕ ਹੈ। ਇਸ ਰਚਨਾ ਦੇ ਬਿਰਤਾਂਤ ਵਿਚ ਗੁਰੂ ਗੋਬਿੰਦ ਸਿੰਘ ਜੀ ਦਾ ਸਮਕਾਲੀਨ ਸੱਤਾ ਦੇ ਜ਼ੁਲਮ ਅਤੇ ਬੇਇਨਸਾਫੀ ਦੇ ਖਿਲਾਫ ਚਮਕੌਰ ਦੀ ਗੜ੍ਹੀ ਵਿਖੇ ਮੁਗਲਾਂ ਨਾਲ ਹੋਏ ਯੁੱਧ ਉਪਰਾਂਤ ਲਿਖੇ ਪੱਤਰ ਦਾ ਵਿਸ਼ਾ ਔਰੰਗਜ਼ੇਬ ਦੇ ਕੀਤੇ ਕੁਕਰਮਾਂ ਅਤੇ ਉਸ ਦੀ ਖਾਦੀ ਹੋਈ ਝੂਠੀ ਕਸਮ ਦਾ ਉਸਨੂੰ ਅਹਿਸਾਸ ਕਰਾਉਣਾ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਰਚਨਾਵਾਂ ਦੇ ਬਿਰਤਾਂਤ ਨੂੰ ਸਿਰਜਣ ਲਈ ਵਿਭਿੰਨ ਜੁਗਤਾਂ ਦੀ ਵਰਤੋਂ ਕਰਦੇ ਹਨ। ਕਿਤੇ ਆਪ ਵਿਆਖਿਆਤਮਕ ਜੁਗਤ ਰਾਹੀਂ ਕਥਾ ਦਾ ਵਿਸਥਾਰ ਕਰਦੇ ਹਨ। ਕਿਤੇ ਬੀਰ ਰਸ ਨਾਲ ਭਰਪੂਰ ਸ਼ਬਦਾਵਲੀ ਰਾਹੀਂ ਯੁੱਧ ਦੇ ਮੈਦਾਨ ਦਾ ਦ੍ਰਿਸ਼ ਅੱਖਾਂ ਸਾਹਮਣੇ ਲੈ ਆਉਂਦੇ ਹਨ ਅਤੇ ਕਿਤੇ ਵਿਅੰਗਾਤਕ ਜੁਗਤ ਰਾਹੀਂ ਆਪਣੇ ਵਿਰੋਧੀ ਨੂੰ ਲਾਹਣਤਾਂ ਪਾਉਂਦੇ ਹਨ।

## 5.9. ਪਾਤਰ ਚਿਤਰਨ

ਸਾਹਿਤਕ ਰਚਨਾ ਵਿਚ ਘਟਨਾਵਾਂ ਦੇ ਅਧਾਰ ਤੇ ਹੀ ਪਾਤਰਾਂ ਦਾ ਪ੍ਰਵੇਸ਼ ਹੁੰਦਾ ਹੈ। ਪ੍ਰਮੁੱਖ ਪਾਤਰ ਨੂੰ ਨਾਇਕ ਕਿਹਾ ਜਾਂਦਾ ਹੈ। ਉਹ ਕਥਾ ਦਾ ਨੇਤਾ ਹੁੰਦਾ ਹੈ ਜੋ ਕਥਾ ਨੂੰ ਅਗੇ ਤੋਰਦਾ ਹੈ। ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾ ਵਿਚ ਪਾਤਰਾਂ ਦਾ ਚਰਿੱਤਰ ਚਿਤਰਨ ਪੱਖਪਾਤ ਤੋਂ ਬਿਨਾਂ ਹੋਇਆ ਹੈ। ਆਪ ਦੀ ਰਚਨਾ ਚੰਡੀ ਦੀ ਵਾਰ ਵਿਚ ਜਿੰਨਾ ਬਲਵਾਨ ਨਾਇਕ ਨੂੰ ਪੇਸ਼ ਕੀਤਾ ਗਿਆ ਹੈ, ਉਨਾਂ ਹੀ ਬਲਵਾਨ ਪ੍ਰਤੀਨਾਇਕ ਨੂੰ ਵੀ ਪੇਸ਼ ਕੀਤਾ ਹੈ।

ਚੰਡੀ ਦੀ ਵਾਰ ਵਿਚ ਨਾਇਕ ਦੁਰਗਾ ਹੈ ਪਰ ਪ੍ਰਤੀਨਾਇਕ ਸਮੁੱਚੀ ਰਾਖਸ਼ ਕੌਮ। ਇਹ ਰਾਖਸ਼ ਵੀ ਬਹੁਤ ਬਲਵਾਨ ਅਤੇ ਹੰਕਾਰੀ ਦਰਸਾਏ ਗਏ ਹਨ, ਜਿਹੜੇ ਮੌਤ ਦੀ ਪ੍ਰਵਾਹ ਕੀਤੇ ਬਿਨਾਂ ਤੜਪ ਤੜਪ ਕੇ ਜਾਨ ਤਾਂ ਦਿੰਦੇ ਹਨ ਪਰ ਪਾਣੀ ਨਹੀਂ ਮੰਗਦੇ। ਗੁਰੂ ਗੋਬਿੰਦ ਸਿੰਘ ਜੀ ਨੇ ਬਿਨਾਂ ਕਿਸੇ ਵਿਤਕਰੇ ਦੇ ਨਿਰਪੱਖ ਹੋ ਕੇ ਪਾਤਰ ਉਸਾਰੀ ਕੀਤੀ।

ਚੰਡੀ ਦੀ ਵਾਰ ਰਚਨਾ ਦੀ ਨਾਇਕ ਦੁਰਗਾ ਦੇਵੀ ਬਲਵਾਨ ਅਤੇ ਸ਼ਸਤਰ ਪ੍ਰਹਾਰ ਵਿਚ ਨਿਪੁੰਨ ਹੈ। ਕਥਾ ਵਿਚ ਕੋਈ ਸ਼ਕਤੀ ਉਸਦੇ ਸਾਹਮਣੇ ਠਹਿਰ ਨਹੀਂ ਸਕੀ। ਗੁਰੂ ਗੋਬਿੰਦ ਸਿੰਘ ਜੀ ਨੇ ਉਸਦਾ ਸਰੂਪ ਬਹੁਤ ਪ੍ਰਭਾਵਸ਼ਾਲੀ ਢੰਗ ਨਾਲ ਚਿਤਰ ਕੇ ਉਸ ਦਾ ਅਨੁਸਰਣ ਕਰਣ ਲਈ ਲੋਕਾਂ ਨੂੰ ਸੁਝਾਓ ਦਿੱਤਾ ਹੈ ਪਰ ਇਸ ਦਾ ਚਿਤਰਣ ਯੁਗ ਅਨੁਰੂਪ ਨੇਕੀ ਅਤੇ ਬਦੀ ਦੀਆਂ ਸ਼ਕਤੀਆਂ ਵਿਚ ਕਰਾ ਕੇ ਬਦੀ ਦੀ ਨਿਖੇਧੀ ਕੀਤੀ ਹੈ। ਇਹ ਕਵੀ ਦਾ ਆਸ਼ਾ ਹੈ ਅਤੇ ਇਸ ਆਸ਼ੇ ਦੀ ਪੂਰਤੀ ਲਈ ਸਫਲ ਪਾਤਰ ਚਿਤ੍ਰਣ ਹੋਇਆ ਹੈ।[67]

ਦੇਵਤਿਆਂ ਅਤੇ ਦੈਂਤਾਂ ਤੋਂ ਇਲਾਵਾ ਇਸ ਵਾਰ ਦੀ ਮੁਖ ਪਾਤਰ ਦੁਰਗਾ ਦੇਵੀ ਹੈ। ਦੁਰਗਾ ਵਾਰ ਵਿਚ ਸ਼ਕਤੀ ਦਾ ਪ੍ਰਤੀਕ ਹੈ ਅਤੇ ਸ਼ਸਤਰ ਵਿਦਿਆ ਵਿਚ ਨਿਪੁੰਨ ਹੈ। ਦੁਰਗਾ ਦੇਵੀ ਦੁਆਰਾ ਮਹਿਖਾਸੁਰ ਦੈਂਤ ਉਪਰ ਕੀਤੇ ਇਸਦੇ ਵਾਰ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਬੜੇ ਸੁੰਦਰ ਢੰਗ ਨਾਲ ਬਿਆਨ ਕੀਤਾ ਹੈਃ

ਧੂਹਿ ਲਈ ਕ੍ਰਿਪਾਣੀ ਦੁਰਗਾ ਮਿਆਨ ਤੇ॥
ਚੰਡੀ ਰਾਕਸ਼ਿ ਖਾਣੀ ਵਾਹੀ ਦੈਤ ਨੂ॥
ਕੋਪਰਚੂਰ ਚਵਾਣੀ ਲੱਥੀ ਕਰਗ ਲੈ॥
ਪਾਖਰ ਤੁਰਾ ਪਲਾਣੀ ਰੜਕੀ ਧੌਲ ਜਾਇ॥
ਲੈਦੀ ਅਘਾ ਸਿਧਾਣੀ ਸਿੰਗਾਂ ਧਉਲਦਿਆਂ॥
ਕੂਰਮ ਸਿਰ ਲਹਿਲਾਣੀ ਦੁਸ਼ਮਨ ਮਾਰਕੈ॥[68]

ਨਾਇਕਾ ਦੇ ਨਾਲ-ਨਾਲ ਗੁਰੂ ਗੋਬਿੰਦ ਸਿੰਘ ਜੀ ਨੇ ਵਿਰੋਧੀ ਪੱਖ ਨੂੰ ਬੜਾ ਸ਼ਕਤੀਵਰ ਦਿਖਾਇਆ ਹੈ:

ਰਾਕਸ਼ ਰਣੋ ਨ ਭੱਜਣ ਰੋਹੇ ਰੋਹਲੇ।।
ਸ਼ੀਹਾਂ ਵਾਂਗੂ ਗੱਜਣ ਸਭੇ ਸੂਰਮੇ।।
ਤਣਿ ਤਣਿ ਕੈਬਰ ਛੱਡਣ ਦੁਰਗਾ ਸਾਮਣੇ।।[69]

ਚੰਡੀ ਦੀ ਵਾਰ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਭਗਉਤੀ/ਦੁਰਗਾ, ਤ੍ਰੈ-ਦੇਵ, ਬ੍ਰਹਮਾ, ਵਿਸ਼ਨੂੰ, ਮਹੇਸ਼, ਰਾਮ, ਰਾਵਣ, ਕ੍ਰਿਸ਼ਨ, ਕੰਸ, ਕਲਿ, ਨਾਰਦ, ਮਹਿਖਾਸੁਰ, ਸੁੰਭ-ਨਿਸੁੰਭ, ਇੰਦਰ, ਧੌਲ, ਭਵਾਨੀ, ਲੋਚਨ ਧੂਮ, ਚੰਡ-ਮੁੰਡ, ਸ੍ਰਣਵਤ ਬੀਜ, ਕਾਲਕਾ, ਜੋਗਣੀਆਂ ਅਤੇ ਹਰਿਨਾਖਸਿ ਆਦਿ ਪਾਤਰਾਂ ਦਾ ਜ਼ਿਕਰ ਕੀਤਾ ਹੈ। ਜਾਪੁ ਰਚਨਾ ਦਾ ਵਿਸ਼ਾ ਅਕਾਲਪੁਰਖ ਪਰਮਾਤਮਾ ਉਪਰ ਕੇਂਦਰਿਤ ਹੈ ਅਤੇ ਇਸ ਵਿਚ ਪਰਮਾਤਮਾ ਨੂੰ ਪਾਤਰ ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ ਜਿਸ ਵਿਚ ਨਾਇਕ ਵਾਲੇ ਸੰਪੂਰਨ ਗੁਣ ਹਨ। ਸਰਬ ਸ਼ਕਤੀਮਾਨ ਪ੍ਰਮਾਤਮਾ ਨੇ ਇਸ ਸ੍ਰਿਸ਼ਟੀ ਨੂੰ ਸਾਜਿਆ ਹੈ। ਬਾਕੀ ਕੁਲ ਲੋਕਾਈ ਗੋਣ ਪਾਤਰ ਹੈ ਜੋ ਕਿ ਮੁਖ ਪਾਤਰ (ਪਰਮਾਤਮਾ) ਦੀ ਅਰਾਧਨਾ ਵਿਚ ਲਗੀ ਹੋਈ ਹੈ। ਇਸੇ ਤਰ੍ਹਾਂ ਰਾਮਕਲੀ ਪਾਤਸ਼ਾਹੀ ੧੦ (ਸ਼ਬਦ ਹਜ਼ਾਰੇ) ਅਤੇ 33 ਸਵੈੱਯੇ ਰਚਨਾ ਵਿਚ ਵੀ ਦੁਨਿਆਵੀ ਪਾਤਰਾਂ ਦੀ ਬਜਾਏ ਅਕਾਲਪੁਰਖ ਦੀ ਸਿਫਤ ਕੀਤੀ ਗਈ ਹੈ। ਜਦ ਕਿ ਜ਼ਫ਼ਰਨਾਮਾ ਰਚਨਾ ਵਿਚ ਔਰੰਗਜ਼ੇਬ ਨੂੰ ਖਲਨਾਇਕ ਦੇ ਰੂਪ ਵਿਚ ਪੇਸ਼ ਕੀਤਾ ਹੈ ਕਿਉਂਕਿ ਔਰੰਗਜ਼ੇਬ ਕੁਰਾਨ ਦੀ ਸੋਂਹ ਖਾ ਕੇ ਮੁਕਰ ਗਿਆ ਸੀ ਅਤੇ ਗੁਰੂ ਗੋਬਿੰਦ ਸਿੰਘ ਜੀ ਤੇ ਧੋਖੇ ਨਾਲ ਹਮਲਾ ਕੀਤਾ ਸੀ। ਉਸ ਦੀ ਇਹ ਇਕ ਗਲਤੀ ਦਾ ਖਮਿਆਜਾ ਉਸਨੂੰ ਚਿੰਤਾ ਅਤੇ ਡਰ ਵਿਚ ਪਹੁੰਚਾ ਦਿੰਦਾ ਹੈ।

ਗੁਰੂ ਗੋਬਿੰਦ ਸਿੰਘ ਜੀ ਦਾ ਔਰੰਗਜ਼ੇਬ ਨੂੰ ਲਿਖੇ ਜ਼ਫ਼ਰਨਾਮਾ ਵਿਚ ਜਿਥੇ ਔਰੰਗਜ਼ੇਬ ਦੇ ਕਈ ਗੁਣਾਂ ਦੀ ਪ੍ਰਸ਼ੰਸਾ ਹੈ, ਉਥੇ ਬੇਖੌਫ਼ ਹੋ ਕੇ ਉਸਦੀਆਂ ਕਮਜ਼ੋਰੀਆਂ ਅਤੇ ਔਗੁਣਾਂ ਤੇ ਵੀ ਪ੍ਰਕਾਸ਼ ਪਾਇਆ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਨਿਡਰਤਾ ਨਾਲ ਕਿਹਾ ਹੈ ਕਿ ਬੇਸ਼ਕ ਤੂੰ ਮੁਲਕਾਂ ਦਾ ਬਾਦਸ਼ਾਹ ਹੈ ਪਰ ਈਮਾਨਦਾਰੀ ਤੇ ਧਰਮ ਤੋਂ ਸਚਮੁਚ ਸੱਖਣਾ ਹੀ ਹੈਂ:

ਸ਼ਾਹਿਨਸ਼ਾਹਿ ਔਰੰਗਜ਼ੇਬ ਆਲਮੀ॥

ਕਿ ਦਾਰਾਇ ਦੌਰ ਅਸਤੁ ਦੂਰ ਅਸਤ ਦੀਂ॥[7•]

### 5.1●. ਸੰਵਾਦ ਜੁਗਤ

ਅਧਿਆਤਮਿਕ ਦਰਸ਼ਨ ਵਿਚ ਪਰਾਲੌਕਕਿ ਜਗਤ ਦੇ ਵਰਤਾਰੇ ਨੂੰ ਸਧਾਰਨ ਮਤਿ ਬੁਧੀ ਦੇ ਅਨੁਭਵ ਬੋਧ ਹਿਤ ਸੰਵਾਦ ਇਕ ਸੰਚਾਰ ਵਿਧਾ ਹੈ। ਸੰਵਾਦ ਜੁਗਤ ਅਜਿਹੀ ਸੰਚਾਲਕ ਸ਼ਕਤੀ ਹੈ ਜਿਹੜੀ ਕਿ ਵਕਤਾ ਤੇ ਸਰੋਤਾ ਵਿਚਕਾਰ ਅਟੁੱਟ ਅਤੇ ਸਦੀਵੀ ਰਿਸ਼ਤੇ ਦੀ ਲਖਾਇਕ ਹੁੰਦੀ ਹੈ। ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਵਿਚ ਇਸ ਜੁਗਤ ਦੀ ਵਰਤੋਂ ਬਹੁਭਾਂਤ ਸਮਰਥਾਵਾਂ ਸਹਿਤ ਪ੍ਰਗਟ ਹੁੰਦੀ ਹੈ। ਗੁਰੂ ਗੋਬਿੰਦ ਸਿੰਘ ਜੀ ਵਕਤਾ ਰੂਪ ਵਿਚ ਅਕਾਲ ਪੁਰਖ, ਸ੍ਰਿਸ਼ਟੀ, ਅਤੇ ਪਰਾਲੌਕਿਕ ਭੇਦਾਂ ਦੇ ਪ੍ਰਗਟਾਵੇ ਹਿਤ ਪ੍ਰਥਮ ਰੂਪ ਵਿਚ ਸ੍ਵੈ ਨਾਲ ਸੰਵਾਦ ਰਚਾਉਂਦੇ ਹਨ ਜਿਸ ਦੀਆਂ ਉਦਾਹਰਨਾਂ ਆਪ ਦੀ ਬਾਣੀ ਵਿਚ ਪ੍ਰਤੱਖ ਦ੍ਰਿਸ਼ਟਮਾਨ ਹੁੰਦੀਆਂ ਹਨ:[71]

ਤੁਮੇਵ ਰੂਪ ਰਾਚਿਯੰ॥ ਨ ਆਨ ਦਾਨ ਮਾਚਿਯੰ॥

ਤਵੱਕ ਨਾਮੁ ਉਚਾਰਿਯੰ॥ ਅਨੰਤ ਦੂਖ ਟਾਰਿਯੰ॥[72]

ਰੇ ਮਨ ਐਸੋ ਕਰਿ ਸੰਨਿਆਸਾ॥

ਬਨ ਸੇ ਸਦਨ ਸਭੈ ਕਰਿ ਸਮਝਹੁ ਮਨ ਹੀ ਮਾਹਿ ਉਦਾਸਾ॥

ਜਤ ਕੀ ਜਟਾ ਜੋਗ ਕੋ ਮੱਜਨੁ ਨੇਮ ਕੇ ਨਖਨ ਬਢਾਓ॥

ਗਯਾਨ ਗੁਰੂ ਆਤਮ ਉਪਦੇਸ਼ਹੁ ਨਾਮ ਬਿਭੂਤ ਲਗਾਓ॥[73]

ਇਹਨਾਂ ਸ਼ਬਦਾਂ ਦੇ ਉਦੇਸ਼ ਨੂੰ ਸਪਸ਼ਟ ਕਰਨ ਲਈ ਗੁਰੂ ਗੋਬਿੰਦ ਸਿੰਘ ਜੀ ਖੁਦ ਨਾਲ ਸੰਵਾਦ ਰਚਾ ਰਹੇ ਹਨ। ਭਾਸ਼ਾਈ ਅਭਿਵਿਅਕਤੀ ਦੇ ਅਗਲੇ ਰੂਪ ਵਿਚ ਗੁਰੂ ਗੋਬਿੰਦ ਸਿੰਘ ਜੀ ਧਾਰਮਿਕ ਸੰਪਰਦਾਵਾਂ, ੀ ਰਕਿਆਂ ਆਦਿ ਨਾਲ ਸੰਵਾਦ ਰੂਪ ਸੰਬੋਧਿਤ ਹੁੰਦੇ ਹਨ:

ਜੋ ਜੁਗਿਯਾਨ ਕੇ ਜਾਇ ਉਠਿ ਆਸ਼੍ਰਮ ਗੋਰਖ ਕੋ ਤਿਹ ਜਾਪ ਜਪਾਵੈ॥
ਜਾਇ ਸੰਨਯਾਸਨ ਕੇ ਤਿਹਕੋ ਕਹ ਦੱਤ ਹੀ ਸੱਤ ਹੈ ਮੰਤ੍ਰ ਦ੍ਰਿੜਾਵੈ॥
ਜੋ ਕੋਊ ਜਾਇ ਤੁਰੱਕਨ ਮੈ ਮਹਿ ਦੀਨ ਕੇ ਦੀਨ ਤਿਸੇ ਗਹਿ ਲਯਾਵੈ॥
ਆਪਹਿ ਬੀਚ ਗਨੈ ਕਰਤਾ ਕਰਤਾਰ ਕੋ ਭੇਦੁ ਨ ਕੋਊ ਬਤਾਵੈ॥[74]

ਪਰਮਾਤਮ ਸ਼ਕਤੀ ਪ੍ਰਤੀ ਜਾਗਰੂਕ ਕਰਦਿਆਂ ਗੁਰੂ ਗੋਬਿੰਦ ਸਿੰਘ ਜੀ ਸਧਾਰਨ ਮਨੁੱਖ ਨਾਲ ਸੰਵਾਦ ਰਚਾਉਂਦੇ ਹਨ:

ਪ੍ਰਾਨੀ ਪਰਮ ਪੁਰਖ ਪਗ ਲਾਗੋ॥
ਸੋਵਤ ਕਹਾ ਮੋਹ ਨਿੰਦ੍ਰਾ ਮੈ ਕਬਹੂੰ ਸੁਚਿਤ ਹ੍ਵੈ ਜਾਗੋ॥
ਔਰਨ ਕਹ ਉਪਦੇਸ਼ਤ ਹੈ ਪਸੁ ਤੋਹਿ ਪ੍ਰਬੋਧ ਨ ਲਾਗੋ॥
ਸਿੰਚਤ ਕਹਾ ਪਰੇ ਬਿਖਿਯਨ ਕਹ ਕਬਹੁ ਬਿਖੈ ਰਸ ਤਯਾਗੋ॥[75]

ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀਆਂ ਰਚਨਾਵਾਂ ਲਈ ਸੰਵਾਦ ਜੁਗਤ ਵਿਚ ਪ੍ਰਸ਼ਨੋਤਰੀ ਵਿਧਾ ਦੀ ਵਰਤੋਂ ਵੀ ਕੀਤੀ ਹੈ। ਸਧਾਰਨ ਸ਼ਬਦਾਂ ਵਿਚ ਪ੍ਰਸ਼ਨੋਤਰੀ ਵਿਧਾ ਦੇ ਅਰਥ ਅਜਿਹੀ ਵਿਧੀ ਤੋਂ ਲਏ ਜਾਂਦੇ ਹਨ ਜਿਸ ਵਿਚ ਪ੍ਰਸ਼ਨ ਉੱਤਰ ਦਾ ਪ੍ਰਯੋਗ ਹੋਇਆ ਹੋਵੇ। ਪ੍ਰਸ਼ਨ ਕਰਨ ਵਾਲਾ ਕਿਸੇ ਵਿਸ਼ੇ ਵਸਤੂ ਦੀ ਸ਼ੰਕਾ ਨਿਵਰਤੀ ਲਈ ਪ੍ਰਸ਼ਨ ਕਰਦਾ ਹੈ ਅਤੇ ਵਿਭਿੰਨ ਉਦਾਹਰਨਾਂ ਨਾਲ ਉਹਨਾਂ ਪ੍ਰਸ਼ਨਾਂ ਦਾ ਨਿਵਾਰਣ ਉੱਤਰ ਰੂਪ ਵਿਚ ਕਰਦਾ ਹੈ।[76] ਹੇਠ ਲਿਖੀਆਂ ਪਹਿਲੀਆਂ ਤੁਕਾਂ ਪ੍ਰਸ਼ਨ ਰੂਪ ਵਿਚ ਹਨ ਅਤੇ ਇਸਦਾ ਉਤਰ ਅੰਤਿਮ ਪੰਕਤੀ ਵਿਚ ਦਿੱਤਾ ਗਿਆ ਹੈ:

ਜੌ ਕਹੌ ਰਾਮ ਅਜੋਨਿ ਅਜੈ ਅਤਿ ਕਾਹੇ ਕੌ ਕੌਸ਼ਲ ਕੁੱਖ ਜਯੋ ਜੂ॥
ਕਾਲਹੂੰ ਕਾਲ ਕਹੈ ਜਿਹਿ ਕੌ ਕਿਹਿ ਕਾਰਣ ਕਾਲ ਤੇ ਦੀਨ ਭਯੋ ਜੂ॥
ਸੱਤ ਸਰੂਪ ਬਿਬੈਰ ਕਹਾਇ ਸੁ ਕਯੋਂ ਪਥ ਕੌ ਰਥ ਹਾਂਕ ਧਯੋ ਜੂ॥
ਤਾਹੀ ਕੋ ਮਾਨਿ ਪ੍ਰਭੂ ਕਰਿ ਕੈ ਜਿਹ ਕੋ ਕੋਊ ਭੇਦੁ ਨ ਲੇ ਨ ਲਯੋ ਜੂ॥[77]

## 5.11. ਸ਼ਸਤਰ ਯੋਜਨਾ

ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀਆਂ ਰਚਨਾਵਾਂ ਵਿਚ ਯੁੱਧ ਦੇ ਮੈਦਾਨ ਵਿਚ ਵਰਤੇ ਜਾਂਦੇ ਵਿਭਿੰਨ ਪ੍ਰਕਾਰ ਦੇ ਸ਼ਸਤਰਾਂ ਦਾ ਵਰਣਨ ਕੀਤਾ ਹੈ, ਜਿਵੇਂ ਕਿ ਤਲਵਾਰ, ਤੀਰ, ਧਨੁੱਖ, ਚੱਕਰ, ਢਾਲ, ਪਟੇਲਾ, ਟੋਪ, ਪਾਖਰਾ, ਖੜਗ, ਨੇਜਾ, ਭਾਲਾ, ਜਰਾ-ਬਕਤਰ, ਸੰਜੋਆਂ, ਕਵੱਚ, ਧੌਂਸੇ, ਦਮਾਮੇ, ਧੂਜ, ਝੰਡੇ, ਬਰਛੀ, ਤੇਗਾਂ, ਗਦਾ, ਤ੍ਰਿਸ਼ੂਲ (ਤਿੰਨ ਧਾਰਾਂ ਵਾਲਾ ਬਰਛਾ), ਬਾਣ, ਸੰਖ, ਨਗਾਰੇ ਆਦਿ ਜੰਗ-ਏ-ਮੈਦਾਨ ਵਿਚ ਵਰਤੇ ਜਾਣ ਵਾਲੇ ਹਥਿਆਰਾਂ ਦਾ ਵਰਣਨ ਕੀਤਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀਆਂ ਰਚਨਾਵਾਂ ਵਿਚ ਇਨ੍ਹਾਂ ਸ਼ਸਤਰ ਬੋਧਕ ਸ਼ਬਦਾਂ ਨੂੰ ਦੈਵੀ ਸ਼ਕਤੀ, ਅਕਾਲ ਪੁਰਖ ਦੇ ਸਮਰੂਪ ਵਰਤਿਆ ਹੈ:

**ਤੇਗ**

ਜੈ ਜੈ ਜਗ ਕਾਰਣ ਸ੍ਰਿਸ਼ਟ ਉਬਾਰਣ ਮਮ ਪ੍ਰਤਿਪਾਰਣ ਜੈ ਤੇਗੰ॥[78]

**ਖੜਗ**

ਨਮਸ਼ਕਾਰ ਸ੍ਰੀ ਖੜਗ ਕੋ ਕਰੋ ਸੁ ਹਿਤੁ ਚਿਤੁ ਲਾਇ॥[79]

**ਕ੍ਰਿਪਾਨ**

ਨਮੋ ਖੱਗ ਖੰਡੰ ਕ੍ਰਿਪਾਣੰ ਕਟਾਰੰ॥
ਸਦਾ ਏਕ ਰੂਪੰ ਸਦਾ ਨਿਰ ਬਿਕਾਰੰ॥[80]

**ਤੀਰ, ਤਲਵਾਰ**

ਤੀਰ ਤੁਹੀ ਸੈਹਥੀ ਤੁਹੀ ਤੁਹੀ ਤਬਰ ਤਰਵਾਰ॥
ਨਾਮ ਤਿਹਾਰੋ ਜੋ ਜਪੈ ਭਏ ਸਿੰਧੁ ਭਵ ਪਾਰ॥[81]
ਤੀਰ ਫਿਰੈ ਰੈਬਾਰੈ ਆਮੋ ਸਾਮਣੇ॥[82]
ਚੂ ਦੀਦਮ ਕਿ ਨਾਹਰ ਬਿਯਾਮਦ ਬ ਜੰਗ॥
ਚਸ਼ੀਦਹ ਯਕੇ ਤੀਰਿ ਮਨ ਬੇਦਰੰਗ॥[83]

**ਗਦਾ, ਤ੍ਰਿਸ਼ੂਲ, ਬਰਛੀ**

ਗਦਾ ਤ੍ਰਿਸੂਲਾਂ ਬਰਛੀਆਂ ਤੀਰ ਵੱਗਨ ਖਰੇ ਉਤਾਵਲੇ॥[84]

**ਧੌਂਸਾ, ਨਗਾਰਾ**

ਚੋਟ ਪਈ ਦਮਾਮੇ ਦਲਾਂ ਮੁਕਾਬਲਾ॥[85]

ਚੋਟਾਂ ਪਵਨ ਨਗਾਰੇ ਅਣੀਆਂ ਜੁੱਟੀਆਂ॥[86]

ਚੋਟ ਪਈ ਖਰਚਾਮੀ ਦਲਾਂ ਮੁਕਾਬਲਾ॥[87]

ਸਟ ਪਈ ਜਮਧਾਣੀ ਦਲਾਂ ਮੁਕਾਬਲਾ॥[88]

ਇਥੇ ਸ਼ਸਤਰ ਸ਼ਕਤੀ ਦਾ ਪ੍ਰਤੀਕ ਹਨ ਜਿਸ ਦੁਆਰਾ ਰਚਨਾਕਾਰ ਸਰਿਸ਼ਟੀ ਦੀ ਰਚਨਾ ਕਰਦਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀਆਂ ਰਚਨਾਵਾਂ ਵਿਚ ਸ਼ਸਤਰ ਦੀ ਸ਼ਕਤੀ ਨੂੰ ਸਿਰਜਿਆ ਹੈ। ਸ਼ਸਤਰ ਅਤੇ ਦੈਵੀ ਸ਼ਕਤੀਆਂ ਜਗਤ ਸਰੂਪ ਹਨ ਜੋ ਕਾਲ ਦੇ ਨਿਯੰਤਰਣ ਵਿਚ ਹਨ। ਕਾਲ ਨੂੰ ਬਾਣੀ ਅੰਤਰਨਿਹਤ ਵਿਭਿੰਨ ਪਰਿਪੇਖਾਂ ਵਿਚ ਅਭਿਵਿਅਕਤ ਕੀਤਾ ਗਿਆ ਹੈ। ਕਾਲ ਦਾ ਇਕ ਸਰੂਪ ਅਸਤਰਾਂ ਸ਼ਸਤਰਾਂ ਨਾਲ ਲੈਸ ਵੀਰ ਯੋਧਾ ਰੂਪ ਵੀ ਹੈ ਜੋ ਖੜਗਧਾਰੀ, ਕਿਰਪਾਨਧਾਰੀ, ਧਨੁਖਧਾਰੀ ਆਦਿ ਰੂਪ ਵਿਚ ਵਿਦਮਾਨ ਹੈ।[89] ਕਾਲ ਦੀ ਸ਼ਸਤਰਧਾਰੀ ਰੂਪ ਵਿਚ ਉਸਤਤੀ ਨੂੰ ਬਚਿਤ੍ਰ ਨਾਟਕ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਇੱਝ ਪੇਸ਼ ਕੀਤਾ ਹੈ:

ਨਮੋ ਖੱਗ ਖੰਡੰ ਕ੍ਰਿਪਾਣੰ ਕਟਾਰੰ॥
ਸਦਾ ਏਕ ਰੂਪੰ ਸਦਾ ਨਿਰਬਿਕਾਰੰ॥
ਨਮੋ ਬਾਣ ਪਾਣੰ ਨਮੋ ਦੰਡ ਧਾਰਯੰ॥
ਜਿਨੈ ਚੌਦਹੂੰ ਲੋਕ ਜੋਤੰ ਬਿਥਾਰਯੰ॥[90]

ਸਰਿਸ਼ਟੀ ਦਾ ਮੂਲ ਆਧਾਰ ਖੰਡਾ/ਖੜਗ ਹੈ ਜੋ ਸਿਰਜਨਾ ਅਤੇ ਸੁਰਖਿਆ ਪ੍ਰਦਾਨ ਕਰਦਾ ਹੈ। ਇਹ ਮਨੁੱਖ ਦੀ ਆਦਿ ਸਿਰਜਕ ਸ਼ਕਤੀ ਹੈ ਜਿਸ ਨੂੰ ਪ੍ਰਥਮ ਰੂਪ ਵਿਚ ਬਾਣੀ ਅੰਤਰਨਿਹਤ ਇਸ ਪ੍ਰਕਾਰ ਅੰਕਿਤ ਕੀਤਾ ਗਿਆ ਹੈ:

ਖੰਡਾ ਪ੍ਰਿਥਮੈ ਸਾਜਿਕੈ ਜਿਨ ਸਭ ਸੈਸਾਰੁ ਉਪਾਇਆ॥

ਬ੍ਰਹਮਾ ਬਿਸ਼ਨੁ ਮਹੇਸ਼ ਸਾਜਿ ਕੁਦਰਤਿ ਦਾ ਖੇਲੁ ਰਚਾਇ ਬਣਾਇਆ॥[91]

## 5.12. ਕਾਵਿ ਸ਼ੈਲੀ

ਕਾਵਿ ਜਾਂ ਗੱਦ ਵਿਚ ਭਾਵ ਪ੍ਰਗਟਾਵੇ ਦੇ ਢੰਗ ਨੂੰ ਕਾਵਿ ਸ਼ੈਲੀ ਆਖਿਆ ਜਾਂਦਾ ਹੈ। ਲੇਖਕ ਜਾਂ ਵਕਤਾ ਜੋ ਕੁਝ ਲਿਖਣਾ ਜਾਂ ਕਹਿਣਾ ਚਾਹੁੰਦਾ ਹੈ, ਕਿਸ ਢੰਗ ਨਾਲ ਕਹਿੰਦਾ ਜਾਂ ਲਿਖਦਾ ਹੈ ਨੂੰ ਵੇਖਿਆ ਜਾਂਦਾ ਹੈ। ਇਕ ਕਿਰਤ ਨੂੰ ਉਸ ਵਿਚਲੇ ਸ਼ਬਦਾਂ ਦੀ ਚੋਣ ਦੇ ਪੱਖ ਤੋਂ ਵੀ ਵਿਚਾਰਿਆ ਜਾਂਦਾ ਹੈ। ਇਸਦੇ ਲੈਅਮਈ ਢੰਗ ਆਦਿ ਨੂੰ ਵੀ ਕਾਵਿ ਸ਼ੈਲੀ ਵਿਚ ਸ਼ਾਮਿਲ ਕੀਤਾ ਜਾਂਦਾ ਹੈ।[102]

ਸ਼ੈਲੀ ਵਾਸਤਵ ਵਿਚ ਕਿਸੇ ਸਾਹਿਤ ਜਾਂ ਕਾਵਿ ਦਾ ਤਕਨੀਕੀ ਪ੍ਰਧਾਨ ਤੱਤ ਹੁੰਦਾ ਹੈ। ਕਿਸੇ ਕਵਿਤਾ ਦੀ ਰੌਚਕਤਾ ਜਾਂ ਅਰੌਚਕਤਾ ਦਾ ਆਧਾਰ ਸ਼ੈਲੀ ਹੀ ਹੁੰਦੀ ਹੈ। ਇਨਸਾਨੀ ਜਜਬਿਆਂ, ਵਲਵਲਿਆਂ, ਮਨੋਭਾਵਾਂ, ਵਿਚਾਰਾਂ, ਖਿਆਲਾਂ, ਸੱਧਰਾਂ ਅਤੇ ਰੀਝਾਂ ਦੇ ਪ੍ਰਗਟ ਕਰਨ ਦੀ ਰੀਤੀ ਨੂੰ ਹੀ ਸ਼ੈਲੀ ਨਾਮ ਦਿੱਤਾ ਜਾਦਾਂ ਹੈ। ਸ਼ੈਲੀ ਵਾਸਤਵ ਵਿਚ ਕਵੀ ਦਾ ਆਪਣਾ ਰੂਪ ਹੀ ਹੁੰਦੀ ਹੈ। ਇਸ ਲਈ ਕਾਵਿ, ਸ਼ੈਲੀ ਪੱਖੋਂ ਅੱਡ-ਅੱਡ ਹੁੰਦਾ ਹੈ। ਸ਼ੈਲੀ ਕਵੀ ਅਨੁਸਾਰ ਹੀ ਉਭੜਦੀ ਅਤੇ ਨਿਖਰਦੀ ਹੈ।[103] ਸ਼ੈਲੀ ਦੇ ਮਹੱਤਵਪੂਰਨ ਤਿੰਨ ਤੱਤ ਹੁੰਦੇ ਹਨ- ਲੇਖਕ ਦੀ ਬੋਲੀ, ਕਹਿਣ ਦਾ ਢੰਗ ਅਤੇ ਵਿਸ਼ੇ ਦਾ ਪ੍ਰਗਟਾਵਾ। ਸ਼ੈਲੀ ਦਾ ਸਿੱਧਾ ਸੰਬੰਧ ਲੇਖਕ ਦੀ ਸ਼ਖਸੀਅਤ, ਬੋਲੀ ਤੇ ਵਿਸ਼ੇ ਨਾਲ ਹੁੰਦਾ ਹੈ। ਸ਼ੈਲੀ ਵਿਸ਼ੇ ਦੇ ਅਨੁਕੂਲ ਹੋਣੀ ਚਾਹੀਦੀ ਹੈ। ਜੇ ਸ਼ੈਲੀ ਵਿਸ਼ੇ ਦੇ ਅਨੁਕੂਲ ਨਾ ਹੋਵੇ ਤਾਂ ਵਿਸ਼ੇ ਦੀ ਸੁੰਦਰਤਾ ਤੇ ਸਦੀਵਤਾ ਨਹੀਂ ਰਹਿੰਦੀ।[104]

ਚੰਡੀ ਦੀ ਵਾਰ ਸ਼ੈਲੀ ਪੱਖੋਂ ਅਨੂਠੀ, ਬੇਮਿਸਾਲ, ਬੇਨਜੀਰ ਅਤੇ ਬੀਰ ਰਸੀ ਹੈ। ਲੰਮੇ-ਲੰਮੇ ਵਾਕਿਆਤ (ਘਟਨਾਵਾਂ) ਨੂੰ ਸੰਖੇਪ ਤੇ ਨਵੀਨਤਾ ਨੂੰ ਦ੍ਰਿਸ਼ਟੀ ਵਿਚ ਰਖਦਿਆਂ ਗੁਰੂ ਗੋਬਿੰਦ ਸਿੰਘ ਜੀ ਨੇ ਸ਼ਬਦ ਚਿਤਰਾਂ ਅਤੇ ਨਾਦ ਚਿਤਰਾਂ ਰਾਹੀਂ ਇਕ ਕਲਾਤਮਕ ਢੰਗ ਨਾਲ ਪੂਰਾ ਕੀਤਾ ਹੈ। ਆਪ ਨੇ ਨਿੱਕੇ-ਨਿੱਕੇ ਸੰਕੇਤਾਂ ਨਾਲ ਬੜੇ ਭਾਵਪੂਰਤ ਦ੍ਰਿਸ਼ ਉਲੀਕੇ ਹਨ। ਘਟਨਾਵਾਂ ਨੂੰ, ਵਿਸ਼ੇਸ਼ ਕਰਕੇ ਯੁੱਧ ਦੇ ਘੋਲਾਂ ਨੂੰ, ਵਰਣਨ ਵੇਲੇ ਗੁਰੂ ਗੋਬਿੰਦ ਸਿੰਘ ਜੀ ਘਟ ਤੋਂ ਘਟ ਸ਼ਬਦਾਂ ਵਿਚ ਘਟਨਾਵਾਂ ਨੂੰ ਇਕ ਸੂਤਰ ਸ਼ੈਲੀ ਵਿਚ ਇਸ ਤਰ੍ਹਾਂ ਪ੍ਰੋਂਦੇ ਹਨ ਕਿ ਪੂਰੇ ਦਾ ਪੂਰਾ ਦ੍ਰਿਸ਼ ਪਾਠਕ ਸਾਹਮਣੇ ਦ੍ਰਿਸ਼ਟੀਗੋਚਰ ਹੋ ਜਾਂਦਾ ਹੈ ਜਿਵੇਂ:

ਝੂਲਨ ਨੇਜੇ ਬੈਰਕਾ ਨੀਸਾਣ ਲਸਨਿ ਲਸਾਵਲੇ।।[105]

ਦੇਖਨ ਬੈਠ ਅਟਾਰੀ ਨਾਰੀ ਰਾਕਸ਼ਾਂ।।[106]

ਗੁਰੂ ਗੋਬਿੰਦ ਸਿੰਘ ਜੀ ਦੀ ਕਾਵਿ ਸ਼ੈਲੀ ਦਾ ਇਕ ਵਿਸ਼ੇਸ਼ ਲਛਣ ਸੰਜਮਸ਼ੀਲਤਾ ਹੈ। ਵਾਧੂ ਅਤੇ ਬੇਲੋੜੇ ਵਿਸਥਾਰ ਤੋਂ ਪ੍ਰਹੇਜ, ਦੋ ਟੂਕ ਗਲ ਕਰਨ ਦੀ ਬਿਰਤੀ, ਸੰਕੇਤਕ ਸ਼ਬਦਾਵਲੀ ਅਤੇ ਦੁਹਰਾਓ ਦੇ ਤੋਂ ਸੰਕੋਚ ਨਾਲ ਕੰਮ ਲਿਆ ਹੈ। ਜ਼ਫ਼ਰਨਾਮਾ ਰਚਨਾ ਵਿਚ ਆਪ ਨੇ ਵਿਅੰਗਾਤਮਕ ਸ਼ੈਲੀ ਅਤੇ ਦਲੀਲਯੁਕਤ ਵਿਸ਼ੇ ਦੁਆਰਾ ਔਰੰਗਜ਼ੇਬ ਦੀ ਜਮੀਰ ਨੂੰ ਜਗਾਉਣ ਦੀ ਕੋਸ਼ਿਸ਼ ਕੀਤੀ ਗਈ ਹੈ।

ਅੰਤ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਗੁਰੂ ਗੋਬਿਦ ਸਿੰਘ ਜੀ ਬਹਾਦਰ ਜਰਨੈਲ ਹੀ ਨਹੀਂ ਸਨ ਬਲਕਿ ਉਹ ਸਾਹਿਤਕ ਕਰਤਾਰੀ ਸ਼ਕਤੀ ਦੇ ਮਾਲਕ ਸਨ। ਕਲਾਤਮਕ ਪਖੋਂ ਉਨਾਂ ਦੀ ਸਮੁਚੀ ਰਚਨਾ ਕਾਵਿ ਸ੍ਰੇਸ਼ਟਤਾ ਉਚ ਕੋਟੀ ਦੇ ਸਾਹਿਤ ਵਿਚ ਆਉਂਦੀ ਹੈ। ਜਿਸ ਵਿਚ ਸਾਰੀਆਂ ਕਲਾਤਮਕ ਜੁਗਤਾਂ ਮੌਜੂਦ ਹਨ ਜਿਹਨਾਂ ਦਾ ਘੇਰਾ ਬਹੁਤ ਵਿਸ਼ਾਲ ਹੈ। ਇਹਨਾਂ ਦੀ ਥਾਹ ਪਾ ਸਕਣਾ ਬਹੁਤ ਮੁਸ਼ਕਿਲ ਹੈ ਪਰ ਫਿਰ ਵੀ ਇਸ ਅਧਿਆਇ ਵਿਚ ਇਹਨਾਂ ਜੁਗਤਾਂ ਬਾਰੇ ਵਿਚਾਰ ਕਰਨ ਦਾ ਯਤਨ ਕੀਤਾ ਗਿਆ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਇਹਨਾਂ ਰਚਨਾਵਾਂ ਦੀ ਰਚਨਾ ਕਰਕੇ ਨਵੇਂ ਯੁੱਗ ਦਾ ਆਗਾਜ਼ ਕੀਤਾ। ਇਹ ਸਮਾਜ ਲਈ ਮਾਰਗ ਦਰਸ਼ਕ ਸਿਧ ਹੁੰਦੀਆਂ ਹਨ। ਇਸਦੀ ਸਮਕਾਲੀ ਪ੍ਰਾਸੰਗਿਕਤਾ ਅਜ ਵੀ ਓਨੀ ਹੀ ਹੈ ਜਿੰਨੀ ਕਿ ਮੱਧਕਾਲ ਵਿਚ ਸੀ ਅਤੇ ਭਵਿੱਖ ਵਿਚ ਵੀ ਰਹੇਗੀ।

## ਹਵਾਲੇ ਤੇ ਟਿੱਪਣੀਆਂ

1. ਡਾ. ਸੁਰਿੰਦਰ ਸਿੰਘ ਕੋਹਲੀ, ਗੁਰੂ ਗੋਬਿੰਦ ਸਿੰਘ ਜੀਵਨ ਤੇ ਰਚਨਾ, ਪੰਨਾ 59
2. ਪ੍ਰੋ. ਪ੍ਰਵੀਨ ਕੌਰ, ਜਾਪੁ ਸਾਹਿਬ ਪ੍ਰਵਚਨ ਅਤੇ ਭਾਸ਼ਾ-ਪ੍ਰਬੰਧ, ਪੰਨਾ 4●-42
3. ਉਹੀ, ਪੰਨਾ 44
4. ਸ੍ਰੀ ਦਸਮ ਗ੍ਰੰਥ, ਪੰਨਾ 57●
5. ਜੀਤ ਸਿੰਘ ਸੀਤਲ, ਚੰਡੀ ਦੀ ਵਾਰ, ਪੰਨਾ 71
6. ਡਾ. ਰਤਨ ਸਿੰਘ ਜੱਗੀ, ਦਸਮ ਗ੍ਰੰਥ ਦੀ ਪੌਰਾਣਿਕ ਪ੍ਰਸ਼ਠਭੂਮੀ
7. ਸ੍ਰੀ ਦਸਮ ਗ੍ਰੰਥ, ਪੰਨਾ 126
8. ਉਹੀ, ਪੰਨਾ 124
9. ਡਾ. ਅੰਮ੍ਰਿਤਪਾਲ ਕੌਰ, ਦਸਮ ਗੁਰੂ ਬਾਣੀ ਸੰਚਾਰ, ਪੰਨਾ 11●
10. ਸ੍ਰੀ ਦਸਮ ਗ੍ਰੰਥ, ਪੰਨਾ 12●
11. ਉਹੀ, ਪੰਨਾ 12●
12. ਉਹੀ, ਪੰਨਾ 39
13. ਉਹੀ, ਪੰਨਾ 38
14. ਉਹੀ, ਪੰਨਾ 1389
15. ਉਹੀ, ਪੰਨਾ 9●
16. ਉਹੀ, ਪੰਨਾ 121

17. ਉਹੀ, ਪੰਨਾ 121

18. ਡਾ. ਰਤਨ ਸਿੰਘ ਜੱਗੀ, ਚੰਡੀ ਦੀ ਵਾਰ ਦਾ ਸਾਹਿਤਕ ਅਧਿਐਨ, ਪੰਨਾ 49

19. ਸ੍ਰੀ ਦਸਮ ਗ੍ਰੰਥ, ਪੰਨਾ 125

20. ਉਹੀ, ਪੰਨਾ 123

21. ਉਹੀ, ਪੰਨਾ 12●

22. ਉਹੀ, ਪੰਨਾ 121-122

23. ਉਹੀ, ਪੰਨਾ 125

24. ਉਹੀ, ਪੰਨਾ 9

25. ਪ੍ਰੋ. ਪ੍ਰਵੀਨ ਕੌਰ, ਜਾਪੁ ਸਾਹਿਬ ਪ੍ਰਵਚਨ ਅਤੇ ਭਾਸ਼ਾ-ਪ੍ਰਬੰਧ, ਪੰਨਾ 76

26. ਸ੍ਰੀ ਦਸਮ ਗ੍ਰੰਥ, ਪੰਨਾ 12●

27. ਉਹੀ, ਪੰਨਾ 121

28. ਡਾ. ਰਤਨ ਸਿੰਘ ਜੱਗੀ, ਚੰਡੀ ਦੀ ਵਾਰ, ਪੰਨਾ 42

29. ਸ੍ਰੀ ਦਸਮ ਗ੍ਰੰਥ, ਪੰਨਾ 121

30. ਉਹੀ, ਪੰਨਾ 123

31. ਉਹੀ, ਪੰਨਾ 123

32. ਉਹੀ, ਪੰਨਾ 125

33. ਉਹੀ, ਪੰਨਾ 124

34. ਉਹੀ, ਪੰਨਾ 122

35. ਉਹੀ, ਪੰਨਾ 119

36. ਉਹੀ, ਪੰਨਾ

37. ਉਹੀ, ਪੰਨਾ

38. ਉਹੀ, ਪੰਨਾ

39. ਉਹੀ, ਪੰਨਾ 3

40. ਉਹੀ, ਪੰਨਾ 4

41. ਉਹੀ, ਪੰਨਾ 1●

42. ਉਹੀ, ਪੰਨਾ 122

43. ਉਹੀ, ਪੰਨਾ 121

44. ਉਹੀ, ਪੰਨਾ 123

45. ਉਹੀ, ਪੰਨਾ 2

46. ਉਹੀ, ਪੰਨਾ 3

47. ਉਹੀ, ਪੰਨਾ 4

48. ਪਿਆਰਾ ਸਿੰਘ ਪਦਮ, ਦਸਮ ਗ੍ਰੰਥ ਦਰਸਨ, ਪੰਨਾ

49. ਡਾ. ਰਤਨ ਸਿੰਘ ਜੱਗੀ, ਚੰਡੀ ਦੀ ਵਾਰ ਦਾ ਸਾਹਿਤਕ ਅਧਿਐਨ, ਪੰਨਾ 58

50. ਸ੍ਰੀ ਦਸਮ ਗ੍ਰੰਥ, ਪੰਨਾ 1

51. ਡਾ. ਰਤਨ ਸਿੰਘ ਜੱਗੀ, ਚੰਡੀ ਦੀ ਵਾਰ, ਪੰਨਾ 59

52. ਸ੍ਰੀ ਦਸਮ ਗ੍ਰੰਥ, ਪੰਨਾ 121

53. ਉਹੀ, ਪੰਨਾ 121

54. ਭਾਈ ਕਾਨ੍ਹ ਸਿੰਘ ਨਾਭਾ, ਗੁਰੂ ਛੰਦ ਦਿਵਾਕਰ, ਪੰਨਾ 155

55. ਸ੍ਰੀ ਦਸਮ ਗ੍ਰੰਥ, ਪੰਨਾ 39

56. ਉਹੀ, ਪੰਨਾ 58

57. ਉਹੀ, ਪੰਨਾ 1389

58. ਡਾ. ਅੰਮ੍ਰਿਤਪਾਲ ਕੌਰ, ਦਸਮ ਗੁਰੂ ਬਾਣੀ ਸੰਚਾਰ, ਪੰਨਾ 117

59. ਉਹੀ, ਪੰਨਾ 117

60. ਸ੍ਰੀ ਦਸਮ ਗੰਥ, ਪੰਨਾ

61. ਉਹੀ, ਪੰਨਾ 12●

62. ਉਹੀ, ਪੰਨਾ 119

63. ਉਹੀ, ਪੰਨਾ 7●9

64. ਉਹੀ, ਪੰਨਾ 71●

65. ਉਹੀ, ਪੰਨਾ 68

66. ਉਹੀ, ਪੰਨਾ 12●

67. ਡਾ. ਅੰਮ੍ਰਿਤਪਾਲ ਕੌਰ, ਦਸਮ ਗੁਰੂ ਬਾਣੀ ਸੰਚਾਰ, ਪੰਨਾ 114

68. ਸ੍ਰੀ ਦਸਮ ਗ੍ਰੰਥ, ਪੰਨਾ 119

69. ਡਾ. ਅੰਮ੍ਰਿਤਪਾਲ ਕੌਰ, ਦਸਮ ਗੁਰੂ ਬਾਣੀ ਸੰਚਾਰ, ਪੰਨਾ 114

70. ਸ੍ਰੀ ਦਸਮ ਗ੍ਰੰਥ, ਪੰਨਾ 1392

71. ਉਹੀ, ਪੰਨਾ 6

72. ਉਹੀ, ਪੰਨਾ 45

73. ਉਹੀ, ਪੰਨਾ 7●9

74. ਡਾ. ਅੰਮ੍ਰਿਤਪਾਲ ਕੌਰ, ਦਸਮ ਗੁਰੂ ਬਾਣੀ ਸੰਚਾਰ, ਪੰਨਾ 58

75. ਉਹੀ, ਪੰਨਾ 61

76. ਉਹੀ, ਪੰਨਾ 65

77. ਡਾ. ਰਤਨ ਸਿੰਘ ਜੱਗੀ, ਚੰਡੀ ਦੀ ਵਾਰ ਦਾ ਸਾਹਿਤਕ ਅਧਿਐਨ, ਪੰਨਾ 3●

78. ਉਹੀ, ਪੰਨਾ 121-122

79. ਉਹੀ, ਪੰਨਾ 121

80. ਉਹੀ, ਪੰਨਾ 1393

81. ਡਾ. ਅੰਮ੍ਰਿਤਪਾਲ ਕੌਰ, ਦਸਮ ਗੁਰੂ ਬਾਣੀ ਸੰਚਾਰ, ਪੰਨਾ 122

82. ਸ੍ਰੀ ਦਸਮ ਗ੍ਰੰਥ, ਪੰਨਾ 57

83. ਉਹੀ, ਪੰਨਾ 7●9

84. ਉਹੀ, ਪੰਨਾ 715

85. ਉਹੀ, ਪੰਨਾ 71●

86. ਡਾ. ਅੰਮ੍ਰਿਤਪਾਲ ਕੌਰ, ਦਸਮ ਗੁਰੂ ਬਾਣੀ ਸੰਚਾਰ, ਪੰਨਾ 124

87. ਸ੍ਰੀ ਦਸਮ ਗ੍ਰੰਥ, ਪੰਨਾ 713

88. ਸ੍ਰੀ ਦਸਮ ਗ੍ਰੰਥ, ਪੰਨਾ 39

89. ਉਹੀ, ਪੰਨਾ 39

90. ਉਹੀ, ਪੰਨਾ 45

91. ਉਹੀ, ਪੰਨਾ 717

92. ਉਹੀ, ਪੰਨਾ 121

93. ਉਹੀ, ਪੰਨਾ 139●

94. ਉਹੀ, ਪੰਨਾ 12●

95. ਉਹੀ, ਪੰਨਾ 12●

96. ਉਹੀ, ਪੰਨਾ 12●

97. ਉਹੀ, ਪੰਨਾ 121

98. ਉਹੀ, ਪੰਨਾ 121

99. ਡਾ. ਅੰਮ੍ਰਿਤਪਾਲ ਕੌਰ, ਦਸਮ ਗੁਰੂ ਬਾਣੀ ਸੰਚਾਰ, ਪੰਨਾ 41

100. ਸ੍ਰੀ ਦਸਮ ਗ੍ਰੰਥ, ਪੰਨਾ 45

101. ਉਹੀ, ਪੰਨਾ 119

102. ਪੰਜਾਬੀ ਸਾਹਿਤ ਕੋਸ਼ (ਭਾਗ ਪਹਿਲਾ), ਪੰਨਾ 233

103. ਕਾਲਾ ਸਿੰਘ ਬੇਦੀ, ਵਾਰ ਸ੍ਰੀ ਭਗਉਤੀ ਜੀ ਕੀ (ਚੰਡੀ ਦੀ ਵਾਰ), ਪੰਨੇ 14●–141

104. ਕੁਲਵੰਤ ਕੌਰ ਕੋਹਲੀ, ਚੰਡੀ ਦੀ ਵਾਰ ਦਾ ਸਾਹਿਤਕ ਅਧਿਐਨ, ਪੰਨਾ 81

105. ਸ੍ਰੀ ਦਸਮ ਗ੍ਰੰਥ, ਪੰਨਾ 12●

106. ਉਹੀ, ਪੰਨਾ 121

## ਸਾਰ ਤੇ ਸਥਾਪਨਾਵਾਂ

ਪ੍ਰਸਤੁਤ ਖੋਜ ਪ੍ਰਬੰਧ ਅਧੀਨ **ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਵਿਚ ਸ਼ਕਤੀ ਦਾ ਸੰਕਲਪ ਅਤੇ ਇਸਦੀ ਸਮਕਾਲੀ ਪ੍ਰਾਸੰਗਿਕਤਾ** ਵਿਸ਼ੇ ਦੀ ਪੇਸ਼ਕਾਰੀ ਨੂੰ ਗੁਰੂ ਗੋਬਿੰਦ ਸਿੰਘ ਜੀ ਦੀਆਂ ਚੋਣਵੀਆਂ ਰਚਨਾਵਾਂ '*ਜਾਪੁ* ', 'ਬਚਿੱਤ੍ਰ ਨਾਟਕ ', 'ਵਾਰ ਸ੍ਰੀ ਭਗਉਤੀ ਜੀ ਕੀ ', 'ਰਾਮਕਲੀ ਪਾਤਸ਼ਾਹੀ ੧੦ (ਸ਼ਬਦ ਹਜ਼ਾਰੇ)' , '33 ਸਵੈੱਯੇ ' ਅਤੇ 'ਜ਼ਫ਼ਰਨਾਮਾ' ਦੇ ਵਿਸ਼ੇਸ਼ ਪਰਿਪੇਖ ਵਿੱਚ ਰੱਖ ਕੇ ਵਿਚਾਰਿਆ ਅਤੇ ਉਸਾਰਿਆ ਗਿਆ ਹੈ। ਮੂਲ ਵਿਸ਼ੇ ਉਤੇ ਪ੍ਰਸਤੁਤ ਕੀਤੇ ਗਏ ਖੋਜ ਅਧਿਐਨ ਸੰਬੰਧੀ ਸਭ ਤੋਂ ਪਹਿਲਾਂ ਸਪਸ਼ਟੀਕਰਨ ਇਹ ਹੈ ਕਿ ਇਸ ਖੋਜ ਕਾਰਜ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੀਆਂ ਕੇਵਲ ਉਹਨਾਂ ਰਚਨਾਵਾਂ ਨੂੰ ਹੀ ਅਧਿਐਨ ਕੇਂਦਰਿਤ ਕੀਤਾ ਗਿਆ ਹੈ, ਸਿੱਖ ਸੰਗਤ ਦੁਆਰਾ ਨਿੱਤ ਨੇਮ ਵੱਜੋਂ ਪੜ੍ਹੀਆਂ ਜਾਂਦੀਆਂ ਹਨ। ਇਸ ਸੰਦਰਭ ਵਿੱਚ ਅਸੀਂ ਆਪਣੇ ਮੂਲ ਵਿਸ਼ੇ ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਵਿਚ ਸ਼ਕਤੀ ਦੇ ਸੰਕਲਪ ਨੂੰ ਖੋਜਣ ਅਤੇ ਉਸ ਦਾ ਮੁਲਾਂਕਣ ਕਰਨ ਦਾ ਯਤਨ ਕੀਤਾ ਹੈ। ਇਸ ਸਮੁੱਚੇ ਅਧਿਐਨ ਨੂੰ ਵਿਧੀਵਤ ਰੂਪ ਵਿੱਚ ਉਸਾਰਨ ਲਈ ਇਸ ਨੂੰ ਛੇ ਅਧਿਆਵਾਂ ਵਿੱਚ ਵੰਡਿਆ ਗਿਆ ਹੈ, ਜਿਨ੍ਹਾਂ ਵਿੱਚ ਬਹੁ ਅਨੁਸ਼ਾਸਨੀ ਖੋਜ ਵਿਧੀਆਂ ਰਾਹੀਂ ਇੱਕ ਪਾਸੇ ਸ਼ਕਤੀ ਦੇ ਸੰਕਲਪ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਹੈ ਤੇ ਦੂਜੇ ਪਾਸੇ ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਵਿੱਚ ਸ਼ਕਤੀ ਦੇ ਵਿਭਿੰਨ ਪਸਾਰਾਂ ਤੇ ਅਜੋਕੇ ਯੁਗ ਵਿਚ ਸ਼ਕਤੀ ਦੀ ਸਮਕਾਲੀਨ ਪ੍ਰਾਸੰਗਿਕਤਾ ਨੂੰ ਖੋਜ ਅਧਿਐਨ ਹੇਠ ਲਿਆਉਣ ਦਾ ਯਤਨ ਕੀਤਾ ਹੈ।

ਖੋਜ ਪ੍ਰਬੰਧ ਦਾ ਪਹਿਲਾ ਅਧਿਆਇ *'ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਵਿਚ ਸ਼ਕਤੀ ਦਾ ਸੰਕਲਪ ਅਤੇ ਇਸਦੀ ਸਮਕਾਲੀਨ ਪ੍ਰਾਸੰਗਿਕਤਾ: ਪੂਰਵ ਖੋਜ ਸਰਵੇਖਣ'* ਨਾਲ ਸਬੰਧਿਤ ਹੈ। ਇਸ ਅਧਿਆਇ ਵਿੱਚ ਜੋ ਉਨਾਂ ਸਾਡੇ ਖੋਜ ਪ੍ਰਬੰਧਾਂ ਦਾ ਅਧਿਐਨ ਕੀਤਾ ਗਿਆ ਹੈ ਜੋ ਸਾਡੇ ਵਿਸ਼ੇ ਨਾਲ ਕਿਸੇ ਵੀ ਤਰ੍ਹਾਂ ਸੰਬੰਧਿਤ ਸਨ। ਇਨ੍ਹਾਂ ਖੋਜ ਪ੍ਰਬੰਧਾਂ ਅਤੇ ਨਿਬੰਧਾਂ ਦਾ ਸਰਵੇਖਣ ਤੇ ਅਧਿਐਨ ਕਰਨ ਉਪਰੰਤ ਹੀ ਇਸ ਸਿਟੇ ਤੇ ਪੁਜਿਆ ਗਿਆ ਹੈ ਕਿ ਸਾਡੇ

ਦੁਆਰਾ ਚੁਣੇ ਗਏ ਵਿਸ਼ੇ ਉਪਰ ਸਾਡੇ ਤੋਂ ਪਹਿਲਾਂ ਕਿਸੇ ਵੀ ਯੂਨੀਵਰਸਿਟੀ ਵਿਚ ਅਜਿਹਾ ਖੋਜ ਕਾਰਜ ਨਹੀਂ ਹੋਇਆ। ਖੋਜ ਸਾਮੱਗਰੀ ਦਾ ਸਰਵੇਖਣ ਅਤੇ ਮੁਲਾਂਕਣ ਬੇਸ਼ਕ ਸਾਡੇ ਖੋਜ ਵਿਸ਼ੇ ਲਈ ਸਹਾਇਕ ਸਿੱਧ ਹੋਇਆ ਹੈ ਪਰ ਸਾਡੇ ਖੋਜ ਕਾਰਜ ਦਾ ਉਦੇਸ਼ ਇਸ ਤੋਂ ਨਿਵੇਕਲਾ ਹੈ। ਅਸੀਂ ਆਪਣੇ ਖੋਜ ਪ੍ਰਬੰਧ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੀਆਂ ਚੋਣਵੀਆਂ ਰਚਨਾਵਾਂ ਨੂੰ ਵਿਸ਼ੇਸ਼ ਪਰਿਪੇਖ ਵਜੋਂ ਵਿਚਾਰਿਆ ਹੈ ਅਤੇ ਵਿਸ਼ ਨਾਲ ਜੁੜੀਆਂ ਹੋਰ ਨਵੀਆਂ ਸੰਭਾਵਨਾਵਾਂ ਨੂੰ ਵੀ ਵਿਆਪਕ ਰੂਪ ਵਿਚ ਸਮਝਣ ਦਾ ਯਤਨ ਕੀਤਾ ਹੈ। ਚੁਣੇ ਗਏ ਵਿਸ਼ੇ ਦੀ ਵਿਸ਼ੇਸ਼ ਲੋਅ ਵਿੱਚ ਹੀ ਵਿਸ਼ੇ ਦਾ ਅਧਿਐਨ ਕੀਤਾ ਗਿਆ ਹੈ ਕਿਉਂਕਿ ਗੁਰੂ ਸਾਹਿਬ ਦੀਆਂ ਰਚਨਾਵਾਂ ਵਿੱਚ ਸ਼ਕਤੀ ਦੇ ਅਜਿਹੇ ਸੂਝ ਮਾਡਲ ਤੇ ਅਰਥ ਪਏ ਹਨ ਜੋ ਹਰ ਕਾਲ, ਹਰ ਸਥਿਤੀ ਅਤੇ ਹਰ ਵਿਅਕਤੀ ਲਈ ਅਗਵਾਈ ਕਰਨ ਦੀ ਦਿਸ਼ਾ ਬਣ ਸਕਦੇ ਹਨ।

ਦੂਜੇ ਅਧਿਆਇ *'ਮੱਧਕਾਲੀ ਸਾਹਿਤ ਵਿੱਚ ਭਗਤੀ ਅਤੇ ਸ਼ਕਤੀ ਦਾ ਅੰਤਰ ਸਬੰਧਿਤ ਪਰਿਪੇਖ'* ਦਾ ਅਧਿਐਨ ਕਰਨ ਉਪਰਾਂਤ ਇਹ ਪ੍ਰਗਟਾਉਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਭਗਤੀ ਸ਼ਬਦ ਨੂੰ ਬੇਸ਼ਕ ਵੱਖ ਵੱਖ ਵਿਦਵਾਨਾਂ ਦੁਆਰਾ ਅਤੇ ਕਈ ਧਾਰਮਿਕ ਪੁਸਤਕਾਂ ਵਿੱਚ ਵੀ ਬਿਆਨਿਆ ਗਿਆ ਹੈ ਪਰ ਅਸਲ ਵਿੱਚ ਇਸ ਸ਼ਬਦ ਦੇ ਅਰਥ ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਵਿਚ ਜੋ ਮਿਲਦੇ ਹਨ ਉਹ ਹਨ ਪ੍ਰਮਾਤਮਾ ਪ੍ਰਤੀ ਪੂਰਨ ਸਮਰਪਣ ਤੇ ਉਸ ਨਾਲ ਸੱਚਾ ਪਿਆਰ, ਪ੍ਰਮਾਤਮਾ ਦਾ ਨਾਮ ਜੱਪਣਾ, ਉਸਦੀ ਬੰਦਗੀ ਕਰਨਾ ਹੀ ਅਸਲ ਸ਼ਬਦਾਂ ਵਿੱਚ ਭਗਤੀ ਹੈ। ਇਸ ਅਧਿਐਨ ਵਿਚ ਭਗਤੀ ਦੀਆਂ ਵੱਖ-ਵੱਖ ਵਿਦਵਾਨਾਂ ਦੁਆਰਾ ਕੀਤੀਆਂ ਵਿਭਿੰਨ ਕਿਸਮਾਂ ਬਾਰੇ ਵੀ ਜਾਣਕਾਰੀ ਪ੍ਰਾਪਤ ਕੀਤੀ ਅਤੇ ਮੱਧਕਾਲ ਦੀਆਂ ਵਿਭਿੰਨ ਕਾਵਿ ਧਾਰਾਵਾਂ ਵਿੱਚ ਪੇਸ਼ ਹੋਏ ਭਗਤੀ ਦੇ ਪਰਿਪੇਖ ਨੂੰ ਖੋਜਣ ਦਾ ਯਤਨ ਕੀਤਾ। ਜਿਸ ਦੇ ਨਤੀਜੇ ਵਜੋਂ ਇਹ ਸਿਟਾ ਨਿਕਲਦਾ ਹੈ ਕਿ ਭਗਤੀ ਦੇ ਬੀਜ ਉਸ ਜਗਿਆਸਾ ਵਿਚ ਮੌਜੂਦ ਹਨ ਜਿਸ ਵਿਚੋਂ ਧਰਮ ਦੀ ਉਤਪਤੀ ਹੁੰਦੀ ਹੈ। ਜਿਸਦਾ ਜ਼ਿਕਰ ਅਸੀਂ ਦੂਜੇ ਅਧਿਆਇ ਵਿੱਚ ਵੀ ਕੀਤਾ ਹੈ। ਇਸਦੇ ਨਾਲ ਹੀ ਗੁਰਮਤਿ ਸਾਹਿਤ ਵਿੱਚ ਭਗਤੀ ਦੀਆਂ ਕਿਸਮਾਂ ਦਾ ਅਧਿਐਨ ਵੀ ਕੀਤਾ ਹੈ। ਭਗਤੀ ਅਤੇ ਸ਼ਕਤੀ ਦੇ ਆਪਸੀ ਗੂੜ੍ਹੇ ਸੰਬੰਧ ਨੂੰ ਦਰਸਾਉਣ ਦੀ ਵੀ

ਕੋਸ਼ਿਸ਼ ਕੀਤੀ ਹੈ ਤੇ ਇਸ ਨਤੀਜੇ ਤੇ ਵੀ ਪੁਜਿਆ ਗਿਆ ਹੈ ਕਿ ਭਗਤੀ ਕਰਨ ਤੋਂ ਬਾਅਦ ਹੀ ਸ਼ਕਤੀ ਦੀ ਪ੍ਰਾਪਤੀ ਹੁੰਦੀ ਹੈ, ਜਦ ਸ਼ਕਤੀ ਦਾ ਵਿਕਾਸ ਭਗਤੀ ਦੇ ਵਿਕਾਸ ਨਾਲ ਹੁੰਦਾ ਗਿਆ ਹੈ। ਮਨੁੱਖੀ ਬੁੱਧੀ ਨੂੰ ਸੋਝੀ ਆਉਣ ਲੱਗ ਪਈ ਅਤੇ ਉਸਨੂੰ ਅਹਿਸਾਸ ਹੋਇਆ ਕਿ ਸ਼ਕਤੀ ਦਾ ਮੁੱਢ ਪ੍ਰਮਾਤਮਾ ਦੀ ਭਗਤੀ ਹੈ ਅਤੇ ਇਸਦੀ ਪ੍ਰਾਪਤੀ ਸਿਰੰ ਭਗਤੀ ਕਰਨ ਉਪਰਾਂਤ ਹੀ ਹੁੰਦੀ ਹੈ ਅਤੇ ਇਹ ਕਿਸੇ ਵੀ ਵਿਅਕਤੀ ਕੋਲ ਉਨਾਂ ਸਮਾਂ ਹੀ ਰਹਿੰਦੀ ਹੈ ਜਿੰਨੀ ਦੇਰ ਤੱਕ ਉਹ ਨੇਕ ਕੰਮ ਕਰਦਾ ਹੈ ਤੇ ਸ਼ਕਤੀ ਦੀ ਵਰਤੋਂ 'ਨਿੱਜ' ਲਈ ਨਹੀਂ 'ਪਰ' ਲਈ ਕਰਦਾ ਹੈ। ਭਗਤੀ ਅਤੇ ਸ਼ਕਤੀ ਇੱਕੋ ਸਿੱਕੇ ਦੇ ਦੋ ਪਾਸੇ ਹਨ। ਦੋਵੇਂ ਇੱਕ ਦੂਜੇ ਨਾਲ ਬੱਝੇ ਹੋਏ ਹਨ ਪਰ ਇਸ ਵਿਚੋਂ ਭਗਤੀ ਪ੍ਰਾਥਮਿਕ ਹੈ ਜਦ ਕਿ ਸ਼ਕਤੀ ਦੂਜੈਲੀ ਹੈ ਭਗਤੀ ਕਰਕੇ ਮਨੁੱਖ ਸ਼ਕਤੀ ਤਾਂ ਪ੍ਰਾਪਤ ਕਰ ਸਕਦਾ ਹੈ ਪਰ ਸ਼ਕਤੀ ਪ੍ਰਾਪਤ ਕਰਕੇ ਵਿਅਕਤੀ ਭਗਤੀ ਨਹੀਂ ਕਰ ਸਕਦਾ। ਇਸ ਲਈ ਭਗਤੀ ਅਤੇ ਸ਼ਕਤੀ ਦੋਵੇਂ ਸਮਾਨ ਚਲਦੀਆਂ ਹਨ। ਸੋ ਸਮੁੱਚੇ ਰੂਪ ਵਿੱਚ ਇਸ ਅਧਿਆਇ ਦੇ ਅਧਿਐਨ ਦਾ ਅਸੀਂ ਇਹ ਸਿੱਟਾ ਕੱਢਿਆ ਹੈ ਕਿ ਪ੍ਰਮਾਤਮਾ ਦਾ ਨਾਮ ਜੱਪਣਾ, ਸੱਚੇ ਦਿਲੋਂ ਉਸਨੂੰ ਪਿਆਰ ਕਰਨਾ ਹੀ ਭਗਤੀ ਹੈ, ਉਸ ਭਗਤੀ ਦੇ ਪ੍ਰਤੀਫਲ ਵਜੋਂ ਵਿਅਕਤੀ ਨੂੰ ਨੇਕ ਕੰਮ ਕਰਨ ਅਤੇ 'ਨਿੱਜ' ਦੀ ਬਜਾਏ 'ਪਰ' ਬਾਰੇ ਸੋਚਣਾ ਅਤੇ ਕਰਨਾ ਹੀ ਸ਼ਕਤੀ ਹੈ। ਭਗਤੀ ਕਰਕੇ ਵਿਅਕਤੀ ਸ਼ਕਤੀ ਪ੍ਰਾਪਤ ਕਰਦਾ ਹੈ ਪਰ ਜੇ ਇਸ ਸ਼ਕਤੀ ਦੀ ਵਰਤੋਂ ਵਿਅਕਤੀ 'ਪਰ' ਦੀ ਬਜਾਏ 'ਨਿੱਜ' ਲਈ ਕਰਦਾ ਹੈ ਤਾਂ ਉਸਦੀ ਸ਼ਕਤੀ ਖਤਮ ਹੋ ਜਾਂਦੀ ਹੈ। ਇਸ ਲਈ ਸਮਾਜ ਵਿੱਚ ਆਦਰਸ਼ ਨਾਗਰਿਕ ਦੇ ਮਾਡਲ ਵਜੋਂ ਵਿਚਰਨ ਲਈ ਮਨੁੱਖ ਨੂੰ ਸਵਾਰਥਹੀਨ ਹੋਣਾ ਪਵੇਗਾ ਤਾਂ ਹੀ ਉਸ ਦੁਆਰਾ ਕੀਤੀ ਭਗਤੀ ਸਫਲ ਹੋਵੇਗੀ।

ਤੀਜੇ ਅਧਿਆਇ ਵਿੱਚ 'ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਵਿਚ ਸ਼ਕਤੀ ਦਾ ਸੰਕਲਪ (ਜਾਪੁ, ਬਚਿੱਤ੍ਰ ਨਾਟਕ, ਵਾਰ ਸ੍ਰੀ ਭਗਉਤੀ ਜੀ ਕੀ (ਚੰਡੀ ਦੀ ਵਾਰ), ਰਾਮਕਲੀ ਪਾਤਸ਼ਾਹੀ ੧੦ ਸ਼ਬਦ ਹਜ਼ਾਰੇ, ਸਵੈੱਯੇ ਅਤੇ ਜ਼ਫ਼ਰਨਾਮਾ ਦੇ ਸੰਦਰਭ ਵਿਚ), ਨੂੰ ਪੇਸ਼ ਕਰਦਿਆਂ ਇਸ ਸਿੱਟੇ ਤੇ ਪੁੱਜਿਆ ਗਿਆ ਹੈ ਕਿ ਧਾਰਮਿਕ ਪਰੰਪਰਾ ਵਿਚ ਭਗਤੀ ਅਤੇ ਸ਼ਕਤੀ ਇਸ ਸਿੱਕੇ ਦੇ ਦੋ ਪਾਸੇ ਹਨ ਜਿਨ੍ਹਾਂ ਨੂੰ ਅਲੱਗ ਅਲੱਗ ਨਹੀਂ ਕੀਤਾ ਜਾ ਸਕਦਾ। ਇੱਕ

ਸਾਹਿਤਕਾਰ ਦੀ ਸਖਸ਼ੀਅਤ ਦਾ ਅਸਰ ਉਸ ਦੀ ਰਚਨਾ ਵਿੱਚੋਂ ਉਘੜਦਾ ਹੈ ਕਿਉਂਕਿ ਉਸਨੇ ਆਪਣੀ ਰਚਨਾ ਦੁਆਰਾ ਆਪਣੇ ਆਪ ਦਾ ਹੀ ਪ੍ਰਗਟਾਅ ਕੀਤਾ ਹੁੰਦਾ ਹੈ। ਗੁਰੂ ਗੋਬਿੰਦ ਸਿੰਘ ਜੀ ਦੀ ਮਹਾਨ ਤੇਜਸਵੀ ਸ਼ਖਸੀਅਤ ਦੀ ਜੋਤ ਦਾ ਹੀ ਨੂਰ ਉਨ੍ਹਾਂ ਦੇ ਇੱਕ ਇੱਕ ਅਖਰ ਵਿੱਚ ਪ੍ਰਕਾਸ਼ਮਾਨ ਹੈ। ਆਪ ਦੀ ਰਚਨਾ 'ਜਾਪੁ' ਪਰਮਾਤਮਾ ਦੀ ਉਸਤਤਿ ਵਜੋਂ ਸ਼ਕਤੀ ਦੀ ਪੇਸ਼ਕਾਰੀ ਕਰਦੀ ਹੈ, ਸਰਬ ਸ਼ਕਤੀਮਾਨ ਪਰਮਾਤਮਾ ਸਰਬ ਗਿਆਤਾ ਅਤੇ ਸਰਬ ਵਿਆਪਕ ਰੂਪ ਹੈ। ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ 'ਬਚਿਤ੍ਰ ਨਾਟਕ' ਵਿਚ ਪਰਮਾਤਮਾ ਦੀ ਉਸਤਤਿ ਅਤੇ ਸ੍ਰਿਸ਼ਟੀ ਦੇ ਵਿਸਥਾਰ ਦਾ ਵਰਣਨ ਹੈ। ਬਚਿਤ੍ਰ ਨਾਟਕ ਵਿਚ ਅਵਤਾਰ-ਕਥਾਵਾਂ ਦੇ ਕੌਤਕ ਅਤੇ ਗੁਰੂ ਸਾਹਿਬ ਦੁਆਰਾ ਕੀਤੇ ਯੁੱਧਾਂ ਦਾ ਵਰਣਨ ਹੈ। ਸੰਪੂਰਨ ਬਚਿਤ੍ਰ ਨਾਟਕ ਵਿਚ ਪਰਮਾਤਮਾ ਦੀ ਸ਼ਕਤੀ ਦਾ ਹੀ ਵਰਣਨ ਹੈ ਜਿਸ ਨਾਲ ਸ੍ਰਿਸ਼ਟੀ ਦੀ ਸੰਪੂਰਨ ਖੇਡ ਚਲਦੀ ਹੈ। ਗੁਰੂ ਗੋਬਿੰਦ ਸਿੰਘ ਜੀ ਦੀ ਤੀਜੀ ਰਚਨਾ 'ਵਾਰ ਸ੍ਰੀ ਭਗਉਤੀ ਜੀ ਕੀ (ਚੰਡੀ ਦੀ ਵਾਰ)' ਵਿਚ ਦੇਵਤਿਆਂ ਅਤੇ ਦੈਂਤਾਂ ਦੀ ਯੁੱਧ ਵਾਰਤਾ ਨੂੰ ਪੇਸ਼ ਕਰਦਿਆਂ ਬੀਰ ਸ਼ਕਤੀ ਨੂੰ ਪੇਸ਼ ਕੀਤਾ ਹੈ। ਇਸ ਸੰਪੂਰਨ ਵਾਰ ਦਾ ਇਹ ਸਿੱਟਾ ਨਿਕਲਦਾ ਹੈ ਕਿ ਦੇਵਤਿਆਂ ਅਤੇ ਦੈਂਤਾਂ ਅੰਦਰ ਮੌਜੂਦ ਬੀਰ ਸ਼ਕਤੀ ਪਰਮਾਤਮਾ ਦੀ ਦੇਣ ਹੈ। ਪਰਮਾਤਮਾ ਦੀ ਭਗਤੀ ਕਰਕੇ ਹੀ ਦੋਨਾਂ ਧਿਰਾਂ ਨੇ ਪਰਮਾਤਮਾ ਤੋਂ ਬੀਰ ਸ਼ਕਤੀ ਪ੍ਰਾਪਤ ਕੀਤੀ ਸੀ ਅਤੇ ਹਉਮੈ ਕਾਰਨ ਇਹ ਸ਼ਕਤੀ ਦੋਨਾਂ ਧਿਰਾਂ ਤੋਂ ਖੁਸ ਜਾਂਦੀ ਹੈ। ਇਸਲਈ ਸਿੱਟੇ ਵਜੋਂ ਕਿਹਾ ਜਾ ਸਕਦਾ ਹੈ ਕਿ ਸ਼ਕਤੀ ਦੇ ਵਾਧੇ ਅਤੇ ਵਿਕਾਸ ਲਈ ਭਗਤੀ ਨਹੀਂ ਛਡਣੀ ਚਾਹੀਦੀ, ਭਗਤੀ ਛਡਣ ਦਾ ਨਤੀਜਾ ਸਾਨੂੰ ਵਾਰ ਵਿਚ ਸਪਸ਼ਟ ਦਿਖਾਈ ਦਿੰਦਾ ਹੈ। 'ਰਾਮਕਲੀ ਪਾਤਸ਼ਾਹੀ ੧੦ (ਸ਼ਬਦ ਹਜ਼ਾਰੇ)' ਰਚਨਾ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਬਾਹਰਲੇ ਆਡੰਬਰਾਂ, ਪਾਖੰਡਾਂ ਅਤੇ ਮੂਰਤੀ ਪੂਜਾ ਦਾ ਖੰਡਨ ਅਤੇ ਵਾਸ਼ਨਾਵਾਂ ਦਾ ਤਿਆਗ ਕਰਕੇ ਚੰਗੇ ਕਰਮ ਕਰਨ ਤੇ ਜ਼ੋਰ ਦਿਤਾ ਹੈ। ਇਸ ਰਚਨਾ ਦਾ ਇਹ ਸਿੱਟਾ ਨਿਕਲਦਾ ਹੈ ਕਿ ਪਰਮਾਤਮਾ ਦੀ ਪ੍ਰਾਪਤੀ ਕਰਮ-ਕਾਂਡਾਂ ਨਾਲ ਨਹੀਂ ਬਲਕਿ ਚੰਗੇ ਕਰਮ ਕਰਕੇ ਕੀਤੀ ਜਾਂਦੀ ਹੈ। ਇਸੇ ਤਰ੍ਹਾਂ '33 ਸਵੈਯੇ' ਰਚਨਾ ਵਿਚ ਬ੍ਰਹਮ ਸ਼ਕਤੀ ਨੂੰ ਪੇਸ਼ ਕਰਦਿਆਂ ਭੇਖਧਾਰੀਆਂ, ਸਾਧਾਂ, ਪੁਜਾਰੀਆਂ, ਸੰਨਿਆਸੀਆਂ ਆਦਿ ਦੇ ਆਡੰਬਰਾਂ ਅਤੇ ਉਹਨਾਂ ਦੀ

ਮਾਨਸਿਕਤਾ ਨੂੰ ਬਿਆਨ ਕੀਤਾ ਹੈ। ਇਸ ਰਚਨਾ ਦਾ ਸਿੱਟਾ ਨਿਕਲਦਾ ਹੈ ਕਿ ਸੱਚ, ਧਰਮ, ਇਖਲਾਕ ਤੇ ਵਿਸ਼ਵਾਸ ਆਦਿ ਜੀਵਨ ਦੇ ਮੁੱਢਲੇ ਅਸੂਲ ਹਨ, ਜਿਹਨਾਂ ਦੀ ਨੀਂਹ ਭਗਤੀ ਸ਼ਕਤੀ ਦਾ ਫਲ ਹੈ। ਇਸੇ ਵਿਚਾਰ ਦੀ ਪ੍ਰੋੜਤਾ ਕਰਦਾ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਲਿਖਿਆ 'ਜ਼ਫ਼ਰਨਾਮਾ' ਹੈ ਜੋ ਕਿ ਭਗਤੀ ਅਤੇ ਸ਼ਕਤੀ ਦਾ ਸੁਮੇਲ ਹੈ। ਇਸ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਔਰੰਗਜ਼ੇਬ ਨੂੰ ਉਸ ਦੇ ਕੀਤੇ ਕਰਮਾਂ ਕਰਕੇ ਲਾਹਨਤ ਪਾਈ ਹੈ। ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਵਿੱਚ ਇਹ ਸਿੱਟਾ ਨਿਕਲਦਾ ਹੈ ਕਿ ਕਿਸੇ ਵੀ ਕਿਸਮ ਦੀ ਬੁਰਾਈ ਦਾ ਖਾਤਮਾ ਕਰਨ ਲਈ ਸ਼ਕਤੀ ਦੀ ਜ਼ਰੂਰਤ ਹੁੰਦੀ ਹੈ ਤੇ ਇਹ ਸ਼ਕਤੀ ਭਗਤੀ ਤੋਂ ਉਤਪੰਨ ਹੁੰਦੀ ਹੈ।

ਚੌਥੇ ਅਧਿਆਇ ਦੇ ਦੋ ਭਾਗ ਕੀਤੇ ਗਏ ਹਨ, ਪਹਿਲੇ ਭਾਗ ਵਿਚ ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਵਿੱਚ ਸ਼ਕਤੀ ਦੇ ਨਵ ਸਿਰਜਿਤ ਸ੍ਰੋਤਾਂ ਅਤੇ ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਦੀ ਸਮਕਾਲੀ ਪ੍ਰਾਸੰਗਿਕਤਾ ਦੇ ਅਧਿਐਨ ਦੁਆਰਾ ਇਸ ਸਿੱਟੇ ਤੇ ਪੁੱਜਿਆ ਗਿਆ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਤੋਂ ਪਹਿਲਾਂ ਦੇ ਗੁਰੂਆਂ ਨੇ ਸਮਾਜ ਵਿੱਚ ਔਰਤ ਦੀ ਸਥਿਤੀ ਪ੍ਰਤੀ ਚਿੰਤਾ ਪ੍ਰਗਟਾਉਂਦਿਆਂ ਉਸ ਵਿੱਚ ਲੋੜੀਂਦੇ ਸੁਧਾਰ ਲਿਆਉਣ ਦੇ ਯਤਨ ਕੀਤੇ ਸਨ ਪਰ ਔਰਤ ਨੂੰ ਇਨਕਲਾਬੀ ਸਰੂਪ ਤੱਕ ਪਹੁੰਚਾਉਣ ਵਾਲੇ ਗੁਰੂ ਗੋਬਿੰਦ ਸਿੰਘ ਜੀ ਹੀ ਹਨ, ਗੁਰੂ ਗੋਬਿੰਦ ਸਿੰਘ ਜੀ ਦੇ ਯਤਨਾਂ ਸਦਕਾ ਹੀ ਔਰਤ ਜੰਗਾਂ ਯੁੱਧਾਂ ਦੀ ਸ਼ਾਨ ਬਣੀ। ਸ਼ਕਤੀ ਦੇ ਨਵ ਸਿਰਜਿਤ ਸ੍ਰੋਤ ਬਿੰਦੂਆਂ ਵਿਚ ਸ਼ਕਤੀ ਦਾ ਇਹ ਪਹਿਲਾ ਸ੍ਰੋਤ ਬਿੰਦੂ ਹੈ, ਦੂਜਾ ਸ੍ਰੋਤ ਬਿੰਦੂ 'ਮਨੁਖ ਦੇ ਸੰਤ ਸਿਪਾਹੀ ਸਰੂਪ' ਦਾ ਹੈ। ਇਸ ਸ੍ਰੋਤ ਬਿੰਦੂ ਵਿਚ ਸੋਸ਼ਿਤ ਵਰਗ ਦੇ ਲੋਕਾਂ ਨੂੰ ਸੰਤ ਤੋਂ ਸਿਪਾਹੀ ਦਾ ਸਰੂਪ ਹੈ। ਮਨੁੱਖਤਾ ਨੂੰ ਸੰਤ ਤੋਂ ਸਿਪਾਹੀ ਬਣਾਉਣ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਦੀ ਸਥਾਪਨਾ ਕੀਤੀ ਜਿਸ ਨਾਲ ਧਰਤੀ ਉਪਰ ਇਕ ਅਜਿਹੇ ਆਦਰਸ਼ ਨੂੰ ਸਾਕਾਰ ਕੀਤਾ ਹੈ ਜੋ ਹਰ ਕਾਲ ਵਿਚ ਮਨੁੱਖੀ ਮੁਕਤੀ ਪ੍ਰਤੀ ਵਚਨਬੱਧ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਇਸ ਆਦਰਸ਼ ਵਿਚੋਂ ਇਕ ਅਜਿਹੇ ਮਨੁੱਖ ਦਾ ਸੰਕਲਪ ਉਭਰਿਆ ਜੋ ਆਪ ਵੀ ਮੁਕਤ ਹੈ ਅਤੇ ਦੂਜਿਆਂ ਲਈ ਵੀ ਮੁਕਤੀਦਾਤਾ ਬਣਦਾ ਹੈ। ਗੁਰੂ ਸਾਹਿਬ ਨੇ ਸਮਾਜ

ਵਿਚਲੇ ਦੱਬੇ-ਕੁਚਲੇ ਲੋਕਾਂ ਨੂੰ ਉਨਾਂ ਦਾ ਬਣਦਾ ਹੱਕ ਦਿਵਾਉਣ ਦੇ ਨਾਲ-ਨਾਲ ਉਨ੍ਹਾਂ ਨੂੰ ਆਪਣੇ ਹੱਕਾਂ ਪ੍ਰਤੀ ਜਾਗਰੂਕ ਵੀ ਕੀਤਾ ਹੈ। ਸਮਕਾਲੀ ਸਮੇਂ ਵਿਚ ਲੋੜ ਅਨੁਸਾਰ ਸ਼ਸਤਰ ਉਠਾਉਣ ਨੂੰ ਵੀ ਤਰਜੀਹ ਦਿਤੀ। ਸ਼ਕਤੀ ਦੇ ਤੀਜੇ ਨਵ ਸਿਰਜਿਤ ਸ੍ਰੋਤ ਬਿੰਦੂ 'ਸਰਬਸ਼ਕਤੀਮਾਨ ਰੱਬ ਦੀ ਸੰਕਲਪਨਾ' ਸਬੰਧੀ ਵਿਚਾਰ ਕਰਦਿਆਂ ਇਹ ਧਾਰਣਾ ਸਪੱਸ਼ਟ ਰੂਪ ਵਿਚ ਸਾਹਮਣੇ ਆਈ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਬੜੀ ਦ੍ਰਿੜਤਾ ਨਾਲ ਹਰ ਮਨੁੱਖ ਨੂੰ ਇਹ ਅਹਿਸਾਸ ਕਰਵਾਇਆ ਹੈ ਕਿ ਇੱਕ ਪ੍ਰਮਾਤਮਾ ਨੂੰ ਛੱਡ ਕੇ ਬਾਕੀ ਸਭ ਜੀਵ ਨਾਸ਼ਵੰਤ ਹਨ। ਪ੍ਰਮਾਤਮਾ ਦੀ ਸ਼ਕਤੀ ਸਰਵ ਵਿਆਪਕ ਹੁੰਦੇ ਹੋਏ ਸਭ ਵਿਚ ਮੌਜੂਦ ਹੈ ਇਸ ਲਈ ਮਨੁੱਖ ਪਰਮਾਤਮਾ ਨਾਲ ਜੁੜ ਕੇ ਹੀ ਸ਼ਕਤੀਮਾਨ ਹੋ ਸਕਦਾ ਹੈ। ਸ਼ਕਤੀ ਦੇ ਚੋਥੇ ਨਵ ਸਿਰਜਿਤ ਬਿੰਦੂ ਅਧੀਨ 'ਸ਼ਕਤੀ ਦਾ ਸੇਵਾ ਵਿਚ ਰੁਪਾਂਤਰਨ' ਸੰਬੰਧੀ ਅਧਿਐਨ ਕਰਦਿਆਂ ਇਹ ਗੱਲ ਸਾਹਮਣੇ ਆਈ ਹੈ ਕਿ ਸ਼ਕਤੀ ਦੀ ਵਰਤੋਂ ਜੇ ਨਿੱਜ ਦੀ ਬਜਾਏ ਪਰ ਲਈ ਕਰਦਾ ਹੈ ਤਾਂ ਉਸਦੀ ਸ਼ਕਤੀ ਵਿਚ ਵਾਧਾ ਹੁੰਦਾ ਹੈ। ਇੰਝ ਸ਼ਕਤੀ ਨੂੰ ਜਦੋਂ ਸੇਵਾ ਵਿੱਚ ਰੁਪਾਂਤਰਿਤ ਕੀਤਾ ਜਾਂਦਾ ਹੈ ਤਾਂ ਮਨੁੱਖ ਦੀ ਸ਼ਕਤੀ ਵਿੱਚ ਪਹਿਲਾਂ ਨਾਲੋਂ ਜਿਆਦਾ ਵਿਕਾਸ ਹੁੰਦਾ ਹੈ। ਵਿਅਕਤੀ ਤਨ, ਮਨ, ਧੰਨ ਅਤੇ ਸੁਰਤਿ ਨਾਲ ਸੇਵਾ ਕਰਕੇ ਸ਼ਕਤੀ ਦੇ ਪਾਸਾਰ ਨੂੰ ਵਧਾਉਂਦਾ ਹੈ। ਇਸ ਅਧਿਆਇ ਦੇ ਦੂਜੇ ਭਾਗ ਵਿਚ 'ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਵਿਚ ਸ਼ਕਤੀ ਦਾ ਸੰਕਲਪ ਅਤੇ ਇਸਦੀ ਸਮਕਾਲੀ ਪ੍ਰਾਸੰਗਿਕਤਾ' ਨੂੰ ਵਿਚਾਰਿਆ ਗਿਆ ਹੈ। ਇਸ ਅਧਿਆਇ ਵਿਚ ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਵਿਚੋਂ ਪ੍ਰਗਟ ਹੋਏ ਸ਼ਕਤੀ ਦੇ ਸੰਕਲਪ ਅਤੇ ਇਸਦੇ ਵਿਭਿੰਨ ਰੂਪਾਂ ਦੀ ਵਿਆਖਿਆ ਪੇਸ਼ ਕੀਤੀ ਗਈ ਹੈ ਅਤੇ ਇਸ ਸਿਟੇ ਤੇ ਪੁੱਜਿਆ ਗਿਆ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦਾ ਸ਼ਕਤੀ ਦਾ ਸੰਕਲਪ ਅਜੋਕੇ ਸਮਾਜ ਵਿਚ ਵੀ ਪ੍ਰਾਸੰਗਿਕ ਤੇ ਸਾਰਥਕ ਹੈ ਕਿਉਂਕਿ ਅਜੋਕੀਆਂ ਵਿਸ਼ਵ ਸੱਮਸਿਆਵਾਂ ਦੇ ਸਮਾਧਾਨ ਲਈ ਅਤੇ ਮਨੁੱਖਤਾ ਦੇ ਸਰਬਪੱਖੀ ਵਿਕਾਸ ਦੇ ਮਾਡਲਾਂ ਨੂੰ ਆਪਦੀਆਂ ਰਚਨਾਵਾਂ ਵਿਚੋਂ ਲਭਿਆ ਜਾ ਸਕਦਾ ਹੈ। ਜਿਸ ਤਰ੍ਹਾਂ ਦੇ ਅੱਜ ਸੰਸਾਰਿਕ ਪੱਧਰ ਦੇ ਹਾਲਾਤ ਬਣੇ ਹੋਏ ਹਨ, ਬਿਲਕੁਲ ਉਸੇ ਤਰ੍ਹਾਂ ਦੇ ਹੀ ਸਤਾਰਵੀਂ ਸਦੀ ਵਿਚ ਵੀ ਭਾਰਤ ਦੇ ਰਾਜਨੀਤਕ, ਸਮਾਜਿਕ, ਧਾਰਮਿਕ ਅਤੇ ਆਰਥਿਕ

ਹਾਲਾਤ ਸਨ। ਗੁਰੂ ਗੋਬਿੰਦ ਸਿੰਘ ਨੇ ਉਸ ਵੇਲੇ ਮਨੁੱਖਤਾ ਨੂੰ ਬੀਰਤਾ ਭਰਪੂਰ, ਸਨਮਾਨ ਭਰਪੂਰ ਜੀਵਨ ਜੀਉਣ ਦਾ ਮਾਡਲ ਦਿੱਤਾ ਜੇਕਰ ਉਨਾਂ ਦੇ ਸਿਧਾਂਤ ਤੇ ਚਲਿਆ ਜਾਵੇ ਤਾਂ ਯਕੀਨਨ ਅਜ ਦੁਨੀਆਂਭਰ ਵਿਚ ਸਾਰੇ ਅਸੰਤੁਸ਼ਟੀ ਦੇ ਝਗੜੇ-ਝੇੜਿਆਂ ਨੂੰ ਖਤਮ ਕੀਤਾ ਜਾ ਸਕਦਾ ਹੈ। ਅਜੋਕੇ ਵਿਸ਼ਵੀਕਰਨ ਦੇ ਦੌਰ ਵਿਚ ਪੈਸੇ ਨੂੰ ਉਪਰ ਕਰਕੇ ਧਰਮ ਅਤੇ ਮਾਨਵਤਾ ਦਾ ਗ੍ਰਾਫ ਥਲੇ ਲਿਆਂਦਾ ਗਿਆ ਹੈ ਜਿਸ ਨਾਲ ਸਾਰੇ ਵਿਸ਼ਵ ਵਿਚ ਅਸ਼ਾਂਤੀ, ਤਨਾਓ, ਹਿੰਸਾ, ਯੁੱਧ ਆਦਿ ਦਾ ਬੋਲਬਾਲਾ ਹੈ। ਵਿਸ਼ਵੀਕਰਨ ਦੇ ਦੌਰ ਵਿਚ ਸਾਰੇ ਮਨੁੱਖੀ ਰਿਸ਼ਤਿਆਂ ਦਾ ਘਾਣ ਸਵਾਰਥ ਨੇ ਕਰ ਦਿੱਤਾ ਹੈ ਪਰ ਗੁਰੂ ਗੋਬਿੰਦ ਸਿੰਘ ਜੀ ਦੀ ਸਿਖਿਆ ਬੀਰਤਾ ਭਰਪੂਰ ਤੇ ਸਨਮਾਨ ਨਾਲ ਜੀਵਨ ਜੀਉਣ ਵਿਚ ਉਸ ਸਮੇਂ ਧਰਮ ਅਤੇ ਮਾਨਵਤਾ ਦੀ ਕਦਰ ਨੂੰ ਉਪਰ ਰਖਿਆ ਹੈ। ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਦੀ ਸਾਰਥਕਤਾ ਹੈ ਕਿ ਮਨੁੱਖ ਕਾਲ ਦੇ ਭੈਅ ਨੂੰ ਤਿਆਗ ਕੇ ਅਕਾਲ ਹੋਂਦ ਵਿਚ ਪ੍ਰਵਾਨ ਹੋਵੇ। ਕਾਲ ਦੇ ਡਰਾਂ ਤੋਂ ਮੁਕਤ ਵਿਅਕਤੀ ਜਦੋਂ ਅਕਾਲ ਨਾਲ ਜੁੜਦਾ ਹੈ ਤਾਂ ਉਸ ਦੇ ਸਾਰੇ ਸੰਸੇ ਮੁੱਕ ਜਾਂਦੇ ਹਨ। ਗੁਰੂ ਗੋਬਿੰਦ ਸਿੰਘ ਜੀ ਸਿਰਫ ਮਨੁੱਖ ਨੂੰ ਕਾਲ ਤੋਂ ਹੀ ਮੁਕਤ ਨਹੀਂ ਕਰਵਾ ਰਹੇ ਸਗੋਂ ਇਹ ਵੀ ਸੰਦੇਸ਼ ਦੇ ਰਹੇ ਹਨ ਕਿ ਜਿਸ ਅਕਾਲ ਦੀ ਉਹ ਅਰਾਧਨਾ ਕਰ ਰਹੇ ਹਨ, ਉਹ ਅਕਾਲ ਰੱਖਿਅਕ ਹੈ, ਕਿਰਪਾਲੂ ਹੈ, ਕਾਲ ਦਾ ਵੀ ਕਾਲ ਹੈ ਅਤੇ ਉਹ ਸ਼ਾਸਤਰਧਾਰੀ ਵੀ ਹੈ, ਰੋਜੀ ਰਹਿੰਦ ਹੈ, ਵਿਰੋਧੀਆਂ ਦਾ ਨਾਸ਼ ਕਰਨ ਵਾਲਾ ਹੈ। ਕਾਲ ਦੇ ਡਰ ਤੋਂ ਮੁਕਤ ਮਾਨਵ ਜਦੋਂ ਅਕਾਲ ਦੀ ਟੇਕ ਵਿੱਚ ਚਲਾ ਜਾਂਦਾ ਹੈ ਤਾਂ ਉਸ ਦੀਆਂ ਅੰਦਰਲੀਆਂ ਸ਼ਕਤੀਆਂ ਇਕਾਗਰ ਹੋ ਕੇ ਇੱਕ ਨਵਾਂ ਇਤਿਹਾਸ ਸਿਰਜਦੀਆਂ ਹਨ।

ਪੰਜਵੇਂ ਅਤੇ ਅਤਿੰਮ ਅਧਿਆਇ 'ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਵਿੱਚ ਸ਼ਕਤੀ ਦੇ ਸੰਕਲਪ ਦੀ ਕਲਾਤਮਕ ਅਭਿਵਿਅਕਤੀ (ਕਲਾਤਮਕ ਜੁਗਤਾ ਦਾ ਅਧਿਐਨ)' ਨਾਲ ਸਬੰਧਤ ਹੈ। ਗੁਰੂ ਗੋਬਿੰਦ ਸਿੰਘ ਜੀ ਦੀਆਂ ਸ਼ਕਤੀ ਦੇ ਸੰਕਲਪ ਦੀ ਕਲਾਤਮਕ ਅਭਿਵਿਅਕਤੀ ਵਿਸ਼ਾਲ ਅਨੁਭਵ ਦੀ ਲਖਾਇਕ ਹੈ। ਇਸ ਅਧਿਆਇ ਰਾਹੀਂ ਅਸੀਂ ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਵਿਚਲੇ ਕਲਾਤਮਕ ਜੁਗਤਾਂ ਦੇ ਅਧਿਐਨ ਨੂੰ ਵਿਸ਼ਾ

ਬਣਾਇਆ ਹੈ। ਇਸ ਅਧਿਆਇ ਨੂੰ ਪੇਸ਼ ਕਰਦਿਆਂ ਅਸੀਂ ਕਲਾਤਮਕ ਜੁਗਤਾਂ ਦੀ ਗਲ ਕਰਦੇ ਹੋਏ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਆਪਣੀਆਂ ਰਚਨਾਵਾਂ ਲਈ ਵਰਤੀ ਗਈ ਭਾਸ਼ਾ, ਰਚਨਾਵਾਂ ਵਿੱਚ ਵਰਤੇ ਗਏ ਵਿਭਿੰਨ ਪ੍ਰਕਾਰ ਦੇ ਅਲੰਕਾਰ, ਰਸ, ਸੰਵਾਦ ਜੁਗਤ, ਰਾਗ, ਛੰਦ ਪ੍ਰਬੰਧ, ਪ੍ਰਤੀਕ ਯੋਜਨਾ, ਪਾਤਰ ਚਿਤਰਨ, ਬਿੰਬ ਵਿਧਾਨ, ਆਦਿ ਤੇ ਵਿਚਾਰ ਕੀਤੀ ਹੈ। ਗੁਰੂ ਗੋਬਿੰਦ ਸਿੰਘ ਜੀ ਦੁਆਰਾ ਆਪਣੀਆਂ ਰਚਨਾਵਾਂ ਵਿੱਚ ਢੁੱਕਵਾਂ ਵਾਤਾਵਰਨ ਉਸਾਰਨ ਲਈ ਵਰਤੇ ਗਏ ਹਥਿਆਰ, ਬਿਰਤਾਂਤ ਸਿਰਜਣਾ, ਧੁਨੀ ਅਤੇ ਕਾਵਿ ਸ਼ੈਲੀਆਂ ਦਾ ਅਧਿਐਨ ਕਰਨ ਦੀ ਕੋਸ਼ਿਸ਼ ਕੀਤੀ ਹੈ। ਕਵੀ ਦੇ ਰੂਪ ਵਿੱਚ ਗੁਰੂ ਗੋਬਿੰਦ ਸਿਘ ਜੀ ਬਹੁਤ ਸੁਲਝੇ ਹੋਏ ਵਿਦਵਾਨ ਸਨ। ਆਪ ਨੂੰ ਕਾਵਿ ਦੀਆਂ ਬਾਰਕੀਆਂ ਬਾਰੇ ਬਹੁਤ ਗਿਆਨ ਹੈ, ਇਸ ਗਿਆਨ ਦੀ ਬਦੋਲਤ ਹੀ ਆਪ ਦੁਆਰਾ ਉੱਚ ਕੋਟੀ ਦੇ ਸਾਹਿਤ ਦੀ ਰਚਨਾ ਹੋਈ ਹੈ। ਗੁਰੂ ਗੋਬਿਦ ਸਿੰਘ ਜੀ ਦਆਰਾ ਆਪਣੀਆਂ ਰਚਨਾਵਾਂ ਵਿੱਚ ਸ਼ਕਤੀ ਦੇ ਸੰਕਲਪ ਦੀ ਕਲਾਤਮਕ ਅਭਿਵਿਅਕਤੀ (ਕਲਾਤਮਕ ਜੁਗਤਾਂ) ਦਾ ਘੇਰਾ ਬਹੁਤ ਵਿਸ਼ਾਲ ਹੈ। ਜਿਸ ਦੀ ਥਾਹ ਪਾ ਸਕਣਾ ਮੁਸ਼ਕਿਲ ਹੀ ਨਹੀਂ ਨਾਮੁਮਕਿਨ ਹੈ ਪਰ ਫਿਰ ਵੀ ਅਸੀਂ ਇਸ ਅਧਿਆਇ ਵਿੱਚ ਇਹਨਾਂ ਕਲਾਤਮਕ ਜੁਗਤਾਂ ਤਕ ਪਹੁੰਚਣ ਦੇ ਨਿੱਕੇ ਜਿਹੇ ਯਤਨ ਨੂੰ ਪ੍ਰਸਤੁਤ ਕੀਤਾ ਹੈ।

ਖੋਜ ਪ੍ਰਬੰਧ ਦੇ ਅੰਤ ਵਿੱਚ ਸਾਰ ਅਤੇ ਸਥਾਪਨਾਵਾਂ ਦਿੱਤੀਆਂ ਗਈਆਂ ਹਨ। ਸਮੁੱਚੇ ਖੋਜ ਕਾਰਜ ਦੋਰਾਨ ਜੋ ਸਥਾਪਨਾਵਾਂ ਸਾਡੇ ਸਾਹਮਣੇ ਆਈਆਂ ਹਨ ਉਨ੍ਹਾਂ ਵਿਚੋਂ ਸਭ ਤੋਂ ਪਹਿਲਾਂ ਇਹ ਹੈ ਕਿ ਇਹ ਖੋਜ ਕਾਰਜ ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਦੇ ਚਿੰਤਨ ਵਿਚੋਂ ਉਨ੍ਹਾਂ ਰੱਹਸਾਂ ਨੂੰ ਸਾਕਾਰ ਕਰਦਾ ਹੈ ਜੋ ਅਧਿਆਤਮੀ ਦ੍ਰਿਸ਼ਟੀ ਰਾਹੀਂ ਮਨੁੱਖੀ ਹੋਂਦ ਦੀ ਵਿਗਿਆਨਕ ਵਿਆਖਿਆ ਕਰਦੇ ਹਨ। ਆਧੁਨਿਕ ਸਮੇਂ ਵਿਚ ਸਿੱਖ ਧਰਮ ਨਾਲ ਜੁੜੇ ਸਮਾਜਿਕ, ਧਾਰਮਿਕ, ਰਾਜਨੀਤਿਕ ਮਸਲਿਆਂ ਦਾ ਹਲ ਆਪ ਦੀਆਂ ਰਚਨਾਵਾਂ ਰਾਹੀਂ ਹੁਣ ਵੀ ਹੋ ਰਿਹਾ ਹੈ ਅਤੇ ਸਮਾਜ ਵਿੱਚ ਪੁਰਾਤਨ ਕਰਮ ਕਾਂਡ ਅਤੇ ਰੁਹ-ਰੀਤਾਂ ਨੂੰ ਤੋੜਨ ਲਈ ਆਪਦੀਆਂ ਰਚਨਾਵਾਂ ਵਿੱਚੋਂ ਸੇਧ ਪ੍ਰਾਪਤ ਹੁੰਦੀ ਹੈ। ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਦੁਆਰਾ ਆਧੁਨਿਕ ਸਿੱਖ ਭਾਈਚਾਰੇ ਨੂੰ ਭਗਤੀ ਅਤੇ ਸ਼ਕਤੀ ਦੇ ਸੰਯੋਗ ਨਾਲ ਆਪਣੇ

ਆਤਮ ਬਲ ਨੂੰ ਮਜਬੂਤ ਕਰਨ ਦੀ ਪ੍ਰੇਰਨਾ ਪ੍ਰਾਪਤ ਹੁੰਦੀ ਹੈ ਕਿਉਂਕਿ ਭਗਤੀ ਅਤੇ ਸ਼ਕਤੀ ਇਕ ਸਿੱਕੇ ਦੇ ਦੋ ਪਾਸੇ ਹਨ ਜਿਹਨਾਂ ਨੂੰ ਅਲਗ-ਅਲਗ ਨਹੀਂ ਕੀਤਾ ਜਾ ਸਕਦਾ। ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਤੋਂ ਦ੍ਰਿੜ ਹੁੰਦਾ ਹੈ ਕਿ ਹਰੇਕ  ਬੁਰਾਈ ਦਾ ਜ਼ੁਲਮ, ਅਣਮਨੁੱਖੀ ਤਸ਼ੱਦਦ ਤੇ ਸੰਗੀਨ ਬੁਰਿਆਈ ਦਾ ਟਾਕਰਾ ਕਰਨ ਲਈ ਸ਼ਕਤੀ ਦੀ ਜ਼ਰੂਰਤ ਹਮੇਸ਼ਾਂ ਰਹਿੰਦੀ ਹੈ ਤੇ ਇਹ ਸ਼ਕਤੀ ਭਗਤੀ ਤੋਂ ਹੀ ਉਤਪੰਨ ਹੁੰਦੀ ਹੈ ਜੋ ਮਨੁੱਖ ਨੂੰ ਆਤਮਕ ਦ੍ਰਿੜਤਾ ਬਖਸ਼ਦੀ ਹੋਈ ਉਸਨੂੰ ਕਾਲ ਦੇ ਡਰਾਂ ਤੋਂ ਮੁਕਤ ਕਰਕੇ ਅਕਾਲ ਰੂਪ ਪਰਮਾਤਮਾ ਵਿਚ ਅਭੇਦ ਹੋਣ ਦੀ ਪ੍ਰੇਰਨਾ ਦਿੰਦੀ ਹੈ।

## ਪੁਸਤਕ ਸੂਚੀ

### ਪੰਜਾਬੀ ਪੁਸਤਕਾਂ


ਅਤਰ ਸਿੰਘ (ਡਾ.) — **ਗੁਰੂ ਗੋਬਿੰਦ ਸਿੰਘ ਦੀ ਅਲੌਕਿਕਤਾ**, ਸਮਦਰਸ਼ਨ ਰਘਬੀਰ ਰਚਨਾ ਪ੍ਰਕਾਸ਼ਨ, ਅੰਮ੍ਰਿਤਸਰ,1975

ਅਮਰਦੀਪ ਕੌਰ (ਡਾ.) — **ਗੁਰਬਾਣੀ ਚਿੰਤਨ ਵਿਚਾਰਧਾਰਾਈ ਪਰਿਪੇਖ**, ਤਰਲੋਚਨ ਪਬਲੀਸਰ, ਚੰਡੀਗੜ੍ਹ, 2●14

ਅਲੱਗ, ਸਰੂਪ ਸਿੰਘ(ਡਾ.) — **ਸੰਦੇਸ਼ ਸ਼੍ਰੀ ਗੁਰੂ ਗਰੰਥ ਸਾਹਿਬ**, ਅਲੱਗ ਸ਼ਬਦ ਯੁੱਗ ਇੰਟਰਨੈਸ਼ਨਲ ਚੈਰੀਵੇਬਲ ਟ੍ਰਸਟ ਲੁਧਿਆਣਾ, 2●12

ਅਮੋਲ, ਐੱਸ. ਐੱਸ — **ਧਰਮਾਂ ਦੀ ਮੁੱਢਲੀ ਜਾਣਕਾਰੀ**, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ

ਅਸ਼ੋਕ, ਸ਼ਮਸੇਰ ਸਿੰਘ — **ਪੰਜਾਬੀ ਵੀਰ ਪਰੰਪਰਾ**, ਪਬਲੀਕਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1971 (ਸੰਪਾਦਕ)

ਉਹੀ — **ਪ੍ਰਚੀਨ ਵਾਰਾਂ ਤੇ ਜੰਗਨਾਮੇ**, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 195●

ਉਹ — **ਗੁਰਬਿਲਾਸ ਪਾਤਸਾਹੀ ੧੦ ਕ੍ਰਿਤ ਕੁਇਰ ਸਿੰਘ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨਵਰਸਿਟੀ, ਪਟਿਆਲਾ, 1986

ਅੰਮ੍ਰਿਤਪਾਲ ਕੌਰ (ਡਾ.) — **ਦਸਮ ਗੁਰੂ ਬਾਣੀ ਸੰਸਾਰ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1999

ਆਹਲੂਵਾਲੀਆ, ਜਸਵੀਰ ਸਿੰਘ (ਡਾ.) — **ਸਿੱਖ ਚਿੰਤਨ ਦਾਰਸ਼ਨਿਕ ਅਤੇ ਸੰਸਥਾਤਮਕ ਵਿਕਾਸ**, ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ, 1999

ਔਲਖ, ਗੁਰਚਰਨ ਸਿੰਘ (ਡਾ.) — **ਦਸ ਪਾਤਸ਼ਾਹੀਆਂ ਗੁਰੂ ਗ੍ਰੰਥ ਅਤੇ ਪੰਥ**, ਨੈਸ਼ਨਲ ਬੁੱਕ ਟਰੱਸਟ, ਇੰਡੀਆ, 2010

ਸਰਬਜਿੰਦਰ ਸਿੰਘ (ਡਾ.) — **ਸ੍ਰੀ ਗੁਰੂ ਗੋਬਿੰਦ ਸਿੰਘ**, ਪਬਲੀਕੇਸ਼ਨ ਬਿਊਰੋ, ਪੰਜਾਬ ਯੂਨੀਵਰਸਿਟੀ, ਪਟਿਆਲਾ,2014

ਸਰਦਾਰਾ ਸਿੰਘ — **ਆਤਮ ਪ੍ਰਕਾਸ਼**, ਗੁਰਬਾਣੀ ਇਸੁ ਜਗਿ ਮਹਿ ਚਾਨਣੁ, ਪ੍ਰਚਾਰ ਤੇ ਪ੍ਰਸਾਰ ਸੰਸਥਾ, ਮੋਹਾਲੀ, 2009

ਉਹੀ — **ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ**, ਗੁਰਬਾਣੀ ਇਸੁ ਜਗਿ ਮਹਿ ਚਾਨਣੁ, ਪ੍ਰਚਾਰ ਤੇ ਪ੍ਰਸਾਰ ਸੰਸਥਾ ਮੋਹਾਲੀ, 2014

ਉਹੀ **ਸੇਵਾ-ਮਹਾਤਮਾ**, ਗੁਰਬਾਣੀ ਇਸੁ ਜਗਿ ਜਗਿ ਮਹਿ ਚਾਨਣੁ, ਪ੍ਰਚਾਰ ਤੇ ਪ੍ਰਸਾਰ ਸੰਸਥਾ, ਮੋਹਾਲੀ, 2●●9

ਉਹੀ **ਆਤਮਾ-ਪ੍ਰਮਾਤਮਾ**, ਗੁਰਬਾਣੀ ਇਸੁ ਜਗਿ ਮਹਿ ਚਾਨਣੁ, ਪ੍ਰਚਾਰ ਤੇ ਪ੍ਰਸਾਰ ਸੰਸਥਾ ਮੋਹਾਲੀ, 2●13

ਸਹਾਰਨਪੁਰ, ਗੁਰਚਰਨ ਸਿੰਘ (ਡਾ.) **ਜਾਪੁ ਸਾਹਿਬ ਵਿਚਾਰ ਦਰਸ਼ਨ**, ਸਿੱਖ ਮਿਸ਼ਨਰੀ ਕਾਲਜ, ਲੁਧਿਆਣਾ, 2●●3

ਸਰਹੱਦੀ, ਸੁਲੱਖਣ **ਪਿੰਗਲ ਤੇ ਅਰੂਜ ਸੰਦਰਭ ਕੋਸ਼**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ,ਪਟਿਆਲਾ, 2●15

ਸਰਦੂਲ ਸਿੰਘ **ਸਿੱਖ ਧਰਮ ਦਰਸ਼ਨ**, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1969

ਸਵਿੰਦਰ ਪਾਲ(ਡਾ.) **ਜੰਗ-ਏ-ਆਜ਼ਾਦੀ ਵਿਚ ਪੰਜਾਬੀ ਔਰਤ**, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2●15

ਸਹਿਗਲ, ਉਜਾਗਰ ਸਿੰਘ **ਗੋਰਖਬਾਣੀ**, ਪਬਲੀਕੇਸ਼ਟ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ, 1989

ਸਹਿਰਾਈ, ਹਰਨਾਮ ਦਾਸ **ਗਗਨ ਦਮਾਮਾ ਬਾਜਿਓ**, ਸਵੰਗ ਪ੍ਰਕਾਸ਼ਟ, ਜਲੰਧਰ, 1996

ਸਤਿੰਦਰ ਸਿੰਘ (ਡਾ).(ਸੰਪ.) **ਤੁਲਾਤਮਕ ਭਾਰਤੀ ਸਾਹਿਤ**, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, 199●

ਉਹੀ **ਵਿਹਾਰਿਕ ਸਮੀਖਿਆ ਕਵਿਤਾ ਅਤੇ ਵਾਰਤਕ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2●15

ਸਾਹਿਬ ਸਿੰਘ (ਪ੍ਰੋ.) **ਜਾਪੁ ਸਾਹਿਬ ਸਟੀਕ**, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2●13

ਉਹੀ **ਜੀਵਨ ਬਿਰਤਾਂਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ**, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2●12

ਸਿਮਰਨ ਕੌਰ **ਪ੍ਰਸਿਧ ਸਿੱਖ ਬੀਬੀਆਂ**, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2●16

ਸਿਰਦਾਰ, ਕਪੂਰ ਸਿੰਘ **ਰਾਜ ਕਰੇਗਾ ਖਾਲਸਾ**, ਸਿੰਘ ਬ੍ਰਦਰਜ਼ ਅੰਮ੍ਰਿਤਸਰ, 2●13

ਸਿੰਗਲ, ਧਰਮਪਾਲ(ਡਾ.) **ਸੰਤ ਸਿਪਾਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ**, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2●●1

ਸਿੱਧੂ, ਹਰਮੇਲ ਸਿੰਘ **ਆਦਿ ਗਰੰਥ ਤੋਂ ਦਸਮ ਗਰੰਥ ਤੱਕ (ਅਕਾਦਮਿਕ ਵਿਸ਼ਲੇਸ਼ਣ)**, ਪੰਜਾਬੀ ਸਾਹਿਤ ਪਬਲੀਕੇਸ਼ਨ ਟਰੱਸਟ ਅਮਰੀਕਾ, 2●1●

ਸਿੱਧੂ, ਗੁਰਮੀਤ ਸਿੰਘ **ਸਿੱਖੀ ਅਤੇ ਸਿੱਖਾਂ ਦਾ ਭਵਿੱਖ**, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2●15

ਉਹੀ — **ਏਕ ਨੂਰ ਗੁਰੂ ਗੋਬਿੰਦ ਸਿੰਘ: ਜੀਵਨ ਅਤੇ ਦਰਸ਼ਨ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ 2018

ਸੀਤਲ, ਸੋਹਣ ਸਿੰਘ — **ਮਨੁੱਖਤਾ ਦੇ ਗੁਰੂ, ਗੁਰੂ ਗੋਬਿੰਦ ਸਿੰਘ**, ਲਾਹੌਰ ਬੁੱਕ ਸ਼ਾਪ ਲੁਧਿਆਣਾ, 2012

ਸੀਤਲ, ਜੀਤ ਸਿੰਘ — **ਚੰਡੀ ਦੀ ਵਾਰ**, ਪੈਪਸੂ ਬੁੱਕ ਡਿਪੂ, ਪਟਿਆਲਾ, ਮਿਤੀਹੀਣ

ਸੁਖਦਿਆਲ ਸਿੰਘ (ਡਾ.) — **ਗੁਰੂ ਹਰਗੋਬਿੰਦ ਸਾਹਿਬ**, ਜੀਵਨ ਯੁੱਧ ਅਤੇ ਯਾਤਰਾਵਾਂ ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ 1998

ਸੁਰਿੰਦਰ ਪਾਲ ਸਿੰਘ, ਬਲਵਿੰਦਰ ਕੌਰ (ਅਨੁ.) — **ਤੁਹਾਡੇ ਅਵਚੇਤਨ ਮਨ ਦੀ ਸ਼ਕਤੀ**, ਮੰਜੁਲ ਪਬਲੀਸ਼ਿੰਗ ਹਾਊਸ, 2012

ਸੁਵਿੰਦਰ ਸਿੰਘ (ਗਿ.) — **ਜਾਪੁ ਸਾਹਿਬ ਅਤੇ ਸਵੱਯੇ (ਸਟੀਕ)**, ਗੁਰਬਾਣੀ ਇਸੁ ਜਗ ਮਹਿ ਚਾਨਣੁ, ਪ੍ਰਚਾਰ ਤੇ ਪ੍ਰਸਾਰ ਸੰਸਥਾ, ਮੋਹਾਲੀ, 2002

ਸੂਬੇਦਾਰ, ਬਘੇਲ ਸਿੰਘ — **ਭਗਤੀ**, ਵਾਰਿਸ ਸ਼ਾਹ ਫਾਊਡੇਸ਼ਨ, ਅੰਮ੍ਰਿਤਸਰ, 2010

ਉਹੀ — **ਆਤਮਾ ਪ੍ਰਮਾਤਮਾ**, ਵਾਰਿਸ ਸ਼ਾਹ ਫਾਊਡੇਸ਼ਨ ਅੰਮ੍ਰਿਤਸਰ 2013

ਉਹੀ — **ਨਜਾਬਤ ਵਾਰ ਨਾਦਰ ਸ਼ਾਹ ਪਾਠ ਅਤੇ ਵਿਸ਼ਲੇਸ਼ਣ**, ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ,2●15

ਸੋਢੀ, ਹਰਭਜਨ ਸਿੰਘ — **ਭਜਨ ਬੰਦਗੀ ਦਾ ਪ੍ਰਤਾਪ**, ਭ. ਚਤਰ ਸਿੰਘ ਜੀਵਨ ਸਿੰਘ, ਬਾਜ਼ਾਰ ਮਾਈ ਸੇਵਾ ਅੰਮ੍ਰਿਤਸਰ, 2●13

ਸੋਢੀ, ਤੇਜਾ ਸਿੰਘ — **ਸ੍ਰੀ ਦਸਮ ਗਰੰਥ ਗੁਰੂ ਚਮਤਕਾਰ**, (31ਵੀਂ ਅਡੀਸ਼ਨ) ਭ. ਚਤਰ ਸਿੰਘ ਜੀਵਨ ਸਿੰਘ, ਬਾਜ਼ਾਰ ਮਾਈ ਸੇਵਾ ਅੰਮ੍ਰਿਤਸਰ, 2●13

ਸੰਤਰੇਨ, ਸੁਖਵੀਰ ਸਿੰਘ(ਗਿ.) — **ਕੁਦਰਤ ਦੀ ਕਲਾ**, (ਭਾਗ ਪਹਿਲਾ, ਦੂਜਾ ਅਤੇ ਤੀਜਾ) ਐਡੀਸ਼ਨ, ਪ੍ਰਕਾਸ਼ਕ ਭਾ. ਚਤਰ ਸਿੰਘ ਜੀਵਨ ਸਿੰਘ, ਬਾਜ਼ਾਰ ਮਾਈ ਸੇਵਾ, ਅੰਮ੍ਰਿਤਸਰ, 2●●3

ਸੰਤ, ਸੇਵਾ ਸਿੰਘ — **ਮਨੁੱਖਾ ਜਨਮ ਅਤੇ ਗੁਰੂ ਦੀ ਮਹਾਨਤਾ**, ਗੁਰਦੁਆਰਾ ਰਾਮਪੁਰ ਖੇੜਾ, ਗੜ੍ਹਦੀਵਾਲਾ, ਹੁਸ਼ਿਆਰਪੁਰ, 2●11

ਸੰਤ ਕਰਤਾਰ ਸਿੰਘ — **ਜਾਪੁ ਸਾਹਿਬ ਅਰਥ ਪ੍ਰਬੋਧ**, ਸ਼ਰਮਾ ਗਰਾਫਿਕਸ ਟਾਂਡਾ ਰੋਡ, ਜਲੰਧਰ, 2●1●

ਸੰਤੋਖ ਸਿੰਘ (ਡਾ.) — **ਭਾਰਤ ਵਿੱਚ ਜਾਤ ਦੇ ਜਮਾਤ**, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2●13

ਸ਼ਰਮਾ, ਜੀ. ਐਲ — **ਚੰਡੀ ਦੀ ਵਾਰ**, ਸੁੰਦਰ ਦਾਸ ਐਂਡ ਸੰਨਜ ਪ੍ਰਕਾਸ਼ਨ, ਅੰਮ੍ਰਿਤਸਰ, ਮਿਤੀਹੀਣ

ਸ਼ਰਮਾ, ਮੋਹਨ ਲਾਲ(ਅਨੁ.) — **ਮਨੁ ਸਿਮ੍ਰਿਤੀ**, ਭਾਸ਼ਾ ਵਿਭਾਗ ਪੰਜਾਬ, 1989

ਸ਼ਰਮਾ, ਲੱਕੀ (ਡਾ.) — **ਭਗਤੀ ਸਿਧਾਂਤ ਅਤੇ ਮਧਕਾਲੀ ਭਗਤੀ ਕਾਵਿ**, ਸੁੰਦਰ ਬੁੱਕ ਡਿਪੋ, ਮਾਈ ਹੀਰਾ ਗੇਟ, ਜਲੰਧਰ, 2005

ਸ਼ਮਸੇਰ ਸਿੰਘ — **ਸਿੱਖ ਧਰਮ ਵਿੱਚ ਆਦਰਸ ਮਨੁਖ ਦਾ ਸੰਕਲਪ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995

ਸ਼ੇਰ ਸਿੰਘ (ਪ੍ਰੋ.) — **ਗੁਰਮਤਿ ਦਰਸ਼ਨ**, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ, ਜਨਵਰੀ, 2010

ਹਰ ਸਿਮਰਨ ਕੌਰ — **ਪਰਿਵਾਰ-ਏ-ਸਰਬੰਸਦਾਨੀ**, ਰਘਬੀਰ ਰਚਨਾ ਪ੍ਰਕਾਸ਼ਨ, ਚੰਡੀਗੜ੍ਹ, 2010

ਹਰਬੰਸ ਸਿੰਘ (ਪ੍ਰੋ.), ਐੱਲ. ਐੱਮ. ਜੋਸ਼ੀ (ਡਾ.) — **ਸੰਸਾਰ ਦੇ ਧਰਮ (ਭਾਗ ਪਹਿਲਾ)**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002

ਹਰਿਭਜਨ ਸਿੰਘ (ਡਾ.) (ਸੰਪਾ.) **ਦਸਮ ਗ੍ਰੰਥ ਬਾਰੇ ਚੋਣਵੇਂ ਲੇਖ**, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1996

ਉਹੀ **ਉਹੀ ਖਾਲਸਾ ਰਾਜ ਦੇ ਉਸਰਈਏ**, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1982

ਉਹੀ **ਸਾਹਿਤ ਅਧਿਐਨ**, ਪੰਜਾਬੀ ਅਧਿਐਨ ਸਕੂਲ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1981

ਉਹੀ **ਮੁੱਲ ਤੇ ਮੁਲੰਕਣ**, ਨਵਚੇਤਨ ਪਬਲਿਸ਼ਰਜ, ਅੰਮ੍ਰਿਤਸਰ, 1972

ਹੀਰਾ, ਭਗਤ ਸਿੰਘ (ਪ੍ਰਿੰ.) **ਬ੍ਰਹਮ ਦਾ ਸਰੂਪ**, ਪ੍ਰੋਲਿਫਿਕ ਪਬਲੀਸਰਜ਼, ਨਵੀਂ ਦਿੱਲੀ 1996

ਕਰਮਜੀਤ ਕੌਰ (ਡਾ.) **ਨਜਾਬਤ ਵਾਰ ਨਾਦਰ ਸ਼ਾਹ ਪਾਠ ਅਤੇ ਵਿਸ਼ਲੇਸ਼ਣ**, ਵਾਰਿਸ ਸ਼ਾਹ ਫਾਉਂਡੇਸ਼ਨ ਅੰਮ੍ਰਿਤਸਰ, 2015

ਕਸੇਲ, ਕਿਰਪਾਲ ਸਿੰਘ **ਪੰਜਾਬੀ ਸਾਹਿਤ ਦਾ ਇਤਿਹਾਸ (ਭਾਗ-1)**, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 2011

ਉਹੀ **ਪੰਜਾਬੀ ਬੀਰ ਪਰੰਪਰਾ ਦਾ ਵਿਕਾਸ**, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1966

ਕਸੇਲ, ਕਿਰਪਾਲ ਸਿੰਘ ਅਤੇ ਹੋਰ — **ਪੰਜਾਬੀ ਸਾਹਿਤ ਦੀ ਉੱਤਪਤੀ ਦੇ ਵਿਕਾਸ**, (ਚੌਥਾ ਸੰਸਕਰਨ), ਲਾਹੌਰ ਬੁੱਕਸ਼ਾਪ ਲੁਧਿਆਣਾ

ਕਵੀਸ਼ਰ, ਸਰਦੂਲ ਸਿੰਘ(ਸੰਪਾ.) — **ਸਿਖ ਧਰਮ ਦਰਸ਼ਨ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2004

ਕਪੂਰ ਸਿੰਘ, ਸਿਰਦਾਰ — **ਗੁਰੂ ਗੋਬਿੰਦ ਸਿੰਘ ਜੀ ਦੀ ਵੈਸਾਖੀ**, ਵਾਰਿਸ ਸ਼ਾਹ ਫਾਊਂਡੇਸ਼ਨ ਅੰਮ੍ਰਿਤਸਰ, 2014.

ਕਾਂਗ, ਅਮਰਜੀਤ ਸਿੰਘ (ਡਾ.) — **ਮੱਧਕਾਲੀ ਸਾਹਿਤ ਚਿੰਤਨ**, ਨਾਨਕ ਸਿੰਘ ਪੁਸਤਕ ਮਾਲਾ, ਬਾਜਾਰ ਸਰਾਂ, ਗੁਰੂ ਰਾਮਦਾਸ, ਅੰਮ੍ਰਿਤਸਰ, 2001.

ਕਾਂਗ, ਕੁਲਬੀਰ ਸਿੰਘ — **ਪੰਜਾਬੀ ਸਾਹਿਤ ਚਿੰਤਨ**, ਵਾਰਿਸ ਸ਼ਾਹ ਫਾਉਂਡੇਸ਼ਨ, ਅੰਮ੍ਰਿਤਸਰ, 2008

ਕਾਂਗ, ਜਸਪਾਲ ਕੌਰ (ਡਾ.) — **ਮੱਧਕਾਲੀ ਪੰਜਾਬੀ ਸਾਹਿਤ ਵਿਵੇਕ**, ਨਾਨਕ ਸਿੰਘ ਪੁਸਤਕ ਮਾਲਾ, ਅੰਮ੍ਰਿਤਸਰ, 2001

ਕਾਂਗ, ਜਸਪਾਲ ਕੌਰ (ਡਾ.), ਬਲਜੀਤ ਕੌਰ — **ਬਾਣੀ ਸੰਵੇਦਨਾ**, ਨਾਨਕ ਸਿੰਘ ਪੁਸਤਕ ਮਾਲਾ, ਅੰਮ੍ਰਿਤਸਰ, 2006

ਕਾਂਗ, ਜਸਪਾਲ ਕੌਰ (ਡਾ.) — **ਬਾਣੀ ਰਹੱਸ**, ਨਾਨਕ ਸਿੰਘ ਪੁਸਤਕ ਮਾਲਾ, ਅੰਮ੍ਰਿਤਸਰ, 2010.

ਕਾਂਗ, ਜਸਪਾਲ ਕੌਰ (ਡਾ.)(ਸੰਪਾ.) — **ਗੁਰੂ ਗੋਬਿੰਦ ਸਿੰਘ ਜੀ ਦੀ ਭਾਰਤੀ ਸਮਾਜ ਤੇ ਸਭਿਆਚਾਰ ਨੂੰ ਯੋਗਦਾਨ: ਬਹੁਪੱਖੀ ਪਾਸਾਰ**, ਪਬਲੀਕੇਸ਼ਨ ਬਿਊਰੋ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 2018.

ਕੰਗ, ਗੁਲਜਾਰ ਸਿੰਘ (ਡਾ.) — **ਸ਼ਬਦ ਦਾ ਸੰਕਲਪ**, ਲਾਹੌਰ ਬੁੱਕ ਸ਼ਾਪ, ਲੁਧਿਆਣਾ, 2005.

ਕੁਲਦੀਪ ਕੌਰ — **ਮੱਧਕਾਲੀ ਸਾਹਿਤ ਸਮੀਖਿਆ**, ਵਾਰਿਸ ਸ਼ਾਹ ਫਾਊਂਡੇਸ਼ਨ ਅੰਮ੍ਰਿਤਸਰ, 2004

ਕੂਰਾ, ਨਿਰੰਜਨ ਸਿੰਘ(ਅਨੁ.) — **ਗੁਰੂ ਗੋਬਿੰਦ ਸਿੰਘ ਜੀ ਰਚਿਤ ਜ਼ਫ਼ਰਨਾਮਾ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ, 2015

ਕੇਸਰ, ਕੇਸਰ ਸਿੰਘ (ਲੇਖਕ) — **ਖੋਜ ਚਿੰਤਨ**, ਲੋਕਗੀਤ ਪਕਾਸ਼ਨ, ਚੰਡੀਗੜ੍ਹ, 2006

ਕੈਲੋ, ਭਗਵੰਤ ਸਿੰਘ — **ਜ਼ਫ਼ਰਨਾਮਾ ਪਾਠ ਤੇ ਪ੍ਰਸੰਗ**, ਗੁਰਮਤਿ ਪ੍ਰਕਾਸ਼ਨ ਪਟਿਆਲਾ, 2009

ਕੋਹਲੀ, ਸੁਰਿੰਦਰ ਸਿੰਘ(ਡਾ.) — **ਗੁਰੂ ਗੋਬਿੰਦ ਸਿੰਘ ਜੀਵਨ ਤੇ ਰਚਨਾ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ, 1996

ਕੋਹਲੀ, ਕੁਲਵੰਤ ਕੌਰ — **ਚੰਡੀ ਦੀ ਵਾਰ ਦਾ ਸਾਹਿਤਕ ਅਧਿਐਨ**, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1998

ਕੌੜਾ, ਸੇਵਾ ਸਿੰਘ (ਪ੍ਰਿੰ.) — **ਗੁਰੂ ਗੋਬਿੰਦ ਸਿੰਘ ਸ਼ਖਸੀਅਤ ਸੰ ਰ ਤੇ ਸੰਦੇਸ਼**, ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 2003

ਕੰਗ, ਗੁਲਜਾਰ ਸਿੰਘ — **ਸ਼ਬਦ ਦਾ ਸੰਕਲਪ**, ਲਾਹੌਰ ਬੁਕ ਸ਼ਾਖ, ਲੁਧਿਆਣਾ, 2005

ਕੰਵਰ, ਮਨਜੀਤ ਸਿੰਘ(ਸੰਪਾ.) — **ਸ੍ਰੀ ਦਸਮ ਗ੍ਰੰਥ ਸਾਹਿਬ ਦਾ ਇਤਿਹਾਸਕ ਅਤੇ ਅਧਿਆਤਮਕ ਪੱਖ**, ਗੁਰਮਿਤ ਵਿਚਾਰ ਕੇਂਦਰ ਰਣਜੀਤ ਨਗਰ, ਜੀ-ਬਲਾਕ, ਪਟਿਆਲਾ, 2010

ਖੜਕ ਸਿੰਘ (ਡਾ.) — **ਗੁਰਮਿਤ ਚੇਤਨਾ ਕੈਂਪ ਮੈਨੁਅਲ**, ਸ਼੍ਰੋਮਣੀ ਗੁਰਦਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1998

ਖੋਸਾ, ਅਮਰਜੀਤ ਸਿੰਘ — **ਸ੍ਰੀ ਦਸਮ ਗ੍ਰੰਥ ਸਾਹਿਬ ਦਸ਼ਮੇਸ਼ ਕ੍ਰਿਤ ਪ੍ਰਮਾਣਿਕਤਾ**, ਭ. ਚਤਰ ਸਿੰਘ ਜੀਵਨ ਸਿੰਘ, ਬਾਜਾਰ ਮਾਈ ਸੇਵਾ, ਅੰਮ੍ਰਿਤਸਰ, 2003

ਖਾਂ, ਜੋਗੀ ਅਲਾ ਯਾਰ — **ਸ਼ਹੀਦਾਨਿ ਵਫਾ**, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1998

| | |
|---|---|
| ਗੰਡਾ ਸਿੰਘ (ਸੰਪਾ.) | **ਪੰਜਾਬ ਦੀਆਂ ਵਾਰਾਂ**, ਪ੍ਰਕਾਸ਼ਕ ਲੇਖਕ ਖ਼ੁਦ, ਅੰਮ੍ਰਿਤਸਰ, 1956 |
| ਗਿਆਨੀ, ਨਰੈਣ ਸਿੰਘ | **ਚੰਡੀ ਦੀ ਵਾਰ (ਸਟੀਕ)**, ਭ. ਚਤਰ ਸਿੰਘ ਜੀਵਨ ਸਿੰਘ, ਬਾਜ਼ਾਰ ਮਾਈ ਹੀਰਾ ਗੇਟ, ਜਲੰਧਰ, 2੦15 |
| ਉਹੀ | **ਬਚਿਤ੍ਰ ਨਾਟਕ**, ਭਾ. ਜਵਾਹਰ ਸਿੰਘ ਕ੍ਰਿਪਾਲ ਸਿੰਘ ਐਂਡ ਕੋ: ਜਲ੍ਹਿਆਂ ਵਾਲਾ ਬਾਗ, ਅੰਮ੍ਰਿਤਸਰ ਮਿਤੀਹੀਣ |
| ਉਹੀ | **ਜ਼ੰ ਰਨਾਮਾ ਪਾ: ੧੦**, ਭਾ. ਜਵਾਹਰ ਸਿੰਘ ਕ੍ਰਿਪਾਲ ਸਿੰਘ ਐਂਡ ਕੋ., ਜਲ੍ਹਿਆਂ ਵਾਲਾ ਬਾਗ, ਅੰਮ੍ਰਿਤਸਰ, 2੦15 |
| ਉਹੀ | **ਗੁਰੂ ਗੋਬਿੰਦ ਸਿੰਘ ਰਚਿਤ ਦਸ ਗ੍ਰੰਥੀ ਸਟੀਕ**, ਭ: ਚਤਰ ਸਿੰਘ ਜੀਵਨ ਸਿੰਘ, ਮਾਈ ਹੀਰਾ ਅੰਮ੍ਰਿਤਸਰ, 2੦1੦ |
| ਉਹੀ | **ਜਾਪੁ ਸਾਹਿਬ ਤੇ ਅਕਾਲ ਉਸਤਤਿ ਸਟੀਕ**, ਭ. ਚਤਰ ਸਿੰਘ ਜੀਵਨ ਸਿੰਘ, ਬਾਜ਼ਾਰ ਮਾਈ ਹੀਰਾ ਅੰਮ੍ਰਿਤਸਰ, 2੦੦4 |
| ਗਿਆਨੀ, ਹਰਬੰਸ | **ਜਾਪੁ ਸਾਹਿਬ ਸਟੀਕ**, ਗੁਰਬਾਣੀ ਸੇਵਾ ਪ੍ਰਕਾਸ਼ਨ, ਪਟਿਆਲਾ, 2੦੦8. |

ਗਿਲ, ਮਹਿੰਦਰ ਕੌਰ(ਡਾ.) **ਬਾਣੀ ਸਾਰ**, ਨਵਯੁਗ ਪਬਲਿਸ਼ਰਜ਼, ਚਾਂਦਨੀ ਚੌਂਕ, ਦਿਲੀ, 1989

ਗੁਪਤਾ, ਐੱਮ.ਜੀ (ਸੰਪਾ.) **ਸ੍ਰੀ ਗੁਰੂ ਹਰਗੋਬਿੰਦ ਸਾਹਿਬ ਵੱਡ ਜੋਧਾ ਬਹੁ ਪਰਉਪਕਾਰੀ**, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2●●2.

ਗੁਰਚਰਨ ਸਿੰਘ(ਅਨੁ.) **ਸਿੱਖ ਮਤ ਦਾ ਪਰਿਵਰਤਨ**, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, 2●●9

ਉਹੀ **ਚੰਡੀ ਦੀ ਵਾਰ ਇਕ ਅਲੋਚਨਾਤਮਕ ਅਧਿਐਨ**, ਪੈਪਸੂ ਬੁਕ ਡਿਪੂ, ਪਟਿਆਲਾ, 1997

ਗੁਰਨਾਮ ਕੌਰ(ਡਾ.)(ਸੰਪਾ.) **ਗੁਰੂ ਖਾਲਸਾ ਪੰਥ, ਪਬਲੀਕੇਸ਼ਨ ਬਿਊਰੋ**, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2●●●.

ਗੁਰਮੁਖ ਸਿੰਘ (ਡਾ.) **ਸ੍ਰੀ ਗੁਰ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਆਧਾਰ ਤੇ ਦਸਮ ਗ੍ਰੰਥ ਦੀ ਵਿਚਾਰ**, ਸੰ ਦਰਜੰਗ ਇਨਕਲੇਵ, ਨਵੀ ਦਿਲੀ, 2●●7

ਗੁਰਵਿੰਦਰ ਕੌਰ (ਡਾ.) **ਧਰਮ**, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2●12

ਉਹੀ — **ਸ੍ਰੀ ਗੁਰੂ ਗੋਬਿੰਦ ਜੀ ਕ੍ਰਾਂਤੀ ਦੇ ਸੂਤਰਧਾਰ**, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2000

ਗੁਰਦੇਵ ਕੌਰ(ਡਾ.) (ਅਨੁ.) — **ਸ਼ਾਂਡਿਲਯ ਭਗਤੀ ਸੂਤਰ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002

ਗੋਸਲ, ਹਰਦਿਲਜੀਤ ਸਿੰਘ — **ਭਾਰਤੀ ਦਰਸ਼ਨ ਦਾਰਸ਼ਨਿਕਤਾ ਅਤੇ ਸੰਕਲਪ**, ਚੇਤਨਾ ਪ੍ਰਕਾਸ਼ਨ ਪੰਜਾਬੀ ਭਵਨ, ਲੁਧਿਆਣਾ,2012

ਗੋਪਾਲ ਸਿੰਘ (ਡਾ.) — **ਗੁਰੂ ਗੋਬਿੰਦ ਸਿੰਘ**, ਨੈਸ਼ਨਲ ਬੁੱਕ ਟਰੱਸਟ, ਨਵੀ ਦਿੱਲੀ, 1966

ਗੰਗਾ ਸਿੰਘ (ਪ੍ਰਿੰ.) — **ਸਿੱਖ ਧਰਮ ਿ ਲਾਸਫੀ**, ਸਿੰਘ ਬ੍ਰਦਰਜ, ਬਾਜ਼ਾਰ ਮਾਈ ਸੇਵਾ, ਲੁਧਿਆਣਾ, 2013

ਘੁੰਮਣ, ਬਿਕਰਮ ਸਿੰਘ(ਡਾ.) — **ਹਿੰਦ ਦੀ ਚਾਦਰ ਗੁਰੂ ਤੇਗ ਬਹਾਦਰ ਜੀਵਨ**, ਚਿੰਤਨ ਤੇ ਬਾਣੀ, ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 2013

ਉਹੀ — **ਪੀਰ ਮੁਹੰਮਦ ਚੱਠਿਆ ਦੀ ਵਾਰ**, ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 2003

ਉਹੀ — **ਵਾਰਾਂ ਭਾਈ ਗੁਰਦਾਸ ਜੀ ਸਰੂਪ**, ਸੰਦੇਸ਼ ਅਤੇ ਪਾਠ, ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 2010

ਚਰਨਜੀਤ ਸਿੰਘ (ਡਾ.) — **ਚੰਡੀ ਦੀ ਵਾਰ, ਪਾਠ, ਚਿੰਤਨ ਤੇ ਕਲਾ**, ਵਾਰਿਸ ਸ਼ਾਹ ਫਾਉਂਡੇਸ਼ਨ, ਅੰਮ੍ਰਿਤਸਰ, 2015

ਚੰਦਨ, ਕਿਰਪਾਲ ਸਿੰਘ — **ਜੀਵਨ ਗਾਥਾ ਸ੍ਰੀ ਗੁਰੂ ਹਰਗੋਬਿੰਦ ਸਾਹਿਬ**, ਸਿੱਖ ਮਿਸ਼ਨਰੀ ਕਾਲਜ, ਲੁਧਿਆਣਾ, 2009

ਉਹੀ — **ਜੀਵਨ ਗਾਥਾ ਤੇ ਸਿਧਾਂਤ ਸ੍ਰੀ ਗੁਰੂ ਅਰਜਨ ਦੇਵ ਜੀ**, ਸਿੱਖ ਮਿਸ਼ਨਰੀ ਕਾਲਜ,ਲੁਧਿਆਣਾ, 2009

ਉਹੀ — **ਗੁਰਮਤਿ ਸਾਰ**, ਸਿੱਖ ਮਿਸ਼ਨਰੀ ਕਾਲਜ, ਲੁਧਿਆਣਾ, 2011

ਜਸਪਾਲ ਸਿੰਘ (ਡਾ.) — **ਸਿੱਖ ਧਰਮ ਤੇ ਰਾਜਨੀਤੀ**, ਨਵਯੁੱਗ ਪਬਲਿਸ਼ਰਜ਼, ਨਵੀ ਦਿਲੀ, 2009

ਜਗਜੀਤ ਸਿੰਘ — **ਸਿਖ ਇਨਕਲਾਬ**, ਸ਼੍ਰੋਮਣੀ ਕਮੇਟੀ, ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 2000

ਜਸਬੀਰ ਕੇਸਰ (ਸੰਪਾ.)(ਡਾ.) — **ਸਿੱਖ-ਵਿਅਕਤੀ ਅਤੇ ਸਿੱਖ ਸਮਾਜ (ਗੁਰੂ ਨਾਨਕ ਬਾਣੀ ਦੇ ਸੰਦਰਭ ਵਿਚ)**, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2007.

ਜਗਬੀਰ ਸਿੰਘ (ਡਾ.) **ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਮਕਾਲੀਨ ਪ੍ਰਾਸੰਗਿਕਤਾ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2012

ਉਹੀ **ਗੁਰਮਤਿ ਕਾਵਿ ਸਿਧਾਂਤ ਤੇ ਵਿਹਾਰ**, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2011

ਜਵਾਹਰ ਸਿੰਘ, ਕਿਰਪਾਲ ਸਿੰਘ (ਭਾਈ) **ਦਸਮ ਗ੍ਰੰਥ**, ਮਾਈ ਸੇਵਾ ਬਾਜ਼ਾਰ, ਅੰਮ੍ਰਿਤਸਰ 1967

ਉਹੀ **ਵਾਰਾਂ ਭਾਈ ਗੁਰਦਾਸ**, ਮਾਈ ਸੇਵਾ ਬਾਜ਼ਾਰ, ਅੰਮ੍ਰਿਤਸਰ, 1951

ਜੇ. ਪੀ. ਸੰਗਤ ਸਿੰਘ **ਬਚਿਤ੍ਰ ਨਾਟਕ (ਸਟੀਕ)**, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2010

ਜੋਧ ਸਿੰਘ (ਡਾ.) **ਭਗਤੀ ਕਾਵਿ**, ਭਾਸ਼ਾ ਵਿਭਾਗ, ਪੰਜਾਬ ਪਟਿਆਲਾ, 1970

ਉਹੀ **ਸਿਖ ਸਿਧਾਂਤਃ ਸਰੂਪ ਤੇ ਸਮਰੱਥਾ**, ਸਿੰਘ ਬ੍ਰਦਰਜ਼, ਅੰਮ੍ਰਿਤਸਰ, 1991

ਉਹੀ **ਸਿੱਖ ਭਗਤੀਃ ਸਰੂਪ ਅਤੇ ਆਧਾਰ**, ਵਿਜ਼ਨ ਐਂਡ ਵੈਂਚਰ, ਪਟਿਆਲਾ, 1996

ਜੋਸ਼, ਮਹਿੰਦਰ ਸਿੰਘ **ਜੀਵਨ- ਗਾਥਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਅਤੇ ਸਿੱਖ ਇਨਕਲਾਬ**, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2008

ਉਹੀ — **33 ਸਵੈਯੇ ਪਾਤਸ਼ਾਹੀ 10 ਸਟੀਕ**, ਸਿੱਖ ਮਿਸ਼ਨਰੀ ਕਾਲਜ, ਲੁਧਿਆਣਾ, 2012

ਉਹੀ — **ਸ੍ਰੀ ਗੁਰੂ ਅਰਜਨ ਜੀ ਦੀ ਸ਼ਹੀਦੀ**, ਸਿੱਖ ਮਿਸ਼ਨਰੀ ਕਾਲਜ, ਲੁਧਿਆਣਾ, 2006

ਜੱਗੀ, ਰਤਨ ਸਿੰਘ (ਡਾ.) — **ਦਸਮ ਗ੍ਰੰਥ ਦਾ ਪੌਰਾਣਿਕ ਅਧਿਐਨ**, ਨਿਊ ਬੁਕ ਕੰਪਨੀ, ਜਲੰਧਰ, 1965

ਉਹੀ — **ਦਸਮ ਗ੍ਰੰਥ ਦਾ ਕਰਤ੍ਰਿਤਵ**, ਪੰਜਾਬੀ ਸਾਹਿਤ ਸਭਾ ਨਵੀਂ ਦਿੱਲੀ, 1966

ਉਹੀ — **ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਵਿੱਚ ਸੁਤੰਤਰਤਾ ਦੀ ਭਾਵਨਾ**, ਗੁਰੂ ਗੋਬਿੰਦ ਸਿੰਘ ਫਾਊਂਡੇਸ਼ਨ, ਚੰਡੀਗੜ੍ਹ, 1967

ਉਹੀ — **ਸਾਹਿਤ ਦੇ ਰੂਪ**, ਪਬਲੀਕੇਸ਼ਨ ਬਿਊਰੋ, ਪੰਜਾਬੀ, ਯੂਨੀਵਰਸਿਟੀ, ਪਟਿਆਲਾ, 2014

ਉਹੀ — **ਗੁਰ ਸੰਦੇਸ਼**, ਸਿੰਘ ਬ੍ਰਦਰਜ਼, ਅੰਮ੍ਰਿਤਸਰ, 1991

ਉਹੀ — **ਚੰਡੀ ਦੀ ਵਾਰ**, ਗਰੇਸ਼ੀਅਸ ਪਬਲੀਸ਼ਰ, ਪਟਿਆਲਾ।

ਉਹੀ — **ਚੰਡੀ ਦੀ ਵਾਰः ਸਾਹਿਤਕ ਅਧਿਐਨ**, ਗੁਰਮਤਿ ਪ੍ਰਕਾਸ਼ਨ, ਪਟਿਆਲਾ, 2017

ਉਹੀ, (ਸੰਪਾ.) — **ਦਸਮ ਗ੍ਰੰਥ ਦਾ ਬਾਣੀ ਬਿਊਰਾ**, (ਸੰਕਲਨ ਕਰਤਾ ਭਾਈ ਗੁਰਵੰਤ ਸਿੰਘ ਜੀ ਹਰੀ), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1991

ਭੁਲ੍ਰਕੂ, ਸਤਿਪਾਲ ਸਿੰਘ — **ਜ਼ਫ਼ਰਨਾਮਾ**, ਤਰਲੋਚਨ ਪਬਲੀਸ਼ਰਜ਼, ਚੰਡੀਗੜ੍ਹ, 2●14

ਢਿੱਲੋਂ, ਇਕਲਾਬ ਸਿੰਘ (ਡਾ.) — **ਅਕਾਲ-ਤਖਤ ਸੰਕਲਪ ਅਤੇ ਵਿਵਸਥਾ**, ਡਾ. ਇਕਲਾਬ ਸਿੰਘ ਢਿੱਲੋਂ, ਧਨਾਸ, ਚੰਡੀਗੜ੍ਹ, 2●12

ਤਾਰਨ ਸਿੰਘ (ਡਾ.) — **ਭਗਤੀ ਤੇ ਸ਼ਕਤੀ**, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2●●5

ਤਾਰਨ ਸਿੰਘ (ਅਨੁ.) — **ਧਰਤੀ ਦੀ ਉਤਪਤੀ ਅਤੇ ਵਿਕਾਸ**, ਐਫ ਮੈਕਸਮੂਲਰ (ਲੇਖਕ), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1977

ਤੇਜਾ ਸਿੰਘ (ਪ੍ਰਿ.) — **ਸਿੱਖ ਧਰਮ**, ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2●●9.

ਥਿੰਦ, ਬਲਵਿੰਦਰ ਸਿੰਘ(ਡਾ.) — **ਮੱਧਕਾਲੀ ਪੰਜਾਬੀ ਸਾਹਿਤ ਸਮੀਖਿਆ**, ਸਿੱਖ ਮਿਸ਼ਨਰੀ ਕਾਲਜ, ਲੁਧਿਆਣਾ, 2●16

ਰਾਏ, ਦੌਲਤ — **ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ**, ਗੁਰਮਤਿ ਸਾਹਿਤ ਚੈਰੀਟੇਬਲ ਟ੍ਰਸਟ, ਬਾਜ਼ਾਰ ਮਾਈ ਸੇਵਾ ਅੰਮ੍ਰਿਤਸਰ, 2●14

ਦੀਪ, ਦਲੀਪ ਸਿੰਘ (ਡਾ.) — **ਸਾਧਨ ਮੇਂ ਰਵਿਦਾਸ ਸੰਤ ਜੀਵਨ ਅਤੇ ਵਿਚਾਰ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2●●1

ਦਵਿੰਦਰਪਾਲ ਸਿੰਘ (ਡਾ.) — **ਧਰਮ**, ਵਿਗਿਆਨ ਅਤੇ ਵਿਦਿਆਰਥੀ, ਸਿੱਖ ਮਿਸ਼ਨਰੀ ਕਾਲਜ, ਲੁਧਿਆਣਾ, 2●●3

ਦੀਵਾਨ ਸਿੰਘ (ਪ੍ਰੋ.) — **ਗੁਰਮਤਿ ਅਨੁਭਵ**, ਵਾਰਿਸ ਸ਼ਾਹ ਫਾਊਂਡੇਸ਼ਨ ਅੰਮ੍ਰਿਤਸਰ, 1992

ਉਹੀ — **ਸਿੱਖ ਧਰਮ ਵਿੱਚ ਭਗਤੀ ਅਤੇ ਸ਼ਕਤੀ**, ਰੂਹੀ ਪ੍ਰਕਾਸ਼ਨ, ਅੰਮ੍ਰਿਤਸਰ, 2●●7

ਦੁੱਗਲ, ਕਰਤਾਰ ਸਿੰਘ (ਡਾ.) — **ਅੰਮ੍ਰਿਤ ਬਾਣੀ (ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਸ੍ਰੀ ਗੁਰੂ ਦਸਮ ਗ੍ਰੰਥ ਦੀ ਬਾਣੀ ਵਿੱਚੋਂ**, ਸਾਹਿਤ ਅਕਾਦਮੀ, ਨਵੀਂ ਦਿੱਲੀ, 1997

ਧੀਮਾਨ, ਹਰਬੰਸ ਸਿੰਘ (ਡਾ.) — **ਪੰਜਾਬੀ ਬੋਲੀ ਭਾਸ਼ਾ ਅਤੇ ਗੁਰਬਾਣੀ**, ਗਗਨ ਪ੍ਰਕਾਸ਼ਨ ਰਾਜਪੁਰਾ ਪਟਿਆਲਾ, 2●●9

ਧੀਰ, ਕੁਲਦੀਪ ਸਿੰਘ — **ਸਿਖ ਧਰਮ ਦਰਸ਼ਨਃ ਸੰਖੇਪ ਰੂਪ ਰੇਖਾ**, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2●●9.

ਧਾਲੀਵਾਲ, ਸੁਰਜੀਤ ਸਿੰਘ (ਡਾ.) **ਭਾਰਤ ਵਿੱਚ ਪ੍ਰਚਲਿਤ ਪ੍ਰਮੁੱਖ ਭਾਰਤੀ ਧਰਮ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਦਰਭ ਵਿਚ,** ਲਾਹੌਰ ਬੁਕ ਸ਼ਾਪ, ਲੁਧਿਆਣਾ, 2012.

ਉਹੀ **ਸ੍ਰੀ ਗੁਰੂ ਗ੍ਰੰਥ ਸਾਹਿਬ ਭਗਤੀ ਅਤੇ ਸਰੂਪ**, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2009

ਧਾਲੀਵਾਲ, ਪ੍ਰੇਮ ਪ੍ਰਕਾਸ਼ (ਡਾ.) **ਭਾਰਤੀ ਕਾਵਿ-ਸ਼ਾਸਤ੍ਰ**, ਮਦਾਨ ਪਬਲੀਕੇਸ਼ਨਜ਼, ਪਟਿਆਲਾ, 2012

ਨਗੇਂਦਰ (ਡਾ.) **ਰਸ ਸਿਧਾਂਤ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1990

ਨਰੈਣ ਸਿੰਘ **ਖਾਲਸਾ ਨਿਰੂਪਣ**, ਸਿੱਖ ਮਿਸ਼ਨਰੀ ਕਾਲਜ, ਲੁਧਿਆਣਾ, 2010

ਨਾਭਾ, ਕਾਨ੍ਹ ਸਿੰਘ (ਭਾਈ) **ਗੁਰੂ ਛੰਦ ਦਿਵਾਕਰ**, ਭਾਸ਼ਾ ਵਭਾਗ ਪੰਜਾਬ, ਪਟਿਆਲਾ, 1970

ਨਿਰਭੈ ਸਿੰਘ **ਮੱਧਕਾਲੀਨ ਭਗਤਾਂ ਦਾ ਭਾਰਤੀ ਦਰਸ਼ਨ 'ਚ ਯੋਗਦਾਨ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1998

ਨਿਰੰਕਾਰੀ, ਮਾਨ ਸਿੰਘ **ਸਿੱਖ ਧਰਮ ਅਤੇ ਸਿੱਖੀ**, ਲੋਕ ਸਾਹਿਤ ਪ੍ਰਕਾਸ਼ਨ ਅੰਮ੍ਰਿਤਸਰ, 1982

ਨੂਰ, ਸਤਿੰਦਰ ਸਿੰਘ — **ਗੁਰੂ ਗੋਬਿੰਦ ਸਿੰਘ ਦਾ ਸੰਚਾਰ ਸਭਿਆਚਾਰ**, ਸਾਹਿਤ ਅਕਾਦਮੀ, ਨਵੀ ਦਿੱਲੀ, 2000

ਉਹੀ — **ਵਰਿਆਮ ਇਕੇਲਾ ਇਕੇਲਾ**, ਗੁਰੂ ਨਾਨਕ ਦੇਵ ਮਿਸ਼ਨ, ਪਟਿਆਲਾ, 1986

ਨੇਕੀ, ਜਸਵੰਤ ਸਿੰਘ(ਡਾ.) — **ਗੁਰਮਿਤ ਮਨੋਵਿਗਿਆਨ**, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2012

ਉਹੀ — **ਅਰਦਾਸ ਦਰਸ਼ਨ ਰੂਪ ਅਭਿਆਸ**, ਸਿੰਘ ਬ੍ਰਦਰਜ਼, ਅੰਮ੍ਰਿਤਸਰ, 1996

ਪਦਮ, ਪਿਆਰਾ ਸਿੰਘ(ਡਾ.) — **ਪੰਜਾਬੀ ਵਾਰਾਂ**, ਕਲਮ ਮੰਦਿਰ, ਪਟਿਆਲਾ, 1980

ਉਹੀ — **ਦਸਮ ਗ੍ਰੰਥ ਦਰਸ਼ਨ**, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2008

ਪਰਮਜੀਤ ਸਿੰਘ (ਡਾ.) — **ਚੌਣਵੀਆਂ ਗੁਰੂ ਸਾਖੀਆਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ**, ਗੁਰਬਾਣੀ ਇਸੁ ਜਗ ਮਹਿ ਚਾਨਣ, ਪ੍ਰਚਾਰ ਤੇ ਪ੍ਰਸਾਰ ਸੰਸਥਾ, ਮੋਹਾਲੀ, 2015

ਪਰਮਜੀਤ ਸਿੰਘ (ਡਾ.) — **ਗੁਰੂ ਗ੍ਰੰਥ ਸਾਹਿਬ ਚਿੰਤਕ ਅਤੇ ਵਿਚਾਰਧਾਰਾ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ, 2010

ਉਹੀ — **ਸਿੱਖ ਅਧਿਐਨ**, ਗਰੇਸ਼ੀਅਸ ਬੁੱਕਸ ਪਟਿਆਲਾ, 2014

ਪ੍ਰਵਾਨਾ, ਜਸਵੰਤ ਸਿੰਘ — **ਧਰਮ ਕਲਾ**, ਨਿਊ ਬੁੱਕ ਕੰਪਨੀ, ਮਾਈ ਹੀਰਾ ਗੇਟ, ਜਲੰਧਰ, 1998

ਪ੍ਰਵੀਨ ਕੌਰ — **ਜਾਪੁ ਸਾਹਿਬ ਪ੍ਰਵਚਨ ਅਤੇ ਭਾਸ਼ਾ ਪ੍ਰਬੰਧ**, ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 2013

ਪ੍ਰੇਮ ਪ੍ਰਕਾਸ਼ ਸਿੰਘ — **ਭਾਰਤੀ ਕਾਵਿ ਸ਼ਾਸਤਰ**, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1976

ਪਿਆਰਾ ਸਿੰਘ (ਡਾ.) — **ਖੋਜ ਸਿਧਾਂਤ ਤੇ ਵਿਵਹਾਰ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2011

ਪ੍ਰਿਤਪਾਲ ਸਿੰਘ — **ਵਾਰ ਸ੍ਰੀ ਭਗਉਤੀ ਜੀ ਦੀ ਉਥਾਨਿਕਾ ਪਾਠ ਤੇ ਵਿਆਖਿਆ**, ਸੰਗਮ ਪਬਲੀਕੇਸ਼ਨ, ਸਮਾਣਾ, 2012

ਪਿੰਦਰਪਾਲ ਸਿੰਘ — **ਦੀਦਾਰ ਖਾਲਸੇ ਦਾ**, ਭ. ਚਤਰ ਸਿੰਘ ਜੀਵਨ ਸਿੰਘ, ਬਾਜ਼ਾਰ ਮਾਈ ਸੇਵਾ, ਅੰਮ੍ਰਿਤਸਰ, 2003

ਪ੍ਰੀਤਪਾਲ ਸਿੰਘ (ਅਨੁ.) — **ਖਾਲਸੇ ਦੀ ਉਤਪਤੀ**, (ਜਿਲਦ ਪਹਿਲੀ) ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨਵੀਰਸਿਟੀ ਪਟਿਆਲਾ, 1992

ਪ੍ਰੀਤਮ ਸਿੰਘ — **ਪੰਜਾਬੀ ਸਾਹਿਤ ਵਿਚ ਬੀਰ ਕਾਵਿ ਦਾ ਵਿਕਾਸ**, ਭਾਸਾ ਵਿਭਾਗ, ਪੰਜਾਬ, ਪਟਿਆਲਾ, 1988

ਉਹੀ(ਸੰਪਾ.) — **ਸਿੱਖ ੰ ਲਸਫੇ ਦੀ ਰੂਪ ਰੇਖਾ**, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਸਰ, 1975

ਪ੍ਰੀਤਮ ਕੌਰ (ਸੰਪਾ.) — **ਗੁਰੂ ਗੋਬਿੰਦ ਸਿੰਘ ਪਾਉਂਟਾ ਸਾਹਿਬ ਸੰਬੰਧ ਅਤੇ ਸਾਹਿਤ ਸਿਰਜਣਾ**, ਪ੍ਰਬੰਧਕ ਕਮੇਟੀ, ਪਾਤਸ਼ਾਹੀ ਦਸਵੀਂ ਪਾਉਂਟਾ ਸਾਹਿਬ, 1996

ਪੁਰੀ, ਜੇ. ਆਰ (ਪ੍ਰੋ.) — **ਗੁਰੂ ਨਾਨਕ ਦਾ ਰੂਹਾਨੀ ਉਪਦੇਸ਼**, ਰਾਧਾ ਸੁਆਮੀ ਸਤਿਸੰਗ ਬਿਆਸ, ਅੰਮ੍ਰਿਤਸਰ, 2●●4

ਉਹੀ — **ਪੰਜਾਬੀ ਵਾਰਾਂ**, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1951

ਪੂਰਨ ਸਿੰਘ (ਕ੍ਰਿਤ) — **ਦਸ ਗੁਰਦਰਸ਼ਨ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ, 1999

ਉਹੀ — **ਖਾਲਸੇ ਦਾ ਆਦਰਸ਼**, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2●1●

ਫੌਜਾ ਸਿੰਘ (ਡਾ.)(ਸੰਪਾ.) — **ਪੰਜਾਬ ਦਾ ਸਮਾਜਿਕ ਇਤਿਹਾਸ (ਖਾਲਸਾ ਰਾਜ ਕਾਲ ਵਿਖੇ**), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2●●1

ਬ੍ਰਹਮ ਜਗਦੀਸ ਸਿੰਘ (ਪ੍ਰੋ.) — **ਗੁਰਮਿਤ ਕਾਵਿ ਇਤਿਹਾਸਕ-ਵਿਚਾਰਧਾਰਕ ਪਰਿਪੇਖ**, ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 2011

ਉਹੀ — **ਸੂਰਬੀਰ ਯੋਧਾ ਗੁਰੂ ਗੋਬਿੰਦ ਸਿੰਘ: ਜੀਵਨ, ਸੰਦੇਸ਼ ਅਤੇ ਬਾਣੀ**, ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 2013

ਉਹੀ — **ਜਾਪੁ ਸਾਹਿਬ ਪਾਠ ਪ੍ਰਬੰਧ**, ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 2003

ਬਲ, ਗਿਆਨ ਸਿੰਘ — **ਭਗਤੀ ਪਰੰਪਰਾ ਸੰਤਾਂ ਤੇ ਸਮਾਜਿਕ ਸਰੋਕਾਰ**, ਲੋਕਗੀਤ ਪ੍ਰਕਾਸ਼ਨ ਚੰਡੀਗੜ੍ਹ, 2007

ਉਹੀ (ਸੰਪਾ.) — **ਸ੍ਰੀ ਮੁਖ ਬਾਣੀਆਂ ਪਾਤਸ਼ਾਹੀ ੧੦**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1998

ਬਲਕਾਰ ਸਿੰਘ (ਡਾ.) — **ਸੇਵਾ ਦਾ ਸਿੱਖ ਸੰਕਲਪ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ

ਉਹੀ — **ਅਨੁਭੂਤੀ ਅਤੇ ਅਭਿਵਿਅਕਤੀ ਦਾ ਵਿਸ਼ਲੇਸ਼ਣਾਤਮਕ-ਅਧਿਐਨ**, ਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1991

ਉਹੀ — **ਗੁਰਮਿਤ ਵਿਵੇਚਨ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995

ਬਲਜੀਤ ਕੌਰ — **ਗੁਰਬਾਣੀਃ ਧਰਮ ਅਤੇ ਸਾਹਿਤ**, ਸੁੰਦਰ ਬੁੱਕ ਡਿਪੋ, ਅੰਮ੍ਰਿਤਸਰ, 1996

ਬਲਵਿੰਦਰ ਸਿੰਘ — **ਕਲਗੀਧਰ ਦੇ 52 ਬਚਨ**, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2008

ਬਘੇਲ ਸਿੰਘ, ਸੂਬੇਦਾਰ — **ਅਕਾਲ ਪੁਰਖ ਦੇ ਦਰਸ਼ਨ**, ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 2013

ਬਾਬਾ, ਇਕਬਾਲ ਸਿੰਘ — **ਸਿੱਖ ਸਿਧਾਂਤ**, ਪਬਲੀਕੇਸ਼ਨ ਬਿਊਰੋ, ਕਲਗੀਧਰ ਟਰੱਸਟ, ਗੁਰਦੁਆਰਾ ਬੜੂ ਸਾਹਿਬ, 2010

ਬੀਰਇੰਦਰ ਸਿੰਘ,(ਸੰਪਾ.) — **ਗੁਰੂ ਗੋਬਿੰਦ ਸਿੰਘ ਸਮਰਪਣ ਗ੍ਰੰਥ**, ਭਾਈ ਜਵਾਹਰ ਸਿੰਘ ਕ੍ਰਿਪਾਲ ਸਿੰਘ ਐਂਡ ਕੋ. ਅੰਮ੍ਰਿਤਸਰ, 1967

ਬੀਰ, ਰਘਬੀਰ ਸਿੰਘ — **ਬੰਦਗੀ**, ਆਤਮ ਸਾਇੰਸ ਟ੍ਰਸਟ, ਨਵੀ ਦਿੱਲੀ, 2013

ਬੁਧ, ਪ੍ਰਕਾਸ — **ਪ੍ਰਚੀਨ ਪੰਜਾਬ ਵਿਚ ਵੀਰ ਪਰੰਪਰਾ ਦਾ ਵਿਕਾਸ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1989

ਬਲੂਆਣਾ, ਬਲਦੇਵ ਸਿੰਘ **ਗੁਰੂ ਰਾਮਦਾਸ ਬਾਣੀ ਵਿਚ ਭਗਤੀ ਭਾਵਨਾ ਦਾ ਸਰੂਪ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ, 2002

ਬੇਅੰਤ ਕੌਰ (ਪ੍ਰਿੰ.) **ਆਦਿ ਸ਼ਕਤੀ**, ਆਰਸੀ ਪਬਲਿਸ਼ਰਜ਼, ਨਵੀਂ ਦਿੱਲੀ, 2003

ਬੇਗੋਵਾਲ, ਜਸਵੰਤ ਸਿੰਘ(ਡਾ.) **ਸਾਹਿਤ ਸਮੀਖਿਆ**, ਸੁੰਦਰ ਬੁੱਕ ਡਿਪੋ, ਮਾਈ ਹੀਰਾ ਗੇਟ, ਜਲੰਧਰ, 2015

ਬੈਂਸ ਮਲਕੀਤ ਸਿੰਘ(ਪ੍ਰੋ.) **ਜਪੁ ਸਾਰ ਸਿੱਖ ਦਰਸ਼ਨ**, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2005

ਬਡੂੰਗਰ, ਕ੍ਰਿਪਾਲ ਸਿੰਘ(ਪ੍ਰੋ.) **ਗੁਰਮਿਤ ਅਤੇ ਮਨੁੱਖੀ ਅਧਿਕਾਰ**, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 2015

ਭਗਵੰਤ, ਅਤਰ ਸਿੰਘ **ਜ਼ਫ਼ਰਨਾਮਾ**, ਗੁਰਬਾਣੀ ਵਿਸੁ ਜਗ ਮਹਿ ਚਾਨਣੁ, ਪ੍ਰਚਾਰ ਤੇ ਪ੍ਰਸਾਰ ਸੰਸਥਾ, ਮੋਹਾਲੀ, 2014

ਭਾਰਤੀ, ਠਾਕੁਰ **ਪੰਜਾਬੀ ਕਵਿਤਾ ਵਿਧਾਨ**, ਅਤੁਲ ਸਾਹਿਤ ਪ੍ਰਕਾਸ਼ਨ, ਜਲੰਧਰ, 1984

ਭਾਈ, ਜੋਧ ਸਿੰਘ (ਅਨੁ.) **ਸਿੱਖ ਇਤਿਹਾਸ ਦੀਆਂ ਝਾਕੀਆਂ (ਭਾਗ ਤੀਜਾ)**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ, 1992

ਭੁਪਿੰਦਰ ਸਿੰਘ — **ਸੰਗਤ**, ਦਿ ਲਿਵਿੰਗ ਟਰੈਯਰ, ਨਿਊ ਦਿੱਲੀ, 2●1●

ਉਹੀ — **ਰੱਬੀ ਗੁਣ**, ਦਿ ਲਿਵਿੰਗ ਟਰੈਯਰ, ਨਿਊ ਦਿੱਲੀ, 2●15

ਉਹੀ — **ਜੀਵਨ ਮੁਕਤ**, ਦਿ ਲਿਵਿੰਗ ਟਰੈਯਰ, ਨਿਊ ਦਿਲੀ, 2●15

ਭੁਪਿੰਦਰ ਸਿੰਘ ਐਡਵੋਕੇਟ(ਪ੍ਰਿੰ.) — **ਖਾਲਸਾ ਇਨਕਲਾਬ**, ਸਿਰਦਾਰ ਆਸਾ ਸਿੰਘ ਪ੍ਰਕਾਸ਼ਨ ਹਾਓਸੂ, ਚੰਡੀਗੜ੍ਹ, 1994

ਮਦਨਜੀਤ ਕੌਰ — **ਗੁਰੂ ਗੋਬਿੰਦ ਸਿੰਘ ਜੀ ਜੀਵਨ ਅਤੇ ਚਿੰਤਨ**, ਭ. ਚਤਰ ਸਿੰਘ ਜੀਵਨ ਸਿੰਘ, ਬਾਜ਼ਾਰ ਮਾਈ ਸੇਵਾ, ਅੰਮ੍ਰਿਤਸਰ, 2●●●

ਮਨਮੋਹਨ (ਡਾ.) — **ਦਸਮ ਗ੍ਰੰਥ ਵਿਚ ਮਿਥ ਰੁਪਾਂਤਰਣ**, ਲੋਕ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1997

ਮਨਮੋਹਨ ਸਿੰਘ (ਡਾ.) — **ਭਗਤ ਰਵਿਦਾਸ ਜੀਵਨ ਅਤੇ ਰਚਨਾ**, ਮਨਦੀਪ ਪ੍ਰਕਾਸ਼ਨ ਨਵੀਂ ਦਿਲੀ, 198●

ਉਹੀ — **ਗੁਰਮਤਿ ਕਾਵਿ ਅਤੇ ਭਗਤੀ ਧਾਰਾ**, ਮਨਦੀਪ ਪ੍ਰਕਾਸ਼ਨ, ਨਵੀ ਦਿਲੀ, 1981

ਉਹੀ — **ਮਾਨਵੀ ਕਦਰਾਂ-ਕੀਮਤਾਂ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 199●

ਉਹੀ — **ਧਰਮ ਦਾ ਵਿਕਾਸ ਅਤੇ ਗੁਰਮਤਿ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1994

ਮਾਨਸਾ, ਪਰਮਜੀਤ ਸਿੰਘ (ਡਾ.) — **ਸੋ ਕਿਉ ਮੰਦਾ ਆਖੀਐ**, ਭਾਈ ਚਤਰ ਸਿੰਘ ਜੀਵਨ ਸਿੰਘ, ਬਾਜ਼ਾਰ ਮਾਈ ਸੇਵਾ, ਅੰਮ੍ਰਿਤਸਰ, 2009

ਮਹਿੰਦਰ ਕੌਰ (ਡਾ.) — **ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਮਾਨਵ ਏਕਤਾ**, ਨੈਸ਼ਨਲ ਬੁੱਕ ਟਰੱਸਟ, ਨਵੀਂ ਦਿੱਲੀ, 2011

ਮਾਕਿਨ, ਗੁਰਬਚਨ ਸਿੰਘ — **ਜ਼ਫ਼ਰਨਾਮਾ**, ਲਾਹੌਰ ਬੁਕ ਸ਼ਾਪ, ਲੁਧਿਆਣਾ, 2013

ਮੇਘਰਾਜ, ਭਾਈ — **ਪ੍ਰੇਮ ਫੁਲਵਾੜੀ ਗ਼ਰਲਾ ਭਾਈ ਨੰਦ ਲਾਲ ਜੀ ਗੰਜਨਾਮਾ ਤੇ ਜੋਤ ਬਿਕਾਸ (ਸਟੀਕ)**, ਭਾਈ ਪ੍ਰਤਾਪ ਸਿੰਘ ਸੁੰਦਰ ਸਿੰਘ, ਬਾਜ਼ਾਰ ਮਾਈ ਸੇਵਾ, ਅੰਮ੍ਰਿਤਸਰ, ਮਿਤੀਹੀਣ

ਰਜਿੰਦਰ ਪਾਲ ਸਿੰਘ(ਡਾ.) — **ਭਾਰਤੀ ਦਰਸ਼ਨ ਵਿਗਿਆਨ ਪਰਿਪੇਖ**, ਲੋਕਗੀਤ ਪ੍ਰਕਾਸ਼ਨ, 2012

ਰਣਧੀਰ ਸਿੰਘ ਭਾਈ ਸਾਹਿਬ — **ਗੁਰਮਤਿ ਗੌਰਵਤਾ**, ਭਾਈ ਸਾਹਿਬ ਭਾਈ ਰਣਧੀਰ ਸਿੰਘ ਟਰੱਸਟ, ਲੁਧਿਆਣਾ, 1996

ਉਹੀ — **ਗੁਰਮਤਿ ਪ੍ਰਕਾਸ਼**, ਭਾਈ ਸਾਹਿਬ ਭਾਈ ਰਣਧੀਰ ਸਿੰਘ ਟਰੱਸਟ, ਲੁਧਿਆਣਾ, ਮਿਤੀਹੀਣ

ਉਹੀ — **ਅਨਹਦ ਸ਼ਬਦ ਦਸਮ ਦੁਆਰ**, ਭਾਈ ਸਾਹਿਬ ਭਾਈ ਰਣਧੀਰ ਸਿੰਘ ਟ੍ਰਸਟ, ਲੁਧਿਆਣਾ, 2004

ਰੂਪ ਸਿੰਘ (ਸੰਪਾ.) — **ਸਿੱਖ ਸੰਕਲਪ ਸਿਧਾਂਤ ਤੇ ਸੰਸਥਾਵਾਂ**, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 2012

ਲਾਲ ਸਿੰਘ — **ਜ਼ਫ਼ਰਨਾਮਾ**, ਭਾਸ਼ਾ ਵਿਭਾਗ, ਪੰਜਾਬ ਪਟਿਆਲਾ 1967

ਉਹੀ (ਸੰਪਾ.) — **ਭਗਤੀ ਕਾਵਿ**, ਭਾਸ਼ਾ ਵਿਭਾਗ, ਪੰਜਾਬ ਪਟਿਆਲਾ 1970

ਉਹੀ — **ਚੋਣਵੀਂ ਬਾਣੀ ਦਸਮ-ਗ੍ਰੰਥ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ, 1999

ਵਰਮਾ, ਸਤੀਸ਼ ਕੁਮਾਰ — **ਪੰਜਾਬੀ ਸਾਹਿਤ ਦੇ ਮਾਨਵੀ ਸਰੋਕਾਰ**, ਨੈਸ਼ਨਲ ਬੁੱਕ ਟਰੱਸਟ, ਇੰਡੀਆ, 2010

ਵਜੀਰ ਸਿੰਘ (ਡਾ.) — **ਸਿੱਖ ਦਰਸ਼ਨਧਾਰਾ (ਭਾਗ ਦੂਜਾ)**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002

ਉਹੀ — **ਸਿੱਖ ਦਰਸ਼ਨਧਾਰਾ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2012

ਵਿਦਿਆਰਥੀ, ਦੇਵਿੰਦਰ ਸਿੰਘ — **ਪੰਜਾਬ ਵਿਚ ਖੋਜ ਸੰਭਾਵਨਾ ਤੇ ਸੇਧ**, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1979

ਵੀਰ ਸਿੰਘ, ਭਾਈ ਸਾਹਿਬ ਭਾਈ — **ਦੇਵੀ ਪੂਜਨ ਪੜਤਾਲ**, ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, 2009

ਵੇਦੀ, ਭਗਤ ਸਿੰਘ — **ਮੱਧ ਕਾਲੀਨ ਭਗਤੀ ਕਾਵਿ ਦੀ ਭੂਮਿਕਾ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1999

**(ਕੋਸ਼)**

ਕੋਹਲੀ, ਸੁਰਿੰਦਰ ਸਿੰਘ (ਡਾ.) — **ਪੰਜਾਬੀ ਸਾਹਿਤ ਕੋਸ਼**, (ਭਾਗ ਪਹਿਲਾ), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2000

ਉਹੀ — **ਪੰਜਾਬੀ ਸਾਹਿਤ ਕੋਸ਼**, (ਭਾਗ ਦੂਜਾ), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1976

ਕੇਸਰ, ਕੇਸਰ ਸਿੰਘ — **ਪੰਜਾਬੀ ਸਾਹਿਤ ਕੋਸ਼**, (ਭਾਗ ਤੀਜਾ), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1992

ਜੱਗੀ, ਰਤਨ ਸਿੰਘ(ਸੰਪ.) — **ਸਾਹਿਤ ਕੋਸ਼**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ

ਜੋਧ ਸਿੰਘ (ਡਾ.) — **ਸਿੱਖ ਧਰਮ ਵਿਸ਼ਵਕੋਸ਼**, ਸੈਂਚੀ ਪਹਿਲੀ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2008

ਜੌਨ ਡੋਸਨ — **ਹਿੰਦੂ ਮਿਥਿਹਾਸ ਕੋਸ਼**, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ 2000

ਨਾਭਾ, ਭਾਈ ਕਾਨ੍ਹ ਸਿੰਘ — **ਗੁਰਸ਼ਬਦ ਰਤਨਾਕਰ ਮਹਾਨ ਕੋਸ਼**, ਨੈਸ਼ਨਲ, ਬੁਕ ਸ਼ਾਪ, ਦਿੱਲੀ, 1990

ਉਹੀ — **ਗੁਰੂ ਛੰਦ ਦਿਵਾਕਰ**, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1970

ਰਣਧੀਰ ਸਿੰਘ(ਭਾਈ) — **ਸ਼ਬਦਾਰਥ ਗੁਰੂ ਦਸਮ ਗ੍ਰੰਥ**, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995

**ਨਾਨਕ ਪ੍ਰਕਾਸ਼ ਪੱਤ੍ਰਿਕਾਵਾਂ**

ਸਰਬਜਿੰਦਰ ਸਿੰਘ (ਡਾ.) (ਸੰਪਾ.) — ਨਾਨਕ ਪਕਾਸ਼ ਪੱਤ੍ਰਿਕਾ ਦਸੰਬਰ 2007, ਅੰਕ ਦੂਜਾ ਸ੍ਰੀ ਗੁਰੂ ਗੋਬਿੰਦ ਸਿੰਘ ਵਿਸ਼ੇਸ਼ ਅੰਕ ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009

ਬਲਕਾਰ ਸਿੰਘ(ਡਾ.)(ਸੰਪਾ.) — ਸੰਗਤ ਵਿਸ਼ੇਸ਼ ਅੰਕ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਮਿਤੀਹੀਣ

ਉਹੀ — ਭਗਤੀ ਵਿਸ਼ੇਸ਼ ਅੰਕ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਮਿਤੀਹੀਣ

ਗੁਰਨਾਮ ਕੌਰ (ਡਾ.) — ਨਾਨਕ ਪ੍ਰਕਾਸ਼ ਪੱਤ੍ਰਿਕਾ, ਪਬਲੀਕੇਸ਼ਨ ਬਿਊਰੋ, 2●●●

**ਹਿੰਦੀ ਪੁਸਤਕਾਂ**

ਸਲਵਾਨ, ਜਗਜੀਤ ਕੌਰ(ਡਾ.) — **ਅਗੰਮ ਪੁਰਸ਼ ਗੁਰੂ ਗੋਬਿੰਦ ਸਿੰਘ ਜੀ**, ਸੰਦਰਭ ਪ੍ਰਕਾਸ਼ਨ, ਸਹਾਰਨਪੁਰ, 1989

ਮਹੀਪ ਸਿੰਘ(ਡਾ.) — **ਗੁਰੂ ਗੋਬਿੰਦ ਸਿੰਘ ਔਰ ਉਨਕੀ ਹਿੰਦੀ ਕਵਿਤਾ**, ਨੈਸ਼ਨਲ ਪਬਲਿਸ਼ਿੰਗ ਹਾਊਸ, 1966

**English**

Avtar Singh — **Ethics of the Sikhs**, Punjabi University Patiala, 1970

Balbir Singh (Dr.) — **Minstrel Divine and Other Essays**, Publication bureau, Punjabi University Patiala, 1996

Banerjee — **The Evolution of khalsa**, Vol-1 Calcutta, 1973.

Daljeet Singh — **The Sikh Ideology**, Sikh Brothers Amritsar, 2000

| | |
|---|---|
| Ebid | **Sikhsm A Comparative Study of its Theology & mysticism**, Singh Brothers Amritsar, 2014. |
| Dalip Singh | **Yoga & Sikh teachinghs**, Bahri Punlication, New Delhi 1979. |
| Darshan Singh(Dr.) | **Indian Bhakti Traditions and Sikh Gurus**, Lyall Book Depot, Ludhiana, 1968. |
| Dharam Singh | **Guru Gobind Singh and Khalsa Brothers**, Discipline, Singh Brpthers, Bazar Maisawan, Amritsar, 1992. |
| Ebid | **Dynamics of the Social Thought of Guru Gobind Singh**, Publication Bureau, Punjabi University, Patiala, 1998. |
| Gajinder Singh | **Abstract of sikh Studies**, vol-xiii issue 1, Institute of Sikh Studies, Gurdwarara Singh Sabha kanthala, Chandigarh, Jan-March, 2011 |
| Ganda Singh | **Guru Gobind Singh's Werlth at Nanded**, publication Bureau Punjabi University Patiala, 2008. |
| Grewal J S | **Sikh Ideology: polity & Social order**, manohar punliction, New Delhi, 1996. |

Lewes, H.D. — **Philosphy of Religion**, The English Universiteis Press Ltd. St Pauls House Warwick lane Lodon E.C.U. 1965.

Nirbhai Singh — **This Sikh vision of hertic life & derth**, Singh Brothers, Amritsar, 2006.

Partap Singh Jaspal — **Eteral glory of Guru gobind Singh ji and the (Rtd.Brig.) khalsa**, Balaji offset Delhi, 2013.

Puran Singh — **Spirit of the Sikh**, (Part-ii) Volume one, Pubication Bureau Punjabi University Patiala, 2002.

Ebid — **Spirit of the Sikh** (Part-one) Volume one, Pubication Bureau Punjabi University Patiala, 2014.

Sher Singh — **Philosophy of Sikhism**, sharomni Gurdwara parbandak Commettee Amritsar, 2014.

Swami Vivekananda — **Bhakti yog**, Advaita Ashrama Publication department Kolkata, 2013.

Tiwana,Arshleen Kaur(Edi) — **Social & Spiritiral Philosophy of Guru Gobind Singh**, Pubication Bureau, Punjabi University Patiala, 2014.

Sivananda swami — **Lord siva and his worship**, the Diwin Life Society, Utra khand, 2008.

Journal — **Punjab journal of sikh studies**, Volume iii, Department of Guru Nanak sikh Studies P.U Chandigarh, 2013.

Journal — **Studies in Sikhsm and Comparative Religion**, Vol-xi No.1, Guru Nanak Foundation, New Delhi, 1992.

**ਖੋਜ ਪੱਤ੍ਰਿਕਾ**

ਬਾਣੀ ਵਿਸ਼ੇਸ਼ ਅੰਕ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2●●3

ਬੀਰ ਵਿਸ਼ੇਸ਼ ਅੰਕ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਮਿਤੀਹੀਣ

ਗੁਰਮਤਿ ਪ੍ਰਕਾਸ਼ ਮਾਸਿਕ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ, ਜਨਵਰੀ, 2●14, 2●17

ਗੁਰਮਤਿ ਪ੍ਰਕਾਸ਼ ਮਾਸਿਕ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ, ਜਨਵਰੀ, 2●17, ਫਰਵਰੀ, 2●17

ਗੁਰਬਾਣੀ ਚਾਨਣ ਅਧਿਆਤਮਿਕ, ਮਾਸਿਕ ਪੱਤ੍ਰਿਕਾ, ਮਜੈਸਟਿਕ ਪ੍ਰਿੰਟਿੰਗ ਪ੍ਰੈਸ, ਮੋਹਾਲੀ, ਦਸਬੰਰ, 2●16, ਜਨਵਰੀ, 2●16, ਰਵਰੀ, 2●17

ਪੰਜਾਬੀ ਦੁਨੀਆ, ਭਾਸ਼ਾ ਵਿਭਾਗ, ਪੰਜਾਬ ਪਟਿਆਲਾ, ਅੰਕ 1963, 1965 ਅਤੇ 1967

ਸਿੱਖ ਫੁਲਵਾੜੀ, ਸਿੱਖ ਮਿਸ਼ਨਰੀ ਕਾਲਜ, ਲੁਧਿਆਣਾ

ਖੋਜ ਦਰਪਣ, ਪੰਜਾਬੀ ਅਧਿਐਨ ਸਕੂਲ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

**Websites:**

www.punjabilochna.com

www.wikipedia.org

www.google.com

www.sikhbookclub.com

www.sikhmarg.com

आचार्य अकादमी

यावत् जीवेत् सुखं जीवेत्

ISSN : 2348-0114
Impact Factor : 3.784
मूल्य ₹ : 500
वर्ष : 5
अंक : 18
(फरवरी 2018 – अप्रैल 2018)
www.chintanresearchjournal.com
(UGC Approved List No. 42742)

सम्पादक :
आचार्य (डॉ.) शीलक राम

# हिन्दू

(International Refereed)

कला, साहित्य, मानविकी, समाज–विज्ञान, वाणिज्य, प्रबंधन, विधि एवं विज्ञान विषयों का अंतर्राष्ट्रीय मूल्यांकित त्रैमासिक रिसर्च जर्नल

आचार्य अकादमी, भारत
ISO 9001:2008

(International Refereed)
Impact Factor 3.784

हिन्दू अंतरराष्ट्रीय त्रैमासिक शोध-पत्रिका

वर्ष:5, अंक:18 (फरवरी 2018-अप्रैल, 2018) (पृ.सं. 262-266) (ISSN 2348 - 0114)

# ਗੁਰੂ ਗੋਬਿੰਦ ਸਿੰਘ ਜੀ ਦੇ ਬਾਣੀ ਵਿਚ ਭਗਤੀ ਤੇ ਸ਼ਕਤੀ ਦਾ ਸੰਕਲਪ

**ਸੁਖਵਿੰਦਰ ਕੌਰ**
ਸੀਨੀਅਰ ਰਿਸਰਚ ਫੈਲੋ
ਗੁਰੂ ਨਾਨਕ ਸਿੱਖ ਅਧਿਐਨ ਵਿਭਾਗ .
ਪੰਜਾਬ ਯੂਨੀਵਰਸਿਟੀ ਚੰਡੀਗੜ੍ਹ।

ਸ਼ੋਧ-ਆਲੇਖ ਸਾਰ

**ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਵਿਚ ਅਕਾਲ ਦੀ ਉਸਤਿਤ ਲਈ ਕਈ ਥਾਂਈ ਬੀਰ-ਰਸੀ ਸ਼ਬਦਾਵਲੀ ਵਰਤੀ ਹੈ। ਅਸਲ ਵਿਚ 'ਧਰਮ ਚਲਾਵਨ' ਲਈ ਭਗਤੀ ਭਾਵ ਦੀ ਲੋੜ ਸੀ, ਪਰ 'ਦੁਸ਼ਟ-ਦਮਨ ਕੋ ਮੂਲ ਉਪਾਰਨ' ਲਈ ਬੀਰ ਰਸ ਜ਼ਰੂਰੀ ਸੀ। ਸਿੱਖ ਧਰਮ ਵਿਚ ਭਗਤੀ ਤੇ ਸ਼ਕਤੀ ਦਾ ਸੁਮੇਲ ਹੈ। ਸਾਰੇ ਧਰਮਾਂ ਵਿਚ ਹਮੇਸ਼ਾਂ ਪਹਿਲਾਂ ਦਰਜਾ ਭਗਤੀ ਦਾ ਹੈ, ਜਦਕਿ ਸ਼ਕਤੀ ਦੂਜੇ ਦਰਜੇ ਤੇ ਗਿਣੀ ਜਾਂਦੀ ਹੈ।ਭਗਤੀ ਕਰਨ ਨਾਲ ਹਰ ਪ੍ਰਕਾਰ ਦੀ ਸ਼ਕਤੀ ਪ੍ਰਾਪਤ ਹੋ ਸਕਦੀ ਹੈ। ਜਿਵੇਂ ਕਿ ਆਤਮਕ, ਮਾਨਸਿਕ, ਸਦਾਚਾਰਕ, ਤੇ ਸਰੀਰਿਕ ਸ਼ਕਤੀਆਂ। ਭਗਤੀ ਕਰਕੇ ਸ਼ਕਤੀ ਤਾਂ ਪ੍ਰਾਪਤ ਕੀਤੀ ਜਾ ਸਕਦੀ ਹੈ ਪਰ ਸ਼ਕਤੀ ਨਾਲ ਭਗਤੀ ਨਹੀਂ। ਸ਼ਕਤੀ ਭਗਤੀ ਵਿਚ ਸਹਾਇਕ ਹੁੰਦੀ ਹੈ, ਭਗਤੀ ਦੀ ਰਾਖੀ ਕਰਦੀ ਹੈ। ਭਗਤੀ ਤੋਂ ਪ੍ਰਾਪਤ ਸ਼ਕਤੀਆਂ ਰਾਜਸੀ ਸ਼ਕਤੀ ਵੀ ਪ੍ਰਦਾਨ ਕਰਦੀਆਂ ਹਨ। ਗੁਰੂ ਗੋਬਿੰਦ ਸਿੰਘ ਜੀ ਨੇ ਸਾਰੇ ਭਗਤੀ ਸਾਹਿਤ ਨੂੰ ਸ਼ਕਤੀ ਵਿਚ ਬਦਲਣ ਦਾ ਯਤਨ ਕੀਤਾ, ਇਸ ਸਬੰਧੀ ਉਨ੍ਹਾਂ ਦੀ ਰਚਨਾ ਜਾਪੁ, ਅਕਾਲ ਉਸਤਿਤ, 33 ਸਵਈਏ ਤੇ ਸ਼ਬਦ ਹਜ਼ਾਰੇ ਵਿਸ਼ੇਸ਼ ਤੌਰ ਤੇ ਪੜਨਯੋਗ ਹਨ। ਇਨ੍ਹਾਂ ਵਿਚ ਉਨ੍ਹਾਂ ਰੱਬੀ ਏਕਤਾ ਤੇ ਮਨੁੱਖੀ ਏਕਤਾ ਤੇ ਪੂਰਾ ਜ਼ੋਰ ਦਿੱਤਾ ਹੈ ਤਾਂ ਕਿ ਗੁਰੂਆਂ ਦੀ ਚਲਾਈ ਇਨਕਲਾਬ ਲਹਿਰ ਦਾ ਸੰਗਠਨ ਪੱਕੀਆਂ ਨੀਹਾਂ ਤੇ ਖੜਾ ਹੋਵੇ ਤੇ ਇਸ ਵਿਚ ਕਦੀ ਕੋਈ ਕਮਜ਼ੋਰੀ ਨਾ ਆਵੇ। ਵਕਤੀ ਜੰਗ ਜਿੱਤਣ ਨਾਲੋਂ ਮਨੁੱਖੀ ਆਦਰਸ਼ਾਂ ਦਾ ਉਨ੍ਹਾਂ ਨੂੰ ਵਧੇਰੇ ਧਿਆਨ ਸੀ।**

ਮੁੱਖ-ਸ਼ਬਦ : **ਗੁਰੂ ਗੋਬਿੰਦ ਸਿੰਘ, ਭਗਤੀ, ਸ਼ਕਤੀ।**

ਗੁਰਬਾਣੀ ਦਾ ਮਨੁੱਖੀ ਜੀਵਨ ਦੇ ਅਨੇਕਾਂ ਪੱਖਾਂ ਤੇ ਬਹੁਤ ਪ੍ਰਭਾਵ ਹੈ। ਗੁਰਬਾਣੀ ਦੀ ਵਿਆਖਿਆ ਲਈ ਪੰਜਾਬ ਅਤੇ ਪੰਜਾਬ ਤੋਂ ਬਾਹਰ ਅਨੇਕਾਂ ਗ੍ਰੰਥ ਰਚੇ ਗਏ। ਇਨ੍ਹਾਂ ਗ੍ਰੰਥਾਂ ਦੇ ਰਚਨ ਹਾਰਿਆ ਨੇ ਆਪਣੇ ਆਪਣੇ ਦ੍ਰਿਸ਼ਟੀਕੋਣ ਤੋਂ ਗੁਰੂ ਦੀ ਵਿਚਾਰਧਾਰਾ ਦਾ ਵਿਸ਼ਲੇਸ਼ਣ ਕੀਤਾ ਹੈ। ਉਨ੍ਹਾਂ ਨੇ ਆਪਣੀ ਸਮਝ ਅਨੁਸਾਰ ਗੁਰਬਾਣੀ ਦੀ ਵਿਆਖਿਆ, ਟੀਕੇ ਅਤੇ ਗੁਰਮਤ ਦਰਸ਼ਨ ਸੰਬੰਧੀ ਗ੍ਰੰਥ ਲਿਖੇ ਹਨ। ਪਰ ਇਹ ਗਿਆਨ ਦਾ ਅਜਿਹਾ ਸਾਗਰ ਹੈ ਜਿਸਦੀ ਥਾਹ ਪਾ ਸਕਣਾ ਕਿਸੇ ਵੀ ਵਿਦਵਾਨ, ਚਿੰਤਕ ਅਤੇ ਦਾਰਸ਼ਨਿਕ ਲਈ ਮੁਸ਼ਕਿਲ ਹੀ ਨਹੀਂ ਬਲਕਿ ਅਸੰਭਵ ਹੈ। ਜਦੋਂ ਵੀ ਇਸ ਦੇ ਪਾਠ, ਅਤੇ ਅਧਿਐਨ ਨਾਲ ਸਾਂਝ ਪਾਉਣ ਦਾ ਯਤਨ ਕੀਤਾ ਜਾਂਦਾ ਹੈ ਤਾਂ ਇਹ ਉਦੋਂ ਹੀ ਨਵੀਂ ਤੇ ਨਿਰੋਈ ਪ੍ਰਤੀਤ ਹੁੰਦੀ ਹੈ। ਇਥੇ ਸਭ ਤੋਂ ਮਹੱਤਵਪੂਰਨ ਗਲ ਇਹ ਹੈ ਕਿ ਇਸ ਸਾਹਿਤਕ ਪ੍ਰੰਪਰਾ ਦਾ ਧਰਾਤਲ ਭਗਤੀ ਮਾਰਗ ਦੀ ਸਾਧਨਾ ਵਾਲਾ ਹੈ।

ਚੌਦਵੀਂ ਤੇ ਪੰਦਰਵੀਂ ਸਦੀ ਵਿਚ ਜਦੋਂ ਪੰਜਾਬ ਵਿਚ ਸਿੱਖ ਮਤ ਦਾ ਪ੍ਰਚਾਰ ਆਰੰਭ ਹੋਇਆ ਉਸ ਸਮੇਂ ਭਾਰਤ ਵਿਚ ਭਗਤੀ ਲਹਿਰ ਸਿਖਰ ਤੇ ਸੀ। ਇਸ ਲਹਿਰ ਨੇ ਧਾਰਮਿਕ ਤੇ ਆਚਰਣਕ ਗਿਰਾਵਟ ਨੂੰ ਦੂਰ ਕਰਨ ਲਈ ਭਗਤਾਂ ਨੂੰ ਜਨਮ ਦਿੱਤਾ। ਗੁਰੂ ਨਾਨਕ ਦੇਵ ਜੀ ਦੇ ਚਲਾਏ ਹੋਏ ਧਾਰਮਿਕ-ਸਮਾਜਿਕ ਅੰਦੋਲਨ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ

ਇਨਕਲਾਬੀ ਛੋਹਾਂ ਦੇ ਨਾਲ ਅੰਤਿਮ ਰੂਪ ਦਿੱਤਾ ਹੈ। ਪ੍ਰਥਮ ਗੁਰੂ, ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਦੱਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਤੱਕ ਸਾਰੇ ਹੀ ਗੁਰੂ ਪ੍ਰਭੂ ਭਗਤੀ ਵਿਚ ਲਿਵਲੀਨ ਅਧਿਆਤਮ ਮਾਗਰੀ ਸਨ ਪਰ ਸਮੇਂ ਦੀਆਂ ਰਾਜਨੀਤਕ ਸਥਿਤੀਆਂ ਅਨੁਸਾਰ ਉਨ੍ਹਾਂ ਨੂੰ ਭਗਤੀ ਦੇ ਨਾਲ ਸ਼ਕਤੀ, ਮੀਰੀ ਦੇ ਨਾਲ ਪੀਰੀ, ਦੇਗ ਦੇ ਨਾਲ ਤੇਗ਼ ਅਤੇ ਸ਼ਾਸਤਰ ਦੇ ਨਾਲ ਨਾਲ ਸ਼ਸਤਰ ਦੀ ਵਰਤੋਂ ਵੀ ਕਰਨੀ ਪਈ। ਗੁਰੂ ਹਰਿਗੋਬਿੰਦ ਸਾਹਿਬ ਨੇ ਪੀਰੀ ਤੇ ਮੀਰੀ ਦੀਆਂ ਦੋ ਤਲਵਾਰਾਂ ਧਾਰਨ ਕਰਕੇ ਪਹਿਲੀ ਵਾਰੀ ਸਿੱਖ ਧਰਮ ਦੇ ਇਤਿਹਾਸ ਵਿਚ ਭਗਤੀ ਤੇ ਸ਼ਕਤੀ, ਸ਼ਾਸਤਰ ਤੇ ਸ਼ਸਤਰ ਦੀ ਪ੍ਰੰਪਰਾ ਸਥਾਪਿਤ ਕੀਤੀ। ਜਿਸਦੇ ਨਤੀਜੇ ਵਜੋਂ ਸਿੱਖ ਧਰਮ ਵਿਚ ਇਕ ਨਵੀਂ ਜਾਨ, ਜਾਗ੍ਰਤੀ ਤੇ ਚੇਤਨਾ ਦਾ ਪ੍ਰਵੇਸ਼ ਹੋਇਆ ਅਤੇ ਜੁਲਮ ਦਾ ਟਾਕਰਾ ਕਰਨ ਲਈ ਲੋਕਾਂ ਵਿਚ ਹਿੰਮਤ। ਨਿਡਰਤਾ ਅਤੇ ਕੁਰਬਾਨੀ ਦੀ ਭਾਵਨਾ ਪੈਦਾ ਹੋਈ ਇਸੇ ਭਾਵਨਾ ਅਧੀਨ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਅੱਗੇ ਚਲ ਕੇ ਮਨੁੱਖੀ ਆਜ਼ਾਦੀ ਲਈ ਸੂਰਬੀਰਤਾ ਨਾਲ ਮੁਕਾਬਲਾ ਕਰਦਿਆਂ ਆਤਮ ਬਲੀਦਾਨ ਦੇ ਕੇ ਭਗਤੀ ਤੇ ਸ਼ਕਤੀ ਦੇ ਆਦਰਸ਼ ਨੂੰ ਇਕ ਮਜ਼ਬੂਤ ਤੇ ਠੋਸ ਆਧਾਰ ਪ੍ਰਦਾਨ ਕਰ ਦਿੱਤਾ। ਨੌਵੇਂ ਪਾਤਸ਼ਾਹ ਦੀ ਇਸ ਮਹਾਨ ਕੁਰਬਾਨੀ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਬਚਿਤ੍ਰ ਨਾਟਕ ਵਿਚ ਇਸ ਤਰ੍ਹਾਂ ਬਿਆਨ ਕੀਤਾ ਹੈ-

ਤਿਲਕ ਜੰਞੂ ਰਾਖਾ ਪ੍ਰਭ ਤਾਕਾ, ਕੀਨੋ ਬਡੋ ਕੁਲ ਮਹਿ ਸਾਕਾ
ਸਾਧਨ ਹੇਤਿ ਇਤਿ ਜਿਨਿ ਕਰੀ, ਸੀਸੁ ਦੀਆਂ ਪਰੁ ਸੀ ਨ ਉਚਰੀ
ਧਰਮ ਹੇਤ ਸਾਕਾ ਜਿਨਿ ਕੀਆ, ਸੀਸ ਦੀਯਾ ਪਰੁ ਸਿਰਰੁ ਨ ਦੀਆ।

ਉਨ੍ਹਾਂ ਦੀ ਸ਼ਹਾਦਤ ਕਿਸੇ ਜਾਤੀ ਵਿਸ਼ੇਸ਼, ਧਰਮ ਜਾਂ ਵਰਗ ਲਈ ਨਹੀਂ ਸੀ ਬਲਕਿ ਉਹ ਤਾਂ ਅਨਿਆਂ, ਅਤਿਆਚਾਰ, ਧਾਰਮਿਕ ਕੱਟੜਤਾ, ਸੰਪ੍ਰਦਾਇਕਤਾ ਆਦਿ ਦੇ ਵਿਰੋਧ ਵਿਚ ਸੱਚ, ਨਿਆਂ ਤੇ ਧਾਰਮਿਕ ਸੰਪ੍ਰਦਾਇਕ ਸਦਭਾਵਨਾ ਵਰਗੇ ਮਹਾਨ ਮਾਨਵੀਂ ਆਦਰਸ਼ਾਂ ਲਈ ਸੀ। ਗੁਰੂ ਗੋਬਿੰਦ ਸਿੰਘ ਏਸੇ ਪੂਰਵ ਪਰੰਪਰਾ ਦੇ ਅਨੁਯਾਈ ਹੁੰਦੇ ਹੋਏ ਇਕ ਵਿਸ਼ੇਸ਼ ਤੇ ਵਿਲੱਖਣ ਵਿਅਕਤੀਤਵ ਵਾਲੇ, ਮਾਨਵ ਭਲਾਈ ਦੀ ਭਾਵਨਾ ਨਾਲ ਭਰਪੂਰ ਸਨ। ਜਿਨ੍ਹਾਂ ਨੇ ਪ੍ਰਭੂ ਭਗਤੀ, ਸਮਾਜ ਨੂੰ ਨਵੀਂ ਦਿਸ਼ਾ ਅਤੇ ਦ੍ਰਿਸ਼ਟੀ ਦਿਤੀ ਜਿਸ ਦੀ ਸਾਰਥਿਕਤਾ ਤੇ ਪ੍ਰਾਸੰਸਗਿਕਤਾ ਅੱਜ ਵੀ ਉਸੇ ਤਰ੍ਹਾਂ ਬਰਕਰਾਰ ਹੈ।

ਗੁਰੂ ਹਰਗੋਬਿੰਦ ਸਿੰਘ ਜੀ ਨੇ ਸਿੱਖਾਂ ਨੂੰ ਸ਼ਾਸਤਰ ਫੜਾ ਦਿੱਤੇ ਸਨ ਤੇ ਛੱਪਰੀਆਂ ਨੂੰ ਛਾਉਣੀਆਂ ਵਿਚ ਬਦਲ ਦਿੱਤਾ ਸੀ ਪਰ ਭਗਤੀ ਲਹਿਰ ਨੂੰ ਸ਼ਕਤੀ ਵਾਲੀ ਸੰਤ ਸਿਪਾਹੀ ਵਾਲੀ ਲਹਿਰ ਬਣਾਉਣ ਲਈ ਤੇ ਦੇਸ਼ ਭਰ ਵਿਚ ਵਿਆਪਕ ਕਰਨ ਲਈ ਧਰਮ ਯੁੱਧ ਦਾ ਸਾਹਿਤ ਰਚਨਾ ਸਮੇਂ ਦੀ ਜ਼ਰੂਰਤ ਸੁਰਾਂ ਬਦਲ ਗੋਬਿੰਦ ਸਿੰਘ ਜੀ ਨੇ ਭਗਤੀ ਦੇ ਰਾਗ ਨੂੰ ਬੰਦ ਕਰਨ ਦੀ ਬਜਾਇ ਇਸਦੀਆਂ ਕਮਜ਼ੋਰ ਸੁਰਾਂ ਬਦਲ ਦਿੱਤੀਆਂ। ਜਿਥੇ ਇਹ ਰਾਗ ਪਹਿਲਾਂ ਬੰਸਰੀ ਦੀ ਧੁਨ ਅਤੇ ਮ੍ਰਿਦੰਗ ਦੀ ਥਾਪ ਤੇ ਗਾਇਆ ਜਾਂਦਾ ਸੀ, ਉਥੇ ਤਲਵਾਰ ਦੀ ਝੁਨਕਾਰ ਤੇ ਨਗਾਰਿਆਂ ਦੀ ਗੂੰਜਾਰ ਵਿਚ ਇਸ ਤਾਨ ਨੂੰ ਛੇੜਿਆ ਅਰਥਾਤ ਭਗਤੀ ਨੂੰ ਬੀਰ ਰਸੀ ਪਾਣ ਦੇ ਕੇ 'ਸਿੰਘ' ਸਜਾ ਦਿੱਤਾ। ਇਸ ਮਹਾਂਕਵੀ ਨੇ ਆਪਣੀ ਰਚਨਾ ਵਿਚ ਆਪਣੇ ਪ੍ਰੀਤਮ ਪ੍ਰਭੂ ਨੂੰ ਠਾਕੁਰ, ਗੋਪਾਲ, ਬੰਸੀਧੁਰ ਜਾਂ ਲੱਛਮੀਪਤਿ ਕਹਿਣ ਦੀ ਥਾਂ ਖੜਗਕੇਤੁ, ਅਸਿਧੁਜ ਤੋਂ ਕਾਲ ਅਦਿ ਬਲਵਾਨ ਨਾਮਾਂ ਨਾਲ ਯਾਦ ਕੀਤਾ ਗਿਆ ਹੈ।[2] ਇਸਦੇ ਨਾਲ ਹੀ ਉਸ ਅਕਾਲ ਪੁਰਖ ਨੂੰ ਦਿਆਲ, ਕ੍ਰਿਪਾਲੂ ਬਿਆਨਦਿਆਂ ਸ਼ਸਤ੍ਰਧਾਰੀ ਵੀ ਦੱਸਿਆ ਗਿਆ ਹੈ:-

ਨਮੋ ਸ਼ਸਤ੍ਰ ਪਾਣੇ॥ ਨਮੋ ਅਸਤ੍ਰ ਪਾਣੇ॥[3]

ਗੁਰੂ ਗੋਬਿੰਦ ਸਿੰਘ ਜੀ ਦਾ ਆਦਰਸ਼ ਅਹਿੰਸਾਵਾਦ ਨਹੀਂ ਤੇ ਨਾ ਹੀ ਹਿੰਸਾਵਾਦ ਹੈ। ਹਿੰਸਾ ਕਿਸੇ ਵੇਲੇ ਅਹਿੰਸਾ ਹੁੰਦੀ ਹੈ ਤੇ ਅਹਿੰਸਾ ਹਿੰਸਾ। ਲੋੜ ਅਨੁਸਾਰ, ਆਪਣੇ ਫਰਜ਼ ਦੀ ਪਛਾਣ ਕਰਦੇ ਹੋਏ ਧਰਮ ਨੂੰ ਨਿਭਾ ਸਕਣਾ ਹੀ ਸੱਚਾ ਆਦਰਸ਼ ਹੈ। ਕਈ ਵਾਰ ਸੁਭ ਕਰਮਨ ਲਈ ਹਿੰਸਾ ਵੀ ਕਰਨੀ ਪੈਂਦੀ ਹੈ। ਅਜਿਹੀ ਹਿੰਸਾ ਭਗਤੀ ਦਾ ਹੀ ਇਕ ਅੰਗ ਹੈ ਕਿਉਂਕਿ ਆਦਰਸ਼ ਉੱਚਾ ਹੈ, ਨਿਸ਼ਾਨਾ ਬੇਗਰਜ਼ ਹੈ। ਇੰਝ ਸ਼ਕਤੀ ਦੀ ਵਰਤੋਂ ਵੀ ਭਗਤੀ ਹੋ ਨਿਬੜਦੀ ਹੈ ਪਰ ਸ਼ਕਤੀ ਦੀ ਵਰਤੋਂ ਕਦੋਂ, ਕਿਵੇਂ ਤੇ ਕਿਥੇ ਕਰਨੀ ਹੈ ਇਹ ਜਾਨਣ ਦੀ ਲੋੜ ਹੈ। ਇਸ ਲੋੜ ਦਾ ਗਿਆਨ ਸਚੀ ਭਗਤੀ ਨਾਲ ਹੁੰਦਾ ਹੈ। ਭਗਤੀ ਦੇ ਰਾਹ ਤੇ ਚਲਣ ਵਾਲਿਆਂ ਲਈ ਸ਼ਕਤੀ ਦੀ ਵਰਤੋਂ ਆਖਰੀ ਹਥਿਆਰ ਹੁੰਦਾ ਹੈ। ਔਰੰਗਜ਼ੇਬ ਨੂੰ ਗੁਰੂ ਜੀ ਨੇ ਫ਼ਤਹਿ ਦੀ ਚਿੱਠੀ-ਜ਼ਫਰਨਾਮਾ ਲਿਖੀ, ਉਸ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਗਲ ਨੂੰ ਬਿਲਕੁਲ ਸਪੱਸ਼ਟ ਕੀਤਾ ਹੈ ਕਿ ਤਲਵਾਰ ਭਾਵ ਸ਼ਕਤੀ ਦੀ ਵਰਤੋਂ ਓਦੋਂ ਜਾਇਜ਼ ਹੈ ਜਦ ਝਗੜੇ ਜਾਂ ਸਮੱਸਿਆਂ ਪਿਆਰ ਨਾਲ ਹੱਲ ਨਾ ਹੋਵੇ:-

ਚੁ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ॥
ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ॥[4]

ਗੁਰੂ ਗੋਬਿੰਦ ਸਿੰਘ ਜੀ ਨੇ ਭਗਤੀ ਤੇ ਸ਼ਕਤੀ ਨੂੰ ਇੱਕਠੀਆਂ ਕਰਨ ਦਾ ਮੁੱਖ ਕਾਰਣ ਆਪਣੀ ਸਵੈ-ਜੀਵਨੀ ਬਚਿੱਤਰ ਨਾਟਕ ਵਿਚ ਆਪਣੇ ਜੀਵਨ ਉਦੇਸ਼ ਵਿਚ ਇੰਝ ਲਿਖਿਆ ਹੈ:-

ਹਮ ਇਹ ਕਾਜ ਜਗਤ ਮੋ ਆਏ॥
ਧਰਮ ਹੇਤ ਗੁਰਦੇਵ ਪਠਾਏ॥
ਜਹਾਂ ਤਹਾਂ ਤੁਮ ਧਰਮ ਬਿਥਾਰੋ॥
ਦੁਸ਼ਟ ਦੋਖਿਆਨ ਪਕਰਿ ਪਛਾਰੋ॥
ਯਾਹੀ ਕਾਜ ਧਰਾ ਹਮ ਜਨਮੰ॥
ਸਮਝ ਲੇਹੁ ਸਾਧੂ ਸਭ ਮਨਮੰ॥
ਧਰਮ ਚਲਾਵਨ ਸੰਤ ਉਬਾਰਨ॥
ਦੁਸ਼ਟ ਸਭਨ ਕੋ ਮੂਲ ਉਪਾਰਨ॥[5]

'ਧਰਮ ਚਲਾਵਨ ਲਈ' ਗੁਰੂ ਗੋਬਿੰਦ ਸਿੰਘ ਜੀ ਨੇ ਮਨੁੱਖੀ ਜਾਮਾ ਧਾਰਿਆ ਅਤੇ 'ਦੁਸ਼ਟ ਦੋਖੀਆਨ ਪਕਰਿ ਪਛਾਰੋ' ਦਾ ਔਖਾ ਕੰਮ ਵੀ ਕੀਤਾ। ਪਹਿਲੇ ਕੰਮ ਲਈ ਭਗਤੀ ਤੇ ਦੂਜੇ ਕੰਮ ਲਈ ਸ਼ਕਤੀ ਚਾਹੀਦੀ ਸੀ। ਜੇਕਰ ਗਹਿਰਾਈ ਨਾਲ ਦੇਖਿਆ ਜਾਵੇ ਤਾਂ ਇਹ ਗੱਲ ਸਾਹਮਣੇ ਆਵੇਗੀ ਕਿ ਭਗਤੀ ਤੇ ਸ਼ਕਤੀ ਇਕ ਦੂਜੇ ਦੇ ਕਿੰਨੇ ਨੇੜੇ ਹਨ। ਭਗਤੀ ਤੇ ਸ਼ਕਤੀ ਇਕ ਦੂਜੇ ਤੇ ਐਨੀਆਂ ਨਿਰਭਰ ਹਨ ਕਿ ਇਨ੍ਹਾਂ ਨੂੰ ਇਕ ਦੂਜੇ ਤੋਂ ਵੱਖ ਨਹੀਂ ਕੀਤਾ ਜਾ ਸਕਦਾ। ਭਗਤੀ ਬਿਨ੍ਹਾਂ ਉਸ ਸ਼ਕਤੀ ਦੀ ਕਾਮਨਾ ਵੀ ਨਹੀਂ ਕੀਤੀ ਜਾ ਸਕਦੀ ਜਿਸ ਨਾਲ ਸੱਚ ਨੂੰ ਕਾਇਮ ਰੱਖ ਸਕੇ ਅਤੇ ਸ਼ਕਤੀ ਬਿਨ੍ਹਾਂ ਭਗਤੀ ਕਾਇਮ ਨਹੀਂ ਰਹਿ ਸਕਦੀ। ਭਗਤੀ ਤੇ ਭਗਤਾਂ ਦੇ ਰਾਖੇ ਲਈ, ਸੰਤਾਂ ਦੇ ਉਬਾਰਨ ਲਈ, ਸ਼ਕਤੀ ਦੀ ਵਰਤੋਂ ਜਾਇਜ਼ ਹੈ। ਇਸੇ ਲਈ ਗੁਰੂ ਜੀ ਨੇ ਸ਼ਕਤੀ ਦੀ ਮੰਗ ਭਗਤੀ ਦੁਆਰਾ ਹੀ ਕੀਤੀ ਹੈ। ਆਪ ਨੇ ਸਰਬ ਕਲਾ ਸਮਰਥ ਹੁੰਦਿਆਂ ਵੀ ਨਿਰਮਾਣਤਾ ਹੀ ਦਸੀ। ਆਪਣੇ ਆਪ ਨੂੰ 'ਪਰਮ ਪੁਰਖ ਕਾ ਦਾਸਾ' ਕਿਹਾ ਅਤੇ ਸ਼ਕਤੀ ਤੇ ਬੀਰਤਾ ਲਈ ਹਮੇਸ਼ਾਂ ਅਕਾਲ ਪੁਰਖ ਅਗੇ ਅਰਦਾਸ ਕੀਤੀ। ਚੌਪਈ ਵਿਚ, ਬੇਨਤੀ ਕਰਦੇ ਹੋਏ ਅਕਾਲ ਪੁਰਖ ਨੂੰ ਕਹਿੰਦੇ ਹਨ:-

ਤੁਮਹਿ ਛਾਡਿ ਕੋਈ ਅਵਰ ਨਾ ਧਿਆਊਂ॥
ਜੋ ਬਰ ਚਾਹੋਂ ਸੋ ਤੁਮ ਤੇ ਪਾਊਂ॥[6]

ਪਰ ਇਸਦੇ ਨਾਲ ਹੀ ਇਕ ਮੰਗ ਇਹ ਵੀ ਕੀਤੀ ਗਈ ਹੈ:-

ਹਮਰੇ ਦੁਸਟ ਸਭੈ ਤੁਮ ਘਾਵੋ॥
ਆਪ ਹਾਥ ਦੇ ਮੋਹਿ ਬਚਾਵੋ॥[7]

ਮੈਦਾਨ ਏ ਜੰਗ ਵਿਚ ਜਾਣ ਸਮੇਂ ਵੀ ਅਤੇ ਜੰਗ ਜਿੱਤ ਕੇ ਵੀ ਉਸੇ ਅਕਾਲ ਪੁਰਖ ਦਾ ਸੁਕਰਾਨਾ ਕਰਦੇ ਹਨ:-

ਭਈ ਜੀਤ ਮੇਰੀ॥ ਕਿਰਪਾ ਕਾਲ ਕੇਰੀ॥[8]

ਉਸ ਅਕਾਲ ਪੁਰਖ ਦੀ ਕਿਰਪਾ ਸਦਕਾ ਮੇਰੀ ਜੰਗ ਵਿਚ ਜਿੱਤ ਤਾਂ ਮੇਰੀ ਹੋਈ ਹੈ। ਅਕਾਲ ਪੁਰਖ ਨੂੰ ਪਿਆਰ ਕਰਨ ਵਾਲੇ, ਉਸਦਾ ਸਿਮਰਨ ਕਰਦਿਆਂ ਉਸਦੇ ਗੁਣਾਂ ਨੂੰ ਵਿਚਾਰਨ ਵਾਲੇ ਹੀ ਸਤਿਗੁਰੂ ਦੇ ਸਿੱਖ ਹਨ ਜੋ ਕਾਲ ਦੇ ਭੈ ਤੋਂ ਰਹਿਤ ਹੋ ਗਏ। ਇਹੀ ਕਾਰਣ ਹੈ ਕਿ ਅਕਾਲ ਦੇ ਉਪਾਸ਼ਕ ਨੂੰ ਅਕਾਲੀ ਕਿਹਾ ਜਾਣ ਲੱਗਾ ਜਿਵੇਂ ਨਿਰੰਕਾਰ ਦੇ ਉਪਾਸ਼ਕ ਨੂੰ ਨਿਰੰਕਾਰੀ। ਗੁਰੂ ਜੀ ਨੇ ਅਜਿਹੇ ਨਿਰਭੈ ਸਿਖਾਂ ਨੂੰ ਨਾ ਸਿਰਫ ਜੀਣ ਦੀ ਸਗੋਂ ਮਰਣ ਦੀ ਵੀ ਜਾਚ ਸਿਖਾਈ। ਅਸਲ ਵਿਚ ਸੁਭ ਅਮਲਾਂ, ਉੱਚੀ ਕੀਰਤੀ ਤੇ ਨਿਡਰ ਸ਼ਖਸੀਅਤ ਵਲੋਂ ਦਿਤਾ ਗਿਆ ਸਾਹਿਤ ਅਜਿਹੇ ਗੁਣ ਉਪਜਾ ਸਕਦਾ ਹੈ। ਇਸ ਗੱਲ ਦੀ ਗਵਾਹੀ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਵਿਚੋਂ ਮਿਲਦੀ ਹੈ। ਗੁਰੂ ਜੀ ਨੇ ਇਕ ਪਾਸੇ ਆਮ ਲੋਕਾਂ ਵਿਚ ਬੀਰ ਰਸ ਭਰ ਕੇ ਇਕ ਨਵਾਂ ਜੀਵਨ ਪ੍ਰਦਾਨ ਕੀਤਾ ਤੇ ਦੂਜੇ ਪਾਸੇ ਹੱਥ ਵਿਚ ਸ਼ਸਤਰ ਫੜ ਕੇ ਜੰਗ-ਏ-ਮੈਦਾਨ ਵਿਚ ਜੂਝਣ ਦੀ ਜਾਚ ਵੀ ਸਿਖਾਈ। ਅਜਿਹੀ ਤਿਆਰੀ ਲਈ ਨਿੱਡਰ ਹੋ ਕੇ ਨਿਰਭੈ ਯੋਧੇ ਪੈਦਾ ਕਰਨ ਦੀ ਲੋੜ ਸੀ। ਇਸ ਲੋੜ ਨੂੰ ਪੂਰਿਆਂ ਕਰਨ ਲਈ ਗੁਰੂ ਜੀ ਨੇ ਐਸੀ ਬਾਣੀ ਰਚੀ:-

ਸੁਭ ਕਰਮਨ ਤੇ ਕਬਹੂੰ ਨਾ ਟਰੋਂ॥

ਨਾ ਡਰੋਂ ਅਰਿ ਸੋ ਜਬ ਜਾਇ ਲਰੋਂ॥
ਨਿਸਚੈ ਕਰ ਅਪਨੀ ਜਿਤ ਕਰੋਂ॥
ਅਰ ਸਿੱਖ ਹੋ ਆਪਨੇ ਹੀ ਮਨ ਕੋ॥
ਇਹ ਲਾਲਚ ਹਉ ਗੁਣ ਤਉ ਉਚਰੋਂ॥
ਜਬ ਆਵ ਕੀ ਅਉਧ ਨਿਦਾਨ ਬਨੈ॥
ਅਤਿ ਹੀ ਰਣ ਮਹਿ ਤਬ ਜੂਝ ਮਰੋਂ॥[9]

'ਨਾ ਡਰੋਂ ਅਰਿ ਸੋ ਜਬ ਜਾਇ ਲਰੋਂ' ਅਤੇ 'ਅਤਿ ਹੀ ਰਣ ਮਹਿ ਤਬ ਜੂਝ ਮਰੋਂ।' ਵਰਗੇ ਨਾਅਰੇ ਹੀ ਨਵਾਂ ਜੀਵਨ ਤੇ ਉਤਸ਼ਾਹ ਪੈਦਾ ਕਰ ਸਕਦੇ ਹਨ। ਗੁਰੂ ਜੀ ਨੇ ਸਰੀਰਕਿ ਬਲ ਹੀ ਨਹੀਂ ਸਗੋਂ ਆਤਮਕ ਸ਼ਕਤੀ ਤੇ ਮਾਨਸਕ ਜਾਗਰਤੀ ਵੀ ਪ੍ਰਦਾਨ ਕੀਤੀ ਤਾਂ ਜੋ ਉਹਨਾਂ ਦੇ ਸਿਖ ਕੂੜ, ਜ਼ਬਰ, ਅਨਿਆਂ ਤੇ ਗੁਲਾਮੀ ਵਿਰੁੱਧ ਅੰਦੋਲਨ ਕਰ ਸਕਣ, ਸਚੇ ਆਚਰਣ ਸਦਕਾ ਸਮਾਜਕ ਕੁਰੀਤੀਆਂ ਦੇ ਖਿਲਾਫ ਵੀ ਡਟ ਸਕਣ। ਗੁਰੂ ਜੀ ਨੇ ਅਜਿਹੇ ਮਨੁੱਖਾਂ ਨੂੰ ਧਨਤਾ ਯੋਗ ਸਮਝਿਆ ਜੋ ਹਰ ਵੇਲੇ ਹਰੀ ਸਿਮਰਨ ਵਿਚ ਲਗੇ ਹੋਏ ਹਨ, ਪਰ ਕੁਰਬਾਨੀ ਲਈ ਵੀ ਤਿਆਰ ਹਨ ਭਾਵ ਜੋ ਭਗਤੀ ਤੇ ਸ਼ਕਤੀ ਦੋਹਾਂ ਦੇ ਧਾਰਨੀ ਹਨ ਕਿਉਂਕਿ ਗੁਰੂ ਗੋਬਿੰਦ ਸਿੰਘ ਜੀ ਦੇ ਸਾਰੇ ਪੱਖਾਂ ਵਿਚ ਆਪ ਨਿਪੁੰਨ ਤੇ ਪਰਮ ਸਨ, ਇਸ ਲਈ ਆਪ ਦੀ ਬਾਣੀ ਵਿਚ ਥਾਂ ਥਾਂ ਸਚਾਈ ਉਤਸ਼ਾਹ ਅਟੱਲ ਵਿਸ਼ਵਾਸ ਚੜ੍ਹਦੀ ਕਲਾ ਵਿਸਮਾਦ ਪਰੇਮ ਤੇ ਬੀਰਤਾ ਦੀ ਮੋਹਰ ਲਗੀ ਪ੍ਰਤੀਤ ਹੁੰਦੀ ਹੈ। ਉਂਝ ਤਾਂ ਸਾਹਿਤ ਦੇ ਕਿਸੇ ਵੀ ਅੰਗ ਨੂੰ ਨਿਰੂਪਣ ਕਰਨਾ ਬੜਾ ਕਠਿਨ ਹੈ ਪਰ ਬੀਰ-ਰਸੀ ਸਾਹਿਤ ਨੂੰ ਉਪਜਾਣ ਵੇਲੇ ਇਹ ਘਾਲਣਾ ਹੋਰ ਵੀ ਔਖੀ ਹੋ ਜਾਂਦੀ ਹੈ, ਕਿਉਂਕਿ ਹਰ ਇਕ ਲੇਖਕ ਦਾ ਅਨੁਭਵ ਬੀਰ ਰਸੀ ਨਹੀਂ ਹੋ ਸਕਦਾ। ਭਗਤੀ ਤੇ ਸ਼ਕਤੀ ਦਾ ਸੁਮੇਲ ਰੱਖ ਕੇ ਬੀਰ ਰਸੀ ਸਾਹਿਤ ਉਪਜਾਉਣਾ ਤਾਂ ਹੋਰ ਵੀ ਔਖਾ ਹੈ ਪਰ ਗੁਰੂ ਗੋਬਿੰਦ ਸਿੰਘ ਜੀ ਨੇ ਅਜਿਹਾ ਸਾਹਿਤ ਉਪਜਾਣ ਵਿਚ ਕਮਾਲ ਕਰ ਵਿਖਾਇਆ ਹੈ। ਅਸੀਂ ਵੇਖਦੇ ਹਾਂ ਕਿ ਉੱਤਮ ਸਾਹਿਤ ਲਈ ਜਾਂ ਪ੍ਰਭਾਵਸ਼ੀਲ ਬੀਰ-ਰਸੀ ਕਵਿਤਾ ਲਈ ਜੋ ਜੋ ਗੁਣ ਜਾਂ ਉਪਗੁਣ ਲੋੜੀਂਦੇ ਹਨ ਸਾਰੇ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਵਿਚ ਬੜੇ ਵਿਸ਼ਾਲ, ਘਣੇ, ਡੂੰਘੇ ਤੇ ਜਮਾਲੀ ਰੂਪ ਵਿਚ ਮੌਜੂਦ ਹਨ। ਜਿਥੇ ਗੁਰੂ ਗੋਬਿੰਦ ਸਿੰਘ ਜੀ ਦੀ ਸਮੂਚੀ ਬਾਣੀ ਵਿਚੋਂ ਇਹ ਬੀਰ-ਰਸੀ ਅਨੁਭਵ ਉਘੜਦਾ ਹੈ ਉਥੇ ਆਪ ਦੀ ਹਰ ਰਚਨਾ ਵਿਚੋਂ ਅਕਾਲ ਪੁਰਖ ਦੀ ਉਪਾਸਨਾਂ, ਉਸਦੀ ਉਸਤਤਿ ਤੇ ਸ੍ਰੇਸਟ ਸ਼ਕਤੀ ਨੂੰ 'ਜਾਗਤਿ ਜੋਤ' ਦੇ ਰੂਪ ਵਿਚ ਪ੍ਰਕਾਸ਼-ਮਾਨ ਵੇਖਦੇ ਹਨ। ਆਪ ਖਾਲਸੇ ਨੂੰ ਹੀ ਇਸੇ ਇਕ 'ਜਾਗਿਤ-ਜੋਤ- ਦਾ ਉਪਾਸਕ ਬਣਾਇਆ ਹੈ:-

ਤੀਰਥ ਦਾਨ ਦਇਆ ਤਪ ਸੰਜਮ, ਏਕ ਬਿਨਾ ਨਹਿ ਏਕ ਪਛਾਨੈ॥
ਪੂਰਨ ਜੋਤਿ ਜਗੈ ਘਟ ਮੈ ਤਬ ਖਾਲਸ ਤਹਿ ਨਖਾਲਸ ਜਾਨੈ॥[10]

ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਵਿਚ ਅਕਾਲ ਦੀ ਉਸਤਿਤ ਲਈ ਕਈ ਥਾਂਈ ਬੀਰ-ਰਸੀ ਸ਼ਬਦਾਵਲੀ ਵਰਤੀ ਹੈ। ਅਸਲ ਵਿਚ 'ਧਰਮ ਚਲਾਵਨ' ਲਈ ਭਗਤੀ ਭਾਵ ਦੀ ਲੋੜ ਸੀ, ਪਰ 'ਦੁਸਟ-ਦਮਨ ਕੋ ਮੂਲ ਉਪਾਰਨ' ਲਈ ਬੀਰ ਰਸ ਜ਼ਰੂਰੀ ਸੀ। ਸਿੱਖ ਧਰਮ ਵਿਚ ਭਗਤੀ ਤੇ ਸ਼ਕਤੀ ਦਾ ਸੁਮੇਲ ਹੈ। ਸਾਰੇ ਧਰਮਾਂ ਵਿਚ ਹਮੇਸ਼ਾਂ ਪਹਿਲਾਂ ਦਰਜਾ ਭਗਤੀ ਦਾ ਹੈ, ਜਦਕਿ ਸ਼ਕਤੀ ਦੂਜੇ ਦਰਜੇ ਤੇ ਗਿਣੀ ਜਾਂਦੀ ਹੈ।ਭਗਤੀ ਕਰਨ ਨਾਲ ਹਰ ਪ੍ਰਕਾਰ ਦੀ ਸ਼ਕਤੀ ਪ੍ਰਾਪਤ ਹੋ ਸਕਦੀ ਹੈ। ਜਿਵੇਂ ਕਿ ਆਤਮਕ, ਮਾਨਸਿਕ, ਸਦਾਚਾਰਕ, ਤੇ ਸਰੀਰਿਕ ਸ਼ਕਤੀਆਂ। ਭਗਤੀ ਕਰਕੇ ਸ਼ਕਤੀ ਤਾਂ ਪ੍ਰਾਪਤ ਕੀਤੀ ਜਾ ਸਕਦੀ ਹੈ ਪਰ ਸ਼ਕਤੀ ਨਾਲ ਭਗਤੀ ਨਹੀਂ। ਸ਼ਕਤੀ ਭਗਤੀ ਵਿਚ ਸਹਾਇਕ ਹੁੰਦੀ ਹੈ, ਭਗਤੀ ਦੀ ਰਾਖੀ ਕਰਦੀ ਹੈ। ਭਗਤੀ ਤੋਂ ਪ੍ਰਾਪਤ ਸ਼ਕਤੀਆਂ ਰਾਜਸੀ ਸ਼ਕਤੀ ਵੀ ਪ੍ਰਦਾਨ ਕਰਦੀਆਂ ਹਨ। ਗੁਰੂ ਗੋਬਿੰਦ ਸਿੰਘ ਜੀ ਨੇ ਸਾਰੇ ਭਗਤੀ ਸਾਹਿਤ ਨੂੰ ਸ਼ਕਤੀ ਵਿਚ ਬਦਲਣ ਦਾ ਯਤਨ ਕੀਤਾ, ਇਸ ਸਬੰਧੀ ਉਨ੍ਹਾਂ ਦੀ ਰਚਨਾ ਜਾਪੁ, ਅਕਾਲ ਉਸਤਿਤ, 33 ਸਵਈਏ ਤੇ ਸ਼ਬਦ ਹਜ਼ਾਰੇ ਵਿਸ਼ੇਸ਼ ਤੌਰ ਤੇ ਪੜਨਯੋਗ ਹਨ। ਇਨ੍ਹਾਂ ਵਿਚ ਉਨ੍ਹਾਂ ਰੱਬੀ ਏਕਤਾ ਤੇ ਮਨੁੱਖੀ ਏਕਤਾ ਤੇ ਪੂਰਾ ਜ਼ੋਰ ਦਿੱਤਾ ਹੈ ਤਾਂ ਕਿ ਗੁਰੂਆਂ ਦੀ ਚਲਾਈ ਇਨਕਲਾਬ ਲਹਿਰ ਦਾ ਸੰਗਠਨ ਪੱਕੀਆਂ ਨੀਹਾਂ ਤੇ ਖੜਾ ਹੋਵੇ ਤੇ ਇਸ ਵਿਚ ਕਦੀ ਕੋਈ ਕਮਜ਼ੋਰੀ ਨਾ ਆਵੇ। ਵਕਤੀ ਜੰਗ ਜਿੱਤਣ ਨਾਲੋਂ ਮਨੁੱਖੀ ਆਦਰਸ਼ਾਂ ਦਾ ਉਨ੍ਹਾਂ ਨੂੰ ਵਧੇਰੇ ਧਿਆਨ ਸੀ। ਇਸੇ ਲਈ ਆਖਿਆ ਹੈ:-

ਸਾਚ ਕਹਾਉਂ ਸੁਨਿ ਲੇਹੁ ਸਭੈ ਜਿਨ ਪ੍ਰੇਮ ਕੀਓ ਤਿਨਹੀ ਪ੍ਰਭ ਪਾਯੋ॥[11]

ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਰਾਗਾਂ ਵਿਚ ਵੰਡੀ ਹੋਈ ਹੈ, ਪਰ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਵਧੇਰੇ ਛੰਦਾਂ ਵਿਚ ਵੰਡੀ ਹੋਈ ਹੈ। ਛੰਦ ਬੀਰ-ਰਸ ਉਪਜਾਣ ਵਿਚ ਸਹਾਈ ਹੁੰਦੇ ਹਨ। ਉਦਾਹਰਣ ਵਜੋਂ ਬਚਿਤ੍ਰ ਨਾਟਕ ਵਿਚ

ਜਿਥੇ ਪ੍ਰਾਮਤਮਾ ਨੂੰ ਤੇਗ਼ ਰੂਪ ਆਖ ਕੇ ਨਮਸਕਾਰ ਕੀਤੀ ਹੈ ਉਥੇ ਢੁਕਵੇਂ ਸ਼ਬਦਾਂ ਨਾਲ ਛੰਦ ਵੀ ਅਜਿਹਾ ਵਰਤਿਆ ਹੈ ਕਿ ਚਿਤ ਆਪ ਮੁਹਾਰੇ ਹੀ ਜੋਸ਼ ਵਿਚ ਆ ਕੇ ਉਛਾਲੇ ਖਾਣ ਲਗਦਾ ਹੈ:

ਖਗ ਖੰਡ ਬਿਹੰਡ, ਖਲਦਲ ਖੰਡੰ, ਅਤਿਰਣ ਮੰਡੰ, ਬਰਬੰਡੰ॥
ਭੁਜ਼ ਦੰਡ ਅਖੰਡੰ, ਤੇਜ ਪ੍ਰਚੰਡੰ, ਜੋਤ ਅਮੰਡੰ, ਭਾਨ ਪ੍ਰਭੰ॥ [12]

ਸਿੱਖ ਧਾਰਮਿਕ ਪਰੰਪਰਾ ਦੀ ਭਗਤੀ ਤੇ ਸ਼ਕਤੀ ਇਕ ਸਿੱਕੇ ਦੇ ਦੋ ਪਾਸੇ ਨੇ ਜਿਹਨਾਂ ਨੂੰ ਅਲਗ ਅਲਗ ਨਹੀਂ ਕੀਤਾ ਜਾ ਸਕਦਾ। ਇਕ ਸਾਹਿਤਕਾਰ ਦੀ ਸਮੁੱਚੀ ਸ਼ਖਸੀਅਤ ਦਾ ਅਸਰ ਉਸ ਦੀ ਰਚਨਾ ਵਿਚੋਂ ਝਲਕਦਾ ਹੈ। ਉਸ ਦਾ ਆਪਾ ਉਸ ਦੀ ਰਚਨਾ ਵਿਚੋਂ ਪਿਆ ਉਘੜਦਾ ਹੈ, ਕਿਉਂਕਿ ਉਸਨੇ ਆਪਣੀ ਰਚਨਾ ਦੁਆਰਾ ਆਪਣੇ ਆਪ ਦਾ ਹੀ ਪ੍ਰਗਟਾਅ ਕੀਤਾ ਹੁੰਦਾ ਹੈ। ਆਪ ਜੀ ਦੀ ਸ਼ਖਸੀਅਤ ਭਾਰਤੀ ਸੰਸਕ੍ਰਿਤੀ ਦੇ ਜੀਵਨ ਦਰਸ਼ਨ ਦਾ ਹੀ ਸਾਕਾਰ ਰੂਪ ਹੈ। ਉਹਨਾਂ ਦੀ ਮਹਾਨ, ਤੇਜਸਵੀ ਸ਼ਖਸੀਅਤ ਦੀਜੋਤ ਦਾ ਹੀ ਤਾਂ ਨੂਰ ਉਹਨਾਂ ਦੇ ਇਕ ਇਕ ਅਖਰ ਵਿਚ ਪ੍ਰਕਾਸ਼-ਮਾਨ ਹੈ, ਲੋੜ ਕੇਵਲ ਪਾਰਖੂ ਅੱਖ ਦੀ ਹੈ। ਸੱਚ, ਧਰਮ, ਇਖਲਾਕ ਤੇ ਵਿਸ਼ਵਾਸ ਆਦਿ ਜੀਵਨ ਦੇ ਮੁੱਢਲੇ ਅਸੂਲ ਹਨ, ਜਿਨ੍ਹਾਂ ਦੀ ਨੀਂਹ ਹੈ ਭਗਤੀ, ਸ਼ਕਤੀ ਦਾ ਫਲ ਹੈ। ਇਹ ਗੱਲ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਤੋਂ ਦ੍ਰਿੜ ਹੁੰਦੀ ਹੈ। ਹਰੇਕ ਬੁਰਾਈ ਦਾ ਟਾਕਰਾ ਕਰਨ ਲਈ ਸ਼ਕਤੀ ਦੀ ਜ਼ਰੂਰਤ ਹੈ ਤੇ ਇਹ ਸ਼ਕਤੀ ਭਗਤੀ ਤੋਂ ਹੀ ਉਤਪੰਨ ਹੁੰਦੀ ਹੈ।

## ਹਵਾਲੇ ਅਤੇ ਟਿੱਪਣੀਆਂ ----------------------------------------


1. ਸਿੱਖ ਧਰਮ ਵਿਚ ਭਗਤੀ ਅਤੇ ਸ਼ਕਤੀ, ਪ੍ਰੋ. ਦੀਵਾਨ ਸਿੰਘ, ਰੂਹੀ ਪ੍ਰਕਾਸ਼ਨ, ਅੰਮ੍ਰਿਤਸਰ 2007, ਪੰਨਾ-20.
2. ਦਸਮ ਗ੍ਰੰਥ ਦਰਸ਼ਨ, ਪਿਆਰਾ ਸਿੰਘ ਪਦਮ, ਸਿੰਘ ਬ੍ਰਦਰਜ਼, ਅੰਮ੍ਰਿਤਸਰ 2008, ਪੰਨਾ-19.
3. ਜਾਪੁ ਸਾਹਿਬ ਤੇ ਅਕਾਲ ਉਸਤਿਤ ਸਟੀਕ,ਪੰਡਿਤ ਨਰੈਣ ਸਿੰਘ ਜੀ ਗਿਆਨੀ, ਭ.ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ 2004, ਪੰਨਾ-22
4. ਸ੍ਰੀ ਦਸਮ ਗ੍ਰੰਥ ਸਾਹਿਬ ਜੀ ਵਿਚੋਂ ਜ਼ਫਰਨਾਮਹ ਪਾ: 10 ਸਟੀਕ, ਪੰਡਿਤ ਨਰੈਣ ਸਿੰਘ ਜੀ ਗਿਆਨੀ, ਭ. ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ 2015, ਪੰਨਾ-588
5. ਬਚਿੱਤ੍ਰ ਨਾਟਕ ਸਟੀਕ, ਪੰਡਿਤ ਨਰੈਣ ਸਿੰਘ ਜੀ ਗਿਆਨੀ, ਭ. ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ 2015, ਪੰਨਾ-221
6. ਚੌਪਈ ਸਾਹਿਬ, ਪੰਨਾ-5
7. ਚੌਪਈ ਸਾਹਿਬ, ਪੰਨਾ-4
8. ਬਚਿੱਤ੍ਰ ਨਾਟਕ ਸਟੀਕ, ਜੇ.ਪੀ. ਸੰਗਤ ਸਿੰਘ, ਸਿੰਘ ਬ੍ਰਦਰਜ਼, ਅੰਮ੍ਰਿਤਸਰ 2010, ਪੰਨਾ-142
9. ਦਸਮ ਗ੍ਰੰਥ, ਪੰਨਾ-240
10. 33 ਸਵੈਯੇ ਪਾਤਸ਼ਾਹੀ 10 ਸਟੀਕ, ਮਹਿੰਦਰ ਸਿੰਘ ਜੋਸ਼, ਸਿੱਖ ਮਿਸ਼ਨਰੀ ਕਾਲਜ, ਲੁਧਿਆਣਾ 2012, ਪੰਨਾ-3
11. ਜਾਪੁ ਸਾਹਿਬ ਤੇ ਅਕਾਲ ਉਸਤਿਤ ਸਟੀਕ, ਪੰਡਿਤ ਨਰੈਣ ਸਿੰਘ ਜੀ ਗਿਆਨੀ, ਭ-ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ 2004, ਪੰਨਾ-78
12. ਬਚਿੱਤ੍ਰ ਨਾਟਕ ਸਟੀਕ, ਜੇ.ਪੀ. ਸੰਗਤ ਸਿੰਘ, ਸਿੰਘ ਬ੍ਰਦਰਜ਼, ਅੰਮ੍ਰਿਤਸਰ 2010, ਪੰਨਾ-15

Chandigarh Social Science Congress
Panjab University

# CHANDIGARH SOCIAL SCIENCE CONGRESS-VII

## PANJAB UNIVERSITY, CHANDIGARH

**(March 21-22, 2017)**

*ON*

**Achieving Sustainable Development Goals : Opportunities, Challenges and Strategies**

## *CERTIFICATE OF APPRECIATION*

*Awarded to Prof./Dr./Ms./Mr.* Sukhwinder kaur

*for participating in National Seminar and presenting a paper titled* Manukhi Vikas Vich Narri Smanada de Sikh Parvachan

**Prof. Archana R. Singh**
**Nodal Coordinator CHASSCONG-VII &**
**Chairperson, SCS**

**Prof. B.S. Ghuman**
**Chief Coordinator CHASSCONG-VII &**
**Dean, Faculty of Arts**

Chandigarh Social Science Congress
Panjab University

ICSSR, NWRC

# FIFTH CHANDIGARH SOCIAL SCIENCE CONGRESS

## PANJAB UNIVERSITY, CHANDIGARH

**(February 20-21, 2015)**

*ON*

## GOVERNANCE: ISSUES, CHALLENGES AND STRATEGIES WITH REFERENCE TO INDIA

*This is to certify that ~~Prof.~~/~~Dr.~~/~~Mr.~~/Ms.* Sukhwinder Kaur

*of* Department of Guru Nanak Sikh Studies, P.U.

*~~Chaired a session~~/~~participated~~/presented a paper titled* ਸੁਚੱਜੇ ਰਾਜ ਪ੍ਰਬੰਧ ਦਾ ਮਾਡਲ: ਖਾਲਸੇ ਦਾ ਸੰਕਲਪ

*in the Chandigarh Social Science Congress (National) held at Panjab University, Chandigarh on February 20-21, 2015.*

**Dr. Swarnjit Kaur**
**Coordinator**

**Prof. Ronki Ram**
**Dean, Faculty of Arts &**
**Chief Coordinator**

# PANJAB UNIVERSITY CHANDIGARH
## STUDENT APPROVAL FORM FOR ELECTRONIC THESIS SUBMISSION

| | |
|---|---|
| **Thesis Title** | GURU GOBIND SINGH JI DIAN RACHNAVAN VICH SHAKTI DA SANKALP ATE ISDI SAMKALI PRASANGIKTA |
| **Name of the Research Scholar** | SUKHWINDER KAUR |
| **Supervisor / Co-Supervisors** | DR. JASPAL KAUR KAANG<br>DR. GURPREET KAUR |
| **Department/Centre** | GURU NANAK SIKH STUDIES |

### STUDENT AGREEMENT

1. I represent that my thesis is my original work. Proper attribution has been given to all outside sources. I understand that I am solely responsible for obtaining any needed copyright permissions. I have obtained needed written permission statements(s) from the owner(s) of each third-party copyrighted matter to be included in my work, allowing electronic distribution (if such use is not permitted by the fair use doctrine) which will be submitted to Panjab University Chandigarh.
2. I hereby grant to the university and its agents the irrevocable, non-exclusive, and royalty-free license to archive and make accessible my work in whole or in part in all forms of media, now or hereafter known. I agree that the document mentioned above may be made available for worldwide access.

### REVIEW, APPROVAL AND ACCEPTANCE

The thesis mentioned above has been reviewed and accepted by the student's advisor, on behalf of the program; I/We verify that this is the final, approved version of the student's thesis including all changes required.

It is certified that electronic copy of thesis is the same as submitted in print form and as per the Shodhganga format.

### EMBARGO AGREEMENT (OPTIONAL)

**Kindly tick the appropriate option:**

- [x] No Embargo requested
- [ ] Embargo request for 6 months
- [ ] Embargo request for 1 Year
- [ ] Embargo request for 2 Year

**Please specify the reasons for Embargo:**

- The student is applying for a patent on an invention or procedure documented in the thesis and does not wish to make the contents public until the patent application has been filed.
- The thesis contains sensitive and/or classified information
- Immediate release of the thesis may impact an existing or potential publishing agreement.
- If any other, please specify:-

______________________________________________

______________________________________________

*Note: Research scholars are requested to please fill this form and get it signed from their supervisor/co-supervisors and HOD with proper stamp/seal and save the scanned copy of same in the CD (thesis).*

**Signature of the Research Scholar**

**Supervisor**
**Name:** Dr Jaspal Kaur

**Co-Supervisor**
**Name:** DR Gurpreet Kaur

**Co-Supervisor**
**Name:**

**Head of the Department**

Chairperson
Deptt. of Guru Nanak Sikh Studies
Panjab University, Chandigarh.

# ਸਾਰ ਤੇ ਸਥਾਪਨਾਵਾਂ

ਪ੍ਰਸਤੁਤ ਖੋਜ ਪ੍ਰਬੰਧ ਅਧੀਨ **ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਵਿਚ ਸ਼ਕਤੀ ਦਾ ਸੰਕਲਪ ਅਤੇ ਇਸਦੀ ਸਮਕਾਲੀ ਪ੍ਰਾਸੰਗਿਕਤਾ** ਵਿਸ਼ੇ ਦੀ ਪੇਸ਼ਕਾਰੀ ਨੂੰ ਗੁਰੂ ਗੋਬਿੰਦ ਸਿੰਘ ਜੀ ਦੀਆਂ ਚੋਣਵੀਆਂ ਰਚਨਾਵਾਂ '*ਜਾਪੁ* ', 'ਬਚਿੱਤ੍ਰ ਨਾਟਕ ', 'ਵਾਰ ਸ੍ਰੀ ਭਗਉਤੀ ਜੀ ਕੀ ', 'ਰਾਮਕਲੀ ਪਾਤਸ਼ਾਹੀ ੧੦ (ਸ਼ਬਦ ਹਜ਼ਾਰੇ)' , '33 ਸਵੈੱਯੇ ' ਅਤੇ 'ਜ਼ਫ਼ਰਨਾਮਾ' ਦੇ ਵਿਸ਼ੇਸ਼ ਪਰਿਪੇਖ ਵਿੱਚ ਰੱਖ ਕੇ ਵਿਚਾਰਿਆ ਅਤੇ ਉਸਾਰਿਆ ਗਿਆ ਹੈ। ਮੂਲ ਵਿਸ਼ੇ ਉਤੇ ਪ੍ਰਸਤੁਤ ਕੀਤੇ ਗਏ ਖੋਜ ਅਧਿਐਨ ਸੰਬੰਧੀ ਸਭ ਤੋਂ ਪਹਿਲਾਂ ਸਪਸ਼ਟੀਕਰਨ ਇਹ ਹੈ ਕਿ ਇਸ ਖੋਜ ਕਾਰਜ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੀਆਂ ਕੇਵਲ ਉਹਨਾਂ ਰਚਨਾਵਾਂ ਨੂੰ ਹੀ ਅਧਿਐਨ ਕੇਂਦਰਿਤ ਕੀਤਾ ਗਿਆ ਹੈ, ਸਿੱਖ ਸੰਗਤ ਦੁਆਰਾ ਨਿੱਤ ਨੇਮ ਵੱਜੋਂ ਪੜ੍ਹੀਆਂ ਜਾਂਦੀਆਂ ਹਨ। ਇਸ ਸੰਦਰਭ ਵਿੱਚ ਅਸੀਂ ਆਪਣੇ ਮੂਲ ਵਿਸ਼ੇ ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਵਿਚ ਸ਼ਕਤੀ ਦੇ ਸੰਕਲਪ ਨੂੰ ਖੋਜਣ ਅਤੇ ਉਸ ਦਾ ਮੁਲਾਂਕਣ ਕਰਨ ਦਾ ਯਤਨ ਕੀਤਾ ਹੈ। ਇਸ ਸਮੁੱਚੇ ਅਧਿਐਨ ਨੂੰ ਵਿਧੀਵਤ ਰੂਪ ਵਿੱਚ ਉਸਾਰਨ ਲਈ ਇਸ ਨੂੰ ਛੇ ਅਧਿਆਵਾਂ ਵਿੱਚ ਵੰਡਿਆ ਗਿਆ ਹੈ, ਜਿਨ੍ਹਾਂ ਵਿੱਚ ਬਹੁ ਅਨੁਸ਼ਾਸਨੀ ਖੋਜ ਵਿਧੀਆਂ ਰਾਹੀਂ ਇੱਕ ਪਾਸੇ ਸ਼ਕਤੀ ਦੇ ਸੰਕਲਪ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਹੈ ਤੇ ਦੂਜੇ ਪਾਸੇ ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਵਿੱਚ ਸ਼ਕਤੀ ਦੇ ਵਿਭਿੰਨ ਪਸਾਰਾਂ ਤੇ ਅਜੋਕੇ ਯੁਗ ਵਿਚ ਸ਼ਕਤੀ ਦੀ ਸਮਕਾਲੀਨ ਪ੍ਰਾਸੰਗਿਕਤਾ ਨੂੰ ਖੋਜ ਅਧਿਐਨ ਹੇਠ ਲਿਆਉਣ ਦਾ ਯਤਨ ਕੀਤਾ ਹੈ।

ਖੋਜ ਪ੍ਰਬੰਧ ਦਾ ਪਹਿਲਾ ਅਧਿਆਇ *'ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਵਿਚ ਸ਼ਕਤੀ ਦਾ ਸੰਕਲਪ ਅਤੇ ਇਸਦੀ ਸਮਕਾਲੀਨ ਪ੍ਰਾਸੰਗਿਕਤਾ: ਪੂਰਵ ਖੋਜ ਸਰਵੇਖਣ'* ਨਾਲ ਸਬੰਧਿਤ ਹੈ। ਇਸ ਅਧਿਆਇ ਵਿੱਚ ਜੋ ਉਨਾਂ ਸਾਡੇ ਖੋਜ ਪ੍ਰਬੰਧਾਂ ਦਾ ਅਧਿਐਨ ਕੀਤਾ ਗਿਆ ਹੈ ਜੋ ਸਾਡੇ ਵਿਸ਼ੇ ਨਾਲ ਕਿਸੇ ਵੀ ਤਰ੍ਹਾਂ ਸੰਬੰਧਿਤ ਸਨ। ਇਨ੍ਹਾਂ ਖੋਜ ਪ੍ਰਬੰਧਾਂ ਅਤੇ ਨਿਬੰਧਾਂ ਦਾ ਸਰਵੇਖਣ ਤੇ ਅਧਿਐਨ ਕਰਨ ਉਪਰੰਤ ਹੀ ਇਸ ਸਿਟੇ ਤੇ ਪੁਜਿਆ ਗਿਆ ਹੈ ਕਿ ਸਾਡੇ

ਦੁਆਰਾ ਚੁਣੇ ਗਏ ਵਿਸ਼ੇ ਉਪਰ ਸਾਡੇ ਤੋਂ ਪਹਿਲਾਂ ਕਿਸੇ ਵੀ ਯੂਨੀਵਰਸਿਟੀ ਵਿਚ ਅਜਿਹਾ ਖੋਜ ਕਾਰਜ ਨਹੀਂ ਹੋਇਆ। ਖੋਜ ਸਾਮੱਗਰੀ ਦਾ ਸਰਵੇਖਣ ਅਤੇ ਮੁਲਾਂਕਣ ਬੇਸ਼ਕ ਸਾਡੇ ਖੋਜ ਵਿਸ਼ੇ ਲਈ ਸਹਾਇਕ ਸਿੱਧ ਹੋਇਆ ਹੈ ਪਰ ਸਾਡੇ ਖੋਜ ਕਾਰਜ ਦਾ ਉਦੇਸ਼ ਇਸ ਤੋਂ ਨਿਵੇਕਲਾ ਹੈ। ਅਸੀਂ ਆਪਣੇ ਖੋਜ ਪ੍ਰਬੰਧ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੀਆਂ ਚੋਣਵੀਆਂ ਰਚਨਾਵਾਂ ਨੂੰ ਵਿਸ਼ੇਸ਼ ਪਰਿਪੇਖ ਵਜੋਂ ਵਿਚਾਰਿਆ ਹੈ ਅਤੇ ਵਿਸ਼ ਨਾਲ ਜੁੜੀਆਂ ਹੋਰ ਨਵੀਆਂ ਸੰਭਾਵਨਾਵਾਂ ਨੂੰ ਵੀ ਵਿਆਪਕ ਰੂਪ ਵਿਚ ਸਮਝਣ ਦਾ ਯਤਨ ਕੀਤਾ ਹੈ। ਚੁਣੇ ਗਏ ਵਿਸ਼ੇ ਦੀ ਵਿਸ਼ੇਸ਼ ਲੋਅ ਵਿੱਚ ਹੀ ਵਿਸ਼ੇ ਦਾ ਅਧਿਐਨ ਕੀਤਾ ਗਿਆ ਹੈ ਕਿਉਂਕਿ ਗੁਰੂ ਸਾਹਿਬ ਦੀਆਂ ਰਚਨਾਵਾਂ ਵਿੱਚ ਸ਼ਕਤੀ ਦੇ ਅਜਿਹੇ ਸੂਝ ਮਾਡਲ ਤੇ ਅਰਥ ਪਏ ਹਨ ਜੋ ਹਰ ਕਾਲ, ਹਰ ਸਥਿਤੀ ਅਤੇ ਹਰ ਵਿਅਕਤੀ ਲਈ ਅਗਵਾਈ ਕਰਨ ਦੀ ਦਿਸ਼ਾ ਬਣ ਸਕਦੇ ਹਨ।

ਦੂਜੇ ਅਧਿਆਇ *'ਮੱਧਕਾਲੀ ਸਾਹਿਤ ਵਿੱਚ ਭਗਤੀ ਅਤੇ ਸ਼ਕਤੀ ਦਾ ਅੰਤਰ ਸਬੰਧਿਤ ਪਰਿਪੇਖ'* ਦਾ ਅਧਿਐਨ ਕਰਨ ਉਪਰਾਂਤ ਇਹ ਪ੍ਰਗਟਾਉਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਭਗਤੀ ਸ਼ਬਦ ਨੂੰ ਬੇਸ਼ਕ ਵੱਖ ਵੱਖ ਵਿਦਵਾਨਾਂ ਦੁਆਰਾ ਅਤੇ ਕਈ ਧਾਰਮਿਕ ਪੁਸਤਕਾਂ ਵਿੱਚ ਵੀ ਬਿਆਨਿਆ ਗਿਆ ਹੈ ਪਰ ਅਸਲ ਵਿੱਚ ਇਸ ਸ਼ਬਦ ਦੇ ਅਰਥ ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਵਿਚ ਜੋ ਮਿਲਦੇ ਹਨ ਉਹ ਹਨ ਪ੍ਰਮਾਤਮਾ ਪ੍ਰਤੀ ਪੂਰਨ ਸਮਰਪਣ ਤੇ ਉਸ ਨਾਲ ਸੱਚਾ ਪਿਆਰ, ਪ੍ਰਮਾਤਮਾ ਦਾ ਨਾਮ ਜੱਪਣਾ, ਉਸਦੀ ਬੰਦਗੀ ਕਰਨਾ ਹੀ ਅਸਲ ਸ਼ਬਦਾਂ ਵਿੱਚ ਭਗਤੀ ਹੈ। ਇਸ ਅਧਿਐਨ ਵਿਚ ਭਗਤੀ ਦੀਆਂ ਵੱਖ-ਵੱਖ ਵਿਦਵਾਨਾਂ ਦੁਆਰਾ ਕੀਤੀਆਂ ਵਿਭਿੰਨ ਕਿਸਮਾਂ ਬਾਰੇ ਵੀ ਜਾਣਕਾਰੀ ਪ੍ਰਾਪਤ ਕੀਤੀ ਅਤੇ ਮੱਧਕਾਲ ਦੀਆਂ ਵਿਭਿੰਨ ਕਾਵਿ ਧਾਰਾਵਾਂ ਵਿੱਚ ਪੇਸ਼ ਹੋਏ ਭਗਤੀ ਦੇ ਪਰਿਪੇਖ ਨੂੰ ਖੋਜਣ ਦਾ ਯਤਨ ਕੀਤਾ। ਜਿਸ ਦੇ ਨਤੀਜੇ ਵਜੋਂ ਇਹ ਸਿਟਾ ਨਿਕਲਦਾ ਹੈ ਕਿ ਭਗਤੀ ਦੇ ਬੀਜ ਉਸ ਜਗਿਆਸਾ ਵਿਚ ਮੌਜੂਦ ਹਨ ਜਿਸ ਵਿਚੋਂ ਧਰਮ ਦੀ ਉਤਪਤੀ ਹੁੰਦੀ ਹੈ। ਜਿਸਦਾ ਜ਼ਿਕਰ ਅਸੀਂ ਦੂਜੇ ਅਧਿਆਇ ਵਿੱਚ ਵੀ ਕੀਤਾ ਹੈ। ਇਸਦੇ ਨਾਲ ਹੀ ਗੁਰਮਤਿ ਸਾਹਿਤ ਵਿੱਚ ਭਗਤੀ ਦੀਆਂ ਕਿਸਮਾਂ ਦਾ ਅਧਿਐਨ ਵੀ ਕੀਤਾ ਹੈ। ਭਗਤੀ ਅਤੇ ਸ਼ਕਤੀ ਦੇ ਆਪਸੀ ਗੂੜ੍ਹੇ ਸੰਬੰਧ ਨੂੰ ਦਰਸਾਉਣ ਦੀ ਵੀ

ਕੌਸ਼ਿਸ਼ ਕੀਤੀ ਹੈ ਤੇ ਇਸ ਨਤੀਜੇ ਤੇ ਵੀ ਪੁਜਿਆ ਗਿਆ ਹੈ ਕਿ ਭਗਤੀ ਕਰਨ ਤੋਂ ਬਾਅਦ ਹੀ ਸ਼ਕਤੀ ਦੀ ਪ੍ਰਾਪਤੀ ਹੁੰਦੀ ਹੈ, ਜਦ ਸ਼ਕਤੀ ਦਾ ਵਿਕਾਸ ਭਗਤੀ ਦੇ ਵਿਕਾਸ ਨਾਲ ਹੁੰਦਾ ਗਿਆ ਹੈ। ਮਨੁੱਖੀ ਬੁੱਧੀ ਨੂੰ ਸੋਝੀ ਆਉਣ ਲੱਗ ਪਈ ਅਤੇ ਉਸਨੂੰ ਅਹਿਸਾਸ ਹੋਇਆ ਕਿ ਸ਼ਕਤੀ ਦਾ ਮੁੱਢ ਪ੍ਰਮਾਤਮਾ ਦੀ ਭਗਤੀ ਹੈ ਅਤੇ ਇਸਦੀ ਪ੍ਰਾਪਤੀ ਸਿਰੰ  ਭਗਤੀ ਕਰਨ ਉਪਰਾਂਤ ਹੀ ਹੁੰਦੀ ਹੈ ਅਤੇ ਇਹ ਕਿਸੇ ਵੀ ਵਿਅਕਤੀ ਕੋਲ ਉਨਾਂ ਸਮਾਂ ਹੀ ਰਹਿੰਦੀ ਹੈ ਜਿੰਨੀ ਦੇਰ ਤੱਕ ਉਹ ਨੇਕ ਕੰਮ ਕਰਦਾ ਹੈ ਤੇ ਸ਼ਕਤੀ ਦੀ ਵਰਤੋਂ 'ਨਿੱਜ' ਲਈ ਨਹੀਂ 'ਪਰ' ਲਈ ਕਰਦਾ ਹੈ। ਭਗਤੀ ਅਤੇ ਸ਼ਕਤੀ ਇੱਕੋ ਸਿੱਕੇ ਦੇ ਦੋ ਪਾਸੇ ਹਨ। ਦੋਵੇਂ ਇੱਕ ਦੂਜੇ ਨਾਲ ਬੱਝੇ ਹੋਏ ਹਨ ਪਰ ਇਸ ਵਿਚੋਂ ਭਗਤੀ ਪ੍ਰਾਥਮਿਕ ਹੈ ਜਦ ਕਿ ਸ਼ਕਤੀ ਦੂਜੈਲੀ ਹੈ ਭਗਤੀ ਕਰਕੇ ਮਨੁੱਖ ਸ਼ਕਤੀ ਤਾਂ ਪ੍ਰਾਪਤ ਕਰ ਸਕਦਾ ਹੈ ਪਰ ਸ਼ਕਤੀ ਪ੍ਰਾਪਤ ਕਰਕੇ ਵਿਅਕਤੀ ਭਗਤੀ ਨਹੀਂ ਕਰ ਸਕਦਾ। ਇਸ ਲਈ ਭਗਤੀ ਅਤੇ ਸ਼ਕਤੀ ਦੋਵੇਂ ਸਮਾਨ ਚਲਦੀਆਂ ਹਨ। ਸੋ ਸਮੁੱਚੇ  ਰੂਪ ਵਿੱਚ ਇਸ ਅਧਿਆਇ ਦੇ ਅਧਿਐਨ ਦਾ ਅਸੀਂ ਇਹ ਸਿੱਟਾ ਕੱਢਿਆ ਹੈ ਕਿ ਪ੍ਰਮਾਤਮਾ ਦਾ ਨਾਮ ਜੱਪਣਾ, ਸੱਚੇ ਦਿਲੋਂ ਉਸਨੂੰ ਪਿਆਰ ਕਰਨਾ ਹੀ ਭਗਤੀ ਹੈ, ਉਸ ਭਗਤੀ ਦੇ ਪ੍ਰਤੀਫਲ ਵਜੋਂ ਵਿਅਕਤੀ ਨੂੰ ਨੇਕ ਕੰਮ ਕਰਨ ਅਤੇ 'ਨਿੱਜ' ਦੀ ਬਜਾਏ 'ਪਰ' ਬਾਰੇ ਸੋਚਣਾ ਅਤੇ ਕਰਨਾ ਹੀ ਸ਼ਕਤੀ ਹੈ। ਭਗਤੀ ਕਰਕੇ ਵਿਅਕਤੀ ਸ਼ਕਤੀ ਪ੍ਰਾਪਤ ਕਰਦਾ ਹੈ ਪਰ ਜੇ ਇਸ ਸ਼ਕਤੀ ਦੀ ਵਰਤੋਂ ਵਿਅਕਤੀ 'ਪਰ' ਦੀ ਬਜਾਏ 'ਨਿੱਜ' ਲਈ ਕਰਦਾ ਹੈ ਤਾਂ ਉਸਦੀ ਸ਼ਕਤੀ ਖਤਮ ਹੋ ਜਾਂਦੀ ਹੈ। ਇਸ ਲਈ ਸਮਾਜ ਵਿੱਚ ਆਦਰਸ਼ ਨਾਗਰਿਕ ਦੇ ਮਾਡਲ ਵਜੋਂ ਵਿਚਰਨ ਲਈ ਮਨੁੱਖ ਨੂੰ ਸਵਾਰਥਹੀਨ ਹੋਣਾ ਪਵੇਗਾ ਤਾਂ ਹੀ ਉਸ ਦੁਆਰਾ ਕੀਤੀ ਭਗਤੀ ਸਫਲ ਹੋਵੇਗੀ।

ਤੀਜੇ ਅਧਿਆਇ ਵਿੱਚ 'ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਵਿਚ ਸ਼ਕਤੀ ਦਾ ਸੰਕਲਪ (ਜਾਪੁ, ਬਚਿੱਤ੍ਰ ਨਾਟਕ, ਵਾਰ ਸ੍ਰੀ ਭਗਉਤੀ ਜੀ ਕੀ (ਚੰਡੀ ਦੀ ਵਾਰ), ਰਾਮਕਲੀ ਪਾਤਸ਼ਾਹੀ ੧੦ ਸ਼ਬਦ ਹਜ਼ਾਰੇ, ਸਵੈੱਯੇ ਅਤੇ ਜ਼ਫ਼ਰਨਾਮਾ ਦੇ ਸੰਦਰਭ ਵਿਚ), ਨੂੰ ਪੇਸ਼ ਕਰਦਿਆਂ ਇਸ ਸਿੱਟੇ ਤੇ ਪੁੱਜਿਆ ਗਿਆ ਹੈ ਕਿ ਧਾਰਮਿਕ ਪਰੰਪਰਾ ਵਿਚ ਭਗਤੀ ਅਤੇ ਸ਼ਕਤੀ ਇਸ ਸਿੱਕੇ ਦੇ ਦੋ ਪਾਸੇ ਹਨ ਜਿਨ੍ਹਾਂ ਨੂੰ ਅਲੱਗ ਅਲੱਗ ਨਹੀਂ ਕੀਤਾ ਜਾ ਸਕਦਾ। ਇੱਕ

ਸਾਹਿਤਕਾਰ ਦੀ ਸਖਸ਼ੀਅਤ ਦਾ ਅਸਰ ਉਸ ਦੀ ਰਚਨਾ ਵਿੱਚੋਂ ਉਘੜਦਾ ਹੈ ਕਿਉਂਕਿ ਉਸਨੇ ਆਪਣੀ ਰਚਨਾ ਦੁਆਰਾ ਆਪਣੇ ਆਪ ਦਾ ਹੀ ਪ੍ਰਗਟਾਅ ਕੀਤਾ ਹੁੰਦਾ ਹੈ। ਗੁਰੂ ਗੋਬਿੰਦ ਸਿੰਘ ਜੀ ਦੀ ਮਹਾਨ ਤੇਜਸਵੀ ਸ਼ਖਸੀਅਤ ਦੀ ਜੋਤ ਦਾ ਹੀ ਨੂਰ ਉਨ੍ਹਾਂ ਦੇ ਇੱਕ ਇੱਕ ਅਖਰ ਵਿੱਚ ਪ੍ਰਕਾਸ਼ਮਾਨ ਹੈ। ਆਪ ਦੀ ਰਚਨਾ 'ਜਾਪੁ' ਪਰਮਾਤਮਾ ਦੀ ਉਸਤਤਿ ਵਜੋਂ ਸ਼ਕਤੀ ਦੀ ਪੇਸ਼ਕਾਰੀ ਕਰਦੀ ਹੈ, ਸਰਬ ਸ਼ਕਤੀਮਾਨ ਪਰਮਾਤਮਾ ਸਰਬ ਗਿਆਤਾ ਅਤੇ ਸਰਬ ਵਿਆਪਕ ਰੂਪ ਹੈ। ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ 'ਬਚਿਤ੍ਰ ਨਾਟਕ' ਵਿਚ ਪਰਮਾਤਮਾ ਦੀ ਉਸਤਤਿ ਅਤੇ ਸ੍ਰਿਸ਼ਟੀ ਦੇ ਵਿਸਥਾਰ ਦਾ ਵਰਣਨ ਹੈ। ਬਚਿਤ੍ਰ ਨਾਟਕ ਵਿਚ ਅਵਤਾਰ-ਕਥਾਵਾਂ ਦੇ ਕੌਤਕ ਅਤੇ ਗੁਰੂ ਸਾਹਿਬ ਦੁਆਰਾ ਕੀਤੇ ਯੁੱਧਾਂ ਦਾ ਵਰਣਨ ਹੈ। ਸੰਪੂਰਨ ਬਚਿਤ੍ਰ ਨਾਟਕ ਵਿਚ ਪਰਮਾਤਮਾ ਦੀ ਸ਼ਕਤੀ ਦਾ ਹੀ ਵਰਣਨ ਹੈ ਜਿਸ ਨਾਲ ਸ੍ਰਿਸ਼ਟੀ ਦੀ ਸੰਪੂਰਨ ਖੇਡ ਚਲਦੀ ਹੈ। ਗੁਰੂ ਗੋਬਿੰਦ ਸਿੰਘ ਜੀ ਦੀ ਤੀਜੀ ਰਚਨਾ 'ਵਾਰ ਸ੍ਰੀ ਭਗਉਤੀ ਜੀ ਕੀ (ਚੰਡੀ ਦੀ ਵਾਰ)' ਵਿਚ ਦੇਵਤਿਆਂ ਅਤੇ ਦੈਂਤਾਂ ਦੀ ਯੁੱਧ ਵਾਰਤਾ ਨੂੰ ਪੇਸ਼ ਕਰਦਿਆਂ ਬੀਰ ਸ਼ਕਤੀ ਨੂੰ ਪੇਸ਼ ਕੀਤਾ ਹੈ। ਇਸ ਸੰਪੂਰਨ ਵਾਰ ਦਾ ਇਹ ਸਿੱਟਾ ਨਿਕਲਦਾ ਹੈ ਕਿ ਦੇਵਤਿਆਂ ਅਤੇ ਦੈਂਤਾਂ ਅੰਦਰ ਮੌਜੂਦ ਬੀਰ ਸ਼ਕਤੀ ਪਰਮਾਤਮਾ ਦੀ ਦੇਣ ਹੈ। ਪਰਮਾਤਮਾ ਦੀ ਭਗਤੀ ਕਰਕੇ ਹੀ ਦੋਨਾਂ ਧਿਰਾਂ ਨੇ ਪਰਮਾਤਮਾ ਤੋਂ ਬੀਰ ਸ਼ਕਤੀ ਪ੍ਰਾਪਤ ਕੀਤੀ ਸੀ ਅਤੇ ਹਉਮੈ ਕਾਰਨ ਇਹ ਸ਼ਕਤੀ ਦੋਨਾਂ ਧਿਰਾਂ ਤੋਂ ਖੁਸ ਜਾਂਦੀ ਹੈ। ਇਸਲਈ ਸਿੱਟੇ ਵਜੋਂ ਕਿਹਾ ਜਾ ਸਕਦਾ ਹੈ ਕਿ ਸ਼ਕਤੀ ਦੇ ਵਾਧੇ ਅਤੇ ਵਿਕਾਸ ਲਈ ਭਗਤੀ ਨਹੀਂ ਛਡਣੀ ਚਾਹੀਦੀ, ਭਗਤੀ ਛਡਣ ਦਾ ਨਤੀਜਾ ਸਾਨੂੰ ਵਾਰ ਵਿਚ ਸਪਸ਼ਟ ਦਿਖਾਈ ਦਿੰਦਾ ਹੈ। 'ਰਾਮਕਲੀ ਪਾਤਸ਼ਾਹੀ ੧੦ (ਸ਼ਬਦ ਹਜ਼ਾਰੇ)' ਰਚਨਾ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਬਾਹਰਲੇ ਆਡੰਬਰਾਂ, ਪਾਖੰਡਾਂ ਅਤੇ ਮੂਰਤੀ ਪੂਜਾ ਦਾ ਖੰਡਨ ਅਤੇ ਵਾਸ਼ਨਾਵਾਂ ਦਾ ਤਿਆਗ ਕਰਕੇ ਚੰਗੇ ਕਰਮ ਕਰਨ ਤੇ ਜ਼ੋਰ ਦਿਤਾ ਹੈ। ਇਸ ਰਚਨਾ ਦਾ ਇਹ ਸਿੱਟਾ ਨਿਕਲਦਾ ਹੈ ਕਿ ਪਰਮਾਤਮਾ ਦੀ ਪ੍ਰਾਪਤੀ ਕਰਮ-ਕਾਂਡਾਂ ਨਾਲ ਨਹੀਂ ਬਲਕਿ ਚੰਗੇ ਕਰਮ ਕਰਕੇ ਕੀਤੀ ਜਾਂਦੀ ਹੈ। ਇਸੇ ਤਰ੍ਹਾਂ '33 ਸਵੈੱਯੇ' ਰਚਨਾ ਵਿਚ ਬ੍ਰਹਮ ਸ਼ਕਤੀ ਨੂੰ ਪੇਸ਼ ਕਰਦਿਆਂ ਭੇਖਧਾਰੀਆਂ, ਸਾਧਾਂ, ਪੁਜਾਰੀਆਂ, ਸੰਨਿਆਸੀਆਂ ਆਦਿ ਦੇ ਆਡੰਬਰਾਂ ਅਤੇ ਉਹਨਾਂ ਦੀ

ਮਾਨਸਿਕਤਾ ਨੂੰ ਬਿਆਨ ਕੀਤਾ ਹੈ। ਇਸ ਰਚਨਾ ਦਾ ਸਿੱਟਾ ਨਿਕਲਦਾ ਹੈ ਕਿ ਸੱਚ, ਧਰਮ, ਇਖਲਾਕ ਤੇ ਵਿਸ਼ਵਾਸ ਆਦਿ ਜੀਵਨ ਦੇ ਮੁੱਢਲੇ ਅਸੂਲ ਹਨ, ਜਿਹਨਾਂ ਦੀ ਨੀਂਹ ਭਗਤੀ ਸ਼ਕਤੀ ਦਾ ਫਲ ਹੈ। ਇਸੇ ਵਿਚਾਰ ਦੀ ਪ੍ਰੋੜਤਾ ਕਰਦਾ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਲਿਖਿਆ 'ਜ਼ਫ਼ਰਨਾਮਾ' ਹੈ ਜੋ ਕਿ ਭਗਤੀ ਅਤੇ ਸ਼ਕਤੀ ਦਾ ਸੁਮੇਲ ਹੈ। ਇਸ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਔਰੰਗਜ਼ੇਬ ਨੂੰ ਉਸ ਦੇ ਕੀਤੇ ਕਰਮਾਂ ਕਰਕੇ ਲਾਹਨਤ ਪਾਈ ਹੈ। ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਵਿੱਚ ਇਹ ਸਿੱਟਾ ਨਿਕਲਦਾ ਹੈ ਕਿ ਕਿਸੇ ਵੀ ਕਿਸਮ ਦੀ ਬੁਰਾਈ ਦਾ ਖਾਤਮਾ ਕਰਨ ਲਈ ਸ਼ਕਤੀ ਦੀ ਜ਼ਰੂਰਤ ਹੁੰਦੀ ਹੈ ਤੇ ਇਹ ਸ਼ਕਤੀ ਭਗਤੀ ਤੋਂ ਉਤਪੰਨ ਹੁੰਦੀ ਹੈ।

ਚੌਥੇ ਅਧਿਆਇ ਦੇ ਦੋ ਭਾਗ ਕੀਤੇ ਗਏ ਹਨ, ਪਹਿਲੇ ਭਾਗ ਵਿਚ ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਵਿੱਚ ਸ਼ਕਤੀ ਦੇ ਨਵ ਸਿਰਜਿਤ ਸ੍ਰੋਤਾਂ ਅਤੇ ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਦੀ ਸਮਕਾਲੀ ਪ੍ਰਾਸੰਗਿਕਤਾ ਦੇ ਅਧਿਐਨ ਦੁਆਰਾ ਇਸ ਸਿੱਟੇ ਤੇ ਪੁੱਜਿਆ ਗਿਆ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਤੋਂ ਪਹਿਲਾਂ ਦੇ ਗੁਰੂਆਂ ਨੇ ਸਮਾਜ ਵਿੱਚ ਔਰਤ ਦੀ ਸਥਿਤੀ ਪ੍ਰਤੀ ਚਿੰਤਾ ਪ੍ਰਗਟਾਉਂਦਿਆਂ ਉਸ ਵਿੱਚ ਲੋੜੀਂਦੇ ਸੁਧਾਰ ਲਿਆਉਣ ਦੇ ਯਤਨ ਕੀਤੇ ਸਨ ਪਰ ਔਰਤ ਨੂੰ ਇਨਕਲਾਬੀ ਸਰੂਪ ਤੱਕ ਪਹੁੰਚਾਉਣ ਵਾਲੇ ਗੁਰੂ ਗੋਬਿੰਦ ਸਿੰਘ ਜੀ ਹੀ ਹਨ, ਗੁਰੂ ਗੋਬਿੰਦ ਸਿੰਘ ਜੀ ਦੇ ਯਤਨਾਂ ਸਦਕਾ ਹੀ ਔਰਤ ਜੰਗਾਂ ਯੁੱਧਾਂ ਦੀ ਸ਼ਾਨ ਬਣੀ। ਸ਼ਕਤੀ ਦੇ ਨਵ ਸਿਰਜਿਤ ਸ੍ਰੋਤ ਬਿੰਦੂਆਂ ਵਿਚ ਸ਼ਕਤੀ ਦਾ ਇਹ ਪਹਿਲਾ ਸ੍ਰੋਤ ਬਿੰਦੂ ਹੈ, ਦੂਜਾ ਸ੍ਰੋਤ ਬਿੰਦੂ 'ਮਨੁਖ ਦੇ ਸੰਤ ਸਿਪਾਹੀ ਸਰੂਪ' ਦਾ ਹੈ। ਇਸ ਸ੍ਰੋਤ ਬਿੰਦੂ ਵਿਚ ਸੋਸ਼ਿਤ ਵਰਗ ਦੇ ਲੋਕਾਂ ਨੂੰ ਸੰਤ ਤੋਂ ਸਿਪਾਹੀ ਦਾ ਸਰੂਪ ਹੈ। ਮਨੁੱਖਤਾ ਨੂੰ ਸੰਤ ਤੋਂ ਸਿਪਾਹੀ ਬਣਾਉਣ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਦੀ ਸਥਾਪਨਾ ਕੀਤੀ ਜਿਸ ਨਾਲ ਧਰਤੀ ਉਪਰ ਇਕ ਅਜਿਹੇ ਆਦਰਸ਼ ਨੂੰ ਸਾਕਾਰ ਕੀਤਾ ਹੈ ਜੋ ਹਰ ਕਾਲ ਵਿਚ ਮਨੁੱਖੀ ਮੁਕਤੀ ਪ੍ਰਤੀ ਵਚਨਬੱਧ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਇਸ ਆਦਰਸ਼ ਵਿਚੋਂ ਇਕ ਅਜਿਹੇ ਮਨੁੱਖ ਦਾ ਸੰਕਲਪ ਉਭਰਿਆ ਜੋ ਆਪ ਵੀ ਮੁਕਤ ਹੈ ਅਤੇ ਦੂਜਿਆਂ ਲਈ ਵੀ ਮੁਕਤੀਦਾਤਾ ਬਣਦਾ ਹੈ। ਗੁਰੂ ਸਾਹਿਬ ਨੇ ਸਮਾਜ

ਵਿਚਲੇ ਦੱਬੇ-ਕੁਚਲੇ ਲੋਕਾਂ ਨੂੰ ਉਨਾਂ ਦਾ ਬਣਦਾ ਹੱਕ ਦਿਵਾਉਣ ਦੇ ਨਾਲ-ਨਾਲ ਉਨ੍ਹਾਂ ਨੂੰ ਆਪਣੇ ਹੱਕਾਂ ਪ੍ਰਤੀ ਜਾਗਰੂਕ ਵੀ ਕੀਤਾ ਹੈ। ਸਮਕਾਲੀ ਸਮੇਂ ਵਿਚ ਲੋੜ ਅਨੁਸਾਰ ਸ਼ਸਤਰ ਉਠਾਉਣ ਨੂੰ ਵੀ ਤਰਜੀਹ ਦਿਤੀ। ਸ਼ਕਤੀ ਦੇ ਤੀਜੇ ਨਵ ਸਿਰਜਿਤ ਸ੍ਰੋਤ ਬਿੰਦੂ 'ਸਰਬਸ਼ਕਤੀਮਾਨ ਰੱਬ ਦੀ ਸੰਕਲਪਨਾ' ਸਬੰਧੀ ਵਿਚਾਰ ਕਰਦਿਆਂ ਇਹ ਧਾਰਣਾ ਸਪੱਸ਼ਟ ਰੂਪ ਵਿਚ ਸਾਹਮਣੇ ਆਈ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਬੜੀ ਦ੍ਰਿੜਤਾ ਨਾਲ ਹਰ ਮਨੁੱਖ ਨੂੰ ਇਹ ਅਹਿਸਾਸ ਕਰਵਾਇਆ ਹੈ ਕਿ ਇੱਕ ਪ੍ਰਮਾਤਮਾ ਨੂੰ ਛੱਡ ਕੇ ਬਾਕੀ ਸਭ ਜੀਵ ਨਾਸ਼ਵੰਤ ਹਨ। ਪ੍ਰਮਾਤਮਾ ਦੀ ਸ਼ਕਤੀ ਸਰਵ ਵਿਆਪਕ ਹੁੰਦੇ ਹੋਏ ਸਭ ਵਿਚ ਮੌਜੂਦ ਹੈ ਇਸ ਲਈ ਮਨੁੱਖ ਪਰਮਾਤਮਾ ਨਾਲ ਜੁੜ ਕੇ ਹੀ ਸ਼ਕਤੀਮਾਨ ਹੋ ਸਕਦਾ ਹੈ। ਸ਼ਕਤੀ ਦੇ ਚੋਥੇ ਨਵ ਸਿਰਜਿਤ ਬਿੰਦੂ ਅਧੀਨ 'ਸ਼ਕਤੀ ਦਾ ਸੇਵਾ ਵਿਚ ਰੁਪਾਂਤਰਨ' ਸੰਬੰਧੀ ਅਧਿਐਨ ਕਰਦਿਆਂ ਇਹ ਗੱਲ ਸਾਹਮਣੇ ਆਈ ਹੈ ਕਿ ਸ਼ਕਤੀ ਦੀ ਵਰਤੋਂ ਜੇ ਨਿੱਜ ਦੀ ਬਜਾਏ ਪਰ ਲਈ ਕਰਦਾ ਹੈ ਤਾਂ ਉਸਦੀ ਸ਼ਕਤੀ ਵਿਚ ਵਾਧਾ ਹੁੰਦਾ ਹੈ। ਇੰਝ ਸ਼ਕਤੀ ਨੂੰ ਜਦੋਂ ਸੇਵਾ ਵਿੱਚ ਰੁਪਾਂਤਰਿਤ ਕੀਤਾ ਜਾਂਦਾ ਹੈ ਤਾਂ ਮਨੁੱਖ ਦੀ ਸ਼ਕਤੀ ਵਿੱਚ ਪਹਿਲਾਂ ਨਾਲੋਂ ਜਿਆਦਾ ਵਿਕਾਸ ਹੁੰਦਾ ਹੈ। ਵਿਅਕਤੀ ਤਨ, ਮਨ, ਧੰਨ ਅਤੇ ਸੁਰਤਿ ਨਾਲ ਸੇਵਾ ਕਰਕੇ ਸ਼ਕਤੀ ਦੇ ਪਾਸਾਰ ਨੂੰ ਵਧਾਉਂਦਾ ਹੈ। ਇਸ ਅਧਿਆਇ ਦੇ ਦੂਜੇ ਭਾਗ ਵਿਚ 'ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਵਿਚ ਸ਼ਕਤੀ ਦਾ ਸੰਕਲਪ ਅਤੇ ਇਸਦੀ ਸਮਕਾਲੀ ਪ੍ਰਾਸੰਗਿਕਤਾ' ਨੂੰ ਵਿਚਾਰਿਆ ਗਿਆ ਹੈ। ਇਸ ਅਧਿਆਇ ਵਿਚ ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਵਿਚੋਂ ਪ੍ਰਗਟ ਹੋਏ ਸ਼ਕਤੀ ਦੇ ਸੰਕਲਪ ਅਤੇ ਇਸਦੇ ਵਿਭਿੰਨ ਰੂਪਾਂ ਦੀ ਵਿਆਖਿਆ ਪੇਸ਼ ਕੀਤੀ ਗਈ ਹੈ ਅਤੇ ਇਸ ਸਿਟੇ ਤੇ ਪੁੱਜਿਆ ਗਿਆ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦਾ ਸ਼ਕਤੀ ਦਾ ਸੰਕਲਪ ਅਜੋਕੇ ਸਮਾਜ ਵਿਚ ਵੀ ਪ੍ਰਾਸੰਗਿਕ ਤੇ ਸਾਰਥਕ ਹੈ ਕਿਉਂਕਿ ਅਜੋਕੀਆਂ ਵਿਸ਼ਵ ਸੱਮਸਿਆਵਾਂ ਦੇ ਸਮਾਧਾਨ ਲਈ ਅਤੇ ਮਨੁੱਖਤਾ ਦੇ ਸਰਬਪੱਖੀ ਵਿਕਾਸ ਦੇ ਮਾਡਲਾਂ ਨੂੰ ਆਪਦੀਆਂ ਰਚਨਾਵਾਂ ਵਿਚੋਂ ਲਭਿਆ ਜਾ ਸਕਦਾ ਹੈ। ਜਿਸ ਤਰ੍ਹਾਂ ਦੇ ਅੱਜ ਸੰਸਾਰਿਕ ਪੱਧਰ ਦੇ ਹਾਲਾਤ ਬਣੇ ਹੋਏ ਹਨ, ਬਿਲਕੁਲ ਉਸੇ ਤਰ੍ਹਾਂ ਦੇ ਹੀ ਸਤਾਰਵੀਂ ਸਦੀ ਵਿਚ ਵੀ ਭਾਰਤ ਦੇ ਰਾਜਨੀਤਕ, ਸਮਾਜਿਕ, ਧਾਰਮਿਕ ਅਤੇ ਆਰਥਿਕ

ਹਾਲਾਤ ਸਨ। ਗੁਰੂ ਗੋਬਿੰਦ ਸਿੰਘ ਨੇ ਉਸ ਵੇਲੇ ਮਨੁੱਖਤਾ ਨੂੰ ਬੀਰਤਾ ਭਰਪੂਰ, ਸਨਮਾਨ ਭਰਪੂਰ ਜੀਵਨ ਜੀਉਣ ਦਾ ਮਾਡਲ ਦਿੱਤਾ ਜੇਕਰ ਉਨਾਂ ਦੇ ਸਿਧਾਂਤ ਤੇ ਚਲਿਆ ਜਾਵੇ ਤਾਂ ਯਕੀਨਨ ਅਜ ਦੁਨੀਆਂਭਰ ਵਿਚ ਸਾਰੇ ਅਸੰਤੁਸ਼ਟੀ ਦੇ ਝਗੜੇ-ਝੇੜਿਆਂ ਨੂੰ ਖਤਮ ਕੀਤਾ ਜਾ ਸਕਦਾ ਹੈ। ਅਜੋਕੇ ਵਿਸ਼ਵੀਕਰਨ ਦੇ ਦੌਰ ਵਿਚ ਪੈਸੇ ਨੂੰ ਉਪਰ ਕਰਕੇ ਧਰਮ ਅਤੇ ਮਾਨਵਤਾ ਦਾ ਗ੍ਰਾਫ ਥਲੇ ਲਿਆਂਦਾ ਗਿਆ ਹੈ ਜਿਸ ਨਾਲ ਸਾਰੇ ਵਿਸ਼ਵ ਵਿਚ ਅਸ਼ਾਂਤੀ, ਤਨਾਓ, ਹਿੰਸਾ, ਯੁੱਧ ਆਦਿ ਦਾ ਬੋਲਬਾਲਾ ਹੈ। ਵਿਸ਼ਵੀਕਰਨ ਦੇ ਦੌਰ ਵਿਚ ਸਾਰੇ ਮਨੁੱਖੀ ਰਿਸ਼ਤਿਆਂ ਦਾ ਘਾਣ ਸਵਾਰਥ ਨੇ ਕਰ ਦਿੱਤਾ ਹੈ ਪਰ ਗੁਰੂ ਗੋਬਿੰਦ ਸਿੰਘ ਜੀ ਦੀ ਸਿਖਿਆ ਬੀਰਤਾ ਭਰਪੂਰ ਤੇ ਸਨਮਾਨ ਨਾਲ ਜੀਵਨ ਜੀਉਣ ਵਿਚ ਉਸ ਸਮੇਂ ਧਰਮ ਅਤੇ ਮਾਨਵਤਾ ਦੀ ਕਦਰ ਨੂੰ ਉਪਰ ਰਖਿਆ ਹੈ। ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਦੀ ਸਾਰਥਕਤਾ ਹੈ ਕਿ ਮਨੁੱਖ ਕਾਲ ਦੇ ਭੈਅ ਨੂੰ ਤਿਆਗ ਕੇ ਅਕਾਲ ਹੋਂਦ ਵਿਚ ਪ੍ਰਵਾਨ ਹੋਵੇ। ਕਾਲ ਦੇ ਡਰਾਂ ਤੋਂ ਮੁਕਤ ਵਿਅਕਤੀ ਜਦੋਂ ਅਕਾਲ ਨਾਲ ਜੁੜਦਾ ਹੈ ਤਾਂ ਉਸ ਦੇ ਸਾਰੇ ਸੰਸੇ ਮੁੱਕ ਜਾਂਦੇ ਹਨ। ਗੁਰੂ ਗੋਬਿੰਦ ਸਿੰਘ ਜੀ ਸਿਰਫ ਮਨੁੱਖ ਨੂੰ ਕਾਲ ਤੋਂ ਹੀ ਮੁਕਤ ਨਹੀਂ ਕਰਵਾ ਰਹੇ ਸਗੋਂ ਇਹ ਵੀ ਸੰਦੇਸ਼ ਦੇ ਰਹੇ ਹਨ ਕਿ ਜਿਸ ਅਕਾਲ ਦੀ ਉਹ ਅਰਾਧਨਾ ਕਰ ਰਹੇ ਹਨ, ਉਹ ਅਕਾਲ ਰੱਖਿਅਕ ਹੈ, ਕਿਰਪਾਲੂ ਹੈ, ਕਾਲ ਦਾ ਵੀ ਕਾਲ ਹੈ ਅਤੇ ਉਹ ਸ਼ਾਸਤਰਧਾਰੀ ਵੀ ਹੈ, ਰੋਜੀ ਰਹਿੰਦ ਹੈ, ਵਿਰੋਧੀਆਂ ਦਾ ਨਾਸ਼ ਕਰਨ ਵਾਲਾ ਹੈ। ਕਾਲ ਦੇ ਡਰ ਤੋਂ ਮੁਕਤ ਮਾਨਵ ਜਦੋਂ ਅਕਾਲ ਦੀ ਟੇਕ ਵਿੱਚ ਚਲਾ ਜਾਂਦਾ ਹੈ ਤਾਂ ਉਸ ਦੀਆਂ ਅੰਦਰਲੀਆਂ ਸ਼ਕਤੀਆਂ ਇਕਾਗਰ ਹੋ ਕੇ ਇੱਕ ਨਵਾਂ ਇਤਿਹਾਸ ਸਿਰਜਦੀਆਂ ਹਨ।

ਪੰਜਵੇਂ ਅਤੇ ਅਤਿੰਮ ਅਧਿਆਇ 'ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਵਿੱਚ ਸ਼ਕਤੀ ਦੇ ਸੰਕਲਪ ਦੀ ਕਲਾਤਮਕ ਅਭਿਵਿਅਕਤੀ (ਕਲਾਤਮਕ ਜੁਗਤਾ ਦਾ ਅਧਿਐਨ)' ਨਾਲ ਸਬੰਧਤ ਹੈ। ਗੁਰੂ ਗੋਬਿੰਦ ਸਿੰਘ ਜੀ ਦੀਆਂ ਸ਼ਕਤੀ ਦੇ ਸੰਕਲਪ ਦੀ ਕਲਾਤਮਕ ਅਭਿਵਿਅਕਤੀ ਵਿਸ਼ਾਲ ਅਨੁਭਵ ਦੀ ਲਖਾਇਕ ਹੈ। ਇਸ ਅਧਿਆਇ ਰਾਹੀਂ ਅਸੀਂ ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਵਿਚਲੇ ਕਲਾਤਮਕ ਜੁਗਤਾਂ ਦੇ ਅਧਿਐਨ ਨੂੰ ਵਿਸ਼ਾ

ਬਣਾਇਆ ਹੈ। ਇਸ ਅਧਿਆਇ ਨੂੰ ਪੇਸ਼ ਕਰਦਿਆਂ ਅਸੀਂ ਕਲਾਤਮਕ ਜੁਗਤਾਂ ਦੀ ਗਲ ਕਰਦੇ ਹੋਏ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਆਪਣੀਆਂ ਰਚਨਾਵਾਂ ਲਈ ਵਰਤੀ ਗਈ ਭਾਸ਼ਾ, ਰਚਨਾਵਾਂ ਵਿੱਚ ਵਰਤੇ ਗਏ ਵਿਭਿੰਨ ਪ੍ਰਕਾਰ ਦੇ ਅਲੰਕਾਰ, ਰਸ, ਸੰਵਾਦ ਜੁਗਤ, ਰਾਗ, ਛੰਦ ਪ੍ਰਬੰਧ, ਪ੍ਰਤੀਕ ਯੋਜਨਾ, ਪਾਤਰ ਚਿਤਰਨ, ਬਿੰਬ ਵਿਧਾਨ, ਆਦਿ ਤੇ ਵਿਚਾਰ ਕੀਤੀ ਹੈ। ਗੁਰੂ ਗੋਬਿੰਦ ਸਿੰਘ ਜੀ ਦੁਆਰਾ ਆਪਣੀਆਂ ਰਚਨਾਵਾਂ ਵਿੱਚ ਢੁੱਕਵਾਂ ਵਾਤਾਵਰਨ ਉਸਾਰਨ ਲਈ ਵਰਤੇ ਗਏ ਹਥਿਆਰ, ਬਿਰਤਾਂਤ ਸਿਰਜਣਾ, ਧੁਨੀ ਅਤੇ ਕਾਵਿ ਸ਼ੈਲੀਆਂ ਦਾ ਅਧਿਐਨ ਕਰਨ ਦੀ ਕੋਸ਼ਿਸ਼ ਕੀਤੀ ਹੈ। ਕਵੀ ਦੇ ਰੂਪ ਵਿੱਚ ਗੁਰੂ ਗੋਬਿੰਦ ਸਿਘ ਜੀ ਬਹੁਤ ਸੁਲਝੇ ਹੋਏ ਵਿਦਵਾਨ ਸਨ। ਆਪ ਨੂੰ ਕਾਵਿ ਦੀਆਂ ਬਾਰਕੀਆਂ ਬਾਰੇ ਬਹੁਤ ਗਿਆਨ ਹੈ, ਇਸ ਗਿਆਨ ਦੀ ਬਦੋਲਤ ਹੀ ਆਪ ਦੁਆਰਾ ਉੱਚ ਕੋਟੀ ਦੇ ਸਾਹਿਤ ਦੀ ਰਚਨਾ ਹੋਈ ਹੈ। ਗੁਰੂ ਗੋਬਿਦ ਸਿੰਘ ਜੀ ਦਆਰਾ ਆਪਣੀਆਂ ਰਚਨਾਵਾਂ ਵਿੱਚ ਸ਼ਕਤੀ ਦੇ ਸੰਕਲਪ ਦੀ ਕਲਾਤਮਕ ਅਭਿਵਿਅਕਤੀ (ਕਲਾਤਮਕ ਜੁਗਤਾਂ) ਦਾ ਘੇਰਾ ਬਹੁਤ ਵਿਸ਼ਾਲ ਹੈ। ਜਿਸ ਦੀ ਥਾਹ ਪਾ ਸਕਣਾ ਮੁਸ਼ਕਿਲ ਹੀ ਨਹੀਂ ਨਾਮੁਮਕਿਨ ਹੈ ਪਰ ਫਿਰ ਵੀ ਅਸੀਂ ਇਸ ਅਧਿਆਇ ਵਿੱਚ ਇਹਨਾਂ ਕਲਾਤਮਕ ਜੁਗਤਾਂ ਤਕ ਪਹੁੰਚਣ ਦੇ ਨਿੱਕੇ ਜਿਹੇ ਯਤਨ ਨੂੰ ਪ੍ਰਸਤੁਤ ਕੀਤਾ ਹੈ।

ਖੋਜ ਪ੍ਰਬੰਧ ਦੇ ਅੰਤ ਵਿੱਚ ਸਾਰ ਅਤੇ ਸਥਾਪਨਾਵਾਂ ਦਿੱਤੀਆਂ ਗਈਆਂ ਹਨ। ਸਮੁੱਚੇ ਖੋਜ ਕਾਰਜ ਦੋਰਾਨ ਜੋ ਸਥਾਪਨਾਵਾਂ ਸਾਡੇ ਸਾਹਮਣੇ ਆਈਆਂ ਹਨ ਉਨ੍ਹਾਂ ਵਿਚੋਂ ਸਭ ਤੋਂ ਪਹਿਲਾਂ ਇਹ ਹੈ ਕਿ ਇਹ ਖੋਜ ਕਾਰਜ ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਦੇ ਚਿੰਤਨ ਵਿਚੋਂ ਉਨ੍ਹਾਂ ਰੱਹਸਾਂ ਨੂੰ ਸਾਕਾਰ ਕਰਦਾ ਹੈ ਜੋ ਅਧਿਆਤਮੀ ਦ੍ਰਿਸ਼ਟੀ ਰਾਹੀਂ ਮਨੁੱਖੀ ਹੋਂਦ ਦੀ ਵਿਗਿਆਨਕ ਵਿਆਖਿਆ ਕਰਦੇ ਹਨ। ਆਧੁਨਿਕ ਸਮੇਂ ਵਿਚ ਸਿੱਖ ਧਰਮ ਨਾਲ ਜੁੜੇ ਸਮਾਜਿਕ, ਧਾਰਮਿਕ, ਰਾਜਨੀਤਿਕ ਮਸਲਿਆਂ ਦਾ ਹਲ ਆਪ ਦੀਆਂ ਰਚਨਾਵਾਂ ਰਾਹੀਂ ਹੁਣ ਵੀ ਹੋ ਰਿਹਾ ਹੈ ਅਤੇ ਸਮਾਜ ਵਿੱਚ ਪੁਰਾਤਨ ਕਰਮ ਕਾਂਡ ਅਤੇ ਰੂਹ-ਰੀਤਾਂ ਨੂੰ ਤੋੜਨ ਲਈ ਆਪਦੀਆਂ ਰਚਨਾਵਾਂ ਵਿੱਚੋਂ ਸੇਧ ਪ੍ਰਾਪਤ ਹੁੰਦੀ ਹੈ। ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਦੁਆਰਾ ਆਧੁਨਿਕ ਸਿੱਖ ਭਾਈਚਾਰੇ ਨੂੰ ਭਗਤੀ ਅਤੇ ਸ਼ਕਤੀ ਦੇ ਸੰਯੋਗ ਨਾਲ ਆਪਣੇ

ਆਤਮ ਬਲ ਨੂੰ ਮਜਬੂਤ ਕਰਨ ਦੀ ਪ੍ਰੇਰਨਾ ਪ੍ਰਾਪਤ ਹੁੰਦੀ ਹੈ ਕਿਉਂਕਿ ਭਗਤੀ ਅਤੇ ਸ਼ਕਤੀ ਇਕ ਸਿੱਕੇ ਦੇ ਦੋ ਪਾਸੇ ਹਨ ਜਿਹਨਾਂ ਨੂੰ ਅਲਗ-ਅਲਗ ਨਹੀਂ ਕੀਤਾ ਜਾ ਸਕਦਾ। ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਤੋਂ ਦ੍ਰਿੜ ਹੁੰਦਾ ਹੈ ਕਿ ਹਰੇਕ ਬੁਰਾਈ ਦਾ ਜ਼ੁਲਮ, ਅਣਮਨੁੱਖੀ ਤਸ਼ੱਦਦ ਤੇ ਸੰਗੀਨ ਬੁਰਿਆਈ ਦਾ ਟਾਕਰਾ ਕਰਨ ਲਈ ਸ਼ਕਤੀ ਦੀ ਜ਼ਰੂਰਤ ਹਮੇਸ਼ਾਂ ਰਹਿੰਦੀ ਹੈ ਤੇ ਇਹ ਸ਼ਕਤੀ ਭਗਤੀ ਤੋਂ ਹੀ ਉਤਪੰਨ ਹੁੰਦੀ ਹੈ ਜੋ ਮਨੁੱਖ ਨੂੰ ਆਤਮਕ ਦ੍ਰਿੜਤਾ ਬਖਸ਼ਦੀ ਹੋਈ ਉਸਨੂੰ ਕਾਲ ਦੇ ਡਰਾਂ ਤੋਂ ਮੁਕਤ ਕਰਕੇ ਅਕਾਲ ਰੂਪ ਪਰਮਾਤਮਾ ਵਿਚ ਅਭੇਦ ਹੋਣ ਦੀ ਪ੍ਰੇਰਨਾ ਦਿੰਦੀ ਹੈ।